# ਰਾਜਪੂਤ ਜੋ ਸਿੱਖ ਬਣੇ



ਵਾਸਦੇਵ ਸਿੰਘ ਪਰਹਾਰ

***ਇਸੇ ਕਲਮ ਤੋਂ***

- *ਹਰਮਨ ਪਿਆਰੇ ਬੁਲਾਰੇ ਕਿਵੇਂ ਬਣੀਏ (2002)*
- *ਸਿੱਖ ਰਾਜਪੂਤਾਂ ਦੇ ਪਿੰਡਾਂ ਦਾ ਇਤਿਹਾਸ (2009)*
- *ਸਫ਼ਰਨਾਮਾ ਰਾਜਸਥਾਨ (2012)*

# ਰਾਜਪੂਤ ਜੋ ਸਿੱਖ ਬਣੇ

# ਰਾਜਪੂਤ ਜੋ ਸਿੱਖ ਬਣੇ

ਵਾਸਦੇਵ ਸਿੰਘ ਪਰਹਾਰ

5 ਆਬ
ਪ੍ਰਕਾਸ਼ਨ, ਜਲੰਧਰ

9


**_Rajput Jo Sikh Bane_**

_by_



**_Wasdev Singh Parhar_**

_Vill. Lutera Khurd_

_P.O. Kalra, Distt. Jalandhar._

_Tel. : 0181-2714019, Mob. : 94174-34352_

-----

_10010S.E., 228TH Court_

_Kent WA. 98031, USA_

_Tel : 253-277-0182, Cell : 206-235-5669_



ISBN: 978-81-923341-1-0



© Author



ਪਹਿਲੀ ਵਾਰ : 2002 ਦੂਸਰੀ ਵਾਰ : 2003 ਤੀਸਰੀ ਵਾਰ : 2012

**ਕੀਮਤ: 250/-**

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**

1, 2-ਦੇਸ਼ ਭਗਤ ਯਾਦਗਾਰ ਹਾਲ,

ਜਲੰਧਰ, ਫ਼ੋਨ: 98140-87063

5aabparkashan@gmail.com

www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼**

ਜਲੰਧਰ ਫ਼ੋਨ : 98140-87063

0181-2239181

e-maii: vac_comp@yahoo.com

ਪ੍ਰਿੰਟਰਜ਼ : ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ



All rights reserved

This book is sold subject to the condition that it shall not, by way of trade or otherwise, be lent, resold, hired out, otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above. No part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or therewise), without the prior written permission of both the copyright owner and the above-mentioned publisher of this book.

## ਤਤਕਰਾ


| | | |
|---|---|---|
| 1. | ਮੁੱਖ ਬੰਦ | 12 |
| 2. | ਪੁਸਤਕ ਦੇ ਕਰਤਾ ਤੇ ਪੁਸਤਕ ਬਾਰੇ | 20 |
| 3. | ਦੂਜੇ ਐਡੀਸ਼ਨ ਬਾਰੇ | 27 |
| 4. | ਡਾ. ਬਖਸ਼ੀਸ਼ ਸਿੰਘ ਨਿੱਜਰ ਵੱਲੋਂ ਦੂਜੇ ਐਡੀਸ਼ਨ ਦਾ ਮੁੱਖ ਬੰਦ | 29 |
| 5. | ਮਹਿਤਾ-ਮੇਹਤਰ-ਮੇਹਤੋਂ | 31 |
| 6. | ਪਹਿਲੇ ਲਿਖਾਰੀਆਂ ਬਾਰੇ | 37 |
| 7. | ਡਰੋਲੀ ਕਲਾਂ ਦੀ ਇਕੱਤਰਤਾ | 39 |
| 8. | ਰਾਜਪੂਤਾਂ ਦੇ ਸਿੱਖ ਧਰਮ ਅਪਨਾਉਣ ਬਾਰੇ | 44 |
| 9. | ਰਾਜਪੂਤ | 46 |
| 10. | ਗੁਰੂ ਗੋਬਿੰਦ ਸਿੰਘ ਜੀ ਨਾਲ ਰਾਜਪੂਤ ਰਾਜਿਆਂ ਦੀ ਭੇਂਟ | 51 |
| 11. | ਰਾਜਪੂਤ ਇਸਤਰੀਆਂ ਦੀਆਂ ਕੁਰਬਾਨੀਆਂ | 56 |
| 12. | ਪਹਾੜੀ ਰਾਜਪੂਤਾਂ ਨਾਲ ਰਿਸ਼ਤੇ ਟੁੱਟਣ ਦੇ ਕਾਰਨ | 63 |
| 13. | ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ | 71 |
| 14. | ਬੰਦਾ ਸਿੰਘ ਬਹਾਦਰ ਦਾ ਸਮਾਂ | 75 |
| 15. | ਸਿੱਖ ਮਿਸਲਾਂ ਦਾ ਸਮਾਂ | 77 |
| 16. | ਮਹਾਰਾਜਾ ਰਣਜੀਤ ਸਿੰਘ ਦਾ ਸਮਾਂ | 80 |
| 17. | ਭੱਟਾਂ ਦੀਆਂ ਵਹੀਆਂ ਵਿੱਚ ਰਾਜਪੂਤਾਂ ਦਾ ਜ਼ਿਕਰ | 82 |
| 18. | ਰਾਜਪੂਤਾਂ ਦੇ ਗੁਣ ਅਤੇ ਅਵਗੁਣ | 86 |
| 19. | ਦੋ ਮੇਲੀ-ਦੋ ਬੇਲੀ | 95 |
| 20. | ਦੋ ਮੇਲੀ-ਦੋ ਬੇਲੀ | 98 |
| 21. | ਰਾਜਪੂਤ ਅਤੇ ਜੱਟ | 100 |
| 22. | ਜੱਟ ਬੰਸਾਵਲੀ | 101 |
| 23. | ਹੋਰ ਇਲਾਕਿਆਂ ਵਿੱਚ ਸਿੱਖ ਰਾਜਪੂਤ | 102 |
| 24. | ਸਿੱਖ ਰਾਜਪੂਤਾਂ ਦੇ ਪਿੰਡ | 104 |
| 25. | ਗੋਤ | 108 |
| 26. | ਪਰਮਾਰ | 113 |
| 27. | ਜਸਵਾਲ | 118 |

28. ਜੰਜੂਆ 119
29. ਡੋਡ 124
30. ਭੱਟੀ 125
31. ਚੌਹਾਨ 128
32. ਜ਼ਾਲਿਮ ਸਿੰਘ 134
33. ਮੰਝ 137
34. ਸਰੋਆ 139
35. ਰਾਠੌਰ 140
36. ਦੁਰਗਾ ਦਾਸ 146
37. ਤੋਮਾਰ, ਤੰਵਰ ਜਾਂ ਤੂਰ 153
38. ਪਰਹਾਰ 155
39. ਲੁੱਡੂ 160
40. ਗਹਿਲੋਤ ਤੇ ਸਿਸੋਦੀਆ 161
41. ਘਰੇਲੂ ਝਗੜੇ ਘਰ ਵਿੱਚ ਹੀ ਰੱਖਣੇ ਚਾਹੀਦੇ ਹਨ 169
42. ਦੁਆਬੇ ਦੇ ਸਿੱਖ ਰਾਜਪੂਤਾਂ ਦਾ ਸਮਾਜਿਕ ਜੀਵਨ 171
43. ਕੁੜਮਾਈ 174
44. Anand Marriage Act. 189
45. ਮੁਕਲਾਵਾ (Honey-moon) 190
46. ਪੁਰਾਣੇ ਸਮੇਂ ਦਾ ਰਹਿਣ-ਸਹਿਣ 192
47. ਮਨੋਰੰਜਨ 194
48. ਭੋਂ ਪ੍ਰਬੰਧ 197
49. ਪੁਰਾਤਨ ਕਿਸਾਨੀ ਜੀਵਨ 203
50. ਮੇਲੇ-ਛਿੰਜਾਂ 205
51. ਬਿਮਾਰੀਆਂ ਦਾ ਇਲਾਜ 208
52. ਸਫਰ ਦੇ ਸਾਧਨ 210
53. ਪੜ੍ਹਾਈ (ਵਿੱਦਿਆ) 214
54. ਖੇਡਾਂ 216
55. ਕੁੜੀਆਂ ਦੀ ਸਿੱਖਿਆ 217
56. ਵੱਧਦੇ ਕਦਮ 219
57. ਪੁਰਾਣੇ ਸਮੇਂ ਦੇ ਗਹਿਣਿਆਂ ਦੇ ਨਾਂਅ 222
58. ਭਾਈ ਮੰਝ 223

| | | |
|---|---|---|
| 59. | ਬੰਦਾ ਸਿੰਘ ਬਹਾਦਰ | 227 |
| 60. | ਭਾਈ ਉਦਯ ਸਿੰਘ | 243 |
| 61. | ਭਾਈ ਬਚਿੱਤਰ ਸਿੰਘ | 245 |
| 62. | ਭਾਈ ਸੰਗਤ ਸਿੰਘ | 249 |
| 63. | ਭਾਈ ਆਲਮ ਸਿੰਘ | 250 |
| 64. | ਅਕਾਲੀ ਫੂਲਾ ਸਿੰਘ | 252 |
| 65. | ਨੌਸ਼ਹਿਰੇ ਦੀ ਜੰਗ | 256 |
| 66. | ਗਿਆਨੀ ਗਿਆਨ ਸਿੰਘ ਜੀ ਦੀ ਵੰਸ਼-ਪ੍ਣਾਲੀ | 261 |
| 67. | ਗਿਆਨੀ ਗਿਆਨ ਸਿੰਘ ਜੀ | 262 |
| 68. | ਸ਼ਹੀਦ ਭਾਈ ਮਨੀ ਸਿੰਘ ਜੀ | 264 |
| 69. | ਭਾਈ ਅਘੜ ਸਿੰਘ ਅਤੇ ਥਰਾਜ ਸਿੰਘ | 266 |
| 60. | ਸੰਤ ਬਾਬਾ ਨਿਧਾਨ ਸਿੰਘ ਜੀ | 268 |
| 61. | ਨਿੱਡਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ | 273 |
| 62. | ਪ੍ਰਿਥਵੀ ਰਾਜ ਚੌਹਾਨ | 278 |
| 63. | ਮਹਾਰਾਣਾ ਪਰਤਾਪ | 279 |
| 64. | ਰਾਣਾ ਪ੍ਰਤਾਪ ਦਾ ਏਲਚੀ (ਦੂਤ) | 285 |
| 65. | ਜੈਮਲ ਅਤੇ ਫੱਤਾ | 286 |
| 66. | ਵੀ ਪੀ ਸਿੰਘ | 288 |
| 67. | ਚੰਦਰ ਸ਼ੇਖਰ | 289 |

# ਤੀਜਾ ਐਡੀਸ਼ਨ ਲਿਖਣ ਬਾਰੇ

ਸੰਨ 2003 ਵਿਚ "ਰਾਜਪੂਤ ਜੋ ਸਿੱਖ ਬਣੇ" ਨਾਮੀ ਇਤਿਹਾਸਿਕ ਖੋਜ ਪੁਸਤਕ ਦਾ ਦੂਜਾ ਐਡੀਸ਼ਨ ਛੱਪਣ ਤੋਂ ਬਾਅਦ ਤੋਂ ਹੀ ਮੈਂ ਇਸ ਵਿਚ ਸੋਧ ਅਤੇ ਵਾਧੇ ਕਰਕੇ ਰੱਖਦਾ ਰਿਹਾ। 2003 ਤੋਂ ਬਾਅਦ "ਸਿੱਖ ਰਾਜਪੂਤਾਂ ਦੇ ਪਿੰਡਾਂ ਦਾ ਇਤਿਹਾਸ" ਨਾਮੀ ਇਕ ਵੱਖਰੀ ਕਿਤਾਬ ਸੰਨ 2009 ਵਿਚ ਛਪਵਾਈ। ਰਾਜਪੂਤ ਜੋ ਸਿੱਖ ਬਣੇ ਦੀ ਮੰਗ ਬਹੁਤ ਰਹੀ ਤੇ ਇਸ ਕਿਤਾਬ ਨੂੰ ਤੀਸਰੀ ਵਾਰ ਛਾਪਣਾ ਜ਼ਰੂਰੀ ਹੋ ਗਿਆ ਹੈ। ਅੰਗਰੇਜ਼ ਲਿਖਾਰੀ ਬੈਂਜਾਮਨ ਫਰੈਂਕਲਿਨ ਲਿਖਦਾ ਹੈ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਮਰਨ ਸਾਰ ਲੋਕੀਂ ਤੁਹਾਨੂੰ ਨਾ ਭੁੱਲਣ ਤਾਂ

ਪੜ੍ਹਨ ਲਾਇਕ ਲਿਖ ਜਾਵੋ ਗੱਲਾਂ
ਜਾਂ ਲਿਖਣਯੋਗ ਕੁਝ ਕੰਮ ਕਰ ਜਾਓ

ਮੈਂ ਮੰਨਦਾ ਹਾਂ ਕਿ ਮੇਰੀ ਇਹ ਰਚਨਾ ਸੰਪੂਰਨ ਨਹੀਂ ਹੈ। ਮੈਂ ਖ਼ੁਦ ਇਸ ਨੂੰ ਪੜ੍ਹ ਕੇ ਇਸ ਵਿਚ ਵਾਧੇ ਘਾਟੇ ਕਰਦਾ ਰਹਿੰਦਾ ਹਾਂ। ਪਹਿਲੇ ਐਡੀਸ਼ਨ ਪੜ੍ਹ ਕੇ ਜਿਨ੍ਹਾਂ ਪਾਠਕਾਂ ਨੇ ਮੇਰੀ ਹੌਂਸਲਾ ਅਫਜ਼ਾਈ ਅਤੇ ਬਿਨਾਂ ਮੰਗੇ ਤੋਂ ਮਾਇਕ ਸਹਾਇਤਾ ਦਿੱਤੀ ਉਨ੍ਹਾਂ ਵਿੱਚ ਸ. ਭਗਵੰਤ ਸਿੰਘ ਮਿਨਹਾਸ ਡਮੁੰਡਾ (ਹਾਲ ਵੈਨਕੂਬਰ) ਅਤੇ ਸ. ਅਵਤਾਰ ਸਿੰਘ ਝੋੜ , ਜਲਵੇੜ੍ਹਾ (ਹਾਲ ਸੈਕਰਾਮੈਂਟੋ) ਦਾ ਧੰਨਵਾਦ ਕਰਨਾ ਮੇਰਾ ਨੈਤਿਕ ਫਰਜ਼ ਬਣਦਾ ਹੈ।

**ਵਾਸਦੇਵ ਸਿੰਘ ਪਰਹਾਰ**

***10010 S.E., 228TH Court***
***Kent WA. 98031, USA***
***Tel : 253-277-0182, Cell : 206-235-5669***

# ਸਮਰਪਣ

ਬਿਸਤ ਜਲੰਧਰ ਦੁਆਬ ਦੇ ਸਮੂਹ ਰਾਜਪੂਤਾਂ ਨੂੰ, ਜੋ ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਜਾਏ, ਖਾਲਸਾ ਪੰਥ ਵਿੱਚ ਸ਼ਾਮਿਲ ਹੋਏ ਅਤੇ ਸਿੱਖ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਜਾਮ ਪੀ ਕੇ ਆਪਣਾ ਨਾਂ ਅਮਰ ਕਰ ਗਏ। ਹਿੰਦੂ ਰਾਜਪੂਤ ਮਹਾਰਾਣਾ ਪਰਤਾਪ[1] ਸਿੰਘ ਤੇ ਜੈਮਲ ਸਿੰਘ[2] ਅਤੇ ਫੱਤਾ[3] ਦੀ ਤਰ੍ਹਾਂ ਹੋਰ ਵੀ ਅਣਖੀ ਰਾਜਪੂਤ ਹੋਏ ਹਨ ਜਿਹਨ੍ਹਾਂ ਨੇ ਕੌਮ ਦੀ ਅਣਖ ਲਈ ਜਾਨਾਂ ਵਾਰੀਆਂ। ਪਰ ਜਿਨ੍ਹਾਂ ਰਾਜਪੂਤਾਂ ਨੇ ਦਸਮ ਪਿਤਾ ਦੇ ਖੰਡੇ ਬਾਟੇ ਦੇ ਅੰਮ੍ਰਿਤ ਦੇ ਦੋ ਘੁੱਟ ਪੀਤੇ ਉਹ ਤਾਂ "ਸੋਨੇ ਤੇ ਸੁਹਾਗਾ" ਦੀ ਤਰ੍ਹਾਂ ਦੇਸ਼ ਅਤੇ ਕੌਮ ਲਈ ਜ਼ਿਆਦਾ ਗੁਣਕਾਰੀ ਸਿੱਧ ਹੋਏ, ਜਿਵੇਂ ਬੰਦਾ ਸਿੰਘ ਬਹਾਦਰ[4], ਅਕਾਲੀ ਫੂਲਾ ਸਿੰਘ[5], ਭਾਈ ਉਦਯ ਸਿੰਘ[6], ਭਾਈ ਬਚਿੱਤਰ ਸਿੰਘ[7], ਅਕਾਲੀ ਫੂਲਾ ਸਿੰਘ[8], ਭਾਈ ਮਨੀ ਸਿੰਘ ਜੀ[9], ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲੇ, ਬੱਬਰ ਅਕਾਲੀ ਬਚਿੰਤ ਸਿੰਘ ਡਮੁੰਡਾ[10], ਬੱਬਰ ਅਕਾਲੀ ਫੁੰਮਣ ਸਿੰਘ ਪੰਡੋਰੀ ਰਾਜਪੂਤਾਂ[11], ਬੱਬਰ ਅਕਾਲੀ ਨੰਦ ਸਿੰਘ[12] ਸਰਹਾਲ ਮੁੰਡੀ ਅਤੇ ਖਾੜਕੂ ਲਹਿਰ ਵਿਚ ਸ਼ਹੀਦ ਬੱਬਰ ਤਲਵਿੰਦਰ ਸਿੰਘ ਪਰਮਾਰ ਪਾਂਛਟਾ[13], ਪਿੰਕੀ ਡਮੁੰਡਾ[14], ਜਥੇਦਾਰ ਅਕਾਲ ਤਖ਼ਤ ਗੁਰਤਿਆਲ ਸਿੰਘ ਅਜਨੋਹਾ[15]।

---

*1. ਮਹਾਰਾਣਾ ਪਰਤਾਪ 1572-97, ਅਕਬਰ ਰਾਣਾ ਪਰਤਾਪ ਦਾ ਸੈਨਿਕ ਸੰਘਰਸ਼ ਰਾਜਪੂਤ ਮੁਗਲ ਇਤਿਹਾਸ ਵਿਚ ਮਹੱਤਵਪੂਰਨ ਅਸਥਾਨ ਰੱਖਦਾ ਹੈ, ਜੋ ਸਾਰੀ ਦੁਨੀਆਂ ਨਾਲੋਂ ਵੱਖਰੀ ਥਾਂ ਰੱਖਦਾ ਹੈ। ਰਾਣਾ ਉਦੈ ਸਿੰਘ ਦੀ 1672 ਈ: ਵਿਚ ਮ੍ਰਿਤੂ ਹੋਣ ਕਰਕੇ ਰਾਣਾ ਪਰਤਾਪ ਨੇ ਮੁਗਲ ਸਮਰਾਟਾਂ ਨੂੰ ਟਿਚ ਸਮਝਿਆ ਸੀ।*

*2.3. ਜਦ ਅਕਬਰ ਮੁਗਲ ਸਮਰਾਟ ਨੇ ਭਾਰੀ ਸੈਨਾਂ ਨਾਲ ਚਤੌੜਗੜ੍ਹ ਤੇ, 1562 ਈ: ਵਿਚ ਰਾਣਾ ਉਦੈ ਸਿੰਘ ਨੂੰ ਅਧੀਨ ਕਰਨ ਲਈ ਹੱਲਾ ਬੋਲਿਆ ਸੀ ਤਾਂ ਰਾਣਾ ਉਦੈ ਸਿੰਘ ਤਾਂ ਚਤੌੜਗੜ੍ਹ ਨੂੰ ਛੱਡ ਕੇ ਪਹਾੜੀ ਸੁਰੱਖਿਅਤ ਥਾਂ ਤੇ ਚਲਾ ਗਿਆ ਸੀ ਤਾਂ ਜੈਮਲ ਅਤੇ ਫੱਤਾ ਬਹਾਦਰ ਸੈਨਾਪਤੀਆਂ ਨੇ ਮੁਗਲ ਫੌਜਾਂ ਨਾਲ ਮੱਥਾ ਲਾ ਕੇ, ਮੁਗਲ ਸੈਨਿਕਾਂ ਨੂੰ ਨੱਕ ਰਾਹੀਂ ਚਨੇ ਬਚਾਏ ਸਨ। ਉਨ੍ਹਾਂ ਰਾਜਪੂਤ ਬਹਾਦਰਾਂ ਦੀਆਂ ਵਾਰਾਂ ਅੱਜ ਤੱਕ ਹਰ ਮਰਦ-ਇਸਤਰੀ ਦੀਆਂ ਜਬਾਨਾਂ ਤੇ ਹਨ, ਤੇ ਰਾਜਪੂਤੀ ਸ਼ਾਨ ਤੇ ਆਨ ਰਹਿੰਦੀ ਦੁਨੀਆਂ ਤੱਕ ਯਾਦਗਾਰ ਵਜੋਂ ਰਹੇਗੀ। ਇਹ ਦੋਵੇਂ ਮੇਵਾੜ ਦੇ 16 ਵੱਡੇ ਰਈਸਾਂ ਵਿਚੋਂ ਸਨ। ਅੰਤ ਨੂੰ ਜੈਮਲ ਅਕਬਰ ਦੀ ਗੋਲੀ ਨਾਲ ਸ਼ਹੀਦ ਹੋਇਆ, ਇਸ ਦਾ ਜ਼ਿਕਰ ਉਸ ਨੇ ਆਪ ਅਤੇ ਜਹਾਂਗੀਰ ਨੇ ਵੀ ਲਿਖਿਆ ਹੈ। ਜਿਸ ਬੰਦੂਕ ਨਾਲ ਅਕਬਰ ਨੇ ਜੈਮਲ ਨੂੰ ਮਾਰਿਆ ਉਸ ਦਾ ਨਾਉਂ "ਸੰਗਰਾਮ" ਰੱਖਿਆ। ਜੈਮਲ ਦੇ ਮਰਨ ਪੁਰ ਕਿਲੇ ਅੰਦਰ ਜੌਹਰ ਦੀ ਰਸਮ ਹੋਈ, ਜਿਸ ਨਾਲ 9 ਰਾਣੀਆਂ, 5 ਰਾਜ ਪੁੱਤਰੀਆਂ,*

2 ਰਾਜ ਕੁਮਾਰ ਅਤੇ ਰਾਜਪੂਤਾਂ ਦੀਆਂ ਬਹੁਤ ਪ੍ਰਤਿਵ੍ਰਤਾ ਇਸਤਰੀਆਂ ਅਗਨੀ ਵਿਚ ਭਸਮ ਹੋਈਆਂ। 11 ਚੇਤ ਸੰਮਤ 1624 ਦਾ ਸਾਕਾ ਮੇਵਾੜ ਵਿਚ ਘਰ-ਘਰ ਮਨਾਇਆ, ਔਰ ਸ਼ਹੀਦ ਹੋਏ ਯੋਧਿਆਂ ਨੂੰ ਅਮਰ ਰੱਖਣ ਵਾਲਾ ਜੱਸ ਕਵੀਆਂ ਅਤੇ ਢਾਡੀਆਂ ਦੁਆਰਾ ਗਾਇਆ ਜਾਂਦਾ ਹੈ।

4. ਬੰਦਾ ਬਹਾਦਰ :- ਜੰਮੂ ਅੰਤਰਗਤ ਪੁਣਛ ਰਾਜ ਦੇ ਰਾਜੌਰੀ ਦੇ ਰਾਮਦੇਵ ਰਾਜਪੂਤ ਦੇ ਘਰ ਇਸ ਧਰਮਵੀਰ ਦਾ ਜਨਮ ਕੱਤਕ ਸਦੀ 13 ਸੰਮਤ 1727 ਨੂੰ ਹੋਇਆ। ਮਾਤਾ-ਪਿਤਾ ਨੇ ਇਸ ਦਾ ਨਾਂ ਲਛਮਣਦੇਵ ਰੱਖਿਆ। ਲਛਮਣ ਦੇਵ ਨੂੰ ਸ਼ਸਤਰ ਵਿਦਿਆ ਤੇ ਸ਼ਿਕਾਰ ਦਾ ਬੜਾ ਸ਼ੌਕ ਸੀ। ਇੱਕ ਦਿਨ ਗਰਭਵਤੀ ਮ੍ਰਿਗੀ ਮਾਰਨ ਪੁਰ ਅਜਿਹਾ ਵੈਰਾਗ ਹੋਇਆ ਕਿ ਸ਼ਸਤਰ ਤਿਆਗ ਕੇ ਵੈਸ਼ਨਵ ਜਾਨਕੀ ਪ੍ਰਸਾਦ ਸਾਧੂ ਦਾ ਚੇਲਾ ਹੋ ਗਿਆ ਔਰ ਨਾਮ ਮਾਧੋਦਾਸ ਰਖਾਇਆ। ਘਰ ਬਾਰ ਤਿਆਗ ਕੇ ਸਮਦਮ ਸਾਧਨ ਕਰਦਾ ਹੋਇਆ ਕਰਨੀ ਦੇ ਪ੍ਰਭਾਵ ਸਿੱਧ ਪੁਰਖ ਬਣ ਗਿਆ।

5. ਅਕਾਲੀ ਫੂਲਾ ਸਿੰਘ :- ਅਜਨੋਹਾ ਜ਼ਿਲ੍ਹਾ ਹੁਸ਼ਿਆਰਪੁਰ ਪਿੰਡ ਨਿਵਾਸੀ ਈਸ਼ਰ ਸਿੰਘ ਦਾ ਪੁੱਤਰ, ਜਿਸ ਦਾ ਜਨਮ ਕਰੀਬ ਸੰਮਤ 1818 ਵਿਚ ਹੋਇਆ। ਬਾਬਾ ਨਰਾਇਣ ਸਿੰਘ (ਨੈਣਾ ਸਿੰਘ) ਸ਼ਹੀਦਾਂ ਦੀ ਮਿਸਲ ਦੇ ਰਤਨ ਰੂਪ ਨਿਹੰਗ ਸਿੰਘ ਤੋਂ ਅੰਮ੍ਰਿਤ ਛੱਕ ਕੇ ਨਾਮ ਫੂਲਾ ਸਿੰਘ ਧਾਰਨ ਕੀਤਾ। ਇਹ ਸਤਿਗੁਰੂ ਦੇ ਅਕਾਲੀ ਬਾਗ ਦਾ ਸੁੰਦਰ ਤੇ ਸੁਗੰਧ ਭਰਿਆ ਫੁੱਲ ਸੀ। ਫੂਲਾਂ ਸਿੰਘ ਨੇ ਆਪਣੇ ਸ਼ੁਭ ਗੁਣਾ ਕਰਕੇ ਅਕਾਲੀ ਦਲ ਨੂੰ ਆਪਣੇ ਪਿੱਛੇ ਲਾ ਕੇ ਗੁਰਦੁਆਰਿਆਂ ਅਤੇ ਕੌਮ ਦੀ ਭਾਰੀ ਸੇਵਾ ਕੀਤੀ। ਭਾਵੇਂ ਆਪ ਅਨੰਦਪੁਰ, ਦਮਦਮੇ ਆਦਿ ਤੋਂ ਗੁਰਧਾਮਾ ਦੇ ਸੁਧਾਰ ਲਈ ਯਾਤਰਾ ਕਰਦੇ ਰਹਿੰਦੇ ਸਨ, ਪਰ ਨਿਵਾਸ ਸਥਾਨ ਅੰਮ੍ਰਿਤਸਰ ਜੀ ਸੀ। ਜਿਸ ਥਾਂ ਆਪ ਦੇ ਨਾਮ ਦਾ ਬੁਰਜ ਅਤੇ ਆਪ ਦੇ ਜੱਥੇ ਦੀ ਛਾਉਣੀ ਹੁਣ ਵੀ ਪ੍ਰਸਿੱਧ ਹੈ।

6. ਭਾਈ ਉਦਯ ਸਿੰਘ :- ਮਨੀ ਰਾਮ ਰਾਜਪੂਤ ਨੇ ਖਾਲਸਾ ਸਾਜਣ ਦੇ ਪਹਿਲੇ ਦਿਨ ਹੀ ਅੰਮ੍ਰਿਤ ਛਕਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਮੁਗ਼ਲਾਂ ਦੀ ਸੈਨਾ ਤੋਂ ਬਚਾਉਣ ਲਈ ਆਪਣੀ ਜਾਨ ਵਾਰ ਕੇ ਰਾਜਪੂਤੀ ਖ਼ੂਨ ਦੀ ਲਾਜ ਰੱਖੀ।

7. ਬਚਿੱਤਰ ਸਿੰਘ :- ਮਨੀ ਰਾਮ ਰਾਜਪੂਤ ਦਾ ਪੁੱਤਰ, ਉਦਯ ਸਿੰਘ ਜੀ ਦਾ ਸਕਾ ਭਾਈ ਪਰਮ ਪ੍ਰੇਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦਾ ਸਿੱਖ ਸੀ। ਸੰਮਤ 1758 ਵਿਚ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਆ ਕੇ ਘੇਰਿਆ ਔਰ ਇਕ ਮਸਤ ਹਾਥੀ ਲੋਹਗੜ੍ਹ ਕਿਲ੍ਹੇ ਦਾ ਦਰਵਾਜਾ ਤੋੜਨ ਨੂੰ ਅੱਗੇ ਕੀਤਾ। ਕਲਗੀਧਰ ਜੀ ਦੀ ਆਗਿਆ ਪਾ ਵੀਰ ਬਚਿੱਤਰ ਸਿੰਘ ਨੇ ਹਾਥੀ ਦੇ ਮੱਥੇ ਐਸਾ ਨੇਜ਼ਾ ਮਾਰਿਆ ਜੋ ਲੋਹੇ ਦੇ ਤਵੇ ਨੂੰ ਵਿੰਨ੍ਹ ਕੇ ਅੰਦਰ ਜਾ ਧਸਿਆ, ਜਿਸ ਤੋਂ ਹਾਥੀ ਅਜਿਹਾ ਨੱਸਿਆ ਕਿ ਪਹਾੜੀ ਸੈਨਾ ਦੇ ਨਾਸ਼ ਹੋਣ ਦਾ ਕਾਰਨ ਬਣਿਆ।

8. ਭਾਈ ਦਿਆਲਾ ਜੀ:- ਆਪ ਪ੍ਰਿਥਵੀ ਰਾਜ ਚੌਹਾਨ ਦੇ ਛੋਟੇ ਭ੍ਰਾ ਰਾਏਬੀਰ

ਚੌਹਾਨ ਦੀ ਵੰਸ਼ ਵਿਚੋਂ ਸਨ। ਆਪ ਜੀ ਨੂੰ, ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭੈ ਭੀਤ ਕਰਨ ਲਈ, ਉਨ੍ਹਾਂ ਦੇ ਸਾਹਮਣੇ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ।

9. ਭਾਈ ਮਨੀ ਸਿੰਘ ਜੀ:- ਕੈਂਬੋਵਾਲ ਪਿੰਡ ਦੇ, ਪ੍ਰਿਥਵੀ ਰਾਜ ਚੌਹਾਨ ਦੇ ਭਰਾ ਰਾਏਬੀਰ ਦੀ ਔਲਾਦ ਵਿਚੋਂ (ਜਿਸ ਦਾ ਪਟਿਆਲੇ ਰਾਜ ਵਿੱਚ ਸੁਨਾਮ ਪਾਸ ਥੇਹ ਦੇਖਿਆ ਜਾਂਦਾ ਹੈ।) ਵਸਨੀਕ ਚੌਧਰੀ ਕਾਲੇ ਦਾ ਪੁੱਤਰ ਸੀ। ਮਨੀਏ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਕਾਲੇ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੜ੍ਹਾ ਦਿੱਤਾ। ਇਹ ਛੋਟੀ ਅੰਵਸਥਾ ਵਿੱਚ ਹੀ ਦਸਮੇਸ਼ ਦੀ ਸੇਵਾ ਵਿੱਚ ਰਿਹਾ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛੱਕ ਕੇ ਸਿੰਘ ਪਦਵੀ ਧਾਰਨ ਕੀਤੀ। ਸੰਮਤ 1761 ਵਿੱਚ ਜਦ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਦ ਇਹ ਆਗਿਆ ਅਨੁਸਾਰ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ ਜੀ ਨੂੰ ਲੈ ਕੇ ਦਿੱਲੀ ਪਹੁੰਚਿਆ ਔਰ ਸੇਵਾ ਵਿਚ ਹਾਜ਼ਰ ਰਿਹਾ। ਸੰਮਤ 1762-63 ਵਿਚ ਇਹ ਮਾਤਾ ਸਾਹਿਬਾਨ ਦੇ ਨਾਲ ਦਮਦਮੇ ਪੁੱਜਾ। ਉਥੇ ਕਲਗੀਧਰ ਨੇ ਇਸ ਦੀ ਕਲਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖਵਾਈ।

10. ਬਚਿੰਤ ਸਿੰਘ :- ਡਮੁੰਡਾ ਪਿੰਡ ਦੇ ਵਸਨੀਕ ਜਿਹਨਾਂ ਬੱਬਰ ਅਕਾਲੀ ਲਹਿਰ ਸਮੇਂ ਆਪਣਾ ਤਨ ਮਨ ਧਨ ਅਰਪਣ ਕੀਤਾ।

11. ਛੁੱਮਣ ਸਿੰਘ :- ਪਿੰਡ ਪੰਡੋਰੀ ਰਾਜਪੂਤਾਂ ਨੇ ਬੱਬਰ ਅਕਾਲੀ ਲਹਿਰ (1038-44) ਵਿਚ ਵਧ ਚੜ੍ਹ ਕੇ ਹਿੱਸਾ ਲਿਆ।

12. ਨੰਦ ਸਿੰਘ :- ਪਿੰਡ ਸਰਹਾਲ ਮੁੰਡੀ ਬੱਬਰ ਅਕਾਲੀਆਂ ਦੀ ਸੁਰੱਖਿਅਤ ਠਾਰ੍ਹ ਸਨ।

13. ਤਲਵਿੰਦਰ ਸਿੰਘ ਪਰਮਾਰ ਪਾਂਛਟਾ:- ਖਾੜਕੂ ਲਹਿਰ ਵਿਚ ਆਪਣੀ ਜਾਨ ਕੁਰਬਾਨ ਕਰ ਗਏ।

14. ਪਿੰਕੀ ਡਮੁੰਡਾ :- ਖਾੜਕੂ ਲਹਿਰ ਵਿਚ ਆਪਣੀ ਜਾਨ ਵਾਰ ਗਏ।

15. ਗੁਰਦਿਆਲ ਸਿੰਘ :- ਨਿਡਰ ਜਥੇਦਾਰ ਅਕਾਲ ਤਖ਼ਤ ਸਾਹਿਬ, ਜਿਹਨਾਂ ਨੇ ਅਕਾਲੀ ਫੂਲਾ ਸਿੰਘ ਜੀ ਤਰ੍ਹਾਂ ਦੀ ਜਥੇਦਾਰੀ ਕੀਤੀ।

# ਮੁੱਖ ਬੰਦ

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਣ ਭਲੇ ਕੋ ਮੰਦੇ॥*

ਉਪਰੋਕਤ ਮਹਾਂ ਵਾਕ ਅਨੁਸਾਰ ਇਸ ਜੱਗ ਵਿੱਚ ਜੋ ਜੀਵ ਆਇਆ ਹੈ, ਉਹ ਪ੍ਰਮਾਤਮਾ ਦਾ ਹੀ ਨੂਰ ਹੈ। ਇਸ ਲਈ ਕੋਈ ਵੀ ਕਿਸੇ ਨਾਲੋਂ ਉੱਤਮ ਅਤੇ ਨੀਚ ਨਹੀਂ ਹੈ। ਕਿਸੇ ਦੀ ਵੀ ਜਾਤ ਉਸ ਨੂੰ ਉੱਤਮ ਜਾਂ ਨੀਚ ਨਹੀਂ ਬਣਾ ਸਕਦੀ। ਹਰ ਇੱਕ ਇਨਸਾਨ ਆਪਣੇ ਕਰਮਾਂ ਅਨੁਸਾਰ ਦੂਜਿਆਂ ਤੋਂ ਉੱਤਮ ਜਾਂ ਨੀਚ ਬਣ ਸਕਦਾ ਹੈ। ਦਸਮ ਪਿਤਾ ਜੀ ਦਾ ਫੁਰਮਾਨ ਹੈ, "ਮਾਨਸ ਕੀ ਜਾਤ, ਸਭੈ ਏਕ ਹੀ ਪਹਿਚਾਨਬੋ (ਅਕਾਲ ਉਸਤਤ ਪੰਨਾ 19)"। ਥੋੜ੍ਹੇ ਜਿਹੇ ਸ਼ਬਦਾਂ ਵਿੱਚ ਮੈਂ ਦੱਸ ਦਿਆਂ ਕਿ ਮੈਂ ਸਭ ਜਾਤਾਂ ਨੂੰ ਬਰਾਬਰ ਸਮਝਦਾ ਹਾਂ ਤੇ ਰਾਜਪੂਤ ਆਪਣੇ ਆਪ ਨੂੰ ਦੂਜਿਆਂ ਨਾਲੋਂ ਨਾ ਤਾਂ ਉੱਚੇ ਸਮਝਣ ਤੇ ਨਾ ਹੀ ਨੀਵੇਂ। ਇਹ ਦੇਖਣ ਵਿੱਚ ਆਉਂਦਾ ਹੈ ਕਿ ਰਾਜਪੂਤ ਜੋ ਸਿੱਖ ਬਣ ਗਏ, ਹੋਰ ਜਾਤਾਂ ਵਾਲੇ ਉਨ੍ਹਾਂ ਨੂੰ ਆਪਣੇ ਤੋਂ ਨੀਵੇਂ ਦਰਜੇ ਦੇ ਸਮਝਦੇ ਹਨ। ਰਾਜਪੂਤਾਂ ਨੂੰ ਉਨ੍ਹਾਂ ਦਾ ਸਿੱਖੀ ਨਾਲ ਪ੍ਰੇਮ, ਉਨ੍ਹਾਂ ਦੀ ਹਰ ਮੈਦਾਨ ਵਿੱਚ ਚੜ੍ਹਦੀ ਕਲਾ ਦਸਮ ਪਿਤਾ ਵਲੋਂ ਇੱਕ ਵਰਦਾਨ ਹੈ।

ਇਹ ਦੇਖਣ ਵਿੱਚ ਆਉਂਦਾ ਹੈ ਕਿ ਖੇਤੀ ਕਰਨ ਵਾਲੀਆਂ ਜਾਤਾਂ ਜੱਟ, ਰਾਜਪੂਤ, ਸੈਣੀ, ਲੁਬਾਣੇ ਅਤੇ ਕੰਬੋਅ ਸਭ ਇੱਕੋ ਜਿਹੇ ਹੀ ਸੁਭਾਅ ਵਾਲੇ ਹਨ। ਜੇਕਰ ਇਹ ਸਿੱਖ ਹੋਣ ਤਾਂ ਕੋਈ ਪਛਾਣ ਨਹੀਂ ਸਕਦਾ ਕਿ ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਜਾਤ ਕਿਹੜੀ ਹੈ। ਮੁਕੇਰੀਆਂ ਦੇ ਇਲਾਕੇ ਵਿੱਚ ਕੁਝ ਜੱਟ, ਰਾਜਪੂਤ, ਸੈਣੀ ਲੁਬਾਣੇ ਜਾਂ ਕੰਬੋਅ ਹੋਣ ਉਹ ਵੀ ਸਭ ਇਕੋ ਜਿਹੇ ਦਿਸਦੇ ਹਨ। ਇਹ ਸਮਝ ਨਹੀਂ ਆਉਂਦੀ ਕਿ ਕਿਸੇ ਦੀ ਜਾਤ ਪਛਾਣ ਕੇ ਕੀ ਲੈਣਾ ਹੈ। ਚੰਗੇ ਕੰਮ ਕਰਨ ਵਾਲਿਆਂ ਦੀ ਇੱਜ਼ਤ ਸਮਾਜ ਵਿੱਚ ਆਪਣੇ ਆਪ ਹੀ ਬਣ ਜਾਂਦੀ ਹੈ ਤੇ ਮਾੜੇ ਕੰਮ ਕਰਨ ਵਾਲੇ ਬਦਨਾਮ ਹੋ ਹੀ ਜਾਂਦੇ ਹਨ। ਕਿਸੇ ਦੋ-ਚਾਰ ਬੰਦਿਆਂ ਦੇ ਮਾੜੇ ਜਾਂ ਚੰਗੇ ਕਰਮਾਂ ਨਾਲ ਉਹ ਸਾਰੀ ਜਾਤ ਮਾੜੀ ਜਾਂ ਚੰਗੀ ਨਹੀਂ ਹੋ ਸਕਦੀ। ਪੰਜਾਬ ਵਿੱਚ ਲੁਬਾਣੇ ਅਤੇ ਕੰਬੋਜ ਪੱਛੜੀਆਂ ਜਾਤੀਆਂ ਵਾਲੀ ਸ਼੍ਰੇਣੀ ਦਾ ਸਰਕਾਰੀ ਨੌਕਰੀਆਂ ਵਿੱਚ ਲਾਭ ਉਠਾ ਰਹੇ ਹਨ। ਕੁਝ ਸਾਲ ਪਹਿਲਾਂ ਸੈਣੀਆਂ ਨੇ ਵੀ ਇੱਕ ਕਾਨਫ਼ਰੰਸ ਕਰ ਕੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਵੀ ਪਛੜੀਆਂ ਸ਼੍ਰੇਣੀਆਂ ਵਿੱਚ ਦਰਜ ਕਰ ਲਿਆ ਜਾਵੇ। ਰਾਜਸਥਾਨ ਵਿੱਚ ਜੱਟਾਂ ਨੂੰ ਪੱਛੜੀ ਸ਼੍ਰੇਣੀ ਦੀਆਂ ਸਹੂਲਤਾਂ ਹਨ ਪਰ ਜੋ ਜੱਟ ਸਿੱਖ ਹੋਏ ਹਨ ਉਨ੍ਹਾਂ ਨੂੰ

---

** ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1349-50*

ਇਹ ਸਹੂਲੀਅਤ ਨਹੀਂ ਦਿੱਤੀ ਜਾਂਦੀ ਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਵਿਤਕਰੇ ਵਿਰੁੱਧ ਰੋਸ ਪ੍ਰਗਟ ਕੀਤਾ ਹੈ।

ਜੱਟਾਂ ਦਾ ਇਤਿਹਾਸ ਨਾਮੀ ਪੁਸਤਕ ਦੇ ਲੇਖਕ ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ ਦੇ ਪੰਨਾ ਨੰ. 28 'ਤੇ ਠੀਕ ਲਿਖਿਆ ਹੈ ਕਿ "ਜੱਟਾਂ, ਖੱਤਰੀਆਂ, ਰਾਜਪੂਤਾਂ ਤੇ ਦਲਿਤਾਂ ਦੇ ਗੋਤ ਸਾਂਝੇ ਹਨ। ਇਹ ਬਹੁਤੇ ਮੱਧ ਏਸ਼ੀਆ ਤੋਂ ਵੱਖ-ਵੱਖ ਸਮੇਂ ਭਾਰਤ ਵਿੱਚ ਆਏ ਹੋਏ ਆਰੀਆ ਕਬੀਲਿਆਂ ਦੀ ਵੰਸ਼ ਹੀ ਹਨ।"

*ਜੋ ਤਪਦੇ ਥਲਾਂ ਚ ਬਰਸ ਜਾਂਦੀ ਬਣ ਕੇ ਦਰਦ ਦਾ ਮੀਂਹ,*
*ਬਹੁਤ ਮੈਂ ਰੋਇਆ ਨਾ ਉਹ ਆਈ ਸ਼ਾਇਰੀ ਮੈਨੂੰ।*

**-ਸੁਰਜੀਤ ਪਾਤਰ**

ਰਾਜਪੂਤ ਜੋ ਸਿੱਖ ਬਣੇ ਉਨ੍ਹਾਂ ਬਾਰੇ ਉਨ੍ਹਾਂ ਦੇ ਪਿੰਡਾਂ ਦਾ ਇਤਿਹਾਸ ਲਿਖਣ ਬਾਰੇ ਕਈ ਸਾਲ ਮੈਂ ਸੋਚਦਾ ਰਿਹਾ। ਇੱਕ ਵਿਆਹ ਵਿੱਚ ਮੇਰੀ ਮੁਲਾਕਾਤ ਡਾ. ਬਖਸ਼ੀਸ਼ ਸਿੰਘ ਜੀ ਨਿੱਜਰ, ਰਿਟਾਇਰਡ ਡਾਇਰੈਕਟਰ ਪੰਜਾਬ ਸਟੇਟ ਆਰਕਾਇਵਜ਼ ਨਾਲ ਹੋਈ। ਮੈਂ ਉਨ੍ਹਾਂ ਨੂੰ ਆਪਣੀ ਦੱਬੀ ਹੋਈ ਖਾਹਿਸ਼ ਦੱਸੀ। ਉਨ੍ਹਾਂ ਨੇ ਮੈਨੂੰ ਬਹੁਤ ਹੌਸਲਾ ਦਿੱਤਾ ਤੇ ਕਿਹਾ "ਹੌਸਲਾ ਕਰ ਕੇ ਲਿਖਣ ਲੱਗ ਪਵੋ, ਮੈਂ ਤੁਹਾਡੀ ਪੂਰੀ ਮਦਦ ਕਰਾਂਗਾ" ਤੇ ਇਹ ਸ਼ੇਅਰ ਕਿਹਾ :-

*ਜਬ ਇਰਾਦੇ ਅਟਲ ਹੋਂ ਸਫਲਤਾ ਚਲ ਕਰ ਆਤੀ ਹੈ,*
*ਸਮੁੰਦਰ ਰਾਹ ਦੇਤੇ ਹੈਂ, ਚੱਟਾਨੇ ਥਰਥਰਾਤੀ ਹੈਂ।*

ਮੈਂ ਕੁਝ ਝਿਜਕ ਕੇ ਕਿਹਾ ਇਹ ਕੋਈ ਸੌਖਾ ਕੰਮ ਤਾਂ ਹੈ ਨਹੀਂ। ਉਹ ਹੱਸ ਕੇ ਆਪਣੇ ਖੁੱਲ੍ਹੇ ਸੁਭਾਅ ਨਾਲ ਬੋਲੇ "ਵੰਝਲੀ ਦਾ ਕੀ ਵਜਾਉਣਾ ਮੂੰਹ ਹੀ ਵਿੰਗਾ ਕਰ ਲੈਣਾ।"

ਜਦੋਂ ਮੈਂ ਸ਼ੰਕਾ ਪਰਗਟ ਕੀਤੀ ਕਿ ਡਿਪਟੀ ਕਮਿਸ਼ਨਰਾਂ ਜਾਂ ਤਹਿਸੀਲਾਂ 'ਚੋਂ ਪਿੰਡਾਂ ਸੰਬੰਧੀ ਰਿਕਾਰਡ ਪ੍ਰਾਪਤ ਕਰਨਾ ਕੋਈ ਸੌਖਾ ਨਹੀਂ ਤੇ ਫਿਰ ਉਨ੍ਹਾਂ ਹੱਸ ਕੇ ਕਿਹਾ "ਲੱਕੜੀ ਭਾਵੇਂ ਵਿੰਗੀ ਹੋਵੇ ਤਰਖਾਣ ਸਿੱਧਾ ਚਾਹੀਦਾ।" ਮੈਂ ਕਿਹਾ ਨਿੱਜਰ ਸਾਹਿਬ ਤੁਹਾਡਾ ਤਾਂ ਮਤਲਬ ਹੈ ਕਿ:-

*ਜੱਲਣ ਜੱਟ ਭਗਤ ਦੇ ਗਲ ਗੰਢਿਆਂ ਦੀ ਮਾਲਾ,*
*ਜਪੂ ਤਾਂ ਜਪੂ ਨਹੀਂ ਤਾਂ ਖਾਊ ਸੁਖਾਲਾ।*

ਉਹ ਬਹੁਤ ਹੱਸੇ ਤੇ ਕਿਹਾ ਕਿ ਇੱਕ ਵਾਰ ਲਗਨ ਨਾਲ ਕੰਮ ਸ਼ੁਰੂ ਕਰ ਦਿਓ। ਮਦਦ ਕਰਨ ਵਾਲੇ ਪਰਮਾਤਮਾ ਆਪੇ ਪੈਦਾ ਕਰ ਦਿੰਦਾ ਹੈ। ਉਨ੍ਹਾਂ ਨੇ ਆਪਣੀ ਨਿੱਜੀ ਲਾਇਬ੍ਰੇਰੀ ਦੀਆਂ ਵੱਡਮੁੱਲੀਆਂ ਕਿਤਾਬਾਂ ਤੇ ਹੋਰ ਕਾਗਜ਼ ਵੀ ਮੈਨੂੰ ਸੌਂਪਣ ਦੀ ਇੱਛਾ ਪਰਗਟਾਈ। ਇਹ ਪੁਸਤਕ ਉਨ੍ਹਾਂ ਦੀ ਪ੍ਰੇਰਨਾ ਸਦਕਾ ਅਤੇ ਸਮੇਂ-ਸਮੇਂ ਸਿਰ ਦਿੱਤੀ ਨੇਕ ਸਲਾਹ ਨਾਲ ਹੀ ਲਿਖੀ ਜਾ ਸਕੀ ਹੈ।

ਕੌਮਾਂ ਦਾ ਜਿਊਂਦੇ ਜਾਗਦੇ ਰਹਿਣਾ ਆਪਣੇ ਕੌਮੀ ਇਤਿਹਾਸ ਉੱਤੇ ਨਿਰਭਰ ਕਰਦਾ ਹੈ ਅਤੇ ਇਤਿਹਾਸ ਨੂੰ ਜਿਊਂਦੇ ਰੱਖਣ ਲਈ ਖੋਜ ਤੇ ਪੜਚੋਲ ਦਾ ਕੰਮ ਇਸ ਕਰ ਕੇ ਜ਼ਰੂਰੀ ਹੈ ਕਿ ਇਤਿਹਾਸ ਦਾ ਮੂੰਹ ਮੱਥਾ ਸਮੇਂ ਦੀ ਗਰਦ ਨੇ ਛੁਪਾ ਲਿਆ ਹੈ। ਜਿਹੜਾ ਇਤਿਹਾਸ ਤਾਂ ਛਪੀਆਂ ਹੋਈਆਂ ਕਿਤਾਬਾਂ ਵਿੱਚ ਹੈ ਉਹ ਤਾਂ ਆਮ ਆਦਮੀ ਨੂੰ ਮਿਲ ਸਕਦਾ ਹੈ ਪਰ ਕੁਝ ਕੁ ਜ਼ਰੂਰੀ ਹੱਥ ਲਿਖਤਾਂ ਪਰਚਿਆਂ, ਹੁਕਮਨਾਮਿਆਂ, ਜ਼ਿਲ੍ਹਾ ਰਿਕਾਰਡ ਆਫਿੰਸ ਤੋਂ ਮਿਲਦਾ ਹੈ, ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ ਉਸ ਨੂੰ ਕੋਈ ਖੋਜੀ ਹੀ ਆਮ ਲੋਕਾਂ ਤੱਕ ਪਹੁੰਚਾ ਸਕਦਾ ਹੈ। ਮੁਰਦਾ ਕੌਮਾਂ ਵਿੱਚ ਜਾਨ ਪਾਉਣ ਦਾ ਕੰਮ ਇਤਿਹਾਸ ਕਰਦਾ ਹੈ।

"ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ" ਮ. 3 (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 951) ਦੇ ਮਹਾਵਾਕ ਦੇ ਅਨੁਸਾਰ ਪਿਓ ਦਾਦੇ ਦੀਆਂ ਸੂਰਮਗਤੀ ਦੀਆਂ ਗੱਲਾਂ ਸੁਣਕੇ ਪੁੱਤਰ ਉਨ੍ਹਾਂ ਤੋਂ ਵੀ ਵੱਧ ਅੱਛੇ ਕਰਮ ਕਰਨ ਵੱਲ ਪ੍ਰੇਰਿਤ ਹੁੰਦੇ ਹਨ। ਇਤਿਹਾਸ ਪੜ੍ਹਨ ਨਾਲ ਪਤਾ ਲੱਗਦਾ ਹੈ ਕਿ ਸਾਡੇ ਵਡੇਰਿਆਂ ਨੇ ਦੇਸ਼ ਕੌਮ ਦੀ ਸ਼ਾਨ ਤੇ ਆਨ ਬਰਕਰਾਰ ਰੱਖਣ ਲਈ ਕੀ-ਕੀ ਕੁਰਬਾਨੀਆਂ ਕੀਤੀਆਂ ਤੇ ਜੇ ਉਨ੍ਹਾਂ ਕੋਈ ਭੁੱਲਾਂ ਕੀਤੀਆਂ ਉਨ੍ਹਾਂ ਤੋਂ ਸਾਨੂੰ ਕੀ ਸਬਕ ਮਿਲਦਾ ਹੈ। ਰਾਜਪੂਤਾਂ ਦੇ ਸਿੱਖ ਧਰਮ ਨੂੰ ਅਪਣਾਉਣ ਦਾ ਇਤਿਹਾਸ ਕਿਸੇ ਇੱਕ ਕਿਤਾਬ ਵਿੱਚ ਲਿਖਿਆ ਨਹੀਂ ਮਿਲਦਾ। ਹਾਂ ਇਕਾ-ਦੁੱਕਾ ਜ਼ਿਕਰ ਮਿਲਦੇ ਹਨ ਜਿਵੇਂ ਬੱਲੂ ਪਰਮਾਰ ਦਾ ਵਸਾਖ ਬਿਕਰਮੀ 1691 ਨੂੰ ਮੁਰਤਜ਼ਾ ਖਾਂ ਨੂੰ ਮਾਰ ਕੇ ਸ਼ਹੀਦ ਹੋਣਾ, ਗਵਾਲੀਅਰ ਦੇ ਕਿਲੇ ਤੋਂ ਰਿਹਾਈ ਵੇਲੇ ਇੱਕ ਰਾਜੇ ਰਾਮ ਪ੍ਰਤਾਪ ਦਾ ਛੇਵੇਂ ਪਾਤਸ਼ਾਹ ਪਰਉਪਕਾਰੀ ਯੋਧੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਹੋਣਾ ਤੇ ਉਨ੍ਹਾਂ ਦੇ ਅੰਗੀਠੇ ਨਾਲ ਜਲ ਕੇ ਆਪਣੀ ਜਾਨ ਦੇ ਦੇਣਾ । ਇਹ ਰਾਮ ਪ੍ਰਤਾਪ ਅਤੇ ਇਸ ਦਾ ਪੁੱਤਰ ਰਾਮ ਸਿੰਘ ਛੇਵੇਂ ਪਾਤਸ਼ਾਹ ਦੀਆਂ ਸ਼ਾਹਜਹਾਂ ਨਾਲ ਜੰਗਾਂ ਵਿੱਚ ਗੁਰੂ ਸਾਹਿਬ ਜੀ ਦੀ ਤਰਫ਼ੋਂ ਯੋਧਿਆਂ ਦੀ ਤਰ੍ਹਾਂ ਲੜੇ ਸਨ। ਰਾਮ ਪ੍ਰਤਾਪ ਦੇ ਨਾਲ ਇਸ ਦੇ ਪੁੱਤਰ ਨੇ ਵੀ ਚਿਖਾ ਵਿੱਚ ਜਲ ਕੇ ਸੱਚਖੰਡ ਪ੍ਰਾਪਤ ਕੀਤਾ। ਗੁਰੂ ਹਰਿਰਾਏ ਸਾਹਿਬ ਨੇ ਰਾਜਾ ਸੰਗਰਾਮ ਸਿੰਘ ਭਟਨੇਰ (ਹਨੂਮਾਨਗੜ੍ਹ) ਵਾਲੇ ਨੂੰ ਚਿਖਾ ਵਿੱਚ ਜਲਣੋ ਰੋਕਿਆ ਤਾਂ ਉਹ ਆਪਣੇ ਆਪ ਨੂੰ ਕਟਾਰ ਨਾਲ ਮਾਰ ਕੇ ਸਵਰਗਵਾਸ ਹੋਇਆ। ਇਸ ਸੰਗਰਾਮ ਸਿੰਘ ਤੋਂ ਮੁਗਲ ਸੂਬੇ ਨੇ ਉਸ ਦੀ ਲੜਕੀ ਦਾ ਰਿਸ਼ਤਾ ਮੰਗਿਆ ਸੀ ਤਾਂ ਇਹ ਉਸ ਮੁਗ਼ਲ ਸੂਬੇ ਨੂੰ ਕਤਲ ਕਰ ਕੇ ਛੇਵੇਂ ਪਾਤਸ਼ਾਹ ਦੀ ਸ਼ਰਨ ਆ ਗਿਆ ਸੀ। ਪੰਜਵੇਂ ਪਾਤਸ਼ਾਹ ਦਾ ਭਾਈ ਮੰਝ ਦਾ ਸਿੱਖੀ ਪ੍ਰੇਮ ਦੇਖ ਕੇ ਤੇ ਪਰਖ ਕੇ ਉਸ ਨੂੰ ਦੁਆਬੇ ਵਿੱਚ ਪ੍ਰਚਾਰ ਲਈ ਥਾਪਣਾ, ਗੁਰੂ ਹਰਿ ਰਾਏ ਸਾਹਿਬ ਜੀ ਨੂੰ ਰਾਜਪੂਤਾਂ ਨੇ ਆਪਣੇ ਪਿੰਡ ਭੁੰਗਰਨੀ ਲਿਆਉਣਾ, ਗੁਰੂ ਹਰਿ ਰਾਏ ਸਾਹਿਬ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ, 2200 ਘੋੜ ਸਵਾਰ, ਹਰ ਵਕਤ ਆਪਣੇ

---

** ਮਾਲਵਾ ਸਿੱਖ ਇਤਿਹਾਸ-ਭਾਗ ਪਹਿਲਾ-ਵਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰ।*

ਨਾਲ ਰੱਖਣੇ ਪੈਂਦੇ ਹਨ। ਚਾਹੇ ਜਿੱਧਰ ਵੀ ਉਹ ਜਾਂਦੇ ਇਨੇ ਘੋੜਸਵਾਰ ਅਤੇ ਹੋਰ ਬੇਅੰਤ ਸੰਗਤ ਨਾਲ ਜਾਂਦੀ ਸੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਬਸੀ ਦੇ ਯੁੱਧ ਤੋਂ ਬਾਅਦ ਸਿੱਧੇ ਅਨੰਦਪੁਰ ਸਾਹਿਬ ਨੂੰ ਜਾਣ ਦੀ ਥਾਂ ਕੁਝ ਦਿਨ ਪਿੰਡ ਬੱਡੋਂ ਜ਼ਿਲ੍ਹਾ ਹੁਸ਼ਿਆਰਪੁਰ ਰੁਕਣਾ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਖਾਲਸੇ ਵਿੱਚ ਅਭੇਦ ਹੋ ਕੇ ਜਿਨ੍ਹਾਂ ਸ਼ਹੀਦੀ ਜਾਮ ਪੀਤੇ। ਅਜਿਹੇ ਕੁੱਝ ਰਾਜਪੂਤਾਂ ਅਤੇ ਉਨ੍ਹਾਂ ਦੇ ਪਿੰਡਾਂ ਸੰਬੰਧੀ ਲਿਖਣ ਦੀ ਮੈਂ ਕੋਸ਼ਿਸ਼ ਕੀਤੀ ਹੈ ਕਿ ਕਿਤੇ ਇਹ ਵੀ ਸਾਡੀਆਂ ਹਿੱਕਾਂ ਦੇ ਨਾਲ ਧਰਤੀ ਵਿੱਚ ਨਾ ਰੁਲ ਜਾਵੇ।

*ਉਰਦੂ ਦੇ ਸ਼ਾਇਰ ਬਸ਼ੀਰ ਦਾ ਇੱਕ ਸ਼ੇਅਰ ਹੈ:-*
*ਯਿਹ ਇਸ਼ਤਿਹਾਰ ਸੀ ਲਗਤੀ ਹੈਂ ਮੁਹੱਬਤ ਕੀ ਕਹਾਨੀਆਂ,*
*ਜੋ ਕਹਾ ਨਹੀਂ ਸੁਨਾ ਕਰੋ ਜੋ ਸੁਨਾ ਨਹੀਂ ਵੋਹ ਕਹਾ ਕਰੋ।*

ਬੜੇ ਡੂੰਘੇ ਅਰਥ ਹਨ ਇਸ ਸ਼ੇਅਰ ਦੇ, ਰਾਜਪੂਤ ਕੌਮ ਦੀਆਂ ਕੁਰਬਾਨੀਆਂ ਦੇ ਕਿੱਸੇ ਕਹਾਣੀਆਂ ਜੋ ਸਮੇਂ ਦੇ ਵਿਰੋਧੀ ਹਾਕਮਾਂ ਨੇ ਦਬ ਦਬਾ ਦਿੱਤੇ, ਮੁਸਲਮਾਨ ਹਮਲਾਵਰਾਂ ਨੇ ਲਿਖਤੀ ਹਿਸਟਰੀ ਜਾਣ ਬੁੱਝ ਕੇ ਸਾੜ ਦਿੱਤੀ। ਪੱਥਰਾਂ 'ਤੇ ਉੱਕਰੀਆਂ ਲਿਖਤਾਂ ਸਾਡਾ ਵਿਰਸਾ ਸਾਨੂੰ ਦੱਸ ਸਕੀਆਂ। ਇਹਨਾਂ ਨੂੰ ਸਮਕਾਲੀ ਲੋਕਾਂ ਜ਼ੁਬਾਨੀ ਯਾਦ ਰੱਖਿਆ ਤੇ ਅੱਗੇ ਅਗਲੀਆਂ ਪੀੜ੍ਹੀਆਂ ਨੂੰ ਵੀ ਜ਼ੁਬਾਨੀ ਦੱਸਦੇ ਗਏ। ਅਗਲੀਆਂ ਪੀੜ੍ਹੀਆਂ ਵੱਲੋਂ ਭੁੱਲਣ ਤੋਂ ਇਲਾਵਾ ਇਹਨਾਂ ਵਿੱਚ ਘਟਨਾਵਾਂ ਦਾ ਸਹੀ ਵਰਣਨ ਵੀ ਨਹੀਂ ਰਹਿੰਦਾ। ਜੇਕਰ ਇਹ ਲਿਖੇ ਹੋਏ ਮਿਲ ਜਾਣ ਤਾਂ ਇਹਨਾਂ 'ਤੇ ਸਹੀ ਹੋਣ ਦਾ ਯਕੀਨ ਬਣ ਜਾਂਦਾ ਹੈ। ਇਸੇ ਤਰ੍ਹਾਂ ਦੁਆਬੇ ਦੇ ਪਿੰਡਾਂ ਦੇ ਰਾਜਪੂਤਾਂ ਦਾ ਸਿੱਖ ਧਰਮ ਅਪਣਾਉਣ ਦਾ ਇਤਿਹਾਸ ਵੀ ਵਿਰੋਧੀ ਤਕੜੀਆਂ ਧਿਰਾਂ ਨੇ ਦਬਾ ਦਿੱਤਾ ਪਰ ਫੇਰ ਵੀ

*ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ—ਸਰ ਮੁਹੰਮਦ*
*ਸਦੀਓਂ ਰਹਾ ਹੈ ਦੁਸ਼ਮਨ ਦੌਰ-ਏ-ਜ਼ਮਾਂ ਹਮਾਰਾ—ਇਕਬਾਲ*

ਦਸਵੇਂ ਗੁਰੂ ਸਾਹਿਬ ਨੇ ਖਾਲਸੇ ਦੀ ਰਚਨਾ ਭਾਈਚਾਰਕ ਏਕਤਾ ਉਭਾਰ ਕੇ ਜਾਤ-ਪਾਤ ਨੂੰ ਮਿਟਾ ਕੇ ਗਰੀਬ ਦੀ ਰੱਖਿਆ ਅਤੇ ਜ਼ਾਲਿਮ ਦੀ ਭੱਖਿਆ ਵਾਸਤੇ ਕੀਤੀ ਸੀ। ਪਰ ਅੱਜ ਦਾ ਖਾਲਸਾ ਫਿਰ ਬ੍ਰਾਹਮਣਵਾਦੀ ਰੀਤਾਂ ਵਿੱਚ ਫਸ ਗਿਆ ਹੈ। ਅਕਾਲੀ ਮੰਤਰੀ ਅਤੇ ਮੁੱਖ ਮੰਤਰੀ ਰਾਮਾਇਣ ਦੇ ਪਾਠ ਕਰਾ ਰਹੇ ਹਨ, ਮੱਥੇ 'ਤੇ ਟਿੱਕੇ ਲਗਵਾ ਕੇ ਮੂਰਤੀਆਂ ਅੱਗੇ ਮੱਥੇ ਟੇਕ ਰਹੇ ਹਨ। ਇਸੇ ਲਈ ਹੀ ਗੁਰੂ ਸਾਹਿਬ ਨੇ ਖਾਲਸੇ ਨੂੰ ਸੌਂਪੀ ਹੋਈ ਸਾਰੀ ਸ਼ਕਤੀ ਵਾਪਸ ਲੈ ਲਈ ਹੈ।

*ਜਬ ਲਗ ਖਾਲਸਾ ਰਹੈ ਨਿਆਰਾ ਤਬ ਲਗ ਤੇਜ ਦੇਊ ਮੈਂ ਸਾਰਾ।*
*ਜਬ ਗਹਿ ਰਹੈਂ ਬਿਪਰਨ ਕੀ ਰੀਤ ਮੈਂ ਨਾ ਕਰੂੰ ਇਨ ਕੀ ਪਰਤੀਤ।*

ਸਿੱਖ ਮਿਸਲਾਂ ਨੇ ਰਾਜ ਸਥਾਪਤ ਕੀਤਾ ਤਾਂ ਉਦੋਂ ਤੱਕ ਸਾਰੇ ਸਿੱਖ ਪੂਰੀ ਤਰ੍ਹਾਂ

ਸਿੱਖ ਰਹਿਤ ਮਰਯਾਦਾ ਵਿੱਚ ਰਹਿੰਦੇ ਸਨ। ਪਰ ਰਾਜ ਪ੍ਰਾਪਤ ਕਰਨ ਮਗਰੋਂ ਬਹੁਤੇ ਐਸ਼ੋ-ਇਸ਼ਰਤ ਵਿੱਚ ਫਸ ਗਏ। ਮਹਾਰਾਜਾ ਰਣਜੀਤ ਸਿੰਘ ਦੀ ਵੀ ਚੜ੍ਹਦੀ ਕਲਾ ਉਦੋਂ ਤੱਕ ਰਹੀ ਜਦੋਂ ਤੱਕ ਉਹ ਆਪਣੇ ਰਾਜ ਨੂੰ ਖਾਲਸਾ ਰਾਜ ਸਮਝਦਾ ਰਿਹਾ। ਜਦੋਂ ਉਸ ਨਾਲ ਮੁਲਾਕਾਤ ਕਰਨੀ ਵੀ ਖਾਲਸੇ ਲਈ ਔਖੀ ਹੋ ਗਈ ਤੇ ਉਹ ਡੋਗਰਿਆਂ ਅਤੇ ਬ੍ਰਾਹਮਣਾਂ ਦੇ ਹੱਥ ਪੈ ਗਿਆ ਤਾਂ ਖਾਲਸਾ ਰਾਜ ਦਾ ਸੂਰਜ ਡਿਗਣ ਲੱਗ ਪਿਆ। ਅੰਗਰੇਜ਼ਾਂ ਨੇ ਅਸਾਨੀ ਨਾਲ ਸਿੱਖਾਂ ਨੂੰ ਹਾਰ ਦਿੱਤੀ। ਕਨਿੰਘਮ ਪ੍ਰਸਿੱਧ ਸਿੱਖ ਇਤਿਹਾਸਕਾਰ ਦੇ ਅਨੁਸਾਰ "ਉਦਾਸ ਖਾਲਸਾ ਆਪਣੇ ਆਪ ਨੂੰ ਆਪਣੇ ਧਰਮ ਵਿੱਚ ਇੱਕ ਕੱਚਾ ਸਿਖਾਂਦਰੂ ਅਤੇ ਬੱਚਾ ਸਮਝਦਾ ਹੈ ਅਤੇ ਜਵਾਨ ਹੋਣ ਉਤੇ ਦਸਮ ਪਾਤਸ਼ਾਹ ਦੀ ਮਿਹਰ ਦੀ ਪੂਰੀ ਉਮੀਦ ਕਰਦਾ ਹੈ।" ਅੱਜ ਦੀ ਤਾਰੀਖ ਵਿੱਚ ਵੀ ਕਨਿੰਘਮ ਦੇ ਲਿਖੇ ਸ਼ਬਦ ਸੱਚ ਹਨ ਅਤੇ ਧਿਆਨ ਯੋਗ ਹਨ।

ਬ੍ਰਾਹਮਣ ਅਜੇ ਵੀ ਜਾਤ ਅਨੁਸਾਰ ਸਮਾਜ ਦੀ ਵੰਡ ਨੂੰ ਉਭਾਰਦੇ ਹਨ। ਉਹ ਚਾਹੁੰਦੇ ਹਨ ਹਰ ਕੋਈ ਆਪਣੇ ਨਾਂ ਦੇ ਨਾਲ ਆਪਣਾ ਗੋਤ ਜ਼ਰੂਰ ਲਿਖੇ ਜਿਸ ਤੋਂ ਵਿਅਕਤੀ ਦੀ ਜਾਤ ਦਾ ਪਤਾ ਲੱਗ ਸਕੇ। ਜਿਵੇਂ:ਜਿਸ ਦੇ ਨਾਮ ਦੇ ਪਿੱਛੇ ਸ਼ਰਮਾ, ਚਤੁਰਵੇਦੀ, ਤ੍ਰਿਪਾਠੀ ਹੋਵੇ ਉਹ ਬ੍ਰਾਹਮਣ, ਜਿਸ ਦੇ ਨਾਮ ਪਿੱਛੇ ਗਿੱਲ, ਸੰਧੂ, ਨਿੱਜਰ, ਹੋਵੇ ਉਹ ਜੱਟ, ਜਿਸ ਦੇ ਨਾ ਪਿਛੇ ਪਰਮਾਰ, ਚੌਹਾਨ ਹੋਵੇ ਉਹ ਰਾਜਪੂਤ। ਥਿੰਦ, ਮਰੋਕ, ਵਗੈਰ, ਕੰਬੋਜ। ਗੋਤਾਂ ਦੇ ਬੋਰਡ ਪਿੰਡਾਂ ਦੀਆਂ ਸੜਕਾਂ ਤੇ ਕਿਸੇ ਨੇ ਲਗਾਉਣ ਲਈ ਪ੍ਰੇਰਿਆ?

ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਦਾ ਤਕਰੀਬਨ ਇੱਕ% ਸਿੱਖ ਰਾਜਪੂਤ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਰਚਨਾ 1699 ਈ. ਵਿੱਚ ਕੀਤੀ ਜਾਤ-ਪਾਤ ਨੂੰ ਪਰ੍ਹੇ ਰੱਖ ਕੇ ਸਭ ਵਰਣਾਂ ਨੂੰ ਇਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ। "ਅਸ਼ਟ ਧਾਤੁ ਇੱਕ ਧਾਤੁ ਕਰਾਇਆ" ਭਾਈ ਗੁਰਦਾਸ ਜੀ। ਇਹ ਅਸ਼ਟ ਧਾਤਾਂ ਸਨ ਚਾਰ ਵਰਣ ਤੇ ਚਾਰ ਧਰਮ ਉਸ ਵੇਲੇ ਬਹੁ ਗਿਣਤੀ ਰਾਜਪੂਤਾਂ ਨੇ ਸਿੱਖ ਧਰਮ ਨੂੰ ਨਾ ਅਪਣਾਇਆ ਕਿਉਂਕਿ ਉਹ ਆਪਣੇ ਆਪ ਨੂੰ ਬਾਕੀ ਜਾਤਾਂ ਨਾਲੋਂ ਉੱਤਮ ਸਮਝਦੇ ਸਨ। ਇਹ ਜਾਤ ਅਭਿਮਾਨ ਉਨ੍ਹਾਂ ਵਿੱਚ ਬ੍ਰਾਹਮਣਾਂ ਨੇ ਭਰਿਆ ਹੋਇਆ ਸੀ। ਉਸ ਵਕਤ ਦੁਆਬੇ ਦੇ ਥੋੜ੍ਹੇ ਜਿਹੇ ਰਾਜਪੂਤਾਂ ਨੇ ਅੰਮ੍ਰਿਤ ਛਕਿਆ ਤੇ ਹੋਰ ਬਹੁਤਿਆਂ ਨੇ ਭਾਵੇਂ ਅੰਮ੍ਰਿਤਪਾਨ ਤਾਂ ਨਾ ਕੀਤਾ ਪਰ ਦਿਲੋਂ ਸਿੱਖੀ ਧਾਰ ਲਈ ਤੇ ਸਮਾਂ ਪਾ ਕੇ ਪੂਰਨ ਸਿੱਖ ਸੱਜ ਗਏ, ਜਿਸ ਦੇ ਬਹੁਤ ਸਬੂਤ ਮਿਲਦੇ ਹਨ। ਕਾਲਰੇ ਪਿੰਡ ਦੇ ਵਸਨੀਕਾਂ ਨੂੰ ਗੁਰੂ ਸਾਹਿਬ ਵੱਲੋਂ ਇੱਕ ਕਿਰਪਾਨ ਬਖ਼ਸ਼ੀ ਗਈ ਜੋ ਅੱਜ ਵੀ ਬਲਰਾਜ ਸਿੰਘ ਜੋਤਸ਼ੀ ਦੇ ਘਰ ਹੈ। ਇਹ ਰਾਜਪੂਤ ਕਿਸ ਤਰ੍ਹਾਂ ਠਾਕਰਾਂ ਤੋਂ ਸਰਦਾਰ ਬਣੇ ਇਸ ਪੁਸਤਕ ਵਿੱਚ ਦੱਸਿਆ ਜਾਵੇਗਾ। ਇਸੇ ਦੌਰਾਨ ਹੋਈਆਂ ਸਮਾਜਿਕ ਤਬਦੀਲੀਆਂ ਬਾਰੇ ਵੀ ਵਿਚਾਰ ਕੀਤੀ ਜਾਵੇਗੀ ਅਤੇ ਰਾਜਪੂਤਾਂ ਵੱਲੋਂ ਸਿੱਖ ਧਰਮ ਲਈ ਕੀਤੀਆਂ

ਅਦੁੱਤੀਆਂ ਕੁਰਬਾਨੀਆਂ 'ਤੇ ਵੀ ਚਾਨਣਾ ਪਾਇਆ ਜਾਵੇਗਾ। ਰਾਜਪੂਤਾਂ ਦਾ ਪੰਜਾਬ ਵਿੱਚ ਉਹ ਸਮਾਜਿਕ ਰੁਤਬਾ ਨਹੀਂ ਜੋ ਕਿ ਰਾਜਸਥਾਨ ਵਿੱਚ ਹੈ। ਇਸੇ ਤਰ੍ਹਾਂ ਜੱਟਾਂ ਦਾ ਸਮਾਜਿਕ ਰੁਤਬਾ ਪੰਜਾਬ ਵਿੱਚ ਹੋਰ ਤੇ ਰਾਜਸਥਾਨ ਵਿੱਚ ਹੋਰ ਹੈ। ਮਿਤੀ 27 ਫਰਵਰੀ 2004 ਨੂੰ ਅੰਮ੍ਰਿਤਸਰ ਵਿੱਚ ਜੱਟ ਮਹਾਂ ਸਭਾ ਕੀ ਮੀਟਿੰਗ ਦਾਰਾ ਸਿੰਘ ਪਹਿਲਵਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਜੱਟਾਂ ਨੇ ਮੰਗ ਕੀਤੀ ਹੈ ਕਿ ਜੱਟਾਂ ਨੂੰ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਦਿੱਲੀ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪੱਛੜੀਆਂ ਸ਼੍ਰੇਣੀਆਂ ਵਾਲੀ ਰਿਜ਼ਰਵੇਸ਼ਨ ਮਿਲ ਰਹੀ ਹੈ। ਇਹੋ ਸਹੂਲੀਅਤ ਭਾਰਤ ਦੇ ਬਾਕੀ ਰਾਜਾਂ ਦੇ ਜੱਟਾਂ ਨੂੰ ਦਿੱਤੀ ਜਾਵੇ।

ਜਿਨ੍ਹਾਂ ਜਾਤਾਂ ਦੇ ਹੱਥ ਰਾਜ ਆ ਜਾਵੇ ਉਹ ਆਪਣੇ ਆਪ ਨੂੰ ਉੱਚਾ ਅਤੇ ਦੂਜੀਆਂ ਜਾਤਾਂ ਵਾਲਿਆਂ ਨੂੰ ਨੀਵਾਂ ਸਮਝਣ ਲੱਗ ਪੈਂਦੀਆਂ ਹਨ। ਅੱਜ ਵੀ ਲੋਕ ਰਾਜ ਵਿੱਚ ਬਹੁ ਗਿਣਤੀ ਵਾਲੀਆਂ ਜਾਤਾਂ ਦੇ ਹੱਥ ਰਾਜ ਦੀ ਵਾਗਡੋਰ ਹੈ ਅਤੇ ਭਵਿੱਖ ਵਿੱਚ ਕਈ ਨੀਵੀਆਂ ਜਾਤਾਂ ਉੱਚੀਆਂ ਬਣ ਜਾਣਗੀਆਂ ਜਿਵੇਂ ਕਿ ਅਤੀਤ ਵਿੱਚ ਹੋਇਆ ਹੈ। ਮਾਇਆਵਤੀ ਅੱਜ ਕੱਲ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਹੈ ਤੇ ਉਸ ਦਾ ਸੰਬੰਧ ਅਨੁਸੂਚਿਤ ਜਾਤੀਆਂ ਨਾਲ ਹੈ। ਉਸ ਨੇ ਹੁਕਮ ਕੀਤਾ ਹੈ ਕਿ ਰਾਜ ਦੇ ਕੁਝ ਪ੍ਰਤੀਸ਼ਤ ਥਾਣਿਆਂ ਦੇ ਮੁੱਖੀ ਅਨੁਸੂਚਿਤ ਜਾਤਾਂ ਵਾਲੇ ਕਰਮਚਾਰੀ ਹੋਣਗੇ।

ਸਿੱਖ ਰਾਜਪੂਤਾਂ ਦੇ ਪਿੰਡਾਂ ਵਿੱਚ ਬਹੁਤ ਅਮੀਰ, ਵੱਡੇ ਅਫਸਰ, ਲੈਂਡ ਲਾਰਡ, ਠੇਕੇਦਾਰ, ਵਿਦੇਸ਼ਾਂ ਵਿੱਚ ਵੱਸਦੇ ਅਮੀਰ ਲੋਕ ਹਨ ਜਿਨ੍ਹਾਂ ਨੇ ਆਪਣੀ ਕਮਾਈ ਨਾਲ ਆਪਣੇ ਟੱਬਰ ਹੀ ਪਾਲੇ ਹਨ। ਆਪਣੀ ਦੌਲਤ ਆਪਣੀ ਐਸ਼ ਲਈ ਵਰਤੀ, ਉਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਤੁਹਾਨੂੰ ਕਿਤੇ ਨਹੀਂ ਮਿਲੇਗਾ। ਜਿਨ੍ਹਾਂ ਨੇ ਕੌਣ ਦੀ ਅਣਖ ਲਈ ਆਪਣੇ ਸਿਰ ਭੇਂਟ ਕੀਤੇ, ਤਸੀਹੇ ਝੱਲੇ, ਗਰੀਬੀ ਵਿੱਚ ਰਹਿ ਕੇ ਵੀ ਸਿਰ ਉੱਚਾ ਕਰ ਕੇ ਸਮਾਜ-ਸੁਧਾਰ ਲਈ ਕੰਮ ਕਰਦੇ ਰਹੇ ਅਜਿਹੇ ਕੌਮ ਦੇ ਰਤਨਾਂ ਦੀ ਕਦਰ ਕਰਨੀ ਸਾਡਾ ਸਭ ਦਾ ਫਰਜ਼ ਹੈ, ਉਨ੍ਹਾਂ ਬਾਰੇ ਲਿਖਣੋ ਮੇਰੀ ਕਲਮ ਨਹੀਂ ਝਿਜਕੇਗੀ।

*ਰਗੋਂ ਮੈਂ ਦੌੜਨੇ ਫਿਰਨੇ ਕੇ ਹਮ ਨਹੀਂ ਹੈਂ ਕਾਇਲ,*
*ਜਬ ਆਂਖ ਸੇ ਹੀ ਨਾ ਟਪਕਾ ਤੋ ਫਿਰ ਲਹੂ ਕਿਆ ਹੈ (ਮਿਰਜ਼ਾ ਗਾਲਿਬ)*

ਰਗਾਂ ਵਿੱਚ ਸਭ ਦੇ ਰਾਜਪੂਤੀ ਖ਼ੂਨ ਦੌੜ ਰਿਹਾ ਹੈ। ਜੇ ਇੱਕ ਭਰਾ ਮੁਸੀਬਤ ਵਿੱਚ ਹੋਵੇ ਤੇ ਦੂਜੇ ਦੀਆਂ ਅੱਖਾਂ ਵਿੱਚ ਖ਼ੂਨ ਦੇ ਹੰਝੂ ਹੋਣ ਉਹੋ ਜਿਹੇ ਖ਼ੂਨ ਦੀ ਸਾਨੂੰ ਤਲਾਸ਼ ਹੈ। ਜੋ ਭਰਾ ਦੂਜੇ ਦੇ ਪਸੀਨੇ 'ਤੇ ਆਪਣਾ ਖ਼ੂਨ ਡੋਲ੍ਹਣ ਨੂੰ ਤਿਆਰ ਹੋਣ। ਜੋ ਕੌਮ ਨੂੰ ਖ਼ੂਨ ਦੇਣ ਨੂੰ ਆਪਣੇ ਚੰਗੇ ਭਾਗ ਸਮਝਣ, ਉਨ੍ਹਾਂ ਦੇ ਸਦਕੇ ਹੀ ਕੌਮ ਵਿੱਚ ਅਣਖ ਦਾ ਤੱਤ ਕਾਇਮ ਰਹੇਗਾ ਤੇ:-

*ਜੋ ਨਾ ਫੱਲ ਦਿੰਦੇ ਨਾ ਛਾਂ ਦਿੰਦੇ,*
*ਸਗੋਂ ਝੱਖੜਾਂ ਅੱਗੇ ਹੀ ਝੁੱਕ ਜਾਂਦੇ ਨੇ।*

*ਉਨ੍ਹਾਂ ਰੁੱਖਾਂ ਦਾ ਨਾਂਅ ਹੀ ਕੀ ਲੈਣਾ,*
*ਜਿਹੜੇ ਮੌਸਮ ਦੇ ਡਰ ਨਾਲ ਹੀ ਸੁੱਕ ਜਾਂਦੇ ਨੇ।*

ਉਨ੍ਹਾਂ ਦਾ ਜ਼ਿਕਰ ਕਰ ਕੇ ਪਾਠਕਾਂ ਦਾ ਸਮਾਂ ਬਰਬਾਦ ਕਰਨ ਵਾਲੀ ਗੱਲ ਹੋਵੇਗੀ।

ਜਦੋਂ ਮੈਂ ਆਪਣੇ ਪਿੰਡਾਂ ਦੇ ਨੌਜਵਾਨਾਂ ਦਾ ਕੇਸ ਕਟਾਉਣ ਦਾ ਵੱਧਦਾ ਰੁਝਾਨ ਦੇਖਦਾ ਹਾਂ, ਦਿਲ ਦੁਖੀ ਹੁੰਦਾ ਹੈ। ਜਦੋਂ ਉਨ੍ਹਾਂ ਦੇ ਕੰਨਾਂ ਵਿੱਚ ਪਾਈਆਂ ਮੁੰਦਰਾਂ ਦੇਖਦਾ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਜਦੋਂ ਲੜਕੀਆਂ ਦੇ ਭਰਵੱਟੇ ਮੁੰਨੇ ਹੋਏ, ਕੇਸ ਕੱਟੇ ਹੋਏ ਦੇਖਦਾ ਹਾਂ ਤਾਂ ਮੇਰਾ ਦਿਲ ਕਰਦਾ ਹੈ ਕਿ ਮੈਂ ਹੀ ਇਨ੍ਹਾਂ ਤੋਂ ਘੁੰਡ ਕੱਢ ਲਵਾਂ। ਇਹ ਕਿਤਾਬ ਲਿਖਕੇ ਸਿੱਖੀ ਤੋਂ ਦੂਰ ਹੋਏ ਨੌਜਵਾਨ ਮੁੰਡੇ-ਕੁੜੀਆਂ ਨੂੰ ਮੈਂ ਇੱਕ ਵੰਗਾਰ ਦਿੰਦਾ ਹਾਂ ਕਿ ਵਾਪਸ ਮੁੜ ਆਵੋ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸ੍ਰੀ ਕਹਾਉਣ ਨਾਲੋਂ ਸਰਦਾਰ ਕਹਾਉਣ ਵਿੱਚ ਮਾਣ ਸਮਝੋ। ਗਿਆਨੀ ਦਿੱਤ ਸਿੰਘ ਜੀ ਦੀ ਸੌ ਸਾਲ ਪਹਿਲਾਂ ਲਿਖੀ ਨਸੀਹਤ ਨੂੰ ਯਾਦ ਰੱਖੋ:-

*ਆਪਣੇ ਵੱਡਿਆਂ ਦੇ ਜੋ ਸਾਕੇ, ਯਾਦ ਕਰੀਂ ਮਨ ਮਾਂਹੀ*
*ਉਹੋ ਤੇਜ ਸੰਭਾਲੀਂ ਆਪਣਾ, ਰੰਚ ਭੁਲਾਈ ਨਾਹੀਂ*
*ਦਸਮ ਗੁਰੂ ਦੇ ਅੰਮ੍ਰਿਤ ਦੀ, ਜੋ ਸ਼ਕਤੀ ਹੈ ਵਡਭਾਗੀ*
*ਸੋ ਇਸ ਜੱਗ ਵਿੱਚ ਸਰਬਕਾਲ-ਮਹਿ ਰੱਛਕ ਅਹੇ ਤੁਮਾਰੀ*

ਇਸ ਪੁਸਤਕ ਦੀ ਰਚਨਾ ਦੌਰਾਨ ਲੇਖਕ ਨੂੰ ਕਈ-ਕਈ ਵਾਰ ਸਿੱਖ ਰਾਜਪੂਤਾਂ ਦੇ ਪਿੰਡਾਂ ਵਿੱਚ ਇਤਿਹਾਸਕ ਮਸਾਲਾ ਇਕੱਠਾ ਕਰਨ ਲਈ ਜਾਣਾ ਪੈਂਦਾ ਰਿਹਾ। ਸਰਦਾਰ ਛੁੱਮਣ ਸਿੰਘ ਮਿਨਹਾਸ ਡਰੋਲੀ ਕਲਾਂ ਵਾਲਿਆਂ ਨੇ ਹਰ ਤਰ੍ਹਾਂ ਹੌਂਸਲਾ ਅਫਜਾਈ ਕੀਤੀ। ਸੰਤ ਹਰੀ ਸਿੰਘ ਜੀ ਅਜਨੋਹਾ ਨੇ ਲੇਖਕ ਦੀ ਮਿਹਨਤ ਦੇਖ ਕੇ ਲੇਖਕ ਦੀ ਝੋਲੀ ਵਿੱਚ ਬੇਅੰਤ ਮਾਇਆ ਪਾਉਣੀ ਚਾਹੀ ਪਰ ਲੇਖਕ ਨੇ ਕੇਵਲ ਇੱਕ ਦਸ ਰੁਪਏ ਦਾ ਨੋਟ ਲੈ ਕੇ ਆਪਣੇ ਬਟੂਏ ਵਿੱਚ ਉਸ ਖਾਨੇ ਵਿੱਚ ਰੱਖ ਲਿਆ ਜਿਸ ਵਿੱਚ ਵੀਹ ਕੁ ਸਾਲ ਪਹਿਲਾਂ ਦਾ ਸੰਤ ਰਣਜੀਤ ਸਿੰਘ ਜੀ ਬ੍ਰਹਮ-ਗਿਆਨੀ ਭੋਗਪੁਰ ਵਾਲਿਆਂ ਵੱਲੋਂ ਬਖ਼ਸ਼ਿਸ਼ ਕੀਤਾ ਇੱਕ ਪੰਜ ਰੁਪਏ ਦਾ ਨੋਟ ਇਸ ਦੀ ਉਡੀਕ ਕਰ ਰਿਹਾ ਸੀ। ਸੰਤ ਅਮਰੀਕ ਸਿੰਘ ਜੀ ਪਧਿਆਣੇ ਵਾਲਿਆਂ ਨੇ ਵੀ ਆਪਣੀ ਨੇਕ ਸਲਾਹ ਤੇ ਵੱਡਮੁਲੀ ਜਾਣਕਾਰੀ ਦੇ ਕੇ ਮੇਰੀ ਬਹੁਤ ਹੌਂਸਲਾ ਅਫਜਾਈ ਕੀਤੀ ਹੈ। ਮੈਂ ਆਪਣੀ ਪਤਨੀ ਮਹਿੰਦਰ ਕੌਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਅਥਾਹ ਮਿਹਨਤ, ਉਤਸ਼ਾਹ ਅਤੇ ਪ੍ਰੇਰਨਾ ਨੇ ਮੇਰਾ ਹੌਸਲਾ ਬੁਲੰਦ ਰੱਖਿਆ।

*ਹਰ ਗਮ ਪੇ ਦੂਰ ਹੂਈ ਜਾਤੀ ਹੈ ਮੇਰੀ ਮੰਜ਼ਿਲ,*
*ਮੈਂ ਭੀ ਸਫਰ ਮੈਂ ਹੂੰ ਮੇਰੀ ਮੰਜ਼ਿਲ ਭੀ ਸਫਰ ਮੇਂ ਹੈ।*

ਜਿਉਂ-ਜਿਉਂ ਮੈਂ ਲਿਖਣਾ ਸ਼ੁਰੂ ਕੀਤਾ ਹੋਰ ਤੋਂ ਹੋਰ ਮਸਾਲਾ ਮਿਲਦਾ ਗਿਆ।

ਆਖਰ ਪੁਸਤਕ ਛਪਾਉਣਾ ਜ਼ਰੂਰੀ ਸਮਝ ਕੇ ਆਪਣੇ ਭਰਾਵਾਂ ਨੂੰ ਮੁਫਤ ਵੰਡਣ ਦਾ ਫੈਸਲਾ ਕੀਤਾ।

ਅੱਗੇ ਤੋਂ ਸੁਝਾਵਾਂ ਅਤੇ ਸੋਧਾਂ ਲਈ ਹਰ ਕੋਈ ਮੈਨੂੰ ਮੇਰੇ ਪਿੰਡ ਦੇ ਪਤੇ 'ਤੇ ਜਾਂ ਅਮਰੀਕਾ ਦੇ ਪਤੇ 'ਤੇ ਸੰਪਰਕ ਕਰ ਸਕਦਾ ਹੈ।

ਮਿਤੀ ਜਨਵਰੀ 2002

**ਵਾਸਦੇਵ ਸਿੰਘ ਪਰਹਾਰ**
ਪਿੰਡ ਲੁਟੇਰਾ ਖੁਰਦ,
(ਬਾਬਾ ਬੰਦਾ ਸਿੰਘ ਬਹਾਦਰ ਸਿੰਘ ਨਗਰ)
ਡਾਕਖਾਨਾ ਕਾਲਰਾ, ਜ਼ਿਲ੍ਹਾ ਜਲੰਧਰ।
ਫੋਨ ਨੰ. 0181-2714019
ਮੋਬਾਈਲ : 94174-34352

Address in U.S.A
Wasdev Singh Parhar

# ਪੁਸਤਕ ਦੇ ਕਰਤਾ ਤੇ ਪੁਸਤਕ ਬਾਰੇ

ਸ. ਵਾਸਦੇਵ ਸਿੰਘ ਪਰਹਾਰ ਰਿਟਾਇਰਡ ਏ.ਆਰ.ਕੋਆਪ. ਸੋਸਾਇਟੀਜ਼ ਦੀ ਲਿਖੀ ਇਹ ਖੋਜ ਪੁਸਤਕ "ਰਾਜਪੂਤ ਜੋ ਸਿੱਖ ਬਣੇ" ਮੈਂ ਪੂਰੇ ਧਿਆਨ ਨਾਲ ਪੜ੍ਹੀ ਹੈ। ਇਹ ਗੱਲ ਬੜੀ ਵਜ਼ਨ ਵਾਲੀ ਤੇ ਉੱਚ ਪੱਧਰ ਵਾਲੀ ਹੈ ਕਿ ਦੁਆਬਾ ਬਿਸਤ ਜਲੰਧਰ ਅਤੇ ਪੰਜਾਬ ਦੇ ਹੋਰ ਇਲਾਕਿਆਂ ਵਿੱਚ ਜੋ ਰਾਜਪੂਤ ਸਿੱਖ ਹਨ, ਉਨ੍ਹਾਂ ਬਾਰੇ ਅੱਜ ਤੱਕ ਲਿਖਣ ਬਾਰੇ ਖੋਜ-ਭਰਪੂਰ ਉਪਰਾਲਾ ਕਿਸੇ ਨੇ ਨਹੀਂ ਕੀਤਾ। ਸ. ਵਾਸਦੇਵ ਸਿੰਘ ਪਰਹਾਰ ਦੀ ਮਿਹਨਤ ਅਤੇ ਲਗਨ ਦੇਖ ਕੇ ਮੈਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੇਧ ਅਤੇ ਆਪਣੀ ਨਿੱਜੀ ਲਾਇਬ੍ਰੇਰੀ ਦੀਆਂ ਸਭ ਕਿਤਾਬਾਂ, ਜਿਨ੍ਹਾਂ ਵਿੱਚੋਂ ਰਾਜਪੂਤਾਂ ਬਾਰੇ ਕਾਫੀ ਸਮੱਗਰੀ ਮਿਲ ਸਕਦੀ ਸੀ, ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ, ਤਾਂ ਕਿ ਉਹ ਆਪਣੀ ਲਗਨ ਅਨੁਸਾਰ ਇਸ ਖੋਜ ਪੁਸਤਕ ਨੂੰ ਮੁਸੱਦਕਾ ਬਣਾ ਸਕਣ। ਮੈਂ ਖੁਸ਼ ਹਾਂ ਕਿ ਸ. ਵਾਸਦੇਵ ਸਿੰਘ ਪਰਹਾਰ ਨੇ ਦਿਨ-ਰਾਤ ਇੱਕ ਕਰ ਕੇ ਖੋਜ-ਸਮੱਗਰੀ ਨੂੰ ਖੂਬ ਫਰੋਲਿਆ ਹੈ।

ਕਰਤਾ ਨੇ ਆਪ ਹੀ ਲਿਖ ਦਿੱਤਾ ਹੈ ਕਿ ਉਹ ਸਭ ਜਾਤਾਂ ਨੂੰ ਬਰਾਬਰ ਸਮਝਦੇ ਹਨ, ਜੋ ਅੱਜ ਦੇ ਸਮੇਂ ਦੀ ਪੁਕਾਰ ਹੈ। ਉਨ੍ਹਾਂ ਨੇ ਦੁਆਬਾ ਬਿਸਤ ਜਲੰਧਰ ਦੇ ਪਿੰਡਾਂ ਦੇ ਸਾਰੇ ਸਿੱਖ ਰਾਜਪੂਤਾਂ ਦੇ ਪਿੰਡਾਂ ਤੇ ਗੋਤਾਂ ਬਾਰੇ ਤਫਸੀਲ ਨਾਲ ਬਿਆਨਿਆ ਹੈ ਤੇ ਖੇਤੀਬਾੜੀ, ਵਿਆਹ-ਸ਼ਾਦੀਆਂ, ਕੁੜਮਾਈ-ਮੁਕਲਾਵਾ, ਮੇਲੇ-ਛਿੰਜਾਂ, ਮੁੰਡਿਆਂ ਤੇ ਕੁੜੀਆਂ ਦੀ ਪੜ੍ਹਾਈ ਬਾਰੇ ਪੂਰੇ ਵਿਸਥਾਰ ਅਤੇ ਤੁਲਨਾਤਮਿਕ ਬੁੱਧੀ ਨਾਲ ਲਿਖਿਆ ਹੈ। ਪੁਰਾਣੇ ਸਮਿਆਂ ਵਿੱਚ ਵਿਦਿਆਰਥੀਆਂ ਨੂੰ ਜੋ ਔਕੜਾਂ ਆਉਂਦੀਆਂ ਸਨ, ਦੀ ਸਹੀ ਤਸਵੀਰ ਪੇਸ਼ ਕੀਤੀ ਹੈ। ਕਿਸਾਨਾਂ ਦੇ ਮਸਲਿਆਂ ਬਾਰੇ ਉਨ੍ਹਾਂ ਨੇ ਐਨਾ ਵਧੀਆ ਲਿਖਿਆ ਹੈ ਜੋ ਗਿਆਨ ਭਰਪੂਰ ਹੈ। ਪੁਰਾਣੇ ਸਮੇਂ ਦੇ ਦੇਸੀ ਇਲਾਜ, ਜਿਸ ਤਰ੍ਹਾਂ ਹਕੀਮਾਂ ਤੇ ਵੈਦਾਂ ਰਾਹੀਂ ਕੀਤਾ ਜਾਂਦਾ ਸੀ, ਅੱਜ ਦੀ ਪਨੀਰੀ ਲਈ ਬੜੇ ਹੀ ਅਚੰਭੇ ਵਾਲੀ ਗੱਲ ਹੋਵੇਗੀ।

ਰਾਜਪੂਤਾਂ ਦੇ ਗੋਤਾਂ ਬਾਰੇ ਉਨ੍ਹਾਂ ਨੂੰ ਜੋ-ਜੋ ਵੀ ਜਾਣਕਾਰੀ ਮਿਲੀ, ਉਨ੍ਹਾਂ ਨੇ ਬੜੀ ਮਿਹਨਤ ਨਾਲ ਇਕੱਠੀ ਕਰਕੇ ਲਿਖੀ ਹੈ। ਇਹ ਉਨ੍ਹਾਂ ਦੀ ਮਿਹਨਤ ਦਾ ਹੀ ਸਿੱਟਾ ਹੈ ਕਿ ਗਿਆਨੀ ਗਿਆਨ ਸਿੰਘ, ਪੰਥ ਦੇ ਪ੍ਰਸਿੱਧ ਇਤਿਹਾਸਕਾਰ ਵੱਲੋਂ ਆਪਣੇ ਵੰਸ਼ ਦਾ ਪਿਛੋਕੜ ਪ੍ਰਿਥਵੀ ਰਾਜ ਚੌਹਾਨ ਦੇ ਭਰਾ ਰਾਏ ਬੀਰ ਨਾਲ ਜੋੜਨ ਨਾਲ, ਸਾਨੂੰ ਪਤਾ ਲੱਗ ਸਕਿਆ ਕਿ ਭਾਈ ਦਿਆਲਾ ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸਾਹਮਣੇ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ, ਕਿ ਸ਼ਾਇਦ ਗੁਰੂ ਤੇਗ ਬਹਾਦਰ ਸਾਹਿਬ ਜੀ ਡਰ ਕੇ ਇਸਲਾਮ ਕਬੂਲ ਕਰ ਲੈਣ। ਇਸ ਪੁਸਤਕ ਵਿੱਚ ਇਹ ਤੱਥ ਬਾਰੇ ਕਰਤਾ ਦਾ ਪਹਿਲਾ ਇੰਕਸ਼ਾਫ

ਹੈ।

ਸ. ਵਾਸਦੇਵ ਸਿੰਘ ਪਰਹਾਰ ਨੇ ਇਹ ਤੱਥ 'ਤੋਜ਼ਕੇ ਬਾਬਰੀ' ਪੜ੍ਹ ਕੇ ਲੱਭਿਆ ਹੈ ਕਿ ਬੀਰਮ ਦੇਵ ਮਿਨਹਾਸ ਨਾਮੀ ਇੱਕ ਵੱਡਾ ਸਰਦਾਰ ਬਾਬਰ ਦੀ ਫੌਜ ਵਿੱਚ ਕਿਲ੍ਹਾ ਮਲੌਤ ਜਿਸ ਦੇ ਖੰਡਰਾਤ ਬਾਕੀ ਹਨ ਅਤੇ ਹਰਿਆਣਾ (ਹੁਸ਼ਿਆਰਪੁਰ-ਦਸੂਹਾ ਸੜਕ) ਤੋਂ ਚਾਰ ਮੀਲ ਚੜ੍ਹਦੇ ਵੱਲ ਹੈ, ਜਿੱਥੇ ਬਾਬਰ ਬਾਦਸ਼ਾਹ ਨੇ ਪਾਣੀਪੱਤ ਦੀ ਪਹਿਲੀ ਲੜਾਈ ਤੋਂ ਪਹਿਲਾਂ, ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਨੂੰ ਹਾਰ ਦਿੱਤੀ ਸੀ, ਦੇ ਘੇਰੇ ਸਮੇਂ ਹੈ ਸੀ। ਬਾਬਰ ਸਿਆਲਕੋਟ ਵੱਲੋਂ ਮਲੌਤ ਵੱਲ ਨੂੰ ਆਇਆ। ਸਿਆਲਕੋਟ ਲਾਗੇ ਮਿਨਹਾਸ ਰਾਜਪੂਤਾਂ ਦੇ ਕਈ ਪਿੰਡ ਹਨ ਤੇ ਇਹ ਮੰਨਣਯੋਗ ਹੈ ਕਿ ਬੀਰਮ ਦੇਵ ਨੇ ਬਾਬਰ ਦੀ ਨੌਕਰੀ ਕਬੂਲ ਕੀਤੀ ਹੋਵੇ। ਉਸ ਸਮੇਂ ਰਾਜਪੂਤ ਰਾਜਕੁਮਾਰ ਖੇਤੀ ਕਰਨ ਦੀ ਬਜਾਏ ਫੌਜੀ ਨੌਕਰੀ ਕਰਨਾ ਉਚਿੱਤ ਸਮਝਦੇ ਹਨ। ਅੱਜਕੱਲ ਵੀ ਲੋਕ ਦੂਜੀਆਂ ਕੌਮਾਂ ਅਧੀਨ ਨੌਕਰੀਆਂ ਕਰ ਹੀ ਰਹੇ ਹਨ। ਬੀਰਮ ਦੇਵ ਮਿਨਹਾਸ ਕੋਈ ਖਾਸ ਵੱਡਾ ਅਹੁਦੇਦਾਰ ਹੋਣਾ ਹੈ, ਨਹੀਂ ਤਾਂ ਬਾਬਰ ਨੂੰ ਆਮ ਜਿਹੇ ਸਿਪਾਹੀਆਂ ਦੇ ਨਾਮ ਕਿਵੇਂ ਯਾਦ ਰਹਿ ਸਕਦਾ ਸੀ।

**ਕਿਲਾ ਮਲੌਤ ਦੀ ਜਿੱਤ-1525 ਈ.**

ਕਿਲ੍ਹਾ ਮਲੌਂਤ, ਜ਼ਿਲ੍ਹਾ ਹੁਸ਼ਿਆਰਪੁਰ, ਠਾਣਾ ਹਰਿਆਣਾ ਤੋਂ ਚੜ੍ਹਦੀ ਵਲ ਸਾਢੇ ਚਾਰ ਮੀਲਾਂ ਦੀ ਵਿੱਥ 'ਤੇ ਸਥਿਤ ਹੈ। ਲਹਿੰਦੇ ਵੱਲ, ਬੜਾ ਵੱਡਾ ਚੋਅ ਵਗਦਾ ਹੈ ਤੇ ਕਿਲ੍ਹੇ ਦੇ ਜੋ ਖੰਡਰਾਤ ਅੱਜ ਵੇਖਣ ਵਿੱਚ ਆਉਂਦੇ ਹਨ ਤੋਂ ਜ਼ਾਹਿਰ ਹੈ ਕਿ ਇਹ ਉਸ ਸਮੇਂ ਦੀ ਜੰਗੀ ਵਿਊਂਤ ਨਾਲ ਬਣਾਇਆ ਗਿਆ ਸੀ, ਜਿਸ ਦੇ ਸਾਰੇ ਦੇ ਸਾਰੇ ਆਸਾਰ, ਉਸ ਸਮੇਂ ਦੀ ਜੀਊਂਦੀ-ਜਾਗਦੀ ਤਸਵੀਰ ਅੱਜ ਹੂ-ਬਹੂ ਨਜ਼ਰ ਆਉਂਦੀ ਹੈ। ਸ਼ਿਵਾਲਕ ਪਹਾੜੀ ਦੇ ਪੈਰਾਂ ਤੋਂ ਆਰੰਭ ਹੋ ਕੇ ਉਤਾਂਹ ਵੱਲ ਜਾਂਦਾ ਹੈ। ਕਿਲ੍ਹੇ ਦੇ ਖੰਡਰਾਤ ਨਾਲ, ਆਸੇ-ਪਾਸੇ ਘੁੱਗ ਵਸੋਂ ਹੈ ਤੇ ਦੰਦ ਕਥਾ, ਉੱਥੇ ਗਾਈਆਂ-ਮੱਝਾਂ, ਭੇਡਾਂ ਬੱਕਰੀਆਂ ਚਰਨ ਵਾਲੇ ਗਡਰੀਏ ਤੇ ਹੋਰ ਲੋਕੀਂ ਬਾਬਰ ਦੀਆਂ ਫੌਜਾਂ ਨਾਲ ਦੌਲਤ ਖਾਂ ਲੋਧੀ ਦੀਆਂ ਫੌਜਾਂ ਵਿੱਚ ਘਮਸਾਣ ਦੀ ਵਾਰਦਾਤ ਬਾਰੇ ਇੰਜ ਦੱਸੀ ਜਾਂਦੇ ਹਨ, ਜਿਵੇਂ ਅੱਜ ਹੀ ਕਿਸੇ ਰਾਸ-ਧਾਰੀਆਂ ਦੀ ਰਾਸ ਵੇਖ ਕੇ ਆਏ ਹੋਣ। ਸ੍ਰ. ਵਾਸਦੇਵ ਸਿੰਘ ਪਰਹਾਰ ਜੀ ਨਾਲ ਇਸ ਕਿਲ੍ਹੇ ਦੀ ਸਰਾਸਰੀ ਗੱਲ ਚੱਲ ਪਈ ਤਾਂ ਪਰਹਾਰ ਸਾਹਿਬ ਕਿਲ੍ਹੇ ਦੇ ਖੰਡਰਾਤ ਵੇਖਣ ਲਈ ਬਹੁਤ ਹੀ ਉਤਾਵਲੇ ਹੋ ਗਏ। ਮੈਂ ਸਵੇਰੇ ਸਵੇਰੇ ਕੁਝ ਖਾਧਾ-ਪੀਤਾ ਵੀ ਨਹੀਂ ਸੀ ਪਰ ਉਹ ਆਪਣੀ ਕਾਰ ਲਿਆਏ ਤੇ ਅਸੀਂ ਉਸੇ ਵੇਲੇ ਚੱਲ ਪਏ। ਹੁਸ਼ਿਆਰਪੁਰ ਪੁਜ ਕੇ ਉਨੀਂ ਪੂੜੀਆਂ ਛੋਲਿਆਂ ਦਾ ਨਾਸ਼ਤਾ ਕਰਵਾਇਆ। ਹਰਿਆਣੇ ਤੋਂ ਅੱਜਕੱਲ ਕਿਲ੍ਹੇ ਦੇ ਪੈਰਾਂ ਤੱਕ ਬੜੀ ਚੰਗੀ ਸੜਕ ਬਣੀ ਹੋਈ ਹੈ। ਕਿਲੇ ਦੇ ਖੰਡਰਾਤ ਦੀ ਗਲੀ-ਕੂਚੇ ਘੁੰਮਦੇ-ਘੁਮਾਉਂਦੇ ਬਾਬਰ ਦੇ ਹਮਲੇ ਦੀ ਤਰਕੀਬ ਉਸ ਦੇ ਹਰਾਵਲ (ਅੱਗੇ ਵਾਲੇ ਦਸਤੇ) ਤੇ ਕੁਮਕ (ਫ਼ੌਜਾਂ ਦੇ ਪਿੱਛੇ ਸਮੇਂ ਸਿਰ ਹੱਲਾ ਬੋਲਣ

ਵਾਲੀ ਫ਼ੌਜ) ਦਾ ਆਪਣੀ ਅਕਲ ਅਨੁਸਾਰ ਅੰਦਾਜ਼ੇ ਲਾਏ। ਇੰਜ ਲੱਗਦਾ ਸੀ ਜਿਵੇਂ ਘੁਮਸਾਨ ਦੀ ਹੋ ਰਹੀ ਜੰਗ ਨੂੰ ਅਸੀਂ ਦੋਨੋਂ ਹੀ ਦੂਰਬੀਨਾਂ ਲਾਈ ਲਾਈ ਵੇਖ ਰਹੇ ਹੋਈਏ।

**ਕਿਲਾ ਮਲੌਂਤ ਦੀ ਜਿੱਤ ਦੀ ਮਹੱਤਤਾ :-**

ਇਥੇ ਲੜੀ ਗਈ ਲੜਾਈ 'ਤੇ ਇੱਕ ਪੂਰੀ ਮਸੌਦਕਾ ਪੁਸਤਕ ਲਿਖੀ ਜਾ ਸਕਦੀ ਹੈ ਕਿਉਂਕਿ ਬਾਬਰ ਬਾਦਸ਼ਾਹ ਨੇ ਆਪਣੀ ਸਵੈ-ਉਮਰੀ (ਤੁਜ਼ਕੇ-ਬਾਬਰੀ) ਵਿੱਚ ਬੜੀ ਤਫ਼ਸੀਲ ਨਾਲ ਇੱਕ-ਇੱਕ ਘਟਨਾ ਨੂੰ ਬਿਆਨ ਕੀਤਾ ਹੈ। ਇਹ ਵਾਕਿਆ ਮੇਰੀ ਬੀ: ਐੱਡ ਦਾ ਪਹਿਲਾ ਚੈਪਟਰ ਸੀ ਤੇ ਮੈਨੂੰ ਵਿਸਥਾਰ ਤੇ ਤੁਲਨਾਤਮੁਕ ਆਧਾਰ 'ਤੇ ਲਿਖਣਾ ਪੈਣਾ ਸੀ ਜੋ ਮੈਂ ਤੁਜ਼ਕੇ-ਬਾਬਰੀ, ਤਾਰੀਖ਼-ਫਰਿਸ਼ਤਾ, ਹਿਮਾਯੂਨਾਮਾ, ਤਾਰੀਖ਼ੇ ਅਫ਼ਗਾਨੀ ਤੇ ਅਕਬਰ ਨਾਮੇ, ਫ਼ਾਰਸੀ ਮਤਨਾਂ (Tesets) ਦੇ ਅਧਾਰ 'ਤੇ ਲਿਖਿਆ, ਜਿਸ ਨਾਲ ਮੌਲਿਕਤਾ ਆਉਣੀ ਲਾਜ਼ਮੀ ਸੀ।

1523-1525 ਈ. ਦੇ ਦੋਨੋਂ ਸਾਲਭਾਰਤ ਤੇ ਖਾਸ ਕਰ ਕੇ ਉੱਤਰੀ ਭਾਰਤ ਲਈ ਯੁਗ-ਪਲਟਾਊ ਸਾਲ ਸਨ। ਬਾਬਰ ਬਾਦਸ਼ਾਹ ਬਲਖ਼-ਬਖ਼ਾਰਿਆਂ, ਈਰਾਨ, ਅਫ਼ਗਾਨਿਸਤਾਨ ਨੂੰ ਵੱਟੋ-ਵੱਟ ਪਾ ਚੁੱਕਾ ਸੀ। ਉਸ ਦੇ ਨੇੜੇ-ਤੇੜੇ ਕੋਈ ਸੂਰਮਾ ਨਹੀਂ ਸੀ ਜੋ ਉਸ ਦੀ ਦਿਨ ਦੂਣੀ ਤੇ ਰਾਤ ਚੌਗਣੀ ਵੱਧ ਰਹੀ ਸ਼ਕਤੀ ਨੂੰ ਨੱਥ ਪਾਉਂਦਾ। ਉਸ ਦੀ ਚੜ੍ਹਦੀ ਜਵਾਨੀ ਵਿੱਚ ਫਰਕਦੇ ਡੌਲੇ, ਭਾਰਤ-ਭੋਡੀ ਗਊ ਨੂੰ ਇੱਕੋ ਸਾਹ ਚਟ ਕਰ ਜਾਣਾ ਚਾਹੁੰਦਾ ਸੀ। ਦਿੱਲੀ ਦੇ ਰਾਜ 'ਤੇ ਉਸ ਸਮੇਂ ਇਬਰਾਹੀਮ ਲੋਧੀ ਸੀ, ਜਿਸ ਨੂੰ ਬਾਬਰ ਵੱਲ ਧਿਆਨ ਦੇਣ ਦੀ ਥਾਂ, ਆਲਮ ਖਾਂ ਲੋਧੀ ਤੇ ਦੌਲਤ ਖਾਂ ਲੋਧੀ, ਆਪਣੀ ਆਪਣੀ ਥਾਂ, ਦਿੱਲੀ ਦੇ ਤਖ਼ਤ 'ਤੇ ਬੈਠਣਾ ਚਾਹੁੰਦੇ ਸਨ, ਵੱਲ ਵੀ ਧਿਆਨ ਦੇਣਾ ਪੈ ਰਿਹਾ ਸੀ। ਦੌਲਤ ਖਾਂ ਲੋਧੀ ਪੰਜਾਬ ਦਾ ਗਵਰਨਰ ਸੀ। ਲਾਹੌਰ ਦਾ ਗਵਰਨਰ, ਦੌਲਤ ਖਾਂ ਲੋਧੀ ਆਪਣਾ ਖ਼ਾਸ ਤੇ ਬੜਾ ਤਜਰਬੇਕਾਰ ਗਵਰਨਰ ਸੀ ਤੇ ਉਸ ਨੇ ਆਪਣਾ ਦਾਰੁਖ਼ਲਾਫ਼ਾ (Capital) ਸੁਲਤਾਨਪੁਰ ਲੋਧੀ ਰੱਖਿਆ ਹੋਇਆ ਸੀ। ਦਿੱਲੀ ਦੇ ਸੁਲਤਾਨ ਕਿਲ੍ਹਾ ਮਲੌਂਤ (ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਸਦਾ ਹੀ ਰਿਜ਼ਰਵ ਭੰਡਾਰ ਬਣਾ ਰੱਖਦੇ ਸਨ, ਪਰ ਦੌਲਤ ਖਾਂ ਲੋਧੀ ਨੇ ਤਿਕੋਨੀ ਟੱਕਰ ਜਿਵੇਂ ਇਬਰਾਹੀਮ ਲੋਧੀ, ਆਲਮ ਖਾਂ ਲੋਧੀ ਅਤੇ ਬਾਬਰ ਦੀਆਂ ਫ਼ੌਜਾਂ ਦੀ ਟੱਕਰ ਲਈ ਇਸ ਕਿਲ੍ਹੇ ਨੂੰ ਖ਼ੁਫ਼ੀਆ ਤੌਰ 'ਤੇ ਜੰਗ ਦੀ ਇੱਕ ਬਹੁਤ ਸੁਰੱਖਿਅਤ ਛਾਉਣੀ ਬਣਾ ਰੱਖਿਆ ਸੀ। ਡਿਫੈਂਸ ਅਤੇ ਆਪ ਹਮਲਾ ਬੋਲਣ ਲਈ ਇਹ ਕਿਲ੍ਹਾ, ਉਸ ਸਮੇਂ ਦੀ ਜੰਗੀ ਸਾਇੰਸ ਮੁਤਾਬਕ ਬਹੁਤ ਵਧੀਆ ਸੀ ਕਿਉਂਕਿ ਪਿਛਲੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਕੰਧ ਸੀ। ਕਿਲ੍ਹਾ ਪਹਾੜੀ 'ਤੇ ਸੀ ਅਤੇ ਦੁਸ਼ਮਣ ਦੀਆਂ ਫ਼ੌਜਾਂ ਨੰਗੇ ਮੂੰਹ ਨਿਮਾਣ ਵਿੱਚ ਸਨ।

ਬਾਬਰ ਦੇ ਖ਼ੁਫ਼ੀਆ ਸਿਪਾਹੀ ਇਬਰਾਹੀਮ ਲੋਧੀ, ਆਲਮ ਖਾਂ ਲੋਧੀ ਅਤੇ ਦੌਲਤ ਖਾਂ ਲੋਧੀ ਦੀਆਂ ਉਨ੍ਹਾਂ ਤਿੰਨਾਂ ਵਿੱਚ ਰਜ ਕੇ ਫੁਟ ਅਤੇ ਦੌਲਤ ਖਾਂ ਲੋਧੀ ਦੀ ਅਸਲੀ ਚਾਲ ਕਿ ਬਾਬਰ ਨੂੰ ਇਬਰਾਹੀਮ ਲੋਧੀ ਅਤੇ ਆਲਮ ਖਾਂ ਲੋਧੀ ਨਾਲ ਟਕਰਾ ਤੇ ਇਸ

ਤਰ੍ਹਾਂ ਬਾਬਰ ਦੀਆਂ ਫ਼ੌਜਾਂ ਨੂੰ ਨਿਢਾਲ ਕਰ ਕੇ ਆਪ ਦਿੱਲੀ ਦਾ ਰਾਜ ਪ੍ਰਾਪਤ ਕਰ ਲਵੇ। ਦੌਲਤ ਖਾਂ ਲੋਧੀ ਨੂੰ ਬਾਬਰ ਬਾਦਸ਼ਾਹ ਨੂੰ ਬੜੀ ਬੇ-ਸਬਰੀ ਨਾਲ ਦਿੱਲੀ 'ਤੇ ਹੱਲਾ ਬੋਲਣ ਲਈ ਸੱਦੇ ਦਿੱਤੇ। ਬਾਬਰ ਬਾਦਸ਼ਾਹ ਨੇ ਕੱਚੀਆਂ ਗੋਲੀਆਂ ਦੇ ਖੇਡ ਨਹੀਂ ਸੀ ਖੇਡੀ ਉਹ ਕਿਆਮਤ ਕੀ ਖ਼ਬਰ ਰਖਤਾ ਸੀ' ਆਖ਼ਰ ਪੂਰੀਆਂ ਤਿਆਰੀਆਂ ਬਾਅਦ ਭੁੱਖਿਆਂ ਬਘਿਆੜਾਂ ਰੂਪੀ ਮੁਗ਼ਲ ਫ਼ੌਜਾਂ ਹਿੰਦੁਸਤਾਨ ਉੱਤੇ ਚੜ੍ਹ ਆਈਆਂ ਲਾਹੌਰ ਆਸਾਨੀ ਨਾਲ ਫ਼ਤਹਿ ਕਰਨ ਪਿੱਛੋਂ, ਬਾਬਰ ਸਿਆਲਕੋਟ ਵੱਲ ਦੀ, ਮੁਕੇਰੀਆਂ ਦੇ ਸਾਹਮਣੇ ਬਿਆਸ ਪਾਰ ਕਰ ਕੇ ਗੜ੍ਹਦੀਵਾਲਾ ਤੋਂ ਉੱਪਰ ਉੱਪਰ ਹਰਿਆਣੇ ਵੱਲ ਰੁਖ ਕੀਤਾ। ਗੜ੍ਹਦੀਵਾਲਾ ਪੁੱਜਣ ਤੋਂ ਢੇਰ ਸਮਾਂ ਪਹਿਲਾਂ ਬਾਬਰ ਦੇ 'ਅਡਵਾਂਸ ਦਸਤੇ ਗੁਰਦਵਾਰਾ ਰਾਮਪੁਰ ਖੇੜਾ ਨੇੜੇ ਪਿੰਡ ਗੋਂਦਪੁਰ ਕਾਲਕਟ, ਮਾਛੀਆਂ ਅਤੇ ਪਿੰਡ ਬਾਹਲੇ ਦੇ ਥੇਹ ਦੇ ਸੰਘਣੇ ਜੰਗਲ ਹੇਠ ਆ ਉਤਰੇ। ਢੋਲਵਾਹਾ, ਜਨੌੜੀ, ਹਰਿਆਣਾ ਦੇ ਰਾਜਪੂਤਾਂ ਨੇ ਬਾਬਰ ਨੂੰ ਜੀ ਆਇਆਂ ਆਖਿਆ ਸੀ।

ਦੌਲਤ ਖਾਂ ਲੋਧੀ ਨੇ ਮਲੌਤ ਕਿਲ੍ਹੇ ਨੂੰ ਹਰ ਪਾਸਿਓਂ ਤਿਆਰ-ਬਰ-ਤਿਆਰ ਕਰ ਲਿਆ। ਖ਼ਜ਼ਾਨਾ, ਇੱਕ ਵੱਡੀ ਪੁਸਤਕਾਲਾ ਤੇ ਹੋਰ ਮਾਲ-ਮੁੱਦਾ ਸਭ ਇਸੇ ਕਿਲ੍ਹੇ ਵਿੱਚ ਸੁਰੱਖਿਅਤ ਪਏ ਹੋਏ ਸਨ। ਬਾਬਰ ਦੀਆਂ ਫ਼ੌਜਾਂ ਡੂਮਣੇ ਦੀਆਂ ਮੱਖੀਆਂ ਵਾਂਗ ਤਿੰਨ ਪਾਸਿਆਂ ਤੋਂ ਆ ਚੁੰਬੜੀਆਂ। ਬਦਕਿਸਮਤੀ ਨਾਲ ਕੁਝ ਹੀ ਸਮਾਂ ਪਹਿਲਾਂ ਦੌਲਤ ਖਾਂ ਲੋਧੀ ਦਾ ਵੱਡਾ ਪੁੱਤਰ ਗ਼ਾਜ਼ੀ ਖਾਂ ਬਾਪ ਤੋਂ ਬਾਗ਼ੀ ਹੋ ਕੇ ਇਬਰਾਹੀਮ ਲੋਧੀ ਨਾਲ ਜਾ ਮਿਲਿਆ ਸੀ। ਬੜਾ ਚੀਕ-ਚਿਹਾੜਾ ਪਿਆ। ਦੌਲਤ ਖਾਂ ਕੈਦੀ ਬਣ ਗਿਆ। ਮੁਗ਼ਲ ਫ਼ੌਜਾਂ ਨੇ ਕਿਲ੍ਹੇ ਦੀ ਖ਼ੂਬ ਲੁੱਟ-ਖਸੁੱਟ ਕੀਤੀ। ਇਥੇ ਤੱਕ ਕਿ ਬਾਬਰ ਨੂੰ ਆਪ ਹਾਜ਼ਰ ਹੋ ਕੇ ਸਰਕਾਰੀ ਖ਼ਜ਼ਾਨਾ ਬਹੁਤ ਕੀਮਤੀ ਪੁਸਤਕਾਲਾ ਤੇ ਹੋਰ ਕੀਮਤੀ ਸਾਮਾਨ ਫ਼ੌਜਾਂ ਹੱਥੋਂ ਬਚਾਉਣਾ ਪਿਆ। ਕੀਮਤੀ ਪੁਸਤਕਾਲਾ ਭਾਰੀ ਸਰਕਾਰੀ ਖ਼ਜ਼ਾਨਾ ਮਿਰਜ਼ਾ ਕਾਮਰਾਨ ਬਾਬਰ ਦੇ ਸਭ ਤੋਂ ਛੋਟੇ ਪੁੱਤਰ ਨੂੰ ਦੇ ਕੇ, ਇੱਕ ਭਾਰੀ ਦਸਤੇ ਨਾਲ, ਲਾਹੌਰ ਨੂੰ ਭੇਜਿਆ ਜੋ ਉਸ ਸਮੇਂ ਹਰਿਆਣਾ-ਸੀਕਰੀ-ਟਾਂਡਾ-ਉੜਮੁੜ ਹੁੰਦੇ ਹੋਏ, ਦਰਿਆ ਬਿਆਸ ਨੂੰ ਭੇਟਾਂ ਦੇ ਪੱਤਣ ਥੀਂ ਲੰਘਗੇ ਲਾਹੌਰ ਪੁੱਜੇ ਸਨ। ਮਿਰਜ਼ਾ ਕਾਮਰਾਨ ਮੁਗ਼ਲ ਖ਼ਾਨਦਾਨ ਦਾ ਪਹਿਲਾ ਗਵਰਨਰ ਲਾਹੌਰ (ਪੰਜਾਬ) ਬਣਿਆ ਸੀ। ਉਧਰ ਹਿਮਾਯੂੰ ਨੂੰ ਫੌਜ ਦੇ ਗਾਜ਼ੀ ਖਾਂ ਲੋਧੀ ਦਾ ਪਿੱਛਾ ਕਰਨ ਲਈ ਭੇਜਿਆ। ਦੌਲਤ ਖਾਂ ਲੋਧੀ ਨੂੰ ਬਾਬਰ ਨੇ ਮੁਖ਼ਾਤਬ ਹੋ ਕੇ ਪੁੱਛਿਆ "ਓ ਗ਼ੱਦਾਰ! ਤੂੰ ਆਪ ਸੱਦੇ ਭੇਜ ਕੇ ਸੱਦਣ ਵਾਲਾ ਆਪ ਹੀ ਦੁਸ਼ਮਣ ਬਣ ਗਿਆ? ਬੋਲ! ਕੀ ਸਲੂਕ ਹੋਵੇ"? "ਜੋ ਹਾਰੇ ਹੋਏ ਲੋਕਾਂ ਨਾਲ ਜੇਤੂ ਬਾਦਸ਼ਾਹ ਕਰਦੇ ਹੁੰਦੇ ਹਨ।" ਦੌਲਤ ਖਾਂ ਲੋਧੀ ਦਾ ਜਵਾਬ ਸੀ।

ਬਾਬਰ ਬਾਦਸ਼ਾਹ ਨੇ ਰਹਿਮ ਕਰਦਿਆਂ ਉਸ ਦੇ ਗੱਲ ਦੋ ਤਲਵਾਰਾਂ ਪਾ ਕੇ ਹੁਕਮ ਦਿੱਤਾ ਕਿ ਸੁਲਤਾਨਪੁਰ ਚਲਾ ਜਾਹ, ਮੁੜ ਇਹ ਹਰਕਤ ਨਾ ਹੋਵੇ" ਅਤੇ ਸੁਲਤਾਨਪੁਰ ਸੂਬੇ ਦਾ ਉਸ ਨੂੰ ਗਵਰਨਰ ਥਾਪ ਦਿੱਤਾ।

ਇਸ ਕਿਲ੍ਹੇ ਦੀ ਜਿੱਤ ਭਾਰਤ ਇਤਿਹਾਸ ਵਿੱਚ ਬਹੁਤ ਜ਼ਿਆਦਾ ਮਹੱਤਤਾ ਰਖਦੀ ਹੈ। ਕੁਲ ਤਾਰੀਖਦਾਨਾਂ ਨੇ ਇਸ ਮਹੱਤਤਾ ਨੂੰ ਅਜੇ ਤੱਕ ਨਜ਼ਰੋਂ ਓਹਲੇ ਕੀਤੀ ਰੱਖਿਆ ਹੈ। ਅਸਲ/ਪਾਨੀਪਤ ਦੀ ਪਹਿਲੀ ਲੜਾਈ ਇਸ ਨੂੰ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਹਿੰਦੁਸਤਾਨ ਦੇ ਫਰੰਟੀਅਰ ਸੂਬੇ ਬਾਬਰ ਹੱਥ ਲੱਗੇ। ਇਥੇ ਦਾ ਬੜਾ ਜ਼ਬਰਦਸਤ, ਤਜਰਬੇਕਾਰ ਤੇ ਜਹਾਨਦੀਦਾ ਦੌਲਤ ਖਾਂ ਲੋਧੀ ਨਕਾਰਾ ਹੋ ਗਿਆ ਤੋਂ ਅੱਗੋਂ ਲਈ ਸਿਰਫ਼ ਦਿੱਲੀ ਹੀ ਟੱਕਰ ਲਈ ਰਹਿ ਗਈ ਸੀ। ਅਸਲੀ ਤੇ ਭਾਰੀ ਟੱਕਰ ਪੰਜਾਬ ਤੇ ਅਫਗਾਨਿਸਤਾਨ ਵੱਲੋਂ ਹੀ ਦਿੱਲੀ ਦੇ ਧਾੜਵੀਆਂ ਨੂੰ ਹੁੰਦੀ ਸੀ। ਜੋ ਬਾਬਰ ਨੇ ਇਸ ਕਿਲ੍ਹੇ ਨੂੰ ਜਿੱਤ ਕੇ ਮਾਰ ਮਾਰ ਲਈ ਸੀ।

ਲੇਖਕ ਨੇ ਕਿਤੇ-ਕਿਤੇ ਉਰਦੂ ਦੇ ਸ਼ੇਅਰ, ਢੁਕਵੀਂ ਥਾਂ ਲਿਖ ਕੇ ਸਮੱਗਰੀ ਵਿੱਚ ਗਰਮ ਮਸਾਲਾ ਅਤੇ ਢੁਕਵੀਆਂ ਬੋਲੀਆਂ ਲਿਖ ਕੇ ਮਿਰਚਾਂ ਪਾ ਕੇ ਇਸ ਪੁਸਤਕ ਨੂੰ ਪੜ੍ਹਨ ਵਾਲਿਆਂ ਲਈ ਸਵਾਦਲੀ ਬਣਾਇਆ ਹੈ।

ਗੁਰਬਾਣੀ ਦੀਆਂ ਤੁਕਾਂ ਦੀ ਵਰਤੋਂ ਬੜੇ ਯੋਗ ਤਰੀਕੇ ਨਾਲ ਕੀਤੀ ਹੈ। ਕਰਤਾ ਦੀ ਸਿੱਖੀ ਪ੍ਰਤੀ ਸ਼ਰਧਾ, ਰਾਜਪੂਤੀ ਪਿਛੋਕੜ ਤੇ ਅਣਖ ਉਨ੍ਹਾਂ ਦੀ ਪੁਸਤਕ 'ਚੋਂ ਠਾਠਾਂ ਮਾਰਦੀ ਹੈ।

ਉਨ੍ਹਾਂ ਦਾ ਰਾਜਪੂਤ ਕੌਮ ਨਾਲ ਅਥਾਹ ਪਿਆਰ ਹੈ ਕਿ ਏਨੀ ਸਖ਼ਤ ਮਿਹਨਤ ਕਰ ਕੇ ਲਿਖੀ ਪੁਸਤਕ ਨੂੰ ਆਪਣੇ ਖਰਚ ਤੇ ਛਪਵਾ ਕੇ ਬਰਾਦਰੀ ਵਿਚਕਾਰ ਵੰਡ ਕਰ ਰਹੇ ਹਨ।

ਭਾਵੇਂ ਇਹ ਵਾਰਤਾ ਥੋੜ੍ਹੀ ਜਿਹੀ ਇਥੇ ਅਢੁਕਵੀਂ ਲੱਗੇਗੀ, ਪਰ ਖਾਸ ਕਰ ਕੇ ਗੁਰਸਿੱਖੀ ਤੇ ਰਾਜਪੂਤੀ ਅਣਖ ਜੋ ਕਾਕਾ ਵੀਰਇੰਦਰ ਸਿੰਘ ਪਰਹਾਰ ਸਪੁੱਤਰ ਕਰਤਾ ਪੁਸਤਕ ਨੇ ਅੱਜ ਦੇ ਕਾਲ ਵਿੱਚ ਬਹਾਦਰੀ ਤੇ ਕੁਰਬਾਨੀ ਦਾ ਸਬੂਤ ਦਿੱਤਾ ਹੈ, ਦੀ ਤੁਲਨਾ ਮਹਾਨ ਦੇਸ਼ ਪਿਆਰਿਆਂ ਦੀ ਅਗਲੀ ਕਤਾਰ ਵਿੱਚ ਆਉਂਦਾ ਹੈ, ਜਿਸ ਬਾਰੇ ਤਫਸੀਲ ਸਹਿਤ ਇੱਕ ਵੱਖਰੀ ਕਿਤਾਬ ਜਲਦੀ ਹੀ ਆਪ ਜੀ ਅੱਗੇ ਆਵੇਗੀ। ਸ. ਵਾਸਦੇਵ ਸਿੰਘ ਪਰਹਾਰ ਦੇ ਸਪੁੱਤਰ ਵੀਰਇੰਦਰ ਸਿੰਘ ਨੇ 1985 ਵਿੱਚ ਅਮਰੀਕਾ ਵਿਖੇ, ਉਸ ਸਮੇਂ ਹਰਿਆਣੇ ਦੇ ਹਿਟਲਰ ਟਾਈਪ ਮੁੱਖ ਮੰਤਰੀ ਨੂੰ ਸੋਧਾ ਲਾਉਣ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਆਪਣੀ ਭਰ-ਜਵਾਨੀ ਦੇ ਪੰਜ ਸਾਲ ਅਮਰੀਕਾਂ ਦੀਆਂ ਜੇਲ੍ਹਾਂ ਵਿੱਚ ਕੱਟ ਕੇ ਖਾਲਸਾਈ ਅਣਖ ਦੀ ਸ਼ਮ੍ਹਾ ਨੂੰ ਜਗਦਿਆਂ ਰੱਖਿਆ। ਵੀਰਇੰਦਰ ਸਿੰਘ ਪਰਹਾਰ ਦੇ ਨਾਲ ਦੇ ਮੁੰਡੇ ਜੋ ਉਸ ਸਮੇਂ ਅਮਰੀਕਾ ਗਏ, ਆਪਣੀ ਐਸ਼ ਵਿੱਚ ਮਸਤ ਸਨ, ਜਦੋਂ ਵੀਰਇੰਦਰ ਜੇਲ੍ਹ ਵਿੱਚ ਗੁਰਬਾਣੀ ਦੇ ਪਾਠ ਕਰਕੇ, ਰੁੱਖੀ-ਸੁੱਕੀ ਖਾ ਕੇ ਆਪਣਾ ਸਿੱਖੀ ਸਿਦਕ ਨਿਭਾ ਰਿਹਾ ਸੀ। ਅਮਰੀਕਨ ਐਫ. ਬੀ. ਆਈ. ਨੇ ਉਨ੍ਹਾਂ ਨੂੰ ਅਮਰੀਕਾ ਵਿੱਚ ਪੱਕਾ ਕਰਨ ਦੀ ਪੇਸ਼ਕਸ਼ ਕੀਤੀ ਜੇਕਰ ਵੀਰਇੰਦਰ ਉਨ੍ਹਾਂ ਲਈ ਸਿੱਖਾਂ ਵਿਰੁੱਧ ਜਾਸੂਸੀ ਕਰਨਾ ਮੰਨ ਲਵੇ। ਉਨ੍ਹਾਂ ਇਹ ਪੇਸ਼ਕਸ਼ ਠੁਕਰਾ ਕੇ ਆਪਣੇ ਖੂਨ

ਦੀ ਪਵਿੱਤਰਤਾ ਸਾਬਤ ਕੀਤੀ। ਸੋਨਾ ਕੁਠਾਲੀ ਵਿੱਚ ਪਾ ਕੇ ਹੀ ਪਰਖਿਆ ਜਾਂਦਾ ਹੈ ਤੇ ਬੰਦਿਆਂ ਦੇ ਖ਼ੂਨ ਦੀ ਪਰਖ ਮੁਸੀਬਤ ਸਮੇਂ ਹੀ ਕੀਤੀ ਜਾ ਸਕਦੀ ਹੈ, ਜਿਵੇਂ ਸਹੀ ਕਿਸਾਨ ਦੀ ਪਰਖ ਔੜ ਲੱਗੀ ਸਮੇਂ ਪਤਾ ਲੱਗਦੀ ਹੈ। ਸ. ਵਾਸਦੇਵ ਸਿੰਘ ਪਰਹਾਰ 1986 ਵਿੱਚ ਆਪਣੇ ਲੜਕੇ ਦੇ ਕੇਸ ਦੀ ਪੈਰਵੀ ਲਈ ਭਾਰੀ ਖ਼ਰਚ ਕਰ ਕੇ ਅਮਰੀਕਾ ਗਏ।

ਇੱਕ ਵਾਰ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਤਵਾਰੀਖ ਲਿਖਣ ਦਾ ਸ਼ੌਕ ਕਿਥੋਂ ਜਾਗਿਆ ਤਾਂ ਉਨ੍ਹਾਂ ਨੇ ਖੜ੍ਹੇ-ਖੜ੍ਹੇ ਉਰਦੂ ਦਾ ਇਹ ਸ਼ੇਅਰ ਬੋਲਿਆ:-

*ਨਾ ਖ਼ੁਦਾਓਂ ਕੀ ਬੇਚਾਰਗੀ ਦੇਖ ਕਰ,*
*ਹਮ ਕੋ ਤੂਫ਼ਾਨ ਮੇਂ ਕੂਦ ਜਾਨਾ ਪੜਾ।*
*ਦੁਆਬੇ ਦੀ ਰਾਜਪੂਤ ਬਰਾਦਰੀ ਦਾ ਖ਼ਾਦਿਮ,*

*ਬਖਸ਼ੀਸ਼ ਸਿੰਘ ਨਿੱਜਰ*

## Sri, Guru Hargobind Hospital

President
**DR. BAKHSHISH SINGH NIJJAR** P.E.S.I
M.a, Ph.D. History. M.A.; M.O.L. Persian. M.A. Punjabi. Hons.
Persian, Urdu & Punjabi. D.P.E. Walton. Lahore.
Member. Indian Historical Records Commision,
Sub-editor, Encylopaedia of Hiduism,
Curator. Historical Museum. Nebraska-U.S.A.

**P.O. Domeli-14407**
**Via Phagwara, Punjab**

## ਸ. ਜਸਵੰਤ ਸਿੰਘ ਕੰਵਲ ਪੰਜਾਬ ਦੇ ਚੋਟੀ ਦੇ ਵਿਦਵਾਨ ਲੇਖਕ ਅਤੇ ਸੂਝਵਾਨ ਸਿਆਸਤਦਾਨ ਵਲੋਂ ਕਿਤਾਬ ਦੀ ਪ੍ਰਸ਼ੰਸਾ

12-3-2002

ਪਿਆਰੇ ਪਰਮਾਰ ਜੀ!

ਸਤਿ ਸ੍ਰੀ ਅਕਾਲ!

ਦੋ ਕਿਤਾਬਾਂ ਤੇ ਪੱਤਰ ਮਿਲਿਆ, ਬਹੁਤ ਬਹੁਤ ਧੰਨਵਾਦ!
ਆਪਜੀ ਰਚਿਤ ਰਾਜਪੂਤ ਜੋ ਸਿਖ ਬਣੇ, ਬਹੁਤੀ ਕਮਾਲ ਦੀ ਖੋਜ ਭਰਪੂਰ ਕਿਤਾਬ ਹੈ। ਮੈਨੂੰ ਪੜ੍ਹਕੇ ਉਦੋਂ ਹੀ ਪਤਾ ਲੱਗੀ, ਕਿ ਅਕਾਲੀ ਫੂਲਾ ਸਿੰਘ ਜੀ ਵੀ ਰਾਜਪੂਤਾਂ ਵਿਚੋਂ ਆਏ ਸਨ,

ਕਈ ਪੁਰਾਣੀਆਂ ਰਸਮਾਂ ਵਿਚ ਸੁਧਾਰ ਹੋਣਾ ਜ਼ਰੂਰੀ ਹੈ, ਸਾਇੰਸ ਦੇ ਜੁਗ ਵਿਚ ਸਾਨੂੰ ਅਣਖਾਂ, ਆਪਣੀ ਵਿਰਾਸਤ ਤੇ ਅਪਣਾ ਤਾਂ ਸਾਰ ਰਹਿਤ ਬਰਕਰਾਰ ਰੱਖਣ ਦੀ ਜ਼ਰੂਰਤ ਹੈ,

ਆਸ ਕਰਦਾ ਹਾਂ, ਪੰਜਾਬ, ਪੰਥ ਤੇ ਇਤਿਹਾਸਕ ਵਿਸ਼ੇ ਬਾਰੇ ਤਰੱਕੀ ਕਰਨ ਦਾ ਸਫਲ ਜਤਨ ਜਾਰੀ ਰੱਖ ਸਕੋਗੇ।

ਢੇਰੀ ਆਸ ਤੇ ਤੇਰੇ ਨਾਲ,

ਜਸਵੰਤ ਸਿੰਘ ਕੰਵਲ

# ਦੂਜੇ ਐਡੀਸ਼ਨ ਬਾਰੇ

*ਬੋਲੀ ਹਮਾਰੀ ਪੂਰਬਲੀ ਹਮ ਕਉ ਲਖੈ ਨ ਕੋਇ।*
*ਹਮ ਕਉ ਤਉ ਸੋਈ ਲਖੈ ਜੋ ਧੁਰਿ ਪੂਰਬ ਕਾ ਹੋਇ।*

ਭਗਤ ਕਬੀਰ ਜੀ ਸਾਰੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਨਹੀਂ ਲਿਖੀ ਗਈ। ਉਪਰਲੀ ਤੁਕ ਉਨ੍ਹਾਂ ਦੀ ਬਾਕੀ ਬਾਣੀ ਵਿੱਚੋਂ ਹੈ, ਜਿਹੜੀ ਕਿ ਨਿਰਮਲ ਪੰਥ ਅਤੇ ਹੋਰ ਸਾਧੂ ਸੰਪਰਦਾਵਾਂ ਕੋਲ ਹੈ। ਇਸ ਦੇ ਅਰਥ ਹਨ ਕਿ ਮੇਰੀ ਬਾਣੀ ਧੁਰ ਪੂਰਬ (ਧੁਰ ਪ੍ਰਮਾਤਮਾ) ਤੋਂ ਆਈ ਹੋਈ ਹੈ ਇਸ ਨੂੰ ਉਹ ਹੀ ਸਮਝ ਸਕਦਾ ਹੈ ਜਿਹੜਾ ਕਿ ਪ੍ਰਮਾਤਮਾ ਨੂੰ ਮਿਲਿਆ ਹੋਇਆ ਹੋਵੇ। ਮੇਰੀ ਪੁਸਤਕ 'ਰਾਜਪੂਤ ਜੋ ਸਿੱਖ ਬਣੇ" ਲਿਖਣ ਦਾ ਉਦੇਸ਼ ਉਨ੍ਹਾਂ ਨੂੰ ਹੀ ਸਮਝ ਆ ਸਕਦਾ ਹੈ ਜਿਹੜੇ ਰਾਜਪੂਤ ਘਰਾਣਿਆਂ ਵਿੱਚ ਜਨਮ ਲੈ ਕੇ ਸਿੰਘ ਬਣੇ ਹਨ।

ਪਹਿਲੇ ਐਡੀਸ਼ਨ ਬਾਰੇ ਬਹੁਤ ਹੀ ਵਧਾਈਆਂ ਦੇ ਸੰਦੇਸ਼ ਅਤੇ ਜਸਵੰਤ ਸਿੰਘ ਕੰਵਲ ਜਿਹੇ ਨਾਮਵਰ ਲਿਖਾਰੀਆਂ ਵੱਲੋਂ ਸ਼ਲਾਘਾ ਪੱਤਰਾਂ ਨੇ ਮੇਰਾ ਹੌਸਲਾ ਬੁਲੰਦ ਕੀਤਾ ਹੈ ਤੇ ਮੈਂ ਹੋਰ ਮਿਹਨਤ ਕਰਕੇ ਦੂਜੇ ਐਡੀਸ਼ਨ ਵਿੱਚ ਵਾਧਾ ਕੀਤਾ ਹੈ। ਜਿਨ੍ਹਾਂ ਪਹਿਲਾ ਐਡੀਸ਼ਨ ਪੜ੍ਹਿਆ ਹੈ ਉਹ ਦੂਜੇ ਐਡੀਸ਼ਨ ਵਿੱਚ ਇੱਕ ਵੱਖਰਾ ਹੀ ਜੋਸ਼ ਮਹਿਸੂਸ ਕਰਨਗੇ। ਦੂਜੇ ਐਡੀਸ਼ਨ ਦੀ ਲਿਖਾਈ ਵਿੱਚ ਮਾਸਟਰ ਦਿਲਬਾਗ ਸਿੰਘ ਜਸਵਾਲ (ਭਾਮ), ਸ. ਜਗਤਾਰ ਸਿੰਘ ਜੰਗੀ (ਪਾਲਦੀ) ਵਾਲਿਆਂ ਅਤੇ ਛੋਟੇ ਵੀਰ ਫਤਹਿ ਸਿੰਘ ਪਰਹਾਰ ਨੇ ਮੇਰੀ ਕਾਫੀ ਮਦਦ ਕੀਤੀ। ਡਾ. ਬਖਸ਼ੀਸ਼ ਸਿੰਘ ਨਿੱਜਰ ਹੋਰਾਂ ਦਾ ਆਸ਼ੀਰਵਾਦ ਤਾਂ ਬਿਨਾਂ ਮੰਗੇ ਤੋਂ ਮੈਨੂੰ ਮਿਲ ਰਿਹਾ ਹੈ। ਇਹ ਉਨ੍ਹਾਂ ਦਾ ਵਡੱਤਣ ਹੈ ਕਿ ਉਹ ਸਾਡੇ ਨਾਲੋਂ ਵੱਧ ਰਾਜਪੂਤ ਕੌਮ 'ਤੇ ਮਾਣ ਕਰਦੇ ਹਨ ਤੇ ਸਿੱਖ ਬਣੇ ਰਾਜਪੂਤਾਂ ਦਾ ਪੂਰਨ ਸਤਿਕਾਰ ਕਰਦੇ ਹਨ।

Punjab Castes ਦੇ ਲਿਖਾਰੀ ਇਬਟਸਨ (Lt. Governor Punjab) ਆਪਣੀ ਪੁਸਤਕ ਦੇ ਮੁੱਖ ਬੰਦ ਵਿੱਚ ਲਿਖਦੇ ਹਨ ਕਿ ਪੰਜਾਬ ਦੇ ਲੋਕਾਂ ਦੀਆਂ ਜਾਤਾਂ ਅਤੇ ਉਨ੍ਹਾਂ ਦੇ ਵਿਸ਼ਵਾਸ ਬਾਰੇ ਭਾਵੇਂ ਅਸੀਂ ਵਿਦੇਸ਼ੀ ਅਣਜਾਣ ਸਾਂ ਪਰ ਇਸ ਤੋਂ ਬਿਨ੍ਹਾਂ ਸਾਡੇ ਲਈ ਸੁਚੱਜੇ ਢੰਗ ਨਾਲ ਦੇਸ਼ ਦਾ ਸ਼ਾਸਨ ਅਤੇ ਪ੍ਰਬੰਧ ਵੀ ਨਹੀਂ ਚਲਾ ਹੋਣਾ ਸੀ।

A Glossary of the Tribes and Castes of Punjab and N.W.F.P ਦੇ ਪ੍ਰਕਾਸ਼ਤ ਕਰਨ ਦੇ ਬਾਰੇ ਡਾਇਰੈਕਟਰ ਭਾਸ਼ਾ ਵਿਭਾਗ, ਰਾਜਿੰਦਰ ਸਿੰਘ ਲਿਖਦੇ ਹਨ:-ਭਾਰਤ ਸਰਕਾਰ ਦੀ ਨੀਤੀ ਹੈ ਕਿ ਇਹ ਐਸੇ ਸਮਾਜ ਦੀ ਸਿਰਜਣਾ ਕੀਤੀ ਜਾਵੇ ਜਿਹੜਾ ਜਾਤ, ਰੰਗ, ਨਸਲ ਅਤੇ ਧਰਮ ਦੇ ਅਸਰ ਤੋਂ ਰਹਿਤ ਹੋਵੇ। ਇਸ ਅਨੁਸਾਰ ਅਜਿਹੀ ਪੁਸਤਕ ਦਾ ਪ੍ਰਕਾਸ਼ਨ ਇੱਕ ਪਿਛਾਂਹਖਿੱਚੂ ਕਦਮ ਹੈ। ਪਰ ਇਹ ਪੁਸਤਕ

ਇੱਕ ਐਸੀ ਚੀਜ਼ ਹੈ ਕਿ ਇਸ ਤੋਂ ਬਿਨ੍ਹਾਂ ਖੋਜ ਦੇ ਕੰਮ ਦਾ ਗੁਜ਼ਾਰਾ ਹੀ ਨਹੀਂ।

ਉਪਰੋਕਤ ਨੂੰ ਪੜ੍ਹ ਕੇ ਪਾਠਕ, ਇਸ ਪੁਸਤਕ ਰਾਜਪੂਤ ਜੋ ਸਿੱਖ ਬਣੇ ਦੇ ਲਿਖਣ ਦਾ ਮੰਤਵ ਸਮਝ ਗਏ ਹੋਣਗੇ। ਭਰੋਸੇਯੋਗ ਸੂਤਰਾਂ ਤੋਂ ਜਾਣਕਾਰੀ ਇਕੱਠੀ ਕਰਨ ਲਈ ਮੈਨੂੰ ਬੜੀ ਮਿਹਨਤ ਕਰਨੀ ਪਈ ਤੇ ਮੈਂ ਇਸ ਆਸ ਨਾਲ ਪੇਸ਼ ਕਰ ਰਿਹਾ ਹਾਂ ਕਿ ਪੜ੍ਹਨ ਵਾਲਿਆਂ ਨੂੰ ਸਿੱਖ ਰਾਜਪੂਤਾਂ ਦੇ ਇਤਿਹਾਸਿਕ ਪਿਛੋਕੜ ਦਾ ਪਤਾ ਲੱਗ ਸਕੇ। ਨੌਜਵਾਨ ਪੀੜ੍ਹੀ ਇਸ 'ਤੇ ਮਾਣ ਕਰ ਸਕੇ ਅਤੇ ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਅਨੁਸਾਰ ਅਪਣਾ ਜੀਵਨ ਆਨ ਅਤੇ ਸ਼ਾਨ ਨਾਲ ਗੁਜ਼ਾਰ ਸਕੇ।

ਅੰਤ ਵਿੱਚ ਸਤਨਾਮ ਸਿੰਘ ਖੁਮਾਰ ਦਾ ਇਹ ਸ਼ੇਅਰ ਮੇਰੇ ਜਜ਼ਬਾਤ ਦੀ ਤਸਵੀਰ ਪੇਸ਼ ਕਰਦਾ ਹੋਇਆ ਉਸ ਅਕਾਲ ਪੁਰਖ ਦਾ ਧੰਨਵਾਦ ਕਰਦਾ ਹੈ।

ਮੇਰੇ ਹਰ ਸ਼ੇਅਰ ਮੈਂ ਤੂ ਹੈ ਮੌਜੂਦ
ਤੂਨੇ ਲਿਖਵਾਇਆ ਮੈਂ ਨੇ ਲਿਖਾ ਹੈ।

ਮਿਤੀ ਅਪ੍ਰੈਲ 2003

**ਵਾਸਦੇਵ ਸਿੰਘ ਪਰਹਾਰ**
ਰਿਟਾਇਡ ਏ ਆਰ ਕੋ.ਆਪ. ਸੁਸਾਈਟੀਜ਼
ਪਿੰਡ ਲੁਟੇਰਾ ਖੁਰਦ
ਡਾ. ਕਾਲਰਾ ਜ਼ਿਲ੍ਹਾ ਜਲੰਧਰ
ਫੋਨ ਨੰ. 0181-2714019,
ਮੋਬਾਈਲ-94174-34352

**Wasdev Singh Parhar**
23813 100th AVE S.E
Kent WA 98031, U.S.A
Tel. 253-813-6627

# ਡਾ. ਬਖਸ਼ੀਸ਼ ਸਿੰਘ ਨਿੱਜਰ ਵੱਲੋਂ ਦੂਜੇ ਐਡੀਸ਼ਨ ਦਾ ਮੁੱਖ ਬੰਦ

ਰਾਜਪੂਤਾਂ ਵਿੱਚੋਂ ਜੋ ਸਿੱਖ ਬਣ ਗਏ ਉਨ੍ਹਾਂ ਦਾ ਇਤਿਹਾਸ ਲਿਖਣ ਬਾਰੇ ਕਿਸੇ ਨੇ ਵੀ ਅੱਜ ਤੱਕ ਸੰਜੀਦਗੀ ਨਾਲ ਨਹੀਂ ਵਿਚਾਰਿਆ। ਸਿੱਟੇ ਵਜੋਂ ਸਿੱਖ ਰਾਜਪੂਤ "ਖ਼ਸਮਾਂ ਬਿਨ ਸਾਉਣ ਤਿਹਾਈਆ" ਵਾਲੀ ਦਿਸ਼ਾ ਵਿੱਚ ਰਹੇ। ਸਿੱਖ ਰਾਜਪੂਤਾਂ ਨੇ ਅਮਲੀ ਤੌਰ 'ਤੇ ਸਿੱਖੀ ਧਾਰਨ ਕੀਤੀ ਅਤੇ ਆਪਣਾ ਰਾਜਪੂਤੀ ਘੁਮੰਡ ਤਿਆਗ ਕੇ ਖਾਲਸਾ ਪੰਥ ਵਿੱਚ ਸ਼ਾਮਲ ਹੋਏ। ਖਾਲਸਾ ਪੰਥ ਦੇ ਹੱਥ ਹਕੂਮਤ ਦੀ ਵਾਗਡੋਰ ਆਉਣ 'ਤੇ ਸਿੱਖ ਰਾਜਪੂਤਾਂ ਨਾਲ ਵੀ ਹਿੰਦੂ ਰਾਜਪੂਤਾਂ ਵਾਲਾ ਵਤੀਰਾ ਜਾਰੀ ਰਿਹਾ।

"ਅਲੀ ਜੇਠ ਤੇ ਜਿਨ੍ਹਾਂ ਦੇ ਫਤੂ ਦੇਵਰ, ਡੁੱਬ ਮੋਈਆਂ ਉਹ ਭਰਜਾਈਆਂ ਨੀ" ਵਾਰਿਸ਼ ਸ਼ਾਹ ਦਾ ਕਹਿਣਾ ਠੀਕ ਹੈ।

ਪੰਜਾਬ ਦੀ ਵੋਟਾਂ ਦੀ ਗਿਣਤੀ ਵਾਲੀ ਸਿਆਸਤ ਵਿੱਚ ਸਿੱਖ ਰਾਜਪੂਤ ਲਗਭੱਗ ਇੱਕ ਫੀਸਦੀ ਹਨ, ਭਾਵ ਆਟੇ ਵਿੱਚ ਲੂਣ ਬਰਾਬਰ।

ਲੇਖਕ ਨੂੰ ਪਹਿਲੇ ਐਡੀਸ਼ਨ ਦੇ ਪ੍ਰਕਾਸ਼ਿਤ ਹੋਣ ਤੋਂ ਪਿੱਛੋਂ ਬਹੁਤ ਵਧਾਈਆਂ ਮਿਲੀਆਂ ਹਨ। ਇਸ ਪੁਸਤਕ ਨੂੰ ਕੇਵਲ ਰਾਜਪੂਤ ਹੀ ਗੌਰਵ ਨਾਲ ਨਹੀਂ ਪੜ੍ਹਦੇ ਬਲਕਿ ਅਜੋਕੇ ਯੁਗ ਦੇ ਲਿਖਾਰੀਆਂ ਨੂੰ ਵੀ ਸ: ਵਾਸਦੇਵ ਸਿੰਘ ਪਰਹਾਰ ਦੀ ਅਥਾਹ ਖੋਜ ਅਤੇ ਬੇਕਿਨਾਰਾ ਯੋਗਤਾ ਦਾ ਅਹਿਸਾਸ ਹੋ ਰਿਹਾ ਹੈ। ਸਮਕਾਲੀ ਲੇਖਕ ਹੀ ਇਸ ਪੁਸਤਕ ਦੀ ਅਹਿਮੀਅਤ ਅਤੇ ਲੇਖਕ ਦੀ ਮਿਹਨਤ, ਸਾਧਨਾ ਅਤੇ ਸਿਰੜ ਦੀ ਪੜਤਾਲ ਕਰਨ ਯੋਗ ਹਨ।

ਦੂਜੇ ਐਡੀਸ਼ਨ ਵਿੱਚ ਲੇਖਕ ਨੇ ਕਾਫ਼ੀ ਸੋਧ ਤੇ ਵਾਧਾ ਕੀਤਾ ਹੈ। ਆਮ ਪਾਠਕਾਂ ਲਈ ਇਹ ਐਨੀ ਦਿਲਚਸਪ ਖੋਜ ਪੁਸਤਕ ਹੈ ਕਿ ਕੋਈ ਵੀ ਪੰਨਾ ਪੜ੍ਹਨਾ ਸ਼ੁਰੂ ਕਰੋ, ਅੱਗੇ ਤੋਂ ਅੱਗੇ ਪੜ੍ਹਨ ਨੂੰ ਜੀ ਕਰਦਾ ਹੈ।

ਬਲਾ-ਏ-ਜਾਂ ਹੈ ਗ਼ਾਲਿਬ ਉਸ ਕੀ ਹਰ ਬਾਤ
ਇਬਾਰਤ ਕਿਯਾ ਇਸ਼ਾਰਤ ਕਿਯਾ, ਅਦਾ ਕਿਯਾ।

**-ਮਿਰਜ਼ਾ ਗ਼ਾਲਿਬ**

ਸ. ਵਾਸਦੇਵ ਸਿੰਘ ਪਰਹਾਰ, ਸਿੱਖ ਰਾਜਪੂਤਾਂ ਨੂੰ ਜੋ ਤੋਹਫ਼ਾ ਦੇ ਚੱਲੇ ਹਨ ਇਸ ਨਾਲ ਕੌਮ ਦਾ ਸਿਰ ਉੱਚਾ ਹੋਇਆ ਹੈ ਤੇ ਰਾਜਪੂਤ ਉਨ੍ਹਾਂ ਨੂੰ ਸਦਾ ਯਾਦ ਕਰਨਗੇ।

ਫ਼ਰਹਾਦ ਕੀ ਖ਼ਾਰਾ ਸ਼ਿਕਨੀ ਜ਼ਿੰਦਾ ਹੈ ਅਬ ਤੱਕ
ਬਾਕੀ ਨਹੀਂ ਦੁਨੀਆਂ ਮੇਂ ਮਲਕੀਅਤ-ਏ-ਪਰਵੇਜ਼।

**-ਇਕਬਾਲ**

ਸ਼ੀਰੀ ਫ਼ਰਹਾਦ ਦੇ ਸਮੇਂ ਦੇ ਬਾਦਸ਼ਾਹ ਦਾ ਨਾਂ ਪਰਵੇਜ਼ ਸੀ ਜਿਸ ਦਾ ਸ਼ਾਇਦ

ਹੀ ਕਿਸੇ ਨੂੰ ਪਤਾ ਹੋਵੇ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸ. ਵਾਸਦੇਵ ਸਿੰਘ ਪਰਹਾਰ ਨੂੰ ਸਿਹਤ ਅਤੇ ਲੰਮੀ ਆਯੂ ਬਖ਼ਸ਼ੇ ਤਾਂ ਕਿ ਉਹ ਰਾਜਪੂਤ ਕੌਮ ਦੀ ਸੁਨਹਿਰੀ ਤਾਰੀਖ ਦੇ ਹੋਰ ਪੰਨੇ ਫਰੋਲ ਕੇ ਸੂਰਬੀਰਾਂ ਦੀਆਂ ਕਹਾਣੀਆਂ ਸੱਚੋ ਸੱਚ ਲਿਖ ਕੇ ਕੌਮ ਨੂੰ ਦੇਸ਼ ਲਈ ਕੁਰਬਾਨੀ ਦੀ ਪ੍ਰੰਪਰਾ ਜਾਰੀ ਰੱਖਣ ਦਾ ਉਪਦੇਸ਼ ਦੇਈ ਜਾਣ। ਇੱਕ ਸਿਰ ਵਾਰਨ ਵਾਲੀ ਕੌਮ, ਜਿਸ ਨੇ ਆਪਣੀ ਜਾਨ ਤੋਂ ਵੀ ਵੱਧ ਜੋ ਕੁਝ ਵੀ ਪਿਆਰਾ ਸੀ, ਆਪਣੇ ਧਰਮ, ਦੇਸ਼ ਅਤੇ ਆਪਣੇ ਵਡੇਰਿਆਂ ਦੀ ਆਨ-ਸ਼ਾਨ ਬਹਾਲ ਰੱਖਣ ਲਈ, ਕੁਰਬਾਨ ਕੀਤਾ। ਇਹ ਤਲਵਾਰ ਦੀ ਨੋਕ ਨਾਲ ਲਿਖੀ ਵੀਰ ਯੋਧਿਆਂ ਦੀ ਤਵਾਰੀਖ ਹੈ ਜੋ ਪੜ੍ਹਨ ਵਾਲਿਆਂ ਦੇ ਹਿਰਦੇ ਨੂੰ ਹਲੂਣ ਕੇ ਰੱਖ ਦਿੰਦੀ ਹੈ, ਕਦੇ ਖ਼ੂਨ ਉਬਾਲੇ ਖਾਂਦਾ ਹੈ ਤੇ ਕਦੇ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ। ਪਾਠਕਾਂ ਦਾ ਗਿਆਨ ਸੱਚ-ਝੂਠ ਦੀ ਪਰਖ ਕਰ ਸਕਦਾ ਹੈ। ਹਰ ਇੱਕ ਮੁੱਖ ਜਾਣਕਾਰੀ ਜਾਂ ਘਟਨਾ ਦੀ ਮੌਲਿਕਤਾ ਬਾਰੇ ਹਰ ਪੰਨੇ 'ਤੇ ਨੋਟ ਦਿੱਤੇ ਗਏ ਹਨ ਤਾਂ ਕਿ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਇਹ ਜਾਣਕਾਰੀ ਕਿਥੋਂ ਲਈ ਗਈ ਹੈ।

**ਡਾ. ਬਖਸ਼ੀਸ਼ ਸਿੰਘ ਨਿੱਜਰ, ਐੱਮ. ਏ. ਪੀ. ਐੱਚ. ਡੀ., ਪ੍ਰੈਜ਼ੀਡੈਂਟ**
**ਸ੍ਰੀ ਗੁਰੂ ਹਰਗੋਬਿੰਦ ਹਸਪਤਾਲ**
**ਡੁਮੇਲੀ, (ਕਪੂਰਥਲਾ)**

**8971 Caselman RD**
**Sacramento**
**C A 95829**
**Tel. 916-681-9759**

# ਮਹਿਤਾ-ਮੇਹਤਰ-ਮੇਹਤੋਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੂੰ ਮਹਿਤਾ (ਇੱਜ਼ਤ ਮਾਣ ਤੇ ਬੜ੍ਹਤ ਦਾ ਲਕਬ) ਕਾਲੂ ਕਹਿ ਕੇ ਬੁਲਾਉਂਦੇ ਸਨ ਭਾਵੇਂ ਉਹ ਬੇਦੀ ਗੋਤ ਦੇ ਖੱਤਰੀ ਸਨ। ਉਸ ਸਮੇਂ ਰਾਜ ਪ੍ਰਬੰਧ ਵਿੱਚ ਲੱਗੇ ਕਰਮਚਾਰੀਆਂ ਦੀ ਬਹੁਤ ਇੱਜ਼ਤ ਹੁੰਦੀ ਸੀ ਤੇ ਉਨ੍ਹਾਂ ਨੂੰ ਮਹਿਤਾ ਕਹਿੰਦੇ ਸਨ, ਜਿਸ ਦਾ ਸੰਸਕ੍ਰਿਤ ਵਿੱਚ ਅਰਥ ਹੈ 'ਮਹਾਨ' ।

ਫਾਰਸੀ ਭਾਸ਼ਾ ਵਿੱਚ ਦੋ ਸ਼ਬਦ ਆਮ ਪ੍ਰਚਲਤ ਹਨ। ਕੇਹਤਰ-ਛੋਟਾ-ਨੀਵਾਂ ਅਤੇ ਮੇਹਤਰ-ਮਹਾਨ, ਬੜਾ, ਉੱਚਾ ਅਥਵਾ ਪੂਜਨੀਕ। ਅੱਜ ਵੀ ਅਫਗਾਨਿਸਤਾਨ ਅਤੇ ਇਰਾਨ ਵਿੱਚ ਕਚਿਹਰੀਆਂ ਵਿੱਚ ਉੱਚ ਦਰਜੇ ਦੇ ਕਰਮਚਾਰੀਆਂ ਨੂੰ ਮੇਹਤਰ ਦੇ ਲਕਬ (Title) ਨਾਲ ਬੁਲਾਇਆ ਜਾਂਦਾ ਹੈ। ਰਾਜਪੂਤ ਜਦੋਂ ਬਿਸਤ ਦੁਆਬ ਵਿੱਚ ਆਏ ਤਾਂ ਉਹ ਵੱਡੇ-ਵੱਡੇ ਜਾਗੀਰਦਾਰ ਸਨ ਤੇ ਉਨ੍ਹਾਂ ਨੂੰ ਮੇਹਤਰ ਆਖਦੇ ਸਨ। ਮੇਹਤਰ ਤੋਂ ਮਹਿਤਾ ਆਖਣ ਲੱਗ ਪਏ। ਇਸ ਦਾ ਅਰਥ ਤਾਂ ਸੀ ਬਰਗਜ਼ੀਦਾ ਅਸ਼ਖਾਸ-ਮਾਣ ਵਾਲੇ ਸਿਰਕੱਢ ਬੰਦੇ। ਪਰ ਸਮੇਂ ਦੀ ਰਫ਼ਤਾਰ ਨਾਲ ਇਸ ਸ਼ਬਦ ਨੂੰ ਨੀਵੇਂ ਅਰਥਾਂ ਵਿੱਚ ਲਿਆ ਜਾਣਾ ਸ਼ੁਰੂ ਹੋ ਗਿਆ। ਅਸਲੀਅਤ ਇਹ ਹੈ ਕਿ ਰਾਜਪੂਤਾਂ ਦੇ ਨਾਲ, ਮੇਹਤਰ, ਮੈਹਤੋ ਦਾ ਵਿਸ਼ੇਸ਼ਣ ਲਾਉਣ ਦਾ ਬਿਲਕੁਲ ਕੋਈ ਮਤਲਬ ਨਹੀਂ। ਮੇਹਤਰ ਮਹਿਤਾ ਦੇ ਅਰਥ ਭਾਵੇਂ ਕੁਝ ਵੀ ਹੋਣ ਬਿਸਤ ਦੁਆਬ ਦੇ ਅਸਲੀ, ਨਸਲੀ ਖਾਨਦਾਨੀ ਰਾਜਪੂਤਾਂ ਦਾ ਜੋ ਕਿ ਅੱਜ ਕੱਲ ਪੂਰੇ ਖਾਲਸੇ ਹਨ, ਉੱਕਾ ਹੀ ਕੋਈ ਸੰਬੰਧ ਨਹੀਂ। ਮੈਂ ਇਸ ਸ਼ਬਦ ਨੂੰ ਇਤਿਹਾਸਕਾਰ ਨਾਤੇ ਸੌ ਫੀਸਦੀ ਗਲਤ ਤੇ ਬੇ-ਬੁਨਿਆਦ ਆਖਦਾ ਹਾਂ। (ਡਾ. ਬਖਸ਼ੀਸ਼ ਸਿੰਘ ਨਿੱਜਰ)

ਪਿੰਡ ਅਕੋਲਾ (ਐਸ ਵੇਲੇ ਇੱਕ ਵੱਡਾ ਸ਼ਹਿਰ ਦੇ ਮੰਡਲਗੜ੍ਹ ਤੋਂ ਆਜ਼ਾਦ ਹੋਣ ਤੋਂ ਬਾਅਦ ਮਹਾਰਾਣਾ ਭੀਮ ਸਿੰਘ ਨੇ ਪਿੰਡ ਦੇ ਮੁੱਖੀਆਂ ਦੇ ਇਕੱਠ ਵਿੱਚ ਅੱਗੇ ਤੋਂ ਪਿੰਡ ਦੇ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮੇ ਪਿੰਡ ਵਿੱਚ ਹੀ ਨਿਪਟਾਉਣ ਲਈ ਇੱਕ ਪੰਚਾਇਤ ਦਾ ਗਠਨ ਕੀਤਾ ਸੀ ਜਿਸ ਵਿੱਚ ਮਹਿਤਾ ਸੰਸਾਰ ਸਿੰਘ ਸਾਂਵਲ ਨੂੰ ਵੀ ਸ਼ਾਮਲ ਕੀਤਾ ਗਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਹਿਤਾ ਸ਼ਬਦ ਸਿਰਕੱਢ, ਇੱਜ਼ਤਦਾਰ ਰਾਜਪੂਤਾਂ ਦਾ ਖਿਤਾਬ ਸੀ।

ਦੁਆਬੇ ਵਿੱਚ ਰਾਜਪੂਤਾਂ ਜਦੋਂ ਆਏ ਤਾਂ ਉਹ ਉੱਚੀਆਂ ਸਰਕਾਰੀ ਪਦਵੀਆਂ 'ਤੇ ਸਨ। ਕਈ-ਕਈ ਪਿੰਡਾਂ ਦੀ ਮਾਲਕੀ ਉਨ੍ਹਾਂ ਨੂੰ ਜਗੀਰ ਵਜੋਂ ਮਿਲੀ ਹੁੰਦੀ ਸੀ। ਉਨ੍ਹਾਂ ਨੂੰ ਵੀ ਮਹਿਤਾ ਆਖ ਕੇ ਬੁਲਾਇਆ ਜਾਂਦਾ ਸੀ। ਫਿਰ ਜਦੋਂ ਸਮੇਂ ਨਾਲ ਅਬਾਦੀ ਵਧਦੀ ਗਈ, ਦੁਆਬੇ ਦੇ ਸਾਰੇ ਰਾਜਪੂਤਾਂ ਨੂੰ ਹੀ ਮਹਿਤਾ ਆਖਦੇ ਸੀ। ਅੰਗਰੇਜ਼ਾਂ ਵੱਲੋਂ

---

* *Anannals and Antiquities of Rajasthan Vol.-1, Page 240*

ਜੋ ਪਹਿਲਾ ਜ਼ਮੀਨ ਦਾ ਬੰਦੋਬਸਤ (1852 ਈ.) ਹੋਇਆ, ਉਸ ਵਿੱਚ ਵੀ ਰਾਜਪੂਤ ਮਹਿਤਾ ਹੀ ਲਿਖਿਆ ਗਿਆ ਸੀ। ਸਥਾਨਕ ਬੋਲ-ਚਾਰ ਕਾਰਨ ਇਹ ਸ਼ਬਦ ਵਿਗੜ ਕੇ ਮਹਿਤੋ ਦਾ ਰੂਪ ਧਾਰਨ ਕਰ ਗਿਆ। ਸੰਨ 1883 ਦੀ ਮਰਦਸ਼ੁਮਾਰੀ ਜੋ ਕਿ ਸਰ ਡੈਂਨਜਲ ਇਬਟਸਨ ਨੇ ਤਿਆਰ ਕੀਤੀ ਅਤੇ ਸੰਨ 1892 ਦੀ ਮਰਦਸ਼ਮਾਰੀ ਰਿਪੋਰਟ ਜੋ ਮੈਕਲੇਗਨ ਨੇ ਤਿਆਰ ਕੀਤੀ ਦੇ ਆਧਾਰ ਤੇ H.S. Rose ਵੱਲੋਂ ਲਿਖੀ ਪੁਸਤਕ A Glossary of the Tribes and Castes of Th. Punjab and N.W.F.P. ਜਿਸ ਦੇ Voll.III ਦੇ ਪੰਨਾ 51 'ਤੇ ਲਿਖਿਆ ਹੋਇਆ ਹੈ ਕਿ ਸ਼ਬਦ ਮਹਿਤੋਂ ਨੂੰ ਹੁਣ ਲਿਸਟ ਵਿੱਚ ਮਹਿਤਾ ਰਾਜਪੂਤ ਸਿੱਖ ਲਿਖ ਦਿੱਤਾ ਗਿਆ ਹੈ। ਅੰਗਰੇਜ਼ ਡਿਪਟੀ ਕਮਿਸ਼ਨਰਾਂ ਨੂੰ ਆਪਣੇ ਅਧੀਨ ਤਹਿਸੀਲਦਾਰਾਂ ਅਤੇ ਪਟਵਾਰੀਆਂ ਦੀਆਂ ਰਿਪੋਰਟਾਂ 'ਤੇ ਨਿਰਭਰ ਕਰਨਾ ਪੈਂਦਾ ਸੀ ਤੇ ਸੰਭਵ ਹੈ ਕਿ ਮਾਲ ਮਹਿਕਮੇ ਦੇ ਕਿਸੇ ਅਧਿਕਾਰੀ ਨੇ ਪਹਿਲਾਂ ਇਹ ਸ਼ਬਦ ਮਹਿਤੋਂ ਲਿਖ ਦਿੱਤਾ ਹੋਵੇ ਜਿਸ ਨੂੰ ਰਾਜਪੂਤਾਂ ਨਾਲ ਖਾਰ ਹੋਵੇ।

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਤਹਿਸੀਲ ਨਵਾਂ ਸ਼ਹਿਰ ਵਿੱਚ ਪੈਂਦੇ ਪਿੰਡਾਂ ਸਾਹਲੋਂ ਅਤੇ ਕਰਨਾਣਾ ਦੇ ਰਾਜਪੂਤਾਂ ਨੂੰ ਜੋ ਕਿ ਭੱਟੀ ਅਤੇ ਪਰਹਾਰ ਗੋਤ ਦੇ ਹਨ ਤਾਂ ਰਾਜਪੂਤ ਲਿਖਿਆ ਗਿਆ ਪਰ ਜਲੰਧਰ ਤਹਿਸੀਲ ਵਿੱਚ ਪੈਂਦੇ ਰਾਜਪੂਤਾਂ ਨੂੰ ਮਹਿਤੋਂ ਲਿਖ ਦਿੱਤਾ ਗਿਆ। ਅੰਗਰੇਜ਼ ਅਫ਼ਸਰਾਂ ਦੀ ਅਗਿਆਨਤਾ ਦੀ ਇੱਕ ਮਿਸਾਲ ਹੈ ਕਿ Tribes and Castes Voll.III ਦੇ ਪੰਨਾ 52 'ਤੇ ਰਾਜਾ ਜਗਦੇਵ ਪਰਮਾਰ ਨੂੰ ਵੀ ਮਹਿਤੋਂ ਲਿਖਿਆ ਹੈ। ਕਿੰਨੀ ਹਿਮਾਕਤ ਤੇ ਹਾਸੋਹੀਣੀ ਗੱਲ ਹੈ? ਰਾਜਾ ਜਗਦੇਵ ਪਰਮਾਰ ਦੇ ਵੰਸ਼ ਵਿੱਚੋਂ ਜੱਟਾਂ ਦੇ ਬਹੁਤ ਸਾਰੇ ਗੋਤ ਜਿਵੇਂ ਕਿ ਪਵਾਰ, ਔਲਖ, ਕਾਹਲੋਂ, ਦਿਉਲ, ਦਿਉ ਅਤੇ ਦਲੋਓ ਆਦਿ ਨਿਕਲੇ ਹਨ।

Tribes and Castes ਨਾਮੀ ਪੁਸਤਕ ਵਿੱਚ ਜੋ ਮਹਿਤਮ ਗੋਤਾਂ ਦੀ ਲਿਸਟ ਪੰਨਾ 53, Voll.III 'ਤੇ ਦਰਜ ਹੈ ਉਸ ਵਿੱਚ ਦੁਆਬੇ ਦੇ ਰਾਜਪੂਤਾਂ ਦੇ ਗੋਤ ਪਰਮਾਰ,ਪਰਹਾਰ, ਮਿਨਹਾਸ, ਜਸਵਾਲ ਆਦਿ ਨਹੀਂ ਮਿਲਦੇ ਜਿਸ ਤੋਂ ਸਿੱਧ ਹੁੰਦਾ ਹੈ ਕਿ ਮਹਿਤਮਾਂ ਦਾ ਰਾਜਪੂਤਾਂ ਨਾਲ ਸੰਬੰਧ ਨਹੀਂ ਹੈ। ਪੰਜਾਬ ਸਰਕਾਰ ਨੇ ਸੰਨ 1905 ਵਿੱਚ ਚੌਧਰੀ ਸੁਲਤਾਨ ਅਹਿਮਦ Extra Assistant Commissioner (Special) Punjabi Govt. ਨੂੰ ਦੋਆਬੇ ਦੇ ਰਾਜਪੂਤਾਂ ਬਾਰੇ ਰਿਪੋਰਟ ਕਰਨ ਲਈ ਨਿਯੁਕਤ ਕੀਤਾ ਗਿਆ। ਉਨ੍ਹਾਂ ਦੀ ਰਿਪੋਰਟ ਨੇ ਸਾਰੇ ਭੁਲੇਖੇ ਦੂਰ ਕਰ ਕੇ ਸਪੱਸ਼ਟ ਕਰ ਦਿੱਤਾ ਕਿ ਦੁਆਬੇ ਦੇ ਰਾਜਪੂਤਾਂ ਦੇ ਸਾਰੇ ਗੋਤ ਰਾਜਪੂਤਾਂ ਨਾਲ ਮਿਲਦੇ ਹਨ। ਫਿਰ ਸੰਨ 1935 ਈ. ਵਿੱਚ ਜੋ ਪਿੰਡ ਨਡਾਲੋਂ ਵਿਖੇ ਇਕੱਠ ਹੋਇਆ ਉਸ ਵਿੱਚ ਮਤਾ ਪਾਸ ਕਰ ਕੇ ਸਰਕਾਰ ਤੋਂ ਇਹ ਲਫ਼ਜ਼ ਮਹਿਤੋ ਸਰਕਾਰੀ ਕਾਗਜ਼ਾਂ ਵਿੱਚੋਂ ਕਢਵਾ ਦਿੱਤਾ ਗਿਆ ਤੇ ਕੇਵਲ ਰਾਜਪੂਤ ਹੀ ਰਹਿਣ ਦਿੱਤਾ ਗਿਆ। ਆਜ਼ਾਦੀ ਮਿਲਣ ਤੋਂ ਪਹਿਲਾਂ, 1947

ਤੱਕ ਕਿਸੇ ਵੀ ਦਸਤਾਵੇਜ਼ 'ਤੇ ਹਰ ਇੱਕ ਦੀ ਜਾਤ ਲਿਖੀ ਜਾਂਦੀ ਸੀ। ਇਥੋਂ ਤੱਕ ਕਿ ਮਰਦਮ-ਸ਼ੁਮਾਰੀ ਵਿੱਚ ਵੀ ਜਾਤ ਲਿਖੀ ਜਾਂਦੀ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1104 'ਤੇ ਮਾਰੂ ਰਾਗ ਵਿੱਚ ਕਬੀਰ ਜੀ ਦਾ ਫੁਰਮਾਨ ਹੈ :-

ਦੇਹੀ ਗਾਵਾ, ਜਿਓ ਧਰ ਮਹਤਉ, ਬਸਹਿ ਪੰਚ ਕਿਰਸਾਨਾ।
ਨੈਨੂੰ ਨਕਟੂ ਸ੍ਵਣ ਰਸਪਤਿ, ਇੰਦ੍ਰੀ ਕਹਿਆ ਨਾ ਮਾਨਾ।
ਬਾਬਾ ਅਬ ਨ ਬਸਉ ਇਹ ਗਾਉ।
ਘਰੀ ਘਰੀ ਕਾ ਲੇਖਾ ਮਾਗੈ, ਕਾਇਤ ਚੇਤੂ ਨਾਉ।

ਜਿਸ ਦੇ ਅਰਥ ਹਨ:-ਮਨੁੱਖਾ ਸਰੀਰ ਇੱਕ ਨਗਰ ਦੀ ਤਰ੍ਹਾਂ ਹੈ, ਜੀਵ ਇਸ ਨਗਰ ਦਾ ਚੌਧਰੀ (ਮਹਤਉ) ਹੈ, ਇਸ ਵਿੱਚ ਪੰਜ ਕਿਰਸਾਨ ਵਸਦੇ ਹਨ: ਅੱਖਾਂ, ਨੱਕ, ਕੰਨ, ਜੀਭ ਤੇ ਕਾਮ ਵਾਸ਼ਨਾ ਵਾਲੀ ਇੰਦ੍ਰੀ। ਇਹ ਪੰਜੇ ਜੀਵ ਚੌਧਰੀ (ਮਹਤਉ) ਦਾ ਕਿਹਾ ਨਹੀਂ ਮੰਨਦੇ (ਅਮੋੜ ਹਨ)। ਹੇ ਬਾਬਾ ਹੁਣ ਮੈਂ ਇਸ ਪਿੰਡ ਵਿੱਚ ਨਹੀਂ ਵਸਣਾ, ਜਿਥੇ ਰਿਹਾਂ ਉਹ ਪਟਵਾਰੀ ਜਿਸ ਦਾ ਨਾਮ ਚਿਤਰਗੁਪਤ ਹੈ ਹਰੇਕ ਘੜੀ ਦਾ ਲੇਖ ਮੰਗਦਾ ਹੈ। ਗਿਆਨ ਇੰਦ੍ਰੇ ਇਨਸਾਨ ਨੂੰ ਘੜੀ-ਮੁੜੀ ਵਿਕਾਰਾਂ ਵੱਲ ਪਰੇਰਦੇ ਹਨ, ਜਿਸ ਤੋਂ ਬਚਣ ਲਈ ਪ੍ਰਮਾਤਮਾ ਦੇ ਦਰ 'ਤੇ ਅਰਦਾਸ ਕਰਨੀ, ਮਹਾਂ ਪੁਰਖਾਂ, ਸੰਤਾਂ ਦੀ ਸੰਗਤ ਕਰਨੀ, ਗੁਰਬਾਣੀ ਦੇ ਬਹੁਤ ਪ੍ਰਮਾਣ ਹਨ। ਇਥੇ ਸ਼ਬਦ ਮਹਤਉ ਦਾ ਅਰਥ ਬਹੁਤ ਸਪੱਸ਼ਟ ਹੈ 'ਚੌਧਰੀ', 'ਸਰਦਾਰ, ਆਗੂ'। ਇਸ ਤੋਂ ਸਪੱਸ਼ਟ ਅਰਥ ਕਿਸੇ ਹੋਰ ਮਹਾਨਕੋਸ਼ ਵਿੱਚ ਨਹੀਂ ਮਿਲ ਸਕਦੇ। ਪਹਿਲਾਂ ਤਾਂ ਦੂਜੀਆਂ ਕੌਮਾਂ-ਵਾਲੇ ਮਹਤਉ ਰਾਜਪੂਤ ਆਖਦੇ ਸੀ ਫੇਰ ਕਾਹਲੀ ਵਿੱਚ ਇਕੱਲਾ ਮਹਤਉ ਕਹਿਣ ਲੱਗ ਪਏ ਕਿਉਂਕਿ ਰਾਜਪੂਤ ਤਾਂ ਸਪੱਸ਼ਟ ਹੀ ਸੀ। ਜਿਸ ਤਰ੍ਹਾਂ ਕੋਟਕਪੂਰੇ ਲਾਗੇ ਜੇ ਕਿਸੇ ਨੇ ਬੱਸ ਦੀ ਟਿਕਟ ਲੈਣੀ ਹੋਵੇ ਤਾਂ ਉਹ ਕੰਡਕਟਰ ਨੂੰ "ਇੱਕ ਟਿਕਟ ਕੋਟ ਦੀ" ਹੀ ਕਹਿੰਦਾ ਹੈ। ਕੋਟ ਤੋਂ ਕੋਟਕਪੂਰਾ ਸਧਾਰਨ ਸ਼ਬਦ ਹੀ ਹੈ। ਮਹਤਉ ਜ਼ਮੀਨਾਂ ਦੇ ਮਾਲਕ ਸਨ ਤੇ ਜੱਟ ਇਹਨਾਂ ਦੇ ਮਾਰੂਸ ਸਨ। ਸੰਨ 1947 ਤੋਂ ਪਹਿਲਾਂ ਮਾਣਕੋ ਪਿੰਡ ਜੋ ਢਿਲੋਂ ਜੱਟਾਂ ਦਾ ਹੈ, ਦਾ ਸਰਕਾਰੀ ਮਾਮਲਾ ਡਰੋਲੀ ਕਲਾਂ ਪਿੰਡ ਨੂੰ ਮਿਲਦਾ ਸੀ ਤੇ ਰਾਜੋਵਾਲ ਦਾ ਚੁਖਿਆਰਾ ਦੇ ਸਰੋਆ ਰਾਜਪੂਤ ਸਰਦਾਰਾਂ ਨੂੰ ਮਿਲਦਾ ਸੀ।

ਜੈਨ ਮੱਤ ਦੇ ਬਾਨੀ ਮਹਾਂਬੀਰ ਜੀ ਦਾ ਜਨਮ ਇੱਕ ਰਾਜਪੂਤ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਨੇ ਅਹਿੰਸਾ 'ਤੇ ਜ਼ੋਰ ਦਿੱਤਾ। ਉਨ੍ਹਾਂ ਰਾਜਪੂਤਾਂ ਨੂੰ ਤਲਵਾਰ ਛੱਡਣ ਦੇ ਉਪਦੇਸ਼ ਦੇ ਨਾਲ-ਨਾਲ ਖੇਤੀਬਾੜੀ ਛੱਡਣ ਦੀ ਵੀ ਪ੍ਰੇਰਨਾ ਦਿੱਤੀ। ਕਿਉਂਕਿ ਖੇਤੀਬਾੜੀ ਕਰਦਿਆਂ ਵੀ ਬਹੁਤ ਸਾਰੀ ਜੀਵ ਹੱਤਿਆ ਹੋ ਜਾਂਦੀ ਹੈ। ਉਨ੍ਹਾਂ ਦਾ ਮੱਤ ਧਾਰਨ ਕਰਨ ਵਾਲੇ ਬਹੁਤੇ ਰਾਜਪੂਤ ਹਟਬਾਣੀਏ ਬਣ ਗਏ। ਜਿਨ੍ਹਾਂ ਨੇ ਆਪਣਾ ਛਤਰੀ ਧਰਮ ਨਾ ਛੱਡਿਆ ਉਨ੍ਹਾਂ ਨੂੰ ਮਹੱਤਵ ਰਾਜਪੂਤ ਕਹਿਣ ਲੱਗ ਪਏ।

ਸਮੇਂ ਦੇ ਗੇੜ ਦੇ ਨਾਲ ਮਹੱਤਵ ਬਦਲਦਾ ਬਦਲਦਾ ਮਹਤਉ ਬਣ ਗਿਆ। ਤੁਸੀਂ ਬਹੁਤੇ ਲੋਕਾਂ ਨੂੰ ਅੰਮ੍ਰਿਤਸਰ ਦੀ ਥਾਂ ਅੰਬਰਸਰ ਕਹਿੰਦੇ ਸੁਣਿਆ ਹੈ, ਤੇ ਕਾਲਰੇ ਨੂੰ ਕਾਰਲਾ, ਇੰਗਲਿਸ਼ ਮੈਨ ਨੂੰ ਅੰਗਰੇਜ਼ ਇਤ ਆਦਿ। ਜੇਕਰ ਕਿਤੇ ਅੰਮ੍ਰਿਤਸਰ ਲਿਖਿਆ ਨਾ ਹੁੰਦਾ ਤਾਂ ਅੰਬਰਸਰ ਹੀ ਪ੍ਰਸਿੱਧ ਹੋ ਜਾਣਾ ਸੀ। ਇਸੇ ਤਰ੍ਹਾਂ ਕਈ ਲੋਕ ਕਪੂਰਥਲਾ ਨੂੰ ਕਰਪੂਥਲਾ ਕਹਿੰਦੇ ਹਨ। ਜੇਕਰ ਲਿਖਤ ਵਿੱਚ ਕਪੂਰਥਲਾ ਦਾ ਹੁੰਦਾ ਤਾਂ ਸ਼ਾਇਦ ਸਮੇਂ ਦੇ ਗੁਜ਼ਰਨ ਨਾਲ ਇਹ ਵੀ ਕਰਪੂਥਲਾ ਬਣ ਜਾਣਾ ਸੀ। ਦਿੱਲੀ ਤੋਂ ਦੱਖਣ ਵੱਲ ਅੱਖਰ ਦੇਵ ਨੂੰ ਦੇਉ ਹੀ ਕਹਿੰਦੇ ਹਨ। ਇਸ ਤਰ੍ਹਾਂ ਕਬੀਰ ਜੀ ਨੇ ਮਾਰੂ ਰਾਗ ਵਿੱਚ ਪੰਨਾ 1104 'ਤੇ

"ਦੇਹੀ ਗਾਵਾ ਜਿਉ ਧਰ ਮਹਤਓ"

ਲਿਖਿਆ ਹੈ। ਇਸ ਤਰ੍ਹਾਂ ਮਹੱਤਵ ਰਾਜਪੂਤ ਤੋਂ ਮਹਤਓ ਰਾਜਪੂਤ ਬਣ ਗਿਆ ਲੱਗਦਾ ਹੈ ਤੇ ਅੱਗੇ ਰਾਜਪੂਤਾਂ ਨੂੰ ਘਟੀਆ ਸਮਝਣ ਵਾਲੇ ਲੋਕ ਮਹਤਓ ਹੀ ਆਖਣ ਲੱਗ ਪਏ।

ਡਾ. ਬਖਸ਼ੀਸ਼ ਸਿੰਘ ਨਿੱਜਰ, ਡੁਮੇਲੀ, ਰਿਟਾਇਰਡ ਡਾਇਰੈਕਟਰ ਪੰਜਾਬ ਸਟੇਟ ਆਰਕਾਈਵਜ਼ ਨੇ ਲੇਖਕ ਨੂੰ ਦੱਸਿਆ ਕਿ ਮਹਿਤੋ ਲਫਜ਼ ਐਵੇਂ ਕਿਸੇ ਨੇ ਮਖੌਲ ਵਿੱਚ ਬਿਗਾੜ ਕੇ ਆਖ ਦਿੱਤਾ ਹੋਣਾ ਹੈ। ਜਿਸ ਤਰ੍ਹਾਂ ਪਿੰਡਾਂ ਵਿੱਚ ਲੋਕਾਂ ਦੀ ਅੱਲ ਪੈ ਜਾਂਦੀ ਹੈ ਕਿਸੇ ਨੂੰ 'ਜੁੱਤੀ ਘੜੀਸ', ਕਿਸੇ ਨੂੰ 'ਖੜਕੰਨਾ', ਕਿਸੇ ਨੂੰ 'ਛਕੋਜੀ' ਵਗੈਰਾ-ਵਗੈਰਾ ਆਖਦੇ ਹਨ। ਦੁਆਬੇ ਦੇ ਇਹਨਾਂ ਪਿੰਡਾਂ ਦੇ ਜਿਨ੍ਹਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਇਹ ਦੁਆਬੇ ਦੇ ਸਮੂਹ ਅਸਲੀ ਰਾਜਪੂਤ 36 ਕੁਲੀਏ ਹਨ। ਮਹਤਓ ਲਫਜ਼ ਨੂੰ ਹੋਰ ਕੌਮਾਂ ਨੇ ਜਿਨ੍ਹਾਂ ਨੂੰ ਰਾਜਪੂਤ ਸਿੱਖਾਂ ਨਾਲ ਈਰਖਾ ਸੀ ਆਪਣੇ ਹਿੱਤ ਵਿੱਚ ਵਰਤਿਆ। ਕੁਝ ਲੋਕਾਂ ਨੇ ਅੰਗਰੇਜ਼ ਸਰਕਾਰ ਪਾਸ ਮਿਲਟਰੀ ਵਿੱਚ ਚੁਗਲੀ ਕੀਤੀ ਕਿ ਮਹਤਓ ਤਾਂ ਇੱਕ ਮਾਰਸ਼ਲ ਕੌਮ ਨਹੀਂ ਹੈ। ਇਹਨਾਂ ਦੀ ਭਰਤੀ ਫੌਜ ਵਿੱਚ ਨਾ ਕੀਤੀ ਜਾਵੇ। ਉਨ੍ਹਾਂ ਨੇ ਮਹਿਤਮ ਕੌਮ ਨੂੰ ਹੀ ਮਹਿਤਓ ਆਖ ਦਿੱਤਾ। ਮਹਿਤਮ ਇੱਕ ਨੀਚ ਜਾਤੀ ਦੀ ਕੌਮ ਹੈ ਜੋ ਰਾਵੀ ਆਦਿ ਦਰਿਆਵਾਂ ਦੇ ਕੰਢੇ ਸਿਰਕੀਆਂ ਝੁੱਗੀਆਂ ਵਿੱਚ ਰਹਿੰਦੇ ਹਨ ਅਤੇ ਮੁੰਜ ਤੇ ਬਗੜ ਦਾ ਬਾਣ ਵੱਟ ਕੇ ਆਪਣੀ ਉਪਜੀਵਕਾ ਦਾ ਸਾਧਨ ਬਣਾਉਂਦੇ ਹਨ। ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ ਵਿੱਚ) ਇਹ ਘਾਹ ਦੀਆਂ ਝੁੱਗੀਆਂ ਵਿੱਚ ਰਹਿੰਦੇ ਹਨ ਅਤੇ ਇਹਨਾਂ ਬਾਰੇ ਕਹਾਵਤ ਹੈ ਕਿ "ਕੇਵਲ ਦੋ ਝੁੱਗੀਆਂ ਮਹਿਤਮਾਂ ਦੀਆਂ ਤੇ ਨਾਮ ਖੈਰਆਬਾਦ"। ਸੰਨ 1870 ਤੋਂ ਲੈ ਕੇ ਦਸ-ਬਾਰਾਂ ਸਾਲ ਰਾਜਪੂਤ ਸਿੱਖਾਂ ਨੂੰ ਫੌਜ ਵਿੱਚ ਭਰਤੀ ਨਾ ਕੀਤਾ ਗਿਆ। ਜੋ ਪਹਿਲਾਂ ਭਰਤੀ ਹੋ ਚੁੱਕੇ ਸਨ ਉਨ੍ਹਾਂ ਨੂੰ ਸੂਬੇਦਾਰ ਆਦਿ ਦੀ ਪਦਵੀ ਦੇ ਲਾਇਕ ਨਾ ਸਮਝਿਆ ਗਿਆ। ਇਸ ਨਾਲ ਕੌਮ ਦਾ ਮਨੋਬਲ ਡਿਗਿਆ। ਕੁਝ ਸੂਝਵਾਨ ਲੋਕਾਂ ਨੇ ਕਮਾਂਡਰ-ਇਨ-ਚੀਫ ਨੂੰ ਅਰਜ਼ੀਆਂ ਭੇਜੀਆਂ। ਉਨ੍ਹਾਂ ਨੇ ਦੋ ਅਫਸਰ ਇਸ ਦੀ ਪੜਤਾਲ ਲਈ ਭੇਜੇ ਕਿ ਜਾ ਕੇ

ਦੇਖਣ ਕਿ ਮਹਤਓ ਰਾਜਪੂਤ ਮਾਰਸ਼ਲ ਕੌਮ ਹੈ ਕਿ ਨਹੀਂ, ਕੀ ਇਹ ਅਸਲੀ ਰਾਜਪੂਤ ਇੱਕ ਇੱਜ਼ਤਦਾਰ ਮਾਰਸ਼ਲ ਕੌਮ ਹੈ ਤੇ ਬਹੁਤ ਮਿਹਨਤੀ ਹੈ। ਉਸ ਤੋਂ ਬਾਅਦ ਸਿੱਖ ਰਾਜਪੂਤਾਂ ਨੂੰ ਅੰਗਰੇਜ਼ ਰਾਜ ਦੀ ਫੌਜ ਵਿੱਚ ਭਰਤੀ ਅਤੇ ਤਰੱਕੀ ਆਮ ਵਾਂਗ ਹੀ ਨਹੀਂ ਬਲਕਿ ਦੂਸਰੀਆਂ ਜਾਤੀਆਂ ਤੋਂ ਪਹਿਲ ਦੇਣ ਲੱਗ ਪਏ ਅਤੇ ਪਹਿਲੀ ਤੇ ਦੂਜੀ ਵਿਸ਼ਵ ਲੜਾਈਆਂ ਵਿੱਚ ਜਲੰਧਰ ਦੁਆਬ ਦੇ ਸਿੱਖ ਰਾਜਪੂਤਾਂ ਨੂੰ ਫੌਜੀ ਡਵੀਜ਼ਨਾਂ ਵਿੱਚ ਪਹਿਲ ਦਿੱਤੀ ਜਾਂਦੀ ਰਹੀ ਸੀ। ਕਿਉਂਕਿ ਇਹਨਾਂ ਨੇ ਆਪਣੀ ਯੋਗਤਾ ਨਾਲ ਅੰਗਰੇਜ਼ ਅਫ਼ਸਰਾਂ ਨੂੰ ਪ੍ਰਭਾਵਿਤ ਕੀਤਾ ਸੀ।

ਪਹਿਲੀ ਵਿਸ਼ਵ ਜੰਗ (1914-1919) ਵੇਲੇ ਅੰਗਰੇਜ਼ਾਂ ਵੱਲੋਂ ਰਾਜਪੂਤ ਜੋ ਸਿੱਖ ਬਣ ਗਏ ਸਨ ਨੂੰ ਭਰਤੀ ਵਿੱਚ ਪਹਿਲ ਦਿੱਤੀ ਗਈ। ਉਸ ਸਮੇਂ ਅਜੇ ਸਿੰਘ ਸਭਾ ਲਹਿਰ ਨਹੀਂ ਚੱਲੀ ਸੀ ਤੇ ਦੁਆਬੇ ਦੇ ਰਾਜਪੂਤ ਤਾਂ ਕੀ ਬਹੁਤੇ ਜੱਟ ਵੀ ਹਿੰਦੂ ਹੀ ਸਨ। ਰਾਜਪੂਤਾਂ ਨੇ ਫੌਜ ਵਿੱਚ ਭਰਤੀ ਹੋਣ ਲਈ ਆਪਣੇ ਆਪ ਨੂੰ ਸਿੱਖ ਰਾਜਪੂਤ ਲਿਖਵਾ ਦਿੱਤਾ ਤੇ ਅੰਗਰੇਜ਼ ਸਰਕਾਰ ਦੇ ਫੌਜੀ ਡਸਿਪਲਿਨ ਅਨੁਸਾਰ ਸਿੱਖਾਂ ਨੂੰ ਸਿੱਖੀ ਸਰੂਪ ਵਿੱਚ ਰਹਿਣਾ ਪੈਂਦਾ ਸੀ। ਇਸ ਤਰ੍ਹਾਂ ਹਿੰਦੂ ਬਹੁਗਿਣਤੀ ਵਾਲੇ ਪਿੰਡਾਂ ਭਾਮ, ਨਡਾਲੋਂ, ਬਿੰਜੋਂ, ਰਾਮਪੁਰ, ਰੀਹਲੇ ਆਦਿ ਦੇ ਰਾਜਪੂਤ ਸਿੱਖ ਬਣੇ ਤੇ ਇਸ ਧਰਮ ਦੇ ਗੁਣਾਂ ਦਾ ਫਲ ਪਾ ਕੇ ਸਿੱਖ ਬਣ ਗਏ ਤੇ ਆਪਣੇ ਭਾਈਚਾਰੇ ਨੂੰ ਵੀ ਸਿੱਖੀ ਵਿੱਚ ਸ਼ਾਮਲ ਕੀਤਾ। ਦਰਅਸਲ ਗੁਰਸਿਖੀ ਦੇ ਸਰਲ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਅਸੂਲਾਂ ਨੇ ਹਿੰਦੂ ਰਾਜਪੂਤਾਂ ਨੂੰ ਸਿੱਖੀ ਅਪਨਾਉਣ ਵਲ ਖਿੱਚਿਆ ਸੀ ਜਿਸ ਦਾ ਇਹਨਾਂ ਦੀ ਜ਼ਿੰਦਗੀ ਤੇ ਅਉਲ਼ੇ ਖਾਣ ਦੀ ਤਰ੍ਹਾਂ ਅਸਰ ਹੋਇਆ।

'ਮਹਿਤੋ' ਸ਼ਬਦ ਨੂੰ ਦੁਆਬੇ ਬਿਸਤ ਜਲੰਧਰ ਦੇ ਬਹਾਦਰ, ਛੱਤੀ ਕੁਲੀ ਖਾਨਦਾਨੀ ਰਾਜਪੂਤਾਂ ਨੂੰ ਬਿਲਕੁਲ ਅੱਖੋਂ ਉਹਲੇ ਕਰ ਦੇਣਾ ਚਾਹੀਦਾ ਹੈ। ਪੜਚੋਲੀਏ ਐਵੇਂ ਹੀ ਇਸ ਸ਼ਬਦ ਨੂੰ ਬਾਤ ਦਾ ਬਤੰਗੜ ਬਣਾ ਰਹੇ ਹਨ। ਦੁਆਬੇ ਬਿਸਤ ਜਲੰਧਰ ਦੇ ਰਾਜਪੂਤ, ਪਰਹਾਰ, ਮਿਨਹਾਸ, ਸਰੋਏ, ਡੋਡ, ਮੰਝ, ਲੁੱਡੂ ਤੋਮਾਰ, ਜਸਵਾਲ, ਭੱਟੀ, ਪੁਆਰ, ਜੰਜੂਏ, ਪਰਮਾਰ ਇਤਆਦਿ ਓਹੋ ਹੀ ਹਸਤੀ ਰੱਖਦੇ ਹਨ ਜੋ ਰਾਜਸਥਾਨ ਵਿੱਚ ਛੱਤੀ ਕੁੱਲੇ ਰਾਜਪੂਤ ਰੱਖਦੇ ਹਨ। ਸਮੇਂ ਦੀ ਰਫਤਾਰ ਤੇ ਰੰਗਣ ਅਨੁਸਾਰ, ਇਥੋਂ ਦੇ ਰਾਜਪੂਤ ਨਾ ਤਾਂ ਮੁਸਲਮਾਨ ਸਮਰਾਟਾਂ ਅੱਗੇ ਝੁਕੇ ਤੇ ਨਾ ਹੀ ਉਨ੍ਹਾਂ ਨਾਲ ਟੱਕਰਾਂ ਲੈ ਸਕਦੇ ਸਨ। ਸਿਆਣਪ ਤੇ ਦੀਰਘ ਬੁੱਧੀ ਨਾਲ ਭਾਰਤ ਦੇ ਉੱਤਰ-ਪੱਛਮ ਵੱਲ ਧਾੜਾਂ ਮਾਰਦੇ ਵਧਦੇ ਰਹੇ ਤੇ ਪੰਜ-ਸੱਤ ਸੌ ਸਾਲਾਂ ਵਿੱਚ ਨਵੀਆਂ ਅਬਾਦੀਆਂ ਕਾਇਮ ਕਰ ਲਈਆਂ। ਉੱਪਰ ਦਿੱਤੇ ਤੱਥ ਅੱਜ ਵੀ ਰਾਜਪੂਤਾਂ ਦੇ ਭੱਟਾਂ ਪਾਸੋਂ ਜਾਣੇ ਜਾ ਸਕਦੇ ਹਨ, ਕਿਉਂਕਿ ਸ਼ੁਰੂ ਤੋਂ ਹੀ ਰਹੇ ਰਾਜਪੂਤ ਕਬੀਲੇ ਦਾ ਇੱਕ ਖਾਨਦਾਨੀ ਭੱਟ ਹੁੰਦਾ ਸੀ ਜੋ ਪੁਸ਼ਤ ਦਰ ਪੁਸ਼ਤ ਕਬੀਲੇ ਦਾ ਪੂਰਾ ਇਤਿਹਾਸ ਰੱਖਿਆ ਕਰਦਾ ਸੀ। ਨਿਮਨ ਹਸਤਾਖਰ ਨੂੰ ਨਿੱਜੀ ਤੌਰ ਪਰ ਪਤਾ ਹੈ ਕਿ ਮੁਸਲਮਾਨ ਰਾਜਪੂਤਾਂ ਦੇ ਉਨ੍ਹਾਂ ਦੇ

ਜੱਦੀ ਭੱਟ 1947 ਈ. ਤੱਕ ਆਉਂਦੇ ਵੇਖੇ ਸਨ। ਜੋ ਕਬੀਲੇ ਦੇ ਇਤਿਹਾਸ ਨੂੰ ਹਰ ਜੰਮੇ ਅਤੇ ਮਰੇ ਦਾ ਰਿਕਾਰਡ ਅਪ-ਟੂ-ਡੇਟ ਕਰਦੇ ਸਨ। ਨਿਮਨ ਹਸਤਾਖਰ ਚੰਗੀ ਤਰ੍ਹਾਂ ਤੇ ਭਰੋਸੇ ਨਾਲ ਦਸ ਸਕਦਾ ਹੈ ਕਿ ਮੁਸਲਮਾਨ ਰਾਜਪੂਤਾਂ ਤੇ ਜਲੰਧਰ ਬਿਸਤ ਦੇ ਸਿੱਖ ਰਾਜਪੂਤਾਂ ਦੇ ਸਾਂਝੇ ਭੱਟ ਸਨ। ਕੁਰੂਕਸ਼ੇਤਰ, ਹਰਦੁਆਰ ਤੇ ਨਾਸਕ ਦੇ ਪਾਂਧਿਆਂ ਪਾਸ ਅੱਜ ਵੀ ਬਹੀਆਂ ਵਿੱਚ 1947 ਈ. ਤੱਕ ਦੇ ਰਿਕਾਰਡ ਸ਼ੀਸ਼ੇ ਵਾਂਗ ਰੱਖੇ ਹੋਏ ਮਿਲਦੇ ਹਨ। "ਜੂਇੰਦਾ-ਜਾਵਿੰਦਾ" (ਲੱਭਣ ਵਾਲਾ ਲੱਭ ਲੈਂਦਾ ਹੈ) ਜੋ ਕੋਈ ਇਨਾਂ ਵਿੱਚੋਂ ਮੇਰੇ ਵਰਗਾ ਸਿਰ ਸੜਾ, ਆਖਣ ਵਾਲਾ ਲੱਭੂ ਰਾਜਪੂਤ ਅਥਵਾ ਖੋਜੀ ਹੋਵੇ ਤਾਂ ਸਾਰੇ ਤੱਥ ਚੜ੍ਹੇ ਸੂਰਜ ਵਾਂਗ ਅੱਗੇ ਆ ਸਕਦੇ ਹਨ।

ਹਿੰਦ-ਪਾਕ ਦੀ ਵੰਡ ਉਪਰੰਤ ਰਾਜਪੂਤਾਂ ਦੀ ਉੱਚਤਾ, ਸਿਕਦਾਰੀ ਤੇ ਮਹਾਨਤਾ ਦੇ ਕਾਰਨ, ਪੰਜਾਬ ਦੇ ਝੀਰਾਂ, ਛੀਂਬਿਆਂ, ਸੁਨਿਆਰਾਂ ਤੇ ਅਨੇਕ ਹਰੀਜਨਾਂ ਨੇ ਵੱਖ-ਵੱਖ ਕਬੀਲਿਆਂ ਅੱਗੇ ਰਾਜਪੂਤ ਵਿਸ਼ੇਸ਼ਣ ਜੋੜ ਲਿਆ ਜਿਵੇਂ :ਕਸ਼ਪ ਰਾਜਪੂਤ (ਝੀਰ) ਛੀਂਬੇ (ਟਾਂਕ ਛਤਰੀ) ਰਾਜਪੂਤ ਇਤ ਆਦਿ। ਖੋਤੇ ਦੇ, ਸ਼ੇਰ ਦੀ ਖੱਲ ਗਲ ਪਾ ਦਈਏ ਤਾਂ ਸ਼ੇਰ ਨਹੀਂ ਬਣ ਜਾਂਦਾ। 1940 ਈ. ਦੀ ਗੱਲ ਹੈ ਜੋ ਮੈਂ ਆਪ ਅੱਖੀਂ ਡਿੱਠੀ। ਜਲੰਧਰ ਛਾਉਣੀ ਦਾ ਇੱਕ ਅੰਗਰੇਜ਼ ਰਿਕਰੂਟਿੰਗ ਅਫਸਰ ਭਰਤੀ ਕਰ ਰਿਹਾ ਸੀ। ਬਿਸਤ ਜਲੰਧਰ ਦੁਆਬ ਦਾ ਮਿਨਹਾਸ ਰਾਜਪੂਤ (ਪਧਿਆਣੇ ਦਾ) ਅਸਿਸਟੈਂਟ ਰਿਕਰੂਟਿੰਗ ਅਫਸਰ ਸੀ। ਇੱਕ ਬਾਣੀਆਂ ਦਾ ਬੜਾ ਹੀ ਪਲਿਆ ਹੋਇਆ ਜਵਾਨ ਭਰਤੀ ਲਈ ਹਾਜ਼ਰ ਹੋਇਆ। ਰਿਕਰੂਟਿੰਗ ਅਫ਼ਸਰ ਉਸ ਦਾ ਭਰਵਾਂ ਤੇ ਸੁਡੌਲ ਸਰੀਰ ਦੇਖ ਕੇ ਲੱਟੂ ਹੋ ਗਿਆ ਤੇ ਭਰਤੀ ਕਰ ਲਿਆ। ਸਹਾਇਕ ਅਫਸਰ ਬੜਾ ਵਫਾਦਾਰ ਸੀ। ਉਸ ਨੇ ਅੰਗਰੇਜ਼ ਅਫਸਰ ਨੂੰ ਭਰੋਸੇ ਦੇ ਅੰਦਾਜ਼ ਵਿੱਚ ਆਖਿਆ "ਸਰ ਸਰਕਾਰੀ ਨਿਯਮਾਵਲੀ ਵਿੱਚ ਇਸ ਜਾਤੀ ਦੇ ਲੋਕ ਲੜਾਕੀ ਫੌਜ ਵਿੱਚ ਨਹੀਂ ਰੱਖੇ ਜਾਣੇ ਚਾਹੀਦੇ"। ਜੇ ਆਪ ਜੀ ਨੇ ਰੱਖਣਾ ਹੀ ਹੈ ਤਾਂ ਪਹਿਲਾਂ ਇਸ ਦਾ ਟੈਸਟ ਲੈ ਲਿਆ ਜਾਵੇ। ਰਿਕਰੂਟਿੰਗ ਅਫਸਰ ਨੇ ਹਾਂ ਕਰ ਦਿੱਤੀ। ਉਸ ਜਵਾਨ ਦੀਆਂ ਦੋਨੋ ਬਾਹਾਂ ਉੱਚੀਆਂ ਕਰ ਕੇ ਤੇ ਖਲਾਰਕੇ ਇੱਕ ਹੋਰ ਬੰਦੇ ਨੂੰ ਆਖਿਆ ਕਿ ਉਸ ਦੀਆਂ ਖਲਾਰੀਆਂ ਬਾਹਵਾਂ ਵਿਚਕਾਰ ਦੀ ਫਾਇਰ ਲੰਘਾ ਦੇਵੇ। ਫਾਇਰ ਹੋ ਗਿਆ ਤਾਂ ਅੰਗਰੇਜ਼ ਰਿਕਰੂਟਿੰਗ ਅਫਸਰ ਖੁਸ਼ੀ ਵਿੱਚ ਫੁੱਲਿਆ ਨਾ ਸਮਾਵੇ। ਵਾਹ-ਵਾਹ ਜਵਾਨਾ। ਸਹਾਇਕ ਰਾਜਪੂਤ ਅਫਸਰ ਨੇ ਠੰਡੇ ਜਿਹੇ ਲਹਿਜੇ ਵਿੱਚ ਆਖਿਆ "ਜਨਾਬ ਇਸ ਜਵਾਨ ਦੀ ਪੈਂਟ ਖੋਲ੍ਹ ਵੇਖੋ" ਜਦ ਜਵਾਨ ਦੀ ਪੈਂਟ ਖੋਲ੍ਹ ਕੇ ਵੇਖੀ ਗਈ ਤਾਂ ਪੈਂਟ ਵਿੱਚੋਂ ਅੱਧਾ ਟੋਕਰਾ ਲਿੱਦ ਦਾ ਨਿਕਲਿਆ।

ਇਸ ਪ੍ਰਕਾਰ ਭਾਵੇਂ ਸਾਰੇ ਸ਼੍ਰੇਣੀਆਂ ਦੇ ਕਬੀਲੇ ਰਾਜਪੂਤਾਂ ਦੇ ਗੋਤਾਂ ਦੇ ਗੋਤ ਆਪਣੇ ਨਾਵਾਂ ਨਾਲ ਜੋੜ ਲੈਣ, ਜੰਗ ਵੱਲ ਜਾਂਦਿਆਂ ਦੇ ਇੱਕ ਪੈਰ ਅੱਗੇ ਤੇ ਤਿੰਨ ਪੈਰ ਪਿੱਛੇ ਵੱਲ ਹੋਣਗੇ। ਅਸਲੀ ਖ਼ੂਨ ਬਦਲੇ ਨਹੀਂ ਜਾ ਸਕਦੇ।

# ਪਹਿਲੇ ਲਿਖਾਰੀਆਂ ਬਾਰੇ

17-8-1893 ਨੂੰ ਡਾ. ਮਈਆ ਸਿੰਘ ਮਿਨਹਾਸ ਡਰੋਲੀ ਕਲਾਂ ਨੇ ਬਰਾਦਰੀ ਦਾ ਅਜਲਾਸ ਆਮ ਕੀਤਾ ਜਿਸ ਵਿੱਚ ਬਰਾਦਰੀ ਦੀ ਭਲਾਈ ਦੀਆਂ ਗਾਲਾ ਤੋਂ ਇਲਾਵਾ ਮਹਤਓ ਸ਼ਬਦ ਦੇ ਹੀਣਤਾ ਭਰੇ ਅਸਰ 'ਤੇ ਡੂੰਘਾ ਵਿਚਾਰ ਹੋਇਆ ਅਤੇ ਲੋਕਾਂ ਵਿੱਚ ਇਸ ਵਿਰੁੱਧ ਚੇਤਨਾ ਉਜਾਗਰ ਕਰਨ 'ਤੇ ਜ਼ੋਰ ਦਿੱਤਾ ਗਿਆ।

1935 ਵਿੱਚ ਪਧਿਆਣੇ ਦੇ ਵਾਸੀ ਕੈਪਟਨ ਜ਼ੋਰਾਵਰ ਸਿੰਘ ਹੋਰਾਂ ਨੇ ਨਡਾਲੋਂ ਵਿਖੇ ਦੁਆਬ ਬਿਸਤ ਜਲੰਧਰ ਦੇ ਰਾਜਪੂਤਾਂ ਦਾ ਇੱਕ ਭਾਰੀ ਇਕੱਠ ਕੀਤਾ ਜਿਸ ਵਿੱਚ ਰਾਜਸਥਾਨ ਦੇ ਰਾਜੇ ਪਹਾੜੀ ਰਾਜਿਆਂ ਵਿੱਚੋਂ ਮਹਾਰਾਜਾ ਨਾਹਨ ਟਿੱਕਾ ਹਰਮੇਸ਼ ਸਿੰਘ ਹਾਜ਼ਰ ਹੋਏ। ਇਸ ਇਕੱਠ ਵਿੱਚ ਅੱਗੇ ਤੋਂ ਆਪਸ ਵਿੱਚ ਰਿਸ਼ਤੇ ਕਰਨ ਦਾ ਅੜਿੱਕਾ ਕੇਵਲ ਇਸ ਕਰ ਕੇ ਦੂਰ ਨਾ ਹੋਇਆ ਕਿਉਂਕਿ ਸਿੱਖ ਰਾਜਪੂਤ ਹੁੱਕਾ ਪੀਣ ਵਾਲਿਆਂ ਨਾਲ ਰਿਸ਼ਤੇ ਕਰਨ ਨੂੰ ਤਿਆਰ ਨਾ ਹੋਏ। ਹਿੰਦੂ ਰਾਜਪੂਤ ਤਾਂ ਰਿਸ਼ਤੇ ਕਰਨ ਨੂੰ ਤਿਆਰ ਸਨ। ਵੱਡੇ-ਵੱਡੇ ਸਿਵਲ ਅਤੇ ਮਿਲਟਰੀ ਦੇ ਅਫ਼ਸਰਾਂ ਨੇ ਵੀ ਸ਼ਿਰਕਤ ਕੀਤੀ। ਇਸ ਇਕੱਠ ਨੇ ਇੱਕ ਮਤਾ ਪਾਸ ਕੀਤਾ ਕਿ ਸਰਕਾਰੀ ਰਿਕਾਰਡ ਵਿੱਚ ਜੋ ਲਫਜ਼ ਮਤਤਓ ਲਿਖਿਆ ਗਿਆ ਹੈ ਉਹ ਕੱਢ ਦਿੱਤਾ ਜਾਵੇ। ਪਹਿਲੇ ਬੰਦੋਬਸਤ ਵਿੱਚ ਇਹ ਲਫਜ਼ ਮਹਿਤਾ ਰਾਜਪੂਤ ਲਿਖਿਆ ਗਿਆ ਸੀ। 1935 ਦੇ ਇਕੱਠ ਦੇ ਮਤੇ 'ਤੇ ਅਮਲ ਕਰਦਿਆਂ ਸਰਕਾਰੀ ਰਿਕਾਰਡ 'ਚੋਂ ਮਹਿਤੋ ਹਟਾ ਕੇ ਕੇਵਲ ਰਾਜਪੂਤ ਹੀ ਕਰ ਦਿੱਤਾ ਗਿਆ।

ਸਾਨੂੰ ਸਭ ਨੂੰ ਡਾ. ਮਈਆ ਸਿੰਘ ਮਿਨਹਾਸ ਅਤੇ ਕੈਪਟਨ ਜ਼ੋਰਾਵਰ ਸਿੰਘ ਜੀ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੇ ਰਾਜਪੂਤ ਜੋ ਸਿੱਖ ਬਣ ਗਏ ਉਨ੍ਹਾਂ ਦਾ ਮਨੋਬਲ ਉੱਚਾ ਚੁੱਕਣ ਦਾ ਉਪਰਾਲਾ ਕੀਤਾ।

ਇਸੇ ਤਰ੍ਹਾਂ ਠਾਕਰ ਨਗੀਨਾ ਰਾਮ ਪਰਮਾਰ ਪਿੰਡ ਪਾਂਛਟਾ ਨੇ ਵੀ ਦੁਆਬੇ ਦੇ ਰਾਜਪੂਤਾਂ ਨੂੰ ਅਸਲੀ ਰਾਜਪੂਤ ਸਾਬਤ ਕਰਨ ਲਈ ਬਹੁਤ ਅਣਥਕ ਮਿਹਨਤ ਕੀਤੀ ਉਨ੍ਹਾਂ ਦੇ ਉੱਦਮ ਨੂੰ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਸ੍ਰੀ ਅਵਤਾਰ ਚੰਦ ਪਰਮਾਰ ਜੀ ਨਾਲ ਮੇਰੀ ਮੁਲਾਕਾਤ ਅਪ੍ਰੈਲ 2003 ਵਿੱਚ ਹੋਈ ਉਨ੍ਹਾਂ ਨੇ ਗਿਲਾ ਕੀਤਾ ਕਿ ਉਨ੍ਹਾਂ ਦੀ ਲਿਖੀ ਪੁਸਤਕ "ਇਤਿਹਾਸ ਦੁਆਬਾ ਰਾਜਪੂਤ" ਦੀ ਰਾਜਪੂਤਾਂ ਨੇ ਕਦਰ ਨਹੀਂ ਕੀਤੀ। ਮੈਂ ਉਨ੍ਹਾਂ ਨੂੰ ਕਿਹਾ

*ਅਹਲਿ ਫਨ ਖ਼ਾਕ ਨਸ਼ੀਂ ਰਹਿਤੇ ਹੈਂ ਮਰਤੇ ਦਮ ਤਕ,*
*ਬਾਅਦ ਮੇਂ ਲੋਗ ਇਨਹੇਂ ਦਿਲ ਮੇਂ ਜਗ੍ਹਾ ਦੇਤੇ ਹੈਂ।*

**(-ਸਤਨਾਮ ਸਿੰਘ ਖ਼ੁਮਾਰ)**

ਲੋਕਾਂ ਕੋਲ ਪੁਸਤਕਾਂ ਪੜ੍ਹਨ ਦਾ ਸਮਾਂ ਹੀ ਨਹੀਂ ਜਾਂ ਪੜ੍ਹਨਾ ਨਹੀਂ ਚਾਹੁੰਦੇ ਤਾਂ ਹੀ ਤਾਂ ਸਰ ਮੁਹੰਮਦ ਇਕਬਾਲ ਨੂੰ ਕਹਿਣਾ ਪਿਆ ਸੀ:-

*ਕੌਨ ਸੁਨੇਗਾ ਇਕਬਾਲ ਇਨਕੋ ਯਿਹ ਦੁਨੀਆਂ ਬਦਲ ਗਈ ਹੈ*
*ਨਏ ਜ਼ਮਾਨੇ ਮੇਂ ਆਪ ਹਮ ਕੋ ਪੁਰਾਨੀ ਬਾਤੋਂ ਸੁਨਾ ਰਹੇ ਹੈਂ।*

*ਅਤੇ*

*ਯਿਹ ਸਾਹਿਲ ਕੇ ਤਮਾਸ਼ਾਈ ਹਰ ਡੂਬਨੇ ਵਾਲੇ ਪਰ,*
*ਅਫਸੋਸ ਤੋਂ ਕਰਤੇ ਹੈਂ ਇਮਦਾਦ ਨਹੀਂ ਕਰਤੇ।*

ਪਧਿਆਣੇ ਦੇ ਸ. ਮੋਹਣ ਸਿੰਘ ਮਿਨਹਾਸ ਸਵਰਗਵਾਸੀ ਹੋਰਾਂ ਨੇ 1992 ਵਿੱਚ ਸਾਡਾ ਪਿਛੋਕੜ ਨਾਮੀ ਕਿਤਾਬ ਲਿਖ ਕੇ ਸਹੀ ਦਿਸ਼ਾ ਵਿੱਚ ਇੱਕ ਕਦਮ ਪੁੱਟਿਆ। ਰਾਜਪੂਤ ਉਨ੍ਹਾਂ ਦੇ ਰਿਣੀ ਹਨ।

ਇਸੇ ਤਰ੍ਹਾਂ ਸ. ਪ੍ਰੀਤਮ ਸਿੰਘ ਮਿਨਹਾਸ ਪਿੰਡ ਪਧਿਆਣਾ ਹੋਰਾਂ "ਦੋਆਬੇ ਦੇ ਰਾਜਪੂਤ" ਨਾਮੇ ਵੀਹ ਕੁ ਪੰਨੇ ਦਾ ਕਿਤਾਬਚਾ ਛਾਪ ਕੇ ਵੀ ਆਪਣੀ ਰਾਜਪੂਤੀ ਅਣਖ ਦੀ ਸ਼ਮ੍ਹਾ ਨੂੰ ਰੌਸ਼ਨ ਰੱਖਣ ਦੀ ਕੋਸ਼ਿਸ਼ 1994 ਵਿੱਚ ਕੀਤੀ ਹੈ। ਸ. ਪ੍ਰੀਤਮ ਸਿੰਘ ਹੋਰੀਂ ਵੀ ਸਾਡੇ ਸਭ ਰਾਜਪੂਤਾਂ ਦੀ ਸ਼ਲਾਘਾ ਦੇ ਹੱਕਦਾਰ ਹਨ।

# ਡਰੋਲੀ ਕਲਾਂ ਦੀ ਇਕੱਤਰਤਾ

## ਮਿਤੀ 17 ਸਤੰਬਰ, ਸੰਨ 1893

ਡਾ. ਮਈਆ ਸਿੰਘ ਮਿਨਹਾਸ ਹੋਰਾਂ ਦੇ ਉੱਦਮ ਨਾਲ ਪਿੰਡ ਡਰੋਲੀ ਕਲਾਂ ਵਿਖੇ 17 ਸਤੰਬਰ 1893 ਨੂੰ ਇੱਕ ਵੱਡਾ ਭਾਰੀ ਇਕੱਠ ਕੀਤਾ ਗਿਆ। ਬਾਅਦ ਵਿੱਚ ਕਈ ਮੂਰਖ ਲੋਕਾਂ ਨੇ ਡਾਕਟਰ ਸਾਹਿਬ ਬਾਬਤ ਕਿਹਾ ਕਿ ਇਕੱਲਾ ਹੀ ਕੱਠ ਕਰਦਾ ਫਿਰਦਾ ਹੈ, ਰਸਮਾਂ ਦਾ ਸੁਧਾਰ ਕਰਦਾ ਫਿਰਦਾ ਹੈ, ਸਾਨੂੰ ਪੁੱਛਿਆ ਵੀ ਨਹੀਂ। ਦਰ ਅਸਲ ਰਸਮੋ-ਰਿਵਾਜ਼ ਵਿੱਚ ਸੁਧਾਰ ਜਾਂ ਤਾਂ ਸਰਕਾਰੀ ਹੁਕਮ ਨਾਲ ਤੇ ਜਾਂ ਸਾਰੀ ਬਰਾਦਰੀ ਪੰਚਾਇਤ ਹੀ ਤਰ੍ਹਾਂ ਕਰ ਸਕਦੀ ਹੈ। ਸੋ ਇਹ ਇਕੱਠ ਇੱਕ ਪੰਚਾਇਤ ਦੀ ਤਰ੍ਹਾਂ ਸੀ। ਇਸ ਵਿੱਚ ਜਿਨ੍ਹਾਂ ਵਿਸ਼ਿਆ 'ਤੇ ਵਿਚਾਰ ਕੀਤਾ ਗਿਆ ਉਨ੍ਹਾਂ ਵਿੱਚੋਂ ਬਹੁਤੇ ਹੱਲ ਹੋ ਚੁੱਕੇ ਹਨ ਪਰ ਸਾਨੂੰ ਸਭ ਨੂੰ ਇਸ ਦੇ ਪੜ੍ਹਨ ਨਾਲ ਉਸ ਸਮੇਂ ਦੀ ਸਾਡੀ ਸਮਾਜਿਕ ਜ਼ਿੰਦਗੀ, ਰਹਿਣ-ਸਹਿਣ, ਵਿਆਹ-ਸ਼ਾਦੀਆਂ, ਮਰਨ ਉਪਰੰਤ ਰਸਮਾਂ ਦਾ ਪਤਾ ਲੱਗਦਾ ਹੈ। ਇਸ ਇਕੱਠ ਵਿੱਚ ਇਹ ਮਤੇ ਪਾਸ ਹੋਏ:-

1. ਨਿਰਾ ਮਹਿਤੋ ਸ਼ਬਦ ਕੋਈ ਨਾ ਬੋਲੇ। ਸਦਾ ਮਹਿਤਾ ਰਾਜਪੂਤ ਬੋਲਿਆ ਜਾਵੇ।
2. ਹਰ ਇੱਕ ਵਿਅਕਤੀ ਇੱਜ਼ਤ ਵਾਲਾ ਪਹਿਰਾਵਾ ਪਹਿਨੇ।
3. ਇਸਤਰੀਆਂ ਦੀ ਪੁਸ਼ਾਕ ਵਿੱਚ-ਉਪਰਲਾ ਕੱਪੜਾ, ਕੁੜਤੀ, ਸੁੱਥਣ, ਘੱਗਰਾ ਹੋਣਾ ਜ਼ਰੂਰੀ ਹੈ।
4. ਕੋਈ ਇਸਤਰੀ ਭਾਰੀ ਤੇ ਲੰਮਾ ਘੱਗਰਾ ਨਾ ਪਾਵੇ।
5. ਇਸਤਰੀਆਂ ਆਪਣੀ ਬਰਾਦਰੀ ਦੇ ਮਰਦਾਂ ਤੋਂ ਮਾਮੂਲੀ ਅਤੇ ਗੈਰ ਬਰਾਦਰੀ ਦੇ ਮਰਦਾਂ ਤੋਂ ਪੂਰਾ ਪੜਦਾ ਕਰਨ।
6. ਇਸਤਰੀਆਂ ਨੂੰ ਰਸਤੇ ਚਲਦੇ ਆਪਣੇ ਜਾਂ ਬੇਗਾਨਿਆਂ ਕਿਸੇ ਨਾਲ ਗੱਲ ਨਹੀਂ ਕਰਨੀ ਚਾਹੀਦੀ।
7. ਕਮੀਣ ਲੋਕਾਂ ਦਾ ਬਿਨਾਂ ਕਿਸੇ ਖਾਸ ਕੰਮ ਦੇ ਘਰਾਂ ਵਿੱਚ ਜਾਣਾ ਬੰਦ ਕੀਤਾ ਜਾਵੇ।
8. ਸਾਧੂਆਂ ਭਗਵੇਂ ਕੱਪੜੇ ਵਾਲਿਆਂ ਦਾ ਘਰਾਂ ਅੰਦਰ ਜਾਣਾ ਬੰਦ ਕੀਤਾ ਜਾਵੇ।
9. ਇਸਤਰੀਆਂ ਦਾ ਗਲੀ ਵਿੱਚ ਜਾਂ ਕੋਠਿਆਂ 'ਤੇ ਚੜ੍ਹਕੇ ਲੜਨਾ ਬੰਦ ਕੀਤਾ ਜਾਵੇ।
10. ਇਸਤਰੀਆਂ ਦਾ ਖੂਹਾਂ ਅਤੇ ਚਲ੍ਹਿਆਂ ਆਦਿ 'ਤੇ ਮੈਲੇ ਹੱਥ ਧੋਣਾ ਅਤੇ ਨਹਾਉਣਾ ਬੰਦ ਕੀਤਾ ਜਾਵੇ।
11. ਇਸਤਰੀਆਂ ਦਾ ਫਸਲ ਦੀ ਕਟਾਈ ਅਤੇ ਘਾਹ ਖੋਤਣਾ ਬੰਦ ਕੀਤਾ ਜਾਵੇ।

ਇਹ ਕੰਮ ਨੀਵੀਂ ਜਾਤ ਦੀਆਂ ਇਸਤਰੀਆਂ ਦੇ ਹਨ।

12. ਇਸਤਰੀਆਂ ਨੂੰ ਗੰਦੇ ਗੀਤ ਗਾਉਣ ਅਤੇ ਗਿੱਧਾ ਪਾਉਣ ਤੋਂ ਰੋਕਿਆ ਜਾਵੇ।
13. ਇਸਤਰੀਆਂ ਦਾ ਮੇਲੇ ਜਾਣਾ ਬੰਦ ਕੀਤਾ ਜਾਵੇ।
14. ਘਰਦਿਆਂ ਦੇ ਹੁੰਦੇ ਕਿਸੇ ਇਸਤਰੀ ਦਾ ਪੰਚਾਇਤ ਜਾਂ ਨਿਉਂਦੇ ਵਿੱਚ ਜਾਣਾ ਠੀਕ ਨਹੀਂ।
15. ਦੂਜੀ ਕੌਮ ਦਿਆਂ ਲੋਕਾਂ ਨਾਲ ਖਾਣੇ ਪੀਣੇ ਤੋਂ ਪਰਹੇਜ਼ ਕੀਤਾ ਜਾਵੇ।
16, ਜਨੇਊ ਸਭ ਨੂੰ ਧਾਰਨ ਕਰਨਾ ਚਾਹੀਏ (ਯਗਯੋ ਪਵੀਤ)
17. ਛੋਟੇ ਬਾਲਕਾਂ ਦੇ ਗਹਿਣਾ ਪਾਉਣਾ ਬੰਦ ਕੀਤਾ ਜਾਵੇ।
18. ਕੁੜਮਾਈ ਵੇਲੇ ਲੜਕੇ ਦੀ ਉਮਰ ਲੜਕੀ ਨਾਲੋਂ ਚਾਰ ਸਾਲ ਵੱਧ ਹੋਵੇ।
19. ਦੋਨੋ ਘਰ ਬਰਾਬਰ ਦੇ ਦੇਖ ਕੇ ਕੁੜਮਾਈ ਕੀਤੀ ਜਾਵੇ। ਵਿਚੋਲੇ ਬੰਦ ਕੀਤੇ ਜਾਣ।
20. ਕੁੜਮਾਈ ਦਾ ਸ਼ਗਨ ਬ੍ਰਾਹਮਣ ਹੱਥ ਭੇਜ ਦਿੱਤਾ ਜਾਵੇ।
21. ਕੁੜਮਾਈ ਵੇਲੇ ਇੱਕ ਰੁਪਏ ਦੇ ਪਤਾਸੇ ਜਾਂ ਦਸ ਸੇਰ ਸ਼ੱਕਰ ਵੰਡੀ ਜਾਵੇ।
22. ਬਾਲ ਵਿਆਹ ਬਿਲਕੁਲ ਬੰਦ ਕੀਤਾ ਜਾਵੇ।
23. ਵਿਆਹ ਘਰ ਦੀ ਪੁੱਜਤ ਮੂਜਬ ਹੋਣਾ ਚਾਹੀਏ ਇਸ ਵਾਸਤੇ ਤਿੰਨ ਦਰਜੇ ਮੁਕਰਰ ਕੀਤੇ ਜਾਂਦੇ ਹਨ:-

    ਪਹਿਲਾ ਦਰਜਾ-ਜਨੇਤ ਦੇ ਆਦਮੀ 101, ਦਾਜ 300 ਰੁਪਏ ਨਕਦੀ ਤੋਂ ਵੱਧ ਨਾ ਹੋਵੇ।

    ਮੱਧਮ ਦਰਜਾ-ਜਨੇਤ ਦੇ ਆਦਮੀ 30, ਦਾਜ 101 ਰੁਪਏ ਨਕਦੀ ਤੋਂ ਵੱਧ ਨਾ ਹੋਵੇ।

    ਤੀਜਾ ਦਰਜਾ-ਇੱਕ ਜਾਂ ਦੋ ਸਾਊ ਅਤੇ ਦੋ ਤਿੰਨ ਸਰਬਾਲੇ ਦਾਜ 51 ਰੁਪਏ ਨਕਦੀ ਤੋਂ ਵੱਧ ਨਾ ਹੋਵੇ।
24. ਪਹਿਲੇ ਦਰਜੇ ਵਾਲੇ ਦੋਹਰੇ ਗਹਿਣੇ ਪਾਉਣ। ਠੂਠੀ ਆਦਿਕ ਦੋ ਤਿੰਨ ਗਹਿਣੇ ਸੋਨੇ ਦੇ ਵੀ ਪਾਉਣ। ਦੂਜੇ ਵਰਗ ਵਿੱਚ ਇਕਹਰੇ ਗਹਿਣੇ। ਠੂਠੀ ਸੋਨੇ ਦੀ ਅਤੇ ਇੱਕ ਦੋ ਗਹਿਣੇ ਚਾਂਦੀ ਦੇ ਤੀਜੇ ਨਾਲੋਂ ਵੱਧ ਪਾਉਣ।
25. ਅੱਗੇ ਨੂੰ ਡੋਲ੍ਹਾ ਬੰਦ ਕੀਤਾ ਜਾਵੇ। ਵਿਆਹ ਵਿੱਚ ਵਹੁਟੀ ਗੱਡੀ ਵਿੱਚ ਆਵੇ ਤੇ ਚੌਥੇ ਦਿਨ ਲੜਕੀ ਵਾਲੇ ਆਪਣੀ ਕੰਨਿਆਂ ਨੂੰ ਲੈ ਜਾਣ। ਕਿਉਂਕਿ ਝੀਰ ਕਿਸੇ ਬੜੇ ਛੋਟੇ ਦਾ ਅਦਬ ਨਹੀਂ ਕਰਦੇ।
26. ਗੁੜ ਅਤੇ ਗੋਗਲਿਆਂ ਦੀ ਭਾਜੀ ਬੰਦ ਕੀਤੀ ਜਾਵੇ। ਹੋਰ ਕੌਮਾਂ ਦੀ ਤਰਾਂ ਸੁਪਾਰੀ ਅਤੇ ਪੀਲੇ ਚਾਵਲ ਦੀ ਭਾਜੀ ਸੁਨੇਹੇ ਵਜੋਂ ਭੇਜੀ ਜਾਵੇ।
27. ਜੋ ਧੀ ਧਿਆਣੀ ਮਰ ਗਈ ਹੋਵੇ ਉਸ ਦੇ ਵਾਰਸਾਂ ਨੂੰ ਵਿਆਹ ਦੀ ਦੁਆਨੀ

ਦੇਣੀ ਬੰਦ ਕੀਤੀ ਜਾਵੇ।

28. ਜਨੇਤ ਨੂੰ ਪਿੰਡ ਲਿਆਉਣ ਵੇਲੇ ਕੋਈ ਜਨਾਨੀ ਪੰਚਾਇਤ ਦੇ ਨਾਲ ਨਾ ਜਾਵੇ। ਜਨੇਤ ਨੂੰ ਵਾਜੇ ਗਾਜੇ ਨਾਲ ਪਿੰਡ ਵਿੱਚ ਲਿਆਂਦਾ ਜਾਵੇ।

29. ਕੁੜਮ ਹਰ ਜਨੇਤ ਨਾਲ ਜਾਣਾ ਚਾਹੀਏ। ਮਿਲਣੀਆਂ ਇਸ ਤਰ੍ਹਾਂ ਹੋਣ :–
ਪਹਿਲੇ ਦਰਜੇ ਵਾਲੇ ਕੁੜਮ ਦੀ ਮਿਲਣੀ 5 ਰੁਪਏ
ਦੂਜੇ ਦਰਜੇ ਵਾਲੇ ਕੁੜਮ ਦੀ ਮਿਲਣੀ 2 ਰੁਪਏ
ਤੀਜੇ ਦਰਜੇ ਵਾਲੇ ਕੁੜਮ ਦੀ ਮਿਲਣੀ 1 ਰੁਪਏ
ਬਾਕੀ ਸਾਊਆਂ ਨੂੰ ਦੋ ਜਾਂ ਇੱਕ ਰੁਪਏ ਦੀ ਮਿਲਣੀ।

30. ਵਿਆਹ ਵਿੱਚ ਸਿਠਣੀਆਂ ਅਤੇ ਦੂਦ ਬਾਣੇ ਬੰਦ ਕੀਤੇ ਜਾਣ।

31. ਨਾਨਕੀ ਛੱਕ ਕੋਈ ਵੀ 21 ਰੁਪਏ ਤੋਂ ਵੱਧ ਨਾ ਲੈ ਕੇ ਜਾਵੇ।

32. ਕਿਸੇ ਨੇ ਜੇ ਗੈਰ ਕੌਮ ਦੀ ਇਸਤਰੀ ਘਰ ਰੱਖੀ ਹੋਵੇ ਤਾਂ ਉਸ ਦੀ ਔਲਾਦ ਨਾਲ ਬਰਾਦਰੀ ਵਿੱਚ ਰਿਸ਼ਤਾ ਨਾ ਕੀਤਾ ਜਾਵੇ। ਹਰ ਆਦਮੀ ਜਾਤ ਨਾਲ ਹੀ ਬੜਾ ਹੈ। ਜਾਤ ਤੋਂ ਬਿਨਾ ਕਿਸੇ ਕੰਮ ਦਾ ਨਹੀਂ।

33. ਇਸਤਰੀਆਂ ਦਾ ਇਕੱਠੀਆਂ ਹੋ ਕੇ ਮਕਾਣ ਲੈ ਕੇ ਜਾਣਾ ਠੀਕ ਨਹੀਂ। ਕੁਝ ਆਦਮੀ ਜਾ ਕੇ ਮਕਾਣ ਦੇ ਆਉਣ। ਜਿਸ ਇਸਤਰੀ ਦਾ ਸੰਬੰਧੀ ਮਰ ਗਿਆ ਹੋਵੇ ਉਹ ਕਿਸੇ ਲਾਗਣ ਨੂੰ ਨਾਲ ਲੈ ਕੇ ਮਕਾਣ ਦੇ ਆਵੇ।

34. ਕਿਸੇ ਵੀ ਮੌਤ ਤੋਂ ਬਾਅਦ ਕਿਰਿਆ ਹੋ ਜਾਣ ਪਿਛੋਂ ਇਸਤਰੀਆਂ ਦਾ ਸਿਰ ਖੁੱਲ੍ਹਾ ਰੱਖਣਾ ਚੰਗਾ ਨਹੀਂ। ਇੱਕ ਮਹੀਨੇ ਪਿੱਛੋਂ ਗਹਿਣੇ ਵੀ ਪਾ ਲੈਣੇ ਚਾਹੀਦੇ ਹਨ।

35. ਸੋਹਲ੍ਹੇ ਉੱਪਰ ਚਾਰ–ਚਾਰ ਆਨੇ ਮਿੱਟੀ ਦੇ ਭਾਂਡਿਆਂ ਉੱਤੇ ਦਿੱਤੇ ਜਾਣ। ਮੁਰਦੇ ਦੇ ਸੰਸਕਾਰ ਵੇਲੇ ਨਾਈ ਅਤੇ ਮਰਾਸੀ ਨੂੰ ਸਿਰਫ ਚਾਰ–ਚਾਰ ਪੈਸੇ ਦਿੱਤੇ ਜਾਣ।

36. ਕੋਈ ਵੀ ਮ੍ਰਿਤੂ ਜੋ 70 ਬਰਸ ਕੇ ਹੇਠਾਂ ਹੋਵੇ ਉਸ ਨੂੰ ਬੁੱਢੇ ਦੀ ਮ੍ਰਿਤੂ ਕਰ ਕੇ ਨਾ ਮਨਾਇਆ ਜਾਵੇ।

37. ਛੋਟੇ ਮੁਕੱਦਮਾਤ (ਝਗੜੇ) ਬਰਾਦਰੀ ਦੀ ਪੰਚਾਇਤ ਵਿੱਚ ਨਬੇੜੇ ਜਾਣ ਪਿੰਡ ਵਾਲੇ ਪੰਚਾਇਤ ਚੁਨਣ ਅਤੇ ਬਦਲਣ ਦਾ ਹੱਕ ਰੱਖਦੇ ਹਨ।

38. ਜੋ ਪੁਰਸ਼ ਕੰਨਿਆ ਦਾ ਮੁੱਲ ਲੈ ਕੇ ਵਿਆਹ ਕਰੇਗਾ ਉਸ ਨਾਲ ਬਰਾਦਰੀ ਵਾਲੇ ਮਿਲਣਾ ਬੰਦ ਕਰਨ।

39. ਜੋ ਪੁਰਸ਼ ਆਪਣੀ ਵਿਆਹੁਤਾ ਇਸਤਰੀ ਨੂੰ ਵੇਚੇਗਾ ਉਸ ਨੂੰ ਤੇ ਖਰੀਦਾਰ ਦੋਨਾ ਨੂੰ ਬਰਾਦਰੀ 'ਚੋਂ ਅਲੱਗ ਕੀਤਾ ਜਾਵੇ।

40. ਜੋ ਕੋਈ ਆਪਣੇ ਮਾਤਾ–ਪਿਤਾ ਦੀ ਟਹਿਲ ਸੇਵਾ ਨਾ ਕਰੇਗਾ ਤਾਂ ਉਸ ਨੂੰ 40

ਮਣ ਦਾਣੇ ਅਤੇ 4 ਰੁਪਏ ਨਕਦ ਹਰ ਫਸਲ 'ਤੇ ਦੇਣੇ ਹੋਣਗੇ।

41. ਜੋ ਕੋਈ ਬੁੱਢੀ ਗਾਂ, ਮੱਝ ਜਾਂ ਬੈਲ ਕਿਸੇ ਕਸਾਈ ਨੂੰ ਵੇਚੇਗਾ ਤਾਂ ਉਸ ਨੂੰ ਬਰਾਦਰੀ 'ਚੋਂ ਅਲੱਗ ਕੀਤਾ ਜਾਵੇਗਾ।

42. ਪਿੰਡ ਵਿੱਚ ਕੋਈ ਦੂਸਰੀ ਜਾਤੀ ਵਾਲਾ ਬਿਨਾ ਬ੍ਰਾਹਮਣ ਦੇ ਰਾਜਪੂਤ ਮਹਿਤਾ ਕੌਮ ਦੀ ਬਰਾਬਰੀ ਨਹੀਂ ਕਰੇਗਾ ਜੇ ਕਰੇਗਾ ਤਾਂ ਉਹ ਡਨ ਦੀ ਸਜ਼ਾ ਪਾਵੇਗਾ ਕਿਉਂਕਿ ਉਹ ਪਿੰਡ ਵਿੱਚ ਬਤੌਰ ਰਈਅਤ ਦੇ ਹਨ।

43. ਆਪਣੇ ਬਾਲਕਾਂ ਨੂੰ ਪੜ੍ਹਾਉਣ ਲਈ ਤਨ ਮਨ ਧਨ ਖਰਚ ਕੀਤਾ ਜਾਵੇ।

44. ਉਪਰ ਲਿਖੀਆਂ ਰਸਮਾਂ ਜੋ ਇਸ ਜਲਸੇ ਵਿੱਚ ਮਨਜ਼ੂਰ ਹੋ ਚੁੱਕੀਆਂ ਹਨ ਦਾ ਪਰਚਾਰ ਹਰ ਪਿੰਡ ਵਿੱਚ ਕੀਤਾ ਜਾਵੇ।

ਡਾਕਟਰ ਮਈਆ ਸਿੰਘ ਹੋਰੀ ਸੰਨ 1900 ਵਿੱਚ ਜੋ "ਜਾਤ ਹਿਭਕਾਰਕ ਪੁਸਤਕ" ਲਿਖੀ ਉਸ ਵਿੱਚ ਪੰਨਾਂ 'ਕ' 'ਤੇ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਾਨੂੰ ਆਪਣੇ ਨੁਕਸ, ਕਮਜ਼ੋਰੀਆਂ ਆਪ ਨੂੰ ਨਹੀਂ ਦਿਸਦੇ। ਪਰ ਜੋ ਦੂਸਰੀਆਂ ਕੌਮਾਂ ਵਾਲੇ ਸਾਡੇ ਬਾਰੇ ਕਹਿੰਦੇ ਹਨ ਉਨ੍ਹਾਂ ਨੂੰ ਸੁਣੀਏਂ, ਜੋ ਸਾਡੇ ਵਿੱਚ ਨੁਕਸ ਹਨ ਉਨ੍ਹਾਂ ਨੂੰ ਦੂਰ ਕਰੀਏ।

ਪੰਨਾ 'ਕ' 'ਤੇ ਲਿਖਦੇ ਹਨ ਕਿ ਸਾਨੂੰ ਆਪਣੇ ਧਰਮ ਵਿੱਚ ਪੱਕੇ ਰਹਿਣਾ ਚਾਹੀਦਾ ਹੈ, ਵਿਦਿਆ ਦਾ ਪ੍ਰਸਾਰ, ਲੜਕਿਆਂ ਅਤੇ ਲੜਕੀਆਂ ਲਈ, ਸਭ ਤਰ੍ਹਾਂ ਦੀ ਕਾਰੀਗਰੀ ਸਿਖਣੀ, ਉੱਨਤ ਖੇਤੀ ਕਰਨੀ, ਵਪਾਰ ਕਰਨਾ, ਦੂਸਰਿਆਂ ਦਾ ਭਲਾ ਕਰਨਾ, ਇੱਜ਼ਤ ਤੇ ਸ਼ਰਮ, ਵਕਤ ਨੂੰ ਅਮੋਲਕ ਜਾਨਣਾ, ਸੱਚ ਬੋਲਣਾ, ਮਿੱਤਰਾਂ ਨਾਲ ਚੰਗਾ ਵਰਤਾਓ ਕਰਨਾ, ਸ਼ੁਭ ਆਚਰਣ ਵਾਲੀ ਜ਼ਿੰਦਗੀ, ਮਿੱਠਾ ਬੋਲਣਾ, ਸਫਾਈ, ਠੀਕ ਢੰਗ ਦੀ ਪੁਸ਼ਾਕ ਪਹਿਨਣੀ, ਖਾਣੇ ਪੀਣੇ ਬੈਠਣ ਉੱਠਣ ਦੇ ਸੁਚੱਜੇ ਢੰਗ, ਘਰ ਦਾ ਪ੍ਰਬੰਧ ਸਭ ਨਾਲ ਚੰਗੇ ਸੁਭਾਓ ਨਾਲ ਵਰਤਾਓ ਕਰਨਾ, ਸ਼ਾਦੀ ਅਤੇ ਗਮੀਂ ਆਦਿਕ ਸੰਸਾਰੀ ਰਸਮਾਂ 'ਚ ਸੁਧਾਰ ਕਰਨਾ।

ਡਾਕਟਰ ਮਈਆ ਸਿੰਘ ਮਿਨਹਾਸ ਹੋਰੀ ਲੱਗਭੱਗ ਸੌ ਸਾਲ ਪਹਿਲਾਂ ਜੋ ਦੇਖਿਆ ਉਸ ਵਿੱਚ ਸੁਧਾਰ ਵਾਰੇ ਲਿਖਿਆ ਹੈ। ਉਨ੍ਹਾਂ ਦੀ ਲਿਖਤ ਤੋਂ ਬਾਅਦ ਜਲਦੀ ਹੀ ਲੜਕਿਆਂ ਦੀ ਪੜ੍ਹਾਈ ਲਈ ਨਡਾਲੋਂ, ਬੱਡੋਂ ਅਤੇ ਕਾਲਰਾ ਅਤੇ ਪਾਲਦੀ ਵਿਖੇ ਖਾਲਸਾ ਹਾਈ ਸਕੂਲ ਬਣੇ। ਵਿਦਿਆ ਦੇ ਪ੍ਰਸਾਰ ਨਾਲ ਬਾਕੀ ਕਮੀਆਂ ਵੀ ਸਾਡੇ ਪਿੰਡਾਂ ਵਿੱਚੋਂ ਦੂਰ ਹੋ ਗਈਆਂ। ਫੇਰ ਸਮਾਂ ਪਾ ਕੇ ਪਾਂਛਟਾ ਅਤੇ ਡਰੋਲੀ ਕਲਾਂ ਵਿਖੇ ਕਾਲਜ ਬਣੇ, ਆਲੇ ਦੁਆਲੇ ਦੇ ਪਿੰਡਾਂ ਦੇ ਗਰੀਬ ਘਰਾਂ ਦੀਆਂ ਕੁੜੀਆਂ ਵੀ ਗਰੈਜੂਏਟ ਹੋ ਗਈਆਂ। ਸਾਡੇ ਲੋਕ ਵਪਾਰ ਵਿੱਚ ਵੀ ਦਾਖਿਲ ਹੋਏ, ਵਿਦੇਸ਼ਾਂ ਵਿੱਚ ਜਾ ਕੇ ਚੰਗਾ ਧੰਨ ਕਮਾਉਣ ਲੱਗੇ, ਅੱਜ ਕਲ ਬਹੁਤੇ ਪਿੰਡਾਂ ਵਿੱਚ ਘਰਾਂ ਨੂੰ ਜੰਦਰੇ ਲੱਗੇ ਪਏ ਹਨ, ਲੋਕ ਵਿਦੇਸ਼ਾਂ ਨੂੰ ਚਲੇ ਗਏ ਹਨ। ਬਾਕੀ ਗੱਲਾਂ ਜੋ ਡਾਕਟਰ ਮਈਆ ਸਿੰਘ ਹੋਰੀ

ਚਾਹੁੰਦੇ ਸਨ, ਸਭ ਹੀ ਪੂਰੀਆਂ ਹੋ ਗਈਆਂ ਲੱਗਦੀਆਂ ਹਨ। ਕਾਲਰੋ ਵਾਲੇ ਬਾਬੂ ਲਛਮਣ ਸਿੰਘ ਹੋਰੀਂ ਮੈਨੂੰ ਇੱਕ ਵਾਰੀ ਦੱਸਿਆ ਸੀ ਕਿ ਇੱਕ ਅੰਗਰੇਜ਼ ਅਫਸਰ ਛੋਟੀਆਂ ਬੱਚਤਾਂ ਬਾਰੇ ਲੈਕਚਰ ਦੇਣ ਲਈ 'ਮੇਹਟੀਆਣਾ' ਰੈਸਟ ਹਾਊਸ ਵਿੱਚ ਆਇਆ। ਆਲੇ-ਦੁਆਲੇ ਦੇ ਪਿੰਡਾਂ ਦੇ ਲੰਬੜਦਾਰ, ਸਫੈਦਪੋਸ਼, ਜ਼ੈਲਦਾਰ ਸਭ ਮੇਹਟੀਆਣਾ ਰੈਸਟ ਹਾਊਸ ਵਿੱਚ ਇਕੱਠੇ ਹੋਏ। ਅੰਗਰੇਜ਼ ਅਫਸਰ ਨੇ ਹਰ ਕਿਸਮ ਦੀ ਬੱਚਤ ਕਰਨ 'ਤੇ ਜ਼ੋਰ ਦਿੱਤਾ। ਘੰਟਾ ਕੁ ਲੈਕਚਰ ਕਰ ਕੇ ਉਸ ਨੇ ਕਿਹਾ ਕਿ ਸਭ ਕੋਈ ਅੱਧਾ ਘੰਟਾ ਬਾਅਦ ਆਪਣਾ-ਆਪਣਾ ਖਾਣਾ ਖਾ ਕੇ ਆ ਜਾਣ। ਸਭ ਲੋਕ ਦੋ ਦੋ ਚਾਰ ਚਾਰ ਦੀਆਂ ਟੋਲੀਆਂ ਵਿੱਚ ਦਰੱਖਤਾਂ ਹੇਠ ਬੈਠ ਕੇ ਆਪਣੇ ਨਾਲ ਲਿਆਂਦੇ ਖਾਣੇ ਖਾਣ ਲੱਗ ਪਏ। ਉਸ ਅਫ਼ਸਰ ਨੇ ਆਪਣਾ ਖਾਣਾ ਖਾਧਾ ਤੇ ਉਹ ਆਲਾ-ਦੁਆਲਾ ਦੇਖ ਰਿਹਾ ਸੀ ਉਸ ਦੀ ਨਜ਼ਰ ਭਾਮ ਦੇ ਇੱਕ ਲੰਬੜਦਾਰ 'ਤੇ ਪਈ। ਉਸ ਲੰਬੜਦਾਰ ਨੇ ਇਕ ਹਦਵਾਣਾ ਕੱਟਿਆ, ਗੁੱਦਾ ਖਾਧਾ, ਬੀਜ ਪਰਨੇ ਦੇ ਲੜ ਬੰਨ੍ਹ ਲਏ ਤੇ ਖੱਪਰ ਆਪਣੇ ਘੋੜੇ ਨੂੰ ਖੁਆ ਦਿੱਤਾ। ਅੱਧਾ ਘੰਟਾ ਬਾਅਦ ਜਦੋਂ ਸਾਰੇ ਇਕੱਠੇ ਹੋਏ ਤਾਂ ਉਹ ਅੰਗਰੇਜ਼ ਅਫਸਰ ਆਪਣੇ ਮਾਤਹਿਤਾਂ ਨੂੰ ਆਖਣ ਲੱਗਾ ਕਿ "ਸਮਾਨ ਪੈਕ ਕਰੋ, ਵਾਪਸ ਚੱਲੀਏ ਇਹਨਾਂ ਲੋਕਾਂ ਨੂੰ ਬੱਚਤ ਬਾਰੇ ਲੈਕਚਰ ਦੇਣ ਦੀ ਲੋੜ ਹੀ ਨਹੀਂ। ਇਹਨਾਂ ਨਾਲੋਂ ਵੱਧ ਬੱਚਤ ਕੌਣ ਕਰ ਸਕਦਾ ਹੈ? ਉਹ ਦੇਖੋ ਉਸ ਲੰਬੜਦਾਰ ਨੇ ਹਦਵਾਣੇ ਦਾ ਗੁੱਦਾ ਆਪ ਖਾਧਾ, ਬੀਜ ਪਰਨੇ ਲੜ ਬੰਨ੍ਹ ਲਏ ਤੇ ਖੱਪਰ ਘੋੜੇ ਨੂੰ ਖੁਆ ਦਿੱਤਾ ਹੈ।"

ਸੋ ਮੈਂ ਸਮਝਦਾ ਹਾਂ ਕਿ ਸਾਡੇ ਪਿੰਡਾਂ ਵਾਲਿਆਂ ਨੂੰ ਹੁਣ ਕੋਈ ਮੱਤ ਦੇਣ ਦੀ, ਕੋਈ ਲੋੜ ਨਹੀਂ। ਸਭ ਕੋਈ ਅਪਣਾ ਭਲਾ ਬੁਰਾ ਸੋਚਣ ਦੇ ਲਾਇਕ ਹਨ। ਸਾਡੇ ਬੱਚੇ ਬੱਚੀਆਂ ਚੰਗੀ ਵਿੱਦਿਆ ਪ੍ਰਾਪਤ ਕਰਕੇ ਵਿਦੇਸ਼ਾਂ ਵਿੱਚ ਸੁਖੀ ਵਸ ਰਹੇ ਹਨ। ਡਾ. ਮਈਆ ਸਿੰਘ ਹੋਰਾਂ ਦੇ ਜੋ ਸੁਪਨੇ ਸਨ ਉਹ ਸਾਕਾਰ ਹੋ ਗਏ ਹਨ।

# ਰਾਜਪੂਤਾਂ ਦੇ ਸਿੱਖ ਧਰਮ ਅਪਨਾਉਣ ਬਾਰੇ

ਜ਼ਿਲ੍ਹਾ ਜਲੰਧਰ, ਹੁਸ਼ਿਆਰਪੁਰ ਅਤੇ ਜ਼ਿਲ੍ਹਾ ਕਪੂਰਥਲਾ ਦੇ ਕੁਝ ਪਿੰਡਾਂ ਦੇ ਰਾਜਪੂਤ ਆਪਣਾ ਰਾਜਪੂਤੀ ਘੁਮੰਡ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵੇਲੇ ਸਿੰਘ ਸਜ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਅਨੁਸਾਰ ਉਨ੍ਹਾਂ ਆਪਣੇ ਅੰਦਰਲੇ ਵੈਰੀਆਂ ਨੂੰ ਕਾਬੂ ਰੱਖਣ ਲਈ ਕਾਮ ਨੂੰ ਗ੍ਰਹਿਸਥ, ਕ੍ਰੋਧ ਨੂੰ ਵੀਰਤਾ, ਲੋਭ ਨੂੰ ਕਿਰਤ, ਮੋਹ ਨੂੰ ਉਪਕਾਰ ਅਤੇ ਹੰਕਾਰ ਨੂੰ ਸਵੈਮਾਨ ਵਿੱਚ ਢਾਲ ਲਿਆ।

*1 "ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤ ਬਰਨੁ ਕੁਲੁ ਜਾਇ"

ਗੁਰੂ ਨਾਨਕ ਜੀ ਦੇ ਸਮੇਂ ਤੋਂ ਇਹਨਾਂ ਪਿੰਡਾਂ ਵਿੱਚ ਸਿੱਖੀ ਦਾ ਬੀਜ ਉਪਜ ਪਿਆ ਸੀ। ਕਈਆਂ ਪਿੰਡਾਂ ਵਿੱਚ ਗੁਰਦੁਆਰੇ ਨੂੰ ਅਜੇ ਵੀ ਧਰਮਸ਼ਾਲਾ ਕਿਹਾ ਜਾਂਦਾ ਹੈ ਜਿਵੇਂ ਕਿ ਗੁਰੂ ਨਾਨਕ ਜੀ ਦੇ ਸਮੇਂ ਲੋਕਾਂ ਦੇ ਜੁੜ ਬੈਠਣ ਲਈ ਥਾਂ ਨੂੰ ਧਰਮਸ਼ਾਲਾ ਕਿਹਾ ਜਾਂਦਾ ਸੀ। ਗੁਰੂ ਸਾਹਿਬ ਦਾ ਸਿੱਖਾਂ ਨੂੰ ਉਪਦੇਸ਼ ਵੀ ਸੀ ਕਿ ਪਿੰਡਾਂ ਵਿੱਚ ਧਰਮਸ਼ਾਲਾਵਾਂ ਬਣਾਈਆਂ ਜਾਣ ਜਿੱਥੇ ਇੱਕ ਤਾਂ ਪਿੰਡ ਦੇ ਵਸਨੀਕ ਰੂਹਾਨੀ ਸਤਿਸੰਗ ਲਈ ਜੁੜ ਬੈਠਣ ਤੇ ਦੂਜੇ ਆਏ ਗਏ ਮੁਸਾਫਰਾਂ ਲਈ ਰਹਿਣ ਅਤੇ ਭੋਜਨ ਦਾ ਪ੍ਰਬੰਧ ਹੋਵੇ। ਇਹਨਾਂ ਧਰਮਸ਼ਾਲਾਵਾਂ ਵਿੱਚ ਹੀ ਮੁੱਢਲੀ ਵਿੱਦਿਆ ਦੇ ਪ੍ਰਬੰਧ ਹੋਇਆ ਕਰਦੇ ਸਨ। ਗੁਰੂ ਹਰਿਰਾਏ ਸਾਹਿਬ ਦੇ ਭੂੰਗਰਨੀ ਪਿੰਡ ਵਿੱਚ ਕੁਝ ਦਿਨ ਠਹਿਰਨ ਤੋਂ ਸਾਫ ਹੈ ਕਿ ਇਹਨਾਂ ਪਿੰਡਾਂ ਦੇ ਰਾਜਪੂਤ ਸਿੱਖੀ ਖਿਆਲਾਂ ਦੇ ਹੋ ਗਏ, ਸਨ ਤੇ ਗੁਰੂ ਸਾਹਿਬ ਨਾਲ ਬਹੁਤ ਸ਼ਰਧਾ ਪ੍ਰੇਮ ਰੱਖਦੇ ਸਨ।

*2 "ਜ਼ਿਲ੍ਹਾ, ਤਹਿਸੀਲ ਅਤੇ ਥਾਣਾ ਹੁਸ਼ਿਆਰਪੁਰ ਦਾ ਇੱਕ ਪਿੰਡ ਭੂੰਗਰਨੀ ਜੋ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਦਸ ਮੀਲ ਦੱਖਣ ਵੱਲ ਹੈ। ਇਸ ਪਿੰਡ ਦੀ ਆਬਾਦੀ ਵਿੱਚ ਗੁਰੂ ਹਰਿ ਰਾਏ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੋਂ ਦੇ ਰਾਜਪੂਤਾਂ ਨੇ ਗੁਰੂ ਸਾਹਿਬ ਨੂੰ ਪ੍ਰੇਮ ਨਾਲ ਕਈ ਦਿਨ ਠਹਿਰਾਇਆ ਅਤੇ ਸ਼ਰਧਾ ਨਾਲ ਉਪਦੇਸ਼ ਸੁਣਿਆ"

ਪਿੰਡ ਬੱਡੋਂ ਵਾਲਿਆਂ ਦਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨੂੰ ਬਸੀ ਦੇ ਪਠਾਣਾਂ ਨਾਲ ਜੰਗ ਸਮੇਂ ਆਪਣੇ ਪਿੰਡ ਠਹਿਰਾਉਣਾ ਇਸ ਪਿੰਡ ਦੇ ਵਸਨੀਕਾਂ ਦੀ ਬਹਾਦਰੀ ਅਤੇ ਸਿੱਖੀ ਸਪਿਰਟ ਦੀ ਉਦਾਹਰਣ ਹੈ।

*3 "ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਗੜ੍ਹਸ਼ੰਕਰ ਥਾਣਾ ਮਾਹਿਲਪੁਰ ਵਿੱਚ

---

*1 *ਸਲੋਕ ਭਗਤ ਕਬੀਰਜੀਉਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1367*

*2 *ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਪੰਨਾ 919*

*3 *ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਪੰਨਾ 843*

ਇੱਕ ਪਿੰਡ ਬੱਡੋਂ ਹੈ ਜੋ ਰੇਲਵੇ ਸਟੇਸ਼ਨ ਫਗਵਾੜੇ ਤੋਂ ਦਸ ਮੀਲ ਉੱਤਰ ਪੂਰਬ ਵਲ ਹੈ। ਇਸ ਪਿੰਡ ਵਿੱਚ ਇੱਕ ਨਿਹੰਗਾਂ ਦਾ ਡੇਰਾ ਗੁਰਦਵਾਰਾ ਹੈ। ਬਾਬਾ ਅਜੀਤ ਸਿੰਘ ਨੇ ਸੰਮਤ 1757 ਵਿੱਚ ਇਥੇ ਚਰਨ ਪਾਏ ਸਨ ਜਦ ਬਾਬਾ ਜੀ ਬ੍ਰਾਹਮਣ ਲੜਕੀਆਂ ਨੂੰ ਬਸੀ ਕਲਾਂ ਦੇ ਪਠਾਨ ਤੋਂ ਛੁਡਾਉਣ ਲਈ ਆਏ ਸਨ। ਜਦ ਬਾਬਾ ਜੀ ਉਨ੍ਹਾਂ ਸਤਵੰਤੀਆਂ ਨੂੰ ਛੁਡਾ ਕੇ ਆਨੰਦਪੁਰ ਨੂੰ ਲੈ ਜਾਂਦੇ ਹੋਏ ਇਥੇ ਪੁੱਜੇ ਤਾਂ ਬਾਬਾ ਕਰਮ ਸਿੰਘ ਜੀ ਬਸੀ ਦੇ ਜੰਗ ਵਿੱਚ ਘਾਇਲ ਹੋਏ ਸਫਰ ਕਰਨ ਦੇ ਯੋਗ ਨਾ ਰਹੇ। ਬਾਬਾ ਅਜੀਤ ਸਿੰਘ ਜੀ ਨੇ ਕੁਝ ਸਮਾਂ ਇਥੇ ਠਹਿਰ ਕੇ ਨਗਰ ਨਿਵਾਸੀਆਂ ਨੂੰ ਹੁਕਮ ਦਿੱਤਾ ਕਿ ਕਰਮ ਸਿੰਘ ਦੀ ਯੋਗ ਸੇਵਾ ਕਰਨੀ ਤਾਂ ਲੋਕਾਂ ਨੇ ਧੰਨਭਾਗ ਸਮਝ ਕੇ ਸੱਤਬਚਨ ਆਖਿਆ ਅਤੇ ਬਾਬਾ ਕਰਮ ਸਿੰਘ ਜੀ ਇਸ ਪਿੰਡ ਹੀ ਰਹੇ ਅਤੇ ਕਈ ਮਹੀਨੇ ਸੇਵਾ ਕਰਾਉਂਦੇ ਹੋਏ ਅੰਤ ਗੁਰਪੁਰੀ ਨੂੰ ਸਿਧਾਰੇ। ਸ਼ਹੀਦ ਕਰਮ ਸਿੰਘ ਜੀ ਦਾ ਸ਼ਹੀਦ ਗੰਜ ਇਸ ਪਿੰਡ ਵਿੱਚ ਪ੍ਰਸਿੱਧ ਅਸਥਾਨ ਹੈ।

ਬਾਬਾ ਅਜੀਤ ਸਿੰਘ ਜੀ ਦੇ ਚਰਨ ਪਾਉਣ ਦੀ ਥਾਂ ਗੁਰਦੁਆਰਾ ਹੈ ਜਿਸ ਨੂੰ ਸਰਦਾਰ ਬਘੇਲ ਸਿੰਘ ਜੀ ਨੇ ਬਹੁਤ ਜਗੀਰ ਲਗਾਈ ਸੀ ਜੋ ਪੁਜਾਰੀਆਂ ਦੇ ਝਗੜਿਆਂ ਕਰ ਕੇ ਹੱਥੋਂ ਜਾਂਦੀ ਰਹੀ। ਹੁਣ 10 ਘੁਮਾਉਂ ਦੇ ਕਰੀਬ ਜ਼ਮੀਨ ਪਿੰਡ ਵੱਲੋਂ ਹੈ। ਸੰਨ 1928 ਵਿੱਚ ਇਥੋਂ ਦੇ ਵਸਨੀਕ ਸਰਦਾਰ ਕੁੰਦਨ ਸਿੰਘ ਜੀ ਨੇ ਗੁਰਦਵਾਰੇ ਦੀ ਸੁੰਦਰ ਇਮਾਰਤ ਬਣਵਾ ਦਿੱਤੀ।"

ਸਾਹਿਬਜ਼ਾਦਾ ਅਜੀਤ ਸਿੰਘ ਜੀ ਨਾਲ ਦਸਮ ਪਿਤਾ ਨੇ ਭਾਈ ਉਦਯ ਸਿੰਘ ਨੂੰ ਵੀ ਭੇਜਿਆ ਸੀ। ਉਨ੍ਹਾਂ ਦੀ ਪਿੰਡ ਬੱਡੋਂ ਵਿੱਚ ਕੋਈ ਰਿਸ਼ਤੇਦਾਰੀ ਸੀ ਜਿਨ੍ਹਾਂ ਦੇ ਮਾਣ ਕਰ ਕੇ ਉਹ ਸਾਰੇ ਜਥੇ ਨੂੰ ਪਿੰਡ ਬੱਡੋਂ ਲਿਆਏ। ਭਾਈ ਉਦਯ ਸਿੰਘ ਜੀ ਪਰਮਾਰ ਸਨ ਤੇ ਸਾਰਾ ਬੱਡੋਂ ਪਿੰਡ ਪਰਮਾਰ ਗੋਤ ਦਾ ਹੈ।

# ਰਾਜਪੂਤ

ਲਿਖਤੀ ਤਾਰੀਖ ਵਿੱਚ ਪਹਿਲਾਂ ਕਸ਼ਤਰੀ ਫੇਰ ਰਾਜ ਕੁੱਲ ਅਤੇ ਉਸ ਤੋਂ ਬਾਅਦ ਰਾਜਿਆਂ ਬਾਰੇ ਜਾਂ ਉਨ੍ਹਾਂ ਦੀ ਵੰਸ਼ ਬਾਰੇ ਰਾਜਪੂਤ ਸ਼ਬਦ ਮਿਲਦਾ ਹੈ। ਰਾਜਪੂਤ ਸ਼ਬਦ ਦੀ ਵਿਆਖਿਆ ਕਰਦੇ ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਪੰਨਾ 476 ਤੇ ਲਿਖਦੇ ਹਨ:

*1 ਰਾਜਾ ਜਨਮੇਜਾ ਦਾ ਪੁੱਤਰ ਅਜੈ ਰਜੀਆ ਨਾਮੀਂ ਧੋਬਣ ਤੋਂ ਪੈਦਾ ਹੋਇਆ ਸੀ। ਉਹ ਆਪਣੇ ਭਾਈਆਂ ਨੂੰ ਮਾਰ ਕੇ ਕਿਲਾ ਪਰੀਛਤਗੜ੍ਹ ਜ਼ਿਲ੍ਹਾ ਮੇਰਠ ਵਿੱਚ ਰਾਜ ਕਰਨ ਲੱਗਾ। ਉਸ ਨੂੰ ਭੱਟਾਂ ਨੇ ਰਜੀਆ ਪੂਤ ਕਹਿ ਕੇ ਵਡਿਆਇਆ ਤਾਂ ਰਜੀਆ ਪੂਤ ਦਾ ਬਿਗਾੜ ਰਾਜਪੂਤ ਸ਼ਬਦ ਸਾਰੇ ਪ੍ਰਸਿੱਧ ਹੋ ਗਿਆ।

*2 "ਮੰਨੀ ਜਾਂਦੀ ਕਥਾ ਇਉਂ ਪ੍ਰਚਲਤ ਹੈ ਕਿ ਰਾਖਸ਼ਾਂ ਦਾ ਨਾਸ਼ ਕਰਨ ਲਈ ਆਬੂ ਪਹਾੜ ਰਾਜਸਥਾਨ ਦੇ ਰਿਖੀਆਂ ਯੱਗ ਕੀਤਾ ਯੱਗ ਦੇ ਕੁੰਡ 'ਚੋਂ ਚਾਰ ਪ੍ਰਤਾਪੀ ਪੁਰਖ ਪ੍ਰਗਟ ਹੋਏ ਜਿਹਨਾਂ ਦੇ ਨਾਮ ਹਨ-ਪ੍ਰਮਾਰ, ਚੌਹਾਨ, ਸੋਲੰਕੀ ਅਤੇ ਪਰਿਹਾਰ। ਇਹਨਾਂ ਚਾਰ ਰਾਜਪੂਤਾਂ ਤੋਂ ਚਾਰ ਵੰਸ਼ ਚੱਲੇ।" ਇਹ ਅਗਨੀ ਕੁੰਡ ਅਜੇ ਵੀ ਆਬੂ ਪਹਾੜ ਦੀ ਚੋਟੀ 'ਤੇ ਕਾਇਮ ਹੈ। ਚਾਂਦ ਬਰਦਾਈ ਦਾ ਕਹਿਣਾ ਹੈ ਕਿ ਛੱਤੀ ਕੁਲਾਂ ਵਿੱਚੋਂ ਚਾਰ ਅਗਨੀ ਕੁੱਲਾਂ ਸਰੇਸ਼ਟ ਹਨ ਕਿਉਂਕਿ ਬਾਕੀ ਮਾਂ ਦੇ ਗਰਭ ਚੋਂ ਪੈਦਾ ਹੋਏ ਤੇ ਇਹ ਪਵਿੱਤਰ ਅਗਨੀ ਚੋਂ।

*3 ਮੁਨੀ ਅਪਣਾ ਸਮਾਂ ਭਗਤੀ ਵਿੱਚ ਬਿਤਾਉਂਦੇ, ਗਊ ਦਾ ਦੁੱਧ, ਕੰਦ ਮੂਲ ਅਤੇ ਫਲਾਂ ਵਗੈਰਾ 'ਤੇ ਹੀ ਗੁਜ਼ਾਰਾ ਕਰਦੇ ਸਨ। ਤ੍ਰਿਸ਼ਨਾ, ਖਾਹਿਸ਼ਾਂ ਆਦਿ ਤੋਂ ਬਚੇ ਹੋਏ ਸਨ। ਉਨ੍ਹਾਂ ਵੱਲੋਂ ਕੀਤੇ ਹਵਨ ਨੂੰ ਦੈਂਤਾਂ ਨੇ ਹਰ ਤਰ੍ਹਾਂ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੈਂਤਾਂ ਨੇ ਐਸੇ ਤੂਫਾਨ ਛੱਡੇ ਜਿਸ ਨਾਲ ਅਸਮਾਨ ਬੱਦਲਾਂ ਅਤੇ ਰੇਤ ਦੀ ਹਨੇ੍ਰੀ ਨਾਲ ਕਾਲਾ ਹੋ ਗਿਆ। ਖ਼ੂਨ, ਹੱਡੀਆਂ, ਮਾਸ ਅਤੇ ਹਰ ਤਰ੍ਹਾਂ ਦੀ ਹੋਰ ਗੰਦਗੀ ਸੁੱਟ ਕੇ ਮੁਨੀਆਂ ਦੇ ਹਵਨ ਨੂੰ ਅਪਵਿੱਤਰ ਕੀਤਾ।

ਮੁਨੀਆਂ ਨੇ ਫੇਰ ਹਵਨ ਕੀਤਾ ਅਤੇ ਮਹਾਂਦੇਵ ਨੂੰ ਆਪਣੀ ਸਹਾਇਤਾ ਲਈ ਬੇਨਤੀ ਕੀਤੀ। ਅਗਨੀ ਵਿੱਚੋਂ ਇੱਕ ਸਰੀਰ ਪ੍ਰਗਟ ਹੋਇਆ ਪਰ ਉਸ ਦੀ ਸ਼ਕਲ ਲੜਾਕੂ ਵਰਗੀ ਨਹੀਂ ਸੀ। ਬ੍ਰਾਹਮਣਾਂ ਨੇ ਉਸ ਨੂੰ ਦਵਾਰ 'ਤੇ ਖੜ੍ਹਾ ਕਰ ਦਿੱਤਾ ਤੇ ਇਸ ਦਾ ਨਾਮ ਪ੍ਰਿਥਵੀ ਦੁਆਰਾ ਪੈ ਗਿਆ। ਤੇ ਇਹ ਪਰਿਹਾਰਾਂ ਨੂੰ ਦਿੱਤਾ ਗਿਆ।

---

*1 *ਮਾਲਵਾ ਸਿੱਖ ਇਤਿਹਾਸ-ਭਾਗ ਪਹਿਲਾਂ ਵਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ*

*2 *ਮਹਾਨ ਕੋਸ਼ ਭਾਜੀ ਕਾਹਨ ਸਿੰਘ ਨਾਭਾ*

*3 *Annals & Antiquities of Rajasthan by Col. Tod Vol. 1 Page 113*

ਪਰਿਹਾਰ ਦਾ ਭਾਵ ਪਹਿਲਾ ਵਾਰ ਕਰਨ ਵਾਲਾ ਵੀ ਹੈ। ਦੂਜਾ ਪ੍ਰਗਟ ਹੋਇਆ ਜੋ ਕਿ ਹੱਥ (ਚੁੱਲੂ) ਵਰਗਾ ਸੀ ਤੇ ਉਸ ਦਾ ਨਾਮ ਚਾਲੂਕੀਆ ਜੋ ਕਿ ਵਿਗੜ ਕੇ ਸੋਲੰਕੀ ਬਣਿਆ। ਤੀਸਰਾ ਪਰਗਟ ਹੋਇਆ ਤਾਂ ਉਸ ਦਾ ਨਾਮ ਪਰਮਾਰ ਰੱਖਿਆ ਗਿਆ। ਰਿਸ਼ੀਆਂ ਦਾ ਅਸ਼ੀਰਵਾਦ ਲੈ ਕੇ ਇਹ ਦੈਂਤਾਂ ਮਗਰ ਗਏ ਪਰ ਵਿਜੇ ਪ੍ਰਾਪਤ ਨਾ ਕਰ ਸਕੇ। ਫੇਰ ਵਸ਼ਿਸ਼ਟ ਮੁਨੀ ਨੇ ਮੰਤਰ ਉਚਾਰ ਕੇ ਦੇਵਤਿਆਂ ਨੂੰ ਸਹਾਇਤਾ ਲਈ ਬੁਲਾਇਆ ਅਤੇ ਜਦੋਂ ਉਸ ਨੇ ਹਵਨ ਵਿੱਚ ਆਹੂਤੀ ਪਾਈ ਇੱਕ ਸਰੀਰ ਪ੍ਰਗਟ ਹੋਇਆ, ਜਿਸ ਦਾ ਆਕਾਰ ਬਹੁਤ ਵੱਡਾ ਸੀ, ਸਿਰ 'ਤੇ ਜਟਾਂ, ਅੱਖਾਂ ਲਾਲ, ਛਾਤੀ ਚੌੜੀ, ਡਰਾਉਣੀ ਸ਼ਕਲ, ਸ਼ਸਤਰਾਂ ਨਾਲ ਲੈਸ, ਇੱਕ ਹੱਥ ਵਿੱਚ ਤੀਰਕਮਾਨ, ਭੱਥਾ ਤੀਰਾਂ ਨਾਲ ਭਰਿਆ ਤੇ ਦੂਜੇ ਹੱਥ ਵਿੱਚ ਤਲਵਾਰ ਤੇ ਇਸ ਦਾ ਨਾਮ ਚਤਰੰਗਾ, ਚਵਹਾਨ ਜਾਂ ਚਾਰ ਭੁਜਾਵਾਂ ਵਾਲਾ ਪਿਆ। ਵਸ਼ਿਸ਼ਟ ਜੀ ਨੂੰ ਆਪਣੀ ਆਸ ਪੂਰੀ ਹੁੰਦੀ ਦਿਸੀ ਤੇ ਚੌਹਾਨ ਨੂੰ ਦੈਂਤਾਂ ਨੂੰ ਖਤਮ ਕਰਨ ਲਈ ਭੇਜਿਆ। ਸ਼ਕਤੀ ਦੀ ਦੇਵੀ ਆਪਣੇ ਸ਼ੇਰ 'ਤੇ ਸਵਾਰ ਹੋ ਕੇ ਚੌਹਾਨ ਨੂੰ ਅਸ਼ੀਰਵਾਦ ਦੇਣ ਲਈ ਆਈ ਤੇ ਉਸ ਦੀ ਹਰ ਸਮੇਂ ਬੇਨਤੀ ਸੁਨਣ ਦਾ ਵਚਨ ਦਿੱਤਾ। ਚੌਹਾਨ ਨੇ ਦੈਂਤਾਂ ਦੇ ਮੁਖੀ ਮਾਰ ਦਿੱਤੇ ਤੇ ਬਾਕੀ ਦੇ ਭੱਜ ਗਏ ਤੇ ਨਰਕ ਵਿੱਚ ਪਹੁੰਚ ਕੇ ਆਪਣੀ ਜਾਨ ਬਚਾਈ। ਇਸ ਤਰ੍ਹਾਂ ਬ੍ਰਾਹਮਣ ਖੁਸ਼ ਹੋਏ ਅਤੇ ਚੌਹਾਨਾਂ ਦੀ ਇਸ ਵੰਸ਼ ਵਿੱਚੋਂ ਪ੍ਰਿਥਵੀ ਰਾਜ ਚੌਹਾਨ ਹੋਇਆ।

ਅੱਜ ਦੇ ਸਾਇੰਸ ਦੇ ਯੁੱਗ ਵਿੱਚ ਲੋਕ ਮਿਥਹਾਸਿਕ ਕਹਾਣੀਆਂ 'ਤੇ ਯਕੀਨ ਨਹੀਂ ਕਰਦੇ। ਇਹ ਠੀਕ ਜਾਪਦਾ ਹੈ ਕਿ ਮੁਨੀਆਂ ਨੇ ਸਨਾਤਨ ਧਰਮ ਦੀ ਰੱਖਿਆ ਲਈ ਹਵਨ ਕੀਤਾ ਤੇ ਹਾਜ਼ਰ ਲੋਕਾਂ ਨੂੰ ਵੰਗਾਰਿਆ ਹੋਵੇ ਕਿ ਜਿਨ੍ਹਾਂ ਨੇ ਧਰਮ ਲਈ ਜਾਨਾਂ ਵਾਰਨੀਆਂ ਹਨ ਉਹ ਅਗਨੀ ਕੁੰਡ ਟੱਪ ਕੇ ਦੂਜੇ ਪਾਸੇ ਆ ਜਾਣ ਤੇ ਇਹ ਚਾਰ ਸਿਰ ਵਾਰਨ ਵਾਲੇ ਯੋਧਿਆਂ ਨੇ ਅਗਨੀ ਕੁੰਡ ਟੱਪ ਕੇ ਆਪਣੇ ਆਪ ਨੂੰ ਧਰਮ ਦੀ ਰੱਖਿਆ ਲਈ ਪੇਸ਼ ਕੀਤਾ।

**ਡਾ. ਬਖਸ਼ੀਸ਼ ਸਿੰਘ ਨਿੱਜਰ ਦੇ ਵਿਚਾਰ**

"ਸਾਰੇ ਸੰਸਾਰ ਦੇ ਦੇਸ਼ਾਂ ਦਾ ਮਿਥਹਾਸ, ਜੋ ਸੰਨ ਈ ਤੋਂ ਹਜ਼ਾਰ ਡੇਢ ਹਜ਼ਾਰ ਸਾਲ ਪਹਿਲਾਂ ਨਾਲ ਸੰਬੰਧਤ ਹੈ, ਬੜੇ ਮਹੱਤਵਪੂਰਨ ਤੱਥ ਛੱਡਦੇ ਹਨ, ਜੋ ਹਰ ਦੇਸ਼ ਦੀ ਸਮਕਾਲੀ ਸੱਭਿਅਤਾ, ਧਰਮ, ਇਤਿਹਾਸ, ਸੱਭਿਆਚਾਰ, ਲੋਕਾਂ ਦੀ ਰਹਿਣੀ-ਬਹਿਣੀ, ਭਾਈਚਾਰੇ ਦੇ ਪੱਖਾਂ ਨੂੰ ਵਿਸਥਾਰਾਂ ਸਾਹਿਤ ਵਿਸਥਾਰਦੀ ਹੈ। ਯੂਨਾਨ, ਮੈਸੋਪੋਟਾਮੀਆਂ, ਮਿਸਰ, ਚੀਨ ਤੇ ਅਫਰੀਕਾ ਦੇ ਮਿਥਹਾਸ, ਜਿਨ੍ਹਾਂ ਵਿੱਚ ਕਿਤੇ-ਕਿਤੇ ਸੌ ਫੀਸਦੀ ਸੱਚਾਈ ਤੇ ਕਈਆਂ ਵਿੱਚ ਅਸਲੀਅਤ ਦੇ ਛਲਕਾਰੇ ਹੁੰਦੇ ਹਨ। ਅੱਜ ਦੇ ਸਾਇੰਸਦਾਨਾਂ, ਇਤਿਹਾਸਕਾਰਾਂ, ਧਰਮ ਦੇ ਖੋਜੀਆਂ ਨੇ, ਤਿਣਕਾ-ਤਿਣਕਾ ਇਕੱਠਾ ਕਰ ਕੇ (ਕਤਰਾ ਕਤਰਾ ਦਰਿਆ ਮੀ ਸ਼ਵੱਦ) ਤੇ ਕਤਰਾ ਕਤਰਾ ਜੋੜ ਕੇ ਆਧੁਨਿਕ ਸਾਧਨਾ ਨੂੰ, ਜੋ ਜੀਵਾਂ ਦੀਆਂ ਜੀਵਨੀਆਂ ਦੇ ਕੰਮ ਆਉਣ ਵਾਲੇ ਵਸੀਲਿਆਂ ਨੂੰ ਧਰਤੀ ਤੋਂ ਅਕਾਸ਼

ਤੱਕ ਪਹੁੰਚਾ ਦਿੱਤਾ ਹੈ। ਆਬੂ ਪਹਾੜ (ਰਾਜਸਥਾਨ ਦੀ ਗਾਥਾ ਸਾਰਾ ਮਿਥਹਾਸ ਨਹੀਂ ਹੈ। ਇਸ ਵਿੱਚ ਸੱਚਾਈ ਵੀ ਹੈ। ਹਵਨ ਕੁੰਡਾਂ ਦੇ ਦ੍ਰਿਸ਼ਟਾਂਤ, ਅੱਜ ਤੋਂ ਛੇ ਹਜ਼ਾਰ ਪਹਿਲਾਂ ਤੋਂ ਅਥਵਾ ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਦੇ ਸਮੇਂ ਤੋਂ ਲਗਾਤਾਰ ਚਲੇ ਆਉਂਦੇ ਰਹੇ ਹਨ। ਆਰੀਆ ਲੋਕਾਂ ਦੇ ਮੁਨੀਆਂ-ਰਿਸ਼ੀਆਂ (Scholars) ਦੇ ਰਚੇ ਵੇਦਾਂ ਨੂੰ ਸਾਰੀ ਦੁਨੀਆਂ ਮਹਾਨ ਗਿਣਦੀ ਹੈ, ਏਥੇ ਤੱਕ ਕਿ ਜਰਮਨ ਦੇਸ਼ ਦੇ ਕਾਢੂਆਂ ਨੇ ਵੇਦਾਂ ਵਿੱਚੋਂ ਬਹੁਤ ਮਿਥਹਾਸਿਕ ਇਸ਼ਾਰਿਆਂ ਤੋਂ ਆਧੁਨਿਕ ਵੱਖ-ਵੱਖ ਕਾਢਾਂ ਵਿੱਚ ਸਹਾਇਤਾ ਲਈ ਹੈ।

ਆਬੂ-ਪਹਾੜ ਦੇ ਹਵਨ-ਕੁੰਡ ਵਿੱਚ ਝੂਠ-ਮੂਠ ਅਤੇ ਸੱਚਾਈ ਦਾ ਨਿਤਾਰਾ ਹੁੰਦਾ ਹੈ। ਸ਼ੈਤਾਨ ਅਤੇ ਦੇਵਤਿਆਂ (good and evil) ਵਿੱਚ ਨਿਖਾਰ ਆਉਂਦਾ ਹੈ। ਹਵਨ ਕੁੰਡ 'ਚੋਂ ਚਾਰ ਸੱਚ ਦੇ ਨਿਸਤਾਰੇ, ਜਿਵੇਂ ਪਰਮਾਰ ਚੌਹਾਨ, ਸੋਲੰਕੀ ਅਤੇ ਪਰਹਾਰ, "ਹਵਨ ਕੁੰਡ ਜੋ ਸੈਂਕੜਿਆਂ-ਹਜ਼ਾਰਾਂ ਸਾਲਾਂ ਰਿਸ਼ੀਆਂ-ਮੁਨੀਆਂ ਦੀਆਂ ਪ੍ਰਮਾਤਮਾਂ ਨਾਲ ਜੁੜੀਆਂ ਸੁਰਤੀਆਂ ਦਾ ਨਤੀਜਾ ਸੀ, ਉਸ ਨੂੰ ਤਸੱਵਰ ਨਹੀਂ ਯਕੀਨੀ ਮੰਨਣਾ ਪਵੇਗਾ ਸਾਰੇ ਸੰਸਾਰ ਦੀਆਂ ਮਿਥਹਾਸਾਂ ਵਿੱਚ ਐਸੇ ਹੀ ਹਕੀਕੀ ਵਾਕਿਆਤ ਮਿਲਦੇ ਹਨ, ਜੋ ਸੱਚ ਹੋ ਨਿਖਰੇ। ਇਹ ਚਾਰੋਂ ਵਿਅਕਤੀਆਂ ਮਾਵਾਂ ਦਿਆਂ ਪੇਟਾਂ 'ਚੋਂ ਨਹੀਂ ਉਪਜੀਆਂ ਪਰ ਇਨ੍ਹਾਂ ਚੌਹਾਂ ਦੀਆਂ ਮਾਵਾਂ, ਰਿਸ਼ੀਆਂ-ਮੁਨੀਆਂ ਦੀਆਂ ਪਰਮਾਤਮਾ ਨਾਲ ਮਿਲੀਆਂ ਸੁਰਤੀਆ ਸਨ। ਜੇ ਹਜ਼ਰਤ ਈਸਾ ਦੀ ਮਾਂ ਬੀਬੀ ਮਰੀਅਮ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਪੁੱਤਰੀ ਬੀਬੀ ਫ਼ਾਨਮਾਂ ਨੂੰ ਮਾਹਵਾਰੀ ਨਹੀਂ ਸੀ ਆਉਂਦੀ ਤੇ ਉਨ੍ਹਾਂ ਦੇ ਔਲਾਦ ਹੋ ਸਕਦੀ ਸੀ ਤਾਂ ਇਥੇ ਰਿਸ਼ੀਆਂ-ਮੁਨੀਆਂ ਦੀਆਂ ਇਲਾਹੀ ਸੁਰਤੀਆਂ ਮਾਂ ਦਾ ਰੂਪ ਨਹੀਂ ਧਾਰ ਸਕਦੀਆਂ? ਇਹ ਚਾਰੋਂ ਰਾਜਪੂਤ ਦਾ ਅਰਥ ਇਹ ਨਹੀਂ ਹੈ ਕਿ "ਰਾਜਿਆਂ ਦੇ ਪੁੱਤ" ਇਥੇ 'ਰਾਜ' ਦਾ ਅਰਥ ਹੈ, 'ਮਹਾਨ', 'ਰੱਬੀ', ਇਲਾਹੀ । ਰੱਬ ਆਪਣੀ ਲੁਕਾਈ ਵਿੱਚ ਆਈ ਗਿਰਾਵਟ ਦੇ ਸੁਧਾਰ ਲਈ ਸਮੇਂ ਸਿਰ ਅਵਤਾਰ, (Prophets) ਭੇਜਦਾ ਰਹਿੰਦਾ ਹੈ। ਇਹ ਚਾਰੋਂ ਵੀ ਰੱਬ ਦੀ ਲੁਕਾਈ ਵਿੱਚ ਨਿਖਾਰ ਲਿਆਉਣ ਲਈ ਅਗਨ-ਕੁੰਡ 'ਚੋਂ ਪੈਦਾ ਕੀਤੇ। ਭਾਰਤ ਦੇ ਮਨੂ ਜੀ ਦੇ ਬਣਾਏ ਹੋਈ ਖਤਰੀ (ਕਸ਼ਤਰੀ) ਕਾਇਰ ਹੋ ਚੁੱਕੇ ਸਨ। ਆਪਣੇ ਕਰਤੱਵਾਂ ਨੂੰ ਤਿਲਾਂਜਲੀ ਦੇ ਚੁੱਕੇ ਸਨ, ਤਾਂ ਇਨ੍ਹਾਂ ਚਾਰੋਂ ਰਿਸ਼ੀ-ਮੁਨੀ ਪੁੱਤਰਾਂ ਦਾ ਜਨਮ ਹੋਇਆ ਅਤੇ ਇਨ੍ਹਾਂ ਰਾਜਪੂਤਾਂ ਨੇ ਭਾਰਤੀ ਬਹਾਦਰੀ ਅਣਖ ਆਪਾਵਾਰੀ ਦਾ ਦੌਰ ਆਂਦਾ ਤੇ ਅੱਜ ਤੱਕ ਜਿਨ੍ਹਾਂ ਇਨ੍ਹਾਂ ਰਾਜਪੂਤ ਔਲਾਦ ਵਿੱਚ ਖਤਰੀਆਂ (ਕਸ਼ਤਰੀਆ) ਵਾਂਗ ਗਿਰਾਵਟ ਨਹੀਂ ਆਈ, ਉਹ ਅੱਜ ਵੀ ਅਣਖ ਸੂਰਮਤਾਈ-ਪਰਉਪਕਾਰੀ-ਆਚਰਣ ਤੇ ਸੱਭਿਆਚਾਰੀ ਦੇ ਮਹਾਨ ਸਤੂਨ ਹਨ। ਵੇਖੋ ਅਕਾਲੀ ਫੂਲਾ ਸਿੰਘ-ਭਾਈ ਬਚਿੱਤਰ ਸਿੰਘ ਗਿਆਨੀ ਗਿਆਨ ਸਿੰਘ, ਬੰਦਾ ਸਿੰਘ ਬਹਾਦਰ, ਸੰਤ ਬਾਬਾ ਨਿਧਾਨ ਸਿੰਘ ਜੀ, ਮਹਾਰਾਣਾ ਪ੍ਰਤਾਪ, ਜੈਮਲ

ਫੱਤਾ ਇਤਆਦਿ ਰਾਜਪੂਤਾਂ ਦੇ ਪਿਛੋਕੜਾਂ ਨੂੰ ਫਰੋਲੀਏ ਤਾਂ ਹਵਨ-ਕੁੰਡ ਵਿੱਚੋਂ ਪੈਦਾ ਹੋਣ ਵਾਲੀਆਂ ਹਜ਼ਾਰਾ ਮਿਸਾਲਾਂ ਮਿਲ ਸਕਦੀਆਂ ਹਨ। ਜਲੰਧਰ ਬਿਸਤ ਦੁਆਬ ਦੇ, "ਰਾਜਪੂਤ ਜੋ ਸਿੱਖ ਬਣੇ" ਵਿੱਚ ਉਪਰੋਕਤ ਸਾਰੀਆ ਸਿਫਤਾਂ ਅੱਜ ਵੀ ਮਿਲਦੀਆਂ ਹਨ। ਅੱਜ ਵੀ ਆਪਣੀ ਪੂਰੀਆ ਲੀਹਾਂ 'ਤੇ ਖੜ੍ਹੇ ਹਨ। ਬਹੂ-ਬੇਟੀ ਦੀ ਇੱਜ਼ਤ ਦੇ ਪੂਰੇ ਪਾਸਬਾਨ ਹਨ। ਧਰਮ ਦੀ ਕਿਰਤ ਤੇ ਵੰਡ ਕੇ ਛਕਣ ਦੇ ਪੈਰੋਕਾਰ ਹਨ। (Their Posterities will remain in tact for all times to come-Amen -**ਡਾ. ਬਖਸ਼ੀਸ਼ ਸਿੰਘ ਨਿੱਜਰ**

ਮੁਗਲਾਂ ਦੇ ਰਾਜ ਸਮੇਂ ਰਾਜਪੂਤਾਨੇ ਤੋਂ ਬਹੁਤ ਸਾਰੇ ਰਾਜਪੂਤਾਂ ਨੂੰ ਨਿਕਲਣਾ ਪਿਆ ਤੇ ਉਹ ਸਾਰੇ ਹਿੰਦੋਸਤਾਨ ਵਿੱਚ ਖਾਸ ਕਰ ਕੇ ਪਹਾੜਾਂ ਵਿੱਚ ਜਾ ਵਸੇ। ਹਿਮਾਚਲ ਵਿੱਚ ਵੀ ਇਸ ਸਮੇਂ ਬਹੁਤ ਰਾਜਪੂਤ ਆਬਾਦ ਹੋਏ। ਹਿਮਾਚਲ ਪ੍ਰਦੇਸ਼, ਜੰਮੂ ਵਿੱਚ ਰਾਜਪੂਤਾਂ ਦੀ ਵਸੋਂ ਜ਼ਿਆਦਾ ਇਸੇ ਕਰ ਕੇ ਹੈ।

ਮੁਹੰਮਦ ਗੌਰੀ ਦੇ ਹਮਲੇ ਸਮੇਂ ਭਾਰਤ ਵਿੱਚ ਹੇਠ ਲਿਖੇ ਚਾਰ ਵੱਡੇ ਰਾਜ ਸਨ:

1. ਦਿੱਲੀ ਚੌਹਾਨਾਂ ਦੇ ਅਧੀਨ
2. ਕਨੌਜ ਰਾਠੌਰਾਂ ਦੇ ਅਧੀਨ
3. ਮੇਵਾੜ ਗਹਿਲੋਤਾਂ ਦੇ ਅਧੀਨ
4. ਅਨਹੀਲਵਾੜਾ, ਸੋਲੰਕੀਆਂ ਦੇ ਅਧੀਨ

ਇਹਨਾਂ ਚਾਰ ਵੱਡੇ ਰਾਜਾਂ ਅਧੀਨ ਅਣਗਿਣਤ ਛੋਟੇ-ਛੋਟੇ ਰਾਜ ਸਨ ਜਿਹੜੇ ਇਹਨਾਂ ਦੇ ਜਗੀਰਦਾਰਾਂ ਦੇ ਤੌਰ 'ਤੇ ਸਨ। ਇਹਨਾਂ ਤੋਂ ਸਭ ਤੋਂ ਵੱਡਾ ਦਿੱਲੀ ਦਾ ਰਾਜ ਸੀ ਜਿਸਦੀਆਂ ਸੀਮਾਵਾਂ ਦੱਖਣ ਵਿੱਚ ਕਾਲੀ ਨਦੀ (ਰਾਠੌਰਾਂ ਦੇ ਰਾਜ ਤੱਕ) ਅਤੇ ਉੱਤਰ ਪੱਛਮ ਵੱਲ ਦਰਿਆ ਸਿੰਧ ਤੱਕ ਤੇ ਹਿਮਾਲੀਆ ਪਰਬਤ ਤੱਕ ਸਨ, ਮਾਰੂਥਲ ਦਾ ਇਲਾਕਾ ਅਰਾਵਲੀ ਪਹਾੜੀਆਂ ਤੱਕ ਸਨ। ਪ੍ਰਿਥਵੀ ਰਾਜ ਚੌਹਾਨ ਦੇ ਅਧੀਨ 108 ਛੋਟੇ-ਛੋਟੇ ਰਾਜੇ ਸਨ।

ਕਨੌਜ ਰਾਜ ਦੀਆਂ ਸੀਮਾਵਾਂ ਉੱਤਰ ਵਿੱਚ ਹਿਮਾਲਿਆ ਦੀਆਂ ਬਰਫਾਨੀ ਚੋਟੀਆਂ ਤੱਕ,ਪੂਰਬ ਵੱਲ ਕਾਸ਼ੀ (ਬਨਾਰਸ) ਤੱਕ ਤੇ ਦੱਖਣ ਵੱਲ ਮੇਵਾੜ ਤੱਕ ਤੇ ਪੱਛਮ ਵੱਲ ਬੰਧੇਲ ਖੰਡ (ਚੰਦੇਲ) ਤੱਕ ਸਨ। ਇਹ ਸਾਰੇ ਰਾਜੇ ਆਪਸ ਵਿੱਚ ਲੜਦੇ-ਭਿੜਦੇ ਰਹਿੰਦੇ ਸਨ। ਜਿਵੇਂ ਕਿ ਬਹਾਦਰ ਜਾਤੀਆਂ ਵਿੱਚ ਸੁਭਾਵਕ ਹੈ। ਜੇ ਇੱਕ ਸ਼ਾਦੀ ਦੇ ਰਿਸ਼ਤੇ ਕਾਰਨ ਦੋ ਰਾਜਾਂ ਦੀ ਕੁਝ ਸਮੇਂ ਲਈ ਦੋਸਤੀ ਹੋ ਜਾਂਦੀ ਤਾਂ ਥੋੜੇ ਸਮੇਂ ਬਾਅਦ ਕਿਸੇ ਨਾ ਕਿਸੇ ਕਾਰਨ ਨਵਾਂ ਝਗੜਾ ਸ਼ੁਰੂ ਹੋ ਜਾਂਦਾ।

ਜਦੋਂ ਪੱਛਮੀ ਮੁਸਲਮਾਨਾਂ ਨੇ ਭਾਰਤ 'ਤੇ ਹਮਲੇ ਕੀਤੇ ਕੇਵਲ ਇਕੋ ਇੱਕ ਕੌਮ ਸੀ ਜਿਸ ਨੇ ਦੇਸ਼ ਦੀ ਰੱਖਿਆ ਲਈ ਸ਼ਹੀਦੀ ਜਾਮ ਪੀਤੇ। ਲੜਕੇ ਮਰ ਗਏ ਪਰ ਗੁਲਾਮੀ ਕਬੂਲ ਨਾ ਕੀਤੀ। ਦੁਸ਼ਮਣ ਤੋਂ ਡਰ ਕੇ ਰਣ ਭੂਮੀ ਵਿੱਚੋਂ ਭੱਜ ਕੇ ਆਉਣ ਵਾਲੇ ਨੂੰ

ਰਾਜਪੂਤ ਇਸਤਰੀਆਂ ਮੂੰਹ ਨਾ ਦਿਖਾਉਂਦੀਆਂ।

*ਸ਼ਾਹਜਹਾਂ ਦੇ ਜਿਉਂਦਿਆਂ ਹੀ ਉਸ ਦੇ ਪੁੱਤਰਾਂ ਵਿੱਚ ਤਖਤ ਲਈ ਜੰਗ ਸ਼ੁਰੂ ਹੋ ਗਈ। ਰਾਜਪੂਤ ਰਾਜੇ ਬਹੁਤੇ ਸ਼ਾਹਜਹਾਂ ਦਾ ਪੱਖ ਪੂਰਦੇ ਸਨ। ਜਸਵੰਤ ਸਿੰਘ ਰਾਠੌਰ ਤੀਹ ਹਜ਼ਾਰ ਰਾਜਪੂਤ ਸੈਨਾ ਨਾਲ ਨਰਬਦਾ ਨਦੀ ਵੱਲ ਨੂੰ ਔਰੰਗਜ਼ੇਬ ਨੂੰ ਰੋਕਣ ਲਈ ਵਧਿਆ। ਔਰੰਗਜ਼ੇਬ ਫਰਾਂਸੀਸੀ ਤੋਪਚੀਆਂ ਦੀ ਮਦਦ ਨਾਲ ਨਰਬਦਾ ਨਦੀ ਪਾਰ ਕਰ ਸਕਿਆ। ਅਗਲੀ ਸਵੇਰ ਰਾਜਪੂਤਾਂ ਨਾਲ ਘਮਸਾਣ ਦੀ ਜੰਗ ਹੋਈ। ਪਰ ਰਾਜਪੂਤ ਸਾਰੇ ਪਾਸਿਉਂ ਘਿਰ ਗਏ ਤੇ ਸ਼ਾਮ ਤੱਕ ਦਸ ਹਜ਼ਾਰ ਦੇ ਕਰੀਬ ਰਣ ਵਿੱਚ ਮਾਰੇ ਗਏ। ਜਸਵੰਤ ਸਿੰਘ ਰਾਠੌਰ ਨੂੰ ਜੰਗ ਵਿੱਚੋਂ ਭੱਜਣਾ ਪਿਆ। ਫਰਾਂਸੀਸੀ ਲਿਖਾਰੀ ਬਰਨੀਅਰ ਜਿਸ ਨੇ ਸਭ ਕੁਝ ਅੱਖੀਂ ਡਿੱਠਾ ਲਿਖਦਾ ਹੈ "ਕਿ ਮੈਂ ਲਿਖ ਨਹੀਂ ਸਕਦਾ ਜਿਸ ਤਰ੍ਹਾਂ ਦਾ ਭਿਆਨਕ ਸਲੂਕ ਜਸਵੰਤ ਸਿੰਘ ਰਾਠੌਰ ਦੀ ਪਤਨੀ ਜੋ ਕਿ ਉਦਯਪੁਰ ਦੇ ਰਾਣੇ ਦੀ ਪੁੱਤਰੀ ਸੀ ਉਸ ਦੇ ਹਾਰ ਕੇ ਭੱਜ ਆਉਣ ਮਗਰੋਂ ਕੀਤਾ। ਰਾਣੀ ਨੇ ਬੜੇ ਕੁਰਖੱਤ ਲਹਿਜੇ ਵਿੱਚ ਕਿਹਾ ਕਿ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਲਓ ਇਹੋ ਜਿਹਾ ਬਦਨਾਮ ਆਦਮੀ ਮੇਰਾ ਪਤੀ ਨਹੀਂ। ਮਹਾਰਾਣਾ ਉਦੇਯ ਸਿੰਘ ਦਾ ਜਵਾਈ ਐਨਾ ਡਰਪੋਕ ਤੇ ਕਮੀਨਾ ਬੰਦਾ ਨਹੀਂ ਹੋ ਸਕਦਾ। ਉਸ ਨੂੰ ਉਦਯਪੁਰ ਦੀ ਲਾਜ ਰੱਖਣ ਲਈ ਮਰ ਮਿਟਣਾ ਚਾਹੀਦਾ ਸੀ। ਅਗਲੇ ਪਲ ਉਸ ਨੇ ਸਤੀ ਹੋਣ ਲਈ ਲੱਕੜਾਂ ਦਾ ਢੇਰ ਲਾਉਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਪਰੇਸ਼ਾਨੀ ਵਿੱਚ ਉਸ ਨੇ ਸੱਤ ਅੱਠ ਦਿਨ ਗੁਜਾਰੇ ਤੇ ਜਸਵੰਤ ਸਿੰਘ ਨੂੰ ਕੋਸਦੀ ਰਹੀ। ਆਖਿਰ ਉਸ ਦੀ ਮਾਂ ਨੇ ਆ ਕੇ ਉਸ ਨੂੰ ਮਨਾਇਆ ਕਿ ਜਸਵੰਤ ਸਿੰਘ ਹੋਰ ਫੌਜ ਇਕੱਠੀ ਕਰ ਕੇ ਔਰੰਗਜ਼ੇਬ ਨਾਲ ਲੜਕੇ ਆਪਣੇ ਮੱਥੇ 'ਤੇ ਲੱਗਾ ਦਾਗ ਧੋ ਦੇਵੇਗਾ।" ਇਹ ਰਾਜਪੂਤ ਇਸਤਰੀਆਂ ਦੇ ਹੌਂਸਲੇ ਦੀ ਇੱਕ ਉਧਾਰਣ ਹੈ।

ਐਸੀਆਂ ਵੀ ਮਿਸਾਲਾਂ ਹਨ ਜਦੋਂ ਰਾਜਪੂਤਾਂ ਨੇ ਆਪਣੇ ਹੱਥੀਂ ਆਪਣੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਤਲਵਾਰਾਂ ਨਾਲ ਕਤਲ ਕਰ ਕੇ ਫੇਰ ਰਣ ਵਿੱਚ ਕੁੱਦੇ ਤਾਂ ਕਿ ਪਿਛਲਾ ਫਿਕਰ ਹੀ ਨਾ ਰਹੇ। ਐਸੀਆਂ ਵੀ ਮਿਸਾਲਾਂ ਹਨ ਜਦੋਂ ਇਸਤਰੀਆਂ ਨੇ ਆਪਣੇ ਪਤੀਆਂ ਦੀ ਹਾਰ ਸੁਣ ਕੇ ਦੁਸ਼ਮਣ ਦੇ ਹੱਥ ਜਿਉਂਦੇ ਆਉਣ ਨਾਲੋਂ ਅੱਗ ਵਿੱਚ ਸੜ ਕੇ ਮਰਨਾ ਠੀਕ ਸਮਝਿਆ। ਇਸ ਅਣਖ ਵਾਲੀ ਕੌਮ ਨੂੰ ਅਣਖ ਦੀ ਖਾਤਰ ਜੋ ਕੁਰਬਾਨੀਆਂ ਕਰਨੀਆਂ ਪਈਆਂ ਉਹ ਹੁਣ ਦੇ ਦੇਸ਼ ਪ੍ਰੇਮੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਹਨ। ਮਾਤ-ਭੂਮੀ ਨੂੰ ਫੁੱਲਾਂ ਦੇ ਥਾਂ ਸੀਸ ਭੇਂਟ ਕਰਨ ਵਾਲੇ ਰਾਜਪੂਤ ਹੀ ਸਨ।

ਮੁਗਲਾਂ ਅਤੇ ਉਨ੍ਹਾਂ ਤੋਂ ਪਹਿਲੇ ਪੱਛਮ ਉੱਤਰ ਵੱਲੋਂ ਆਉਣ ਵਾਲੇ ਹਮਲਾਵਾਰਾਂ ਨਾਲ ਲੜਦਿਆਂ ਸਭ ਤੋਂ ਵੱਧ ਨੁਕਸਾਨ ਰਾਜਪੂਤ ਕੌਮ ਦਾ ਹੋਇਆ। ਰਾਜ ਮਹੱਲ ਛੱਡ ਕੇ ਜੰਗਲਾਂ ਵਿੱਚ ਬਸੇਰਾ ਕਰਨਾ ਪਿਆ। ਆਪਣੀਆਂ ਰਿਆਸਤਾਂ ਛੱਡ ਕੇ ਦੂਰ ਪਹਾੜਾਂ ਵਿੱਚ ਜਿੱਥੇ ਵੱਡੀਆਂ ਫੌਜਾਂ ਪਿੱਛਾ ਨਾ ਕਰ ਸਕਣ ਸਿਰ ਲੁਕੋਣੇ ਪਏ।

---

* *Annals & Antiquities of Rajasthan by Col. Tod Vol. II Page 724*

# ਗੁਰੂ ਗੋਬਿੰਦ ਸਿੰਘ ਜੀ ਨਾਲ ਰਾਜਪੂਤ ਰਾਜਿਆਂ ਦੀ ਭੇਂਟ

ਰਾਜਪੂਤਾਂ ਦੀ ਹਾਰ ਦਾ ਵੱਡਾ ਕਾਰਨ ਉਨ੍ਹਾਂ ਦਾ ਹੰਕਾਰ ਸੀ, ਉਹ ਆਪਸ ਵਿੱਚ ਹੀ ਦੂਸਰੇ ਨੂੰ ਆਪਣੇ ਨਾਲੋਂ ਨੀਵਾਂ ਸਮਝਦੇ। ਕਦੇ ਵੀ ਇਕੱਠੇ ਹੋ ਕੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਨਾ ਕੀਤਾ। ਗੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੰਦੇ। ਅਕਬਰ ਵੱਲੋਂ ਮਹਾਰਾਜਾ ਪ੍ਰਤਾਪ ਨੂੰ ਪੇਸ਼ਕਸ਼ ਹੋਈ ਕਿ ਆ ਕੇ ਇੱਕ ਵਾਰ ਸਲਾਮ ਕਰ ਦੇ ਤੇ ਆਪਣੀ ਰਿਆਸਤ ਵਿੱਚ ਪਹਿਲੇ ਦੀ ਤਰ੍ਹਾਂ ਰਾਜ ਕਰ। ਪਰ ਮਹਾਰਾਣਾ ਪ੍ਰਤਾਪ ਨੂੰ ਆਪਣੇ ਨਾਲੋਂ ਵੱਧ ਪਿਆਰੀ ਸੀ ਆਪਣੀ ਰਾਜਪੂਤੀ ਅਣਖ। ਉਸ ਨੇ ਜੰਗਲਾਂ ਵਿੱਚ ਭਟਕ ਕੇ ਦੁੱਖ ਸਹਿਣ ਵਿੱਚ ਆਪਣੀ ਸ਼ਾਨ ਸਮਝੀ। ਉਸ ਦੀਆਂ ਮੁਸੀਬਤਾਂ ਬਾਰੇ ਅੰਗਰੇਜ਼ ਲਿਖਾਰੀ ਕਰਨਲ ਟਾਡ ਲਿਖਦਾ ਹੈ "ਕਿ ਮਹਾਰਾਣਾ ਦੇ ਬੱਚਿਆਂ ਜਿਨ੍ਹਾਂ ਨੇ ਮਹਿਲਾਂ ਵਿੱਚ ਪੰਘੂੜਿਆਂ 'ਤੇ ਪਲਣਾ ਸੀ, ਉਨ੍ਹਾਂ ਲਈ ਜੰਗਲਾਂ ਵਿੱਚ ਦਰੱਖਤਾਂ ਨਾਲ ਪੰਘੂੜੇ ਟੰਗਣ ਲਈ ਜੋ ਕਿੱਲ ਦਰੱਖਤਾਂ ਵਿੱਚ ਗੱਡੇ ਗਏ ਉਹ ਇਸ ਅਭੁੱਲ ਦਰਦ ਦੀ ਗਵਾਹੀ ਦਿੰਦੇ ਹਨ। ਮਹਾਰਾਣਾ ਪਰਤਾਪ ਦੀ ਚਿਤੌੜ ਵਾਪਸ ਲਏ ਬਿਨਾ, ਪਲੰਘ ਤੇ ਨਾ ਸੌਣ, ਥਾਲੀ ਵਿੱਚ ਰੋਟੀ ਨਾ ਖਾਣ ਦੀ ਪ੍ਰਤਿਗਿਆ ਅਜੇ ਵੀ ਉਨ੍ਹਾਂ ਦੇ ਵੰਸ਼ ਵਾਲਿਆਂ ਨੂੰ ਨਹੀਂ ਭੁੱਲੀ। ਉਹ ਆਪਣੇ ਬਿਸਤਰੇ ਹੇਠ ਥੋੜ੍ਹਾ ਘਾਹ ਫੂਸ ਵਿਛਾ ਲੈਂਦੇ ਹਨ। ਸੋਨੇ ਦੀ ਥਾਲੀ ਹੇਠਾਂ ਕਿਸੇ ਬਿਰਛ ਦਾ ਪੱਤਾ ਰੱਖ ਕੇ ਖਾਣਾ ਖਾਂਦੇ ਹਨ।"

ਜਿਥੇ ਕਣਕ ਹੈ, ਕੁਦਰਤ ਕਾਂਗਹਾਰੀ ਵੀ ਪੈਦਾ ਕਰ ਦਿੰਦੀ ਹੈ। ਇੱਕਾ ਦੁੱਕਾ ਉਦਾਹਰਣਾਂ ਹਨ ਜੋ ਰਾਜਪੂਤਾਂ ਨੇ ਮੁਗਲਾਂ ਨੂੰ ਲੜਕੀਆਂ ਦੇ ਡੋਲੇ ਦਿੱਤੇ ਉਹ ਵੀ ਮਜਬੂਰੀ ਅੰਦਰ। ਇਤਿਹਾਸ ਵਿੱਚ ਜ਼ਿਕਰ ਹੈ ਕਿ ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਲੜਕਿਆਂ ਵਿੱਚ ਤਖਤ ਲਈ ਜੋ ਲੜਾਈ ਹੋਈ ਉਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਜੀ ਨੂੰ ਭੇਜਿਆ। ਤਾਰਾ ਆਜ਼ਮ ਗੁਰੂ ਜੀ ਦੇ ਤੀਰ ਨਾਲ ਮਾਰਿਆ ਗਿਆ। ਤਖਤ 'ਤੇ ਬੈਠਣ ਮਗਰੋਂ ਬਹਾਦਰ ਸ਼ਾਹ ਨੇ ਆਗਰੇ ਵਿਖੇ ਭਰੇ ਦਰਬਾਰ ਵਿੱਚ ਗੁਰੂ ਸਾਹਿਬ ਦਾ ਪੂਰਾ ਸਨਮਾਨ ਕੀਤਾ ਅਤੇ ਬੇਸ਼ਕੀਮਤ ਤੋਹਫੇ ਭੇਂਟ ਕੀਤੇ। ਨਵੇਂ ਬਣੇ ਬਾਦਸ਼ਾਹ ਨੂੰ ਮੁਬਾਰਕਾਂ ਦੇਣ ਸਭ ਛੋਟੇ-ਛੋਟੇ ਰਾਜੇ ਆਇਆ ਕਰਦੇ ਸਨ। ਰਾਜਾ ਜੈ ਸਿੰਘ (ਸਾਨੀ) ਜੈਪੁਰੀਆ ਅਤੇ ਰਾਜਾ ਅਜੀਤ ਸਿੰਘ ਜੋਧਪੁਰੀਆ ਵੀ ਆਏ। ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਵੀ ਆਗਰੇ ਵਿਖੇ ਹਨ ਤਾਂ ਇਹ ਦੋਨੋ ਰਾਜੇ ਗੁਰੂ ਜੀ ਦੇ ਦਰਸ਼ਨਾ ਨੂੰ ਆਏ। ਜਿੱਥੇ ਇਸ ਵਕਤ ਬੰਗਲਾ ਸਾਹਿਬ ਗੁਰਦਵਾਰਾ ਹੈ ਉਹ ਪਹਿਲੇ ਰਾਜਾ ਜੈ ਸਿੰਘ ਦਾ ਬੰਗਲਾ ਸੀ। ਉਹ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ਤੇ ਉਸ ਨੇ ਇਹ ਬੰਗਲਾ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕਿਸ਼ਨ ਜੀ ਨੂੰ ਭੇਂਟ ਕਰ ਦਿੱਤਾ ਸੀ। ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਨਾਲ ਰਾਜਾ ਜੈ ਸਿੰਘ (ਸਾਨੀ) ਅਤੇ ਰਾਜਾ

ਅਜੀਤ ਸਿੰਘ ਜੋਧਪੁਰੀਏ ਦੀ ਆਗਰੇ ਵਿਖੇ ਮੁਲਾਕਾਤ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ :

ਸੁਨ ਰਾਜਨਿ ਕਰ ਜੋਰਿ ਉਚਾਰੇ, ਦੇਸ਼ ਬਟੋਰਨ ਕਰਹਿ ਜਿ ਸਾਰੇ
ਸਵਾ ਲਾਖ ਘੋੜਾ ਹੋਇ ਜਾਏ, ਸਭ ਕੋ ਖਰਚ ਚਲੇ ਸਮਦਾਇ।
ਧਨੀ ਤੇਗ ਕੇ ਬਡ ਰਾਜਪੂਤ, ਛਿਨ ਮਹਿ ਰਿਪੁ ਕੋ ਕਰਤ ਕਸੂਤ
ਨਿਕਟ ਦੌਨ ਕੇ ਲਾਖ ਅਢਾਈ, ਸੰਗ ਚੜਹਿ ਘੇਰਾ ਸਮਦਾਈ।

ਗੱਲਾਂ ਗੱਲਾਂ ਵਿੱਚ ਗੁਰੂ ਸਾਹਿਬ ਨੇ ਰਾਜਿਆਂ ਤੋਂ ਪੁੱਛਿਆ ਸੀ ਕਿ ਜੇ ਜ਼ੁਲਮ ਵਿਰੁੱਧ ਧਰਮ ਯੁੱਧ ਕਰਨਾ ਪਿਆ ਤਾਂ ਤੁਸੀਂ ਕਿੰਨੀ ਕੁ ਤਾਕਤ ਇਕੱਠੀ ਕਰ ਸਕਦੇ ਹੋ ਜਿਸ ਦੇ ਉੱਤਰ ਵਿੱਚ ਉਨ੍ਹਾਂ ਕਿਹਾ ਕਿ ਸਾਰੇ ਦੇਸ਼ ਰਾਜਪੂਤਾਨੇ ਵਿੱਚੋਂ ਫਿਰ ਕੇ ਸਵਾ ਲੱਖ ਘੋੜਾ (ਘੋੜਸਵਾਰ) ਇਕੱਠਾ ਕੀਤਾ ਜਾ ਸਕਦਾ ਹੈ ਅਤੇ ਪਹਾੜ (ਦੌਣ) ਨੇੜੇ ਵਸਦੇ ਰਾਜਿਆਂ ਸਣੇ ਫੌਜਾਂ ਦੇ ਢਾਈ ਲੱਖ ਜਵਾਨ ਹੁੰਦੇ ਹਨ। ਜਾਣੀ ਜਾਣ ਗੁਰੂ ਸਾਹਿਬ ਨੂੰ ਇਹਨਾਂ ਰਾਜਪੂਤ ਰਾਜਿਆਂ ਵੱਲੋਂ ਮਦਦ 'ਤੇ ਵਿਸ਼ਵਾਸ ਸੀ ਨਹੀਂ ਤਾਂ ਉਨ੍ਹਾਂ ਨੇ ਡੱਲੇ ਦੀ ਤਰ੍ਹਾਂ ਇਹਨਾਂ ਦੀ ਵੀ ਪਰਖ ਕਰ ਲੈਣੀ ਸੀ। ਇਸੇ ਮੁਲਾਕਾਤ ਵਿੱਚ ਗੁਰੂ ਜੀ ਨੇ ਰਾਜਿਆਂ ਨੂੰ ਕਿਹਾ ਕਿ ਤੁਸੀਂ "ਗਾਵਾਂ ਕਸਾਈਆਂ ਨੂੰ ਕਿਉਂ ਦਿੰਦੇ ਹੋ?" ਸੁਣ ਕੇ ਰਾਜਾ ਜੈ ਸਿੰਘ (ਸਾਨੀ) ਨੇ ਨਿਮ੍ਰਤਾ ਸਹਿਤ ਕਿਹਾ "ਸੱਚੇ ਪਾਤਸ਼ਾਹ ਆਪ ਜੀ ਦੇ ਬਚਨਾਂ ਦੀ ਸਮਝ ਨਹੀਂ ਆਈ, ਅਸੀਂ ਤਾਂ ਗਊ ਨੂੰ ਪਵਿੱਤਰ ਸਮਝਦੇ ਹਾਂ।"

ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮੁਸਲਮਾਨਾਂ ਨੂੰ ਕੁੜੀਆਂ ਦੇਣਾ ਵੀ ਗਊਆਂ ਕਸਾਈਆਂ ਦੇ ਹਵਾਲੇ ਕਰਨ ਬਰਾਬਰ ਹੈ ਤਾਂ ਰਾਜਾ ਜੈ ਸਿੰਘ ਨੇ ਜੋ ਕਿਹਾ ਉਸ ਨੂੰ ਰਤਨ ਸਿੰਘ ਭੰਗੂ ਲਿਖਦੇ ਹਨ "ਜੋ ਰਾਜਪੂਤ ਬੀਜ ਸ਼ੁਧ ਹੋਇ, ਤਨੁਜਾ ਤੁਰਕਨ ਨ ਦੇ ਹੈ ਕੋਇ"

ਜੋ ਅਸਲੀ ਰਾਜਪੂਤ ਦਾ ਪੁੱਤ ਹੋਵੇਗਾ ਉਹ ਤੁਰਕਾਂ ਨੂੰ ਲੜਕੀ ਨਹੀਂ ਦੇਵੇਗਾ।

*1 ਦਸਮ ਪਿਤਾ ਦੇ ਬਚਨਾਂ ਦਾ ਅਸਰ ਇਹਨਾਂ ਰਾਜਪੂਤ ਰਾਜਿਆਂ 'ਤੇ ਤੁਰੰਤ ਹੋਇਆ ਤੇ ਇਹ ਦੋਨੋਂ ਸ਼ਹਿਨਸ਼ਾਹ ਬਹਾਦਰਸ਼ਾਹ ਦੀ ਆਗਿਆ ਲਏ ਬਿਨ੍ਹਾਂ ਹੀ ਆਗਰੇ ਤੋਂ ਮੁੜ ਗਏ ਅਤੇ ਮੇਵਾੜ ਦੇ ਰਾਜਾ ਅਮਰ ਸਿੰਘ ਕੋਲ ਪਹੁੰਚ ਗਏ ਸ਼ਹਿਨਸ਼ਾਹ ਦੀ ਆਗਿਆ ਬਿਨਾ ਮੁੜਨ ਵਾਲੇ ਰਾਜਿਆਂ ਨੂੰ ਬਾਗ਼ੀ ਸਮਝਿਆ ਜਾਂਦਾ ਸੀ। ਰਾਣਾ ਪ੍ਰਤਾਪ ਦੇ ਸਮੇਂ ਤੋਂ ਹੀ ਮੇਵਾੜ ਘਰਾਣੇ ਨੇ ਲੱਗਭੱਗ ਸੌ ਸਾਲ ਤੋਂ ਮੁਗਲਾਂ ਨੂੰ ਲੜਕੀਆਂ ਦੇਣ ਵਾਲਿਆਂ ਨਾਲ ਰਿਸ਼ਤੇ ਕਰਨੇ ਬੰਦ ਕੀਤੇ ਹੋਏ ਸਨ। ਇਹਨਾਂ ਦੋਨਾਂ ਨੇ ਮੁੜ ਕੇ ਰਾਜਪੂਤ ਸਮਾਜ ਵਿੱਚ ਸ਼ਾਮਲ ਕਰਨ ਦੀ ਬੇਨਤੀ ਕੀਤੀ ਜੋ ਕਿ ਇਸ ਸ਼ਰਤ 'ਤੇ ਪਰਵਾਨ ਕੀਤੀ ਗਈ ਕਿ ਅੱਗੇ ਤੋਂ ਮੁਗਲ ਸਾਮਰਾਜ ਨਾਲ ਕਿਸੇ ਵੀ ਕਿਸਮ ਦਾ ਸਿਆਸੀ ਜਾਂ ਘਰੇਲੂ ਸੰਬੰਧ ਨਾ ਰੱਖਿਆ ਜਾਵੇ। ਜੇ ਮੇਵਾੜ ਘਰਾਣੇ ਦੀਆਂ ਲੜਕੀਆਂ

---

* *Annals & Antiquities of Rajasthan by Col. Tod Vol. I Page 465*

ਤੋਂ ਨਰ ਔਲਾਦ ਹੋਵੇਗੀ ਉਸ ਨੂੰ ਹੀ ਰਾਜ ਗੱਦੀ ਦਿੱਤੀ ਜਾਵੇਗੀ ਤੇ ਲੜਕੀਆਂ ਪੈਦਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਦਾ ਵਿਆਹ ਮੁਸਲਮਾਨਾਂ ਨਾਲ ਬਿਲਕੁਲ ਨਹੀਂ ਕੀਤਾ ਜਾਵੇਗਾ ਭਾਵੇਂ ਰਾਜ ਗੱਦੀ 'ਤੇ ਵੱਡੇ ਰਾਜਕੁਮਾਰ ਦਾ ਪੈਦਾਇਸ਼ੀ ਹੱਕ ਖੋਹਣ ਨੇ ਬਾਅਦ ਵਿੱਚ ਬਹੁਤ ਪੁਆੜੇ ਪਾਏ।

ਇਹ ਗੱਲ ਖਾਸ ਮਹੱਤਤਾ ਰੱਖਦੀ ਹੈ ਕਿ ਭਾਵੇਂ ਕੁਝ ਰਾਜਪੂਤ ਰਾਜਿਆਂ ਨੇ ਮੁਗਲਾਂ ਨਾਲ ਰਿਸ਼ਤੇ ਕਰਕੇ ਵੱਡੀਆਂ ਵੱਡੀਆਂ ਪਦਵੀਆਂ ਅਤੇ ਜਗੀਰਾਂ ਲੈ ਲਈਆਂ ਪਰ ਉਹ ਦਿਲੋਂ ਪਛਤਾਉਂਦੇ ਸਨ। ਰਾਣਾ ਬਖਤਾ ਸਿੰਘ ਅਤੇ ਜੈ ਸਿੰਘ ਨੇ ਪ੍ਰਤਾਪ ਨੂੰ ਲਿਖ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਸ਼ੁੱਧ ਕਰ ਕੇ ਰਾਜਪੂਤ ਬਣਾ ਕੇ ਉਨ੍ਹਾਂ ਨਾਲ ਰਿਸ਼ਤੇ ਕਰ ਲਏ ਜਾਣ। ਪ੍ਰਤਾਪ ਦਾ ਸਾਥ ਦੇਣ ਵਾਲਿਆਂ ਨੇ ਮੁਗਲਾਂ ਦਾ ਸਾਥ ਦੇਣ ਵਾਲਿਆਂ ਨਾਲ ਰਿਸ਼ਤੇ ਬੰਦ ਕਰ ਦਿੱਤੇ ਸਨ। ਇਸ ਤਰ੍ਹਾਂ ਤਕਰੀਬਨ ਇੱਕ ਸੌ ਸਾਲ ਤੱਕ ਰਿਹਾ। ਉਨ੍ਹਾਂ ਨੂੰ ਇਸ ਸ਼ਰਤ 'ਤੇ ਮੁਆਫ਼ੀ ਦਿੱਤੀ ਗਈ ਕਿ ਮੇਵਾੜ ਘਰਾਣੇ ਨਾਲ ਰਿਸ਼ਤੇ ਕਰਨ ਵਾਲਿਆਂ ਦੀ ਔਲਾਦ ਹੀ ਗੱਦੀ ਦੀ ਹੱਕਦਾਰ ਬਣੇਗੀ।

* 1 ਰਾਜਪੂਤ ਜੋ ਸਿੱਖ ਬਣ ਗਏ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦੀ ਪੂਰੀ ਤਰ੍ਹਾਂ ਸੱਚੇ ਦਿਲੋਂ ਪਾਲਣਾ ਕੀਤੀ। ਐਸੀ ਕੋਈ ਵੀ ਮਿਸਾਲ ਨਹੀਂ ਹੈ ਕਿ ਦੁਆਬੇ ਦੇ ਸਿੱਖ ਰਾਜਪੂਤਾਂ ਨੇ ਕਿਸੇ ਮੁਸਲਮਾਨ ਜਾਂ ਹਿੰਦੂ ਰਾਜੇ ਨੂੰ ਦਰਬਾਰੀਏ ਬਣਨ ਲਈ ਆਪਣੀਆਂ ਲੜਕੀਆਂ ਦੇ ਰਿਸ਼ਤੇ ਦਿੱਤੇ ਹੋਣ।

*2 ਸੰਯੁਕਤ ਪੰਜਾਬ ਦੇ ਜੱਟ, ਅਕਬਰ ਅਤੇ ਜਹਾਂਗੀਰ ਦੇ ਸਮੇਂ ਖਾਸ ਕਰ ਕੇ ਤੇ ਉਸ ਤੋਂ ਬਾਅਦ ਵੀ ਜੱਟ ਮੁਸਲਮਾਨ ਨਵਾਬਾਂ, ਅਮੀਰਾਂ ਤੇ ਉੱਚ ਦਰਜੇ ਦੇ ਮੁਸਲਮਾਨਾਂ ਨੂੰ ਆਪਣੀਆਂ ਲੜਕੀਆਂ ਦੇ ਰਿਸ਼ਤੇ ਕਰਦੇ ਰਹੇ। ਇਹਨਾਂ ਰਿਸ਼ਤਿਆਂ ਦੇ ਇਵਜ਼ ਵਿੱਚ ਮੁਗਲ ਬਾਦਸ਼ਾਹ ਲੜਕੀਆਂ ਦੇ ਪਿਤਾਵਾਂ ਨੂੰ ਇੱਕ ਚਿੱਠੀ ਮੁਗਲ ਸਾਲਾਨਾ ਦਰਬਾਰ ਵਿੱਚ ਹਾਜ਼ਰ ਹੋਣ ਦੀ ਭੇਜਦੇ ਸਨ ਜਿਸ ਕਾਰਨ ਜਿਨ੍ਹਾਂ ਜੱਟਾਂ ਨੇ ਇਸ ਪ੍ਰਕਾਰ ਰਿਸ਼ਤੇ ਨਾਤੇ ਕੀਤੇ ਉਨ੍ਹਾਂ ਨੂੰ ਦਰਬਾਰੀ ਆਖਣ ਲੱਗ ਪਏ। ਇਸ ਪ੍ਰਕਾਰ ਦੇ ਦਰਬਾਰੀ ਸਾਲਾਨਾ ਦਰਬਾਰ ਵਿੱਚ ਹਾਜ਼ਰ ਹੁੰਦੇ ਅਤੇ ਆਪਣੇ ਵਿੱਤ ਅਨੁਸਾਰ ਦਰਬਾਰ ਵਿੱਚ ਮੁਗਲ ਬਾਦਸ਼ਾਹ ਨੂੰ ਨਜ਼ਰਾਂ ਭੇਟ ਕਰਦੇ ਸਨ। ਤੁਰਕੀ ਸ਼ਬਦ ਕੁਰਨਸ਼ ਅਨੁਸਾਰ ਨਜ਼ਰਾਂ ਕਰਨ ਸਮੇਂ ਝੁਕ ਝੁਕ ਸਲਾਮ ਕਰਦੇ ਸੀ। ਦੁਆਬੇ ਵਿੱਚ ਬਹੁਤ ਸਾਰੇ ਜੱਟਾਂ ਦੇ ਪਿੰਡ ਹਨ ਜਿਨ੍ਹਾਂ ਵਿੱਚ ਐਸੇ ਦਰਬਾਰੀ ਆਪਣੇ ਆਪ ਨੂੰ ਦਰਬਾਰੇ ਵਾਲੇ ਕਹਾਉਂਦੇ ਹਨ ਜਿਵੇਂ ਮਾਹਿਲਪੁਰ, ਗੜ੍ਹਦੀਵਾਲਾ, ਬੁੱਢੀ ਪਿੰਡ, ਰੁੜਕਾ, ਘੁੜਕਾ, ਬਿਲਗਾ, ਬੜਾ ਪਿੰਡ, ਸਰੀਂਹ ਸ਼ੰਕਰ, ਜੰਡਿਆਲਾ, ਬੁੰਡਾਲਾ ਆਦਿ।

---

*1 *ਪੰਜਾਬ ਅੰਡਰ ਦੀ ਗਰੇਟ ਮੁਗਲਜ਼–ਡਾ. ਬਖਸ਼ੀਸ਼ ਸਿੰਘ ਨਿੱਜਰ*

*2 *ਹੁਸ਼ਿਆਰਪੁਰ ਡਿਸਟਰਿਕਟ ਗਜ਼ਟੀਅਰ ਪੰਨਾ 45*

*1 ਗੜ੍ਹਦੀਵਾਲਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਹੋਤੇ ਜੱਟ ਇਸ ਜ਼ਿਲ੍ਹੇ ਦੇ ਤਿੰਨ ਅਕਬਰੀ ਜੱਟਾਂ ਵਿੱਚੋਂ ਹਨ।

*2 ਜੱਟਾਂ ਦੇ ਮੁਗਲ ਬਾਦਸ਼ਾਹਾਂ ਨਾਲ ਆਪਣੀਆਂ ਲੜਕੀਆਂ ਦੇ ਵਿਆਹ ਕਰਨ ਬਾਰੇ ਇੱਕ ਖਾਸ ਤਵਾਰੀਖੀ ਹਵਾਲਾ ਹੈ ਕਿ ਗੁੱਜਰਵਾਲ (ਜ਼ਿਲ੍ਹਾ ਲੁਧਿਆਣਾ) ਦੇ ਗਰੇਵਾਲਾਂ ਅਤੇ ਮੋਗੇ ਦੇ ਦਾਦੂ ਗਿੱਲ ਦੇ ਕਹਿਣ 'ਤੇ ਮਿਹਰ ਮਿੱਠੇ ਧਾਲੀਵਾਲ ਨੇ ਆਪਣੀ ਪੋਤੀ ਦਾ ਰਿਸ਼ਤਾ ਅਕਬਰ ਬਾਦਸ਼ਾਹ ਨਾਲ ਕੀਤਾ ਸੀ। ਉਸ ਸਮੇਂ ਦੀ ਕਹਾਵਤ ਹੈ:-

"ਟਿੱਕਾ ਧਾਲੀਵਾਲਾਂ ਦਾ, ਚੌਧਰ ਗਰੇਵਾਲਾਂ ਦੀ, ਬਜ਼ੁਰਗੀ ਦਾ ਦੁਸ਼ਾਲਾ ਗਿੱਲਾਂ ਨੂੰ"

ਜੱਟਾਂ ਨਾਲ ਰਿਸ਼ਤੇਦਾਰੀ ਕਰ ਕੇ ਅਕਬਰ ਬਾਦਸ਼ਾਹ ਬਹੁਤ ਖੁਸ਼ ਸੀ। ਬਹੁਤੇ ਜੱਟਾਂ ਦੇ ਵਡੇਰੇ ਰਾਜਪੂਤ ਸਨ। ਜਿਨ੍ਹਾਂ ਆਪਣੇ ਭਰਾਵਾਂ ਦੀਆਂ ਵਿਧਵਾਵਾਂ ਨਾਲ ਵਿਆਹ ਕਰਵਾ ਲਏ ਉਹ ਰਾਜਪੂਤ ਬਰਾਦਰੀ ਨਾਲੋਂ ਟੁੱਟ ਕੇ ਜੱਟ ਬਰਾਦਰੀ ਵਿੱਚ ਚਲੇ ਗਏ। ਅਕਬਰ ਨੇ ਖੁਸ਼ ਹੋ ਮਿਹਰ ਮਿੱਠੇ ਧਾਲੀਵਾਲ ਨੂੰ ਮੀਏਂ ਦਾ ਖਿਤਾਬ ਦਿੱਤਾ ਅਤੇ ਧੌਲੇ ਅਤੇ ਕਾਂਗੜ ਦੇ ਖੇਤਰ ਦੇ 120 ਪਿੰਡਾਂ ਦੀ ਜਗੀਰ ਦਿੱਤੀ। ਮਿਹਰ ਮਿੱਠੇ ਨੇ ਰਾਜ ਵਿੱਚ 101 ਘੁਮਾਂ ਜ਼ਮੀਨ ਦਿੱਤੀ ਜੋ ਤਬਾਦਲਾ ਦਰ ਤਬਾਦਲਾ ਹੋ ਕੇ ਦਿੱਲੀ ਪਹੁੰਚ ਗਈ ਅਤੇ ਮੁਗਲ ਬਾਦਸ਼ਾਹਾਂ ਦੀਆਂ ਕਬਰਾਂ ਵਾਸਤੇ ਰੱਖੀ ਗਈ। ਕਾਂਗੜ ਦੇ ਧਾਲੀਵਾਲ ਅਜੇ ਵੀ ਮੀਏ ਅਖਵਾਉਂਦੇ ਹਨ। ਉਸ ਸਮੇਂ ਮਾਲਵੇ ਵਿੱਚ ਕਹਾਵਤ ਸੀ "ਅਕਬਰ ਜਿਹਾ ਨਹੀਂ ਬਾਦਸ਼ਾਹ, ਮਿਹਰ ਮਿੱਠੇ ਜਿਹਾ ਨਹੀਂ ਜੱਟ"। ਜਦੋਂ ਮਿਹਰ ਮਿੱਠੇ ਨੇ ਆਪਣੀ ਪੋਤੀ ਸੋਮੀ ਉਰਫ ਭਾਗਭਰੀ ਦਾ ਰਿਸ਼ਤਾ ਅਕਬਰ ਨਾਲ ਪਰਵਾਨ ਕੀਤਾ ਤਾਂ ਦੀਨੇ ਅਤੇ ਕਾਂਗੜ ਦੇ ਕੁਝ ਧਾਲੀਵਾਲ ਨਾਰਾਜ਼ ਹੋਏ ਪਰ ਅਕਬਰ ਦੇ ਡਰੋਂ ਪਿੰਡ ਛੱਡ ਕੇ ਧੌਲਾ ਪਿੰਡ ਚਲੇ ਗਏ। ਕਾਂਗੜ ਉਹੀ ਪਿੰਡ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਠਹਿਰੇ ਸਨ।

*3 ਜਦੋਂ ਅਕਬਰ ਨੇ ਮਿਹਰ ਮਿੱਠਾ ਦੀ ਪੋਤੀ ਨਾਲ ਵਿਆਹ ਕਰਵਾਇਆ ਤਾਂ ਮਾਝੇ ਦੇ 35 ਅਕਬਰੀ ਜੱਟ ਘਰਾਣਿਆਂ ਨੇ ਅਕਬਰ ਨੂੰ ਵਧਾਈਆਂ ਦੇਣ ਲਈ ਆਪਣੇ ਪ੍ਰਤੀਨਿਧ ਦਿੱਲੀ ਨੂੰ ਭੇਜੇ।

---

*1 *A Glossary of the Tribes and Castes of Punjab and N.W.F. Vol. III Page 344*

*2 *(a) A Glossary of the Tribesand Castes of Punjab and N.W.F. Vol. II Page 236*

*(b) Punjab Castes by Ibbetson Page 123*

*(c) ਜੱਟਾਂ ਦਾ ਇਤਿਹਾਸ-ਹੁਸ਼ਿਆਰ ਸਿੰਘ ਦੁਲੇਹ ਪੰਨਾ 77,78, 117, 118*

*3 *A Glossary of the Tribes and Castes of Punjab and N.W.F. Vol. II Page 377*

ਡਾ. ਬਖਸ਼ੀਸ਼ ਸਿੰਘ ਨਿੱਜਰ ਹੋਰਾਂ ਲੇਖਕ ਨੂੰ ਦੱਸਿਆ ਕਿ ਜਦੋਂ ਉਹ ਕਾਲਜ ਵਿੱਚ ਲਾਹੌਰ ਪੜ੍ਹਦੇ ਸਨ ਤੇ ਕੁਝ ਅਕਬਰੀ ਜੱਟਾਂ ਦੇ ਮੁੰਡੇ ਬਾਕੀ ਮੁੰਡਿਆਂ ਨਾਲੋਂ ਆਪਣੇ ਆਪ ਨੂੰ ਉੱਚੇ ਸਮਝਦੇ ਸਨ। ਦੁਆਬੇ ਦੇ ਅਕਬਰੀ ਜੱਟ ਬਾਕੀ ਜੱਟਾਂ ਨਾਲ ਰਿਸ਼ਤੇਦਾਰੀ ਕਰਨ ਦੀ ਬਜਾਏ ਮਾਝੇ ਦੇ ਅਕਬਰੀ ਜੱਟਾਂ ਨਾਲ ਰਿਸ਼ਤੇ ਕਰਦੇ ਤੇ ਇੱਕ ਵਾਰੀ ਮਾਝੇ ਵਾਲਿਆਂ ਨੇ ਬੜੇ ਘਟੀਆਂ ਸ਼ਬਦ ਆਖੇ ਜਿਸ ਦਾ ਦੁਆਬੇ ਦੇ ਅਣਖੀ ਜੱਟਾਂ ਬਹੁਤ ਬੁਰਾ ਮਨਾਇਆ ਤੇ ਦੁਆਬੇ ਦੇ ਅਕਬਰੀ ਜੱਟਾਂ ਵਿਰੁੱਧ ਸਖਤ ਰੋਸ ਪਰਗਟ ਕੀਤਾ।

*1 ਸਰ ਡੈਂਨਜ਼ਿਲ ਇਬਟਸਨ ਅਨੁਸਾਰ "ਰਾਜਪੂਤ ਤੋਂ ਡਿੱਗ ਕੇ ਜੱਟ ਬਨਣਾ ਆਮ ਜਿਹੀ ਗੱਲ ਹੈ ਤੇ ਇਸ ਦਾ ਸਬੂਤ ਲੱਭਣ ਦੀ ਲੋੜ ਨਹੀਂ। ਪਰ ਜੱਟ ਤੋਂ ਰਾਜਪੂਤ ਦਾ ਦਰਜਾ ਪ੍ਰਾਪਤ ਕਰਨ ਦੀਆਂ ਮਿਸਾਲਾਂ ਨਾ ਹੋਣ ਬਰਾਬਰ ਹਨ। ਪੰਜਾਬ ਦੇ ਪੂਰਬੀ ਜ਼ਿਲ੍ਹਿਆਂ ਵਿੱਚ ਜਿੱਥੇ ਬ੍ਰਾਹਮਣ ਮੱਤ ਦਾ ਬੋਲਬਾਲਾ ਹੈ ਅਤੇ ਦਿੱਲੀ ਦੇ ਲਾਗੇ ਵੀ ਸਮਕਾਲੀ ਸਮੇਂ ਵਿੱਚ ਕਿਸੇ ਜੱਟ ਦਾ ਰੁਤਬਾ ਵਧ ਕੇ ਰਾਜਪੂਤ ਨਹੀਂ ਬਣਿਆ। ਪੰਜਾਬ ਦੇ ਜੱਟਾਂ ਦੀ ਪਰੰਪਰਾ ਹੈ ਕਿ ਉਨ੍ਹਾਂ ਦੇ ਬਜ਼ੁਰਗਾਂ ਨੇ ਜੱਟੀਆਂ ਨਾਲ ਵਿਆਹ ਕਰਵਾ ਕੇ ਆਪਣਾ ਰਾਜਪੂਤੀ ਰੁਤਬਾ ਤਿਆਗ ਦਿੱਤਾ। ਸਿੱਖ ਵਸੋਂ ਵਾਲੇ ਹਿੱਸੇ ਵਿੱਚ ਜੱਟ ਜੱਟ ਰਹਿ ਕੇ ਹੀ ਖੁਸ਼ ਹਨ। ਸਾਲਟ ਰੇਂਜ ਵਿੱਚ ਜੰਜੂਆ ਅਤੇ ਮਿਨਹਾਸ ਰਾਜਪੂਤ ਹਨ ਪਰ ਜੋ ਖੇਤੀ ਕਰਦੇ ਹਨ ਉਹ ਜੱਟ ਹਨ। ਫਰੰਟੀਅਰ ਵਿੱਚ ਮੁਗਲ ਅਤੇ ਪਠਾਣ ਰਾਜਪੂਤ ਅਤੇ ਜੱਟਾਂ 'ਤੇ ਛਾ ਗਏ ਹਨ, ਜਿਨ੍ਹਾਂ ਵਿੱਚ ਭੱਟੀ, ਪਰਮਾਰ, ਤੋਮਾਰ ਆਦਿ ਰਾਜਪੂਤਾਨਾ ਦੇ ਸਿਰਕੱਢ ਗੋਤਾਂ ਦੇ ਰਾਜਪੂਤ ਅਤੇ ਜੱਟ ਹਨ, ਸਭ ਜੱਟ ਸਮਝੇ ਜਾਂਦੇ ਹਨ ਕਿਉਂਕਿ ਉਥੇ ਕੋਈ ਰਾਜਪੂਤ ਨਹੀਂ ਹੋ ਸਕਦਾ ਜਿੱਥੇ ਉਨ੍ਹਾਂ ਦਾ ਰਾਜ ਨਾ ਹੋਵੇ ਜਾਂ ਰਾਜਿਆਂ ਵਰਗੀ ਪਰੰਪਰਾ। ਆਪਣੇ ਭਰਾ ਦੀ ਵਿਧਵਾ ਨਾਲ ਵਿਆਹ ਕਰਵਾਉਣ ਵਾਲੇ ਵੀ ਰਾਜਪੂਤੀ 'ਚੋਂ ਕੱਢ ਦਿੱਤੇ ਜਾਂਦੇ। ਇਸ ਤਰ੍ਹਾਂ ਸਾਰੇ ਜੱਟਾਂ ਦੇ ਬਜ਼ੁਰਗ ਰਾਜਪੂਤ ਸਨ। ਫੂਲਕੀਆਂ ਫੈਮਿਲੀ (ਪਟਿਆਲਾ, ਨਾਭਾ ਅਤੇ ਜੀਂਦ) ਦੇ ਰਾਜ ਘਰਾਣਿਆ ਤੋਂ ਜੋ ਕਿ ਹੁਣ ਪੂਰੀ ਤਰ੍ਹਾਂ ਜੱਟ ਬਣ ਗਏ ਹਨ, ਜੇ ਪੁੱਛਿਆ ਜਾਵੇ ਕਿ ਉਹ ਕਿਸ ਤਰ੍ਹਾਂ ਰਾਜਪੂਤਾਂ ਤੋਂ ਜੱਟ ਬਣੇ, ਤਾਂ ਉਨ੍ਹਾਂ ਦਾ ਜਵਾਬ ਵੀ ਉਪਰੋਕਤ ਹੀ ਹੈ।"

ਅੰਮ੍ਰਿਤਸਰ ਵਿੱਚ ਜੱਟ ਅਤੇ ਰੋਹਤਕ ਵਿੱਚ ਜਾਟ ਬਹੁਤ ਕੁਝ ਹੈ ਪਰ ਮੁਜ਼ਫਰਗੜ੍ਹ (ਪਾਕਿਸਤਾਨ) ਅਤੇ ਬੰਨੂੰ (ਪਾਕਿਸਤਾਨ) ਵਿੱਚ ਉਹ ਕੁਝ ਵੀ ਨਹੀਂ।

ਪੰਜਾਬ ਦੀਆਂ ਪਹਾੜੀ ਰਿਆਸਤਾਂ ਵਿੱਚ ਰਾਜਾ ਕੋਲ ਤਾਕਤ ਸੀ ਕਿ ਉਹ ਨੀਵੇਂ ਦਰਜੇ ਦੇ ਰਾਜਪੂਤ ਨੂੰ ਉੱਚੀ ਜਾਤ ਵਿੱਚ ਹੋਣ ਦਾ ਪਰਵਾਨਾ ਦੇ ਸਕੇ। ਐਸੀ ਕੋਈ ਵੀ ਉਦਾਹਰਣ ਨਹੀਂ ਮਿਲਦੀ ਕਿ ਕਿਸੇ ਰਾਜੇ ਨੇ ਆਪਣੇ ਹੁਕਮ ਨਾਲ ਕਿਸੇ ਉੱਚ ਜਾਤੀ ਵਾਲੇ ਨੂੰ ਉੱਚ ਜਾਤੀ ਵਿੱਚੋਂ ਕੱਢਿਆ ਹੋਵੇ।

---

*3 *A Glossary of the Tribes and Castes of Punjab and N.W.F. Vol. II Page 365*

# ਰਾਜਪੂਤ ਇਸਤਰੀਆਂ ਦੀਆਂ ਕੁਰਬਾਨੀਆਂ

ਰਾਜਪੂਤ ਇਸਤਰੀਆਂ ਵੀ ਰਾਜਪੂਤਾਂ ਦੀ ਤਰ੍ਹਾਂ ਰਾਜਪੂਤੀ ਆਨ ਸ਼ਾਨ ਨਾਲ ਜਿਊਣਾ ਜਾਣਦੀਆਂ ਸਨ। ਮੌਤ ਦਾ ਡਰ ਤਾਂ ਉਨ੍ਹਾਂ ਦੇ ਨੇੜੇ ਵੀ ਨਹੀਂ ਸੀ। ਆਪਣੇ ਪਤੀ ਦੀ ਮੌਤ ਤੋਂ ਬਾਅਦ ਜੀਉਣ ਨਾਲੋਂ ਉਸ ਦੀ ਲਾਸ਼ ਨਾਲ ਸਤੀ ਹੋਣਾ ਉਹ ਸਵਰਗ ਜਾਣਾ ਸਮਝਦੀਆਂ ਸਨ। ਜੇਕਰ ਪਤੀ ਜੰਗ ਵਿੱਚ ਸ਼ਹੀਦ ਹੋ ਜਾਵੇ ਤਾਂ ਕਿਲ੍ਹੇ ਅੰਦਰ ਸਤੀ ਹੋ ਜਾਂਦੀਆਂ ਰਹੀਆਂ। ਕੌਮ ਲਈ ਪੁੱਤਰ ਅਤੇ ਪਤੀ ਵਾਰਨੇ ਇਹਨਾਂ ਦਾ ਹੀ ਜਿਗਰਾ ਸੀ। ਪੁੱਤਰਾਂ ਨੂੰ ਜੌਹਰ ਦੀ ਰਸਮ ਤੋਂ ਪਿੱਛੋਂ ਆਪ ਵਿਦਾ ਕਰਦੀਆਂ ਅਤੇ ਆਪਣੇ ਦੁੱਧ ਦੀ ਲਾਜ ਰੱਖਣ ਦਾ ਵਾਸਤਾ ਪਾਉਂਦੀਆਂ।

ਰਾਜਪੂਤ ਇਸਤਰੀਆਂ ਦੀਆਂ ਅਣਖ ਭਰੀਆਂ ਜੀਵਨੀਆਂ ਸਲਾਹੁਣਯੋਗ ਹਨ। ਉਨ੍ਹਾਂ ਵਿੱਚੋਂ ਕੁਝ ਕੁ ਚੋਣਵੀਆਂ ਲਿਖ ਰਹੇ ਹਾਂ

## ਗਿਪਾਲ ਦੇਵੀ ਤੇ ਸੂਰਜ ਦੇਵੀ

*1 ਮੁਹੰਮਦ ਬਿਨ ਕਾਸਿਮ ਨੇ ਸੰਨ 712 ਨੂੰ 23 ਜੂਨ ਦੇ ਦਿਨ ਅਲੋਰ (ਸਿੰਧ) ਦੇ ਰਾਜਾ ਨੂੰ ਹਰਾਇਆ ਅਤੇ ਅਲੋਰ ਦੇ ਕਿਲ੍ਹੇ ਵਿੱਚੋਂ ਕੈਦ ਕਰ ਕੇ ਰਾਜੇ ਦੀਆਂ ਦੋ ਖ਼ੂਬਸੂਰਤ ਲੜਕੀਆਂ ਦਮਸ਼ਕ ਨੂੰ ਖਲੀਫਾ ਵਲੀਦ ਕੋਲ ਭੇਜੀਆਂ। ਖਲੀਫੇ ਨੇ ਉਨ੍ਹਾਂ ਨੂੰ ਆਪਣੇ ਹਰਮ ਵਿੱਚ ਭੇਜ ਦਿੱਤਾ ਕਿ ਸਮੇਂ ਨਾਲ ਇਹਨਾਂ ਦੇ ਸਦਮੇ ਦੇ ਜ਼ਖਮ ਭਰ ਜਾਣਗੇ। ਦੋ ਮਹੀਨੇ ਬਾਅਦ ਉਨ੍ਹਾਂ ਨੂੰ ਖਲੀਫੇ ਦੇ ਪੇਸ਼ ਕੀਤਾ ਗਿਆ ਤੇ ਜਦੋਂ ਉਨ੍ਹਾਂ ਆਪਣੇ ਚਿਹਰਿਆਂ ਤੋਂ ਘੁੰਡ ਚੁੱਕੇ ਤਾਂ ਖਲੀਫਾ ਖੁਸ਼ੀ ਨਾਲ ਝੂਮ ਉਠਿਆ ਅਤੇ ਉਨ੍ਹਾਂ ਦੇ ਨਾਂ ਪੁੱਛੇ। ਇੱਕ ਨੇ ਆਪਣਾ ਨਾਂ ਗਿਰਪਾਲ ਦੇਵੀ ਤੇ ਦੂਜੀ ਨੇ ਸੂਰਜਦੇਵੀ ਦੱਸਿਆ। ਖਲੀਫੇ ਨੇ ਇੱਕ ਨੂੰ ਆਪਣੇ ਬਿਸਤਰੇ 'ਤੇ ਜਾਣ ਦਾ ਹੁਕਮ ਦਿੱਤਾ ਤਾਂ ਉਸ ਦਾ ਉੱਤਰ ਸੀ "ਮੇਰੇ ਮਾਲਿਕ, ਮੈਂ ਆਪ ਦੇ ਲਾਇਕ ਨਹੀਂ, ਸਾਨੂੰ ਦੋਨਾਂ ਨੂੰ ਮੁਹੰਮਦ ਬਿਨ ਕਾਸਿਮ ਨੇ ਤਿੰਨ ਰਾਤਾਂ ਆਪਣੇ ਪਾਸ ਰੱਖਿਆ ਅਤੇ ਪਤਿੱਤ ਕਰਕੇ ਤੁਹਾਡੇ ਕੋਲ ਭੇਜ ਦਿੱਤਾ ਹੈ।" ਖਲੀਫਾ ਨੇ ਗੁੱਸੇ ਵਿੱਚ ਆਪਣੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਮੁਹੰਮਦ ਬਿਨ ਕਾਸਿਮ ਨੂੰ ਗਊ ਦੀ ਖੱਲ ਵਿੱਚ ਜ਼ਿੰਦਾ ਸੀ ਕੇ ਮਾਰ ਦਿੱਤਾ ਜਾਵੇ। ਤਿੰਨ ਦਿਨ ਤੜਫ ਕੇ ਮੁਹੰਮਦ ਬਿਨ ਕਾਸਿਮ ਮਰ ਗਿਆ ਤਾਂ ਉਸ ਦੀ ਲਾਸ਼ ਇੱਕ ਬਕਸੇ ਵਿੱਚ ਪਾ ਕੇ ਖਲੀਫਾ ਪਾਸ ਭੇਜੀ ਗਈ। ਖਲੀਫਾ ਨੇ ਉਨ੍ਹਾਂ ਰਾਜਪੂਤ ਲੜਕੀਆਂ ਨੂੰ

---

*1 *An oriental Biographical Dictionary by Late Thomas William Beale-Kalyani Publishers Ludhiana (1972)*

ਆਖਿਆ "ਦੇਖਦੀਆਂ ਹੋ! ਮੇਰੀ ਤਾਕਤ! ਅਤੇ ਦੇਖੋ ਮੁਹੰਮਦ ਬਿਨ ਕਾਸਿਮ ਵਰਗਿਆਂ ਨਾਲ ਮੈਂ ਕਿਸ ਤਰ੍ਹਾਂ ਪੇਸ਼ ਆਉਂਦਾ ਹਾਂ।" ਲੜਕੀਆਂ ਨੇ ਠਰ੍ਹਮੇ ਨਾਲ ਕਿਹਾ ਕਿ ਬਾਦਸ਼ਾਹਾਂ ਨੂੰ ਆਪਣੇ ਮਿੱਤਰਾਂ ਦੇ ਦੁਸ਼ਮਣਾਂ ਦੀ ਬੇਨਤੀ 'ਤੇ ਕਾਹਲੀ ਵਿੱਚ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਖਲੀਫਾ ਨੇ ਇਸ ਦਾ ਮਤਲਬ ਪੁੱਛਿਆ ਤਾਂ ਉਨ੍ਹਾਂ ਕੁੜੀਆਂ ਆਖਿਆ ਕਿ "ਅਸੀਂ ਮੁਹੰਮਦ ਬਿਨ ਕਾਸਿਮ 'ਤੇ ਇਹ ਝੂਠਾ ਦੋਸ਼ ਉਸ ਨਾਲ ਨਫਰਤ ਕਾਰਨ ਅਤੇ ਆਪਣੇ ਪਿਤਾ ਨੂੰ ਕਤਲ ਕਰਨ, ਸਾਡਾ ਸਭ ਕੁਝ ਬਰਬਾਦ ਕਰਨ ਅਤੇ ਸਾਨੂੰ ਜਲਾਵਤਨ ਕਰਨ ਕਰ ਕੇ ਕੀਤਾ ਹੈ। ਹੁਣ ਸਾਡੇ ਨਾਲ ਜੋ ਮਰਜ਼ੀ ਕਰੋ।" ਖਲੀਫਾ ਨੇ ਉਨ੍ਹਾਂ ਕੁੜੀਆਂ ਨੂੰ ਘੋੜਿਆਂ ਪਿੱਛੇ ਘਸੀਟ ਕੇ ਮਾਰਨ ਦਾ ਹੁਕਮ ਦਿੱਤਾ। ਜਿਸ ਸ਼ਾਨ ਨਾਲ ਰਾਜਪੂਤ ਕੁੜੀਆਂ ਨੇ ਜਾਨਾਂ ਦਿੱਤੀਆਂ, ਜਾਨਾ ਦੇਣ ਲਈ ਕਤਲਗਾਹ ਵਲ ਗਈਆਂ, ਬਾਰੇ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਢੁਕਵਾਂ ਸ਼ੇਅਰ ਹੈ:

*ਯਿਹ ਜਾਨ ਤੋਂ ਆਨੀ ਜਾਨੀ ਹੈ ਇਸ ਜਾਨ ਕੀ ਤੋਂ ਕੋਈ ਬਾਤ ਨਹੀਂ,*
*ਜਿਸ ਧਜ ਸੇ ਕੋਈ ਮਕਤਲ ਮੇਂ ਗਯਾ, ਵੋਹ ਸ਼ਾਨ ਸਲਾਮਤ ਰਹਿਤੀ ਹੈ।*
*–ਫੈਜ਼*

## ਦੇਵਲਦਈ ਦੀ ਕਹਾਣੀ

* ਕਰਨਲ ਟਾਡ ਲਿਖਦਾ ਹੈ ਕਿ ਦੁਨੀਆਂ ਦੇ ਇਤਿਹਾਸ ਵਿੱਚ ਇਸ ਤੋਂ ਸ਼ਾਨਦਾਰ ਕੁਰਬਾਨੀ ਦੀ ਕਹਾਣੀ ਨਹੀਂ ਮਿਲਦੀ। ਪ੍ਰਿਥਵੀ ਰਾਜ ਚੌਹਾਨ, ਦਿੱਲੀ ਦੇ ਸਮਰਾਟ ਨੇ ਸਮੇਤਾ ਦੇ ਰਾਜੇ ਦੀ ਕੰਨਿਆ ਦਾ ਅਪਹਰਨ ਕਰ ਲਿਆ। ਉਸ ਦੇ ਪਿੱਛੇ ਉਸ ਦੀ ਹਿਫਾਜ਼ਤ ਵਾਲੇ ਕੁਝ ਸਿਪਾਹੀ, ਮਹੋਬਾ ਦੇ ਚੰਦੇਲ ਰਾਜੇ ਨੇ ਮਾਰ ਦਿੱਤੇ। ਗੁੱਸੇ ਵਿੱਚ ਆ ਕੇ ਪ੍ਰਿਥਵੀ ਰਾਜ ਨੇ ਮਹੋਬਾ 'ਤੇ ਚੜ੍ਹਾਈ ਕਰ ਦਿੱਤੀ ਤੇ ਸਿਰਸਵਾ ਦੇ ਸਥਾਨ 'ਤੇ ਬਹੁਤ ਸਾਰੇ ਚੰਦੇਲ ਸਿਪਾਹੀ ਮਾਰੇ ਗਏ। ਚੰਦੇਲ ਰਾਜੇ ਨੇ ਆਪਣੇ ਮੰਤਰੀਆਂ ਅਤੇ ਖਾਸ ਕਰ ਆਪਣੀ ਰਾਣੀ ਮਾਲਨਦੇਵੀ ਦੀ ਸਲਾਹ ਨਾਲ ਪ੍ਰਿਥਵੀ ਰਾਜ ਵੱਲ ਇੱਕ ਮਹੀਨੇ ਵਾਸਤੇ ਜੰਗ ਰੋਕਣ ਦੀ ਬੇਨਤੀ ਕੀਤੀ ਕਿ ਉਸ ਦੇ ਦੋ ਲੜਾਕੇ ਆਲਾ ਤੇ ਉਦਾਲਾ ਗੈਰ ਹਾਜ਼ਰ ਸਨ। ਪ੍ਰਿਥਵੀ ਰਾਜ ਨੇ ਬੜੀ ਦਰਿਆਦਿਲੀ ਨਾਲ ਉਨ੍ਹਾਂ ਦੀ ਬੇਨਤੀ ਪਰਵਾਨ ਕਰ ਲਈ। ਪ੍ਰਿਥਵੀ ਰਾਜ ਚੌਹਾਨ ਨੇ ਚਾਂਦ ਬਰਦਾਈ ਤੋਂ ਬੰਨਾਫਰ ਦੇ ਸਰਦਾਰਾਂ ਦੀ ਗੈਰ ਹਾਜ਼ਰੀ ਦਾ ਪੁੱਛਿਆ ਕਿ ਉਹ ਚੰਦੇਲ ਰਾਜੇ ਪਾਸੋਂ ਕਿਉਂ ਚਲੇ ਗਏ ਹਨ। ਚਾਂਦ ਨੇ ਦੱਸਿਆ ਕਿ ਜੱਸਰਾਜ ਨੇ ਚੰਦੇਲ ਲਈ ਕਈ ਯੁੱਧ ਕੀਤੇ ਜਿਸ ਤੋਂ ਖੁਸ਼

---

* *Annals and Antiquities of Rajashan by Tod Vol. II Page 715*

ਹੋ ਕੇ ਚੰਦੇਲ ਨੇ ਉਨ੍ਹਾਂ ਨੂੰ ਕਾਫੀ ਜਗੀਰ ਦਿੱਤੀ ਅਤੇ ਉਨ੍ਹਾਂ ਕਾਲੰਜਰ ਦੇ ਕਿਲੇ ਵਿੱਚ ਰਿਹਾਇਸ਼ ਰੱਖੀ। ਇੱਕ ਵਾਰ ਰਾਜੇ ਨੇ ਉੱਥੇ ਉਨ੍ਹਾਂ ਪਾਸ ਇੱਕ ਵਧੀਆ ਘੋੜਾ ਦੇਖਿਆ ਤੇ ਉਨ੍ਹਾਂ ਤੋਂ ਇਹ ਘੋੜਾ ਮੰਗਿਆ। ਉਨ੍ਹਾਂ ਦੇ ਇਨਕਾਰ 'ਤੇ ਰਾਜੇ ਨੇ ਉਨ੍ਹਾਂ ਨੂੰ ਆਪਣਾ ਰਾਜ ਛੱਡ ਜਾਣ ਦਾ ਹੁਕਮ ਦਿੱਤਾ। ਜਾਂਦੇ-ਜਾਂਦੇ ਉਨ੍ਹਾਂ ਪਰਿਹਾਰ ਸਰਦਾਰ ਦੀ ਜਗੀਰ ਉਜਾੜ ਦਿੱਤੀ ਜਿਸ 'ਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੇ ਸਖਤੀ ਪਰਿਹਾਰ ਦੀ ਉਕਸਾਹਟ ਕਾਰਨ ਹੋਈ ਹੈ। ਉਹ ਕਨੌਜ ਦੇ ਰਾਜੇ ਦੀ ਸ਼ਰਨ ਚਲੇ ਗਏ। ਉਸ ਨੇ ਉਨ੍ਹਾਂ ਨੂੰ ਗੁਜ਼ਾਰੇ ਲਈ ਜਗੀਰ ਦੇ ਦਿੱਤੀ।

ਜਗਨਖ ਨਾਮੀ ਭੱਟ ਚੰਦੇਲ ਦੀ ਰਾਣੀ ਮਾਲਣ ਦੇਵੀ ਦਾ ਭੇਜਿਆ ਕਨੌਜ ਗਿਆ ਅਤੇ ਜਸਰਾਜ ਦੇ ਪੁੱਤਰਾਂ ਆਲਾ ਤੇ ਉਦਾਲਾ ਨੂੰ ਸਾਰੀ ਵਿਥਿਆ ਦੱਸੀ। ਉਨ੍ਹਾਂ ਕਿਹਾ ਕਿ ਜਾ ਕੇ ਪਰਿਹਾਰਾਂ ਤੋਂ ਮਦਦ ਲੈ ਲਵੋ। ਜਸਰਾਜ ਨੇ ਪਰਮਲ ਰਾਜਾ ਚੰਦੇਲ ਦੀ ਉਸ ਦੇ ਬਚਪਨ ਸਮੇਂ ਬੜੀ ਵਫਾਦਾਰੀ ਨਾਲ ਰੱਖਿਆ ਕੀਤੀ ਸੀ। ਭੱਟ ਨੇ ਉਨ੍ਹਾਂ ਨੂੰ ਵਾਸਤਾ ਪਾਇਆ ਕਿ ਆਪਣੇ ਰਾਜੇ ਦੀ ਮੁਸੀਬਤ ਸਮੇਂ ਰੱਖਿਆ ਨਾ ਕਰਨੀ ਰਾਜਪੂਤਾਂ ਨੂੰ ਸ਼ੋਭਾ ਨਹੀਂ ਦਿੰਦੀ। ਆਲਾ ਤੇ ਉਦਾਲਾ ਦੀ ਮਾਤਾ ਦੇਵਲਦਈ ਨੇ ਸੁਣ ਕੇ ਕਿਹਾ ਕਿ ਤੁਹਾਨੂੰ ਜਨਮ ਦੇਣੇ ਨਾਲੋਂ ਤਾਂ ਮੈਂ ਬਾਂਝ ਰਹਿੰਦੀ ਤਾਂ ਚੰਗਾ ਸੀ। ਆਪਣੀ ਮਾਂ ਦੇ ਤਾਹਨੇ ਸੁਣ ਕੇ ਦੋਵਾਂ ਭਰਾਵਾਂ ਦਾ ਖ਼ੂਨ ਖੌਲ ਉਠਿਆ ਤੇ ਆਪਣੀ ਮਾਂ ਨੂੰ ਆਖਣ ਲੱਗੇ "ਜਦੋਂ ਅਸੀਂ ਮਹੋਬਾ ਦੀ ਰੱਖਿਆ ਲਈ ਮਿੱਟ ਜਾਵਾਂਗੇ, ਜਦੋਂ ਸਗੀਰ 'ਤੇ ਦੁਸ਼ਮਣਾਂ ਦੇ ਵਾਰ ਝੱਲਾਂਗੇ, ਜਦੋਂ ਸਾਡੇ ਸਿਰ ਜੰਗ ਦੇ ਮੈਦਾਨ ਵਿੱਚ ਰੁੜਨਗੇ, ਜਦੋਂ ਅਸੀਂ ਬਹਾਦਰਾਂ ਦੀ ਤਰ੍ਹਾਂ ਰਣ ਵਿੱਚ ਸ਼ਹੀਦ ਹੋਵਾਂਗੇ, ਜਦੋਂ ਅਸੀਂ ਬਹਾਦਰ ਚੌਹਾਨਾਂ ਨਾਲ ਦੋ ਹੱਥ ਕਰਾਂਗੇ ਤਾਂ ਸਾਡੀ ਮਾਂ ਜਰੂਰ ਖੁਸ਼ ਹੋਵੇਗੀ।" ਭੱਟ ਦਾ ਮਿਸ਼ਨ ਕਾਮਯਾਬ ਹੋਇਆ। ਦੋਨੋ ਭਰਾ ਕਨੌਜ ਦੇ ਰਾਜੇ ਤੋਂ ਇਜਾਜ਼ਤ ਲੈਣ ਗਏ ਕਿ ਉਨ੍ਹਾਂ ਨੇ ਰਾਜਪੂਤੀ ਅਸੂਲਾਂ ਅਨੁਸਾਰ ਮਹੋਬਾ ਦੀ ਰੱਖਿਆ ਲਈ ਜਾਣਾ ਹੈ ਤੇ ਉਹ ਹਰਨਾ ਦੀ ਤਰ੍ਹਾਂ ਆਪਣੇ ਘੋੜੇ ਦੌੜਾਂਦੇ ਮਹੋਬਾ ਪਹੁੰਚ ਗਏ। ਪਹੁੰਚਦੇ ਸਾਰ ਉਨ੍ਹਾਂ ਨੇ ਕੇਸਰੀ ਬਾਣੇ ਪਹਿਨੇ, ਜੋ ਵੀਰ ਰਾਜਪੂਤ ਸ਼ਹੀਦੀ ਪਾਉਣ ਵੇਲੇ ਪਹਿਨਦੇ ਸਨ। ਚੰਦੇਲ ਰਾਜੇ ਅਤੇ ਰਾਣੀ ਦੀ, ਉਨ੍ਹਾਂ ਦੇ ਆਉਣ ਦੀ ਖਬਰ ਸੁਣ ਕੇ, ਖੁਸ਼ੀ ਦੀ ਹੱਦ ਨਾ ਰਹੀ। ਰਾਣੀ ਨੇ ਆਲਾ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਦੇ ਸਿਰ 'ਤੇ ਪਿਆਰ ਦਿੱਤਾ ਅਤੇ ਮੋਤੀਆਂ ਦਾ ਭਰਿਆ ਥਾਲ ਉਸ ਦੇ ਸਿਰ ਤੋਂ ਵਾਰ ਕੇ ਉਸ ਦੇ ਸਿਪਾਹੀਆਂ ਵਿੱਚ ਵੰਡ ਦਿੱਤਾ। ਜਿਹੜਾ ਭੱਟ ਉਨ੍ਹਾਂ ਨੂੰ ਲੈ ਕੇ ਆਇਆ ਉਸ ਨੂੰ ਚਾਰ ਪਿੰਡ ਜਗੀਰ ਵਿੱਚ ਦਿੱਤੇ ਗਏ।

ਉਧਰੋਂ ਪ੍ਰਿਥਵੀ ਰਾਜ ਚੌਹਾਨ ਦਾ ਵੀ ਸੁਨੇਹਾ ਆ ਗਿਆ ਕਿ ਇੱਕ ਮਹੀਨਾ ਜੰਗਬੰਦੀ ਜੋ ਮਨਜ਼ੂਰ ਕੀਤੀ ਗਈ ਸੀ ਤੋਂ ਵੀ ਸੱਤ ਦਿਨ ਵੱਧ ਹੋ ਗਏ ਹਨ। ਦੋਨਾ ਪਾਸਿਆਂ ਤੋਂ ਜੰਗ ਦੇ ਬਿਗਲ ਵੱਜ ਗਏ। ਰਾਜਪੂਤ ਲਾੜੀ ਮੌਤ ਨੂੰ ਵਿਆਹੁਣ ਤੁਰ

ਪਏ। ਦੇਵਲਦਈ ਨੇ ਆਪਣੇ ਪੁੱਤਰਾਂ ਆਲਾ ਅਤੇ ਉਦਾਲਾ ਨੂੰ ਵਿਦਾ ਕਰਦਿਆ ਕਿਹਾ ਪੁੱਤਰੋ ਜਾਓ ਤੇ ਜਿਸਦਾ ਲੂਣ ਖਾਧਾ ਹੈ ਉਸ ਲਈ ਜਾਨ ਵਾਰਨਾ ਅਪਣਾ ਧਰਮ ਸਮਝੋ ਤੇ ਤੁਸੀਂ ਸਵਰਗ ਨੂੰ ਜਾਉਗੇ। ਦੋਨਾਂ ਵੀਰ ਭਰਾਵਾਂ ਦੀਆਂ ਪਤਨੀਆਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਵੀ ਉਨ੍ਹਾਂ ਤੋਂ ਬਾਅਦ ਸਤੀ ਹੋ ਜਾਣਗੀਆਂ ਕਿਉਂਕਿ ਜਿਸ ਦਾ ਪਤੀ ਜੰਗ ਵਿੱਚ ਸ਼ਹੀਦ ਹੋਵੇ ਜੇ ਉਹ ਪਤਨੀ ਜਿਊਂਦੀ ਰਹੇ ਉਸ ਦੀ ਮੁਕਤੀ ਨਹੀਂ ਹੁੰਦੀ ਸਗੋਂ ਚੁੜੇਲ ਬਣ ਕੇ ਘੁੰਮਦੀ ਰਹਿੰਦੀ ਹੈ। ਇਸ ਬਾਰੇ ਚਾਣੱਕਯ ਦਾ ਕਥਨ ਹੈ "ਮਾਨ ਭੰਗ ਪੂਰਬਕ ਜੀਊਣ ਨਾਲੋਂ ਪਰਾਣ ਤਿਆਗ ਦੇਣਾ ਸ੍ਰੇਸ਼ਟ ਹੈ ਕਿਉਂਕਿ ਪ੍ਰਾਣ ਤਿਆਗਣ 'ਤੇ ਛਿਨ ਭਰ ਦੁੱਖ ਹੁੰਦਾ ਹੈ ਪਰ ਮਾਨ ਭੰਗ ਹੋਣ 'ਤੇ ਰਾਤ ਦਿਨ" ਰਾਜਪੂਤ ਇਸਤਰੀਆਂ ਦੇ ਸਮਾਜ ਤੇ ਉੱਚੇ ਅਸਰ ਦੀ ਇਹ ਇੱਕ ਮਿਸਾਲ ਹੈ।

## ਸੰਜੋਗਤਾ ਦੀ ਕਹਾਣੀ

ਇਹ ਸਭ ਜਾਣਦੇ ਹਨ ਕਿ ਸੰਜੋਗਤਾ ਨੇ ਪ੍ਰਿਥਵੀ ਰਾਜ ਚੌਹਾਨ ਦੇ ਬੁੱਤ ਦੇ ਗਲ੍ਹ ਵਿੱਚ ਵਰਮਾਲਾ ਪਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਪ੍ਰਿਥਵੀਰਾਜ ਜਿਹਾ ਦਲੇਰ ਰਾਜਾ ਉਸ ਸਮੇਂ ਭਾਰਤ ਵਿੱਚ ਕੋਈ ਨਹੀਂ ਸੀ। ਮੁਹੰਮਦ ਗੌਰੀ ਨਾਲ ਫੈਸਲਾਕੁੰਨ ਲੜਾਈ ਸਮੇਂ ਜੋ ਦ੍ਰਿੜ੍ਹਤਾ ਸੰਜੋਗਤਾ ਨੇ ਦਿਖਾਈ ਉਹ ਵਰਨਣਯੋਗ ਹੈ। ਉਸ ਨੇ ਪ੍ਰਿਥਵੀਰਾਜ ਚੌਹਾਨ ਦੇ ਸਰੀਰ 'ਤੇ ਆਪਣੇ ਹੱਥੀਂ ਹਥਿਆਰ ਸਜਾਏ ਤੇ ਉਸ ਨੂੰ ਆਪਣੀ ਮਸ਼ਹੂਰੀ ਕਾਇਮ ਰੱਖਣ ਲਈ ਜਾਨ ਵਾਰਨ ਲਈ ਪਰੇਰਿਆ ਤੇ ਕਿਹਾ ਕਿ ਉਹ ਉਸ ਨੂੰ ਸੂਰਜ ਭਵਨ ਵਿੱਚ (ਸਵਰਗ) ਵਿੱਚ ਮਿਲੇਗੀ। ਜਦੋਂ ਪ੍ਰਿਥਵੀ ਰਾਜ ਦੀ ਫੌਜ ਦੇ ਜਰਨੈਲ ਉਸ ਨਾਲ ਜੰਗ ਸੰਬੰਧੀ ਵਿਚਾਰਾਂ ਕਰ ਰਹੇ ਸਨ ਤਾਂ ਉਸ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਸ ਵਿੱਚ ਮਸ਼ਵਰੇ ਕਰੋ ਮੈਂ ਸੰਜੋਗਤਾ ਨਾਲ ਵਿਚਾਰ ਕਰਕੇ ਆਉਂਦਾ ਹਾਂ। ਜੋ ਸੰਜੋਗਤਾ ਨੇ ਪ੍ਰਿਥਵੀ ਰਾਜ ਨੂੰ ਕਿਹਾ ਉਹ ਅਸਚਰਜ ਸੀ:-

*1 ਇਸਤਰੀਆਂ ਤੋਂ ਕੌਣ ਨਸੀਹਤ ਲੈਂਦਾ ਹੈ? ਦੁਨੀਆਂ ਉਨ੍ਹਾਂ ਦੀ ਸਮਝ ਨੂੰ ਓਪਰਾ ਸਮਝਦੀ ਹੈ, ਭਾਵੇਂ ਉਨ੍ਹਾਂ ਦੇ ਮੁੱਖ ਤੋਂ ਸੱਚਾਈ ਨਿਕਲੇ ਉਨ੍ਹਾਂ ਦੀ ਕੋਈ ਨਹੀਂ ਸੁਣਦਾ। ਫੇਰ ਵੀ ਇਸਤਰੀਆਂ ਤੋਂ ਬਿਨਾਂ ਦੁਨੀਆਂ ਕੀ ਹੈ? ਸਾਡੇ ਕੋਲ ਸ਼ਕਤੀ ਹੈ ਜਿਸ ਵਿੱਚ ਸ਼ਿਵਾ ਦੀ ਅਗਨੀ ਹੈ, ਅਸੀਂ ਚੋਰ ਵੀ ਹਾਂ ਪਵਿੱਤਰ ਵੀ ਹਾਂ, ਅਛਾਈ ਅਤੇ ਬੁਰਾਈ ਦੇ ਭਾਂਡੇ ਹਾਂ ਅਤੇ ਗਿਆਨ ਅਤੇ ਅਗਿਆਨ ਦੇ ਭੰਡਾਰ ਹਾਂ। ਇਸਤਰੀ ਨੂੰ ਅਗਿਆਨ ਦੀ ਪੁਸਤਕ ਸਮਝਿਆ ਜਾਂਦਾ ਹੈ ਤੇ ਪੁਰਸ਼ ਨੇ ਇਸ 'ਤੇ ਕਬਜ਼ਾ ਕਰ ਰੱਖਿਆ ਹੈ (ਅਪਣੀ ਅਗਿਆਨਤਾ ਛੁਪਾਉਣ ਲਈ)। ਉਹ ਕਹਿੰਦੇ ਹਨ ਕਿ ਇਸਤਰੀ

---

* *Annals and Antiquities of Rajashan by Tod Vol. II Page 725*

ਕੋਲ ਬੁੱਧੀ ਨਹੀਂ ਹੈ। ਫੇਰ ਵੀ ਇਸਤਰੀਆਂ ਤੁਹਾਡੇ ਨਾਲ ਖੁਸ਼ੀ ਅਤੇ ਗ਼ਮ ਵੰਡਾਉਂਦੀਆਂ ਹਨ। ਅਸੀਂ ਭੁੱਖ ਪਿਆਸ ਵਿੱਚ ਵੀ ਤੁਹਾਡਾ ਸਾਥ ਨਹੀਂ ਛੱਡਦੀਆਂ। ਅਸੀਂ ਉਹ ਝੀਲਾਂ ਹਾਂ ਜਿਸ ਵਿੱਚ ਤੁਸੀਂ ਹੰਸ ਹੋ। ਸਾਡੇ ਤੋਂ ਬਿਨਾ ਤੁਸੀਂ ਕਿਸ ਕੰਮ ਦੇ ਹੋ?

ਫੌਜਾਂ ਤਿਆਰ ਸਨ, ਸੰਖ ਨਗਾਰੇ ਵੱਜੇ, ਫੌਜਾਂ ਤੁਰ ਪਈਆਂ ਪ੍ਰਿਥਵੀ ਰਾਜ ਨੂੰ ਵਿਦਾ ਕਰਦਿਆਂ ਸੰਜੋਗਤਾ ਨੇ ਕਿਹਾ ਕਿ ਮੈਂ ਤੁਹਾਡੇ ਆਉਣ ਤੱਕ ਕੇਵਲ ਪਾਣੀ ਪੀ ਕੇ ਹੀ ਜੀਵਾਂਗੀ ਜੇ ਤੁਸੀਂ ਨਾ ਆਏ ਤਾਂ ਸਾਡਾ ਮਿਲਾਪ ਸਵਰਗ ਵਿੱਚ ਹੋਵੇਗਾ ਯੋਗਨੀਪੁਰ (ਦਿੱਲੀ) ਵਿੱਚ ਨਹੀਂ। ਪ੍ਰਿਥਵੀ ਰਾਜ ਚੌਹਾਨ ਹਾਰ ਗਿਆ। ਕੈਦੀ ਬਣਾ ਕੇ ਕਾਬੁਲ ਲੈ ਜਾਇਆ ਗਿਆ ਤੇ ਕਤਲ ਕਰ ਦਿੱਤਾ ਗਿਆ ਅਤੇ ਸੰਜੋਗਤਾ ਨੇ ਆਪਣੇ ਆਪ ਨੂੰ ਅਗਨੀ ਭੇਂਟ ਕਰ ਕੇ ਆਪਣੀ ਕਸਮ ਪੂਰੀ ਕੀਤੀ।

## ਗਨੌਰ ਦੀ ਰਾਣੀ ਦੀ ਕਹਾਣੀ

*1 ਗਨੌਰ ਦੀ ਰਾਣੀ 'ਤੇ ਮੁਸਲਮਾਨਾਂ ਹਮਲਾ ਕਰ ਕੇ ਉਸ ਨੂੰ ਹਰਾ ਦਿੱਤਾ ਤੇ ਉਸ ਦੇ ਮਹਿਲਾਂ ਤੱਕ ਪਹੁੰਚ ਗਏ। ਖਾਨ ਉਸ ਦਾ ਇਲਾਕਾ ਤਾਂ ਘੱਟ ਜਿੱਤਣਾ ਚਾਹੁੰਦਾ ਸੀ ਪਰ ਰਾਣੀ ਦੀ ਸੁੰਦਰਤਾ ਕਾਰਨ ਉਸ ਨੂੰ ਹਾਸਲ ਕਰਨਾ ਹਮਲੇ ਦਾ ਮੰਤਵ ਸੀ। ਮਹਿਲਾਂ ਹੇਠ ਹਾਲ ਵਿੱਚ ਖਾਨ ਨੇ ਰਾਣੀ ਨੂੰ ਪਿਆਰ ਦਾ ਸੁਨੇਹਾ ਭੇਜਿਆ ਕਿ ਜੇ ਉਹ ਉਸ ਨਾਲ ਵਿਆਹ ਕਰ ਲਵੇ ਤਾਂ ਕੋਈ ਵੀ ਨੁਕਸਾਨ ਨਹੀਂ ਕੀਤਾ ਜਾਵੇਗਾ। ਰਾਣੀ ਨੇ ਹਾਂ ਦਾ ਜਵਾਬ ਦਿੱਤਾ ਤੇ ਆਪਣੇ ਆਪ ਨੂੰ ਤਿਆਰ ਕਰਨ ਲਈ ਦੋ ਘੰਟੇ ਦੀ ਮੁਹਲਤ ਮੰਗੀ ਤਾਂ ਕਿ ਉਹ ਚੰਗੇ ਕੱਪੜੇ ਆਪਣੀ ਸ਼ਾਨ ਅਨੁਸਾਰ ਪਾ ਲਵੇ।

ਜੰਗ ਦੇ ਨਗਾਰਿਆਂ ਦੀ ਥਾਂ ਸ਼ਹਿਨਾਈਆਂ ਵੱਜਣ ਲੱਗੀਆਂ। ਰਾਣੀ ਦੁਲਹਣ ਬਣ ਕੇ ਸਜ ਧਜ ਕੇ ਗਈ। ਖਾਨ ਉਸ ਵੱਲ ਦੇਖ ਕੇ ਨਾ ਰੱਜੇ। ਰਾਣੀ ਨੇ ਉਸ ਨੂੰ ਕੀਮਤੀ ਕੱਪੜੇ ਅਤੇ ਕੀਮਤੀ ਹਾਰ ਭੇਂਟ ਕਰਕੇ ਕੱਪੜੇ ਪਹਿਨਣ ਲਈ ਕਿਹਾ ਕਿਉਂਕਿ ਇਹ ਦੁਲਹੇ ਦੇ ਕੱਪੜੇ ਸਨ। ਖਾਨ ਨੇ ਕੱਪੜੇ ਪਾ ਲਏ ਤੇ ਦੁਲਹਾ ਬਣ ਕੇ ਰਾਣੀ ਦੇ ਮੂੰਹ ਵੱਲ ਖੁਸ਼ੀ ਨਾਲ ਤੱਕੀ ਜਾਵੇ। ਥੋੜ੍ਹੀ ਦੇਰ ਬਾਅਦ ਉਸ ਨੇ ਸਰੀਰ ਵਿੱਚ ਗਰਮੀ ਦੀ ਸ਼ਿਕਾਇਤ ਕੀਤੀ ਤੇ ਦੁਲਹੇ ਵਾਲੇ ਕੱਪੜੇ ਲਾਹ ਕੇ ਪਰ੍ਹੇ ਸੁੱਟ ਦਿੱਤੇ ਤਾਂ ਰਾਣੀ ਨੇ ਉਸ ਕਿਹਾ "ਖਾਨ ਤੇਰੇ ਅੰਤ ਦਾ ਹੁਣ ਸਮਾਂ ਆ ਗਿਆ ਹੈ। ਸਾਡੀ ਸ਼ਾਦੀ ਅਤੇ ਮੌਤ ਇੱਕ ਸਾਥ ਹੀ ਹੋਵੇਗੀ। ਜਿਹੜੇ ਕੱਪੜੇ ਤੁਹਾਨੂੰ ਪੁਆਏ ਸਨ ਉਹ ਜ਼ਹਿਰੀਲੇ ਸਨ ਇਹ ਕਹਿ ਕੇ ਰਾਣੀ ਨੇ ਕਿਲੇ ਦੀ ਦੀਦਾਰ ਤੋਂ ਹੇਠਾਂ ਨਦੀ ਵਿੱਚ ਛਾਲ ਮਾਰ ਦਿੱਤੀ ਤੇ ਖਾਨ ਤੜਫ ਤੜਫ ਕੇ ਮਰਿਆ ਤੇ ਭੋਪਾਲ ਦੇ ਰਸਤੇ 'ਤੇ ਦਫਨਾਇਆ ਗਿਆ।

---

* *Annals and Antiquities of Rajashan by Tod Vol. II Page 727*

# ਤਾਰਾ ਬਾਈ

ਬਦਨੌਰ ਦੇ ਰਾਓ ਸੁਰਥਨ ਨੂੰ ਉਸ ਦੇ ਸ਼ਹਿਰ ਟੋਡਾ ਤੋਂ ਲਿਲਾ ਨਾਮੀ ਅਫਗਾਨ ਸਰਦਾਰ ਨੇ ਕੱਢ ਦਿੱਤਾ ਤੇ ਉਹ ਅਰਾਵਲੀ ਦੇ ਪੈਰਾਂ ਵਿੱਚ ਬਦਨੌਰ, ਮੇਵਾੜ ਦੇ ਇਲਾਕੇ ਵਿੱਚ ਆ ਵਸਿਆ। ਹਾਲਤ ਤੋਂ ਮਜਬੂਰ ਉਸ ਦੀ ਜਵਾਨ ਲੜਕੀ ਤਾਰਾ ਬਾਈ ਨੇ ਘੋੜਸਵਾਰੀ, ਤੀਰ-ਅੰਦਾਜੀ ਅਤੇ ਹੋਰ ਯੁੱਧ ਕਲਾ ਵਲ ਪੂਰਾ ਧਿਆਨ ਦਿੱਤਾ। ਉਹ ਦੌੜੇ ਜਾਂਦੇ ਘੋੜੇ ਤੋਂ ਠੀਕ ਨਿਸ਼ਾਨੇ 'ਤੇ ਤੀਰ ਮਾਰ ਸਕਦੀ ਸੀ। ਰਾਣਾ ਰਾਏ ਮੱਲ ਦਾ ਪੁੱਤਰ ਪ੍ਰਿਥਵੀ ਰਾਜ ਮਾਰਵਾੜ ਵਿੱਚ ਦੇਸ਼-ਨਿਕਾਲੇ ਦੇ ਦਿਨ ਗੁਜ਼ਾਰ ਰਿਹਾ ਸੀ। ਉਸ ਦੀ ਵੀਰਤਾ ਦੀ ਸ਼ੋਭਾ ਮਾਰਵਾੜ ਅਤੇ ਮੇਵਾੜ ਵਿੱਚ ਭੱਟਾਂ ਨੇ ਫੈਲਾਈ ਹੋਈ ਸੀ। ਪ੍ਰਿਥਵੀ ਰਾਜ ਨੂੰ ਪਤਾ ਲੱਗਾ ਕਿ ਰਾਓ ਸੁਰਥਨ ਦੀ ਸ਼ਰਤ ਹੈ ਕਿ ਜੋ ਸ਼ਹਿਰ ਟੋਡਾ ਉਸ ਨੂੰ ਵਾਪਸ ਦੁਆ ਦੇਵੇਗਾ। ਉਸ ਨੇ ਪੰਜ ਸੌ ਚੁਣਵੇਂ ਯੋਧਿਆਂ ਦੀ ਫੌਜ ਇਕੱਠੀ ਕੀਤੀ। ਤਾਰਾ ਬਾਈ ਵੀ ਆਪਣੇ ਪਿਤਾ ਤੋਂ ਆਗਿਆ ਲੈ ਕੇ ਪ੍ਰਿਥਵੀ ਰਾਜ ਦੇ ਜੱਥੇ ਵਿੱਚ ਸ਼ਾਮਲ ਹੋ ਗਈ। ਤਾਜ਼ੀਏ ਦੇ ਦਿਨਾ ਵਿੱਚ ਇਹ ਜੱਥਾ ਟੋਡਾ ਤੋਂ ਬਾਹਰ ਪਹੁੰਚ ਗਿਆ। ਪ੍ਰਿਥਵੀ ਰਾਜ ਅਤੇ ਉਸ ਦਾ ਹਮੇਸ਼ਾ ਸੰਗ ਰਹਿਣ ਵਾਲਾ ਸਾਥੀ ਸੈਂਗਰ ਦਾ ਮੁਖੀ ਅਤੇ ਤਾਰਾ ਬਾਈ ਤਿੰਨੇ ਜਣੇ, ਬਾਕੀ ਜੱਥੇ ਨੂੰ ਸ਼ਹਿਰ ਤੋਂ ਬਾਹਰ ਛੱਡ ਕੇ ਤਾਜ਼ੀਏ ਦੇ ਜਲੂਸ ਵਿੱਚ ਮਿਲ ਗਏ। ਸ਼ਹਿਰ ਦੇ ਵਿਚਕਾਰ ਅਫਗਾਨ ਸਰਦਾਰ ਦੇ ਮਹੱਲ ਤੱਕ ਪਹੁੰਚ ਗਏ। ਅਫਗਾਨ ਸਰਦਾਰ ਉੱਪਰੋਂ ਖੜ੍ਹਾ ਦੇਖ ਰਿਹਾ ਸੀ ਅਤੇ ਅਫਗਾਨ ਦੇ ਮੂੰਹੋਂ ਇਹ ਲਫਜ਼ "ਇਹ ਤਿੰਨ ਅਜਨਬੀ ਕੌਣ ਹਨ?" ਨਿਕਲੇ ਹੀ ਸਨ ਕਿ ਪ੍ਰਿਥਵੀ ਰੱਜ ਦਾ ਛੱਡਵਾਂ ਮਾਰਿਆ ਬਰਛਾ ਉਸ ਦੀ ਛਾਤੀ ਵਿੱਚ ਜਾ ਵੱਜਿਆ ਤੇ ਤਾਰਾ ਬਾਈ ਦੇ ਇੱਕ ਤੀਰ ਨੇ ਉਸ ਨੂੰ ਉਸ ਦੇ ਮਹਿਲ ਦੇ ਛੱਜੇ ਤੋਂ ਹੇਠਾਂ ਡੇਗ ਦਿੱਤਾ ਤੇ ਇਸ ਐਕਸ਼ਨ ਤੋਂ ਬਾਅਦ ਉਹ ਬਿਜਲੀ ਵਾਂਗਰ ਬਾਹਰ ਨੂੰ, ਭੀੜ ਦੇ ਸੰਭਲਣ ਤੋਂ ਪਹਿਲਾਂ ਭੱਜ ਨਿਕਲੇ। ਸ਼ਹਿਰ ਦੇ ਗੇਟ 'ਤੇ ਇੱਕ ਹਾਥੀ ਨੇ ਇਹਨਾਂ ਨੂੰ ਰੋਕਣਾ ਚਾਹਿਆ ਤਾਂ ਤਾਰਾ ਨੇ ਤਲਵਾਰ ਨਾਲ ਉਸ ਦੀ ਸੁੰਡ ਕੱਟ ਦਿੱਤੀ। ਅਫਗਾਨਾਂ ਦੇ ਆਉਣ ਤੱਕ ਉਹ ਆਪਣੇ ਜਥੇ ਕੋਲ ਪਹੁੰਚ ਗਏ। ਅਫਗਾਨਾਂ ਨੂੰ ਭਾਰੀ ਹਾਰ ਹੋਈ ਤੇ ਪ੍ਰਿਥਵੀ ਰਾਜ ਨੇ ਆਪਣੀ ਮੰਗੇਤਰ ਦੇ ਪਿਤਾ ਨੂੰ ਉਸ ਦਾ ਖੁੱਸਿਆ ਰਾਜ ਲੈ ਦਿੱਤਾ। ਇਹ ਪ੍ਰਿਥਵੀ ਰਾਜ ਰਾਣਾ ਸਾਂਗਾ ਦਾ ਵੱਡਾ ਭਰਾ ਸੀ। ਇੱਕ ਵਾਰੀ ਉਸ ਨੂੰ ਆਪਣੀ ਭੈਣ ਤੋਂ ਖਬਰ ਮਿਲੀ ਕਿ ਸਿਰੋਹੀ ਦਾ ਰਾਜਾ, ਉਸ ਦੀ ਭੈਣ ਦਾ ਪਤੀ ਉਸ ਨੂੰ ਤੰਗ, ਪਰੇਸ਼ਾਨ ਅਤੇ ਬੇਇਜ਼ਤ ਕਰਦਾ ਹੈ। ਸੁਣਦੇ ਹੀ ਪ੍ਰਿਥਵੀ ਰਾਜ ਆਪਣੇ ਚੋਣਵੇਂ ਸਾਥੀ ਲੈ ਕੇ ਸਿਰੋਹੀ ਦੇ ਮਹਿਲਾਂ ਵਿੱਚ ਪਹੁੰਚ ਗਿਆ ਅਤੇ ਰਾਤ ਨੂੰ ਸੁੱਤੇ ਪਏ ਰਾਜੇ ਦੀ ਗਰਦਨ 'ਤੇ ਕਟਾਰ ਰੱਖ ਦਿੱਤੀ। ਉਸ ਦੀ ਭੈਣ ਨੇ ਮਿੰਨਤਾਂ ਕਰ ਕੇ ਆਪਣੇ ਪਤੀ ਦੀ ਜਾਨ ਬਖਸ਼ਾਈ। ਪਰ ਪ੍ਰਿਥਵੀ ਰਾਜ ਨੇ ਕਿਹਾ ਕਿ ਜੇਕਰ ਇਹ ਮੇਰੀ ਭੈਣ ਦੀ ਜੁੱਤੀ

ਆਪਣੇ ਸਿਰ 'ਤੇ ਰੱਖ ਕੇ ਉਸ ਦੇ ਪੈਰੀਂ ਪਵੇ ਤਾਂ ਹੀ ਇਸ ਦੀ ਜਾਨ ਬਖਸ਼ੀ ਜਾ ਸਕਦੀ ਹੈ। ਸਿਰੋਹੀ ਦੇ ਰਾਜਕੁਮਾਰ ਦੇ ਹੋਸ਼ ਟਿਕਾਣੇ ਆ ਗਏ ਤੇ ਉਸ ਨੇ ਇਸੇ ਤਰ੍ਹਾਂ ਕੀਤਾ। ਫੇਰ ਦੋਨਾਂ ਨੇ ਸੁਲਾਹ ਨਾਲ ਜੱਫੀ ਪਾਈ ਤੇ ਪ੍ਰਿਥਵੀ ਰਾਜ ਪੰਜ ਦਿਨ ਸਿਰੋਹੀ ਰਹਿ ਕੇ ਜਦੋਂ ਵਿਦਾ ਹੋਣ ਲੱਗਾ ਤਾਂ ਸਿਰੋਹੀ ਰਾਜਕੁਮਾਰ ਨੇ ਉਸ ਨੂੰ ਰਸਤੇ ਵਿੱਚ ਖਾਣ ਲਈ ਕੁਝ ਪੰਜੀਰੀ ਦਿੱਤੀ। ਪੰਜੀਰੀ ਖਾਂਦਿਆਂ ਹੀ ਉਸ ਵਿੱਚ ਮਿਲਾਈ ਜ਼ਹਿਰ ਨੇ ਅਸਰ ਕਰ ਦਿੱਤਾ। ਉਸ ਨੇ ਤੁਰੰਤ ਆਪਣੀ ਪਤਨੀ ਤਾਰਾ ਨੂੰ ਕੁੰਭਲਮੇਰ ਤੋਂ ਲਿਆਉਣ ਲਈ ਸਿਪਾਹੀ ਭੇਜੇ ਪਰ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਇਹ ਨਿਡਰ ਯੋਧਾ ਅਗਲੀ ਦੁਨੀਆਂ ਵਿੱਚ ਪਹੁੰਚ ਚੁੱਕਾ ਸੀ ਤੇ ਤਾਰਾ ਦੇਵੀ ਨੂੰ ਉਸ ਵੇਲੇ ਰਾਜਕੁਮਾਰ ਦੇ ਅਕਾਲ ਚਲਾਣੇ ਦੀ ਖਬਰ ਮਿਲ ਗਈ ਤਾਂ ਉਸ ਨੇ ਮਹਲ ਦੇ ਬੁਰਜ ਤੋਂ ਹੇਠਾ ਡਿੱਗ ਕੇ ਜਾਨ ਦੇ ਦਿੱਤੀ। ਇਹੋ ਜਿਹੇ ਯੋਧੇ, ਜਿਸਦੀ ਨਿਡਰਤਾ, ਬਹਾਦਰੀ, ਚੁਸਤ ਦਿਮਾਗੀ ਦੇ ਕਿੱਸੇ ਐਨੇ ਪ੍ਰਸਿੱਧ ਹਨ, ਜੇਕਰ 23 ਸਾਲ ਦੀ ਭਰ ਜਵਾਨੀ ਵਿੱਚ ਇਸ ਜਹਾਨ ਤੋਂ ਨਾ ਜਾਂਦੇ ਤਾਂ ਰਾਣਾ ਸਾਂਗਾ ਦੀ ਥਾਂ ਇਸ ਨੇ ਬਾਬਰ ਨਾਲ ਯੁੱਧ ਕਰਨਾ ਸੀ ਤੇ ਸ਼ਾਇਦ ਮੁਗਲਾਂ ਦੇ ਪੈਰ ਭਾਰਤ ਵਿੱਚ ਨਾ ਲੱਗਦੇ। ਇਸੇ ਪ੍ਰਿਥਵੀ ਰਾਜ ਨੇ ਇੱਕ ਵਾਰ ਆਪਣੇ ਪਿਤਾ ਨਾਲ ਮਾਲਵੇ ਦੇ ਸੁਲਤਾਨ ਦੇ ਏਲਚੀ ਦੀ ਗੱਲਬਾਤ ਸੁਣੀ ਜਿਸ ਵਿੱਚ ਏਲਚੀ ਨੇ ਰਾਣੇ ਨੂੰ ਸੁਲਤਾਨ ਵੱਲੋਂ ਧਮਕੀ ਦਿੱਤੀ। ਪ੍ਰਿਥਵੀ ਰਾਜ ਨੇ ਪੰਜ ਹਜ਼ਾਰ ਫੌਜੀ ਇਕੱਠੇ ਕਰ ਕੇ ਦਿਪਾਲਪੁਰ ਲੁੱਟ ਲਿਆ। ਸੁਣ ਕੇ ਸੁਲਤਾਨ ਵੀ ਮੰਡੂ ਤੋਂ ਦਿਪਾਲਪੁਰ ਵੱਲ ਨੂੰ ਸੈਨਾ ਲੈ ਕੇ ਚੱਲ ਪਿਆ। ਭੱਜਣ ਦੀ ਬਜਾਏ ਪ੍ਰਿਥਵੀ ਰਾਜ ਵੀ ਸੁਲਤਾਨ ਵੱਲ ਨੂੰ ਵਧਿਆ ਅਤੇ ਆਰਾਮ ਕਰ ਰਹੇ ਸੁਲਤਾਨ ਦੇ ਕੈਂਪ 'ਤੇ ਹਮਲਾ ਕਰ ਕੇ ਸੁਲਤਾਨ ਨੂੰ ਇੱਕ ਊਠ 'ਤੇ ਸੁੱਟ ਲਿਆ ਤੇ ਸੁਲਤਾਨ ਦੇ ਸੈਨਿਕਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਲੜਾਈ ਕੀਤੀ ਤਾਂ ਸੁਲਤਾਨ ਦੀ ਜਾਨ ਲੈ ਲਈ ਜਾਵੇਗੀ। ਚਿਤੌੜ ਲਿਆ ਕੇ ਸੁਲਤਾਨ ਤੋਂ ਆਪਣੇ ਪਿਤਾ ਦੇ ਪੈਰੀਂ ਹੱਥ ਲੁਆਏ ਤੇ ਸੁਲਤਾਨ ਨੂੰ ਕਿਹਾ ਕਿ ਆਪਣੇ ਉਸੇ ਏਲਚੀ ਨੂੰ ਬੁਲਾਓ ਤੇ ਉਸ ਨੂੰ ਦੱਸੋ ਕਿ ਰਾਣਾ ਕੌਣ ਹੈ। ਸੁਲਤਾਨ ਨੂੰ ਇੱਕ ਮਹੀਨੇ ਤੱਕ ਚਿਤੌੜ ਰੱਖਿਆ ਤੇ ਭਾਰੀ ਰਕਮ ਅਤੇ ਘੋੜੇ ਲੈ ਕੇ ਛੱਡਿਆ ਗਿਆ। ਇਹ ਸੁਲਤਾਨ ਗਿਆਸ-ਉਦੀਨ ਸੁਲਤਾਨ ਹਿੰਦ ਜਾਂ ਮੁਜ਼ੱਫਰ ਸ਼ਾਹ ਸੀ।

# ਪਹਾੜੀ ਰਾਜਪੂਤਾਂ ਨਾਲ ਰਿਸ਼ਤੇ ਟੁੱਟਣ ਦੇ ਕਾਰਨ

ਦੁਆਬੇ ਦੇ ਪਿੰਡਾਂ ਦੇ ਰਾਜਪੂਤਾਂ ਦੇ ਦੱਖਣ ਪੱਛਮ ਵੱਲ ਮੰਝ ਰਾਜਪੂਤਾਂ ਦੇ ਪਿੰਡ ਸਨ ਜਿਸ ਇਲਾਕੇ ਨੂੰ ਮੰਝਕੀ ਕਿਹਾ ਜਾਂਦਾ ਹੈ। ਇਹਨਾਂ ਪਿੰਡਾਂ ਦੇ ਰਾਜਪੂਤ ਮੁਸਲਮਾਨ ਹੋ ਗਏ ਸਨ। ਪਹਾੜ ਵੱਲ ਦੇ ਪਾਸੇ ਹਿੰਦੂ ਰਾਜਪੂਤ ਸਨ ਜਿਹੜੇ ਕਿ ਮੈਦਾਨੀ ਇਲਾਕੇ ਦੇ ਰਾਜਪੂਤਾਂ ਨਾਲ ਰਿਸ਼ਤੇ ਕਰ ਕੇ ਰਾਜ਼ੀ ਨਹੀਂ ਸਨ। ਸਿੱਖ ਰਾਜਪੂਤਾਂ ਦੀਆਂ ਕੁੜੀਆਂ ਹੁੱਕੇ ਨੂੰ ਹੱਥ ਲਾਉਣ ਤੋਂ ਇਨਕਾਰ ਕਰ ਦਿੰਦੀਆਂ ਸਨ ਤੇ ਹਿੰਦੂ ਰਾਜਪੂਤ ਇਸ ਨੂੰ ਗੁਸਤਾਖੀ ਸਮਝਦੇ ਸਨ। ਡਿਸਟਰਕਿਟ ਐਂਡ ਸਟੇਟਸ ਗਜ਼ਿਟੀਅਰ ਜ਼ਿਲਾ ਕਾਂਗੜਾ ਪੰਨਾ 110 'ਤੇ ਇਹਨਾਂ ਰਾਜਪੂਤਾਂ ਦੇ ਰਸਮੋ-ਰਿਵਾਜ਼ ਬਾਰੇ ਕਾਫੀ ਕੁਝ ਲਿਖਿਆ ਹੈ:-

"ਉਚੀ ਜਾਤੀ ਦੇ ਰਾਜਪੂਤ ਆਪਣੀ ਇੱਜ਼ਤ ਲਈ ਆਪਣਾ ਸਭ ਕੁਝ ਬਰਬਾਦ ਕਰ ਸਕਦੇ ਹਨ। ਉਹ ਆਪਣੀਆਂ ਲੜਕੀਆਂ ਦੇ ਵਿਆਹ ਸਮਾਜਿਕ ਤੌਰ 'ਤੇ ਨੀਵੇਂ ਲੋਕਾਂ ਨਾਲ ਨਹੀਂ ਕਰਦੇ। ਨੀਵੀਂ ਜਾਤੀ ਦੇ ਲੋਕ ਇਨ੍ਹਾਂ ਦੇ ਨੇੜੇ ਨਹੀਂ ਜਾ ਸਕਦੇ ਕਿ ਉਹ ਭਿੱਟੇ ਨਾ ਜਾਣ। ਇਸ ਇਲਾਕੇ ਦੇ ਨਾਈ ਨੀਵੀਆਂ ਜਾਤਾਂ ਵਾਲਿਆਂ ਦੀ ਹਜ਼ਾਮਤ ਨਹੀਂ ਕਰਦੇ ਤੇ ਨੀਵੀਆਂ ਜਾਤਾਂ ਵਾਲਿਆਂ ਨੂੰ ਆਪਣੇ ਵੱਖਰੇ ਨਾਈਆਂ ਦਾ ਪ੍ਰਬੰਧ ਕਰਨਾ ਪੈਂਦਾ। ਜ਼ਮੀਨ ਦੀ ਵੰਡ "ਚੂੰਡਾ ਵੰਡ" ਨਾਲ ਹੁੰਦੀ ਭਾਵ ਕਿ ਜ਼ਿਮੀਂਦਾਰ ਜਾਂ ਰਾਜੇ ਦੀਆਂ ਰਾਣੀਆਂ ਅਨੁਸਾਰ, ਇਸ ਤਰ੍ਹਾਂ ਇਕੋ ਪਿਤਾ ਦੇ ਪੁੱਤਰਾਂ ਨੂੰ ਘੱਟ ਜਾਂ ਵੱਧ ਜਾਇਦਾਦ ਮਿਲਦੀ। ਉੱਚੀ ਜਾਤੀ ਦੇ ਰਾਜਪੂਤ ਤੇ ਬ੍ਰਾਹਮਣ ਆਪਣੇ ਪਾਣੀ ਪੀਣ ਵਾਲੇ ਭਾਂਡਿਆਂ ਨੂੰ ਕਿਸੇ ਹੋਰ ਜਾਤੀ ਨੂੰ ਛੂਹਣ ਨਾ ਦਿੰਦੇ। ਇਸ ਤਰ੍ਹਾਂ ਇਹ ਇਲਾਕਾ ਮੈਦਾਨੀ ਪੰਜਾਬ ਨਾਲੋਂ ਵੱਖਰੀ ਕਿਸਮ ਦਾ ਹੈ ਤੇ ਇਨ੍ਹਾਂ ਦੀ ਰਹਿਣੀ ਬਹਿਣੀ ਪੰਜਾਬ ਦੀ ਬਜਾਏ ਬਾਕੀ ਹਿੰਦੁਸਤਾਨ ਦੇ ਰਾਜਪੂਤਾਂ ਨਾਲ ਮਿਲਦੀ ਹੈ ਭਾਵੇਂ ਕਿ ਇਸ ਜ਼ਿਲ੍ਹੇ ਨੂੰ ਪ੍ਰਬੰਧਕ ਤੌਰ 'ਤੇ ਪੰਜਾਬ ਨਾਲ ਰੱਖਿਆ ਗਿਆ ਹੈ।"

ਉਪਰੋਕਤ ਲਿਖਤ ਤੋਂ ਸਿੱਧ ਹੋ ਜਾਂਦਾ ਹੈ ਜੋ ਰਾਜਪੂਤ ਸਿੱਖ ਬਣ ਗਏ ਉਹ ਆਪਣਾ ਜਾਤ ਅਭਿਮਾਨ ਛੱਡ ਕੇ ਬਾਕੀ ਜਾਤਾਂ ਨਾਲ ਖਾਲਸਾ ਰਹੁ ਰੀਤੀ ਅਨੁਸਾਰ ਵਰਤਾਰਾ ਕਰਨ ਲੱਗ ਪਏ ਤਾਂ ਪਹਾੜੀ ਰਾਜਪੂਤਾਂ ਨੇ ਇਨ੍ਹਾਂ ਨਾਲ ਘ੍ਰਿਣਾ ਕਰਨੀ ਸੀ।

ਦੂਜਾ ਵੱਡਾ ਕਾਰਨ ਰਾਜਪੂਤਾਂ ਵਿਚ ਸਤੀ ਦੀ ਪ੍ਰਥਾ ਠੀਕ ਮੰਨੀ ਜਾਂਦੀ ਸੀ ਪਰ ਜੋ ਰਾਜਪੂਤ ਸਿੱਖ ਬਣ ਗਏ ਉਨ੍ਹਾਂ ਸਤੀ ਦੀ ਰਸਮ ਬੰਦ ਕਰਕੇ ਵਿਧਵਾ ਵਿਆਹ ਨੂੰ ਜਾਇਜ਼ ਸਮਝਿਆ ਤੇ ਕਰੇਵਾ ਦੀ ਰਸਮ ਇਨ੍ਹਾਂ ਪਿੰਡਾਂ ਵਿਚ ਚਲ ਪਈ। ਸਤੀ ਦੀ ਰਸਮ ਵਿਰੁੱਧ ਸਿੱਖ ਗੁਰੂ ਸਾਹਿਬਾਨ ਨੇ ਡਟ ਕੇ ਪ੍ਰਚਾਰ ਕੀਤਾ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਫਰਮਾਨ ਹੈ :-

*ਸਤੀਆ ਏਹਿ ਨ ਆਖੀਅਨ ਜੋ ਮੜੀਆ ਲਗਿ ਜਲੰਨਿ॥*
*ਨਾਨਕ ਸਤੀਆ ਜਾਣੀਅਨ ਜਿ ਬਿਰਹੇ ਚੋਟ ਮਰੰਨਿ॥*
*ਭੀ ਜੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥ ਸਲੋਕ ਮੰ. 3*

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ. 787

ਜ਼ਿਲ੍ਹਾ ਕਾਂਗੜਾ ਦੀ ਸੈਲਟਮੈਂਟ ਰਿਪੋਰਟ ਵਿੱਚ ਅੰਗਰੇਜ਼ ਅਫਸਰ ਮਿਸਟਰ ਬਾਰਨਜ਼ ਲਿਖਦਾ ਹੈ ਕਿ ਰਾਜਪੂਤ ਨੂੰ ਆਪਣੀ ਇੱਜ਼ਤ ਅਤੇ ਰੁਤਬਾ ਕਾਇਮ ਰੱਖਣ ਲਈ ਹੇਠ ਲਿਖੀਆਂ ਚਾਰ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:-

1. ਉਹ ਕਦੇ ਵੀ ਹਲ ਨਾ ਚਲਾਵੇ
2. ਉਹ ਨੀਵੀਆ ਜਾਤਾਂ ਨਾਲ ਰਿਸ਼ਤੇਦਾਰੀ ਨਾ ਕਰੇ
3. ਲੜਕੀ ਦੇ ਰਿਸ਼ਤੇ ਲਈ ਮਾਇਆ ਨਾ ਲਵੇ
4. ਉਨ੍ਹਾਂ ਦੀਆਂ ਔਰਤਾਂ ਪਰਦੇ ਵਿੱਚ ਰਹਿਣ

ਸਭ ਤੋਂ ਜ਼ਰੂਰੀ ਹਲ ਨਾ ਚਲਾਉਣਾ ਹੈ। ਜੋ ਹੱਲ ਵਾਹੁਣ ਲੱਗ ਪਵੇ ਉਸ ਨੂੰ ਨੀਵੀਂਜਾਤੀ ਦਾ ਸਮਝਿਆ ਜਾਂਦਾ ਤੇ ਉਸ ਨੂੰ ਕੋਈ ਰਾਜਪੂਤ "ਜੈਦੇਵਾ" ਨਾ ਕਹਿੰਦਾ ਉਸ ਨਾਲ ਬੈਠ ਕੇ ਰੋਟੀ ਨਾ ਖਾਂਦਾ ਤੇ ਉਹ ਸਮਾਜਕ ਤੌਰ 'ਤੇ ਨੀਵਾਂ ਸਮਝਿਆ ਜਾਂਦਾ ਤੇ ਘ੍ਰਿਣਾ ਨਾਲ ਉਸ ਨੂੰ ਹਲਵਾਹ ਕਹਿ ਕੇ ਬੁਲਾਉਂਦੇ ਤੇ ਉਹ ਬੇਇੱਜ਼ਤੀ ਦੇ ਡਰੋਂ ਸਮਾਜਕ ਇਕੱਠਾਂ ਵਿੱਚ ਸ਼ਾਮਲ ਨਾ ਹੁੰਦਾ। ਬ੍ਰਾਹਮਣਾ ਵਿੱਚ ਵੀ ਹਲ ਵਾਹੁਣ ਵਾਲੇ ਨੂੰ ਘਟੀਆ ਸਮਝਿਆ ਜਾਂਦਾ ਹੈ। ਸੰਨ 1883 ਵਿੱਚ ਇਬਟਸਨ ਲਿਖਦਾ ਹੈ।

* "ਪੁਰਾਣੀਆਂ ਆਦਤਾਂ ਨਹੀਂ ਭੁੱਲੀਆਂ, ਪਰ ਸਿੱਖ ਰਾਜ ਸਮੇਂ, ਜਦੋਂ ਲੜਾਈ ਲਈ ਜਵਾਨਾਂ ਦੀ ਲੋੜ ਘੱਟ ਗਈ ਤਾਂ ਰਾਜਪੂਤਾਂ ਦਾ ਅਸਰ ਰਸੂਖ ਘਟ ਗਿਆ। ਜਦੋਂ ਅੰਗਰੇਜ਼ੀ ਰਾਜ ਨਾਲ ਅਮਨ ਕਾਨੂੰਨ ਦੀ ਹਾਲਤ ਠੀਕ ਹੋ ਗਈ ਤੇ ਸਭ ਦੇ ਹੱਕ ਬਰਾਬਰ ਸਮਝੇ ਜਾਣ ਲੱਗੇ ਤਾਂ ਅਮੀਰ ਤੋਂ ਅਮੀਰ ਰਾਜਪੂਤਾਂ ਨੂੰ ਬੱਧੇ-ਰੁੱਧੇ ਖੇਤੀ ਵੱਲ ਧਿਆਨ ਦੇਣਾ ਪਿਆ।"

ਕਾਂਗੜੇ ਦੇ ਮੀਏਂ ਜੋ ਹਲ ਨਹੀਂ ਵਾਹੁੰਦੇ ਅਤੇ ਜੋ ਹਲ ਵਾਹੁੰਦੇ ਹਨ ਵਿੱਚ ਫਰਕ ਸਮਝਦੇ ਹਨ। ਜੋ ਹਲ ਵਾਹੁਣ ਲੱਗ ਪਵੇ। ਉਸ ਨੂੰ ਦੂਜੇ ਮੀਏਂ "ਜੈ ਦੇਵਾ" ਕਹਿ ਕੇ ਪ੍ਰਣਾਮ ਨਹੀਂ ਕਰਦੇ। ਇਹ ਫਰਕ ਅੱਜ ਕੱਲ ਇੰਨਾ ਨਹੀਂ ਰਿਹਾ ਕਿਉਂਕਿ ਹਾਲਾਤ ਨੇ ਸਭ ਮੀਏਂ ਅਖਵਾਉਣ ਵਾਲੇ ਰਾਜਪੂਤਾਂ ਨੂੰ ਹਲ ਫੜਨ 'ਤੇ ਮਜਬੂਰ ਕਰ ਦਿੱਤਾ ਹੈ।

ਮਿਸਟਰ ਬਾਰਨਜ਼ ਕਾਂਗੜਾ ਸੈਟਲਮੈਂਟ ਰਿਪੋਰਟ ਵਿੱਚ ਇਹ ਘਟਨਾ ਲਿਖਦਾ ਹੈ ਜਿਸ ਤੋਂ ਪਹਿਲੇ ਸਮਿਆਂ ਵਿੱਚ "ਜੈਦੇਵਾ" ਅਖਵਾਉਣ ਦੀ ਮਹੱਤਤਾ ਦਾ ਪਤਾ ਲੱਗਦਾ

---

* *Punjab Castes by Denzil Ibbetson Page 139*

ਹੈ। ਰਾਜਾ ਧਿਆਨ ਸਿੰਘ ਜੋ ਖ਼ੁਦ ਇੱਕ ਜਮਵਾਲ ਰਾਜਪੂਤ ਸੀ, ਚਾਹੁੰਦਾ ਸੀ ਕਿ ਨੂਰਪੁਰ ਰਿਆਸਤ ਦਾ ਰਾਜਾ ਉਸ ਨੂੰ ਜੈਦੇਵਾ ਆਖ ਕੇ ਪ੍ਰਣਾਮ ਕਰੇ। ਮਹਾਰਾਜਾ ਰਣਜੀਤ ਸਿੰਘ ਵੱਲੋਂ ਨੂਰਪੁਰ ਦੇ ਹਾਰੇ ਹੋਏ ਰਾਜੇ ਵਾਸਤੇ 25,000 (ਪੰਜੀ ਹਜ਼ਾਰ ਰੁਪਏ) ਸਾਲਾਨਾ ਦੀ ਜਗੀਰ ਦੀ ਸਨਦ ਸਹੀ ਕਰਕੇ ਅਤੇ ਲਿਫਾਫੇ ਵਿੱਚ ਬੰਦ, ਧਿਆਨ ਸਿੰਘ ਨੇ ਕਈ ਦਿਨ ਆਪਣੇ ਕੋਲ ਰੱਖ ਛੱਡੀ ਕਿ ਨੂਰਪੁਰ ਦਾ ਰਾਜਾ ਉਸ ਨੂੰ ਪ੍ਰਣਾਮ ਕਰੇਗਾ ਪਰ ਬੀਰ ਸਿੰਘ, ਰਾਜਾ ਨੂਰਪੁਰ, ਕਈ ਪੀੜ੍ਹੀਆਂ ਤੋਂ ਚੱਲੇ ਆ ਰਹੇ ਖਾਨਦਾਨ ਦਾ ਰਾਜਾ ਸੀ ਤੇ ਧਿਆਨ ਸਿੰਘ ਕੇਵਲ ਰਣਜੀਤ ਸਿੰਘ ਦੀ ਖ਼ੁਸ਼ੀ 'ਤੇ ਹੀ ਰਾਜਾ ਸੀ। ਖਾਨਦਾਨੀ ਰਾਜੇ ਨੇ ਬਰਾਦਰੀ ਦੇ ਅਸੂਲਾਂ ਅਨੁਸਾਰ ਆਪਣੇ ਤੋਂ ਹੇਠਲੇ ਦਰਜੇ ਦੇ ਰਾਜਪੂਤ ਨੂੰ ਜੈਦੇਵਾ ਆਖ ਕੇ ਪ੍ਰਣਾਮ ਕਰਨ ਨਾਲੋਂ ਭੀਖ ਮੰਗਣੀ ਬਿਹਤਰ ਸਮਝੀ।

ਸਰ ਡੈਂਨਜ਼ਿਲ ਇਬਟਸਨ ਸੰਨ 1881 ਦੀ ਮਰਦਮਸ਼ੁਮਾਰੀ ਰਿਪੋਰਟ ਵਿੱਚ ਠੀਕ ਲਿਖਦੇ ਹਨ ਕਿ ਸਮਾਜਕ ਰੁਤਬਾ ਘਟਣ ਨਾਲ ਕਿਸੇ ਦੀ ਜਾਤ ਨਹੀਂ ਮਿਟ ਸਕਦੀ। ਯੂਰਪ ਵਿੱਚ ਵੀ ਸਮਾਜਕ ਦਰਜਾ ਇਸੇ ਤਰ੍ਹਾਂ ਘੱਟ ਜਾਂਦਾ ਹੈ। ਮਿਸਟਰ ਜੇ ਟੀ ਕਰਿਸਟੀ ਨੇ ਲਿਖਿਆ ਹੈ ਕਿ ਜੰਮੂ ਦੇ ਸ਼ਾਹੀ ਖਾਨਦਾਨ ਵਿੱਚੋਂ ਹੀ ਮਿਨਹਾਸ ਹਨ ਤੇ ਹਲ ਵਾਹਣ ਕਾਰਨ ਇਹਨਾਂ ਨੂੰ ਘਟੀਆ ਸਮਝਿਆ ਜਾਣ ਲੱਗਾ। ਗੁਰਦਾਸਪੁਰ ਜ਼ਿਲ੍ਹੇ ਦੇ ਵਿਰਕ ਜੱਟ ਵੀ ਆਪਣੇ ਆਪ ਨੂੰ ਮਿਨਹਾਸ ਰਾਜਪੂਤਾਂ ਵਿੱਚੋਂ ਸਮਝਦੇ ਹਨ। ਸੰਨ 1881 ਦੀ ਮਰਦਮਸ਼ੁਮਾਰੀ ਰਿਪੋਰਟ ਵਿੱਚ ਸਰ ਡੈਨਜ਼ਿਲ ਇਬਟਸਨ ਲਿਖਦੇ ਹਨ ਕਿ "ਪੱਛਮੀ ਹਿਮਾਲੀਆ ਦੇ ਰਾਜਪੂਤ ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਰਾਜ ਘਰਾਣਿਆਂ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਦੇ ਬਜ਼ੁਰਗ ਕਿਸੇ ਖਾਸ ਰਿਆਸਤ ਦੇ ਉਦੋਂ ਰਾਜੇ ਸਨ ਜਦੋਂ ਅਸੀਂ ਜੰਗਲੀ ਸੀ।" ਸਿਕੰਦਰ ਦੇ ਹਮਲੇ ਤੋਂ ਪਹਿਲਾਂ ਮੌਜੂਦਾ ਇੰਗਲੈਂਡ ਵਿੱਚ ਕੋਈ ਸੱਭਿਅਤਾ ਹੋਣ ਬਾਰੇ ਕੋਈ ਸਬੂਤ ਨਹੀਂ ਹਨ।

ਦੁਆਬੇ ਦੇ ਰਾਜਪੂਤਾਂ ਨੇ ਬਿਨਾ ਪਰਵਾਹ ਕੀਤਿਆਂ ਖੇਤੀ ਕਰਨੀ ਸ਼ੁਰੂ ਕੀਤੀ। ਆਬਾਦੀ ਵਧਣ ਨਾਲ ਰੋਟੀ ਦਾ ਸਾਧਨ ਵੀ ਤਾਂ ਕਰਨਾ ਸੀ। ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਸਤੀ ਕੀ ਰਸਮ ਬੰਦ ਕਰਨੀ ਤੇ ਵਿਧਵਾ ਵਿਆਹ ਵੀ ਇਹਨਾਂ ਨੇ ਠੀਕ ਸਮਝਿਆ। ਇਹਨਾਂ ਕਾਰਨਾ ਕਰਕੇ ਪਹਾੜੀ ਰਾਜਪੂਤਾਂ ਤੋਂ ਦੂਰੀ ਬਣ ਗਈ। ਇਸ ਗੱਲ ਨੂੰ ਭਾਵੇਂ ਪਹਾੜੀ ਰਾਜਪੂਤਾਂ ਨੇ ਘਟੀਆ ਸਮਝਿਆ ਪਰ ਦੁਆਬੇ ਦੇ ਰਾਜਪੂਤਾਂ ਦਾ ਇਹ ਉੱਦਮ ਸ਼ਲਾਘਾਯੋਗ ਤੇ ਅਗਾਂਹਵਧੂ ਦਾ ਨਿਸ਼ਾਨ ਹੈ। ਇਸ ਦਾ ਸਬੂਤ ਸਿੱਖ ਬਣ ਗਏ ਰਾਜਪੂਤਾਂ ਦਾ ਪਹਾੜੀ ਜਾਂ ਹਿੰਦੂ ਰਾਜਪੂਤਾਂ ਨਾਲੋਂ ਹਰ ਪੱਖੋਂ ਅੱਗੇ ਹੋਣਾ ਹੈ।

ਪਹਾੜੀ ਰਾਜਿਆਂ ਖਾਸ ਕਰ ਕੇ ਭੀਮ ਚੰਦ ਕਹਿਲੂਰੀਏ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਹਾਨਾ ਠਾਠ-ਬਾਠ ਜ਼ਰ ਨਹੀਂ ਹੁੰਦਾ ਸੀ। ਗੁਰੂ ਸਾਹਿਬ ਨੂੰ ਸ਼ਰਧਾਲੂ ਰਾਜੇ ਹਾਥੀ, ਘੋੜੇ ਸ਼ਾਮਿਆਨੇ ਅਤੇ ਉਸ ਸਮੇਂ ਦੇ ਆਧੁਨਿਕ ਸ਼ਸਤਰ ਭੇਟ ਕਰਦੇ। ਭੀਮ ਚੰਦ ਨੇ ਕਈ ਬਹਾਨਿਆਂ ਨਾਲ ਇਹ ਕੀਮਤੀ ਚੀਜ਼ਾਂ ਹਥਿਆਉਣ ਦੀ ਕੋਸ਼ਿਸ਼ ਕੀਤੀ ਪਰ

ਜਾਣੀ ਜਾਣ ਗੁਰੂ ਸਾਹਿਬ ਨੂੰ ਉਹ ਧੋਖਾ ਨਾ ਦੇ ਸਕਿਆ। ਪਰ ਉਸ ਨੇ ਗੁਰੂ ਸਾਹਿਬ ਦੀ ਵਿਰੋਧਤਾ ਨਾ ਛੱਡੀ। ਬਿਸਤ ਦੁਆਬ ਦੇ ਰਾਜਪੂਤਾਂ ਨੇ ਗੁਰੂ ਸਾਹਿਬ ਦੀ ਸ਼ਰਧਾ ਨਾਲ ਹਰ ਤਰ੍ਹਾਂ ਸੇਵਾ ਕੀਤੀ ਤੇ ਸਿੰਘ ਸਜ ਗਏ। ਪਹਾੜੀ ਰਾਜਪੂਤ ਆਪਣੇ ਆਪ ਨੂੰ ਜੱਟ ਅਖਵਾਉਣ ਲੱਗ ਪਏ। ਭਾਵੇਂ ਉਨ੍ਹਾਂ ਆਪਣੇ ਗੋਤ ਚੌਹਾਨ, ਪਰਮਾਰ, ਭੱਟੀ, ਤੂਰ ਆਦਿ ਹੀ ਰੱਖੇ।

ਅੰਮ੍ਰਿਤ ਛਕਣ ਤੋਂ ਬਾਅਦ ਜੋ ਸਿਆਸੀ ਲਾਭ ਜੱਟ ਕੌਮ ਨੂੰ ਹੋਇਆ ਉਹ ਹੋਰ ਕਿਸੇ ਕੌਮ ਨੂੰ ਨਾ ਹੋਇਆ। ਜੱਟ ਬਹੁਗਿਣਤੀ ਕਾਰਨ ਸਭ ਤੋਂ ਉੱਤਮ ਬਣ ਗਏ ਤੇ ਪੰਜਾਬ ਵਿੱਚ ਰਾਜਪੂਤ ਘੱਟਗਿਣਤੀ ਕਾਰਨ ਇਹਨਾਂ ਤੋਂ ਹੇਠਲੇ ਦਰਜੇ ਦੇ ਦਿਸਣ ਲੱਗੇ। ਸਿੱਖ ਮਿਸਲਾਂ ਦੇ ਸਮੇਂ ਮਾਝੇ ਦੇ ਜੱਟ ਖਾਸ ਕਰਕੇ ਤੇ ਹੋਰ ਇਲਾਕਿਆਂ ਦੇ ਜੱਟ ਮਿਸਲਾਂ ਵਿੱਚ ਸ਼ਾਮਲ ਹੋ ਗਏ। ਬਹੁਤ ਮਿਸਲਾਂ ਦੇ ਮੁਖੀ ਜੱਟ ਹੀ ਸਨ। ਇਹਨਾਂ ਨੇ ਸੰਨ 1740 ਤੋਂ ਸੰਨ 1799 ਤੱਕ ਖ਼ੂਬ ਲੁੱਟਾਂ ਖੋਹਾਂ ਕਰਕੇ ਘਰ ਭਰ ਲਏ। ਕਿਉਂਕਿ ਮੁਸਲਮਾਨੀ ਰਾਜ ਦਾ ਖਾਤਮਾ ਹੋ ਰਿਹਾ ਸੀ ਤੇ ਜੱਟਾਂ ਨੇ ਕੇਂਦਰੀ ਬਹੁਗਿਣਤੀ ਦੇ ਕਾਰਨ ਹੁਕਮਰਾਨੀ ਪ੍ਰਾਪਤ ਕਰ ਲਈ। ਇਸ ਦਾ ਲਾਭ ਸਾਰੇ ਭਾਰਤ ਨੂੰ ਹੋਇਆ ਕਿ ਉੱਤਰ ਪੱਛਮ ਵੱਲੋਂ ਮੁਸਲਮਾਨਾਂ ਦੇ ਹਮਲੇ ਹਮੇਸ਼ਾ ਲਈ ਬੰਦ ਹੋ ਗਏ।

ਦਸਮ ਪਾਤਸ਼ਾਹ ਵੱਲੋਂ ਸਭ ਵਰਗਾਂ ਨੂੰ ਇੱਕ ਬਰਾਬਰ ਕਰਨ ਦੀ ਕਿਰਿਆ ਰਾਜਪੂਤਾਂ ਨੂੰ ਚੰਗੀ ਨਾ ਲੱਗੀ। ਉਹ ਅੰਮ੍ਰਿਤ ਛਕਣ ਨੂੰ ਤਿਆਰ ਸਨ ਜੇਕਰ ਗੁਰੂ ਜੀ ਉਨ੍ਹਾਂ ਨੂੰ ਵੱਖਰੇ ਬਾਟੇ ਵਿੱਚ ਅੰਮ੍ਰਿਤ ਛਕਾਉਂਦੇ। ਪਰ ਗੁਰੂ ਸਾਹਿਬ ਨੂੰ ਇਹੋ ਜਿਹੇ ਬਹਾਨੇ ਪਸੰਦ ਨਹੀਂ ਸਨ ਕਿਉਂਕਿ ਉਹ ਤਾਂ "ਮਾਣਸ ਕੀ ਜਾਤ ਸਬੈ ਏਕ ਹੀ ਪਹਿਚਾਨਬੋ" 'ਤੇ ਜ਼ੋਰ ਦਿੰਦੇ ਸਨ।

ਬਿਸਤ ਦੁਆਬ ਦੇ ਸਿੱਖ ਰਾਜਪੂਤਾਂ ਨੂੰ ਹਿੰਦੂ ਰਾਜਪੂਤ ਇਹ ਕਹਿ ਕੇ ਪਸੰਦ ਨਾ ਕਰਦੇ ਕਿ ਉਹ ਸਿੱਖ ਹੋ ਗਏ ਹਨ ਤੇ ਜੱਟ ਇਸ ਕਰਕੇ ਘ੍ਰਿਣਾ ਕਰਦੇ ਕਿ ਇਹ ਰਾਜਪੂਤ ਹਨ ਕਿਉਂਕਿ ਪਹਾੜੀ ਰਾਜਪੂਤਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਤਰ੍ਹਾਂ ਵਿਰੋਧਤਾ ਕੀਤੀ ਸੀ।

ਪਰ ਹੈਰਾਨੀ ਵਾਲੀ ਗੱਲ ਹੈ ਕਿ ਵਰਤਮਾਨ ਸਮੇਂ ਦੇ ਜੁਝਾਰੂ ਸਿੰਘਾਂ ਦੇ ਸੰਘਰਸ਼ ਨੂੰ ਕੁਚਲਣ ਵਿੱਚ ਜੋ ਰੋਲ ਬੇਅਤ ਸਿੰਘ ਮੁੱਖ ਮੰਤਰੀ ਪੰਜਾਬ ਅਤੇ ਕੇ. ਪੀ. ਐਸ. ਗਿੱਲ ਡੀ. ਜੀ. ਪੁਲਸ ਨੇ ਅਦਾ ਕੀਤਾ ਉਨ੍ਹਾਂ ਨੂੰ ਜੱਟ ਉਹੋ ਜਿਹੀ ਨਫਰਤ ਕਿਉਂ ਨਹੀਂ ਕਰਦੇ? ਬੇਅੰਤ ਸਿੰਘ ਦੇ ਲੜਕੇ ਨੂੰ ਜਲੰਧਰ ਛਾਉਣੀ ਹਲਕੇ ਤੋਂ ਵਿਧਾਨ ਸਭਾ ਦੀ ਸੀਟ ਤੋਂ ਜਿਤਾ ਦਿੱਤਾ।

ਸਿੱਖ ਰਾਜਪੂਤਾਂ ਨੇ ਆਪਣੀ ਅਣਖ ਹਰ ਮੁਸੀਬਤ ਸਮੇਂ ਦਿਖਾਈ। ਇੱਕ ਤਾਂ ਖ਼ੂਨ ਵਿੱਚ ਕੁਰਬਾਨੀ ਦਾ ਅੰਸ਼ ਦੂਸਰੇ ਗੁਰੂ ਦੇ ਅੰਮ੍ਰਿਤ ਦਾ ਜੋਸ਼। ਇਹ ਯੁੱਧ ਕਲਾ ਦੇ ਜਾਣੂ ਅਤੇ ਤਜਰਬੇਕਾਰ ਸਿਪਾਹੀ ਸਨ। ਯੁੱਧ ਵਿੱਚ ਮਰਨਾ ਮਾਣ ਵਾਲੀ ਗੱਲ ਅਤੇ

ਯੁੱਧ ਵਿੱਚ ਭੱਜ ਕੇ ਜਾਨ ਬਚਾਉਣੀ ਤਾਂ ਇਹ ਨੱਕ ਕਟਾਉਣਾ ਸਮਝਦੇ ਸਨ।

ਇਸੇ ਮੁੱਢਲੀ ਸ਼ਕਤੀ ਅਤੇ ਧਾਰਮਿਕ ਤਬਦੀਲੀ ਦੇ ਸਦਕਾ ਜੋ ਕੰਮ ਬੰਦਾ ਸਿੰਘ ਬਹਾਦਰ, ਅਕਾਲੀ ਫੂਲਾ ਸਿੰਘ ਕਰ ਗਏ ਉਹ ਰਾਜਪੂਤਾਂ ਦਾ ਸਿਰ ਉੱਚਾ ਕਰਦੇ ਹਨ। ਹੁਣ ਵੀ ਸੰਤ ਭਿੰਡਰਾਂਵਾਲਿਆਂ ਦੇ ਪੈਰੋਕਾਰ ਮੰਨਦੇ ਹਨ ਕਿ ਬੰਦਾ ਸਿੰਘ ਬਹਾਦਰ ਨੂੰ ਆਤਮ ਸਮਰਪਣ ਦੀ ਜੋ ਪੇਸ਼ਕਸ਼ ਹੋਈ ਉਹ ਉਸ ਦੇ ਨਾਲ ਦੇ ਜਰਨੈਲਾਂ ਨੇ ਤਾਂ ਕਬੂਲ ਕਰ ਲਈ ਪਰ ਬੰਦਾ ਸਿੰਘ ਬਹਾਦਰ ਨੇ ਜੋ ਸਿੱਖੀ ਸਿਦਕ ਨਿਭਾਉਣ ਲਈ ਤਸੀਹੇ ਝੱਲੇ ਉਹ ਰਾਜਪੂਤੀ ਖ਼ੂਨ ਦੀ ਉੱਚਤਾ ਦਾ ਪ੍ਰਮਾਣ ਸਾਰੇ ਜੱਗ ਅੱਗੇ ਪਰਗਟ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਪਿੱਛੋਂ ਜੋ ਰੋਲ ਧਿਆਨ ਸਿੰਘ, ਹੀਰਾ ਸਿੰਘ ਗੁਲਾਬ ਸਿੰਘ ਆਦਿ ਡੋਗਰਿਆਂ ਨੇ ਅਦਾ ਕੀਤਾ ਉਸ ਨਾਲ ਜੱਟਾਂ ਨੂੰ ਰਾਜਪੂਤਾਂ ਤੋਂ ਨਫ਼ਰਤ ਹੋਣੀ ਕੁਦਰਤੀ ਸੀ। ਜੇਕਰ ਨਿਰਪੱਖ ਅੱਖ ਨਾਲ ਦੇਖਿਆ ਜਾਵੇ ਤਾਂ ਇਹੋ ਜਿਹੇ ਸਿਆਸੀ ਚੱਕਰ ਤਾਂ ਉਸੇ ਜਾਤ ਵਾਲੇ ਵੀ ਚਲਾਂਦੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਪਿੱਛੋਂ ਮਹਾਰਾਜਾ ਪਟਿਆਲਾ ਅਤੇ ਫਰੀਦਕੋਟ ਨੇ ਖੁੱਲ੍ਹੇ ਆਮ ਅੰਗਰੇਜ਼ਾਂ ਦੀ ਮਦਦ ਖਾਲਸਾਈ ਫੌਜਾਂ ਵਿਰੁੱਧ ਕੀਤੀ। ਉਸੇ ਨਾਪ ਤੋਲ ਨਾਲ ਇਹ ਪਟਿਆਲਾ ਅਤੇ ਫਰੀਦਕੋਟ ਦੇ ਰਾਜੇ ਵੀ ਧਿਆਨ ਸਿੰਘ ਆਦਿ ਡੋਗਰਿਆਂ ਦੇ ਬਰਾਬਰ ਦੇ ਗੱਦਾਰ ਸਨ। ਪਰ ਜੱਟ ਹੋਣ ਕਰਕੇ ਇਹਨਾਂ ਦੀ ਗੱਦਾਰੀ ਜੱਟਾਂ ਨੂੰ ਐਨੀ ਨਹੀਂ ਚੁੱਭਦੀ। ਮਹਾਰਾਜਾ ਸ਼ੇਰ ਸਿੰਘ ਨੂੰ ਸ਼ਰੇਆਮ ਕਤਲ ਕਰਨ ਵਾਲੇ ਜੱਟ ਕਿਸ ਤਰ੍ਹਾਂ ਡੋਗਰਿਆਂ ਨਾਲੋਂ ਘੱਟ ਸਨ? ਜਿਥੇ ਅਸੀਂ ਤੁਰਕਾਂ ਨੂੰ ਨਫਰਤ ਕਰਦੇ ਹਾਂ ਜਿਨ੍ਹਾਂ ਸਿੰਘਾਂ 'ਤੇ ਅੱਤ ਦੇ ਜ਼ੁਲਮ ਕੀਤੇ ਉਥੇ ਅਸੀਂ ਪੀਰ ਬੁਧੂ ਸ਼ਾਹ, ਮਲੇਰਕੋਟਲੇ ਅਤੇ ਕੋਟਲਾ ਨਿਹੰਗ ਖਾਂ (ਨੇੜੇ ਰੋਪੜ) ਵਾਲਿਆਂ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਦੇ ਹਾਂ। ਇਸੇ ਤਰ੍ਹਾਂ ਜੋ ਰਾਜਪੂਤ ਸਿੱਖੀ ਵਿੱਚ ਪ੍ਰਵੇਸ਼ ਕਰ ਗਏ ਉਨ੍ਹਾਂ ਤੋਂ ਨਫ਼ਰਤ ਕਰਨੀ ਉਨ੍ਹਾਂ ਨਾਲ ਸਮਾਜਿਕ ਅਨਿਆ ਹੈ।

*1 ਸਿੱਖ ਰਾਜ ਵੇਲੇ ਜੱਟ ਰਾਜਪੂਤਾਂ 'ਤੇ ਛਾ ਗਏ। ਜੱਟ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਉੱਚਤਾ ਨੂੰ ਮੰਨਣ ਤੋਂ ਇਨਕਾਰੀ ਹੋ ਗਏ ਅਤੇ ਰਾਜਪੂਤਾਂ ਦੇ ਖਾਲਸਾ ਪੰਥ ਵਿੱਚ ਸ਼ਾਮਲ ਨਾ ਹੋਣ ਕਾਰਨ, ਉਨ੍ਹਾਂ ਨੂੰ ਹਰ ਤਰ੍ਹਾਂ ਤੰਗ ਅਤੇ ਪਰੇਸ਼ਾਨ ਕਰਦੇ ਅਤੇ ਨਾਂ ਦੇ ਨਾਲ ਜੱਟ ਗੋਤ ਲਿਖਣਾ ਘੁਮੰਡੀ ਰਾਜਪੂਤਾਂ ਨਾਲੋਂ ਚੰਗਾ ਸਮਝਦੇ।

*2 ਜਦੋਂ ਰਾਜ ਹੀ ਨਾ ਰਿਹਾ ਤਾਂ ਰਾਜਪੂਤ ਕਾਹਦੇ? ਤੇ ਰਾਜਪੂਤ ਡਿਗ ਕੇ ਜੱਟ ਬਣ ਗਏ।

*3 ਸੰਨ 1815 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿਆਲਕੋਟ ਵਿਖੇ ਆਪਣੀ ਫੌਜੀ ਸ਼ਕਤੀ ਦਿਖਾਉਣ ਲਈ ਸਾਰੇ ਰਾਜੇ ਅਤੇ ਜਗੀਰਦਾਰਾਂ ਨੂੰ ਸੱਦਿਆ।

---

*1 *A glossary of the Tribes and castes of Punjab Vol. II Page 364*

*2 *A glossary of the Tribes and castes of Punjab Vol. II Page 366*

*3 *A glossary of the Tribes and castes of Punjab Vol. II Page 93*

ਜਸਵਾਂ ਅਤੇ ਨੂਰਪੁਰ (ਕਾਂਗੜਾ ਨੇੜੇ) ਦੇ ਰਾਜਪੂਤ ਰਾਜੇ ਹਾਜ਼ਰ ਨਾ ਹੋਏ ਜਿਸ ਕਰ ਕੇ ਉਨ੍ਹਾਂ 'ਤੇ ਭਾਰੀ ਜੁਰਮਾਨੇ ਲਾਏ ਗਏ। ਜਸਵਾਂ ਦੇ ਰਾਜੇ ਨੇ ਚੁੱਪ ਕਰਕੇ 12000 ਰੁਪਏ ਦੀ ਜਗੀਰ ਸਵੀਕਾਰ ਕਰ ਕੇ ਆਪਣੀ ਰਿਆਸਤ ਛੱਡ ਦਿੱਤੀ। ਨੂਰਪੁਰ ਦੇ ਰਾਜਾ ਬੀਰ ਸਿੰਘ ਨੇ ਆਪਣੇ ਖਾਨਦਾਨ ਦੀਆਂ ਮੂਰਤੀਆਂ, ਸੋਨੇ ਚਾਂਦੀ ਦੇ ਬਰਤਨ ਤੇ ਹੋਰ ਕੀਮਤੀ ਸਾਮਾਨ ਗਹਿਣੇ ਰੱਖ ਕੇ ਵੀ ਇਹ ਜੁਰਮਾਨਾ ਅਦਾ ਕਰਨ ਦਾ ਯਤਨ ਕੀਤਾ ਪਰ ਉਹ ਇਤਨੀ ਭਾਰੀ ਰਕਮ ਦਾ ਪ੍ਰਬੰਧ ਨਾ ਕਰ ਸਕਿਆ। ਉਸ ਨੂੰ ਲਾਹੌਰ ਤੋਂ ਨੂਰਪੁਰ ਆਪਣੀ ਰਿਆਸਤ ਮਹਾਰਾਜਾ ਨੂੰ ਸੌਂਪਣ ਲਈ ਭੇਜਿਆ ਗਿਆ। ਉਸ ਨੂੰ ਜਗੀਰ ਦੀ ਪੇਸ਼ਕਸ਼ ਹੋਈ ਪਰ ਉਸ ਨੇ ਠੁਕਰਾ ਦਿੱਤੀ। 1846 ਵਿੱਚ ਸਭਰਾਵਾਂ ਵਿਖੇ ਸਿੱਖ ਫੌਜਾਂ ਦੀ ਹਾਰ ਤੋਂ ਬਾਅਦ ਉਸ ਨੇ ਥੋੜ੍ਹੀ ਫੌਜ ਇਕੱਠੀ ਕਰ ਕੇ ਨੂਰਪੁਰ 'ਤੇ ਹਮਲਾ ਕੀਤਾ ਪਰ ਆਪਣੇ ਕਿਲੇ ਲਾਗੇ ਮਾਰਿਆ ਗਿਆ। ਅੰਗਰੇਜ਼ ਸਰਕਾਰ ਨੇ ਉਸ ਦੀ ਔਲਾਦ ਨੂੰ ਇੱਕ ਛੋਟੀ ਜਿਹੀ ਜਗੀਰ ਨੂਰਪੁਰ ਲਾਗੇ ਦਿੱਤੀ।

*1 ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਦੇ ਪਹਾੜੀ ਰਾਜਪੂਤਾਂ ਦੀ ਦਿਲੋਂ ਲੱਗਦੀ ਹੀ ਰਹੀ। ਪਹਾੜੀਏ ਰਾਜਪੂਤ ਮਹਾਰਾਜਾ ਰਣਜੀਤ ਸਿੰਘ ਨੂੰ ਛੋਟੇ ਸਮਾਜਿਕ ਰੁਤਬੇ ਦਾ ਸਮਝ ਕੇ ਉਸ ਨੂੰ ਆਪਣੇ ਮਾਣ ਅਤੇ ਸਤਿਕਾਰ ਦਾ ਹੱਕਦਾਰ ਨਹੀਂ ਸਮਝਦੇ ਸਨ। ਰਣਜੀਤ ਸਿੰਘ ਪਹਾੜੀ ਰਾਜਪੂਤਾਂ ਦੇ ਰਾਜਪੂਤੀ ਘੁਮੰਡ ਨੂੰ ਅਤੇ ਉਨ੍ਹਾਂ ਦੀਆਂ ਸਦੀਆਂ ਪੁਰਾਣੀ ਹਕੂਮਤੀ ਤਰਜ਼ ਦੀ ਸਰਦਾਰੀ ਤੁੱਛ ਸਮਝਦਾ ਸੀ ਕਿਉਂਕਿ ਸਿੱਖ ਧਰਮ ਵਿੱਚ ਕਿਸੇ ਦੀ ਉੱਚੀ ਜਾਤ ਦਾ ਹੋਣਾ ਕੋਈ ਖਾਸ ਗੱਲ ਨਹੀਂ। ਕਾਂਗੜੇ ਦਾ ਰਾਜਾ ਸੰਸਾਰ ਚੰਦ ਵਿੱਚੋਂ ਵਿੱਚ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ। ਉਸ ਨੇ ਮੂਰਕਰਾਫਟ ਨਾਮੀ ਅੰਗਰੇਜ਼ ਯਾਤਰੀ ਨੂੰ ਦੱਸਿਆ ਕਿ ਜਦੋਂ ਵੀ ਉਹ ਰਣਜੀਤ ਸਿੰਘ ਦੇ ਸਾਲਾਨਾ ਦਰਬਾਰ ਵਿੱਚ ਜਾਂਦਾ ਹੈ ਤਾਂ ਉਸ ਨੂੰ ਇਹ ਡਰ ਹੁੰਦਾ ਹੈ ਕਿ ਰਣਜੀਤ ਸਿੰਘ ਉਸ ਨੂੰ ਗ੍ਰਿਫ਼ਤਾਰ ਨਾ ਕਰ ਲਵੇ।

ਸੰਨ 1815 ਵਿੱਚ ਰਾਜਾ ਸੰਸਾਰ ਚੰਦ ਤੋਂ ਬਾਅਦ ਅਨੀਰੁਧ ਸਿੰਘ ਕਾਂਗੜੇ ਦਾ ਰਾਜਾ ਬਣਿਆ ਤੇ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰਾਨਾ ਭੇਂਟ ਕਰਨ ਲਈ ਦੀਨਾ ਨਗਰ ਵਿਖੇ ਗਿਆ ਤਾਂ ਰਾਜਾ ਧਿਆਨ ਸਿੰਘ ਨੇ ਰਣਜੀਤ ਸਿੰਘ ਰਾਹੀਂ ਜ਼ੋਰ ਪਾਇਆ ਕਿ ਉਹ ਆਪਣੀ ਭੈਣ ਦੀ ਸ਼ਾਦੀ ਧਿਆਨ ਸਿੰਘ ਦੇ ਲੜਕੇ ਹੀਰਾ ਸਿੰਘ ਨਾਲ ਕਰ ਦੇਵੇ। ਰਣਜੀਤ ਸਿੰਘ ਦੇ ਰੋਅਬ ਕਾਰਨ ਅਨੀਰੁਧ, ਦੀਨਾਨਗਰ ਵਿਖੇ ਇਹ ਗੱਲ ਮੰਨ ਗਿਆ ਪਰ ਵਾਪਸ ਆ ਕੇ ਮੁੱਕਰ ਗਿਆ ਕਿ ਅਸੀਂ ਤਾਂ ਖਾਨਦਾਨੀ ਰਾਜੇ ਹਾਂ ਤੇ ਰਾਜਾ ਧਿਆਨ ਸਿੰਘ ਤਾਂ ਰਣਜੀਤ ਸਿੰਘ ਦਾ ਥਾਪਿਆ ਹੋਇਆ ਰਾਜਾ ਹੈ ਤੇ ਰਣਜੀਤ ਸਿੰਘ ਜਦੋਂ ਮਰਜ਼ੀ ਉਸ ਨੂੰ ਹਟਾ ਸਕਦਾ ਹੈ। ਅਨੂਰੁਧ ਆਪਣਾ ਸਭ ਕੀਮਤੀ ਸਾਮਾਨ ਅਤੇ ਆਪਣੇ ਟੱਬਰ ਸਮੇਤ ਕਾਂਗੜਾ ਛੱਡ ਕੇ ਅੰਗਰੇਜ਼ਾਂ ਦੀ ਸ਼ਰਨ ਵਿੱਚ ਚਲੇ

---

*1 *A Glossary of the Tribes and castes of Punjab Vol. I Page 693*

ਗਿਆ। ਕਾਂਗੜੇ ਦੇ ਕਟੋਚ ਰਾਜਪੂਤ ਮਹਾਂਭਾਰਤ ਦੇ ਸਮੇਂ ਤੋਂ ਰਾਜੇ ਚਲੇ ਆ ਰਹੇ ਸਨ।

*1 ਪਰ ਮੀਆਂ ਪਦਮ, ਇੱਕ ਗਿਰੇ ਹੋਏ ਪਠਾਨੀਆਂ ਰਾਜਪੂਤ ਨੇ ਆਪਣੀ ਲੜਕੀ ਹਾਰਾਜਾ ਰਣਜੀਤ ਸਿੰਘ ਨੂੰ ਦੇ ਦਿੱਤੀ ਤਾਂ ਉਸ ਦੇ ਭਰਾਵਾਂ ਤੇ ਸ਼ਰੀਕਾਂ ਨੇ ਰਣਜੀਤ ਸਿੰਘ ਦੇ ਕਿਸੇ ਕਿਸਮ ਦੇ ਭੈ ਤੋਂ ਨਿਡਰ ਹੋ ਕੇ, ਉਸ ਨੂੰ ਜੈਦੇਵਾ ਕਹਿਣਾ ਬੰਦ ਕਰ ਦਿੱਤਾ ਅਤੇ ਅੱਜ ਕੱਲ ਤੱਕ ਰਾਜਪੂਤ ਇਹਨਾਂ ਨੂੰ ਘਿਰਣਾ ਕਰਦੇ ਹਨ।"

ਜਿਸ ਤਰ੍ਹਾਂ ਤਰਖਾਣ ਦੇ ਪੁੱਤ ਨੂੰ ਲੱਕੜੀ ਦਾ ਕੰਮ ਦੀ ਜਾਂਚ ਦੂਜਿਆਂ ਨਾਲੋਂ ਸੁਚੱਜੇ ਤਰੀਕੇ ਨਾਲ ਆ ਜਾਂਦੀ ਹੈ। ਇਸੇ ਤਰ੍ਹਾਂ ਰਾਜਪੂਤ ਜੋ ਸਿੰਘ ਸੱਜਦੇ ਦੂਜੀਆਂ ਜਾਤਾਂ ਵਾਲਿਆਂ ਨਾਲੋਂ ਸਿੱਖ ਧਰਮ ਦੀ ਰੱਖਿਆ ਲਈ ਹੋਈਆਂ ਜੰਗਾਂ ਯੁੱਧਾਂ ਵਿੱਚ ਆਪਣੀ ਅਣਖ ਦਾ ਪ੍ਰਗਟਾਵਾ ਵੱਧ ਕੇ ਕਰਦੇ ਰਹੇ ਕਿਉਂਕਿ ਇਹ ਉਨ੍ਹਾਂ ਦੀ ਸਦੀਵੀ ਲੀਹ ਸੀ। ਬੰਦਾ ਸਿੰਘ ਬਹਾਦਰ ਨਾਲ ਨਾਂਦੜੇ (ਹਜ਼ੂਰ ਸਾਹਿਬ) ਤੋਂ ਜੋ ਸਿੰਘ ਗੁਰੂ ਗੋਬਿੰਦ ਸਿੰਘ ਨੇ ਪੰਜਾਬ ਵੱਲ ਭੇਜੇ ਉਨ੍ਹਾਂ ਵਿੱਚੋਂ ਚਾਰ ਤਕੜੇ ਨੌਜਵਾਨ ਪਿੰਡ ਪਧਿਆਣਾ ਦੇ ਸਨ। ਭਾਈ ਬਚਿੱਤਰ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਹੁੰਦਿਆ ਲਾਗਲੇ ਰਾਜਪੂਤਾਂ ਦੇ ਪਿੰਡਾਂ ਤੋਂ ਬਹੁਤੇ ਸਾਰੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਸੀ ਤੇ ਉਹ ਗੁਰੂ ਸਾਹਿਬ ਜੀ ਦੀ ਫੌਜ ਵਿੱਚ ਭਰਤੀ ਹੋ ਗਏ ਸਨ। ਉਨ੍ਹਾਂ ਸਮਿਆਂ ਵਿੱਚ ਜੰਗਾਂ ਯੁੱਧਾਂ ਵਿੱਚ ਕੇਵਲ ਰਾਜਪੂਤ ਹੀ ਜੂਝਦੇ ਸਨ। ਜੱਟ ਉਦੋਂ ਖੇਤੀਬਾੜੀ ਹੀ ਕਰਦੇ ਸਨ। ਯੁੱਧ ਕਲਾ ਵਿੱਚ ਪ੍ਰਵੀਨ ਬੰਦਿਆਂ ਦੇ ਹੋਣ ਕਾਰਨ, ਗੁਰੂ ਸਾਹਿਬ ਜੀ ਦੀ ਫੌਜ ਦੀ ਗਿਣਤੀ ਭਾਵੇਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਫੌਜ ਨਾਲੋਂ ਭਾਵੇਂ ਘੱਟ ਹੁੰਦੀ ਸੀ, ਜਿੱਤ ਹੁੰਦੀ ਰਹੀ। ਸਿੰਘਾਂ ਦਾ ਗੁਰੂ ਜੀ ਨਾਲ ਪ੍ਰੇਮ, ਸ਼ਰਧਾ, ਉਨ੍ਹਾਂ ਲਈ ਜਾਨਾਂ ਵਾਰਨ ਦਾ ਸ਼ੌਕ ਇੱਕ-ਇੱਕ ਸਿੰਘ ਸਵਾ ਸਵਾ ਲੱਖ ਨਾਲ ਲੜ ਸਕਦਾ ਹੈ ਤਾਂ ਹੀ ਤਾਂ ਕਿਹਾ ਸੀ।

*ਸਵਾ ਲਾਖ ਸੇ ਏਕ ਲੜਾਊਂ*
*ਚਿੜੀਓਂ ਸੇ ਮੈਂ ਬਾਜ਼ ਤੁੜਾਊਂ*
*ਤਬੇ ਗੋਬਿੰਦ ਸਿੰਘ ਨਾਮ ਅਖਾਊਂ*

ਸਮਾਣੇ, ਸਢੌਰੇ ਦੀ ਜਿੱਤ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਰਹੰਦ ਦਾ ਤੂੰਬਾ ਤੂੰਬਾ ਉਡਾਇਆ। ਉਸ ਯੁੱਧ ਵਿੱਚ ਪਧਿਆਣੇ ਦੇ ਪਹਾੜਾ ਸਿੰਘ ਵਗੈਰਾ ਮਿਨਹਾਸ ਸਿੰਘਾਂ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਚੱਪੜਚਿੜੀ ਦੀ ਜੰਗ ਵਿੱਚ ਭਾਈ ਉਦਯ ਸਿੰਘ ਦੇ ਦੋ ਪੁੱਤਰ ਭਾਈ ਮਹਿਬੂਬ ਸਿੰਘ ਅਤੇ ਫਤਹਿ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੇ ਪੁੱਤਰ ਸੰਗਰਾਮ ਸਿੰਘ ਨੇ ਸ਼ਹੀਦੀਆਂ ਪਾਈਆਂ। ਭਾਈ ਉਦਯ ਸਿੰਘ ਦੇ ਪੁੱਤਰ ਅਲਬੇਲ ਸਿੰਘ ਨੇ 22.6.1713 ਨੂੰ ਸਢੌਰਾ ਵਿਖੇ ਅਤੇ ਬਾਘ ਸਿੰਘ ਨੇ 28.12.1711 ਨੂੰ ਬਿਲਾਸਪੁਰ ਵਿਖੇ ਅਤੇ ਭਾਈ ਬਚਿੱਤਰ ਸਿੰਘ ਦੇ ਪੁੱਤਰ

---

*1 *Punjab Castes by Ibbetson Page 186*

ਰਾਮ ਸਿੰਘ ਨੇ 9.6.1716 ਨੂੰ ਦਿੱਲੀ ਵਿਖੇ ਸ਼ਹੀਦੀ ਜਾਮ ਪੀਤੇ। ਬੰਦਾ ਸਿੰਘ ਨੇ ਉਨ੍ਹਾਂ ਨੂੰ ਬਹਾਦਰਗੜ੍ਹ, ਜੋ ਫਤਹਿਗੜ੍ਹ ਸਾਹਿਬ ਤੋਂ ਨਾਲ ਹੀ ਹੈ ਜਗੀਰ ਵਜੋਂ ਬਖਸ਼ਿਆ। ਫੇਰ ਉਹ ਸਿੰਘ ਆਪਣੇ ਜੱਦੀ ਪਿੰਡ ਪਧਿਆਣੇ ਜ਼ਿਲ੍ਹਾ ਜਲੰਧਰ ਆਏ, ਉਨ੍ਹਾਂ ਕੋਲ ਵਧੀਆ ਘੋੜੇ ਅਤੇ ਹੋਰ ਵਧੀਆ ਸ਼ਸਤਰ ਸਨ। ਪਧਿਆਣੇ ਵਿੱਚ ਉਨ੍ਹਾਂ ਨੇ ਆਪਣੇ ਘੋੜਿਆਂ ਵਾਸਤੇ ਇੱਕ ਤਬੇਲਾ ਬਣਾਇਆ ਜਿਸ ਦੇ ਖੰਡਰਾਤ ਅਜੇ ਵੀ ਪਿੰਡ ਦੇ ਵਿਚਕਾਰ ਹਨ ਤੇ ਅਜੇ ਵੀ ਇਸ ਥਾਂ ਨੂੰ ਲੋਕ ਤਬੇਲਾ ਹੀ ਆਖਦੇ ਹਨ। ਇਸ ਤਬੇਲੇ ਵਿਚਲੇ ਖੂਹ ਵਿੱਚ ਇੱਕ ਪੱਥਰ 'ਤੇ ਉਕਰਿਆ ਹੋਇਆ ਹੈ "ਸੇਵਾ ਕਰਾਈ ਬਹਾਦਰਗੜ੍ਹੀਏ ਸਰਦਾਰਾਂ ਨੇ"

# ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼

ਸਿੰਘ ਸੱਜਣ ਪਿੱਛੋਂ ਹਰ ਸਿੰਘ ਲਈ ਆਪਣੀ ਜਾਤ, ਜਿਸ ਵਿੱਚ ਉਹ ਪੈਦਾ ਹੋਇਆ ਹੋਵੇ, ਭੁਲਾ ਕੇ ਆਪਣੇ ਆਪ ਨੂੰ ਖਾਲਸਾ ਸਮਝਣਾ ਚਾਹੀਦਾ ਹੈ। ਜੋ ਫੇਰ ਆਪਣੀ ਜਾਤ ਵੱਲ ਪਰਤਦੇ ਹਨ ਉਹ ਫੇਰ ਸ਼ੇਰ ਤੋਂ ਗਧੇ ਬਣਦੇ ਹਨ। ਇੱਕ ਵੇਰਾਂ ਭਾਈ ਊਦਯ ਸਿੰਘ ਜੀ ਨੇ ਇੱਕ ਸ਼ੇਰ ਦਾ ਅਨੰਦਪੁਰ ਸਾਹਿਬ ਲਾਗੇ ਸ਼ਿਕਾਰ ਕੀਤਾ। ਦਸਮ ਪਾਤਸ਼ਾਹ ਨੇ ਇਸ ਦੀ ਖੱਲ ਉਤਰਵਾ ਕੇ ਇੱਕ ਗਧੇ ਨੂੰ ਪੁਆ ਦਿੱਤੀ। ਇਹ ਵੀ ਚੋਜੀ ਪ੍ਰੀਤਮ ਦਾ ਇੱਕ ਚੋਜ ਸੀ। ਇਹ ਗਧਾ ਨਿਧੜਕ ਹੋ ਕੇ ਅਨੰਦਪੁਰ ਲਾਗੇ ਖੇਤਾਂ ਵਿੱਚ ਫਿਰਦਾ। ਲੋਕ ਇਸ ਤੋਂ ਡਰਦੇ ਨੇੜੇ ਨਾ ਜਾਣ। ਇੱਕ ਦਿਨ ਆਪਣੇ ਸਾਥੀ ਗਧਿਆਂ ਨੂੰ ਹਿਣਕਦਾ ਸੁਣ ਕੇ ਇਹ ਵੀ ਹਿਣਕਣ ਲੱਗ ਪਿਆ। ਇਸ ਦੇ ਅਸਲੀ ਮਾਲਕ ਨੇ ਫੜ ਕੇ ਗੂਣ ਲੱਦ ਦਿੱਤੀ ਤੇ ਫੇਰ ਇਹ ਆਪਣੀ ਪਹਿਲੀ ਥਾਂ 'ਤੇ ਆ ਗਿਆ। ਇਹ ਖੇਡ ਗੁਰੂ ਸਾਹਿਬ ਨੇ ਸਿੰਘਾਂ ਨੂੰ ਇਹ ਦੱਸਣ ਲਈ ਰਚਾਈ ਸੀ ਕਿ ਉਹ ਸਿੰਘ ਬਣਨ ਮਗਰੋਂ ਆਪਣੀ ਪਿਛਲੀ ਜਾਤ ਭੁਲ ਜਾਣ ਪਰ ਅਫਸੋਸ ਕਿ ਬਹੁਗਿਣਤੀ ਸਿੰਘਾਂ ਨੇ ਅਮਲੀ ਤੌਰ 'ਤੇ ਇਸ ਤਰ੍ਹਾਂ ਨਹੀਂ ਕੀਤਾ ਤੇ ਹੁਣ ਤੱਕ ਇਹ ਸਿਰਫ ਰਸਮੀ ਤੌਰ 'ਤੇ ਸਾਰੇ ਕਹੀ ਜਾਂਦੇ ਹਨ ਪਰ ਜਾਤ ਦਾ ਭੇਦ ਪੂਰੀ ਤਰ੍ਹਾਂ ਸਿੱਖ ਧਰਮ ਅੰਦਰ ਹੈ। ਹੋਣਾ ਨਹੀਂ ਚਾਹੀਦਾ ਪਰ ਹੈ। ਸੰਨ 1925 ਵਿੱਚ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਇੱਕ ਮਤੇ ਰਾਹੀ ਸਾਰੇ ਸਿੰਘਾਂ ਨੂੰ ਆਪਣੇ ਨਾਵਾਂ ਨਾਲ ਆਪਣੇ ਗੋਤ ਨਾ ਲਿਖਣੇ ਲਈ ਆਖਿਆ। ਗੋਤ ਲਿਖਣ ਦੀ ਥਾਂ ਫੇਰ ਪਿੰਡ ਦਾ ਨਾਂ ਲਿਖਣ ਲੱਗ ਪਏ ਜਿਵੇਂ ਜੀਵਨ ਸਿੰਘ ਉਮਰਾ ਨੰਗਲ, ਸੋਹਣ ਸਿੰਘ ਜਲਾਲ ਉਸਮਾਨ, ਪਰਤਾਪ ਸਿੰਘ ਕੈਰੋਂ, ਊਧਮ ਸਿੰਘ ਨਾਗੋਕੇ ਵਗੈਰਾ ਵਗੈਰਾ। ਉਮਰਾ ਨੰਗਲ, ਜਲਾਲ ਉਸਮਾਨ, ਕੈਰੋਂ, ਨਾਗੋਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਦੇ ਨਾਂ ਹਨ।

ਦਸਮ ਪਾਤਸ਼ਾਹ ਦੀ ਖਾਲਸਾ ਨੂੰ ਤਾਕੀਦ ਸੀ ਕਿ ਖਾਲਸਾ ਨਿਆਰਾ ਰਹੇ ਪਰ ਸਿੱਖ ਸਫਾਂ ਬ੍ਰਾਹਮਣਵਾਦ ਦੇ ਅਸਰ ਨੂੰ ਦੂਰ ਨਾ ਕਰ ਸਕੀਆ। ਸਿੱਖ-ਸੱਭਿਆਚਾਰ ਦੀ ਜੋ ਨਿਸ਼ਾਨਦੇਹੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ਉਹ ਕੁਝ ਸਿਆਣੇ ਸਿੰਘਾਂ ਨੇ ਰਹਿਤਨਾਮਿਆਂ ਵਿੱਚ ਕਲਮਬੰਦ ਕੀਤੀ ਉਸ ਨੂੰ ਪੰਥ ਵਿੱਚ ਪ੍ਰਚਲਤ ਕਰਨ ਦੇ ਉਪਰਾਲੇ ਪੰਥ ਵਿੱਚ ਹੋ ਹੀ ਨਾ ਸਕੇ। ਪਹਿਲਾਂ ਤਾਂ ਸਿੱਖਾਂ ਦਾ ਘਰ-ਘਾਟ ਹੀ ਘੋੜਿਆਂ ਦੀਆਂ ਕਾਠੀਆਂ ਸਨ ਤੇ ਫੇਰ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਸਥਾਪਤ ਕਰਨ ਵੱਲ ਹੀ ਧਿਆਨ ਕੇਂਦਰਤ ਰਿਹਾ। ਕਿਸੇ ਨੇ ਵੀ ਗੁਰੂ ਸਾਹਿਬ ਦਸਮੇਸ਼ ਪਿਤਾ ਜੀ ਦੇ ਹੁਕਮ ਕਿ ਖਾਲਸਾ ਬਣਨ ਤੋਂ ਬਾਅਦ ਸਭ ਦੀ ਜਾਤ ਇਕੋ ਹੈ ਨੂੰ ਲਾਗੂ ਨਾ ਕੀਤਾ ਤੇ ਹੁਣ ਤੱਕ ਵੀ ਸਿੱਖ ਇਸ ਜਾਤ-ਪਾਤ ਦੇ ਬੰਧਨ ਨੂੰ ਨਾ ਤੋੜ ਸਕੇ।

ਅੱਜ ਕੱਲ ਪੰਜਾਬ ਦੇ ਹਰ ਪਿੰਡ, ਹਰ ਲਿੰਕ ਸੜਕ 'ਤੇ ਤੁਹਾਨੂੰ ਛੋਟੇ ਛੋਟੇ ਬੋਰਡ ਦਿਸਦੇ ਹਨ ਜਿਸ 'ਤੇ ਲਿਖਿਆ ਹੁੰਦਾ ਹੈ ਜਠੇਰੇ ਮਠਾਰੂ, ਜਠੇਰੇ ਬੱਦਣ, ਜਠੇਰੇ ਭਟੋਆ, ਜਠੇਰੇ ਭੰਡਾਰੀ। ਇਹ ਬੋਰਡ ਪਿਛਲੇ ਦਸਾਂ ਕੁ ਸਾਲਾਂ ਵਿੱਚ ਬਰਸਾਤੀ ਖੁੰਬਾਂ ਵਾਂਗ ਉੱਗ ਆਏ ਹਨ। ਇਹ ਇੱਕ ਡੂੰਘੀ ਚਾਲ ਹੈ ਕਿ ਪੰਜਾਬ ਵਿੱਚ ਜਾਤ-ਪਾਤ ਦੇ ਭੂਤ ਨੂੰ ਜ਼ਿੰਦਾ ਰੱਖਿਆ ਜਾਵੇ। ਇਸ ਉੱਖੜੇ ਕਿੱਲ ਦੀ ਝੰਡ ਬਿਠਾਲਣ ਦੀ ਲੋੜ ਹੈ।

ਅਨੰਦਪੁਰ ਸਾਹਿਬ ਵਿਖੇ ਇੱਕ ਵਾਰ ਚੋਜੀ ਪ੍ਰੀਤਮ ਦੇ ਮਨ ਵਿੱਚ ਆਇਆ ਕਿ 100 ਮਣ ਲੋਹਾ, ਇੱਕ ਸੌ ਮਣ ਮਾਂਹ ਤੇ ਇੱਕ ਸੌ ਮਣ ਸਰੋਂ ਦਾ ਤੇਲ ਬ੍ਰਾਹਮਣਾਂ ਨੂੰ ਦਾਨ ਕੀਤਾ ਜਾਵੇ। ਬ੍ਰਾਹਮਣ ਤਾਂ ਗੁਰੂ ਜੀ ਤੋਂ ਨਾਰਾਜ਼ ਸਨ ਕਿ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਨੀਵੀਂਆਂ ਜਾਤਾਂ ਵਾਲਿਆਂ ਨੂੰ ਵੀ ਉਨ੍ਹਾਂ ਦੇ ਬਰਾਬਰ ਪੰਗਤ ਵਿੱਚ ਬਿਠਾ ਦਿੱਤਾ ਹੈ। ਗੁਰੂ ਸਾਹਿਬ ਵੱਲੋਂ ਭੇਜਿਆ ਦਾਨ ਵਾਪਸ ਕਰ ਦਿੱਤਾ। ਗੁਰੂ ਸਾਹਿਬ ਜੀ ਮੁਸਕਰਾਏ ਤੇ ਕਿਹਾ ਕਿ ਸਾਰਾ ਪਦਾਰਥ ਸਿੱਖ ਸੰਗਤ ਵਿੱਚ ਵੰਡ ਵੰਡਾ ਦਿੱਤਾ ਜਾਵੇ। ਸਿੱਖ ਸੰਗਤਾਂ ਨੇ ਧੰਨ ਭਾਗ ਜਾਣ ਕੇ ਪਰਵਾਨ ਕਰ ਲਿਆ। ਤਦ ਗੁਰੂ ਸਾਹਿਬ ਨੇ ਇਹਨਾਂ ਦੇ ਕੜੇ ਬਣਾ ਕੇ ਵੰਡ ਦੇਣ ਦੀ ਆਗਿਆ ਕੀਤੀ। ਤੇ ਨਾਲ ਹੀ ਬਚਨ ਕੀਤਾ ਕਿ ਐਸੇ ਬ੍ਰਾਹਮਣਾਂ ਨੇ ਗੁਰੂ ਨੂੰ ਛੱਡਿਆ ਤੇ ਗੁਰੂ ਨੇ ਅੱਜ ਤੋਂ ਇਹਨਾਂ ਨੂੰ ਛੱਡਿਆ ਹੈ।

*ਤਿਨ ਗੁਰੂ ਛੋਡਾ, ਸੋ ਗੁਰ ਛੋੜੇ। ਗੋੜਾਂ ਤੇ ਹੋਇ ਗੌੜ ਸੁ ਰੋੜੇ।*
*ਸਕਲ ਸਨੂੜੀ ਭਏ ਪਹੂੜੀ। ਜੇ ਗੁਰ ਨਿੰਦਾ ਕਰ ਹੈਂ ਕੂੜੀ।*

***(ਰ੩੫ ਅੰਸੂ੯)***

ਭਾਵ ਉਨ੍ਹਾਂ ਗੁਰੂ ਛੱਡਿਆ ਤੇ ਗੁਰੂ ਨੇ ਉਹ ਛੱਡ ਦਿੱਤੇ ਜੋ ਗੌੜਾਂ ਤੋਂ (ਹੋਛੇਪਨ ਕਰ ਕੇ) ਰੋੜਾਂ ਵਾਂਗੂੰ ਛਣਨਦੇ ਨਿਕੋਸੇ ਹੋ ਜਾਣਗੇ।

ਤਿਵੇਂ ਹੀ ਸ਼ਰੀਕ ਸੋਢੀਆਂ ਪ੍ਰਥਾਏ ਕਿਹਾ ਸੀ। ਸੰਗਤ ਵਿੱਚ ਬੈਠੇ ਸਾਰਸੁਤ ਬ੍ਰਾਹਮਣਾਂ ਨੇ ਭੁਲ ਬਖਸ਼ਾ ਲਈ, ਸੋਢੀਆਂ ਵੀ ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਅਸੀਂ ਤਾਂ ਆਪ ਜੀ ਦੇ ਤਾਬਿਆਦਾਰ ਹਾਂ ਭਾਵੇਂ ਅਜੇ ਅੰਮ੍ਰਿਤ ਨਹੀਂ ਛਕਿਆ। ਛਕ ਲਵਾਂਗੇ ਤਾਂ ਗੁਰੂ ਜੀ ਨੇ ਫਰਮਾਇਆ।

*ਮੇਰੀ ਗੁਰਿਆਈ, ਜਿਨ ਕੇ ਮਨ ਭਾਈ, ਵਧਹੁ ਕੁਲ ਤਾਹਿਕਾ।*
*ਮੱਮ ਪੰਥ ਕੇ ਨਾਹੇਕਾ। ਮਾਨਹਿ ਮੁੱਝ ਸਮਾਨ ਬਸੀਅਹੁ ਮੱਮ ਧਾਮ।*

***(ਰਿ੩੫)***

ਭਾਵ ਜਿਨ੍ਹਾਂ ਨੂੰ ਗੁਰੂ ਜੀ ਦੀ ਗੁਰਿਆਈ ਚੰਗੀ ਲੱਗੇਗੀ ਉਨ੍ਹਾਂ ਦੀਆਂ ਕੁੱਲਾਂ ਵਿੱਚ ਵਾਧਾ ਹੋਵੇਗਾ। ਮੇਰਾ ਪੰਥ ਦੇ ਮਾਲਕ ਦਾ ਕਿਹਾ ਮਨ ਕੇ ਜੋ ਪੰਥ ਨੂੰ ਮੇਰੇ ਸਮਾਨ ਜਾਣੇਗਾ ਉਹ ਮੇਰੇ ਪਰਮ ਧਾਮ ਨੂੰ ਪ੍ਰਾਪਤ ਹੋਵੇਗਾ। ਕਿਉਂਕਿ ਪੰਥ ਨੂੰ ਮੈਂ ਬਹੁਤ ਕੁਝ ਦਿੱਤਾ ਹੈ ਤੇ ਇਹਨਾਂ ਨੇ ਮੇਰੇ ਹੋ ਕੇ ਬਹੁਤ ਕੁਝ ਲਿਆ ਹੈ। ਗੁਰੂ ਜੀ ਨੇ ਫਰਮਾਇਆ ਕਿ

ਖਾਲਸੇ ਨੂੰ ਇਹ ਕੁਝ ਦਿੱਤਾ ਹੈ:-

ਸ੍ਰੀ ਮੁਖਵਾਕ-ਅਮੀਰੀ, ਵਜ਼ੀਰੀ, ਫਕੀਰੀ, ਤਤਬੀਰੀ, ਜੋਹੀਰੀ, ਅਕਲਗੀਰੀ, ਦਾਨ ਦੀ ਦਹੀਰੀ, ਬੰਦੂਕ ਤਰਗਸ-ਗੀਰੀ (ਰ੩੫ ਅੰਸ਼ੂ੯)

ਸੋ ਧੰਨ ਹਨ ਉਹ ਰਾਜਪੂਤ ਜਿਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਬਣ ਕੇ ਪਹਾੜੀ ਰਾਜਪੂਤਾਂ ਦੇ ਮੁਕਾਬਲੇ ਤੇ ਗੁਰੂ ਸਾਹਿਬ ਦੇ ਬਚਨਾ ਅਨੁਸਾਰ ਅਮੀਰੀ, ਵਜ਼ੀਰੀ ਆਦਿ ਪ੍ਰਾਪਤ ਕਰ ਕੇ ਸਾਰੇ ਪੰਜਾਬ ਤੋਂ ਆਰਥਿਕ ਤੌਰ 'ਤੇ ਅੱਗੇ ਨਿਕਲ ਗਏ। ਸੰਨ 1909 ਵਿੱਚ ਪਹਿਲਾ ਰਾਜਪੂਤ ਦੁਆਬਾ ਹਾਈ ਸਕੂਲ ਨਡਾਲੋਂ, ਫੇਰ 1911 ਵਿੱਚ ਖਾਲਸਾ ਹਾਈ ਸਕੂਲ ਕਾਲਰਾ ਅਤੇ ਖਾਲਸਾ ਹਾਈ ਸਕੂਲ ਬੱਡੋਂ, ਖਾਲਸਾ ਹਾਈ ਸਕੂਲ ਪਾਲਦੀ ਬਣੇ। ਬਾਕੀ ਜਾਤਾਂ ਵਾਲੇ ਆਪਣੇ ਪਿੰਡਾਂ ਵਿੱਚ ਸਕੂਲ ਬਣਾਉਣ ਵਿੱਚ ਰਾਜਪੂਤਾਂ ਨਾਲੋਂ ਬਹੁਤ ਪਿੱਛੇ ਰਹਿ ਗਏ ਤੇ ਉਸ ਤੋਂ ਬਾਅਦ ਨਵ ਭਾਰਤ ਕਾਲਜ ਪਾਂਛਟਾ, ਖਾਲਸਾ ਕਾਲਜ ਡਰੋਲੀ ਕਲਾਂ ਬਣੇ ਜਿਸ ਨਾਲ ਗਰੀਬ ਘਰਾਂ ਦੇ ਮੁੰਡੇ ਕੁੜੀਆਂ ਵੀ ਉੱਚੀ ਵਿੱਦਿਆ ਪ੍ਰਾਪਤ ਕਰਕੇ ਅਪਣਾ ਜੀਵਨ ਪੱਧਰ ਉੱਚਾ ਕਰ ਰਹੇ ਹਨ। ਕਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਅਤੇ ਜਰਮਨੀ ਵਿੱਚ ਵੀ ਸਿੱਖ ਰਾਜਪੂਤ ਪਹਿਲਾਂ ਪਹੁੰਚੇ ਅਤੇ ਆਧੁਨਿਕ ਸਾਇੰਸ ਟੈਕਨੋਲੋਜੀ ਤੇ ਹਰ ਅਗਾਂਹਵਧੂ ਪੇਸ਼ੇ ਵਿੱਚ ਨਾਮਣਾ ਖੱਟਿਆ। ਹੁਣ ਵੀ ਪੰਜਾਬ ਵਿੱਚ ਜਿੰਨੀ ਕੁ ਆਬਾਦੀ ਸਿੱਖ ਰਾਜਪੂਤਾਂ ਦੀ ਹੈ ਉਸ ਦੇ ਅਨੁਪਾਤ ਨਾਲੋਂ ਕਿਤੇ ਵੱਧ ਇਹ ਵਿਦੇਸ਼ਾਂ ਵਿੱਚ ਹਨ ਤੇ ਆਪਣੇ ਜੱਦੀ ਪਿੰਡਾਂ ਨੂੰ ਸਵਾਰਨ ਵੱਲ ਪੂਰਾ ਧਿਆਨ ਦੇ ਰਹੇ ਹਨ। ਪਾਲਦੀ ਵਾਲੇ ਸ. ਮਈਆ ਸਿੰਘ ਨੇ ਬੀ.ਸੀ. ਕਨੇਡਾ ਵਿੱਚ ਪਾਲਦੀ ਨਾਮ ਦਾ ਪਿੰਡ ਵਸਾਇਆ। ਆਪਣੇ ਪਿੰਡ ਆ ਕੇ ਆਪਣੇ ਖਰਚ 'ਤੇ ਸਰਕਾਰੀ ਹਸਪਤਾਲ ਬਣਵਾਇਆ ਜਿਸ ਦੀ ਤਾਰੀਫ ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਬਹੁਤ ਕੀਤੀ। ਸ. ਮਈਆ ਸਿੰਘ ਨੇ 1948 ਵਿੱਚ ਖਾਲਸਾ ਕਾਲਜ ਮਾਹਿਲਪੁਰ ਨੂੰ ਇੱਕ ਲੱਖ ਰੁਪਏ ਦਾਨ ਦਿੱਤਾ। ਜਿਹੜਾ ਕਿ ਅੱਜ ਕੱਲ ਦੇ ਇੱਕ ਕਰੋੜ ਦੇ ਬਰਾਬਰ ਬਣਦਾ ਹੈ। ਉਹਨਾਂ ਪਾਂਛਟਾ ਪਿੰਡ ਦੇ ਸਕੂਲ ਵੀ ਕਾਫੀ ਰਕਮ ਦਾਨ ਦਿੱਤੀ।

ਦਸਮ ਪਾਤਸ਼ਾਹ ਦੇ ਵੇਲੇ ਜਦੋਂ ਲਾਹੌਰ ਅੰਮ੍ਰਿਤਸਰ ਗੁਰਦਾਸਪੁਰ ਜ਼ਿਲ੍ਹਿਆਂ ਵੱਲੋਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਂਦੀਆਂ ਤਾਂ ਦੁਆਬੇ ਦੇ ਸਿੱਖ ਰਾਜਪੂਤ ਬੜੇ ਆਦਰ ਭਾਵ ਨਾਲ ਉਨ੍ਹਾਂ ਨੂੰ ਰਾਤ ਠਹਿਰਨ ਲਈ ਜਗ੍ਹਾ ਦਿੰਦੇ ਅਤੇ ਲੰਗਰ ਪਾਣੀ ਦੀ ਸੇਵਾ ਕਰਕੇ ਖੁਸ਼ ਹੁੰਦੇ। ਉਨ੍ਹਾਂ ਦਿਨਾਂ ਵਿੱਚ ਪੱਕੀਆਂ ਸੜਕਾਂ ਨਹੀਂ ਸਨ ਤੇ ਲੋਕੀਂ ਜਾਂ ਘੋੜਿਆਂ 'ਤੇ ਸਫਰ ਕਰਦੇ ਜਾਂ ਪੈਦਲ। ਵੀਹ ਕੁ ਮੀਲ ਬਾਅਦ ਰੁਕਣਾ ਜ਼ਰੂਰੀ ਹੁੰਦਾ ਸੀ ਤੇ ਦੁਆਬੇ ਦੇ ਸਿੱਖ ਰਾਜਪੂਤ ਗੁਰੂ ਸਾਹਿਬ ਦੇ ਦਰਸ਼ਨਾ ਨੂੰ ਅਨੰਦਪੁਰ ਜਾਂਦੀਆਂ ਸੰਗਤਾਂ ਦੀ ਸੇਵਾ ਖੁੱਲ੍ਹੇ ਦਿਲ ਨਾਲ ਕਰਦੇ ਤੇ ਸ਼ਾਇਦ ਇਸੇ ਦਾ ਫਲ ਸਿੰਘ ਬਣੇ

ਰਾਜਪੂਤਾਂ ਵਿੱਚੋਂ ਜੋ ਸਿੰਘ ਸਜਣ ਤੋਂ ਪਿੱਛੇ ਰਹੇ ਉਹ ਆਰਥਿਕ ਅਤੇ ਸਮਾਜਿਕ ਪੱਖੋਂ ਸਿੰਘ ਸਜੇ ਰਾਜਪੂਤਾਂ ਨਾਲੋਂ ਪਿੱਛੇ ਰਹਿ ਗਏ। ਭਾਰਤ ਦੇ ਸੂਬਿਆਂ ਵਿੱਚੋਂ ਪੰਜਾਬ ਆਰਥਿਕ ਪੱਖੋਂ ਤਾਂ ਅੱਗੇ ਹੈ ਹੀ, ਸਿਹਤ, ਰਹਿਣ-ਸਹਿਣ, ਖੇਡਾਂ, ਸੰਗੀਤ ਬਲਕਿ ਹਰ ਮੈਦਾਨ ਵਿੱਚ ਅੱਗੇ ਹੈ। ਇਹ ਸਭ ਕੁਝ ਖਾਲਸਾ ਸਜਣ ਕਰਕੇ ਹੈ। ਇਸ ਘਾਟ ਨੂੰ ਮਹਿਸੂਸ ਕਰਦੇ ਹੋਏ ਇਹਨਾਂ ਪਿੰਡਾਂ ਨਡਾਲੋਂ, ਬਿੰਜੋਂ, ਰਾਮਪੁਰ, ਰੀਹਲੇ, ਭਾਮ ਆਦਿ ਦੇ ਰਾਜਪੂਤਾਂ ਵੀ ਸਿੱਖ ਧਰਮ ਆਪਣਾ ਲਿਆ। ਅੰਗਰੇਜ਼ ਸਰਕਾਰ ਵੱਲੋਂ ਫੌਜ ਵਿੱਚ ਭਰਤੀ ਲਈ ਸਿੱਖ ਰਾਜਪੂਤਾਂ ਨੂੰ ਸਭ ਤੋਂ ਪਹਿਲ ਮਿਲਦੀ ਸੀ ਜਿਸ ਕਰਕੇ ਹਿੰਦੂ ਰਾਜਪੂਤਾਂ ਨੇ ਵੀ ਕੇਸ ਰੱਖ ਲਏ ਤੇ ਆਪਣੇ ਨਾਮ ਪਿੱਛੇ ਸਿੰਘ ਲਿਖਣ ਲੱਗ ਪਏ।

ਹਿੰਦੂ ਰੀਤੀਆਂ ਇਹਨਾਂ ਪਿੰਡਾਂ ਵਿੱਚੋਂ ਖਤਮ ਹੋ ਚੁੱਕੀਆਂ ਹਨ। ਸਾਰੇ ਵਿਆਹ (ਅਨੰਦ ਕਾਰਜ) ਸ੍ਰੀ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿੱਚ ਹੁੰਦੇ ਹਨ। ਸਭ ਪਿੰਡਾਂ ਵਿੱਚ ਗੁਰਦਵਾਰੇ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਤੋਂ ਨਿਕਲੀਆਂ ਸਭ ਬਖਸ਼ਿਸ਼ਾਂ-ਅਮੀਰੀ, ਵਜ਼ੀਰੀ, ਫਕੀਰੀ, ਤਤਬੀਰੀ, ਜੋਹੀਰੀ, ਅਕਲਗੀਰੀ, ਦਾਨ ਦੀ ਗਹੀਰੀ, ਬੰਦੂਕ ਤਰਗਸਗੀਰੀ ਇਹਨਾਂ ਰਾਜਪੂਤ ਵਸੋਂ ਵਾਲੇ ਪਿੰਡਾਂ ਨੂੰ ਪ੍ਰਾਪਤ ਹਨ ਤੇ ਇਹ ਲੋਕ ਇਹਨਾਂ ਬਖਸ਼ਿਸ਼ਾਂ ਲਈ ਗੁਰੂ ਘਰ ਨਾਲ ਪਿਆਰ ਕਰ ਕੇ ਧੰਨਵਾਦ ਕਰਦੇ ਹਨ। ਸਿੱਖੀ ਖਿਆਲਾਂ ਦੇ ਹੋਣ ਕਰਕੇ ਸਿਆਸੀ ਤੌਰ 'ਤੇ ਅਕਾਲੀ ਦਲ ਦਾ ਸਾਥ ਦਿੰਦੇ ਹਨ ਅਤੇ ਪਿਛਲੇ ਅਕਾਲੀ ਮੋਰਚਿਆਂ ਵਿੱਚ ਪੂਰਾ ਯੋਗਦਾਨ ਪਾਇਆ ਹੈ। ਪੰਜਾਬ ਵਿੱਚ ਲਗਭਗ 12000 ਪਿੰਡ ਹਨ ਤੇ ਸਿੱਖ ਰਾਜਪੂਤਾਂ ਦੀ ਆਬਾਦੀ ਵਾਲੇ ਕੇਵਲ ਇੱਕ ਸੌ ਦੇ ਕਰੀਬ ਪਿੰਡ ਹਨ। ਭਾਵ ਕਿ 1% ਤੋਂ ਵੀ ਘੱਟ। ਕਿਸੇ ਵੀ ਤਰ੍ਹਾਂ ਸਿੱਖ ਧਰਮ ਲਈ ਕੁਰਬਾਨੀ ਦੇ ਅੰਕੜੇ ਇਕੱਠੇ ਕਰ ਲਏ ਜਾਣ, ਰਾਜਪੂਤਾਂ ਦਾ ਯੋਗਦਾਨ ਹੋਰ ਕੌਮਾਂ ਤੋਂ ਵੱਧ ਹੀ ਹੋਵੇਗਾ। ਸਿਆਸੀ ਤੌਰ 'ਤੇ ਪਿੱਛੇ ਰਹਿਣ ਦਾ ਕਾਰਣ ਹੈ ਰਾਜਪੂਤ ਸਿੱਖ ਵਸੋਂ ਵਾਲੇ ਪਿੰਡਾਂ ਦਾ ਤਿੰਨ ਚਾਰ ਅਸੈਂਬਲੀ ਹਲਕਿਆਂ ਵਿੱਚ ਵੰਡਿਆ ਜਾਣਾ। ਕੁਝ ਪਿੰਡ ਜਲੰਧਰ ਛਾਉਨੀ, ਆਦਮਪੁਰ, ਫਗਵਾੜਾ ਅਤੇ ਮਾਹਿਲਪੁਰ ਹਲਕਿਆਂ ਵਿੱਚ ਹਨ। ਫਗਵਾੜਾ ਅਤੇ ਮਾਹਿਲਪੁਰ ਅਤੇ ਆਦਮਪੁਰ ਰਿਜ਼ਰਵ ਹਲਕੇ ਹਨ ਜਿਨ੍ਹਾਂ ਤੋਂ ਰਾਜਪੂਤ ਵਿਧਾਨ ਸਭਾ ਦੀ ਚੋਣ ਲੜ ਹੀ ਨਹੀਂ ਸਕਦੇ।

# ਬੰਦਾ ਸਿੰਘ ਬਹਾਦਰ ਦਾ ਸਮਾਂ

ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਬੰਦਾ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਇੱਕ ਛੋਟੇ ਜਿਹੇ ਜੱਥੇ ਨਾਲ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਕਸੂਰਵਾਰ ਵਜ਼ੀਰ ਖਾਂ ਸਰਹਿੰਦ ਅਤੇ ਪਹਾੜੀ ਰਾਜਿਆਂ ਨੂੰ ਯੋਗ ਸਜ਼ਾਵਾਂ ਦੇਣ ਲਈ ਭੇਜਿਆ ਸੀ। ਇਸ ਜੱਥੇ ਵਿੱਚ ਕੁੱਝ ਸਿੰਘ ਦੁਆਬੇ ਦੇ ਰਾਜਪੂਤ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਸਮੇਂ ਭਾਈ ਉਦਯ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੇ ਬਾਰੇ ਅੱਗੇ ਵਿਸਥਾਰਪੂਰਵਕ ਲਿਖਿਆ ਹੈ। ਬੰਦਾ ਸਿੰਘ ਬਹਾਦਰ ਦਾ ਪੰਜਾਬ ਆਉਣਾ, ਅਣਖੀਲੇ ਸਿੰਘਾਂ ਲਈ ਅਪਣੀ ਅਣਖ ਦਿਖਾਉਣ ਦਾ ਇੱਕ ਮੌਕਾ ਸੀ। ਉਸ ਸਮੇਂ ਬੰਦਾ ਸਿੰਘ ਕੋਈ ਰਾਜਾ ਨਹੀਂ ਸੀ ਜੋ ਫੌਜ ਇਕੱਤਰ ਕਰਨ ਲਈ ਤਨਖਾਹਾਂ ਜਾਂ ਜਗੀਰਾਂ ਦੇ ਸਕਦਾ ਸੀ। ਉਸ ਦੀ ਫੌਜ ਵਿੱਚ ਕੌਮੀ ਅਣਖ ਲਈ ਜੂਝਣ ਵਾਲੇ ਪਰਵਾਨੇ ਹੀ ਸਨ। ਮੁਗਲ ਤਾਕਤ ਵਿਰੁੱਧ ਹਥਿਆਰ ਚੁੱਕਣ ਦਾ ਹੌਂਸਲਾ ਕੋਈ ਜਿਗਰੇ ਵਾਲੇ ਹੀ ਕਰ ਸਕਦੇ ਸਨ। ਗੁਰਭਜਨ ਸਿੰਘ ਲਾਇਲਪੁਰੀ (ਸਿੱਖ ਵਿਚਾਰ ਮੰਚ) ਮਾਸਿਕ ਸਿੱਖ ਵਿਰਸਾ ਕੈਲਗਰੀ (ਕਨੇਡਾ) ਸਤੰਬਰ 2002 ਵਿੱਚ ਲਿਖਦੇ ਹਨ ਕਿ ਭਾਈ ਉਦਯ ਸਿੰਘ ਅਤ ਬਚਿੱਤਰ ਸਿੰਘ ਦੇ ਪੁੱਤਰ ਬੰਦਾ ਸਿੰਘ ਵੱਲੋਂ ਮੁਗਲਾਂ ਨਾਲ ਡਟ ਕੇ ਲੜੇ ਅਤੇ ਸ਼ਹੀਦੀ ਜਾਮ ਪੀ ਕੇ ਕੌਮ ਦਾ ਸਿਰ ਉੱਚਾ ਕੀਤਾ। ਇਹਨਾਂ ਦਾ ਨਾਮ ਅਤੇ ਸ਼ਹੀਦੀਆਂ ਦੀਆਂ ਮਿਤੀਆਂ ਦਾ ਵੇਰਵਾ ਇਸ ਤਰ੍ਹਾਂ ਹੈ।

**ਭਾਈ ਉਦਯ ਦੇ ਸਪੁੱਤਰ**

ਮਹਿਬੂਬ ਸਿੰਘ ਮਿਤੀ 13.5.1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ
ਫਤਹਿ ਸਿੰਘ ਮਿਤੀ 13-5-1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ
ਅਲਬੇਲ ਸਿੰਘ ਮਿਤੀ 22-6-1713 ਨੂੰ ਸਢੌਰਾ ਵਿਖੇ
ਬਾਘ ਸਿੰਘ ਮਿਤੀ 28-12-1711 ਨੂੰ ਬਿਲਾਸਪੁਰ ਵਿਖੇ

**ਭਾਈ ਬਚਿੱਤਰ ਸਿੰਘ ਦੇ ਸਪੁੱਤਰ**

ਸੰਗਰਾਮ ਸਿੰਘ ਮਿਤੀ 13.5.1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ
ਰਾਮ ਸਿੰਘ ਮਿਤੀ 9-6-1716 ਨੂੰ ਦਿੱਲੀ ਵਿਖੇ

* ਇਹਨਾਂ ਤੋਂ ਇਲਾਵਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਵਾਲਿਆਂ ਵਿੱਚ ਦੁਆਬੇ ਦੇ ਹੇਠ ਲਿਖੇ ਰਾਜਪੂਤਾਂ ਦਾ ਨਾਮ ਵਰਨਣ ਯੋਗ ਹੈ:-

ਰਾਮ ਸਿੰਘ ਮੰਝ, ਗੁਰਸਹਾਏ ਸਿੰਘ ਭੱਟੀ, ਕੰਵਰ ਸਿੰਘ ਉੱਮਤ ਪਰਮਾਰ, ਧਰਮ

---

* *ਸਾਡਾ ਪਿਛੋਕੜ-ਮੋਹਣ ਸਿੰਘ ਮਿਨਹਾਸ*

ਸਿੰਘ ਮਿਨਹਾਸ, ਸੰਗਤ ਸਿੰਘ ਮਿਨਹਾਸ, ਖੜਕ ਸਿੰਘ ਮਿਨਹਾਸ, ਕਰਿਸਤਾਨ ਸਿੰਘ ਮਿਨਹਾਸ, ਬੁੱਧ ਸਿੰਘ ਉੱਮਤ ਪਰਮਾਰ, ਦਸੌਂਧਾ ਸਿੰਘ ਉੱਮਤ ਪਰਮਾਰ, ਜੀਵਨ ਸਿੰਘ ਉੱਮਤ ਪਰਮਾਰ, ਪੰਜਾਬ ਸਿੰਘ ਉੱਮਤ ਪਰਮਾਰ, ਮਹਿਬੂਬ ਚੰਦ ਜਸਵਾਲ, ਹਰਿਗੋਪਾਲ ਚੌਹਾਨ।

ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜਪੂਤਾਂ ਦੀਆਂ ਕੁਰਬਾਨੀਆਂ ਦੀ ਕਦਰ ਕਰਦੇ ਹੋਏ ਉਨ੍ਹਾਂ ਨੂੰ ਜੋ ਜਗੀਰਾਂ ਦਿੱਤੀਆਂ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਮਿਨਹਾਸ-ਬਹਾਦਰਗੜ੍ਹ, ਸੰਗਤਪੁਰ, ਪੰਜੇਟਾ,ਜੀਵਨਵਾਲ, ਖਨਿਆਣ ਮਾਜਰੀ, ਸਪੇਦੋਂ

ਚੌਹਾਨ-ਸੰਗਤਪੁਰ, ਕੋਟ ਈਸੇ ਖਾਂ

ਰਾਠੌਰ-ਭਾਈ ਕੀ ਸਮਾਧ

ਸਰੋਆ-ਜੀਵਨਵਾਲ

ਉੱਮਤ ਪਰਮਾਰ-ਬਾਗੜੀਆਂ, ਜੀਵਨਵਾਲ

ਜਸਵਾਲ-ਦਿਆਲਪੁਰ

ਜੰਜੂਆ-ਮਾਜਰੀ (ਨੇੜੇ ਖੰਨਾ)

ਬਿਊਟ-ਕੋਟਕਪੂਰਾ, ਭਾਈ ਕੀ ਸਮਾਧ, ਰਣੀਆਂ।

ਅੱਜ ਤੱਕ ਇਹਨਾਂ ਪਿੰਡਾਂ ਵਿੱਚ ਉਸ ਸਮੇਂ ਦੇ ਵਸਾਏ ਲੋਕਾਂ ਦੀ ਔਲਾਦ ਵਸ ਰਹੀ ਹੈ।

# ਸਿੱਖ ਮਿਸਲਾਂ ਦਾ ਸਮਾਂ

ਮੁਗਲ ਰਾਜ ਦੀ ਕਮਜ਼ੋਰੀ ਤੋਂ ਬਾਅਦ ਪੰਜਾਬ ਵਿੱਚ ਸਿੱਖ ਮਿਸਲਾਂ ਦਾ ਰਾਜ ਹੋ ਗਿਆ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਖਤਮ ਕਰ ਕੇ ਇੱਕ ਸ਼ਕਤੀਸ਼ਾਲੀ ਸਿੱਖ ਰਾਜ ਕਾਇਮ ਕੀਤਾ। ਮਿਸਲਾਂ ਦੇ ਵੇਲੇ ਦੁਆਬੇ ਦੇ ਸਿੱਖ ਰਾਜਪੂਤਾਂ ਦੇ ਪਿੰਡ ਸਰਦਾਰ ਬਘੇਲ ਸਿੰਘ ਦੀ ਮਿਸਲ ਕਰੋੜਸਿੰਘੀਆਂ ਦੇ ਅਧੀਨ ਸਨ।

*1 ਸਰਦਾਰ ਬਘੇਲ ਸਿੰਘ ਨੇ ਜਦੋਂ ਅੰਮ੍ਰਿਤਪਾਨ ਕੀਤਾ ਤਾਂ ਪਿੰਡ ਬੱਡੋਂ ਦਾ ਅੱਧਾ ਮਾਮਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂ ਕਰ ਦਿੱਤਾ। ਸਰਦਾਰ ਬਘੇਲ ਸਿੰਘ ਦੀ ਮਿਸਲ ਵਿੱਚ ਬਹੁਤੇ ਲੜਾਕੂ ਸਿੱਖ ਰਾਜਪੂਤ ਸਨ ਖਾਸ ਤੌਰ 'ਤੇ ਚੁਖਿਆਰਾ ਪਿੰਡ ਦੇ ਤਿੰਨ ਸਕੇ ਭਰਾ ਜੀਵਨ ਸਿੰਘ, ਕਰਮ ਸਿੰਘ ਅਤੇ ਭਾਗ ਸਿੰਘ ਸਨ। ਬਘੇਲ ਸਿੰਘ ਨੇ ਜਦੋਂ ਸੰਮਤ 1847 ਵਿੱਚ ਦਿੱਲੀ ਫਤਹਿ ਕੀਤੀ ਤਾਂ ਜੀਵਨ ਸਿੰਘ ਉਸ ਦੀ ਫੌਜ ਦਾ ਮੁਖੀ ਸੀ।

*2 ਅਖਤਰ ਲੋਨੀ ਨਾਮੀ ਇੱਕ ਅੰਗਰੇਜ਼ ਨੇ ਦਿੱਲੀ 'ਤੇ ਕਬਜ਼ਾ ਕਰਨਾ ਚਾਹਿਆ ਤਾਂ ਇਹਨਾਂ ਤਿੰਨਾਂ ਭਰਾਵਾਂ ਨੇ ਬੜੀ ਦਲੇਰੀ ਨਾਲ ਅੰਗਰੇਜ਼ੀ ਫੌਜ ਨੂੰ ਹਰਾ ਦਿੱਤਾ। ਇਹਨਾਂ ਦੀ ਬਹਾਦਰੀ ਤੋਂ ਖੁਸ਼ ਹੋ ਕੇ ਬਘੇਲ ਸਿੰਘ ਨੇ ਇਹਨਾਂ ਨੂੰ ਇੱਕ ਲੱਖ ਰੁਪਏ ਸਾਲਾਨਾ ਦੀ ਜਾਗੀਰ ਦੋਆਬੇ ਵਿੱਚ ਦਿੱਤੀ। ਇਹਨਾਂ ਨੇ ਇਸ ਇਲਾਕੇ ਵਿੱਚ ਕਈ ਕਿਲੇ ਬਣਵਾਏ ਜਿਸ ਤਰ੍ਹਾਂ ਚੁਖਿਆਰਾ, ਧੀਰਪੁਰ, ਬੋਹਣ, ਦਿਹਾਣਾ, ਭੁੰਗਰਨੀ, ਹਾਰਟਾ, ਮੁਖਲਿਆਣਾ, ਚੱਗਰਾਂ, ਹੇੜੀਆਂ ਅਤੇ ਰਾਜੋਵਾਲ ਵਗੈਰਾ। ਇਹਨਾਂ ਨੇ ਕੁਝ ਚਿਰ ਰਣਜੀਤ ਸਿੰਘ ਦੀ ਵਿਰੋਧਤਾ ਕੀਤੀ ਤੇ ਰਣਜੀਤ ਸਿੰਘ ਨੇ ਇਹਨਾਂ ਦੀ ਜਾਗੀਰ ਇੱਕ ਲੱਖ ਰੁਪਏ ਸਾਲਾਨਾ ਤੋਂ ਘਟਾ ਕੇ ਸੋਲਾਂ ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ।

ਬਘੇਲ ਸਿੰਘ ਦੇ ਰਾਜ ਸਮੇਂ ਪਧਿਆਣੇ ਦਾ ਦੇਸਾ ਸਿੰਘ ਮਿਨਹਾਸ, ਤਲਵਣ ਜ਼ਿਲ੍ਹਾ ਜਲੰਧਰ ਵਿੱਚ ਇੰਤਜਾਮੀਆ ਸੀ। ਇਸ ਦੀ ਸਿਆਣਪ ਨਾਲ ਤਲਵਣ ਦੇ ਲਾਗੇ ਦੇ ਕਈ ਪਿੰਡ ਮੁਸਲਮਾਨਾਂ ਤੋਂ ਬਿਨਾ ਖੂਨ ਖਰਾਬੇ ਦੇ ਖੋਹੇ ਗਏ ਅਤੇ ਬਘੇਲ ਸਿੰਘ ਦੀ ਮਿਸਲ ਵਿੱਚ ਸ਼ਾਮਲ ਕਰ ਲਏ ਗਏ। ਤਿੰਨ ਮਹੀਨਿਆਂ ਵਿੱਚ ਤਲਵਣ ਦਾ ਕਿਲਾ ਉਸਾਰਿਆ ਗਿਆ। ਦੇਸਾ ਸਿੰਘ ਨੂੰ 25 ਪਿੰਡਾਂ ਦੀ ਜਗੀਰ ਜਿਸ ਦੀ ਆਮਦਨ 60 ਹਜ਼ਾਰ ਰੁਪਏ ਸੀ ਦਿੱਤੀ ਗਈ। ਉਨ੍ਹਾਂ ਦੀ ਔਲਾਦ ਵਜ਼ੀਰ ਸਿੰਘ ਨੂੰ ਅੰਗਰੇਜ਼ਾਂ ਨੇ ਲਾਇਲਪੁਰ (ਪਾਕਿਸਤਾਨ) ਵਿੱਚ 11 ਮੁਰੱਬੇ ਜ਼ਮੀਨ ਅਲਾਟ ਕੀਤੀ। ਪਾਕਿਸਤਾਨ ਬਣਨ ਤੋਂ ਬਾਅਦ ਇਹਨਾਂ ਦੀ ਔਲਾਦ ਨੂੰ ਪਿੰਡ ਫੁਗਲਾਣਾ ਅਤੇ ਮੇਹਟੀਆਣਾ

---

*1 *ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਪੰਨਾ 100*

*2 *D. Ochterlony*

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜ਼ਮੀਨ ਮਿਲੀ।

ਸਰਦਾਰ ਬਘੇਲ ਸਿੰਘ ਸਭ ਸਰਦਾਰਾਂ ਤੋਂ ਵੱਧ ਨੀਤੀਵਾਨ ਸੀ ਇਸੇ ਲਈ ਉਸ ਨੂੰ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨੇ ਮੁਗਲ ਬਾਦਸ਼ਾਹ ਨਾਲ ਗੱਲਬਾਤ, ਸਮੁੱਚੇ ਖਾਲਸਾ ਦਲ ਵੱਲੋਂ ਕਰਨ ਲਈ ਕਿਹਾ। ਮੁਗਲ ਬਾਦਸ਼ਾਹ ਨੇ ਬੇਗਮ ਸਿਮਰੂ ਨੂੰ ਬਘੇਲ ਸਿੰਘ ਵਲ ਭੇਜਿਆ। ਬੇਗਮ ਸਿਮਰੂ ਨੂੰ ਸ. ਬਘੇਲ ਸਿੰਘ ਨੇ ਇੱਕ ਹਮਲੇ ਵਿੱਚ ਮੇਰਠ ਲਾਗੇ ਬਚਾਇਆ ਸੀ। ਉਸ ਨੇ ਖਾਲਸਾ ਦਲ ਅਤੇ ਮੁਗਲ ਬਾਦਸ਼ਾਹ ਵਿਚਕਾਰ ਸਮਝੌਤਾ ਕਰਵਾ ਦਿੱਤਾ। ਸਿੰਘਾਂ ਨੂੰ ਦਿੱਲੀ ਦੇ ਮਹਿਸੂਲ ਚੁੰਗੀ 'ਚੋਂ ਰੁਪਏ ਵਿੱਚੋਂ ਛੇ ਆਨੇ (7.5%) ਤੈਅ ਹੋਏ ਅਤੇ ਦਿੱਲੀ ਦੇ ਇਤਿਹਾਸਿਕ ਗੁਰਦਵਾਰੇ ਬਣਾਉਣ ਦੀ ਖੁੱਲ੍ਹ ਦਿੱਤੀ ਗਈ। ਇਸ ਤੋਂ ਉਪਰੰਤ ਤਿੰਨ ਲੱਖ ਰੁਪਏ ਸਿੰਘਾਂ ਨੂੰ ਨਕਦ, ਕੜਾਹ ਪ੍ਰਸ਼ਾਦ ਵਾਸਤੇ ਮੁਗਲ ਹਕੂਮਤ ਨੇ ਦੇ ਕੇ ਸਿੰਘਾਂ ਨੂੰ ਦਿੱਲੀ ਤੋਂ ਵਿਦਾ ਕੀਤਾ।

ਸੰਨ 1739 ਤੋਂ 1788 ਤੱਕ 51 ਸਾਲਾਂ ਵਿੱਚ 52 ਵਾਰ ਦਿੱਲੀ ਲੁੱਟੀ ਗਈ ਜਿਸਦਾ ਵੇਰਵਾ ਇਸ ਤਰ੍ਹਾਂ ਹੈ:-

| | |
|---|---|
| ਨਾਦਰ ਸ਼ਾਹ | 2 |
| ਅਹਿਮਦਸ਼ਾਹ ਅਬਦਾਲੀ | 5 |
| ਰੁਹੇਲੇ | 6 |
| ਮੁਗਲਾਂ ਦੇ ਤੁਰਕੀ ਸਿਪਾਹੀ | 9 |
| ਬਹਾਦਰ ਖਾਂ ਬਲੋਚ | 1 |
| ਗੁੱਜਰ | 2 |
| ਜਾਟ | 3 |
| ਮਰਾਠੇ | 10 |
| ਸਿੱਖ | 14 |
| ਕੁਲ ਜੋੜ | 52 |

*1 ਲੁੱਟ ਵੇਲੇ ਸਿੰਘਾਂ ਨੇ ਲੋਕਾਂ ਤੋਂ ਧੰਨ ਕਢਾਉਣ ਲਈ ਜ਼ਬਰਦਸਤੀ ਨਾ ਕੀਤੀ ਤੇ ਨਾ ਹੀ ਔਰਤਾਂ ਦੀ ਬੇਇਜ਼ਤੀ ਕੀਤੀ ਜਿਸ ਤਰ੍ਹਾਂ ਬਾਕੀ ਕੌਮਾਂ ਕਰਦੀਆਂ ਸਨ। ਇੱਕ ਵੀ ਮਿਸਾਲ ਨਹੀਂ ਮਿਲਦੀ ਕਿ ਸਿੰਘਾਂ ਨੇ ਕਿਸੇ ਔਰਤ ਨਾਲ ਬਦਸਲੂਕੀ ਕੀਤੀ ਹੋਵੇ ਜਾਂ ਆਮ ਜਨਤਾ ਨਾਲ ਜ਼ਿਆਦਤੀ ਕੀਤੀ ਹੋਵੇ। ਮੁਸਲਮਾਨਾਂ, ਮਰਾਠੇ ਅਤੇ ਰੁਹੇਲਿਆਂ ਵਿਰੁੱਧ ਅਨੇਕਾਂ ਸ਼ਿਕਾਇਤਾਂ ਸਨ ਕਿ ਉਨ੍ਹਾਂ ਨੇ ਔਰਤਾਂ ਨਾਲ ਸਮੂਹਕ ਬਲਾਤਕਾਰ ਕੀਤੇ। "ਸਿੰਘਾਂ ਨੇ ਦਿੱਲੀ ਲੁੱਟੀ ਦੁਪਹਿਰੇ ਦੀਵਾ ਬਾਲ ਕੇ" ਉਸ ਸਮੇਂ ਦੇ

---

*1 *Sikhs in the Eighteenth Century by Surjit Singh Gandhi Page 581*

ਬੋਲ ਹਨ। ਸਿੰਘ ਸਮਝਦੇ ਸਨ ਕਿ ਜੋ ਧਨ ਮੁਸਲਮਾਨਾਂ ਤੋਂ ਲੁੱਟ ਰਹੇ ਹਨ ਉਹ ਇਸੇ ਦੇਸ਼ ਦਾ ਹੈ, ਮੁਗਲ ਕਿਹੜਾ ਧਨ ਆਪਣੇ ਵਤਨ ਤੁਰਕਿਸਤਾਨ, ਈਰਾਨ, ਕਾਬਲ ਕੰਧਾਰ ਤੋਂ ਲੈ ਕੇ ਆਏ ਸਨ। ਸਿੰਘਾਂ ਦਾ ਦਿੱਲੀ 'ਤੇ ਹਮਲੇ ਕਰਨ ਦਾ ਮੰਤਵ ਦਿੱਲੀ ਨੂੰ ਕਮਜ਼ੋਰ ਕਰਨਾ ਸੀ ਤਾਂ ਕਿ ਅੱਗੇ ਤੋਂ ਸਿੰਘਾਂ 'ਤੇ ਜ਼ੁਲਮ ਕਰਨ ਜੋਗੀ ਹੀ ਨਾ ਰਹੇ।

ਇਸ ਪ੍ਰਸ਼ੰਸਾ ਅਤੇ ਅਨੁਸ਼ਾਸਨ ਦੇ ਅਸਲੀ ਹੱਕਦਾਰ ਸ. ਬਘੇਲ ਸਿੰਘ ਦੇ ਜਰਨੈਲ ਜੀਵਨ ਸਿੰਘ ਸਰੋਆ ਰਾਜਪੂਤ ਪਿੰਡ ਚੁਖਿਆਰਾ ਜ਼ਿਲ੍ਹਾ ਜਲੰਧਰ ਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਹੱਥ ਰਾਜ ਆਉਣ 'ਤੇ ਇਹਨਾਂ ਦੀ ਪੂਰੀ ਕਦਰ ਸ਼ਾਇਦ ਕੇਵਲ ਰਾਜਪੂਤ ਹੋਣ ਕਰਕੇ ਨਾ ਕੀਤੀ ਗਈ।

# ਮਹਾਰਾਜਾ ਰਣਜੀਤ ਸਿੰਘ ਦਾ ਸਮਾਂ

ਪੰਜਾਬ ਦੀਆਂ ਸਾਰੀਆਂ ਸਿੱਖ ਮਿਸਲਾਂ ਨੂੰ ਹਰਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਸ਼ਕਤੀਸ਼ਾਲੀ ਰਾਜ ਸਥਾਪਤ ਕੀਤਾ। ਕਰੋੜਸਿੰਘੀਆਂ ਮਿਸਲ ਦੇ ਸਰਦਾਰ ਬਘੇਲ ਸਿੰਘ ਦੀ ਮਿਸਲ ਵਿੱਚ ਬਹੁਤੇ ਲੜਾਕੇ ਜਵਾਨ ਰਾਜਪੂਤ ਸਿੰਘ ਸਨ। ਚੁਖਿਆਰਾ ਨਿਵਾਸੀ ਸਰੋਆ ਗੋਤ ਦੇ ਸ. ਜੀਵਨ ਸਿੰਘ, ਕਰਮ ਸਿੰਘ ਅਤੇ ਭਾਗ ਸਿੰਘ ਨੇ ਦਿੱਲੀ ਫਤਹਿ ਕਰਨ ਵਿੱਚ ਬਘੇਲ ਸਿੰਘ ਦੀ ਫੌਜ ਦੀ ਅਗਵਾਈ ਕੀਤੀ। ਜਿਸ ਤੋਂ ਖੁਸ਼ ਹੋ ਕੇ ਸਰਦਾਰ ਬਘੇਲ ਸਿੰਘ ਨੇ ਇਹਨਾਂ ਨੂੰ ਇੱਕ ਲੱਖ ਰੁਪਏ ਦੀ ਜਗੀਰ ਦਿੱਤੀ। ਇਹਨਾਂ ਸਰਦਾਰਾਂ ਨੇ ਕੁਝ ਸਮਾਂ ਰਣਜੀਤ ਸਿੰਘ ਦੀ ਵਿਰੋਧਤਾ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਇਹਨਾਂ ਦੀ ਜਗੀਰ ਇੱਕ ਲੱਖ ਰੁਪਏ ਸਾਲਾਨਾ ਤੋਂ ਘਟਾ ਕੇ ਸੋਲਾਂ ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਜਿਸ ਦੇ ਬਦਲੇ ਇਹਨਾਂ ਨੂੰ ਲੋੜ ਪੈਣ 'ਤੇ ਮਹਾਰਾਜਾ ਰਣਜੀਤ ਸਿੰਘ ਨੂੰ 16 ਘੋੜਸਵਾਰ ਦੇਣੇ ਪੈਂਦੇ ਸਨ। ਸਰੋਆ ਸਰਦਾਰਾਂ ਨੇ ਪਿੰਡ ਚੁਖਿਆਰਾ, ਬੋਹਣ, ਦਿਹਾਣਾ ਅਤੇ ਭੁੰਗਰਨੀ ਵਿੱਚ ਕਿਲ੍ਹੇ ਕਾਇਮ ਕੀਤੇ ਹੋਏ ਸਨ ਜਿਨ੍ਹਾਂ ਦੀਆਂ ਨਿਸ਼ਾਨੀਆਂ ਅੱਜ ਤੱਕ ਮੌਜੂਦ ਹਨ ਤੇ ਉਪਰੋਕਤ ਪਿੰਡਾਂ ਵਿੱਚ ਇਹਨਾਂ ਦੀ ਔਲਾਦ ਨੂੰ ਅਜੇ ਵੀ "ਕਿਲ੍ਹੇ ਵਾਲੇ ਸਰਦਾਰ" ਆਖ ਕੇ ਬੁਲਾਇਆ ਜਾਂਦਾ ਹੈ। ਸਰੋਆ ਰਾਜਪੂਤਾਂ ਵਿੱਚੋਂ ਸ. ਹਰਸਾ ਸਿੰਘ ਚੁਖਿਆਰਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਇੱਕ ਉੱਚੇ ਅਹੁਦੇ 'ਤੇ ਸੀ ਇਹ ਅਫਗਾਨਾਂ ਨਾਲ ਲੜਾਈ ਵਿੱਚ ਸ਼ਹੀਦ ਹੋਇਆ। ਇਸ ਤੋਂ ਇਲਾਵਾ ਸ. ਜੱਸਾ ਸਿੰਘ ਭੁੰਗਰਨੀ ਵਾਲੇ ਮਹਾਰਾਜਾ ਸਾਹਿਬ ਵੱਲੋਂ ਹੁਸ਼ਿਆਰਪੁਰ ਵਿੱਚ, ਸੁਜਾਨ ਸਿੰਘ ਸਰੋਆ ਕਸ਼ਮੀਰ ਵਿੱਚ, ਅਤੇ ਸ. ਬੁੱਧ ਸਿੰਘ ਸਰੋਆ ਲਾਹੌਰ ਵਿੱਚ ਉੱਚ ਅਹੁਦਿਆਂ 'ਤੇ ਰਹੇ ਸਨ।

ਪਧਿਆਣੇ ਦੇ ਗੁੱਜਰਮਲ ਮਿਨਹਾਸ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸਨ ਉਨ੍ਹਾਂ ਵੀ ਪਠਾਨਾਂ ਨਾਲ ਕਈ ਲੜਾਈਆਂ ਵਿੱਚ ਬਹਾਦਰੀ ਦੇ ਜੌਹਰ ਦਿਖਾਏ ਤੇ ਮਹਾਰਾਜਾ ਸਾਹਿਬ ਵੱਲੋਂ ਪਿੰਡ ਹੇੜੀਆਂ ਜ਼ਿਲ੍ਹਾ ਹੁਸ਼ਿਆਰਪੁਰ ਉਨ੍ਹਾਂ ਨੂੰ ਜਗੀਰ ਵਜੋਂ ਦਿੱਤਾ ਗਿਆ। ਫੇਰ ਇਹਨਾਂ ਦੇ ਪੁੱਤਰ ਗੁਰਬਖਸ਼ ਰਾਏ ਦਾ ਇਸ ਜਗੀਰ 'ਤੇ ਕਬਜ਼ਾ ਰਿਹਾ। ਇਸ ਤੋਂ ਬਾਅਦ ਗੁਰਬਖਸ਼ ਰਾਏ ਦਾ ਪੁੱਤਰ ਸਾਹਿਬ ਸਿੰਘ, ਅੰਗਰੇਜ਼ਾਂ ਦੇ ਸਮੇਂ ਜੰਮੂ ਦੇ ਰਾਜਾ ਗੁਲਾਬ ਸਿੰਘ ਦੀ ਫੌਜ ਵਿੱਚ ਇੱਕ ਉੱਚੀ ਪਦਵੀ 'ਤੇ ਰਹੇ। ਡਮੁੰਡੇ ਪਿੰਡ ਦੇ ਰਾਣਾ ਖੜਕ ਚੰਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਮੰਨਣ ਤੋਂ ਇਨਕਾਰ ਕੀਤਾ। ਕਾਫੀ ਸਾਲ ਇਸ ਨੇ ਦੁਆਬੇ ਦਾ ਕੁਝ ਇਲਾਕਾ ਆਜ਼ਾਦ ਰੱਖਿਆ ਪਰ ਸ਼ਕਤੀਸ਼ਾਲੀ ਮਹਾਰਾਜਾ ਅੱਗੇ ਇਹ ਬਹੁਤੀ ਦੇਰ ਨਾ ਟਿਕ ਸਕਿਆ। ਇਸ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਰਾਜਾ ਧਿਆਨ ਸਿੰਘ ਨੇ ਵਿੱਚ ਵਚਾ ਕਰ ਕੇ ਖੜਕ ਚੰਦ ਤੋਂ ਮਹਾਰਾਜਾ

ਸਾਹਿਬ ਦੀ ਅਧੀਨਗੀ ਮੰਨਣ ਦੇ ਇਕਰਾਰਨਾਮੇਂ ਤੇ ਦਸਤਖਤ ਕਰਵਾ ਕੇ ਇਸ ਨੂੰ ਆਜ਼ਾਦ ਕਰਵਾ ਦਿੱਤਾ।

ਅੰਗਰੇਜ਼ਾਂ ਨਾਲ ਲੜਾਈਆਂ ਵਿੱਚ ਬਹੁਤ ਸਾਰੇ ਰਾਜਪੂਤ ਮਾਰੇ ਗਏ ਜਿਨ੍ਹਾਂ ਵਿੱਚੋਂ ਠਾਕਰ ਨੌਨਿਹਾਲ ਸਿੰਘ ਬਹੋਟ, ਜੀਵਨ ਸਿੰਘ ਦੇ ਨਾਮ ਜ਼ਿਕਰਯੋਗ ਹਨ।

# ਭੱਟਾਂ ਦੀਆਂ ਵਹੀਆਂ ਵਿੱਚ ਰਾਜਪੂਤਾਂ ਦਾ ਜ਼ਿਕਰ

ਨਠੀਆ ਬੱਲੂ ਕਾ, ਮਾਧੋ ਬਲੂ ਕਾ ਪੋਤੇ ਮੂਲੇ ਕੇ, ਪੜਪੋਤੇ ਰਾਓ ਕੇ ਬੰਝਰਉਂਤ ਸਾਲ ਸੋਲਾਂ ਸੈ ਬਾਨਮੇ ਬੈਸਾਖ ਪਰਵਿਸ਼ਟੇ ਇਕਤੀਸ ਮੰਗਲਵਾਰ ਦੇ ਦਿਹੁੰ ਕਰਤਾਰਪੁਰ ਕੇ ਮਲ੍ਹਾਨ ਪਰਗਨਾ ਜਲੰਧਰ ਗੁਰੂ ਕਾ ਹੁਕਮ ਪਾਇ ਅਸਮਾਨ ਖਾਂ ਝਾਂਗੜੀ ਗੈਲ ਭਿੜੇ। ਤੀਨ ਪਹਿਰ ਘੋਰ ਜੁੱਧ ਹੂਆ, ਗੁਰੂ ਕੇ ਪਾਲਿਤ ਪੈਂਦੇ ਖਾਂ ਨੇ ਗੁਰੂ ਤੇ ਵਾਰ ਕੀਆ ਜੋ ਖਾਲੀ ਗਿਆ। ਗੁਰੂ ਜੀ ਦੇ ਪਰਤਾਮੇ ਵਾਰ ਸੇ ਪੈਂਦੇ ਖਾਂ ਮਾਰਾ ਗਿਆ। ਗੁਰੂ ਜੀ ਕੀ ਜੀਤ ਹੂਈ। ਭਾਈ ਮਾਧੋ ਰਣਭੂਮੀ ਮੇਂ ਸਾਮ੍ਹੇ ਮਾਥੇ ਜੂਝ ਕਰ ਮਰਾ। ਨਠੀਆ ਗੁਰੂ ਕਾ ਜੋਧਾ ਕਈ ਰਣ ਜੁਝੰਤੇ ਸੂਰਿਓ ਸੇ ਲੜ ਕੇ ਘਾਇਲ ਹੂਆ।

*(ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਬੰਝਰਉੱਤ ਜਲ੍ਹਾਨੋ ਕਾ)*

ਦਾਦਾ ਬੇਟਾ ਬੱਲੂ ਕਾ, ਸੁਹੇਲਾ ਬੇਟਾ ਬੱਲੂ ਕਾ ਪੋਤੇ ਮੂਲੇ ਕੇ ਪੜਪੋਤੇ ਰਈਆ ਕੇ ਜਲ੍ਹਹਨੇ ਜਗੂ ਬੇਟਾ ਧਰਮੇ ਕਾ ਪੋਤਾ ਭੋਜੇ ਕਾ ਰਮਾਣਾ, ਵਾਸੀ ਲਾਡਵਾ ਪਰਗਨਾ ਥਾਨੇਸਰ ਸਾਲ ਸੋਲਾਂ ਸੈ ਬਾਨਮੇ ਜੇਠ ਮਾਸ ਕੀ ਸੰਕ੍ਰਾਂਤ ਦਿਹੁੰ ਬੁੱਧਵਾਦ ਫਗਵਾੜਾ ਕੇ ਜਲ੍ਹਾਨ ਪਰਗਨਾ ਜਲੰਧਰ ਪਾਛੇ ਆ ਰਹੀ ਤੁਰਕ ਫੌਜ ਗੈਲ ਸਾਮ੍ਹੇ ਮਾਥੇ ਜੂਝ ਕਰ ਮਰੇ (ਇਹ ਪਲਾਹੀ ਜੋ ਕਿ ਫਗਵਾੜਾ ਤੋਂ ਦੋ ਮੀਲ ਉੱਤਰ ਵਲ ਹੈ ਦੀ ਜੰਗ ਦਾ ਜ਼ਿਕਰ ਹੈ)

*(ਭੱਟ ਵਹੀ ਤਲਉਂਢਾ ਪਰਗਨਾ ਜੀਂਦ ਖਾਤਾ ਰਮਾਣੋ ਕਾ)*

ਭਗਵੰਤ ਸਿੰਘ ਬੇਟਾ ਨਠੀਆ ਕਾ, ਕਉਰ ਸਿੰਘ, ਬਾਜ ਸਿੰਘ, ਸ਼ਾਮ ਸਿੰਘ ਪੋਤੇ ਬਲੂ ਰਾਓ ਕੇ ਪੜਪੋਤੇ ਨਾਇਕ ਮੂਲ ਚੰਦ ਕੇ ਚੰਦਰਬੰਸੀ ਭਾਰਦਵਾਜ ਗੋਤ੍ਰੇ ਪੁਆਰ ਬੰਸ ਬੀਝੇ ਕਾ ਬੰਝਰਾਵਤ ਜਲ੍ਹਾਨੇ ਸੰਮਤ 1773 ਅਸਾਢ ਮਾਸੇ ਸ਼ੁਦੀ ਏਕਮ ਸਵਾ ਪਹਰ ਦਿਹੁ ਚਢੇ ਬਖਤਿਆਰ ਕਾਕੀ ਕੇ ਮਕਬਰੇ ਪਾਸ ਜਮਨਾ ਨਦੀ ਕਿਨਾਰੇ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਨਾਲ ਸ਼ਹਾਦਤਾਂ ਪਾਏ ਗਏ। ਆਗੇ ਗੁਰੂ ਭਾਣੇ ਕਾ ਖਵਾਂਵਿੰਦ, ਗੁਰੂ ਕੀ ਗਤ ਗੁਰੂ ਜਾਣੇ, ਗੁਰੂ ਗੁਰੂ ਜਪਣਾ ਜਨਮ ਸਉਰੇਗਾ।

*(ਭੱਟ ਵਹੀ ਭਾਦਸੋਂ ਪਰਗਣਾ ਥਾਨੇਸਰ)*

ਬੰਦਾ ਸਿੰਘ ਨੂੰ ਭਗਵੰਤ ਸਿੰਘ ਬੰਗੇਸ਼ਰੀ ਦੇ ਟਾਂਡੇ ਨਾਲ ਪੰਜਾਬ ਜਾਣ ਦਾ ਹੁਕਮ ਹੋਇਆ। ਭਗਵੰਤ ਸਿੰਘ ਨੂੰ ਔਰੰਗਜੇਬ ਵੱਲੋਂ ਪੰਜ ਹਜ਼ਾਰੀ ਦਾ ਮਨਸਬ ਮਿਲਿਆ ਹੋਇਆ ਸੀ ਅਤੇ ਇਹ ਉਸ ਸਮੇਂ ਦੇ 16 ਵੱਡੇ ਟਾਂਡਿਆਂ ਵਿੱਚੋਂ ਇੱਕ ਦਾ ਮਾਲਿਕ ਸੀ। ਵੱਡੇ-ਵੱਡੇ ਵਪਾਰੀ ਫੌਜਾਂ ਦੇ ਕੂਚ ਸਮੇਂ ਫੌਜ ਦੇ ਪਹੁੰਚਣ ਤੋਂ ਪਹਿਲਾਂ ਨਿਸ਼ਚਿਤ ਥਾਵਾਂ 'ਤੇ ਖਾਣ ਪੀਣ ਦੀ ਸਮਗਰੀ ਅਤੇ ਘੋੜਿਆ ਲਈ ਘਾਹ ਪੱਠੇ ਦਾ ਪ੍ਰਬੰਧ ਕਰ ਕੇ ਰੱਖਦੇ ਸਨ। ਇਹ ਭਗਵੰਤ ਸਿੰਘ ਭਾਈ ਮਨੀ ਸਿੰਘ ਦੇ ਚਾਚੇ ਨਠੀਏ ਦਾ ਪੁੱਤਰ ਸੀ।

ਖਿਦਰਾਣੇ ਦੀ ਢਾਬ ਵਿਖੇ ਜੋ ਚਾਲੀ ਮੁਕਤੇ ਸ਼ਹੀਦ ਹੋਏ ਉਨ੍ਹਾਂ ਵਿੱਚ ਰਾਏ ਸਿੰਘ ਬੇਟਾ ਮਾਈਦਾਸ ਪੋਤਾ ਬਲੂ ਰਾਏ ਕਾ ਗੁਰੂ ਸਾਹਿਬ ਦੇ ਜੰਗ ਖਤਮ ਹੋਣ 'ਤੇ

ਪਹੁੰਚਣ ਤੱਕ ਜਿਊਂਦਾ ਸੀ। ਉਸ ਨੇ ਬੇਦਾਵਾ ਫਾੜ ਕੇ ਸਿੱਖੀ ਬਖਸ਼ਣ ਦੀ ਬੇਨਤੀ ਕੀਤੀ ਸੀ ਤੇ ਜਲਦੀ ਹੀ ਮੁਕਤੀ ਪਾ ਗਿਆ।

*(ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਪੁਆਰ ਬੰਝਰਾਉਤੋਂ ਕਾ)*

ਦਸਮ ਪਿਤਾ ਜੀ ਨੇ ਜਦੋਂ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਚਾਲੇ ਪਾਏ ਤਾਂ ਹੋਰ ਪ੍ਰਮੁੱਖ ਸਿੰਘਾਂ ਵਿੱਚ ਬਚਿੱਤਰ ਸਿੰਘ ਦਾ ਬੇਟਾ ਰਾਮ ਸਿੰਘ ਵੀ ਸੀ।

*(ਗੁਰੂ ਕੀਆਂ ਸਾਖੀਆਂ-ਪਿਆਰਾ ਸਿੰਘ ਪਦਮ-ਪੰਨਾ 188)*

ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਪਹੁੰਚਣ 'ਤੇ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਰਾਮ ਸਿੰਘ ਚਾਰੇ ਸਿੱਖ ਨਿਰਬਾਣ ਭੇਸ ਵਿੱਚ ਆਏ।

*(ਗੁਰੂ ਕੀਆਂ ਸਾਖੀਆਂ-ਪਿਆਰਾ ਸਿੰਘ ਪਦਮ-ਪੰਨਾ 159)*

*ਰਾਮ ਸਿੰਘ ਲੀਓ ਬੁਲਾਏ ਅਨੂਪ ਸਰੂਪੀਆ।*
*ਸਿੰਘ ਬਚਿੱਤਰ ਤਾਤ ਅਨੁਜ ਬਹਿਰੂਪੀਆ।*

*(ਸਿੰਘ ਸਾਗਰ-ਕਿਰਤ ਬੀਰ ਸਿੰਘ ਬੱਲ 1827 ਈ.)*

ਭਗਵਾਨ ਸਿੰਘ ਬੇਟਾ ਮਨੀ ਸਿੰਘ ਕਾ ਪੋਤਾ ਮਾਈ ਦਾਸ ਕਾ-ਪੁਆਰ, ਜਵਾਹਰ ਸਿੰਘ ਬੇਟਾ ਲਖੀਏ ਕਾ ਪੋਤਾ ਗੋਧੂ ਕਾ ਬੜਤੀਆ ਕਨਾਵਤ, ਨੰਦ ਸਿੰਘ ਬੇਟਾ ਆਲਮ ਸਿੰਘ ਕਾ ਪੋਤਾ ਦਰੀਆ ਕਾ-ਪੁਆਰ ਜਲਹਾਨਾ ਆਦਿ-ਸਾਲ ਸਤਾਰਾਂ ਸੈ ਸਤਵੰਜਾ ਭਾਦਵਾ ਪ੍ਰਵਿਸ਼ਟੇ ਤੀਸ ਗੁਰੂ ਵਾਕ ਕੇ ਦਿਹੁੰ ਗੁਰੂ ਕਾ ਬਚਨ ਪਾਏ ਕਿਲਾ ਫਤੇਗਢ ਪਰਗਨਾ ਸਹੋਟ ਕੇ ਮਲਹਾਨ ਸਾਮ੍ਹੇ ਜੂਝ ਕਰ ਮਰੇ, ਆਗੇ ਗੁਰੂ ਭਾਣੇ ਕਾ ਖਾਬਿੰਦ, ਗੁਰੂ ਕੀ ਗਤਿ ਗੁਰੂ ਜਾਣੇ।

*(ਭੱਟ ਵਹੀਜਦੋਬੰਸੀਆ ਕੀ ਖਾਤਾ ਬੜਤੀਏ ਕਨਉਂਤੋ ਕਾ)*

ਬਾਘ ਸਿੰਘ ਬੇਟਾ ਰਾਏ ਸਿੰਘ ਕਾ, ਪੋਤਾ ਮਾਈਦਾਸ ਕਾ, ਘਰਬਾਰਾ ਸਿੰਘ ਬੇਟਾ ਨਾਨੂੰ ਸਿੰਘ ਕਾ ਪੋਤਾ ਬਾਘੇ ਕਾ-ਵਾਸੀ ਦਿਲਵਾਲੀ ਆਦਿ ਸਿੱਖਾਂ-ਸਾਲ ਸਤਰਾਂ ਸੈ ਸਤਵੰਜ਼ਾ ਭਾਦਵ ਦਿਹੁੰ ਇਕਤੀਸ ਸ਼ਨੀਵਾਰ ਕੇ ਦਿਵਸ ਗੁਰੂ ਕਾ ਬਚਨ ਪਾਏ ਕਿਲਾ ਅਗੰਮ ਗਢ ਪਰਗਨਾ ਪੁਰਾ ਕੇ ਮਲਹਾਨ ਪਰਬਤੀ ਰਾਜਯੋਂ ਕੇ ਗੈਲ ਡੇਢ ਪਹਿਰ ਘੋਰ ਜੁਧ ਕਰ ਕੇ ਸਾਮ੍ਹੇ ਮਾਥੇ ਜੂਝ ਕਰ ਸੁਆਸ ਦੀਏ।

*(ਭੱਟ ਵਹੀ ਤਲਉਂਢ ਪਰਗਨਾ ਜੀਂਦ-ਖਾਤਾ ਜਲ੍ਹਾਨੇ ਪੁਆਰੋਂ ਕਾ)*

ਈਸ਼ਰ ਸਿੰਘ ਬੇਟਾ ਕੇਵਲ ਸਿੰਘ ਕਾ ਪੋਤਾ ਆੜੂ ਕਾ ਬਿੰਜਲਉਤ, ਕਲਿਆਣ ਸਿੰਘ ਬੇਟਾ ਦਿਆਲ ਦਾਸ ਕਾ ਪੋਤਾ ਮਾਈਦਾਸ ਕਾ ਬੰਝਰਉਤ, ਸੰਗਤ ਸਿੰਘ ਬੇਟਾ ਬਿੰਨੇ ਉਪਲ ਕਾ ਵਾਸੀ ਅੰਬ ਮਾੜੀ ਪ੍ਰਗਨਾ ਲਾਹੌਰ-ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨਤੀਸ ਵੀਰਵਾਰ ਕੇ ਦਿਹੁੰ ਗੁਰੂ ਕੇ ਸ਼ਹਿਜ਼ਾਦੇ ਅਜੀਤ ਸਿੰਘ ਕਾ ਬਚਨ ਪਾਏ ਕਿਲਾਤਾਰਾ ਗਢ ਕੇ ਮਲਹਾਨ ਪਰਗਨਾ ਤਾਰਾਪੁਰ ਏਕ ਪਹਿਰ ਘੋਰ ਜੁਧ

ਕਰ ਕੇ ਘਣੇ ਪਰਬਤੀ ਮਾਰ ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਏ ਗਏ। ਘੁਮੰਡ ਚੰਦ ਬੇਟਾ ਗੰਭੀਰ ਚੰਦ ਕਾ, ਭਾਈ ਉਦਯ ਸਿੰਘ ਕੇ ਹਾਥ ਸੇ ਘਾਇਲ ਹੂਆ।

*(ਭੱਟ ਵਹੀ ਤੂਮਰ ਬਿੰਜਉਂਤੋਂ ਕੀ)*

ਸੋਹਨ ਚੰਦ ਬੇਟਾ ਮਾਈਦਾਸ ਕਾ ਪੋਤਾ ਬੱਲੂ ਕਾ ਪੜਪੋਤਾ ਮੂਲ ਕਾ ਪੁਆਰ ਸਾਲ ਸਤਰਾਂ ਸੈਂ ਸੈਂਤਾਲੀਸ ਚੇਤ ਪ੍ਰਵਿਸ਼ਟੇ ਬਾਈਸ, ਗੁਰੂਵਾਰ ਕੇ ਦਿਹੁੰ, ਗੁਰੂ ਕਾ ਬਚਨ ਪਾਇ ਨਦਉਨ ਕੇ ਮਲਹਾਨ ਸਾਮ੍ਹੇ ਮਾਥੇ ਜੂਝ ਕਰ ਮਰਾ।

*(ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਪੁਆਰ ਬਲਉਂਤੋ ਕਾ)*

ਨਦੌਣ ਦੀ ਜੰਗ ਸੰਮਤ 1747, ਬਾਈ ਚੇਤ ਨੂੰ ਜਿਤ ਕੇ ਦਸਮ ਪਿਤਾ ਵਿਸਾਖੀ ਵਾਲੇ ਦਿਨ ਵਾਪਸ ਆਨੰਦਪੁਰ ਅਪੜੇ। ਉਸੇ ਦਿਨ ਭਾਈ ਮਨੀ ਰਾਮ ਨੂੰ ਦੀਵਾਨ ਦੀ ਪਦਵੀ ਬਖਸ਼ੀ।

ਮਨੀਏ ਤੇ ਗੁਰ ਕਿਰਪਾ ਹੋਈ। ਸਿਦਕੀ ਸਿਖ ਤਿਸ ਸਮ ਨਹੀਂ ਕੋਈ।
ਦਿਵਸ ਬਸੋਆ ਸੰਗਤ ਬੀਚ। ਗੁਰ ਦੀਵਾਨ ਮਨੀਏ ਕੂੰ ਕੀਚ।

*[ਸ਼ਹੀਦ ਬਿਲਾਸ (ਸੇਵਾ ਸਿੰਘ)]*

ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈਦਾਸ ਕਾ ਵਾਸੀ ਅਲੀਪੁਰ ਪਰਗਨਾ ਮੁਲਤਾਨ ਸੰਮਤ 1751 ਮਿਤੀ 2 ਚੇਤ ਗੁਰੂ ਗੋਬਿੰਦ ਰਾਏ ਕੇ ਸਾਥ ਦੀਵਾਨ ਹੋ ਕਰ ਹਰਿਦੁਆਰ ਆਏ। ਸੁਖ ਕੇ ਇਸ਼ਨਾਨ

*(ਕ੍ਰਿਸ਼ਨ ਚੰਦ ਪੰਡਾ ਵਹੀ ਹਰਿਦੁਆਰ)*

ਲਹਿਣੂ ਬੇਟਾ ਮਾਈਦਾਸ ਕਾ ਪੋਤਾ ਬਲੂ ਕਾ-ਜਲ੍ਹਾਨਾ ਸਤਰਾਂ ਸੈ ਬਾਵਨ ਫਾਗਨ ਦਿਹੁੰ ਤੇਈਸ, ਵੀਰਵਾਰ ਕੇ ਦਿਵਸ ਗੁਲੇਰ ਕੇ ਮਲ੍ਹਾਨ ਸਾਮ੍ਹੇ ਮਾਥੇ ਜੂਝ ਕਰ ਮਰਾ।

*(ਭੱਟ ਵਹੀ ਭਾਦਸੋਂ ਪਰਗਨਾ ਥਨੇਸਰ ਖਾਤਾ ਜਲ੍ਹਾਨੇ ਪੁਆਰੋਂ ਕਾ)*

ਜੀਵਨ ਸਿੰਘ ਬੇਟਾ ਪ੍ਰੇਮ ਚੰਦ ਕਾ ਪੋਤਾ ਮੂਲੇ ਕਾ-ਪੁਆਰ ਜਲਾਨਾ ਸਾਲ ਸਤਰਾਂ ਸੈ ਸਤਵੰਜਾ ਕਾਰਤਕ ਪਰਵਿਸ਼ਟੇ ਉਨੀਸ ਰਵੀਵਾਰ ਦੇ ਦਿਹੁੰ ਕਮਲੋਟ ਕੇ ਮਲ੍ਹਾਨ ਪਰਗਨਾ ਬਸਾਲੀ ਸਾਮ੍ਹੇ ਮਾਥੇ ਜੂਝ ਕਰ ਸੁਆਸ ਦੀਏ। ਆਗੇ ਗੁਰੂ ਕੀ ਗਤਿ ਗੁਰੂ ਜਾਨੇ ਗੁਰੂ ਆਪ ਭਾਣੇ ਕਾ ਖਾਬਿੰਦ, ਗੁਰੂ ਗੁਰੂ ਜਪਨਾ।

*(ਭੱਟ ਵਹੀ ਤਲਉਂਢਾ ਪਰਗਨਾ ਜੀਂਦ ਖਾਤਾ ਜਲ੍ਹਾਨੋਂ ਕਾ)*

ਉਦੈ ਸਿੰਘ ਬੇਟਾ ਮਨੀ ਸਿੰਘ ਪੋਤਾ ਮਾਈਦਾਸ ਕਾ ਪੜਪੋਤਾ ਬੱਲੂ ਰਾਇ ਕਾ ਚੰਦਰਬੰਸੀ ਭਾਰਦਵਾਜੀ ਗੋਤਰਾ ਪੁਆਰ ਬੰਸ, ਬੀਝੇ ਕਾ ਬੰਝਰਉਤ ਜਲਹਾਨਾ ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਦਿਹੁੰ ਨਿਕਲੇ ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ ਪੋਤਾ ਦੀਪ ਚੰਦ ਕਾ ਪੜਪੋਤਾ ਤਾਰਾ ਚੰਦ ਕਾ ਬੰਸ ਕਲਿਆਣ ਚੰਦ ਕੀ ਚੰਦੇਲ ਗੋਤਰਾ ਰਾਣੇ ਦੀ ਫੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।

*(ਭੱਟ ਵਹੀ ਕਰਸਿੰਧ ਪਰਗਨਾ ਸਫੀਦੋਂ)*

ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ ਗੁਰੂ ਕਾ ਬਚਨ ਪਾਇ ਸਾਲ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਮਲਕਪੁਰ ਕੇ ਮਲ੍ਹਾਨ ਪਰਗਨਾ ਰੋਪੜ ਰੰਘੜਾਂ ਗੈਲ ਜੁੱਧ ਮੇਂ ਘਾਇਲ ਹੋਇ ਗਾਮ ਕੋਟਲਾ ਪ੍ਰਗਨਾ ਨਿਹੰਗ ਖਾਨ ਕੇ ਗ੍ਰਹ ਰਹਾ। ਪੋਖ ਮਾਸੇ ਸੁਦੀ ਚੌਥ ਸ਼ਨੀਵਾਰ ਕੇ ਦਿਵਸ ਡੇਢ ਪਹਿਰ ਰੈਣ ਗਈ ਸੁਆਸ ਪੂਰੇ ਹੂਏ। ਨਿਹੰਗ ਖਾਨ ਕੀ ਪਤ ਗੁਰੂ ਰਾਖੀ, ਏਸ ਕੀ ਬੇਟੀ ਕਾ ਸਤ ਰਹਾ।

*(ਭੱਟ ਵਹੀ ਮੁਲਤਾਨੀ ਸਿੰਧੀ)*

# ਰਾਜਪੂਤਾਂ ਦੇ ਗੁਣ ਅਤੇ ਅਵਗੁਣ

ਰਾਜਪੂਤਾਂ ਵਿੱਚ ਆਮ ਜੀਵਾਂ ਵਾਂਗ ਗੁਣ ਅਤੇ ਅਵਗੁਣ ਦੋਨੋ ਹੀ ਸਨ। ਕਰਨਲ ਟਾਡ ਨੇ ਰਾਜਪੂਤਾਂ ਵਿੱਚ ਤਿੰਨ ਖਾਸ ਗੁਣ ਲਿਖੇ ਹਨ (1) ਅਹਿਸਾਨਮੰਦੀ (2) ਅਣਖ ਅਤੇ ਇੱਜ਼ਤ (3) ਵਫ਼ਾਦਾਰੀ। ਕਿਸੇ ਰਾਜਪੂਤ ਨੂੰ ਪੁੱਛੋ ਕਿ ਬੰਦੇ ਵਿੱਚ ਸਭ ਤੋਂ ਵੱਡਾ ਗੁਣ ਕੀ ਹੋਣਾ ਚਾਹੀਦਾ ਹੈ ਤਾਂ ਉਸ ਦਾ ਜਵਾਬ ਹੋਵੇਗਾ ਅਹਿਸਾਨਮੰਦੀ। ਅਹਿਸਾਨਫਰਾਮੋਸ਼ੀ ਨੂੰ ਰਾਜਪੂਤ ਇੱਕ ਕਿਸਮ ਦਾ ਗੁਨਾਹ ਸਮਝਦੇ ਹਨ। ਕਰਨਲ ਟਾਡ ਨੇ ਐਨਲਜ਼ ਆਫ ਰਾਜਪੂਤਾਨਾ ਵਾਲੀਅਮ-1 ਦੇ ਪੰਨਾ 162 'ਤੇ ਲਿਖਿਆ ਹੈ ਕਿ ਗਰੀਬ ਤੋਂ ਗਰੀਬ ਰਾਜਪੂਤ ਵੀ ਆਪਣੇ ਬਜ਼ੁਰਗਾਂ ਦੀ ਸਰਵਉੱਚਤਾ ਨੂੰ ਹੀ ਆਪਣੀ ਵਿਰਾਸਤ ਸਮਝਦਾ ਹੈ। ਭੱਟ ਵੱਲੋਂ ਬੁਜ਼ਦਿਲੀ ਦੇ ਬੋਲਾਂ ਤੋਂ ਦੁਸ਼ਮਣ ਦੇ ਹਥਿਆਰ ਨਾਲੋਂ ਜ਼ਿਆਦਾ ਡਰਦਾ ਹੈ। ਹਲ ਵਾਹੁਣਾ ਉਹ ਆਪਣੀ ਸ਼ਾਨ ਦੇ ਖਿਲਾਫ਼ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੇ ਹੱਥ ਵਿੱਚ ਬਰਛਾ ਹੋਵੇ ਤੇ ਉਹ ਸ਼ਾਹੀ ਠਾਠ ਨਾਲ ਘੋੜੇ 'ਤੇ ਸਵਾਰ ਹੋਵੇ। ਉਸ ਨਾਲੋਂ ਵੱਡੇ ਉਸ ਦਾ ਮਾਣ ਕਰਨ ਅਤੇ ਛੋਟੇ ਸਤਿਕਾਰ ਕਰਨ।

ਰਾਜਪੂਤ ਤਾਂ ਕਸਮ ਵੀ ਸ਼ਸਤਰਾਂ ਦੀ ਖਾਂਦੇ ਹਨ ਅਤੇ ਸ਼ਸਤਰਾਂ ਦਾ ਪੂਰਨ ਸਤਿਕਾਰ ਕਰਦੇ ਸਨ। ਤਲਵਾਰ, ਢਾਲ, ਤੀਰ ਕਮਾਨ, ਬਰਛਾ ਜਾਂ ਬੰਦੂਕ ਨੂੰ ਨਮਸਕਾਰ ਕਰ ਕੇ ਆਪਣੇ ਸਰੀਰ 'ਤੇ ਸਜਾਉਂਦੇ ਸਨ। ਹਥਿਆਰ ਦੇ ਇਸਤੇਮਾਲ ਵਿੱਚ ਪੂਰੀ ਮੁਹਾਰਤ ਰਖਦੇ ਸਨ ਕਿਉਂਕਿ ਉਨ੍ਹਾਂ ਨੂੰ ਆਪਣੇ ਵਡੇਰਿਆਂ ਵੱਲੋਂ ਇਹ ਪਰਪੱਕ ਕਰਾਇਆ ਗਿਆ ਸੀ ਕਿ ਜੇ ਹਥਿਆਰ ਚਲਾਉਣਾ ਨਾ ਆਉਂਦਾ ਹੋਵੇ ਤਾਂ ਉਸ ਨੂੰ ਕੋਲ ਰੱਖਣ ਨਾਲ ਤੁਸੀਂ ਆਪਣੇ ਦੁਸ਼ਮਣ ਨੂੰ ਆਪਣੀ ਕਮਜ਼ੋਰੀ ਦਾ ਫਾਇਦਾ ਦਿੰਦੇ ਹੋ। ਗੁਰੂ ਗੋਬਿੰਦ ਸਿੰਘ ਜੀ ਤੋਂ ਕਪੂਰੇ ਨੇ ਸਿੰਘਾਂ ਨੂੰ ਹਥਿਆਰਾਂ ਨੂੰ ਚੌਰ ਕਰਦਿਆਂ ਦੇਖ ਕੇ ਪੁੱਛਿਆ ਕਿ ਹਥਿਆਰਾਂ ਦੀ ਪੂਜਾ ਕਿਉਂ ਹੋ ਰਹੀ ਹੈ। ਗੁਰੂ ਜੀ ਨੇ ਕਿਹਾ ਕਿ ਹਥਿਆਰ ਬਿਨਾਂ ਨਰ ਭੇਡ ਸਮਾਨ ਹੈ। ਇਸ ਲਈ ਹਰ ਇੱਕ ਸਿੰਘ ਲਈ ਸਭ ਤਰ੍ਹਾਂ ਦੇ ਨਵੀਨ ਹਥਿਆਰ ਚਲਾਉਣੇ ਸਿਖਣਾ ਕੌਮ ਦੇ ਹਿੱਤ ਵਿੱਚ ਹੈ। ਆਪਣੇ ਆਪ ਨੂੰ ਵੱਡੇ ਕਹਾਉਣ ਵਾਲੇ ਸਰਦਾਰਾਂ ਕੋਲ ਆਮ ਲੋਕਾਂ ਨਾਲੋਂ ਵਧੀਆਂ ਲਾਇਸੈਂਸੀ ਹਥਿਆਰ ਉਨ੍ਹਾਂ ਦੀ ਰੱਖਿਆ ਲਈ ਅਜੋਕੇ ਸਮੇਂ ਵਿੱਚ ਜ਼ਰੂਰੀ ਹੋ ਗਏ ਹਨ।

* ਬਤਖਾਂ ਅਤੇ ਮੁਰਗਾਬੀਆਂ 'ਤੇ ਵੀ ਨਿਸ਼ਾਨੇ ਲਾਉਂਦੇ ਹਨ ਅਤੇ ਇਹਨਾਂ ਸ਼ਿਕਾਰਾਂ ਦਾ ਮਾਸ ਖਾਂਦੇ ਹਨ। ਰਾਜਪੂਤ ਆਪਣੇ ਘੋੜੇ, ਹਥਿਆਰਾਂ ਅਤੇ ਸੂਰਜ ਦੇਵਤਾ ਦੀ ਪੂਜਾ ਕਰਦਾ ਹੈ। ਬ੍ਰਾਹਮਣਾਂ ਦੇ ਮੰਤਰਾਂ ਨਾਲੋਂ ਭੱਟਾਂ ਦੀਆਂ ਲਿਖੀਆਂ

---

* *Annals and Antiquities of Rajashan by Tod Vol. I Page 82*

ਸੂਰਮਿਆਂ ਦੀਆਂ ਵਾਰਾਂ ਸੁਣ ਕੇ ਜ਼ਿਆਦਾ ਖੁਸ਼ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਵਾਰਾਂ ਨੂੰ ਗਾਉਣ ਦੀਆਂ ਧੁਨਾਂ ਲਿਖੀਆਂ ਗਈਆਂ ਹਨ ਜੋ ਕਿ ਉਸ ਸਮੇਂ ਦੇ ਪ੍ਰਸਿੱਧ ਯੋਧਿਆਂ ਦੀਆਂ ਵਾਰਾਂ ਦੀਆਂ ਪ੍ਰਚਲਿਤ ਧੁਨਾਂ ਸਨ। ਇਹ ਸਾਰੇ ਯੋਧੇ ਰਾਜਪੂਤ ਸਨ। ਰਾਜਪੂਤ ਮੌਤ ਨਾਲੋਂ ਵੱਧ ਇਸ ਗੱਲ ਤੋਂ ਡਰਦੇ ਸਨ ਕਿ ਕੋਈ ਭੱਟ ਉਨ੍ਹਾਂ ਨੂੰ ਡਰਪੋਕ ਨਾ ਲਿਖ ਦੇਵੇ। ਅੱਜ ਵੀ ਰਾਜਪੂਤ ਆਪਣੇ ਵਡੇਰਿਆਂ ਦੀਆਂ ਬਹਾਦਰੀ ਭਰੀਆਂ ਵਾਰਾਂ ਸੁਣ ਕੇ ਖੁਸ਼ ਹੁੰਦੇ ਹਨ।

ਮਨੂ ਨੇ ਰਾਜਿਆਂ ਨੂੰ ਆਪਣੀ ਰੱਖਿਆ ਵਾਸਤੇ ਲਿਖਿਆ ਕਿ "ਮੰਦਹਾਲੀ ਵੇਲੇ ਲਈ ਧਨ ਸੰਭਾਲਣਾ ਚਾਹੀਦਾ ਹੈ, ਧਨ ਨਾਲ ਆਪਣੀ ਪਤਨੀ ਦੀ ਰੱਖਿਆ ਕਰਨੀ ਚਾਹੀਦੀ ਹੈ, ਪਰ ਆਪਣੀ ਰੱਖਿਆ ਲਈ ਪਤਨੀ ਅਤੇ ਧਨ ਦੋਵਾਂ ਨੂੰ ਛੱਡ ਦੇਣਾ ਚਾਹੀਦਾ ਹੈ।" ਰਾਜਪੂਤਾਂ ਦਾ ਸਾਰਾ ਇਤਿਹਾਸ ਦਸਦਾ ਹੈ ਕਿ ਉਨ੍ਹਾਂ ਇਹਨਾਂ ਨਿਪੁੰਸਕ ਉਪਦੇਸ਼ਾਂ ਵੱਲ ਧਿਆਨ ਨਹੀਂ ਦਿੱਤਾ। ਬੰਦਾ ਸਿੰਘ ਬਹਾਦਰ ਆਸਾਨੀ ਨਾਲ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਆਪਣੀ ਜਾਨ ਬਚਾ ਕੇ ਨਿਕਲ ਸਕਦਾ ਸੀ। ਪਰ ਉਸ ਨੇ ਐਸਾ ਨਹੀਂ ਕੀਤਾ।

* 1 ਇਬਟਸਨ ਨੇ ਪੰਜਾਬ ਦੇ ਰਾਜਪੂਤਾਂ ਬਾਰੇ ਲਿਖਿਆ ਹੈ ਕਿ ਉਹ ਬੜੇ ਬਹਾਦਰ ਹਨ ਅਤੇ ਉਨ੍ਹਾਂ ਨੇ ਜਗੀਰਦਾਰੀ ਦੇ ਅਨਸਰ ਨੂੰ ਹੋਰ ਨੀਵੀਆਂ ਜਾਤਾਂ ਦੇ ਮੁਕਾਬਲੇ, ਚੰਗੀ ਤਰ੍ਹਾਂ ਜ਼ਿੰਦਾ ਰੱਖਿਆ ਹੈ। ਆਪਣੇ ਸ਼ੁੱਧ ਰਾਜਪੂਤੀ ਖ਼ੂਨ 'ਤੇ ਮਾਣ ਕਰਨਾ ਉਨ੍ਹਾਂ ਦੀ ਖਾਸੀਅਤ ਹੈ ਕਿਉਂਕਿ ਉਨ੍ਹਾਂ ਕੋਲ ਇਹੀ ਇੱਕ ਵੱਡੇ ਘੁਮੰਡ ਵਾਲੀ ਗੱਲ ਹੈ।

ਮੁਗਲਾਂ ਦੀਆਂ ਅਕਬਰ, ਜਹਾਂਗੀਰ ਅਤੇ ਔਰੰਗਜ਼ੇਬ ਵੇਲੇ ਜਿੱਤਾਂ ਰਾਜਪੂਤਾਂ ਦੀ ਉਨ੍ਹਾਂ ਨਾਲ ਵਫਾਦਾਰੀ ਕਾਰਨ ਹੋਈਆਂ। ਰਾਜਪੂਤ ਹਮੇਸ਼ਾ ਆਪਣੇ ਮਾਲਿਕ ਦੇ ਵਫਾਦਾਰ ਰਹਿੰਦੇ। ਮੁਗਲਾਂ ਦੇ ਆਪਣੇ ਭਰਾ ਭਤੀਜੇ ਉਨ੍ਹਾਂ ਦੇ ਪਿਠ ਮੋੜਦਿਆਂ ਹੀ ਬਗਾਵਤ ਕਰ ਦਿੰਦੇ ਰਹੇ।

* 2 ਰਾਜਾ ਮਾਨ ਸਿੰਘ ਨੇ ਅਕਬਰ ਲਈ ਕੰਧਾਰ ਤੋਂ ਅਰਾਕਾਨ (ਆਸਾਮ) ਤੱਕ ਦਾ ਇਲਾਕਾ ਆਪਣੀ ਰਾਜਪੂਤੀ ਫੌਜ ਨਾਲ ਜਿੱਤਿਆ। ਜਦੋਂ ਪੱਛਮ ਦੀ ਮੁਹਿੰਮ 'ਤੇ ਜਾਂਦਿਆਂ ਮਾਨ ਸਿੰਘ ਨੇ ਅਟਕ ਦਰਿਆ ਤੋਂ ਅੱਗੇ ਜਾਣ ਤੋਂ ਅਸਮਰੱਥਾ ਪ੍ਰਗਟਾਈ ਕਿ ਇਹ ਦਰਿਆ ਉਸ ਦੇ ਪੂਰਵਜ਼ਾਂ ਵੱਲੋਂ ਹੱਦ ਮਿਥੀ ਹੋਈ ਹੈ ਤਾਂ ਅਕਬਰ ਨੇ ਰਾਜਸਥਾਨੀ ਭਾਸ਼ਾ ਵਿੱਚ ਇਹ ਲਿਖ ਕੇ ਭੇਜਿਆ।

*ਸਭੀ ਭੂਮੀ ਗੋਪਾਲ ਕੀ, ਜਾ ਮੇਂ ਅਟਕ ਕਾਹਾ।*

---

*1 *A Glossary of the Tribes and Castes of Punjab and N.W.F. Vol. III Page 302*

*2 *Annals and Antiquities of Rajasthan by Toad Vol. I Page 391*

*ਜਾਂ ਕੇ ਮਨ ਮੇਂ ਅਟਕ ਹੈ, ਸੋਈ ਅਟਕ ਰਾਹਾ।*

ਰਾਜਪੂਤ ਕੇਸਰੀ ਕੱਪੜੇ ਪਾ ਕੇ ਰਣ ਵਿੱਚ ਜੂਝ ਕੇ ਮਰਨ ਨੂੰ ਆਪਣੀ ਸ਼ਾਨ ਸਮਝਦੇ। ਮੌਤ ਦਾ ਡਰ ਤਾਂ ਇਹਨਾਂ ਦੇ ਖ਼ੂਨ ਵਿੱਚ ਹੈ ਹੀ ਨਹੀਂ। ਦੁਨਿਆਵੀ ਮਹਿਲਾਂ ਦੀ ਨਕਲ ਤਾਂ ਹਰ ਕੋਈ ਕਰ ਸਕਦਾ ਹੈ। ਉਨ੍ਹਾਂ ਤੋਂ ਵੀ ਆਲੀਸ਼ਾਨ ਮਹਿਲ ਬਣਾਏ ਜਾ ਸਕਦੇ ਹਨ ਪਰ ਰਾਜਪੂਤਾਂ ਨੇ ਜੋ ਕੁਰਬਾਨੀਆਂ ਦੇ ਮਹਿਲ ਉਸਾਰੇ ਹਨ ਉਨ੍ਹਾਂ ਵਰਗੇ ਉਸਾਰਨ ਦਾ ਹੌਸਲਾ ਕਿਸ ਵਿੱਚ ਹੈ?

*1 ਰਾਜਪੂਤਾਂ ਦੀਆਂ ਅਸਲਫਤਾਵਾਂ ਬਾਰੇ ਡਾਕਟਰ ਫੌਜਾ ਸਿੰਘ ਲਿਖਦੇ ਹਨ "ਸੁਕਰਾਤ ਅਨੁਸਾਰ ਕਿਸੇ ਸਿਪਾਹੀ ਅਤੇ ਸਿਆਸਤਦਾਨ ਜਰਨੈਲ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ ਕਿ ਉਹ ਆਪਣੇ ਸਿਪਾਹੀਆਂ ਦੇ ਰਾਸ਼ਨ ਪਾਣੀ ਅਤੇ ਹੋਰ ਲੋੜੀਂਦੇ ਸਮਾਨ ਦਾ ਖਿਆਲ ਰੱਖੇ ਜੋ ਉਨ੍ਹਾਂ ਨੂੰ ਜੰਗ ਸਮੇਂ ਠੀਕ ਤਰ੍ਹਾਂ ਮਿਲਦਾ ਰਹੇ। ਉਸ ਦੀ ਅੱਖ ਬਾਜ਼ ਵਰਗੀ ਹੋਵੇ, ਉਹ ਚਲਾਕ ਹੋਵੇ ਅਤੇ ਅਣਥੱਕ ਹੋਵੇ। ਉਹ ਆਪਣੇ ਸਿਪਾਹੀਆਂ ਵਿੱਚ ਅਨੁਸ਼ਾਸਨ ਰੱਖ ਸਕਦਾ ਹੋਵੇ ਕਿਉਂਕਿ ਅਨੁਸ਼ਾਸਨਹੀਣ ਫੌਜ ਇੱਕ ਰੋੜਿਆਂ ਦੇ ਢੇਰ ਸਮਾਨ ਹੁੰਦੀ ਹੈ। ਰਾਜਪੂਤਾਂ ਦੀ ਲੜਾਈ ਦਾ ਢੰਗ ਵੀ ਕੁਝ ਇਸੇ ਤਰ੍ਹਾਂ ਦਾ ਸੀ। ਇੱਕ ਮਿਲਟਰੀ ਅਥਾਰਟੀ ਅਨੁਸਾਰ ਲੜਾਈ ਵਿੱਚ ਕਾਮਯਾਬੀ ਲਈ ਤਿੰਨ ਗੁਣਾਂ ਦੀ ਲੋੜ ਹੈ:-

(1) ਹੌਸਲਾ (2) ਪ੍ਰਬੰਧ ਅਤੇ ਲੜਾਈ ਦਾ ਸਾਮਾਨ (3) ਸੁਚੱਜੀ ਅਗਵਾਈ। ਰਾਜਪੂਤਾਂ ਕੋਲ ਹੌਸਲਾ ਪੂਰਾ ਸੀ ਪਰ ਦੇਸ਼ ਦੀ ਸੁਰੱਖਿਆ ਨਾਲੋਂ ਉਨ੍ਹਾਂ ਨੂੰ ਆਪਣੀ ਜਾਤੀ ਆਨ-ਸ਼ਾਨ ਦਾ ਜ਼ਿਆਦਾ ਫਿਕਰ ਸੀ। ਉਨ੍ਹਾਂ ਕੋਲ ਲੜਾਈ ਦਾ ਸਾਮਾਨ ਵੀ ਮਾਮੂਲੀ ਜਿਹਾ ਹੁੰਦਾ ਅਤੇ ਪ੍ਰਬੰਧ ਨਾ ਹੋਣ ਬਰਾਬਰ ਹੁੰਦਾ ਸੀ। ਉਨ੍ਹਾਂ ਦੀ ਅਗਵਾਈ ਵੀ ਆਦਿ ਕਾਲ ਸਮੇਂ ਵਾਲੀ ਸੀ।

ਉਹ ਵਿਦੇਸ਼ੀ ਹਮਲਾਵਰਾਂ ਦੇ ਵਿਰੁੱਧ ਇਕੱਠੇ ਨਾ ਹੋਏ ਤੇ ਨਾ ਹੀ ਉੱਤਰ ਪੱਛਮ ਵੱਲ ਦੇ ਹਮਲਿਆਂ ਤੋਂ ਖਤਰੇ ਬਾਰੇ ਪਹਿਲਾਂ ਸੋਚਦੇ। ਮੁਹੰਮਦ ਗੌਰੀ ਤਾਂ ਹਾਰ ਖਾ ਕੇ ਦੁਬਾਰਾ ਹਮਲੇ ਦੀਆਂ ਤਿਆਰੀਆਂ ਕਰ ਰਿਹਾ ਸੀ ਪਰ ਪ੍ਰਿਥਵੀ ਰਾਜ ਚੌਹਾਨ ਆਪਣੀ ਐਸ਼ ਵਿੱਚ ਮਸਤ ਸੀ। ਦੁਸ਼ਮਣ ਵਿਰੁੱਧ ਜਾਸੂਸੀ ਨੂੰ ਉਨ੍ਹਾਂ ਹਮੇਸ਼ਾ ਅਣਡਿਠਾ ਕੀਤਾ।

ਕਲਕੱਤੇ ਤੋਂ ਜਿੱਤਦੇ-ਜਿੱਤਦੇ ਅੰਗਰੇਜ਼ ਰਾਜਪੂਤਾਨੇ ਤੱਕ ਪਹੁੰਚ ਗਏ। ਕਰਨਲ ਟਾਡ ਅੰਗਰੇਜ਼ਾਂ ਦਾ, ਪੁਲੀਟੀਕਲ ਏਜੰਟ, ਆਪਣੀ ਸਿਆਣਪ ਨਾਲ ਸਾਰੇ ਰਾਜਸਥਾਨ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਅੰਗਰੇਜ਼ ਸਾਮਰਾਜ ਦੇ ਅਧੀਨ ਕਰਨ ਵਿੱਚ ਸਫਲ ਹੋ ਗਿਆ। ਕਰਨਲ ਟਾਡ ਨੇ ਕੋਟਾ ਦੇ ਵਜ਼ੀਰ ਜ਼ਾਲਿਮ ਸਿੰਘ ਨੂੰ ਯਕੀਨ ਦੁਆਉਣ ਲਈ ਕਿਹਾ ਕਿ ਸਾਡਾ ਇਰਾਦਾ ਹੋਰ ਇਲਾਕਾ ਜਿੱਤਣ ਦਾ ਨਹੀਂ।" ਉਸ ਦੇ ਜਵਾਬ ਵਿੱਚ ਵਜ਼ੀਰ ਜ਼ਾਲਿਮ ਸਿੰਘ ਨੇ ਜੋ ਲਫਜ਼ ਕਹੇ ਉਹ ਬੜੇ ਧਿਆਨਯੋਗ

---

* *History of Punjab by Dr. Fauja Singh Page 124*

ਹਨ।

*1 "ਤੁਸੀਂ ਜੋ ਕਹਿੰਦੇ ਹੋ ਉਸ 'ਤੇ ਮੈਂ ਯਕੀਨ ਕਰਦਾ ਹਾਂ ਪਰ ਸਮਾਂ ਆਵੇਗਾ ਜਦੋਂ ਸਾਰੇ ਭਾਰਤ 'ਤੇ ਇੱਕੋ ਸਿੱਕਾ ਚੱਲੇਗਾ। ਤੁਸੀਂ ਮਹਾਰਾਜ ਬੜੇ ਸ਼ੁਭ ਸਮੇਂ ਪੈਰ ਧਰਿਆ, ਫੁੱਟ ਪੱਕ ਕੇ ਤਿੜੀ ਹੋਈ ਸੀ ਤੇ ਤੁਸੀਂ ਥੋੜ੍ਹੀ-ਥੋੜ੍ਹੀ ਕਰ ਕੇ ਖਾਣੀ ਸ਼ੁਰੂ ਕਰ ਦਿੱਤੀ, ਤੁਹਾਡੀ ਤਾਕਤ ਦਾ ਸਦਕਾ ਨਹੀਂ, ਇਹ ਸਾਡੀ ਆਪਸ ਵਿੱਚ ਪਾਟੋਧਾੜ ਹੈ ਜਿਸ ਕਾਰਨ ਤੁਸੀਂ ਇਸ ਦੇਸ਼ ਦੇ ਮਾਲਕ ਬਣੇ ਹੋ ਤੇ ਬਣੇ ਰਹੋਗੇ।"

ਰਾਜਪੂਤਾਂ ਦੀ ਆਪਸੀ ਦੁਸ਼ਮਣੀ ਕਾਰਨ, ਰਾਜਸਥਾਨ ਦਾ ਅਨਮੋਲ, ਅਣਖੀਲਾ ਖ਼ੂਨ, ਦੇਸ਼ 'ਤੇ ਹਮਲਾ ਕਰਨ ਵਾਲਿਆਂ ਵਿਰੁੱਧ ਵਗਣ ਦੀ ਥਾਂ ਐਵੇਂ ਅਜਾਈਂ ਰੇਤੇ ਦੇ ਟਿੱਬਿਆਂ 'ਤੇ ਡੁੱਲ੍ਹਿਆ।

ਇੱਕ ਹੋਰ ਭੈੜੀ ਆਦਤ ਸਭ ਹੀ ਰਾਜਪੂਤਾਂ ਵਿੱਚ ਅਫੀਮ ਦਾ ਹੱਦ ਤੋਂ ਵੱਧ ਪ੍ਰਯੋਗ ਕਰਨਾ ਤੇ ਅਫੀਮ ਤੋਂ ਬਾਅਦ ਹੁੱਕਾ ਪੀਣਾ ਸੀ। ਕਈ ਵਾਰੀ ਤਾਂ ਨਸ਼ੇ ਵਿੱਚ ਬੇਹੋਸ਼ ਹੋ ਜਾਂਦੇ ਤਾਂ ਚੂੰਢੀਆਂ ਵੱਢਣ 'ਤੇ ਵੀ ਉਨ੍ਹਾਂ ਨੂੰ ਜਾਗ ਨਾ ਆਉਂਦੀ। ਇਹੋ ਜਿਹੇ ਅਮਲ ਖਾਣ ਵਾਲੇ ਬਿਨਾ ਅਮਲ ਤੋਂ ਇੱਕ ਖਰਗੋਸ਼ ਜਿੰਨੀ ਤਾਕਤ ਵੀ ਨਹੀਂ ਰਖਦੇ। ਜੇਕਰ ਉਨ੍ਹਾਂ ਤੋਂ ਕਿਸੇ ਹੋਰ ਗੋਤ ਵਾਲਾ ਹੁੱਕਾ ਮੰਗ ਲੈਂਦਾ ਤਾਂ ਇਹ ਇਸ ਗੱਲ ਦਾ ਗੁੱਸਾ ਕਰਦੇ ਸਨ।

ਜੇਕਰ ਪਹਾੜੀ ਰਾਜਪੂਤ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਅਨੁਸਾਰ ਸਿੱਖ ਬਣ ਜਾਂਦੇ ਤਾਂ ਸ਼ਾਇਦ ਬਹੁਤ ਜਲਦੀ ਦਿੱਲੀ 'ਤੇ ਰਾਜਪੂਤਾਂ ਦਾ ਰਾਜ ਹੁੰਦਾ। ਇੱਕ ਤਾਂ ਸਿੱਖ ਬਣ ਕੇ ਨਸ਼ਿਆਂ ਤੋਂ ਛੁਟਕਾਰਾ ਮਿਲ ਜਾਂਦਾ ਤੇ ਕਮਾਈ ਵਿੱਚ ਬਰਕਤ ਪੈਂਦੀ, ਦੂਜੇ ਸਿਹਤ ਠੀਕ ਰਹਿੰਦੀ। ਹੁਣ ਹਿੰਦੂ ਰਾਜਪੂਤ ਤੁਲਨਾ ਕਰਕੇ ਦੇਖ ਲੈਣ ਕਿ ਉਨ੍ਹਾਂ ਦੇ ਮੁਕਾਬਲੇ ਸਿੱਖ ਰਾਜਪੂਤਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਬਖਸ਼ਿਸ਼ਾਂ ਦੀ ਵਰਖਾ ਹੋ ਰਹੀ ਹੈ ਤੇ ਕਈ ਪਹਾੜੀਏ ਰਾਜਪੂਤ ਮੈਦਾਨੀ ਇਲਾਕਿਆਂ ਵਿੱਚ ਹੋਟਲਾਂ 'ਤੇ ਭਾਂਡੇ ਮਾਂਜਦੇ ਹਨ। ਕੋਈ ਵੀ ਸਿੱਖ ਰਾਜਪੂਤ ਘਟੀਆ ਕਿਸਮ ਦਾ ਕੰਮ ਕਰਦਾ ਨਜ਼ਰ ਨਹੀਂ ਆਉਂਦਾ।

ਰਾਜਪੂਤ ਰਾਜਿਆਂ ਵਿੱਚ ਇਹ ਵੀ ਕਮਜ਼ੋਰੀ ਸੀ ਕਿ ਬਿਨ੍ਹਾ ਸੋਚ ਵਿਚਾਰ ਦੇ ਬ੍ਰਾਹਮਣਾਂ ਨੂੰ ਆਪਣੇ ਸਾਧਨਾਂ ਤੋਂ ਕਿਤੇ ਵੱਧ ਦਾਨ ਦਿੰਦੇ। ਪਹਿਲਾਂ ਬ੍ਰਾਹਮਣ ਪੜ੍ਹੇ ਲਿਖੇ, ਵੇਦਾਂ, ਸ਼ਾਸਤਰਾਂ ਦੇ ਜਾਣੂ ਅਤੇ ਨੀਤੀ ਸ਼ਾਸਤਰ ਦੇ ਵੀ ਗਿਆਨੀ ਹੁੰਦੇ ਹਨ।

*2 ਪਰ ਜਦੋਂ ਤੋਂ ਬ੍ਰਾਹਮਣ ਦਾ ਰੁਤਬਾ ਪਿਤਾ ਪੁਰਖੀ ਹੋ ਗਿਆ ਤਾਂ ਬ੍ਰਾਹਮਣਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਬ੍ਰਾਹਮਣ ਬਣਨ ਦੀਆਂ ਯੋਗਤਾਵਾਂ ਵੱਲ ਧਿਆਨ

---

*1 *Annals and Antiquties of Rajasthan by Tod Vol. II Page 883*

*2 *(ਮੁੱਖ ਬੰਦ ਵਿਚੋਂ A Glossary of the Tribes and Castes of Punjab) and NWF*

ਦੇਣਾ ਹੀ ਛੱਡ ਦਿੱਤਾ।

ਪੁਰਾਣੇ ਸਮਿਆਂ ਤੋਂ ਰਾਜੇ ਆਪਣੇ ਰਾਜਕੁਮਾਰਾਂ ਦੀ ਵਿੱਦਿਆ ਲਈ ਚੰਗੇ ਆਚਰਣ ਵਾਲੇ ਬ੍ਰਾਹਮਣਾਂ ਨੂੰ ਨਿਯੁਕਤ ਕਰਦੇ ਸਨ। ਵਿੱਦਿਆ ਪੜ੍ਹਨ ਸਮੇਂ ਤੋਂ ਰਾਜਕੁਮਾਰ ਆਪਣੇ ਪੜ੍ਹਾਉਣ ਵਾਲੇ ਦੀ ਗੁਰੂ ਦੀ ਤਰ੍ਹਾਂ ਇੱਜ਼ਤ ਕਰਦੇ ਸਨ ਤੇ ਜਦੋਂ ਉਹ ਰਾਜ ਗੱਦੀ 'ਤੇ ਬੈਠਦੇ ਤਾਂ ਆਪਣੇ ਗੁਰੂ ਨੂੰ ਖੁਸ਼ ਕਰਨ ਲਈ ਆਪਣੇ ਆਪ ਨੂੰ ਸੋਨੇ ਵਿੱਚ ਤੋਲ ਕੇ ਸੋਨਾ ਬ੍ਰਾਹਮਣਾਂ ਨੂੰ ਦਾਨ ਕਰਦੇ। ਉਨ੍ਹਾਂ ਦੇ ਗੁਜ਼ਾਰੇ ਲਈ ਗਊਆਂ ਅਤੇ ਜ਼ਮੀਨ ਦੀਆਂ ਜਗੀਰਾਂ ਵੀ ਦਿੰਦੇ ਸਨ। ਆਮ ਕਿਸਾਨ ਵੀ ਬ੍ਰਾਹਮਣਾਂ ਨੂੰ ਆਪਣੀ ਫਸਲ ਦਾ ਚਾਲੀਵਾਂ ਹਿੱਸਾ (ਸੇਰਨਾ), ਜਾਂ ਮੱਕੀ ਦੀ ਇੱਕ ਭਰੀ, ਗੁੜ, ਦਾਲਾਂ ਅਤੇ ਤੇਲ ਵੀ ਦਿੰਦੇ ਸਨ। ਬ੍ਰਾਹਮਣਾਂ ਦੀ ਜ਼ਮੀਨ ਵਾਹੁਣੀ ਬੀਜਣੀ, ਕੰਮੀਆਂ ਨੇ ਮੁਫਤ ਗੋਡੀ ਕਰਨੀ ਅਤੇ ਮੁਫ਼ਤ ਹੀ ਬ੍ਰਾਹਮਣਾਂ ਦੀਆਂ ਗਊਆਂ ਚਾਰ ਕੇ ਲਿਆਉਣੀਆਂ ਅਤੇ ਗੋਹਾ ਕੂੜਾ ਚੁੱਕਣਾ। ਜੈਨ ਮਤ ਦੇ ਪੁਜਾਰੀਆਂ ਦਾ ਵੀ ਰਾਜਪੂਤ ਰਾਜਿਆਂ 'ਤੇ ਕਾਫੀ ਅਸਰ ਸੀ। ਰਾਜਾ ਰਾਜ ਸਿੰਘ ਜੋ ਔਰੰਗਜ਼ੇਬ ਦਾ ਸਮਕਾਲੀ ਸੀ, ਵੱਲੋਂ ਪੱਥਰਾਂ 'ਤੇ ਉੱਕਰੇ ਲੇਖ ਮਿਲਦੇ ਹਨ ਜੋ ਤੇਲੀਆਂ ਅਤੇ ਘੁਮਾਰਾਂ 'ਤੇ ਲਾਗੂ ਸਨ ਕਿ ਜਦੋਂ ਚਾਰ ਮਹੀਨੇ ਮਿੱਟੀ ਵਿਚ ਤੇ ਤੇਲ ਬੀਜਾਂ ਵਿੱਚ ਜੀਵ ਬਹੁਤ ਹੁੰਦੇ ਹਨ ਉਹ ਆਪਣਾ ਕੰਮ ਬੰਦ ਰੱਖਣ।

ਇਸ ਤਰ੍ਹਾਂ ਦਾਨ ਲੈ ਲੈ ਕੇ ਬ੍ਰਾਹਮਣ ਕਈ ਰਾਜਾਂ ਦੇ ਅਮੀਰ ਤੋਂ ਅਮੀਰ ਬੰਦਿਆਂ ਵਿੱਚ ਗਿਣੇ ਜਾਣ ਲੱਗੇ। ਇੱਕ ਸਮੇਂ ਉਦਯਪੁਰ ਰਾਜ ਦੀ ਜਗੀਰ ਦਾ ਪੰਜਵਾਂ ਹਿੱਸਾ ਬ੍ਰਾਹਮਣਾਂ ਕੋਲ ਜਗੀਰ ਵਜੋਂ ਚਲੇ ਗਿਆ। ਇੱਕ ਧਾਰਮਿਕ ਸਮਾਗਮ ਵਿੱਚ ਜੈਪੁਰ ਦੇ ਰਾਜਾ ਨੇ ਆਪਣੇ ਆਪ ਨੂੰ ਸੋਨੇ ਵਿੱਚ ਤੋਲ ਕੇ ਸੋਨਾ ਬ੍ਰਾਹਮਣਾਂ ਨੂੰ ਦਾਨ ਕੀਤਾ ਤੇ ਉਸ ਨੇ ਹਾਸੇ ਵਿੱਚ ਉਦਯਪੁਰ ਦੇ ਰਾਣਾ ਨੂੰ, ਜੋ ਰਿਸ਼ਤੇ ਵਿੱਚ ਉਸ ਦਾ ਸਾਲਾ ਲੱਗਦਾ ਸੀ, ਕਿਹਾ ਕਿ ਉਹ ਵੀ ਆਪਣੇ ਆਪ ਨੂੰ ਸੋਨੇ ਵਿੱਚ ਤੋਲ ਕੇ ਸੋਨਾ ਦਾਨ ਕਰੇ। ਉਦਯਪੁਰ ਦੇ ਰਾਣਾ ਨੇ ਕਿਹਾ ਕਿ ਤੂੰ ਪਹਿਲਾਂ ਆਪਣੇ ਰਾਜ ਦੀ 1/5 ਜ਼ਮੀਨ ਦਾਨ ਕਰ ਤੇ ਫੇਰ ਮੇਰੇ ਬਰਾਬਰ ਹੋਵੇਂਗਾ।

ਰਾਜਾ ਮਾਨ ਨੂੰ ਮਾਰਵਾੜ ਦੀ ਗੱਦੀ 'ਤੇ ਬਿਠਾਉਣ ਲਈ ਦੇਵ ਨਾਥ ਨਾਮੀਂ ਪੰਡਿਤ ਨੇ ਇੱਕ ਕਪਟ ਭਰਿਆ ਕੰਮ ਕੀਤਾ ਸੀ। ਜਿਸ ਬਦਲੇ ਗੱਦੀ 'ਤੇ ਬੈਠਦਿਆਂ ਹੀ ਰਾਣਾ ਨੇ ਨਾਥ ਜੀ ਨੂੰ ਹਰ ਜ਼ਿਲ੍ਹੇ ਵਿੱਚ ਖੁੱਲ੍ਹੀਆਂ ਜਗੀਰਾਂ ਲਾਈਆਂ ਤੇ ਇਸ ਤਰ੍ਹਾਂ ਦੇਵਨਾਥ ਉਦਯਪੁਰ ਦਾ ਸਭ ਤੋਂ ਵੱਡਾ ਜਗੀਰਦਾਰ ਹੋ ਗਿਆ। ਰਾਣਾ ਨੇ ਉਸ ਦੇ ਕਹਿਣ 'ਤੇ 84 ਮੰਦਰ ਬਣਵਾਏ ਜਿਨ੍ਹਾਂ ਵਿੱਚ ਉਸ ਦੇ ਵੇਹਲੜ ਚੇਲੇ ਜੋ ਕਿ ਨਾ ਤਾਂ ਵੇਦਾਂ ਸ਼ਾਸਤਰਾਂ ਦੇ ਜਾਣੂ ਸਨ ਤੇ ਨਾ ਹੀ ਪ੍ਰਭੂ ਦਾ ਨਾਮ ਜਪਦੇ, ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਕੀਤੇ ਚੜ੍ਹਾਵਿਆਂ 'ਤੇ ਪਲਦੇ ਸਨ।

ਅਨਪੜ੍ਹ ਬ੍ਰਾਹਮਣਾਂ ਨੂੰ ਮਨੂ ਨੇ "ਕਾਠ ਦੇ ਹਾਥੀ ਜਾਂ ਚਮੜੇ ਦੇ ਖਰਬੂਜੇ" ਠੀਕ

ਹੀ ਲਿਖਿਆ ਹੈ। ਚਾਣੱਕਯ ਦਾ ਵਿਚਾਰ ਸੀ ਕਿ ਵਿਹਲੇ ਫਿਰਦੇ ਸਾਧਾਂ ਦੀਆਂ ਟੋਲੀਆਂ ਰਾਜ 'ਤੇ ਭਾਰ ਹਨ।

* ਨਾ ਚਾਹੁੰਦੇ ਹੋਏ ਵੀ ਕਿਤੇ ਕਿਤੇ ਮੁਸਲਮਾਨ ਬਾਦਸ਼ਾਹਾਂ ਦੀ ਨੀਤੀ ਦੀਆਂ ਕੁਝ ਘਟਨਾਵਾਂ ਦਾ ਵਰਨਣ ਕਰਨਾ ਜ਼ਰੂਰੀ ਬਣ ਜਾਂਦਾ ਹੈ। ਬ੍ਰਾਹਮਣਾਂ ਦੀ ਲੁੱਟ-ਖਸੁੱਟ ਦੀ ਤਰ੍ਹਾਂ ਮੁਸਲਮਾਨ ਮੌਲਾਣੇ ਵੀ ਬਾਦਸ਼ਾਹਾਂ ਦੀ ਦਿਮਾਗੀ ਕਮਜ਼ੋਰੀ ਦਾ ਲਾਭ ਉਠਾ ਰਹੇ ਸਨ। ਈਰਾਨ ਦੇ ਤਖਤ 'ਤੇ ਬੈਠਦਿਆਂ ਹੀ ਨਾਦਰਸ਼ਾਹ ਨੇ ਸਭ ਵੱਡੇ-ਵੱਡੇ ਮੁਲਾਵਾਂ ਦੀ ਇੱਕ ਇਕੱਤਰਤਾ ਬੁਲਾਈ। ਇਸ ਇਕੱਠ ਵਿੱਚ ਸਾਰੇ ਦੇਸ ਦੇ ਉੱਘੇ ਮਜ਼ਹਬੀ ਆਗੂ ਹਾਜ਼ਰ ਹੋਏ। ਨਾਦਰਸ਼ਾਹ ਦੇ ਫੌਜੀ ਵੀ ਬੈਠੇ ਸਨ। ਸਭ ਤੋਂ ਵੱਡੇ ਮੁੱਲਾਂ ਬਾਸ਼ੀ ਨੇ ਆਪਣੀ ਤਕਰੀਰ ਇਸ ਤਰ੍ਹਾਂ ਕੀਤੀ:-

"ਮਜ਼ਹਬ ਦੇ ਮਾਮਲੇ ਵਿੱਚ ਸਾਡੇ ਕੋਲ ਰੱਬ ਦਾ ਕਾਨੂੰਨ ਹੈ ਅਤੇ ਮੁਹੰਮਦ ਸਾਹਿਬ ਦੀ ਪਰੰਪਰਾ ਹੈ ਜੋ ਸਾਨੂੰ ਹਰ ਮਾਮਲੇ 'ਤੇ ਸਹੀ ਅਗਵਾਈ ਦੇ ਰਹੀ ਹੈ। ਬਾਦਸ਼ਾਹਾਂ ਨੂੰ ਇਸ ਵਿੱਚ ਦਖਲ ਦੇ ਕੇ ਤਬਦੀਲੀ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਬਣ ਚੁੱਕੀਆਂ ਪਰੰਪਰਾਵਾਂ ਨੂੰ ਤੋੜਨਾ ਚਾਹੀਦਾ ਹੈ।"

ਨਾਦਰਸ਼ਾਹ ਲਈ ਐਹੋ ਜਿਹੇ ਸ਼ਬਦ ਸੁਣ ਸਕਣੇ ਬੜੇ ਔਖੇ ਸਨ ਤੇ ਉਸ ਨੇ ਤੁਰੰਤ ਹੀ ਮੁੱਲਾਂ ਨੂੰ ਗਲ ਘੁੱਟ ਕੇ ਮਾਰਨ ਦਾ ਹੁਕਮ ਦੇ ਦਿੱਤਾ। ਬਾਕੀ ਮੁਲਾਵਾਂ ਤੋਂ ਨਾਦਰ ਨੇ ਪੁੱਛਿਆ ਕਿ ਰਾਜ ਵੱਲੋਂ ਦਿੱਤੀ ਵਿੱਤੀ ਸਹਾਇਕਾ ਦਾ ਉਹ ਕਿਸ ਤਰ੍ਹਾਂ ਇਸਤੇਮਾਲ ਕਰਦੇ ਹਨ। ਉਨ੍ਹਾਂ ਕਿਹਾ ਕਿ ਮਜ਼ਹਬੀ ਕੰਮਾਂ ਲਈ, ਮਦਰੱਸੇ ਚਲਾਉਣ ਲਈ, ਮਸਜਿਦਾਂ ਦੇ ਸੇਵਾਦਾਰਾਂ ਦੀਆਂ ਤਨਖਾਹਾਂ ਲਈ ਅਤੇ ਹਰ ਨਮਾਜ਼ ਸਮੇਂ ਬਾਦਸ਼ਾਹ ਸਲਾਮਤ ਦੀਆਂ ਬਾਹਾਂ ਵਿੱਚ ਤਾਕਤ ਲਈ ਦੁਆ ਅਤੇ ਸਲਾਮਤੀ ਦੀ ਅੱਲ੍ਹਾ ਤੋਂ ਖੈਰ ਮੰਗਣ ਲਈ। ਨਾਦਰਸ਼ਾਹ ਨੇ ਕਿਹਾ "ਮੈਨੂੰ ਲੱਗਦਾ ਹੈ ਕਿ ਤੁਹਾਡੀਆਂ ਦੁਆਵਾਂ ਅੱਲ੍ਹਾ ਦੀ ਦਰਗਾਹ ਵਿੱਚ ਸੁਣੀਆਂ ਨਹੀਂ ਗਈਆਂ ਤਾਂ ਹੀ ਤਾਂ ਫਾਰਸ ਦੇ ਰਾਜ ਦਾ ਇਹ ਹਾਲ ਹੋਇਆ ਹੈ ਕਿ ਕਿਸੇ ਦੀ ਵੀ ਜਾਨ ਦੀ ਰੱਖਿਆ ਵਾਸਤੇ ਖੁਦਾ ਨੇ ਮੈਨੂੰ ਭੇਜਿਆ ਹੈ।" ਆਪਣੇ ਫੌਜੀਆਂ ਵੱਲ ਇਸ਼ਾਰਾ ਕਰ ਕੇ ਕਿਹਾ "ਕਿ ਇਹਨਾਂ ਨੇ ਫਾਰਸ ਦੇ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਮੇਰੇ ਝੰਡੇ ਹੇਠਾਂ ਇਕੱਠੇ ਹੋ ਕੇ ਕੀਤੀ ਹੈ ਤੇ ਮੈਂ ਸਾਰੀਆਂ ਮਜ਼ਹਬੀ ਜਗੀਰਾਂ ਅਤੇ ਆਮਦਨੀ ਦੇ ਸਾਧਨ ਜ਼ਬਤ ਕਰਕੇ ਇਹਨਾਂ ਵਿੱਚ ਵੰਡਣ ਦਾ ਹੁਕਮ ਕਰਦਾ ਹਾਂ।" ਇਸ ਤਰ੍ਹਾਂ ਕਰਨ ਨਾਲ ਤਕਰੀਬਨ 3,000,000 ਪੌਂਡ ਸਾਲਾਨਾ ਸਰਕਾਰ ਨੂੰ ਬੱਚਤ ਹੋ ਗਈ। ਮੁਲਾਵਾਂ ਨੂੰ ਆਪਣੀ ਰੋਜ਼ੀ ਰੋਟੀ ਲਈ ਹੋਰ ਸਾਧਨ ਲੱਭਣ ਦੀ ਹਦਾਇਤ ਕੀਤੀ।

ਜੇ ਕੋਈ ਰਾਜਾ ਦਾਨ ਨਾ ਦੇਵੇ ਬ੍ਰਾਹਮਣ ਉਸ ਨੂੰ ਗ੍ਰਹਿਆਂ ਦਾ ਭੈਅ ਦੇ ਕੇ ਵੀ ਦਾਨ ਲੈ ਲੈਂਦੇ ਸਨ। ਗ੍ਰਹਿਆਂ ਨੂੰ ਸ਼ਾਂਤ ਕਰਨ ਦੇ ਉਪਾਅ ਇਸ ਤਰ੍ਹਾਂ ਦੇ ਦੱਸਦੇ ਕਿ

---

* *History of the Punjab by Sayyad Mohammad Latif Page 197*

ਪੂਜਾ ਬ੍ਰਾਹਮਣਾਂ ਤੋਂ ਹੀ ਕਰਵਾਈ ਜਾਵੇ।

*"ਪੂਜਾ ਤਿਲਕ ਕਰਤ ਇਸਨਾਨਾ॥ ਛੁਰੀ ਕਾਢ ਲੇਵੈ ਹਥ ਦਾਨਾ॥*
*ਬੇਦ ਪੜ੍ਹੇ ਮੁੱਖ ਮੀਠੀ ਬਾਣੀ॥ ਜੀਆਂ ਕੁਹਤ ਨਾ ਸੰਗੈ ਪਰਾਣੀ॥"*

***(ਗਉੜੀ ਮ. 5, ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 201)***

ਇਹ ਮਾਇਆ ਬ੍ਰਾਹਮਣਾਂ ਨੂੰ ਨਹੀਂ, ਸਭ ਨੂੰ ਪੁੱਠੇ ਪਾ ਦਿੰਦੀ ਹੈ। ਪਰ ਜੋ ਪੰਡਿਤ ਹੋ ਕੇ ਦੂਜਿਆਂ ਨੂੰ ਚੰਗੇ ਪਾਸੇ ਲਾਉਣ ਦੀ ਥਾਂ ਆਪ ਇਸ ਦਲਦਲ ਵਿੱਚ ਫਸੇ। "ਮਾਇਆ ਕਾ ਮਹੁਤਾਜ ਪੰਡਿਤੁ ਕਹਾਵੈ"

***(ਗਉੜੀ ਮ. 3ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 231)***

ਆਪਣੇ ਆਪ ਨੂੰ ਬ੍ਰਾਹਮਣ ਕਹਾਉਣ ਦਾ ਹੱਕਦਾਰ ਨਹੀਂ ਹੈ। ਬ੍ਰਾਹਮਣ ਦੇ ਘਰ ਪੈਦਾ ਹੋਣ ਨਾਲ ਹੀ ਬ੍ਰਾਹਮਣ ਨਹੀਂ ਹੋ ਸਕਦਾ ਉਸ ਦਾ ਉੱਚਾ-ਸੁੱਚਾ ਆਚਰਣ, ਵੇਦਾਂ ਦਾ ਪੜ੍ਹਨਾ, ਪੜ੍ਹਾਉਣਾ ਤੇ ਸਮਾਜ ਨੂੰ ਠੀਕ ਅਗਵਾਈ ਦੇਣ ਦੇ ਗੁਣ ਹੋਣੇ ਚਾਹੀਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ

**1 ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੈ॥ ਆਪ ਤਰੇ ਸਗਲੇ ਕੁਲ ਤਾਰੈ॥*
*"ਜਉ ਤੂੰ ਬ੍ਰਾਮਣ ਬ੍ਰਾਹਮਣੀ ਜਾਇਆ। ਤਉ ਆਨਬਾਟ ਕਾਹੇ ਨਹੀਂ ਆਇਆ॥*
*ਕਹੁ ਕਬੀਰ ਜੋ ਬ੍ਰਹਮ ਬੀਚਾਰੈ। ਸੋ ਬ੍ਰਾਹਮਣ ਕਹੀਅਤ ਹੈ ਹਮਾਰੈ॥"*

***(ਗਉੜੀ ਕਬੀਰ ਜੀ ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 324)***

*2 ਮਹਾਰਾਜਾ ਰਣਜੀਤ ਸਿੰਘ ਤੇ ਬ੍ਰਾਹਮਣਾ ਦਾ ਜੋ ਅਸਰ ਸੀ ਉਹ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਇੱਕ ਸਤਨਾਮੋ ਨਾਮ ਦੀ ਮਾਈ ਦੇ ਜੋ ਬਿਆਨ 2 ਮਾਰਚ 1907 ਨੂੰ ਲਿਖੇ ਤੋਂ ਉਸ ਦੀ ਇੱਕ ਝਲਕ ਮਿਲਦੀ ਹੈ "ਮੈਂ ਨਕੈਣ (ਰਣਜੀਤ ਸਿੰਘ ਦੀ ਰਾਣੀ) ਪਾਸ ਰਹਿੰਦੀ ਸਾਂ ਜੋ ਸਰਕਾਰ ਤੋਂ ਵਰ੍ਹਾਂ ਕੁ ਪਹਿਲਾਂ ਪੂਰੀ ਹੋ ਗਈ ਸੀ। ਪੰਜ ਰੁਪਏ ਰੋਜ਼ ਪਾਉਂਦੀ ਸੀ। ਮੇਰੇ ਘਰ ਵਾਲੇ ਦਾ ਕੰਮ ਸਵੇਰ ਵੇਲੇ ਅੰਗੀਠੀ ਵਿੱਚ ਜੰਡ ਦੇ ਕੋਲੇ ਪਾ ਕੇ ਮਹੱਲ ਵਿੱਚ ਪਹੁੰਚਾਉਣਾ ਸੀ। ਸਰਕਾਰ ਬਸੰਤਰ ਦੇਵਤੇ ਮਗਰੋਂ ਗਊਆਂ ਦੇ ਖੁਰਾਂ ਦਾ ਦਰਸ਼ਨ ਕਰਦੀ, ਫੇਰ ਗਿਆਰਾ ਬ੍ਰਾਹਮਣਾਂ ਦੀਆਂ ਕੰਜਕਾਂ ਰੋਜ਼ ਖੁਆਉਂਦੀ, ਪੈਰ ਧੁਆਉਂਦੀ ਅਤੇ ਸੋਨੇ ਦਾ ਚੌਂਕ, ਨੱਥ ਤੇ ਆਰਸੀ, ਇੱਕ ਬੁਤਕੀ ਅਤੇ ਪੰਜ ਭਾਂਡੇ ਪਿੱਤਲ ਕੈਂਹੇ ਦੇ ਅਤੇ ਇੱਕ ਸੁੱਚੀ ਪੁਸ਼ਾਕ ਦਿੰਦੀ ਜਿਸ ਵਿੱਚ ਗੁਲਬਦਨ ਦੀ ਸੁੱਥਣ, ਦਰਿਆਈ ਦੀ ਓਢਣੀ ਅਤੇ ਦਰਿਆਈ ਦਾ ਹੀ ਝੱਗਾ ਹੁੰਦਾ। ਫੇਰ ਰਾਜ ਕਰਦੀ। ਸਰਕਾਰ ਮਗਰੋਂ ਸਭ ਕੁਝ ਖੁੱਸ ਗਿਆ।" ਮਾਈ ਦੇ ਬਿਆਨ ਤੋਂ ਮਹਾਰਾਜਾ ਸਾਹਿਬ ਦੀ ਪੜਦੇ ਪਿੱਛੇ ਜ਼ਿੰਦਗੀ ਜੋ ਗੁਰਸਿੱਖੀ ਰਹੁ ਰੀਤ ਦੀ ਥਾਂ ਬ੍ਰਾਹਮਣੀ ਰੀਤ ਵਾਲੀ ਸੀ, ਦਾ ਪਤਾ ਲੱਗਦਾ ਹੈ।

---

**1 ਧਨਾਸਰੀ ਮ. 1 ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 662*

**2 ਇਤਿਹਾਸਿਕ ਖੋਜ ਕਰਮ ਸਿੰਘ ਹਿਸਟੋਰੀਅਨ ਪੰਨਾ 317*

ਗੁਰੂ ਤੇਗ ਬਹਾਦਰ ਸਾਹਿਬ ਸੰਨ 1666 ਵਿੱਚ ਪਟਨਾ ਤੋਂ ਮੁੰਘੇਰ (ਬਿਹਾਰ) ਵਿੱਚ ਪ੍ਰਚਾਰ ਲਈ ਗਏ ਹੋਏ ਸਨ ਤਾਂ ਰਾਜਾ ਰਾਮ ਸਿੰਘ ਕਛਵਾਹਾ ਆਸਾਮ ਦੀ ਮੁਹਿੰਮ 'ਤੇ ਜਾਂਦਾ ਹੋਇਆ ਗੁਰੂ ਸਾਹਿਬ ਦੇ ਮੁੰਘੇਰ ਵਿਖੇ ਅਚਾਨਕ ਦਰਸ਼ਨ ਹੋ ਜਾਣ ਨੂੰ ਆਪਣੀ ਜਿੱਤ ਦਾ ਪ੍ਰਮਾਣ ਸਮਝ ਬੈਠਾ ਅਤੇ ਪ੍ਰੇਮਾ ਭਗਤੀ ਦਾ ਪ੍ਰਗਟਾਵਾ ਕਰਕੇ ਗੁਰੂ ਸਾਹਿਬ ਨੂੰ ਆਸਾਮ ਨੂੰ ਨਾਲ ਲੈ ਗਿਆ। ਪਟਨਾ ਸਾਹਿਬ ਵਿਖੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰ ਵਿੱਚ ਆਗਮਨ ਦੀ ਖੁਸ਼ੀ ਦੀ ਖਬਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹੁੰਚਾਉਣ ਲਈ ਦੋ ਸਿੱਖ ਆਸਾਮ ਨੂੰ ਭੇਜੇ ਗਏ। ਖੁਸ਼ਖਬਰੀ ਮਿਲਣ 'ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਨੇਤਰ ਬੰਦ ਕਰਕੇ ਪ੍ਰਭੂ ਪ੍ਰਮਾਤਮਾ ਦਾ ਧੰਨਵਾਦ ਕੀਤਾ। ਖੁਸ਼ਖਬਰੀ ਲਿਆਉਣ ਵਾਲਿਆਂ ਨੂੰ ਸਵਛ ਪਹਿਰਾਵੇ ਅਤੇ ਮਾਇਆ ਬਖਸ਼ੀ। ਰਾਤ ਨੂੰ ਦੀਪਮਾਲਾ ਕੀਤੀ। ਰਾਜਾ ਰਾਮ ਸਿੰਘ ਕਛਵਾਹਾ ਦੀ ਫੌਜ ਨੂੰ ਮਠਿਆਈ ਅਤੇ ਨਕਦੀ ਦੇ ਖੁੱਲ੍ਹੇ ਗੱਫੇ ਬਖਸ਼ੇ। ਇਹ ਹੈ ਸਾਡੇ ਗੁਰੂਆਂ ਦਾ ਖੁਸ਼ੀ ਵੇਲੇ ਖੁਸ਼ੀ ਮਨਾਉਣ ਦਾ ਢੰਗ। ਕਿਸੇ ਵੀ ਜਗ੍ਹਾ ਇਹ ਲਿਖਿਆ ਨਹੀਂ ਮਿਲਦਾ ਕਿ ਬ੍ਰਾਹਮਣਾਂ ਨੂੰ ਸੋਨਾ ਜਾਂ ਅੰਨ ਦਾ ਦਾਨ ਕੀਤਾ।

ਗੁਰਸਿੱਖਾਂ ਨੇ ਨਿਮਰਤਾ ਧਾਰ ਕੇ ਗੁਰੂ ਨੂੰ ਭੇਟਾ ਕਰਨੀ ਹੈ। ਦਾਨ ਕਰਨ ਵਾਲਾ ਹੰਕਾਰੀ ਮਾਲੂਮ ਹੁੰਦਾ ਹੈ ਤੇ ਭੇਟਾ ਦੇਣ ਵਾਲਾ ਮਸਕੀਨ ਲੱਗਦਾ ਹੈ। ਰਾਜਾ ਹਰੀ ਚੰਦ ਦਾ ਆਪਣੇ ਆਪ ਨੂੰ, ਆਪਣੀ ਪਤਨੀ ਅਤੇ ਲੜਕੇ ਨੂੰ ਵੀ, ਆਪਣੇ ਰਾਜ ਦਾਨ ਤੋਂ ਬਾਅਦ ਦਾਨ ਕਰਨ ਨੂੰ ਗੁਰੂ ਨਾਨਕ ਸਾਹਿਬ ਨੇ ਹੰਕਾਰ ਵਧਾਉਣ ਵਾਲੀ ਗੱਲ ਕਿਹਾ ਹੈ।

*"ਹਰੀ ਚੰਦ ਦਾਨ ਕਰੇ ਜਸੁ ਲੇਵੈ"*

***(ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 224)***

ਬ੍ਰਾਹਮਣੀ ਮੱਤ ਦੇ ਸ਼ਾਸਤਰਾਂ ਵਿੱਚ ਦਾਨ ਪੁੰਨ ਕੇਵਲ ਬ੍ਰਾਹਮਣਾਂ ਨੂੰ ਹੀ ਕਰਨ ਲਈ ਪ੍ਰੇਰਨਾ ਕੀਤੀ ਗਈ ਹੈ। ਬ੍ਰਾਹਮਣ ਮਾਇਆ ਦੇ ਮਹੁਤਾਜ ਹੋ ਚੁੱਕੇ ਸਨ ਵਿਰਲਾ ਹੀ ਕੋਈ ਇਸ ਮੋਹਣੀ ਦੇ ਜਾਲ ਤੋਂ ਬਚਿਆ ਹੋਇਆ ਸੀ। ਬ੍ਰਾਹਮਣਾਂ ਦੇ ਇਸ ਸਵਾਰਥੀ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਭਾਈ ਗੁਰਦਾਸ ਜੀ ਨੇ ਹੇਠ ਲਿਖੀ ਕਬਿਤ ਨੰ. 673 ਲਿਖੀ:-

*ਪੰਚ ਬਾਰ ਗੰਗ ਜਾਇ ਬਾਰ ਪੰਚ ਪਰਾਗ ਨ੍ਹਾਇ*
*ਤੈਸਾ ਪੁੰਨ ਏਕ ਗੁਰਸਿਖ ਕੋ ਨਵ੍ਹਾਏ ਕਾ॥*
*ਸਿਖ ਕਉ ਪਿਲਾਏ ਪਾਨੀ ਭਾਉ ਕਰਿ ਕੁਰਖੇਤ*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਇ ਕਾ॥*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ*
*ਤੈਸਾ ਪੁੰਨ ਸਿਖ ਕਉ ਇੱਕ ਸ਼ਬਦ ਸਿਖਾਇ ਕਾ॥*

*ਜੈਸੇ ਬੀਸ ਬਾਰ ਦਰਸ਼ਨ ਸਾਧ ਕੀਆ ਕਾਹੂ*
*ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥*

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਨੂੰ ਦਾਨ ਕਰਨ ਦਾ ਸਹੀ ਰਸਤਾ ਇਸ ਤਰ੍ਹਾਂ ਦਿਖਾਇਆ ਹੈ:-

*ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ॥*
*ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥*
*ਨਾਨਕ ਆਖੈ ਰਾਹੁ ਏਹਿ ਹੋਰ ਗਲਾ ਸੈਤਾਨ।*

***(ਸਲੋਕ ਮ. 1 ਪੰਨਾ 1245)***

# ਦੋ ਮੇਲੀ-ਦੋ ਬੇਲੀ
## ਰਾਜਪੂਤ ਅਤੇ ਜੱਟ

ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨਕੋਸ਼ ਵਿੱਚ ਜੱਟ ਬਾਰੇ ਲਿਖਿਆ ਹੈ "ਇੱਕ ਜਾਤਿ ਜੋ ਰਾਜਪੂਤਾਂ ਦੀ ਸ਼ਾਖ ਹੈ। ਜੱਟ ਹਿੰਦ ਵਿੱਚ ਮੱਧ-ਏਸ਼ੀਆ ਤੋਂ ਆ ਕੇ ਪੱਛਮੀ ਹਿੰਦੋਸਤਾਨ ਵਿੱਚ ਆਬਾਦ ਹੋਏ।" ਡਾਕਟਰ ਬਖਸ਼ੀਸ਼ ਸਿੰਘ ਨਿੱਜਰ, ਡਾਇਰੈਕਟਰ ਪੰਜਾਬ ਸਟੇਟ ਆਰਕਾਈਵਜ਼ (ਪੰਜਾਬ), ਮੈਂਬਰ ਇੰਡੀਅਨ ਹਿਸਟੋਰੀਕਲ ਰਿਕਾਰਡਜ਼ ਕਮਿਸ਼ਨ ਸਾਡੇ ਨਾਲ ਦੇ ਪਿੰਡ ਡੁਮੇਲੀ ਦੇ ਵਸਨੀਕ ਹਨ। ਉਨ੍ਹਾਂ ਦੀ ਹਿਸਟਰੀ ਦੀ ਖੋਜ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਉਹ ਘੱਟ ਹੈ। ਉਨ੍ਹਾਂ ਨੂੰ ਪੰਜਾਬ ਦੀ ਧਰਤੀ ਨਾਲ ਪਿਆਰ ਹੈ। ਉਹ ਚਾਹੁੰਦੇ ਹਨ ਕਿ ਅਸੀਂ ਆਪਣੇ ਗੌਰਵਮਈ ਇਤਿਹਾਸ ਨੂੰ ਸੰਭਾਲੀਏ। ਉਨ੍ਹਾਂ ਦੀ ਪੁਸਤਕ "ਬੱਬਰ ਅਕਾਲੀਆਂ ਦਾ ਇਤਿਹਾਸ" ਵਿੱਚ ਕਈ ਥਾਂ ਜੱਟਾਂ ਦਾ ਇਹ ਮੰਨਣਾ ਕਿ ਉਹ ਰਾਜਪੂਤਾਂ ਵਿੱਚੋਂ ਹਨ, ਵਰਨਣ ਕੀਤਾ ਹੈ। ਉਦਾਹਰਣ ਵਜੋਂ:-

(1) ਸਫਾ 197-"ਬਬੇਲੀ ਪਿੰਡ ਫਗਵਾੜੇ ਤੋਂ ਉੱਤਰ ਵਲ ਛੇ ਕੁ ਮੀਲ 'ਤੇ ਹੈ। ਇਸ ਪਿੰਡ ਦੇ ਜੱਟ ਚਾਹਲ ਗੋਤ ਦੇ ਹਨ। ਇਹਨਾਂ ਦੇ ਮੁੱਢ ਬਾਰੇ ਦੱਸਿਆ ਗਿਆ ਹੈ ਕਿ ਇੱਕ ਰਾਜਾ 'ਅਗਰਸੈਨ ਸੂਰਬੰਸੀ ਦੇ ਚਾਰ ਪੁੱਤਰ ਚਾਹਲ, ਛੀਨਾ, ਚੀਮਾ ਤੇ ਸਾਹੀ ਸਨ। ਇਹ ਚਾਰੋਂ ਗੋਤ ਆਪਣੇ-ਆਪ ਨੂੰ ਤਲਵਾਰ ਰਾਜਪੂਤ ਵੀ ਅਖਵਾਉਂਦੇ ਹਨ।

(2) ਸਫਾ 220-ਬੈਂਸ ਜੱਟਾਂ ਦਾ ਖਿਆਲ ਹੈ ਕਿ ਉਨ੍ਹਾਂ ਦਾ ਅਸਲ ਜੰਜੂਆ ਰਾਜਪੂਤ ਹੈ। ਉਹ ਰਾਜਪੂਤੀ 36 ਕੁੱਲਾਂ ਵਿੱਚੋਂ ਇੱਕ ਹਨ।

(3) ਸਫਾ 497-ਮੰਢਾਲੀ ਪਿੰਡ ਜੋ ਫਗਵਾੜੇ ਤੋਂ ਪੰਜ ਮੀਲ ਪੂਰਬ ਵੱਲ ਹੈ ਵਿੱਚ ਬਦੇਸ਼ਾ ਗੋਤ ਦੇ ਜੱਟ ਵਸਦੇ ਹਨ। ਮੰਢਾਲੀ ਦੇ ਜੱਟ ਸਰੋਆ ਰਾਜਪੂਤ ਹਨ।

(4) ਸਫਾ 441-ਭੂਤ ਜੱਟਾਂ ਨੇ ਆਪਣੇ ਆਪ ਨੂੰ ਭੱਟੀ ਰਾਜਪੂਤਾਂ ਨਾਲ ਜੋੜਿਆ ਹੈ।

ਸਫਾ 102-ਨਿੱਜਰ ਜੱਟ ਆਪਣੇ ਆਪ ਨੂੰ 36 ਅਗਨੀ ਕੁਲ ਰਾਜਪੂਤਾਂ ਵਿੱਚੋਂ ਸਮਝਦੇ ਹਨ। ਅਸਲ ਵਿੱਚ ਅਜਨਾਲਾ ਸਾਰਾ ਹੀ ਨਿੱਜਰ ਵਾਲਾ ਹੈ। ਰਵਾਇਤ ਪ੍ਰਚਲਤ ਹੈ ਕਿ ਬੀਕਾਨੇਰ ਦਾ ਅਸਲ ਨਾਂ ਹੀ ਬੀਕਾ ਨਿੱਜਰ ਸੀ।

(5) ਸਫਾ 500-ਪਿੰਡ ਚੱਕ ਕਲਾਂ (ਚੱਕ ਬਾਗੜੀਆਂ) ਵਾਲੇ ਬਾਗੜੀ ਜੱਟ ਅਪਣਾ ਪਿਛੋਕੜ ਭੱਟੀ ਰਾਜਪੂਤਾਂ ਨਾਲ ਜੋੜਦੇ ਹਨ ਜੋ ਕਦੇ ਜੈਸਲਮੇਰ ਤੋਂ ਉਠ ਕੇ ਅੱਠਵੀਂ ਸਦੀ ਵਿੱਚ ਇੱਧਰ ਆਏ।

(6) ਸਫਾ 302-ਬਿਣਗ ਜੱਟਾਂ ਦਾ ਪਿਛੋਕੜ ਵੀ 36 ਕੁਲ ਰਾਜਪੂਤਾਂ ਨਾਲ

---

** A Glossary of the Tribes and Castes of Punjab Vol. II Page 146*

ਜੋੜਦੇ ਹਨ ਜੋ ਕਈ ਸਦੀਆਂ ਪਹਿਲਾਂ ਇੱਧਰ ਆਏ।

ਭਾਈ ਕਾਹਨ ਸਿੰਘ ਜੀ ਨਾਭਾ ਨੇ ਪਟਿਆਲਾ, ਨਾਭਾ, ਸੰਗਰੂਰ ਫੂਲਕੀਆਂ ਰਿਆਸਤਾਂ ਦੇ ਰਾਜਿਆ ਦਾ ਪਿਛੋਕੜ ਵੀ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਜੋੜਿਆ ਹੈ। ਇਸ ਬੰਸਾਵਲੀ ਤੋਂ ਸਿੱਧ ਹੁੰਦਾ ਹੈ ਕਿ ਜੱਟਾਂ ਦੇ ਗੋਤ ਬਰਾੜ, ਸਿੱਧੂ, ਦਾਨੇਵਾਲੀਆ, ਭਾਈ ਕੇ ਵਗੈਰਾ ਭੱਟੀ ਰਾਜਪੂਤਾਂ ਵਿੱਚੋਂ ਹਨ।

ਖੀਵਾ ਰਾਓ ਭੱਟੀ ਨੇ ਜੱਟ ਚੌਧਰੀ ਲੱਧੂ ਕੋਟੀਏ ਦੀ ਪੁੱਤਰੀ ਨਾਲ ਵਿਆਹ ਕਰਵਾਇਆ ਤਾਂ ਜੈਸਲਮੇਰੀਆਂ ਨੇ ਉਸ ਨੂੰ ਖੀਵਾ ਖੋਟਾ ਆਖ ਕੇ ਰਾਜਪੂਤੀ 'ਚੋਂ ਕੱਢ ਦਿੱਤਾ। ਖੀਵੇ ਨੇ ਵੀ ਆਪਣੇ ਆਪ ਨੂੰ ਪੱਕਾ ਜੱਟ ਅਖਵਾਉਣ ਦਾ ਵਿਗਿਆਪਨ ਦੇ ਦਿੱਤਾ। ਇਹ ਮੰਗਲ ਮਈ ਘਟਨਾ 1210 ਈ. ਦੇ ਲੱਗਭੱਗ ਹੋਈ ਇਸ ਵਿਆਹ ਤੋਂ ਖੀਵਾ ਦੇ ਘਰ ਸਿੱਧੂ ਰਾਓ ਪੈਦਾ ਹੋਇਆ। ਸਿੱਧੂ ਦੀ ਦਸਵੀਂ ਪੀੜੀ ਵਿੱਚ ਬਰਾੜ ਹੋਇਆ ਜਿਸ ਨੇ 1525 ਵਿੱਚ ਬਾਬਰ ਦੇ ਮਦਦ ਕਰ ਕੇ ਭਟਿਆਣੇ ਦੀ ਚੌਧਰ ਪ੍ਰਾਪਤ ਕੀਤੀ।

ਜੱਟਾਂ ਨੂੰ ਘੋੜਾ ਰੱਖਣ ਅਤੇ ਹਥਿਆਰ ਰੱਖਣ ਦੀ ਇਜਾਜ਼ਤ ਨਹੀਂ ਸੀ। ਉਨ੍ਹਾਂ ਸਿਰਫ਼ ਖੇਤੀਬਾੜੀ ਕਰਨ ਦੀ ਇਜਾਜ਼ਤ ਸੀ। ਲੜਾਈਆਂ ਵਿੱਚ ਕੇਵਲ ਰਾਜਪੂਤ ਅਤੇ ਖੱਤਰੀ ਹੀ ਲੜਦੇ ਸਨ। ਜਦੋਂ ਸਿਕੰਦਰ ਨੇ ਹਮਲਾ ਕੀਤਾ ਤਾਂ ਉਸ ਨਾਲ ਆਏ ਇਤਿਹਾਸਕਾਰ ਮੈਗਸਥਨੀਜ ਨੇ ਲਿਖਿਆ ਕਿ "ਕੁਝ ਕੁ ਭਾਰਤੀ ਲੜਾਈ ਵਿੱਚ ਲੜ ਰਹੇ ਸਨ ਤੇ ਕੁਖ ਲਾਗੇ ਹਲ ਵਾਹ ਰਹੇ ਸਨ।" ਪਲਾਸੀ ਦੀ ਲੜਾਈ ਸਮੇਂ ਥੋੜ੍ਹੇ ਜਿਹੇ ਅੰਗਰੇਜ਼ ਸਿਪਾਹੀਆਂ ਨੇ ਸੁਰਾਜ-ਉਲ-ਦੌਲਾ ਨੂੰ ਹਰਾਇਆ। ਬਹੁਤ ਸਾਰੇ ਪਿਛੜੀਆਂ ਜਾਤਾਂ ਵਾਲੇ ਇੱਕ ਪਾਸੇ ਖੜ੍ਹੇ ਤਮਾਸ਼ਾ ਦੇਖ ਰਹੇ ਸਨ। ਜੇਕਰ ਉਹ ਇੱਕ-ਇੱਕ ਪੱਥਰ ਚੁੱਕ ਕੇ ਵੀ ਅੰਗਰੇਜ਼ਾਂ ਦੇ ਮਾਰਦੇ ਤਾਂ ਉਨ੍ਹਾਂ ਨੇ ਵਾਪਸ ਇੰਗਲੈਂਡ ਨੂੰ ਭੱਜਣ ਦੀ ਕਰਨੀ ਸੀ। ਪੱਛੜੀਆਂ ਜਾਤਾਂ ਵਾਲਿਆਂ ਨੂੰ ਨਾ ਤਾਂ ਹਥਿਆਰ ਚੁੱਕਣ ਦੀ ਆਗਿਆ ਸੀ ਤੇ ਨਾ ਹੀ ਅਜਿਹੀ ਕੋਈ ਹਥਿਆਰ ਚਲਾਉਣ ਦੀ ਸਿਖਿਆ ਦਿੱਤੀ ਜਾਂਦੀ ਸੀ। ਦੂਜੇ ਉਨ੍ਹਾਂ ਦੇ ਦਿਲਾਂ ਵਿੱਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਰਾਜ ਸਥਾਪਨਾ ਵਿੱਚ ਜਦ ਸਾਡੀ ਕੋਈ ਪੁੱਛ-ਗਿੱਛ ਹੀ ਨਹੀਂ ਤਾਂ ਅਸੀਂ ਕਿਉਂ ਆਪਣੀਆਂ ਜਾਨਾਂ ਖਤਰੇ ਵਿੱਚ ਪਾਈਏ। ਜ਼ਮੀਨ ਸਭ ਰਾਜਿਆਂ ਤੇ ਜਗੀਰਦਾਰਾਂ ਦੀ ਮਲਕੀਅਤ ਹੁੰਦੀ ਸੀ। ਉਸ ਵੇਲੇ ਜਗੀਰਦਾਰਾਂ ਵੱਲੋਂ ਬਟਵਾਰੀ ਨਿਯੁਕਤ ਕੀਤੇ ਜਾਂਦੇ ਸਨ ਜੋ ਜ਼ਮੀਨ ਦਾ ਲਗਾਨ ਫਸਲ ਦਾ ਅੰਦਾਜ਼ਾ ਲਾ ਕੇ ਨੀਯਤ ਕਰਦੇ। ਇੱਹ ਬਟਵਾਰੀ ਸ਼ਬਦ ਸਮੇਂ ਨਾਲ ਪਟਵਾਰੀ ਬਣ ਗਿਆ। ਮੁਗਲਾਂ ਦੇ ਰਾਜ ਤੱਕ ਇਹੋ ਪ੍ਰਬੰਧ ਰਿਹਾ। ਪਰ ਜਦੋਂ ਬੰਦਾ ਸਿੰਘ ਬਹਾਦਰ ਨੇ ਪੰਜਾਬ 'ਤੇ ਰਾਜ ਕਾਇਮ ਕੀਤਾ ਤਾਂ ਜੋ ਸਭ ਤੋਂ ਵੱਧ ਮਾਅਰਕੇ ਵਾਲੀ

---

*(ਮਾਲਵਾ ਸਿੱਖ ਇਤਿਹਾਸ-ਭਾਗ ਪਹਿਲਾ ਪੰਨਾ 63-ਵਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰ)*

ਗੱਲ ਉਸ ਨੇ ਕੀਤੀ ਉਹ ਸੀ "ਭੂਮੀ ਹਲਵਾਹਕ ਦੀ" ਪਰ ਇਹ ਰਾਜ ਬਹੁਤੀ ਦੇਰ ਕਾਇਮ ਨਾ ਰਿਹਾ। ਫਿਰ ਸਿੱਖ ਮਿਸਲਾਂ ਦੇ ਰਾਜ ਵੇਲੇ ਵੀ ਇਹੋ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇੱਕ ਹੋਰ ਕਦਮ ਅੱਗੇ ਕੀਤਾ ਜ਼ਮੀਨ ਸਰਕਾਰੀ ਕਾਗਜ਼ਾਂ ਵਿੱਚ ਵਾਹੁਣ ਵਾਲਿਆਂ ਦੇ ਨਾਮ ਲਿਖ ਦਿੱਤੀ। ਇਸ ਤਰ੍ਹਾਂ ਜੱਟ ਤੇ ਹੋਰ ਜਾਤਾਂ ਜ਼ਿੰਮੀਂਦਾਰ ਬਣ ਗਏ।

# ਦੋ ਮੇਲੀ-ਦੋ ਬੇਲੀ
## ਰਾਜਪੂਤ ਅਤੇ ਜੱਟ

ਸ. ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ ਭਾਗ 3 ਦੇ ਪੰਨਾ 5 ਦੇ ਰੰਘਰੇਟੇ ਜਾਂ ਮਜਹਬੀ ਸਿੰਘਾਂ ਵਾਲੇ ਚੈਪਟਰ ਵਿੱਚ ਇਹ ਲਿਖਿਆ ਹੈ:-

"ਜੱਟ ਇੱਕ ਕੌਮ ਹੈ, ਜੋ ਮੱਧ ਏਸ਼ੀਆ ਵੱਲੋਂ ਹਿੰਦੁਸਤਾਨ ਵਲ ਵਧੀ। ਇਨ੍ਹਾਂ ਦੇ ਨਾਲ ਹੀ ਚੂਹੜੇ ਆਏ ਜੋ ਜੱਟਾਂ ਵਾਂਗ ਹੀ ਵਹਿਸ਼ੀ ਤੇ ਉਨ੍ਹਾਂ ਦੀ ਹੀਮ ਕੀਮ ਦੇ ਸਦਾ ਸਾਥੀ ਸਨ। ਹਿੰਦ ਦੀ ਵਸੋਂ ਨੇ ਹੀ ਜੱਟਾਂ ਨੂੰ ਨੀਚ ਨਹੀਂ ਸਮਝਿਆ ਬਲਕਿ ਹਿੰਦੂਆਂ ਤੋਂ ਮੁਸਲਮਾਨ ਹੋ ਗਈਆਂ ਕੌਮਾਂ ਵੀ ਜੱਟਾਂ ਨੂੰ ਨੀਚ ਹੀ ਸਮਝਦੀਆਂ ਰਹੀਆਂ ਹਾਲਾਂਕਿ ਮੁਸਲਮਾਨਾਂ ਵਿੱਚ ਊਚ ਨੀਚ ਦਾ ਇਤਨਾ ਖਿਆਲ ਨਹੀਂ ਜਿਤਨਾ ਹਿੰਦੂਆਂ ਵਿੱਚ ਹੈ, ਪਰ ਬਲੋਚਿਸਤਾਨ ਵੱਲਦੇ ਮੁਸਲਮਾਨ ਅੱਜ ਤੀਕ ਜੱਟਾਂ ਨੂੰ ਨੀਚ ਸਮਝਦੇ ਹਨ।

ਹਿੰਦੁਸਤਾਨ ਦੇ ਕਿਸੇ ਹਿੰਦੂ ਨੂੰ ਪੁੱਛੋ (ਜੋ ਬ੍ਰਾਹਮਣ ਨਾ ਹੋਵੇ) ਉਹ ਆਪਣੇ ਆਪ ਨੂੰ ਸੂਰਜਵੰਸ਼ੀ ਜਾਂ ਚੰਦਰਬੰਸੀ ਹੀ ਕਹਿੰਦਾ ਹੈ। ਇਹ ਰਾਜਪੂਤੀ ਘੁਮੰਡ ਸਰਦੇ ਪੁੱਜਦੇ ਤਾਂ ਕਰਨ ਪਰ ਗ਼ਰੀਬਾਂ ਨੂੰ ਰਾਜਪੂਤੀ ਤੋਂ ਕੀ ਹਾਸਲ, ਗਰੀਬਾਂ ਨੂੰ ਜਦ ਰਿਸ਼ਤੇ ਨਾਤੇ ਨਾ ਮਿਲੇ ਤਾਂ ਉਹ ਜੱਟਾਂ ਦੇ ਨਾਤੇ ਲੈ ਲੈਂਦੇ ਰਹੇ ਅਤੇ ਇਸ ਤਰ੍ਹਾਂ ਉਹ ਰਾਜਪੂਤਾਂ ਤੋਂ ਡਿੱਗ ਕੇ ਜੱਟ ਹੋ ਜਾਂਦੇ ਰਹੇ। ਅੱਜ ਕੱਲ ਜੱਟਾਂ ਦੇ ਕਿਸੇ ਗੋਤ ਨੂੰ ਲੈ ਲਵੋ, ਸਭ ਅਪਣਾ ਪਿੱਛਾ ਰਾਜਪੂਤੀ ਵਿੱਚੋਂ ਹੀ ਕੱਢਦੇ ਹਨ।

ਪਤਾ ਨਹੀਂ, ਪੰਜਾਬ ਵਿੱਚ ਕੋਈ ਅਸਲ ਜੱਟ ਹੈ ਵੀ ਕਿ ਨਹੀਂ, ਇਸ ਵੇਲੇ ਜੋ ਜੱਟ ਨਜ਼ਰ ਆਉਂਦੇ ਹਨ ਇਹ ਸਭ ਵਿਗੜੇ ਹੋਏ ਰਾਜਪੂਤ ਹੀ ਹਨ। ਪਰ ਕੁਝ ਵੀ ਹੋਵੇ ਸਿੱਖੀ ਦੇ ਪ੍ਰਕਾਸ਼ ਤੋਂ ਪਹਿਲਾਂ ਇਹ ਨੀਚ ਸਨ ਅਤੇ ਅਛੂਤਾਂ ਵਿੱਚ ਗਿਣੇ ਜਾਂਦੇ ਸਨ।

ਸਿੱਖੀ ਦਾ ਪ੍ਰਕਾਸ਼ ਹੋਇਆ ਅਤੇ ਜਾਤੀ ਅਭਿਮਾਨ ਦਾ ਜ਼ੋਰ ਟੁੱਟਣ ਲੱਗਾ। ਜਦ ਦਸਮੇਸ਼ ਜੀ ਨੇ ਸਿੱਖੀ ਨੂੰ ਪ੍ਰੀਖਿਆ ਦੀ ਕੁਠਾਲੀ ਵਿੱਚ ਢਾਲਿਆ ਤਾਂ ਇੱਕ ਖੱਤਰੀ ਤੋਂ ਬਿਨਾ ਚਾਰ ਸ਼ੂਦਰ ਹੀ ਪੂਰੇ ਉਤਰੇ ਖਾਲਸੇ ਦੇ ਮੋਹਰੀ ਇਹ ਪੰਜ ਪਿਆਰੇ ਹੋਏ। ਖਾਲਸਾ ਪੰਥ ਜਾਤ ਬਰਾਦਰੀ ਦੇ ਉਲਟ ਇੱਕ ਭਾਰੀ ਬਗਾਵਤ ਸੀ।"

ਸ. ਕਰਮ ਸਿੰਘ ਇੱਕ ਮੰਨੇ ਪ੍ਰਮੰਨੇ ਹਿਸਟੋਰੀਅਨ ਹੋਏ ਹਨ ਤੇ ਉਹ ਆਪ ਜੱਟ ਸਨ। ਉਨ੍ਹਾਂ ਮੰਨਿਆ ਹੈ ਕਿ ਜਿਨ੍ਹਾਂ ਰਾਜਪੂਤਾਂ ਨੂੰ ਗਰੀਬੀ ਕਾਰਨ ਰਿਸ਼ਤੇ ਨਾ ਮਿਲਦੇ ਉਹ ਜੱਟਾਂ ਨਾਲ ਰਿਸ਼ਤੇ ਕਰ ਲੈਂਦੇ। ਉਨ੍ਹਾਂ ਤਾਂ ਇਥੋਂ ਤੱਕ ਲਿਖਿਆ ਹੈ ਕਿ ਬਹੁਤੇ ਜੱਟ ਵਿਗੜੇ ਹੋਏ ਰਾਜਪੂਤ ਹਨ। ਫੇਰ ਇਹ ਕੌਣ ਮੰਨੇ ਕਿ ਜੋ ਅਸਲੀ ਰਾਜਪੂਤ ਹਨ ਉਹ ਜੱਟਾਂ ਨਾਲੋਂ ਕਿਹੜੀ ਗਲੋਂ ਮਾੜੇ ਹਨ ? ਆਪਣੇ ਮੂੰਹ ਜੋ ਮਰਜ਼ੀ ਮੀਆਂ-ਮਿੱਠੂ ਬਣੀ ਜਾਵੇ ਪਰ ਸੱਚ ਤਾਂ ਸੱਚ ਹੀ ਰਹੇਗਾ। ਵਕਤੀ ਤੌਰ 'ਤੇ ਜਿਨ੍ਹਾਂ ਦੇ ਹੱਥ ਹਕੂਮਤ ਦੀ

ਵਾਗਡੋਰ ਆ ਜਾਵੇ ਉਹ ਆਪਣੇ ਆਪ ਨੂੰ ਉੱਚਾ ਸਮਝਣ ਲੱਗ ਹੀ ਪੈਂਦੇ ਹਨ।

*1 "ਆਪਸ ਕਉ ਦੀਰਘ ਕਰਿ ਜਾਨੈ ਅਉਰਨ ਕੋ ਲਗ ਮਾਤ"

"ਖੁਦਾ ਜਬ ਹੁਸਨ ਦੇਤਾ ਹੈ ਨਜ਼ਾਕਤ ਆ ਹੀ ਜਾਤੀ ਹੈ
ਕਦਮ ਰੁਕ ਰੁਕ ਕੇ ਚਲਤੇ ਹੈਂ ਕਮਰ ਬਲ ਖਾ ਹੀ ਜਾਤੀ ਹੈ"

ਵਾਲੀ ਗੱਲ ਹੋਣੀ ਕੁਦਰਤੀ ਹੈ।

*2 ਇਹ ਪੱਕੇ ਤੌਰ 'ਤੇ ਨਹੀਂ ਕਿਹਾ ਜਾ'ਸਕਦਾ ਕਿ ਸਾਰੇ ਜੱਟਾਂ ਦਾ ਮੁੱਢ ਰਾਜਪੂਤਾਂ ਵਿੱਚੋਂ ਹੈ। ਇੱਕ ਰਾਜਪੂਤ ਜੋ ਆਪਣੀ ਵਿਧਵਾ ਭਰਜਾਈ ਨਾਲ ਵਿਆਹ ਕਰਾ ਲੈਂਦਾ ਰਾਜਪੂਤੀ 'ਚੋਂ ਕੱਢਿਆ ਜਾਂਦਾ। ਪਟਿਆਲੇ ਦੇ ਰਾਜਘਰਾਣੇ ਵਾਲੇ ਵੀ ਆਪਣਾ ਪਿਛੋਕੜ ਭੱਟੀ ਰਾਜਪੂਤਾਂ ਨਾਲ ਜੋੜਦੇ ਹਨ।

ਮਾਨ, ਭੁੱਲਰ ਅਤੇ ਹੇਅਰ ਗੋਤ ਦੇ ਜੱਟ ਆਪਣੇ ਆਪ ਨੂੰ ਅਸਲੀ ਜੱਟ ਕਹਿੰਦੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਰਾਜਪੂਤਾਂ ਤੋਂ ਬਣੇ ਜੱਟ ਨਹੀਂ ਸਮਝਦੇ। ਉਹ ਸ਼ਿਵਜੀ ਦੀ ਜਟ ਵਿੱਚੋਂ ਬਣੇ ਜੱਟ ਹਨ ਤੇ ਇਹਨਾਂ ਨੂੰ ਸ਼ਿਵਗੋਤਰੀ ਕਹਿੰਦੇ ਹਨ।

*3 ਮੁਜ਼ੱਫਰਗੜ੍ਹ (ਪਾਕਿਸਤਾਨ) ਦੇ ਜੱਟਾਂ ਬਾਰੇ ਮਿਸਟਰ ਓਬਰਾਇਨ ਲਿਖਦਾ ਹੈ ਕਿ "ਕੋਈ ਵੀ ਐਸਾ ਜੱਟ ਨਹੀਂ ਜੋ ਅਪਣਾ ਪਿੱਛਾ ਰਾਜਪੂਤੀ ਵਿੱਚੋਂ ਕੱਢ ਕੇ ਖੁਸ਼ ਨਾ ਹੁੰਦਾ ਹੋਵੇ। ਮੁਸਲਮਾਨ ਜੱਟ ਵੀ ਵਿਆਹ ਦੀ ਰਸਮ ਵਿੱਚ ਮੁੱਲਾਂ ਦੇ ਨਾਲ ਬ੍ਰਾਹਮਣ ਨੂੰ ਬਿਠਾਲਦੇ ਹਨ। ਜੱਟ ਅਤੇ ਰਾਜਪੂਤ ਵਿੱਚ ਫਰਕ ਦੱਸਣਾ ਬਹੁਤ ਕਠਿਨ ਹੈ। ਖੇਤੀਬਾੜੀ ਬਾਰੇ ਗੱਲਾਂ ਕਰਦਿਆਂ ਮੈਂ ਇੱਕ ਸੱਯਦ ਜੈਲਦਾਰ ਤੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ ਅਨਵਰ ਸ਼ਾਹ ਤੋਂ ਪੁੱਛ ਲਵੋ ਜਿਹੜਾ ਸਾਡੇ ਨਾਲੋਂ ਵਧੀਆ ਜੱਟ (ਭਾਵ ਕਿਸਾਨ) ਹੈ। ਜੱਟ ਦੂਜਿਆਂ ਕਬੀਲਿਆਂ ਵਿੱਚ ਸ਼ਾਦੀ ਕਰਨ ਵਿੱਚ ਖੁੱਲ੍ਹਦਿਲੇ ਹਨ। ਪਰ ਬਲੋਚੀ ਜੱਟਾਂ ਨਾਲ ਆਪਣੀਆਂ ਲੜਕੀਆਂ ਦੇ ਵਿਆਹ ਨਹੀਂ ਕਰਦੇ।"

---

*1 *ਕਬੀਰ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1105*

*2 *Punjab Castes by Denzil Ibbetson Page 105*

*3 *A Glossary of the Tribes and Castes of Punjab and N.W.F. Vol. II Page 363*

# ਰਾਜਪੂਤ ਅਤੇ ਜੱਟ
## ਦੋ ਮੇਲੀ-ਦੋ ਬੇਲੀ

ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ ਵੱਲੋਂ ਲਿਖੀ "ਪੰਜਾਬੀ ਲੋਕ ਗੀਤ" ਨਾਮੀ ਪੁਸਤਕ ਦੇ ਪੰਨਾ 114 'ਤੇ ਲਿਖਿਆ ਹੈ:-

"ਪਿੰਡਾਂ ਵਿੱਚ ਇਹ ਗੱਲ ਆਖੀ ਜਾਂਦੀ ਹੈ ਕਿ ਜੱਟ ਜਾ ਮੂੰਹ ਕੁਹਾੜੇ ਪਾਟਿਆ ਹੈ। ਉਸ ਦੇ ਮੂੰਹ 'ਚ ਜੋ ਵੀ ਗੱਲ ਆ ਜਾਵੇ, ਉਹ ਬਿਨਾਂ ਝਿਜਕ ਆਖ ਸੁਣਾਉਂਦਾ ਹੈ, ਭਾਵੇਂ ਗੋਡੇ ਲੱਗੇ ਭਾਵੇਂ ਗਿੱਟੇ। ਜੱਟ ਦੇ ਇਸ ਨਿਧੜਕ ਤੇ ਖਰੀਆਂ ਸੁਣਾਉਣ ਵਾਲੇ ਸੁਭਾਉ ਨੂੰ ਹੀ ਮੁੱਖ ਰੱਖ ਕੇ ਇਸ ਸਵਾਦਲੀ ਲੋਕ ਕਥਾ ਦੀ ਰਚਨਾ ਕੀਤੀ ਗਈ ਜਾਪਦੀ ਹੈ।

ਬ੍ਰਹਮਾ ਨੇ ਸ੍ਰਿਸ਼ਟੀ ਰਚੀ ਤਾਂ ਸ਼ਿਵ ਜੀ ਨੇ ਬਚੀ ਖੁਚੀ ਮਿੱਟੀ ਲੈ ਕੇ ਇੱਕ ਮਨੁੱਖ ਖੜ੍ਹਾ ਕਰ ਦਿੱਤਾ ਤੇ ਉਸ ਨੂੰ ਦੇਖ ਕੇ ਪਾਰਵਤੀ ਬਹੁਤ ਪ੍ਰਸੰਨ ਹੋਈ ਪਰ ਛੇਤੀ ਹੀ ਇਹ ਵੇਖ ਕੇ ਪਾਰਵਤੀ ਨੂੰ ਢੇਰ ਨਿਰਾਸ਼ਾ ਹੋਈ ਕਿ ਇਸ ਵਿਚਾਰੇ ਦਾ ਤਾਂ ਮੂੰਹ ਹੀ ਨਹੀਂ ਬਣਾਇਆ ਗਿਆ।

ਪਾਰਵਤੀ ਨੇ ਸ਼ਿਵ ਜੀ ਨਾਲ ਬੋਲਣਾ ਛੱਡ ਦਿੱਤਾ ਤੇ ਉਹ ਸਮਝ ਗਏ ਕਿ ਵਿਚਲੀ ਗਲ ਕੀ ਹੈ। ਆਖਿਰ ਉਨ੍ਹਾਂ ਕੁਹਾੜੇ ਦਾ ਟੱਕ ਮਾਰ ਕੇ ਉਸ ਮਿੱਟੀ ਦੀ ਮੂਰਤੀ ਦਾ ਮੂੰਹ ਬਣਾ ਦਿੱਤਾ।

ਮੂੰਹ ਬਣਨ ਸਾਰ ਉਸ ਮੂਰਤ ਨੇ ਗਾਲ਼ ਕੱਢ ਕੇ ਕਿਹਾ-"ਮੈਂ ਹਾਂ ਤੇਰਾ ਵੀ ਪਤੰਦਰ"

ਇਹ ਸੁਣ ਕੇ ਪਾਰਵਤੀ ਛਿੱਥੀ ਜਿਹੀ ਪੈ ਗਈ। ਸ਼ਿਵਜੀ ਨੇ ਕ੍ਰੋਧ 'ਚ ਆ ਕੇ ਉਸ ਮੂਰਤੀ ਨੂੰ ਧਰਤੀ 'ਤੇ ਵਗਾਹ ਮਾਰਿਆ ਤੇ ਆਗਿਆ ਦਿੱਤੀ-"ਖੇਤੀ ਕਰ ਤੇ ਸਭਨਾ ਦਾ ਢਿੱਡ ਭਰ"

ਬਾਹਰੋਂ ਆਏ ਕਿਸੇ ਕਬੀਲੇ ਨੇ, ਰਾਜਪੂਤਾਂ ਵਾਂਗ ਹੀ, ਜੱਟਾਂ ਦਾ ਰੂਪ ਧਾਰਨ ਕਰ ਲਿਆ।

ਆਦਿ ਸਮੇਂ ਤੋਂ ਜੱਟ ਖੇਤੀ ਕਰਦੇ ਆਏ ਹਨ। ਖਾਲਸਾ ਸਾਜਣ ਤੋਂ ਪਹਿਲਾਂ ਦੇ ਸਮੇਂ ਰਾਜਪੂਤ ਜੋ ਖੇਤੀ ਕਰਦਾ ਉਸ ਨੂੰ ਅਮੀਰ ਰਾਜਪੂਤ ਜੱਟ ਆਖ ਕੇ ਬੁਲਾਉਂਦੇ ਕਿਉਂਕਿ ਉਸ ਸਮੇਂ ਇਹ ਰਾਜਪੂਤ ਜ਼ਮੀਨਾਂ ਦੇ ਮਾਲਿਕ ਸਨ ਤੇ ਤਲਵਾਰ ਚਲਾਉਣੀ ਇਹਨਾਂ ਦਾ ਪੇਸ਼ਾ ਸੀ। ਪੰਜਾਬ 'ਚੋਂ ਜਾਗੀਰਦਾਰੀ ਬੰਦਾ ਸਿੰਘ ਬਹਾਦਰ ਨੇ ਖਤਮ ਕੀਤੀ ਤੇ ਜੱਟ ਅਤੇ ਹੋਰ ਸਭ ਜ਼ਮੀਨਾਂ ਵਾਹੁਣ ਵਾਲੇ ਜ਼ਮੀਨਾਂ ਦੇ ਮਾਲਿਕ ਬਣ ਗਏ ਤੇ ਜਗੀਰਦਾਰਾਂ ਦਾ ਰੋਹਬ ਹਟ ਗਿਆ।

# *ਜੱਟ ਬੰਸਾਵਲੀ

1. ਪਰਮਾਰ–ਔਲਖ, ਸਿਆਲ, ਸੇਖੋਂ, ਸੋਹਲ, ਹਰੀ, ਕੌੜੇ, ਖਰਲ, ਕਾਹਲੋਂ, ਗੁਰਮ, ਟਿਵਾਣੇ, ਦਲੇਉ, ਦਿਉਲ, ਦਿਉ, ਪਵਾਰ, ਪਨੂੰ, ਬੁੱਟਰ, ਬੱਲ, ਬੋਪਾਰਾਏ, ਬਿਲਿੰਗ, ਭੁੱਟੋ, ਮੰਡੇਰ, ਵੜਿੰਗ ਆਦਿ।
2. ਚੌਹਾਨ–ਚਹਿਲ, ਸੋਹੀ, ਕਲੇਰ, ਚੀਮੇ, ਚੱਠੇ, ਦੁਲੱਟ, ਦੰਦੀਵਾਲ, ਮਾਹਲ ਆਦਿ।
3. ਤੰਵਰ–ਕੰਧੋਲੇ, ਘੋਸੇ, ਗਰਚੇ, ਚੰਦੜ, ਢੰਡੇ, ਭਿੰਡਰ, ਸੀੜ, ਨੈਨ, ਸਰਾਂ, ਤੂਰ ਆਦਿ।
4. ਭੱਟੀ (ਚੰਦਰਬੰਸੀ)–ਸਿੱਧੂ ਬਰਾੜ, ਸਹੋਤਾ, ਸਹਾਰਨਾ, ਸਾਂਸੀ, ਸਮਰਾ, ਕਲਾਲ, ਸਿਵੀਆ, ਕੁਲਾਰ, ਖਹਿਰੇ, ਛੀਨੇ, ਜਾਖੜ, ਜੌਹਲ, ਜੱਟਾਣੇ, ਜਵੰਦੇ, ਧਾਲੀਵਾਲ, ਰਮਾਣੇ, ਨਿੱਜਰ, ਭਾਟੀ, ਮਾਂਗਟ, ਰਾਂਝੇ, ਰੰਧਾਵੇ, ਵਾਂਦਰ, ਵੜਾਇਚ ਆਦਿ।
5. ਸਰੋਆ–ਸੰਘਾ, ਹਿੱਜਰਾਂ, ਗੋਰਾਏ, ਢਿੱਲੋਂ, ਢੀਂਡਸੇ, ਮਲ੍ਹੀ, ਦੋਸਾਂਝ, ਬੱਧਣ ਆਦਿ।
6. ਵਰਿਆਹ ਰਾਜਪੂਤ–ਗਿੱਲ, ਗੰਢੂ, ਝੱਜ, ਸ਼ਾਹੀ, ਬਿਨੇਪਾਲ, ਜੇਜੀ ਆਦਿ।
7. ਸ਼ਿਵ ਗੋਤਰੀ–ਭੁੱਲਰ, ਹੇਅਰ, ਮਾਨ, ਗੋਂਦਾਰੇ, ਪੂਨੀਏ, ਬੈਹਣੀਵਾਲ ਆਦਿ।
8. ਰਘੂਬੰਸੀ (ਸੂਰਜਬੰਸੀ)–ਸੰਧੂ, ਕੰਗ, ਰਾਏ, ਪੁਰੇਵਾਲ, ਬਾਜਵਾ, ਅਟਵਾਲ, ਹੁੰਦਲ।
9. ਹਜੋਲ ਰਾਜਪੂਤ–ਘੁੰਮਣ, ਤੱਤਲੇ, ਨੱਤ, ਔਜਲੇ ਆਦਿ।
10. ਚੰਦੇਲ ਰਾਜਪੂਤ–ਗਰੇਵਾਲ।
11. ਮਿਨਹਾਸ ਰਾਜਪੂਤ–ਵਿਰਕ।
12. ਜੰਜੂਆ ਰਾਜਪੂਤ–ਬੈਂਸ।
13. ਪ੍ਰਾਚੀਨ ਜੱਟ–ਠਾਕਰਨ, ਥਿੰਦ, ਰੈਹਲ, ਸੰਘੇੜਾ, ਡੋਗਰ, ਬਾਸੀ, ਬਾਠ, ਖੋਖਰ, ਸਿਵਾਗ, ਭੰਗੂ, ਟੱਕ, ਢੱਕ ਆਦਿ।
14. 36 ਰਾਜਪੂਤ ਘਰਾਣਿਆਂ ਵਿੱਚੋਂ 18 ਸੂਰਜ ਬੰਸੀ, 12 ਚੰਦਰ ਬੰਸੀ, 4 ਅਗਨੀ ਕੁਲ ਅਤੇ 2 ਨਾਗ ਬੰਸੀ ਹਨ।

---

* *ਜੱਟਾਂ ਦਾ ਇਤਿਹਾਸ–ਹੁਸ਼ਿਆਰ ਸਿੰਘ ਦੁਲੇਹ*

# ਹੋਰ ਇਲਾਕਿਆਂ ਵਿੱਚ ਸਿੱਖ ਰਾਜਪੂਤ

ਲੇਖਕ ਜਦੋਂ ਕੋਆਪਰੇਟਿਵ ਟਰੇਨਿੰਗ ਸੈਂਟਰ ਨਾਭਾ ਵਿਖੇ 1972 ਤੋਂ 1979 ਤੱਕ ਲੈਕਚਰਾਰ ਸੀ ਤਾਂ ਸਹਿਕਾਰਤਾ ਵਿਭਾਗ ਦੇ ਸਬ-ਇੰਸਪੈਕਟਰ ਅਤੇ ਸੈਕ੍ਰੇਟਰੀਆਂ ਦੇ ਦਾਖਲੇ ਸੰਬੰਧੀ ਕਾਗਜ਼ ਲੇਖਕ ਨੇ ਚੈੱਕ ਕਰਨੇ ਹੁੰਦੇ ਸੀ। ਇੱਕ ਵਾਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਲਾਗੇ ਪਿੰਡ ਰੰਘੜ ਨੰਗਲ ਤੋਂ ਇੱਕ ਸਿਖਿਆਰਥੀ ਆਇਆ ਉਸ ਨੇ ਆਪਣੇ ਨਾਮ ਪਿਛੇ ਪਰਮਾਰ ਲਿਖਿਆ ਸੀ। ਮੈਂ ਉਸ ਨੂੰ ਪੁੱਛਿਆ ਕਿ ਪਰਮਾਰ ਤਾਂ ਰਾਜਪੂਤ ਹੁੰਦੇ ਹਨ ਤਾਂ ਉਸ ਨੇ ਕਿਹਾ ਕਿ ਅਸੀਂ ਤਾਂ ਜੀ ਜੱਟ ਹਾਂ। ਸੁਰਜੀਤ ਸਿੰਘ ਮਿਨਹਾਸ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਮੈਨੂੰ ਇੱਕ ਵਾਰ ਦੱਸਿਆ ਸੀ ਕਿ ਅਕਾਲੀ ਲੀਡਰ ਰਾਜਾ ਨਰਿੰਦਰ ਸਿੰਘ ਨਾਭਾ ਨੇ ਇੱਕ ਵਾਰ ਰਾਜਪੂਤ ਸਭਾ ਦੀ ਮੀਟਿੰਗ ਅਟੈਂਡ ਕੀਤੀ ਤੇ ਆਪਣਾ ਪਿਛੋਕੜ ਪਿੰਡ ਰੰਗੜ ਨੰਗਲ (ਨੇੜੇ ਬਟਾਲਾ) ਦੇ ਪਰਮਾਰਾਂ ਨਾਲ ਦੱਸਿਆ ਸੀ। ਰਾਜਾ ਨਰਿੰਦਰ ਸਿੰਘ ਦੇ ਨਾਭਾ ਦੇ ਰਾਜਾ ਖਾਨਦਾਨ ਨਾਲ ਕੋਈ ਸੰਬੰਧ ਨਹੀਂ। ਉਹ ਨਾਭਾ ਸ਼ਹਿਰ ਦੇ ਵਸਨੀਕ ਜ਼ਰੂਰ ਹਨ ਤੇ ਰਾਜਾ ਉਨ੍ਹਾਂ ਦਾ ਬਚਪਨ ਦਾ ਛੋਟਾ ਨਾਮ ਹੈ। ਗਰਾਮ ਸੇਵਕ ਟਰੇਨਿੰਗ ਸੈਂਟਰ ਵੀ ਸਾਡੇ ਕੋਆਪਰੇਟਿਵ ਟਰੇਨਿੰਗ ਸੈਂਟਰ ਦੇ ਨਾਲ ਹੀ ਸੀ ਉਸ ਦੇ ਪ੍ਰਿੰਸੀਪਲ ਸਰਦਾਰ ਦੀਵਾਨ ਸਿੰਘ ਜ਼ਿਲ੍ਹਾ ਖੇਤੀਬਾੜੀ ਅਫਸਰ ਸਨ। ਉਨ੍ਹਾਂ ਦਾ ਪਿੰਡ ਰਾਜਪੁਰੇ ਲਾਗੇ ਸੀ। ਇਹਨਾਂ ਪਿੰਡਾਂ ਬਾਰੇ ਖੋਜ ਕਰਕੇ ਲਿਖਿਆ ਜਾਵੇਗਾ। ਉਹ ਵੀ ਆਪਣੇ-ਆਪ ਨੂੰ ਰਾਜਪੂਤ ਆਖ ਕੇ ਫਖ਼ਰ ਮਹਿਸੂਸ ਕਰਦੇ ਸਨ ਕਦੇ ਕਦੇ ਸਾਡੇ ਦਫ਼ਤਰ ਆ ਜਾਂਦੇ ਤਾਂ ਸਾਰੇ ਲੈਕਚਰਾਰਾਂ ਦੇ ਵਿਚਕਾਰ ਮੈਨੂੰ "ਰਾਜਪੂਤ ਭਾਈ" ਆਖ ਕੇ ਬੁਲਾਉਂਦੇ। ਫਰੀਦਕੋਟ ਵੱਲ ਦੇ ਸਰਦਾਰ ਕਰਨੈਲ ਸਿੰਘ ਡੋਡ ਪੰਜਾਬ ਰਾਜ ਮੰਡੀਕਰਨ ਬੋਰਡ ਦੇ ਚੇਅਰਮੈਨ ਰਹਿ ਚੁੱਕੇ ਹਨ ਉਹ ਵੀ ਆਪਣੇ-ਆਪ ਨੂੰ ਰਾਜਪੂਤ ਅਖਵਾਉਂਦੇ ਹਨ। ਡਾ. ਜਗਜੀਤ ਸਿੰਘ ਚੌਹਾਨ, ਟਾਂਡਾ ਉੜਮੁੜ ਵਾਲੇ ਆਪਣੇ-ਆਪ ਨੂੰ ਖਾਲਿਸਤਾਨ ਦੇ ਰਾਸ਼ਟਰਪਤੀ ਅਖਵਾਉਣ ਵਾਲੇ 22 ਸਾਲ ਇੰਗਲੈਂਡ ਰਹਿ ਕੇ ਜੂਨ 2001 ਵਿੱਚ ਭਾਰਤ ਪਰਤੇ ਹਨ ਵੀ ਰਾਜਪੂਤ ਚੌਹਾਨ ਪਰ ਉਹ ਵੀ ਜੱਟ ਹਨ। ਸਿੱਖ ਪੰਥ ਦੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੋ ਕਿ ਜੱਟ ਹਨ ਨੇ ਆਪਣੀ ਬੰਸਾਵਲੀ ਪ੍ਰਿਥਵੀ ਰਾਜ ਚੌਹਾਨ ਨਾਲ ਜੋੜੀ ਹੈ। ਤੇਰ੍ਹਵੀਂ ਸਦੀ ਬਿਕ੍ਰਮੀ ਦੇ ਪਹਿਲੇ ਅੱਧ ਵਿੱਚ ਦਿੱਲੀ ਦੇ ਤਖਤ ਦਾ ਮਾਲਿਕ ਪ੍ਰਿਥਵੀ ਰਾਜ ਚੌਹਾਨ ਸੀ। ਇਸ ਦੇ ਛੋਟੇ ਭਰਾ ਦਾ ਨਾਮ ਰਾਏ ਬੀਰ ਸੀ, ਜਿਸ ਨੂੰ ਪ੍ਰਿਥਵੀ ਰਾਜ ਵੱਲੋਂ ਆਗਰੇ ਦਾ ਇਲਾਕਾ ਜਾਗੀਰ ਵੱਲੋਂ ਮਿਲਿਆ ਹੋਇਆ ਸੀ। ਰਾਇ ਬੀਰ ਦੀ ਆਪਣੀ ਅਦਾਲਤ ਵਿੱਚ ਜੋ ਮੁਕੱਦਮਾ ਆਉਂਦਾ ਤਾਂ ਉਹ ਮੁੱਦਈ ਅਤੇ ਮੁੱਦਾਅਲੈਹ ਦੋਵਾਂ ਨੂੰ ਭਾਰੀ ਜੁਰਮਾਨੇ ਕਰਦਾ ਸੀ। ਉਸ ਦਾ ਖਿਆਲ ਸੀ ਕਿ ਇਸ ਤਰ੍ਹਾਂ ਕਰਨ ਨਾਲ ਲੋਕ ਮੁਕੱਦਮੇਬਾਜ਼ੀ ਤੋਂ ਗੁਰੇਜ ਕਰਨਗੇ। ਇੱਕ ਵਾਰ ਰਾਇ-

ਬੀਰ ਆਪਣੇ ਭਰਾ ਪ੍ਰਿਥੀ ਰਾਜ ਨੂੰ ਮਿਲਣ ਗਿਆ ਤਾਂ ਭਰੇ ਦਰਬਾਰ ਵਿੱਚ ਪ੍ਰਿਥਵੀ ਰਾਜ ਨੇ ਹੱਸ ਕੇ ਕਿਹਾ ਕਿ "ਇਹ ਸਾਡਾ ਦੁਹ ਲੁੱਟ ਭਰਾ ਆਇਆ ਹੈ" ਤਦੋਂ ਤੋਂ ਰਾਇ ਬੀਰ ਦੀ ਅੱਲ ਦੁਹ ਲੁੱਟ ਪੈ ਗਈ। ਹੌਲੀ ਹੌਲੀ ਦੁਹ ਲੁੱਟ ਦੀ ਥਾਂ ਦੁੱਲਟ ਬਣ ਗਿਆ। ਦੁੱਲਟ ਸ਼ਬਦ ਦੀ ਉਪਰੋਕਤ ਵਿਤ ਮੰਤਰੀ ਪ੍ਰਿਥਵੀ ਰਾਜ ਦੀ ਵੰਸ਼ ਦੇ ਇੱਕ ਭੱਟ ਨੇ ਦੱਸੀ ਹੈ। ਰਾਇ ਬੀਰ ਤੋਂ ਬਾਅਦ ਉਨ੍ਹਾਂ ਦੀ ਔਲਾਦ ਦਾ ਗੋਤ ਵੀ ਦੁੱਲਟ ਬਣ ਗਿਆ।

ਜਦੋਂ ਸੰਮਤ 1250 ਬਿ. ਮੁਤਾਬਕ ਸੰਨ 1192 ਈ. ਨੂੰ ਮੁਹੰਮਦ ਗੌਰੀ ਹੱਥੋਂ ਪ੍ਰਿਥਵੀ ਰਾਜ ਨੂੰ ਹਾਰ ਹੋਈ ਤੇ ਉਸ ਨੂੰ ਗਜ਼ਨੀ ਭੇਜ ਦਿੱਤਾ ਗਿਆ ਤਾਂ ਹਿੰਦੂ ਰਾਜ ਦਾ ਭਾਰਤ 'ਚੋਂ ਅੰਤ ਹੋ ਗਿਆ। ਰਾਇ ਬੀਰ ਬਚ ਕੇ ਨਿਕਲ ਗਿਆ ਤੇ ਸੁਨਾਮ ਦੇ ਇਲਾਕੇ ਵਿੱਚ ਆ ਲੁਕਿਆ। ਸੁਨਾਮ ਦੀ ਰਾਣੀ ਨੇ ਇਹ ਜਾਣ ਕੇ ਕਿ ਇਹ ਚੰਗੀ ਕੁੱਲ ਦੇ ਹਨ, ਇਹਨਾਂ ਨੂੰ ਰਹਿਣ ਨੂੰ ਯੋਗ ਥਾਂ ਦਿੱਤੀ। ਰਾਇ ਬੀਰ ਸੁਨਾਮ ਦੇ ਇਲਾਕੇ ਦੇ ਤਕੜੇ ਜਵਾਨ ਆਪਣੇ ਨਾਲ ਰਲਾ ਕੇ, ਦਿੱਲੀ ਅਤੇ ਆਗਰੇ ਤੱਕ ਮਾਰ-ਧਾੜ ਕਰ ਕੇ ਤੁਰਕਾਂ ਦਾ ਧੰਨ ਲੁੱਟ ਕੇ ਵਾਪਸ ਸੁਨਾਮ ਆ ਜਾਂਦਾ ਰਿਹਾ। ਰਾਇ ਬੀਰ ਦੇ ਸੱਤ ਪੁੱਤਰ ਸਨ ਤੇ ਅੱਗੋਂ ਕਈ ਪੋਤਰੇ ਹੋਏ ਤਾਂ ਜਵਾਨ ਮੁੰਡਿਆਂ ਦੇ ਰਿਸ਼ਤੇ ਜੱਟਾਂ ਨਾਲ ਕਰਨ ਲੱਗ ਪਏ।

ਨੌਵੇਂ ਪਾਤਸ਼ਾਹ ਦੀ ਸੇਵਾ ਵਿੱਚ ਦੁੱਲਟ ਹਾਜ਼ਰ ਹੋਏ ਅਤੇ ਗੁਰੂ ਸਾਹਿਬ ਤੋਂ ਵਰਦਾਨ ਪ੍ਰਾਪਤ ਕੀਤੇ। ਭਾਈ ਦਿਆਲਾ ਜੀ ਤੇ ਭਾਈ ਮਨੀ ਸਿੰਘ ਦੁੱਲਟ ਸਨ ਅਤੇ ਭਾਈ ਮਤੀ ਦਾਸ, ਦੁੱਲਟ ਪਰਿਵਾਰ ਦੇ ਪ੍ਰੋਹਤ ਸਨ। ਇਸ ਪ੍ਰੋਹਤ ਮਹਾਂ ਸ਼ਹੀਦ ਦਾ ਵੰਸ਼ ਅੱਜ ਤੱਕ ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਵਿੱਚ ਵਸ ਰਿਹਾ ਹੈ।

# ਸਿੱਖ ਰਾਜਪੂਤਾਂ ਦੇ ਪਿੰਡ

| ਲੜੀ ਨੰ. | ਨਾਮ ਪਿੰਡ | ਹੱਦ ਬਸਤ ਨੰਬਰ | ਰਕਬਾ ਹੈਕਟੇਅਰਾਂ ਵਿੱਚ | ਵਸਨੀਕਾਂ ਦੇ ਗੋਤ | ਕਿਥੋਂ ਆ ਕੇ ਆਬਾਦ ਹੋਏ |
|---|---|---|---|---|---|
| 1. | ਬਰਿਆਣਾ | 315 | 685 | ਸਰੋਆ | ਚੁਖਿਆਰਾ |
| 2. | ਲੱਧੇਵਾਲੀ | 220 | 301 | ਮਿਨਹਾਸ,ਪਰਮਾਰ ਭੱਟੀ | ਡਰੋਲੀ ਖੁਰਦ ਬੱਡੋਂ, ਘੁੜਿਆਲ |
| 3. | ਕਾਕੀ ਪਿੰਡ | | | ਮਿਨਹਾਸ,ਪਰਮਾਰ, ਪਰਹਾਰ, ਜਸਵਾਲ | ਡਰੋਲੀ ਕਲਾਂ ਪਾਂਛਟਾ, ਕਾਲਰਾ, ਭਾਮ |
| 4. | ਰਾਮਾ ਮੰਡੀ | | | ਮਿਨਹਾਸ, ਪਰਮਾਰ, ਪਰਹਾਰ, ਜਸਵਾਲ | ਡਰੋਲੀ ਕਲਾਂ, ਪਾਂਛਟਾ, ਕਾਲਰਾ, ਭਾਮ |
| 5. | ਰਹਿਮਾਨ ਪੁਰ | | | ਮਿਨਹਾਸ | ਡਮੁੰਡਾ |
| 6. | ਮਦਾਰ | 166 | 303 | ਸਰੋਆ,ਮਿਨਹਾਸ | ਡਰੋਲੀ ਕਲਾਂ, ਚੁਖਿਆਰਾ |
| 7. | ਧੋਗੜੀ | 164 | 1133 | ਮਿਨਹਾਸ | ਡਰੋਲੀ ਕਲਾਂ, |
| 8. | ਅਲਾਵਲਪੁਰ | 139 | | ਪੁਆਰ, ਪਰਹਾਰ ਪਰਮਾਰ | ਘੁੜਿਆਲ ਕਾਲਰਾ, ਪੰਜੌੜਾ |
| 9. | ਚੂਹੜਵਾਲੀ | 167 | 448 | ਮਿਨਹਾਸ, ਭੱਟੀ, ਪੁਆਰ | ਡਰੋਲੀ ਕਲਾਂ, ਘੁੜਿਆਲ |
| 10. | ਡਰੋਲੀ ਖੁਰਦ | 65 | | ਮਿਨਹਾਸ | |
| 11. | ਡਰੋਲੀ ਕਲਾਂ | 65 | 1212 | ਮਿਨਹਾਸ | |
| 12. | ਡਮੁੰਡਾ | 64 | 397 | ਮਿਨਹਾਸ, ਭੱਟੀ, ਜੰਜੂਆ | |
| 13. | ਪਧਿਆਣਾ | 67 | 793 | ਮਿਨਹਾਸ | |
| 14. | ਕਾਲਰਾ | 68 | 466 | ਪਰਹਾਰ | |
| 15. | ਲੁਟੇਰਾ ਕਲਾਂ | 70 | 312 | ਮਿਨਹਾਸ, ਜਸਵਾਲ | ਪਧਿਆਣਾ, ਨਰੂੜ |
| 16. | ਲੁਟੇਰਾ ਖੁਰਦ | 69 | 259 | ਮਿਨਹਾਸ, ਪਰਹਾਰ ਪੁਆਰ | ਪਧਿਆਣਾ, ਕਾਲਰਾ, ਘੁੜਿਆਲ |

| | | | | | |
|---|---|---|---|---|---|
| 17. | ਜਲਪੋਤ | 71 | 259 | ਮਿਨਹਾਸ, ਭੱਟੀ | ਡਰੋਲੀ ਖੁਰਦ, ਘੁੜਿਆਲ |
| 18. | ਢੰਢੋਰੀ | 72 | 136 | ਮਿਨਹਾਸ | ਡਰੋਲੀ ਕਲਾਂ, ਡਰੋਲੀ ਖੁਰਦ |
| 19. | ਢੰਢੋਰ | 73 | 471 | ਮਿਨਹਾਸ, ਭੱਟੀ | ਪਧਿਆਣਾ, ਡਰੋਲੀ ਖੁਰਦ ਡਮੁੰਡਾ |
| 20. | ਚੌਹਾਣ | 173 | | ਪੁਆਰ, ਪਰਹਾਰ | ਘੁੜਿਆਲ, ਕਾਲਰਾ |
| 21. | ਘੁੜਿਆਲ | 60 | 241 | ਭੱਟੀ, ਪੁਆਰ | |
| 22. | ਚੋਖਿਆਰਾ | 59 | 179 | ਸਰੋਆ | |
| 23. | ਜਲਭੇ | 44 | 202 | ਸਰੋਆ | ਚੋਖਿਆਰਾ |
| 24. | ਰਾਮਪੁਰ | | | ਭੱਟੀ | |
| 25. | ਕਰਨਾਣਾ | 93 | 520 | ਪਰਹਾਰ | |
| 26. | ਕਮਾਮ | 187 | 761 | ਪਰਮਾਰ, ਭੱਟੀ | ਮਾਈਓ ਪੱਟੀ ਸਾਹਲੋਂ |
| 27. | ਸਾਹਲੋਂ | 174 | 257 | ਭੱਟੀ | |
| 28. | ਮਹਾਲੋਂ | | | ਮਿਨਹਾਸ | ਡਰੋਲੀ ਕਲਾਂ, ਪਧਿਆਣਾ |
| 29. | ਸਰਹਾਲ ਮੁੰਡੀ | | | ਚੌਹਾਨ | |
| 30. | ਖਿਆਲਾ | 66 | 251 | ਮਿਨਹਾਸ, ਭੱਟੀ | ਪਧਿਆਣਾ, ਘੁੜਿਆਲ |
| 31. | ਗਹਾਵਰ | | | ਮਿਨਹਾਸ, ਪੁਆਰ | ਡਰੋਲੀ ਕਲਾਂ, ਘੁੜਿਆਲ |
| 32. | ਆਦਮਪੁਰ | | | ਮਿਨਹਾਸ, ਭੱਟੀ, | ਡਰੋਲੀ ਖੁਰਦ, ਡਮੁੰਡਾ,ਕਾਲਰਾ |
| 33. | ਅਜੜਾਮ | 240 | 938 | ਭੱਟੀ | ਘੁੜਿਆਲ |
| 34. | ਪੰਡੋਰੀ ਰਾਜਪੂਤਾਂ | 197 | 581 | ਰਾਠੌਰ | |
| 35. | ਫੁਗਲਾਣਾ | 274 | 791 | ਮਿਨਹਾਸ, ਪਰਮਾਰ | ਪਧਿਆਣਾ, ਪਾਲਦੀ ਨਡਾਲੋਂ |
| 36. | ਮੇਹਟੀਆਣਾ | 271 | 325 | ਮਿਨਹਾਸ, ਪਰਮਾਰ | ਪਧਿਆਣਾ, |

| | | | | | |
|---|---|---|---|---|---|
| | | | | | ਜਾਂਗਲੀਆਣਾ |
| 37. | ਭੁੰਗਰਨੀ | 283 | 491 | ਪਰਮਾਰ, ਸਰੋਆ, ਪਰਮਾਰ | |
| 38. | ਪੰਡੋਰੀ ਕੱਦ | 282 | 1921 | ਪਰਮਾਰ | ਬਿੰਜੋਂ |
| 39. | ਅਜਨੋਹਾ | 52 | 563 | ਪਰਮਾਰ | |
| 40. | ਠਿੰਡਲ | 4 | 42 | ਰਾਠੌਰ | |
| 41. | ਨੰਗਲ | 5 | 1041 | ਪਰਮਾਰ | |
| 42. | ਚੈੜਾਂ | 3 | 43 | ਪਰਮਾਰ ਜੰਜੂਆਂ | |
| 43. | ਜਲਵ੍ਹੇੜਾ | 2 | 134 | ਡੋਡ | |
| 44. | ਟੋਡਰਪੁਰ | 1 | 903 | ਜੰਜੂਆ, ਪਰਮਾਰ, ਡੋਡ, ਜਸਵਾਲ | ਕੂਕੋਵਾਲ, ਨਡਾਲੋਂ, ਜਲਵੇੜਾ, ਨਰੂੜ |
| 45. | ਕੂਕੋਵਾਲ | 6 | 73 | ਜੰਜੂਆ, ਪਰਹਾਰ | |
| 46. | ਦਿਹਾਣਾ | 7 | 623 | ਸਰੋਆ, ਜੰਜੂਆ | |
| 47. | ਠੱਕਰਵਾਲ | 9 | 107 | ਡੋਡ, ਮੰਝ | |
| 48. | ਭਾਮ | 12 | 772 | ਜਸਵਾਲ | |
| 49. | ਜਾਂਗਲੀਆਣਾ | 44 | 218 | ਪਰਮਾਰ | |
| 50. | ਬੱਡੋਂ | 51 | 306 | ਪਰਮਾਰ | |
| 51. | ਡਾਂਡੀਆਂ | 50 | 124 | ਪਰਮਾਰ, ਡੋਡ, ਜੰਜੂਆ | |
| 52. | ਧਪੜਾਂ (ਠੱਪਲ) | 10 | 61 | ਤੂਰ (ਤੰਵਰ) | |
| 53. | ਪਾਲਦੀ | 99 | 207 | ਮਿਨਹਾਸ | |
| 54. | ਦੋਹਲਰੋਂ | 309 | 83 | ਲੱਡੂ | |
| 55. | ਚੱਗਰਾਂ | 325 | 219 | ਪੁਆਰ | |
| 56. | ਮਹਿਤਪੁਰ | 345 | 139 | ਪੁਆਰ | |
| 57. | ਬੋਹਣ | 295 | 732 | ਸਰੋਆ | |
| 58. | ਰੀਹਲੇ | 109 | 206 | ਭੱਟੀ | |
| 59. | ਬਿੰਜੋਂ | 107 | 716 | ਪਰਮਾਰ (ਭਾਇਲਾ) | |
| 60. | ਪੰਜੋੜਾ | 54 | 675 | ਪਰਮਾਰ | |
| 61. | ਨਡਾਲੋਂ | 53 | 675 | ਪਰਮਾਰ | |
| 62. | ਸੜੋਆ | 243 | 529 | ਮਿਨਹਾਸ | ਪਾਲਦੀ |
| 63. | ਗੜ੍ਹਸ਼ੰਕਰ | 143 | 858 | ਮਿਨਹਾਸ | ਪਾਲਦੀ |
| 64. | ਕੰਧਾਲਾ | 31 | 354 | ਮਿਨਹਾਸ | ਡਰੋਲੀ ਕਲਾਂ |
| 65. | ਗੁਜਰਾਤਾਂ | 9 | 336 ਏਕੜ | ਪਰਮਾਰ | ਮਾਈਓਪੱਟੀ |

| | | | | | |
|---|---|---|---|---|---|
| 66. | ਬਘਾਣਾ | 21 | 1809” | ਪਰਮਾਰ | |
| 67. | ਨਰੂੜ | 18 | 1470” | ਜਸਵਾਲ | |
| 68. | ਪਾਂਛਟਾ | 25 | 2435” | ਪਰਮਾਰ | |
| 69. | ਮਾਈਓਪੱਟੀ | 24 | 276” | ਪਰਮਾਰ | |
| 70. | ਰਣਧੀਰਗੜ੍ਹ | 17 | 265” | ਮੰਝ, ਡੋਡ | |
| 71. | ਹਰਿਗੋਬਿੰਦਪੁਰ | 59 | 638” | ਮਿਨਹਾਸ, ਪਰਮਾਰ | ਪਾਲਦੀ, ਬੱਡੋਂ |
| 72. | ਖਾਟੀ | 57 | 271” | ਮਿਨਹਾਸ, ਪਰਮਾਰ | ਪਾਲਦੀ, ਬੱਡੋਂ |
| 73 | ਖੁਰਮਪੁਰ | 63 | 390” | ਰਾਠੌਰ | |
| 74. | ਮੀਰਾਪੁਰ | 9 | 336” | ਪਰਮਾਰ | |
| 75 | ਖਲਿਆਣ | 16 | 538” | ਮੰਝ, ਡੋਡ | |

## ਮਾਲਵੇ ਵਿੱਚ ਸਿੱਖ ਰਾਜਪੂਤਾਂ ਦੇ ਪਿੰਡ

| ਲੜੀ ਨੰ. | ਨਾਮ ਪਿੰਡ | ਜ਼ਿਲ੍ਹਾ | ਵਸਨੀਕਾਂ ਦੇ ਗੋਤ | ਕਿੱਥੋਂ ਆ ਕੇ ਆਬਾਦ ਹੋਏ |
|---|---|---|---|---|
| 1. | ਪੰਜੇਠਾ | ਅੰਬਾਲਾ | ਮਿਨਹਾਸ,ਪਰਮਾਰ, ਭੱਟੀ | |
| 2. | ਸੰਗਤਪੁਰਾ | ਫਰੀਦਕੋਟ | ਮਿਨਹਾਸ, ਪਰਮਾਰ, ਭੱਟੀ | |
| 3. | ਬਹਾਦਰਗੜ੍ਹ | ਫਤਹਿਗੜ੍ਹ ਸਾਹਿਬ | ਮਿਨਹਾਸ ਪਿੰਡ | ਪਧਿਆਣੇ ਤੋਂ ਆ ਕੇ ਵਸੇ |
| 4. | ਦਿਆਲਪੁਰ | ਪਟਿਆਲਾ | ਜੰਜੂਆ, ਸਰੋਆ | |
| 5. | ਮਾਜਰੀ ਜੱਟਾਂ | ਪਟਿਆਲਾ | ਜੰਜੂਆ, ਸਰੋਆ | |
| 6. | ਮਾਜਰੀ ਮੰਨਾ ਸਿੰਘ | ਪਟਿਆਲਾ | ਜੰਜੂਆ, ਸਰੋਆ | |
| 7. | ਖਨਿਆਣ | ਪਟਿਆਲਾ | ਜੰਜੂਆ | |
| 8. | ਭੜੀ | ਪਟਿਆਲਾ | ਜੰਜੂਆ, ਚੌਹਾਨ | |
| 9. | ਜੱਸੋ ਮਜਾਰਾ | ਪਟਿਆਲਾ | ਚੌਹਾਨ, ਮਿਨਹਾਸ | |
| 10. | ਜੀਣੋਵਾਲ | ਫਰੀਦਕੋਟ | ਚੌਹਾਨ, ਰਾਠੌਰ | |
| 11. | ਸਮਾਧ ਭਾਈ | ਫਰੀਦਕੋਟ | ਪਰਮਾਰ, ਭੱਟੀ | |
| 12. | ਰਣੀਆਂ | ਫਰੀਦਕੋਟ | ਸਰੋਆ, ਨਾਰੂ (ਨਾਰਾ) | ਖਨੌੜੇ ਤੋਂ ਮੁਗਲ ਰਾਜ ਸਮੇਂ ਗਏ |
| 13. | ਢੋਲਣ | ਲੁਧਿਆਣਾ | ਮਿਨਹਾਸ, ਪਰਮਾਰ ਭੱਟੀ, ਚੌਹਾਨ | ਇਸ ਨਾਮ ਦਾ ਪਿੰਡ ਚਿਤੌੜ ਲਾਗੇ ਹੈ |
| 14. | ਕੋਟਕਪੂਰਾ | ਫਰੀਦਕੋਟ | ਮਿਨਹਾਸ, ਪਰਮਾਰ ਭੱਟੀ, ਚੌਹਾਨ ਜਸਵਾਲ | |
| 15. | ਕੋਟ ਈਸੇ ਖਾਂ | ਮੋਗਾ | ਮੰਝ | |

# ਗੋਤ

ਰਾਜਪੂਤਾਂ ਦੇ ਗੋਤਾਂ ਤੇ ਬਾਰੇ ਕੁਝ ਨਵੀਆਂ ਗੱਲਾਂ ਲੱਭੀਆਂ ਹਨ ਜੋ ਕਿ ਹਰ ਇੱਕ ਗੋਤ ਦੀਆਂ ਕਈ-ਕਈ ਇਤਿਹਾਸਿਕ ਕਿਤਾਬਾਂ ਵਿੱਚੋਂ ਪੜਚੋਲ ਕਰ ਕੇ ਲਿਖੀਆਂ ਹਨ।

## ਮਿਨਹਾਸ

*ਇਬਸਟਨ ਦੇ ਵਿਚਾਰ ਅਨੁਸਾਰ ਕਿ ਸਾਰੇ ਕਬੀਲੇ ਦਾ ਪਹਿਲਾ ਨਾਮ ਜਮਵਾਲ ਸੀ ਪਰ ਹੁਣ ਇਹ ਕੇਵਲ ਰਾਜ ਘਰਾਣੇ ਦਾ ਗੋਤ ਹੈ ਤੇ ਜੋ ਖੇਤੀ ਕਰਨ ਲੱਗ ਪਏ ਉਨ੍ਹਾਂ ਨੂੰ ਰਾਜ ਘਰਾਣੇ ਵਾਲੇ ਨਫਰਤ ਕਰਨ ਲੱਗ ਪਏ ਤੇ ਮਿਨਹਾਸ ਆਖਣ ਲੱਗ ਪਏ। ਸੰਨ 1880 ਦੀ ਮਰਦਮਸ਼ੁਮਾਰੀ ਵਿੱਚ ਗੁੱਜਰਾਂਵਾਲਾ ਦੇ 1325 ਵਿਰਕ ਜੱਟਾਂ ਨੇ ਆਪਣੇ ਆਪ ਨੂੰ ਮਿਨਹਾਸ ਰਾਜਪੂਤ ਲਿਖਵਾਇਆ ਹੈ। ਇਹ ਉੱਚ ਦਰਜੇ ਦੇ ਕਿਸਾਨ ਹਨ ਤੇ ਇਸੇ ਕਰ ਕੇ ਰਾਜਪੂਤ ਇਹਨਾਂ ਨੂੰ ਘਟੀਆ ਸਮਝਦੇ ਹਨ।

ਜਦੋਂ ਅੰਗਰੇਜ਼ ਰਾਜ ਸਮੇਂ ਬਾਰ ਵਿੱਚ ਜਲੰਧਰ ਦੁਆਬ ਅਤੇ ਮਾਝੇ ਦੇ ਲੋਕਾਂ ਨੂੰ ਜ਼ਮੀਨ ਦਿੱਤੀ ਗਈ ਤਾਂ ਉੱਧਰ ਦੇ ਜਾਂਗਲੀ ਇਹਨਾਂ ਦੇ ਡੰਗਰ ਚੋਰੀ ਕਰ ਲੈਂਦੇ। ਵਿਰਕਾਂ ਨੇ ਇਕੱਠੇ ਹੋ ਕੇ ਫੈਸਲਾ ਕੀਤਾ ਕਿ ਅੱਗੇ ਤੋਂ ਜੇ ਸਾਡਾ ਇੱਕ ਪਸ਼ੂ ਜਾਂਗਲੀ ਚੋਰੀ ਕਰਨ ਤਾਂ ਅਸੀਂ ਉਨ੍ਹਾਂ ਦੇ ਦਸ ਚੋਰੀ ਕਰਾਂਗੇ। ਇਸ ਤਰ੍ਹਾਂ ਦੀ ਸਖ਼ਤ ਜਵਾਬੀ ਕਾਰਵਾਈ ਤੋਂ ਜਾਂਗਲੀ ਇਧਰਲੇ ਲੋਕਾਂ ਦੇ ਪਸ਼ੂ ਚੋਰੀ ਕਰਨੋ ਬੰਦ ਹੋਏ।

ਕਰਨਲ ਟਾਡ ਦੀ ਪੁਸਤਕ Annals and Antiquities of Rajasthan ਵਿੱਚ ਮਿਨਹਾਸ ਰਾਜਪੂਤਾਂ ਬਾਰੇ ਕੁਝ ਨਹੀਂ ਮਿਲਦਾ। ਜਿਸ ਦਾ ਕਾਰਨ ਹੈ ਕਿ ਮਿਨਹਾਸ ਗੋਤ ਦੇ ਰਾਜਪੂਤ ਟਾਡ ਦੇ ਸਮੇਂ ਜੰਮੂ ਅਤੇ ਪੰਜਾਬ ਵਿੱਚ ਸਨ, ਰਾਜਸਥਾਨ ਵਿੱਚ ਨਹੀਂ ਸਨ।

ਜਸਵਾਂ ਨਾਮ ਦੀ ਰਿਆਸਤ ਰਾਜਾ ਪੂਰਬ ਚੰਦ ਨੇ ਸੰਨ 1170 ਈ. ਵਿੱਚ ਕਾਂਗੜੇ ਦੇ ਕਟੋਚ ਰਾਜ ਘਰਾਣੇ ਤੋਂ ਵੱਖ ਹੋ ਕੇ ਕਾਇਮ ਕੀਤੀ। ਇਸ ਦੀ ਰਾਜਧਾਨੀ ਅੰਬ ਦੇ ਲਾਗੇ ਰਾਜਪੁਰ ਸੀ। ਸੰਨ 1815 ਵਿੱਚ ਰਣਜੀਤ ਸਿੰਘ ਨੇ ਇਹ ਰਿਆਸਤ ਆਪਣੇ ਰਾਜ ਵਿੱਚ ਮਿਲਾ ਲਈ ਤੇ ਉਥੇ ਦੇ ਰਾਜੇ ਉਮੇਦ ਸਿੰਘ ਨੂੰ ਕੇਵਲ 1200 ਰੁਪਏ ਸਾਲਾਨਾ ਦੀ ਜਾਗੀਰ ਦਿੱਤੀ।

ਮਿਨਹਾਸ ਰਾਜਪੂਤਾਂ ਵਿੱਚੋਂ ਇੱਕ ਬੀਰਮ ਦੇਵ ਮਿਨਹਾਸ ਬਾਰੇ ਤੋਜ਼ਕੇ ਬਾਬਰੀ ਵਿੱਚ Vol-II Page 461 ਬਾਬਰ ਲਿਖਦਾ ਹੈ।

---

* *A Glossary of the Tribes and Castes of Punjab and N.W.F. Vol. III Page 274*

*1"ਕਿ ਜਦੋਂ ਗਾਜ਼ੀ ਖਾਂ ਪੁੱਤਰ ਦੋਲਤ ਖਾਂ ਲੋਧੀ ਦੀ ਕੋਈ ਖਬਰ ਨਾ ਮਿਲੀ ਤਾਂ ਅਸੀਂ ਤਾਰਦੀ ਖਾਨ ਦੇ ਨਾਲ ਬੀਰਮ ਦੇਵ ਮਿਨਹਾਸ ਨੂੰ ਜਾਣ ਦਾ ਹੁਕਮ ਦਿੱਤਾ ਕਿ ਜਿੱਥੇ ਵੀ ਗਾਜ਼ੀ ਖਾਂ ਮਿਲੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ" ਬੀਰਮ ਦੇਵ ਮਿਨਹਾਸ ਕੋਈ ਤਕੜਾ ਉਚੇ ਰੁਤਬੇਵਾਲਾ ਸਰਦਾਰ ਹੋਣਾ ਹੈ ਤਾਂ ਹੀ ਤਾਂ ਬਾਬਰ ਨੂੰ ਉਸ ਦਾ ਨਾਮ ਯਾਦ ਰਿਹਾ।

ਗਾਜ਼ੀ ਖਾਂ ਇੱਕ ਪੜ੍ਹਿਆ ਲਿਖਿਆ ਕਵੀ ਸੀ ਜੋ ਬਾਬਰ ਦੇ ਹੱਥ ਆਉਣ ਤੋਂ ਡਰ ਕੇ ਮਲੋਤ (ਨੇੜੇ ਹਰਿਆਣਾ ਭੂੰਗਾ) ਦੇ ਕਿਲੇ ਵਿੱਚੋਂ ਪਹਾੜ ਵੱਲ ਨੂੰ ਆਪਣੀ ਲਾਇਬਰੇਰੀ ਦੀਆਂ ਦੁਰਲੱਭ ਕਿਤਾਬਾਂ ਅਤੇ ਹੋਰ ਸਾਮਾਨ ਛੱਡ ਕੇ ਭੱਜ ਗਿਆ। ਬਾਬਰ ਨੇ ਇਹ ਕਿਤਾਬਾਂ ਪੂਰੀ ਤਰ੍ਹਾਂ ਸੰਭਾਲ ਕੇ ਲਾਹੌਰ ਭੇਜ ਦਿੱਤੀਆਂ। ਇਸ ਵਾਰ ਬਾਬਰ ਕਲਾਨੌਰ ਤੋਂ ਸਿੱਧਾ ਮਲੋਤ ਆਇਆ ਜਿੱਥੇ ਕਿ ਦੌਲਤ ਖਾਂ ਲੋਧੀ ਬਾਬਰ ਨਾਲ ਲੜਾਈ ਕਰਨ ਦੇ ਇਰਾਦੇ ਨਾਲ ਤਿਆਰੀ ਕਰੀ ਬੈਠਾ ਸੀ ਪਰ ਉਸ ਨੂੰ ਬਾਬਰ ਅੱਗੇ ਹਥਿਆਰ ਸੁੱਟਣੇ ਪਏ। ਇਥੋਂ ਬਾਬਰ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ-ਨਾਲ ਰੋਪੜ, ਬਨੂੜ, ਕੁਰੂਕਸ਼ੇਤਰ ਹੁੰਦਾ ਹੋਇਆ ਪਾਨੀਪਤ ਪਹੁੰਚਿਆ ਜਿਥੇ ਕਿ ਸੰਨ 1526, 21 ਅਪ੍ਰੈਲ ਵਾਲੇ ਦਿਨ ਇਬਰਾਹੀਮ ਲੋਧੀ ਨੂੰ ਹਰਾ ਕੇ ਬਾਬਰ ਅੱਗੇ ਆਗਰੇ ਤੱਕ ਵਧਿਆ। ਬੀਰਮ ਦੇਵ ਦੇ ਪੁੱਤਰ ਕੈਲਾਸ਼ ਦੇਵ ਹੋਏ।

ਕੈਲਾਸ਼ ਜੀ ਜੋ ਜ਼ਿਲ੍ਹਾ ਗੁਰਦਾਸਪੁਰ ਤੋਂ ਆ ਕੇ ਜਸਵਾਂ ਦੇ ਰਾਜਾ ਹਰੀ ਚੰਦ ਜਸਵਾਲ ਦੇ ਅਧੀਨ ਇੱਕ ਉੱਚ ਪਦਵੀ 'ਤੇ ਨਿਯੁਕਤ ਹੋਏ ਤੇ ਰਾਜਾ ਵੱਲੋਂ ਉਨ੍ਹਾਂ ਨੂੰ ਗੁਜ਼ਾਰੇ ਲਈ ਹਾਰਟਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਇਲਾਕਾ ਮਿਲਿਆ। ਕੈਲਾਸ਼ ਜੀ ਦੇ ਪੰਜ ਪੁੱਤਰ ਸਨ:-(1) ਕਤੀ (2) ਮਤੀ (3) ਅਸ਼ੂਪਾਲ (4) ਜਤੀ (5) ਵਤੀ। ਇਹਨਾਂ ਵਿੱਚੋਂ ਜਤੀ ਅਤੇ ਵਤੀ ਦੀ ਔਲਾਦ ਸਿਆਲਕੋਟ ਵਿੱਚ ਸੀ। ਅਸ਼ੂਪਾਲ ਦੀ ਔਲਾਦ ਪਿੰਡ ਪਾਲਦੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਤੇ ਕਤੀ ਜੀ ਦੀ ਔਲਾਦ ਜ਼ਿਲ੍ਹਾ ਜਲੰਧਰ ਦੇ ਮਿਨਹਾਸ ਰਾਜਪੂਤਾਂ ਦੇ ਪਿੰਡ ਡਰੋਲੀ ਕਲਾਂ, ਡਰੋਲੀ ਖੁਰਦ, ਡਮੁੰਡਾ ਅਤੇ ਪਧਿਆਣਾ ਵਿੱਚ ਹੈ। ਬਹਾਦਰਗੜ੍ਹ (ਨੇੜੇ ਸਰਹਿੰਦ) ਵਾਲੇ ਮਿਨਹਾਸ ਰਾਜਪੂਤ ਵੀ ਪਿੰਡ ਪਧਿਆਣਾ ਨਾਲ ਸੰਬੰਧਤ ਹਨ।

ਬਾਬਾ ਮਤੀ ਜੀ ਦੇ ਸ਼ਹੀਦ ਹੋਣ ਉਪਰੰਤ ਮਿਨਹਾਸ ਰਾਜਪੂਤਾਂ ਨੇ ਪਿੰਡ ਡਰੋਲੀ ਕਲਾਂ ਆਬਾਦ ਕੀਤਾ ਅਤੇ ਬਾਬਾ ਮਤੀ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਸ਼ਹੀਦ ਹੋਣ ਦੀ ਥਾਂ ਉਨ੍ਹਾਂ ਦੀ ਸਮਾਧ ਬਣਾਈ। ਨਾਲ ਹੀ ਇੱਕ ਸਰੋਵਰ ਬਣਾਇਆ। ਸਰੋਵਰ ਦੇ ਨਾਲ ਹੀ ਇੱਕ ਕਿਲ੍ਹਾ ਬਣਾਇਆ ਜਿਹੜਾ ਕਿ ਅੰਗਰੇਜ਼ੀ ਰਾਜ ਸਮੇਂ ਜ਼ਬਰਦਸਤੀ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਆਪਣੀ ਹਾਜ਼ਰੀ ਵਿੱਚ ਢੁਹਾਇਆ। ਇਸ ਬਾਰੇ

---

* *ਤੋਜ਼ਕੇ ਬਾਬਰੀ (Memoirs of Babur Vol. IIPage 462Translated by Beveridge*

ਡਿਸਟਰਿਕਟ ਐਂਡ ਸਟੇਟ ਗਜ਼ਟੀਅਰ, ਜਲੰਧਰ ਜ਼ਿਲ੍ਹਾ ਨਾਲ ਸੰਬੰਧਤ ਪੰਨਾ 499 ਦੇ ਇਸ ਤਰ੍ਹਾਂ ਲਿਖਿਆ ਹੈ:-ਕਮਿਸ਼ਨਰ ਅਤੇ ਉਸ ਦੇ ਮਾਤਹਿਤ ਅਫਸਰਾਂ ਦੀ ਇੱਕ ਮਹੱਤਵਪੂਰਨ ਡਿਊਟੀ ਸੀ ਕਿ ਉਹ ਦੇਖਣ ਕਿ ਕਿਲੇ ਜੋ ਜ਼ਿਲ੍ਹੇ ਵਿੱਚ ਬਹੁਤ ਹਨ, ਢਾਹੇ ਜਾਣ। ਸਿੱਖ ਸਰਦਾਰ ਇਸ ਗੱਲ ਨੂੰ ਮੰਨ ਕੇ ਰਾਜ਼ੀ ਨਹੀਂ ਸਨ। ਸਰਦਾਰ ਲਹਿਣਾ ਸਿੰਘ ਮਜੀਠੀਆ, ਜੋ ਡਰੋਲੀ ਕਲਾਂ ਕਿਲ੍ਹੇ ਦਾ ਇੰਚਾਰਜ ਸੀ, ਨੇ ਦੋ ਸਾਲ ਤੱਕ ਕਿਲ੍ਹਾ ਨ ਢਾਹਿਆ। ਉਸ ਦੇ ਇੱਕ ਕਰਮਚਾਰੀ ਨੇ ਝੂਠਾ ਹਲਫੀਆ ਬਿਆਨ ਅੰਗਰੇਜ਼ ਅਫਸਰਾਂ ਨੂੰ ਦੇ ਦਿੱਤਾ ਕਿ ਕਿਲ੍ਹਾ ਢਾਹ ਦਿੱਤਾ ਗਿਆ ਹੈ ਪ੍ਰੰਤੂ ਮਿਸਟਰ ਜਾਹਨ ਲਾਰੰਸ ਡਿਪਟੀ ਕਮਿਸ਼ਨਰ, ਜਲੰਧਰ, ਖੁਦ ਪਿੰਡ ਡਰੋਲੀ ਕਲਾਂ ਆਏ ਤੇ ਉਨ੍ਹਾਂ ਦੇਖਿਆ ਕਿ ਕਿਲ੍ਹਾ ਢਾਹੁਣ ਲਈ ਕੁਝ ਨਹੀਂ ਕੀਤਾ ਗਿਆ। ਉਨ੍ਹਾਂ ਆਪਣੇ ਮਜ਼ਦੂਰ ਕਿਲ੍ਹਾ ਢਾਹੁਣ 'ਤੇ ਲਾ ਦਿੱਤੇ, ਜਿਨ੍ਹਾਂ ਦੀ ਚੋਖੀ ਮਜ਼ਦੂਰੀ ਸ. ਲਹਿਣਾ ਸਿੰਘ ਮਜੀਠੀਆ ਨੂੰ ਦੇਣੀ ਪਈ। ਸਿੱਖ ਸਰਦਾਰ ਕਿਲ੍ਹਿਆਂ ਨੂੰ ਆਉਣ ਵਾਲੇ ਸਮਿਆਂ ਵਿੱਚ ਇਸਤੇਮਾਲ ਕਰਨ ਲਈ ਕਾਇਮ ਰੱਖਣੇ ਚਾਹੁੰਦੇ ਸਨ। ਅੰਗਰੇਜ਼ਾਂ ਨੇ ਬ੍ਰਿਗੇਡੀਅਰ ਵ੍ਹੀਲਰ ਦੀ ਅਗਵਾਈ ਵਿੱਚ ਪਠਾਨ ਰੈਜਮੈਂਟ ਦੀ ਡਿਊਟੀ ਦੁਆਬੇ ਦੇ ਸਾਰੇ ਜਾਗੀਰਦਾਰਾਂ ਅਤੇ ਜ਼ਿੰਮੀਦਾਰਾਂ ਪਾਸੋਂ ਤੋਪਾਂ ਅਤੇ ਹਥਿਆਰ ਇਕੱਠੇ ਕਰਨ 'ਤੇ ਲਗਾ ਦਿੱਤੀ। ਰਿਆਇਤ ਇਹ ਦਿੱਤੀ ਗਈ ਕਿ ਜੋ ਖੁਦ ਹਥਿਆਰ ਅਤੇ ਤੋਪਾਂ ਸੌਂਪ ਦੇਣਗੇ ਉਨ੍ਹਾਂ ਨੂੰ ਉਹ ਢਾਲ ਕੇ ਧਾਤ ਦੇ ਰੂਪ ਵਿੱਚ ਵਾਪਸ ਕਰ ਦੇਣਗੇ। ਆਪਣੇ ਆਪ ਕਿਲੇ ਢਾਹੁਣ ਵਾਲਿਆਂ ਨੂੰ ਵੀ ਜਾਗੀਰਾਂ ਦੇਣ ਦਾ ਵਾਅਦਾ ਕੀਤਾ ਗਿਆ।

ਡਰੋਲੀ ਕਲਾਂ ਵਿਖੇ ਇੱਕ ਵੱਡਾ ਕਿਲ੍ਹਾ ਕਾਇਮ ਹੋਣ ਬਾਰੇ ਜ਼ਿਲ੍ਹਾ ਜਲੰਧਰ ਦੇ ਗਜ਼ਟੀਅਰ ਦੇ ਸਫਾ 438 'ਤੇ ਵੀ ਹੈ। ਪਿੰਡ ਦੇ ਸਿਆਣੇ ਬਜ਼ੁਰਗਾਂ ਨੂੰ ਯਾਦ ਹੈ ਕਿ ਬਾਬਾ ਮਤੀ ਸਰੋਵਰ ਦੇ ਚੜ੍ਹਦੇ ਪਾਸੇ ਇਹ ਕਿਲ੍ਹਾ ਸੀ। ਮਿੱਟੀ ਦੀਆਂ ਚੌੜੀਆਂ ਕੰਧਾਂ ਸਨ ਜੋ ਬਾਬਾ ਮਤੀ ਦੇ ਸਰੋਵਰ ਦੀ ਮਿਟੀ ਨਾਲ ਬਣਾਈਆਂ ਸਨ। ਪਿੰਡ ਦੇ ਬਜ਼ੁਰਗਾਂ ਨੇ ਲੇਖਕ ਨੂੰ ਦੱਸਿਆ ਕਿ ਬਾਬਾ ਮਤੀ ਲਾਗੇ ਉੱਚੀ ਥਾਂ 'ਤੇ ਸ.ਲਹਿਣਾ ਸਿੰਘ ਮਜੀਠੀਆ ਦਾ ਮਹਿਲ ਸੀ ਜਿਹੜਾ ਕੇ ਸੰਭਾਲ ਨਾ ਕਰਨ ਕਾਰਨ ਢਹਿ ਗਿਆ। ਇਸ ਮਹੱਲ ਵਿੱਚ ਇੱਕ ਭੋਰਾ ਵੀ ਸੀ। ਇਹ ਮਹਿਲ ਢਾਹ ਕੇ ਹੁਣ ਇਸ ਥਾਂ ਗੁਰਦਵਾਰਾ ਬਣਾ ਦਿੱਤਾ ਗਿਆ ਹੈ। ਸ. ਲਹਿਣਾ ਸਿੰਘ ਮਜੀਠੀਆ ਦੇ ਪਰਿਵਾਰ ਨੂੰ ਪਿੰਡ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਾਲਰੇ ਦੇ ਅੰਗ ਰੱਖਿਅਕ ਬੜੀ ਚੰਗੀ ਤਰ੍ਹਾਂ ਛੱਡ ਕੇ ਆਏ। ਪਰਿਵਾਰ ਦੀਆਂ ਇਸਤਰੀਆਂ ਨੇ ਉਨ੍ਹਾਂ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਕਾਫ਼ੀ ਸੋਨਾ ਅਤੇ ਧਨ ਦਿੱਤਾ।

* ਸਿੱਖ ਮਿਸਲਾਂ ਦੀ ਚੜ੍ਹਤ ਦੇ ਸਮੇਂ ਕਾਂਗੜੇ ਦੇ ਰਾਜਾ ਸੰਸਾਰ ਚੰਦ ਨੇ ਵੀ ਦੁਆਬੇ ਦੇ ਉੱਤਰ ਵੱਲ ਦੇ ਇਲਾਕੇ 'ਤੇ ਕਬਜ਼ਾ ਕਰਨਾ ਚਾਹਿਆ ਡਰੋਲੀ ਦੇ ਕਿਲ੍ਹੇ

---

** ਹੁਸ਼ਿਆਰਪੁਰ ਡਿਸਟਰਿਕਟ ਗਜ਼ਟੀਅਰ ਪੰਨਾ 417*

ਵਾਸਤੇ ਸੰਸਾਰ ਚੰਦ ਦੀ ਫੌਜ ਅਤੇ ਸਿੱਖਾਂ ਵੱਲੋਂ ਮਹਿਤਾਬ ਸਿੰਘ ਗੜ੍ਹਦੀਵਾਲਾ ਅਤੇ ਫਤੇਹ ਸਿੰਘ ਆਹਲੂਵਾਲੀਆ ਵਿਚਕਾਰ ਲੜਾਈ ਹੋਈ ਜਿਸ ਵਿੱਚ ਮਹਿਤਾਬ ਸਿੰਘ ਗੜ੍ਹਦੀਵਾਲੇ ਦੀ ਮੌਤ ਹੋਈ।

## ਸ਼ਹੀਦ ਬਾਬਾ ਮਤੀ ਜੀ

ਮਿਨਹਾਸ ਗੋਤ ਦੇ ਰਾਜਪੂਤਾਂ ਦਾ ਪਿੱਛਾ ਜੰਮੂ ਕਸ਼ਮੀਰ ਦੇ ਰਾਜਾ ਖਾਨਦਾਨ ਨਾਲ ਮਿਲਦਾ ਹੈ। ਕੁਝ ਮਿਨਹਾਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਬਾਦ ਹੋ ਗਏ। ਕੈਲਾਸ਼ ਪੁੱਤਰ ਵੀਰਮ ਦੇਵ ਯਾਦ ਹਿੰਦ ਬਾਰਾ ਮੰਗਾ ਜ਼ਿਲ੍ਹਾ ਗੁਰਦਾਸਪੁਰ ਛੱਡ ਕੇ ਰਾਜਾ ਹਰੀ ਚੰਦ ਜਸਵਾਲ ਵਾਲੀਏ ਜਸਵਾਂ ਕੋਲ ਇੱਕ ਉੱਚ ਪਦਵੀ 'ਤੇ ਲੱਗ ਗਏ ਤੇ ਹਾਰਟਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਇਲਾਕਾ ਉਨ੍ਹਾਂ ਨੂੰ ਜਗੀਰ ਵਿੱਚ ਮਿਲਿਆ। ਬਾਬਾ ਮਤੀ ਜੀ ਦੀ ਸ਼ਾਦੀ ਦਾ ਸਮਾਗਮ ਚੱਲ ਰਿਹਾ ਸੀ ਜੋ ਕਿ ਪਿੰਡ ਇੱਟਾਂ ਬੱਧੀ (ਨੇੜੇ ਸ਼ਾਮ ਚੁਰਾਸੀ) ਵਿਖੇ ਬੀਬੀ ਸੰਪੂਰਨੀ ਨਾਲ ਲਾਵਾਂ ਹੋ ਰਹੀਆਂ ਸਨ। ਅਜੇ ਲਾਵਾਂ ਵਿਚਕਾਰ ਹੀ ਸਨ ਕਿ ਇੱਕ ਗਰੀਬ ਬ੍ਰਾਹਮਣੀ ਰੋਂਦੀ ਕੁਰਲਾਂਦੀ ਨੇ ਪੁਕਾਰ ਕੀਤੀ ਕਿ ਲਾਗਲੇ ਪਿੰਡ ਦੇ ਮੁਸਲਮਾਨਾਂ ਨੇ ਉਨ੍ਹਾਂ ਦਾ ਮੰਦਰ ਢਾਹ ਦਿੱਤਾ ਹੈ ਅਤੇ ਲੁੱਟਮਾਰ ਕਰ ਕੇ ਗਊਆਂ ਲੈ ਗਏ ਹਨ। ਉਸ ਨਿਆਸਰੀ ਦੀ ਪੁਕਾਰ ਸੁਣ ਕੇ ਮਤੀ ਜੀ ਦੇ ਮਨ 'ਤੇ ਕਬੀਰ ਜੀ ਦੇ ਹੇਠ ਲਿਖੇ ਸਲੋਕ ਵਰਗਾ ਅਸਰ ਹੋਇਆ:-

*ਗਗਨ ਦਮਾਮਾ ਬਾਜਿਉ, ਪਰਿਓ ਨੀਸਾਨੈ ਘਾਉ।*
*ਖੇਤ ਜੁ ਮਾਡਿਓ ਸੂਰਮਾ,*
*ਅਬ ਜੂਝਨ ਕੋ ਦਾਉ॥ ੧॥*
*ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤ॥*

*(ਸਲੋਕ ਕਬੀਰ ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 1105)*

ਦਸਮ ਦੁਆਰ ਵਿੱਚ ਦਮਾਮਾ ਵੱਜਿਆ ਤਾਂ ਹਿਰਦੇ ਰੂਪੀ ਨਿਸ਼ਾਨੇ 'ਤੇ ਸੱਟ ਵੱਜੀ। ਸੂਰਮੇ ਨੇ ਅਸਲੀ ਰਣ ਭੂਮੀ ਵਿੱਚ ਤੁਰੰਤ ਨਿੱਤਰਨ ਦਾ ਇਰਾਦਾ ਕੀਤਾ। ਦੀਨਾਂ ਅਨਾਥਾਂ ਦੀ ਖਾਤਿਰ ਪੁਰਜਾ ਪੁਰਜਾ ਕੱਟ ਕੇ ਮਰਨ ਵਾਲੇ ਅਸਲੀ ਸੂਰਮੇ ਹਨ ਤੇ ਉਨ੍ਹਾਂ ਦਾ ਨਾਂ ਰਹਿੰਦੀ ਦੁਨੀਆਂ ਤੱਕ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ। ਬਾਬਾ ਮਤੀ ਜੀ ਨੇ ਲਾਵਾਂ ਵਿੱਚੇ ਛੱਡੀਆਂ ਅਤੇ ਆਪਣੇ ਕੁਝ ਸਾਥੀਆਂ ਨਾਲ ਹਮਲਾ ਕਰ ਕੇ ਮੁਸਲਮਾਨਾ ਨੂੰ ਘੇਰ ਲਿਆ। ਜਿਸ ਥਾਂ ਗੁਰਦੁਆਰਾ ਹੈ ਦੇ ਨਾਲ ਬਾਬਾ ਮਤੀ ਜੀ ਦੀ ਸਮਾਧ ਹੈ ਉਸ ਜਗ੍ਹਾ ਉਹ ਸ਼ਹੀਦ ਹੋਏ ਸਨ। ਜਦੋਂ ਉਨ੍ਹਾਂ ਦੀ ਚਿਖਾ ਨੂੰ ਅਗਨੀ ਭੇਟ ਕੀਤਾ ਗਿਆ

ਤਾਂ ਬੀਬੀ ਸੰਪੂਰਨੀ ਨੇ ਨਾਲ ਸਤੀ ਹੋਣਾ ਚਾਹਿਆ ਤਾਂ ਉਸ ਨੂੰ ਰੋਕ ਦਿੱਤਾ ਗਿਆ ਕਿ ਲਾਵਾਂ ਸੰਪੂਰਨ ਹੋਣ ਤੋਂ ਬਿਨਾ ਉਹ ਮਤੀ ਜੀ ਦੀ ਪਤਨੀ ਨਹੀਂ ਬਣੀ ਸੀ। ਪਰ ਉਸ ਨੇ ਜ਼ਿਦ ਕਰ ਕੇ ਬਾਬਾ ਮਤੀ ਜੀ ਦੀ ਚਿਖਾ ਦੀਆਂ ਕੁਝ ਲੱਕੜਾਂ ਲੈ ਕੇ ਨਾਲ ਹੀ ਵੱਖਰੀ ਚਿਤਾ ਬਣਾ ਕੇ ਆਪਣਾ ਅੰਤਿਮ ਸੰਸਕਾਰ ਕਰ ਲਿਆ। ਉਸ ਥਾਂ ਤੇ ਦੋਨੋ ਸਮਾਧਾਂ ਨਾਲ-ਨਾਲ ਬਣੀਆਂ ਹੋਈਆਂ ਹਨ।

# ਪਰਮਾਰ

*1 ਪਰਮਾਰ ਸ਼ਬਦ ਦਾ ਅਰਥ ਹੈ। "ਮੁੱਖ ਲੜਾਕਾ"। ਪਰਮਾਰ ਅਗਨੀ ਕੁਲ ਰਾਜਪੂਤਾਂ ਦੀ ਇੱਕ ਵੱਡੀ ਸ਼ਾਖ ਹੈ ਤੇ ਮੰਨਿਆ ਜਾਂਦਾ ਹੈ ਕਿ ਅਬੂ ਪਹਾੜ 'ਤੇ ਰਿਸ਼ੀਆਂ ਨੇ ਰਾਖਸ਼ਸ਼ਾਂ ਤੋਂ ਰੱਖਿਆ ਲਈ ਹਵਨ ਕੀਤਾ ਤੇ ਉਸ ਵਿੱਚੋਂ ਚਾਰ ਪਰਤਾਪੀ ਪੁਰਖ ਪਰਮਾਰ, ਚੌਹਾਨ, ਸੋਲੰਕੀ ਅਤੇ ਪਰਿਹਾਰ ਪਰਗਟ ਹੋਏ।

ਪਰਮਾਰ ਇੱਕ ਜਗਤ ਪ੍ਰਸਿੱਧ ਗੋਤ ਹੈ। ਮੱਧ ਪ੍ਰਦੇਸ਼ ਦੀ ਧਾਰਾ ਨਗਰੀ 'ਤੇ ਪਰਮਾਰ ਰਾਜਪੂਤ ਘਰਾਣੇ ਦਾ ਰਾਜ ਕਈ ਸਦੀਆਂ ਤੱਕ ਰਿਹਾ। ਪੰਜਾਬ ਵਿੱਚ ਪਰਮਾਰ ਰਾਜਪੂਤਾਂ ਦੇ ਕਈ ਵੱਡੇ-ਵੱਡੇ ਪਿੰਡ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਅਤੇ ਕਪੂਰਥਲਾ ਦੀ ਤਹਿਸੀਲ ਫਗਵਾੜਾ ਦੇ ਪਰਮਾਰਾਂ ਨੇ ਪੂਰੀ ਤਰ੍ਹਾਂ ਸਿੱਖ ਧਰਮ ਅਪਣਾ ਲਿਆ ਹੈ। ਰਾਜਾ ਭੋਜ ਪਹਿਲਾ ਪ੍ਰਸਿੱਧ ਰਾਜਾ ਪਰਮਾਰ ਰਾਜਪੂਤਾਂ ਵਿੱਚੋਂ ਹੋਇਆ ਹੈ। ਉਸ ਤੋਂ ਬਾਅਦ ਉਸ ਦਾ ਭਰਾ ਉਦੇਦਿੱਤ ਧਾਰਾ ਨਗਰੀ ਦਾ ਰਾਜਾ ਬਣਿਆਂ *1 ਜਿਸਨੇ 1059 ਤੋਂ 1088 ਈਸਵੀ ਤੱਕ ਰਾਜ ਕੀਤਾ। ਉਦੇਦਿੱਤ ਤੋਂ ਪਿੱਛੋਂ ਉਸ ਦਾ ਲੜਕਾ ਜਗਦੇਵ ਰਾਜਾ ਬਣਿਆਂ ਪਰ ਉਸ ਦੇ ਨਾਮ ਨਾਲ ਪਰਮਾਰ ਦੀ ਥਾਂ ਪਵਾਰ ਲਿਖਿਆ ਮਿਲਦਾ ਹੈ। ਧਾਰਾ ਇੰਦੌਰ ਤੋਂ 64 ਕਿਲੋਮੀਟਰ ਦੂਰ ਹੈ। ਧਾਰਾ ਨਗਰੀ ਦਾ ਅਰਥ ਹੈ ਤਲਵਾਰ ਧਾਰਾ ਦੀ ਨਗਰੀ।

*2 ਰਾਜਾ ਭੋਜ ਪਰਮਾਰ ਨੇ ਗਵਾਲੀਅਰ ਦੇ ਇਲਾਕੇ ਵਿੱਚੋਂ ਮਹਿਮੂਦ ਗਜ਼ਨਵੀ ਨੂੰ ਹਰਾ ਕੇ ਵਾਪਸ ਭਜਾ ਦਿੱਤਾ ਸੀ। ਉਸ ਤੋਂ ਭਾਰਤ ਦੀ ਲੁੱਟ ਦਾ ਕੁਝ ਮਾਲ ਵੀ ਖੋਹ ਲਿਆ ਸੀ। ਜੱਟਾਂ ਦੇ 21 ਗੋਤ ਪਰਮਾਰਾਂ ਵਿੱਚੋਂ ਹਨ।

ਪਰਮਾਰਾਂ ਦੀਆਂ 35 ਸ਼ਾਖਾਂ ਹਨ (ਟਾਡ ਸਫਾ 111 Vol. I)

ਇਹਨਾਂ ਵਿੱਚੋਂ ਭਾਇਲਾ ਸਭ ਤੋਂ ਪ੍ਰਸਿੱਧ ਹੈ। ਭਾਇਲਾ, ਜਗਦੇਵ ਪਰਮਾਰ ਦੇ ਤੀਸਰੇ ਭਰਾ ਪਹੇਲ ਦੇਹਲ ਦੇ ਪੁੱਤਰ ਭਾਇਲ ਚੰਦ ਦੀ ਔਲਾਦ ਹਨ। ਕਾਫੀ ਸਮਾਂ ਪਾ ਕੇ ਇਹ ਆ ਕੇ ਦੁਆਬਾ ਵਿੱਚ ਆਬਾਦ ਹੋਏ। ਗੁਣਾਚੌਰ ਬੰਗਾ ਤੋਂ ਤਿੰਨ ਮੀਲ ਦੱਖਣ ਵੱਲ ਦੇ ਬਹੋਟ ਰਾਜਪੂਤਾਂ ਨਾਲ ਰਿਸ਼ਤੇਦਾਰੀ ਹੋਈ ਤਾਂ ਇਹਨਾਂ ਨੂੰ ਕੁਝ ਇਲਾਕਾ ਦਹੇਜ ਵਿੱਚ ਮਿਲਿਆ। ਫੇਰ ਇਹਨਾਂ ਦੀ ਹਿਊਂ ਦੇ ਔਮਤ ਪਰਮਾਰਾਂ ਨਾਲ ਲੜਾਈ ਹੋ ਪਈ। ਇਹ ਲੜਾਈ ਬਹੁਤ ਸਮੇਂ ਤੱਕ ਚਲਦੀ ਰਹੀ ਤੇ ਦੋਨਾ ਪਾਸਿਆਂ ਦਾ ਬਹੁਤ ਨੁਕਸਾਨ (ਜਾਨੀ ਅਤੇ ਮਾਲੀ) ਹੋਇਆ।

ਅੰਤ ਨੂੰ ਘੋੜੇਬਾਹੇ ਰਾਜਪੂਤਾਂ ਤੋਂ ਹਾਰ ਖਾ ਕੇ ਭਾਇਲਾ ਰਾਜਪੂਤ ਪਿੰਡ ਬਿੰਜੋਂ

---

* *Annals and Antiquities of Rajasthan by Tod Vol. I Page 10*
*ਜੱਟਾਂ ਦਾ ਇਤਿਹਾਸ-ਹੁਸ਼ਿਆਰਪੁਰ ਸਿੰਘ ਦੁਲੇਹ ਪੰਨਾ 22, 63*

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਆ ਵਸੇ।

*1 ਇਹ ਘਟਨਾ ਔਰਗਜ਼ੇਬ ਦੇ ਸਮੇਂ ਦੀ ਹੈ ਤੇ ਅੱਜ ਤੱਕ ਉਨ੍ਹਾਂ ਦੀ ਔਲਾਦ ਇਸ ਪਿੰਡ ਵਿੱਚ ਹੈ।

ਔਮਤ ਪਰਮਾਰ ਵੀ ਪਰਮਾਰਾਂ ਦੀਆਂ ਸ਼ਾਖਾਵਾਂ ਵਿੱਚੋਂ ਇੱਕ ਮਸ਼ਹੂਰ ਸ਼ਾਖ ਹੈ। ਇਹ ਮਾਲਵਾ (ਗੁਜਰਾਤ) ਦੇ ਇਲਾਕਾ ਔਮਤਵਾੜਾ ਵਿੱਚ ਬਹੁਤ ਹਨ। ਉਥੇ ਇਹਨਾਂ ਦੀਆਂ ਦੋ ਰਿਆਸਤਾਂ ਨਰਸਿੰਘ ਗੜ੍ਹ ਅਤੇ ਰਾਜਗੜ੍ਹ ਸਨ। ਦਸਵੀਂ ਸਦੀ ਵਿੱਚ ਰਾਉ ਬਤਾਇਸ਼ ਔਮਤ ਪਰਮਾਰ ਨੇ ਗੜ੍ਹਸ਼ੰਕਰ ਤੋਂ ਪੂਰਬ ਦਾ ਬੀਤ ਦਾ ਇਲਾਕਾ ਬਹੋਟ ਰਾਜਪੂਤਾਂ ਤੋਂ ਖੋਹ ਕੇ ਹਿਉਂ (ਬੰਗਾ ਤੋਂ ਤਿੰਨ ਕਿਲੋਮੀਟਰ) ਨੂੰ ਆਪਣੀ ਰਾਜਧਾਨੀ ਬਣਾਇਆ। ਮਹਿਮੂਦ ਗਜ਼ਨਵੀ ਨੇ ਸੰਨ 1008 ਵਿੱਚ ਔਮਤ ਪਰਮਾਰਾਂ ਦਾ ਸਾਰਾ ਇਲਾਕਾ ਲੁੱਟ ਲਿਆ। ਇਸ ਕਰ ਕੇ ਪਰਮਾਰ ਗੜ੍ਹਸ਼ੰਕਰ ਦਾ ਪਾਣੀ ਨਹੀਂ ਪੀਂਦੇ ਤੇ ਜੇਕਰ ਕਚਹਿਰੀ ਵਿੱਚ ਕਿਸੇ ਕੰਮ ਜਾਂਦੇ ਹਨ ਤਾਂ ਪਾਣੀ ਬੋਤਲਾਂ ਵਿੱਚ ਲੈ ਕੇ ਜਾਂਦੇ ਹਨ। ਡਾ. ਬਖਸ਼ੀਸ਼ ਸਿੰਘ ਨਿੱਜਰ ਅਨੁਸਾਰ ਇਸ ਸੰਘਰਸ਼ ਵਿੱਚ ਡੁਮੇਲੀ ਦੇ ਨਿੱਜਰ ਜੱਟ ਵੀ ਰਾਜਪੂਤਾਂ ਵੱਲ ਸਨ ਤੇ ਉਹ ਵੀ ਗੜ੍ਹਸ਼ੰਕਰ ਦਾ ਪਾਣੀ ਨਹੀਂ ਪੀਂਦੇ ਸਨ। ਛੇਵੇਂ ਪਾਤਸ਼ਾਹ ਦੇ ਡੁਮੇਲੀ ਆਉਣ ਮਗਰੋਂ ਇਹਨਾਂ ਇਹ ਪ੍ਰਣ ਛੱਡ ਦਿੱਤਾ। ਉਸ ਤੋਂ ਬਾਅਦ ਔਮਤ ਪਰਮਾਰਾਂ ਨੇ ਫੇਰ ਹਿਉਂ ਅਤੇ ਸੜੋਆ 'ਤੇ ਆਪਣੀ ਹਕੂਮਤ ਸੰਭਾਲੀ। ਹੀਉਂ ਖੁਸ ਜਾਣ ਕਰਕੇ ਪਰਮਾਰ ਹੀਉਂ ਦਾ ਪਾਣੀ ਨਹੀਂ ਪੀਂਦੇ।

ਦੀ ਡਿਸਟਰਿਕਟ ਐਂਡ ਸਟੇਟਸ ਗਜ਼ਟੀਅਰ ਜ਼ਿਲ੍ਹਾ ਜਲੰਧਰ ਦੇ ਪੰਨਾ 483 ਅਨੁਸਾਰ ਅਕਬਰ ਨੇ ਆਪਣੇ ਬਾਗੀ ਜਰਨੈਲ ਬੈਰਮ ਖਾਂ ਨੂੰ ਗੁਣਾਚੌਰ ਵਿਖੇ, ਜੋ ਕਿ ਇੱਕ ਵੱਡਾ ਰਾਜਪੂਤਾਂ ਦਾ ਪਿੰਡ ਹੈ, ਹਰਾਇਆ ਸੀ।

*2ਫੇਰ ਇਹਨਾਂ ਨੇ ਗੁਣਾਚੌਰ ਦੇ ਬਹੋਟ ਰਾਜਪੂਤਾਂ ਨੂੰ ਉਥੋਂ ਹਰਾ ਕੇ ਉਨ੍ਹਾਂ ਦੇ ਇਲਾਕੇ 'ਤੇ ਵੀ ਕਬਜ਼ਾ ਕਰ ਲਿਆ। ਉਸ ਤੋਂ ਬਾਅਦ ਡੋਡ ਰਾਜਪੂਤਾਂ ਦੀ ਚੜ੍ਹਤ ਹੋਈ ਤਾਂ ਉਨ੍ਹਾਂ ਨੇ ਔਮਤ ਪਰਮਾਰਾਂ ਤੋਂ ਸੜੋਆ, ਬੀਤ ਅਤੇ ਗੁਣਾਚੌਰ ਦਾ ਇਲਾਕਾ ਖੋਹ ਲਿਆ। ਕੇਵਲ ਹਿਉਂ ਹੀ ਔਮਤ ਪਰਮਾਰਾਂ ਕੋਲ ਬਚਿਆ।

ਅੰਤ ਘੋੜੇਬਾਹੇ ਰਾਜਪੂਤਾਂ ਨੇ ਹਿਉਂ ਵੀ ਇਹਨਾਂ ਤੋਂ ਖੋਹ ਲਿਆ। ਹਿਊਂ ਤੋਂ ਉਜਾੜੇ ਗਏ ਰਾਓ ਬਲਰਾਮ ਨੇ ਅਜਨੋਹਾ ਦੇ ਅਰਜਨ ਗਿੱਲ ਨਾਂਅ ਦੇ ਜੱਟ ਪਾਸ ਸ਼ਰਨ ਲਈ। ਅਰਜਨ ਨੇ ਉਸ ਨੂੰ ਆਪਣਾ ਮਤਬੰਨਾ ਬਣਾ ਲਿਆ। ਰਾਉ ਬਲਰਾਮ ਦੀ ਔਲਾਦ ਨੇ ਇਸ ਇਲਾਕੇ ਵਿੱਚ ਬਾਰਾਂ ਪਿੰਡ ਆਬਾਦ ਕੀਤੇ ਅਤੇ ਅਜੇ ਵੀ ਸੀਰੋਵਾਲ ਵਾਲੇ ਰਾਜਪੂਤ ਇਹਨਾਂ ਪਿੰਡਾਂ ਵੱਲ ਜਾਣਾ ਹੋਵੇ ਤਾਂ ਕਹਿੰਦੇ ਹਨ ਕਿ "ਮੈਂ ਬਾਹਰੇ ਨੂੰ

---

*[1] *A Glossary of the Tribes and Castes of Punjab and N.W.F. Vol. III Page 53*

*[2] *ਅਕਬਰ ਨਾਮ-ਅਬਉਲ ਫਜ਼ਲ ਪੰਨਾ 146*

ਚੱਲਿਆ ਹਾਂ"।

ਇੱਕ ਹੋਰ ਲਿਖਤ ਅਨੁਸਾਰ ਜੈ ਸਿੰਘ ਸਵਾਈ ਦੇ ਪੁੱਤਰ ਰਾਜਾ ਜਗਨਾ ਨੇ ਆਪਣੇ ਪਿਤਾ ਨਾਲ ਝਗੜਾ ਕਰਕੇ ਰਾਜਸਥਾਨ ਛੱਡ ਕੇ ਜਲੰਧਰ ਜ਼ਿਲ੍ਹੇ ਵਿੱਚ ਬੰਗਾ ਸ਼ਹਿਰ ਵਸਾਇਆ। ਹੁਸ਼ਿਆਰਪੁਰ ਵਿੱਚ ਬਜਵਾੜਾ ਅਤੇ ਕਪੂਰਥਲਾ ਵਿੱਚ ਪਾਂਛਟਾ ਉਸ ਦੇ ਪੁੱਤਰ ਨੇ ਵਸਾਇਆ ਜਦੋਂ ਕਿ ਉਸ ਦੇ ਸਭ ਤੋਂ ਵੱਡੇ ਪੁਤਰ ਮਾਹੀ ਨੇ ਮਾਹੀਓਪੱਟੀ ਤਹਿਸੀਲ ਫਗਵਾੜਾ ਪਿੰਡ ਵਸਾਇਆ।

ਐਸ ਵੇਲੇ ਔਮਤ ਪਰਮਾਰਾਂ ਦੇ ਅੱਠ ਪਿੰਡਾਂ ਦੇ ਨਾਮ ਹਨ:-ਅਜਨੋਹਾ, ਪਾਂਛਟਾ, ਮਾਈਓਪੱਟੀ, ਨਡਾਲੋਂ, ਨੰਗਲ, ਜਾਂਗਲੀਆਣਾ, ਪੰਜੌੜ ਅਤੇ ਬੱਡੋਂ। ਚਾਰ ਪਿੰਡ ਬੇਚਰਾਗ ਹੋ ਗਏ ਹਨ ਜਿਨ੍ਹਾਂ ਦੇ ਨਾਂਅ ਹਨ ਥੇਹ ਪਚਰਾਲੀ, ਖੇੜਾ, ਮਲਕਪੁਰ, ਸ਼ੇਖਪੁਰ। ਕੁਝ ਹੋਰ ਪਿੰਡਾਂ ਵਿੱਚ ਵੀ ਪਰਮਾਰ ਹਨ ਜਿਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਦੀ ਜ਼ਮੀਨ ਵਿਰਾਸਤ ਵਿੱਚ ਮਿਲਣ ਕਰਕੇ ਉਹ ਉਥੇ ਆਬਾਦ ਹੋਗਏ।

* ਸਤਾਰਵੀਂ ਸਦੀ ਦੇ ਉੱਘੇ ਸ਼ਹੀਦਾਂ ਵਿੱਚ ਬੱਲੂ ਪਰਮਾਰ ਦਾ ਨਾਂ ਹੈ।

## ਬੱਲੂ ਪਰਮਾਰ

ਬੱਲੂ ਬੇਟਾ ਮੂਲੇ ਕਾ ਪੋਤਾ ਰਾਓ ਕਾ ਪੜਪੋਤਾ ਚਾਹੜਕਾ ਰਦਉਂਤ ਜਲ੍ਹਾਨਾ ਸਾਲ ਸੋਲਾਂ ਸੌ ਇਕਾਨਮੇ ਵਿਸਾਖ ਪਰਵਿਸ਼ਟੇ ਸਤਾਰਾਂ ਗੁਰੂ ਚੱਕ ਕੇ ਮਲ੍ਹਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣ ਮੇਂ ਮੁਰਤਜ਼ਾ ਖਾਂ ਕੋ ਮਾਰ ਕੇ ਮਰਾ।

*(ਭੱਟ ਵਹੀ ਮੁਲਤਾਨੀ ਸਿੰਧੀ)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਮੁੱਖ ਸਿੱਖ ਭਾਈ ਬਲੂ ਪਰਮਾਰ ਨੇ ਵੈਸਾਖ ਬਿ. 1691 ਵਿੱਚ ਮੁਰਤਜ਼ਾ ਖਾਨ ਨੂੰ ਮਾਰ ਕੇ ਸ਼ਹੀਦੀ ਪਾਈ। ਇਹ ਛੇਵੇਂ ਪਾਤਸ਼ਾਹ ਦੀ ਮੁਗਲ ਸੈਨਾ ਨਾਲ ਪਹਿਲੀ ਜੰਗ ਸੀ ਜਦੋਂ ਬੀਬੀ ਵੀਰੋ ਦੇ ਵਿਆਹ ਸਮੇਂ ਮੁਗਲਾਂ ਅੰਮ੍ਰਿਤਸਰ 'ਤੇ ਹਮਲਾ ਕੀਤਾ ਸੀ। ਇਹ ਬੱਲੂ ਪਰਮਾਰ ਭਾਈ ਮਨੀ ਸਿੰਘ ਜੀ ਦਾ ਬਾਬਾ ਸੀ। ਇਹ ਛੇਵੇਂ ਪਾਤਸ਼ਾਹ ਦੇ ਦਰਸ਼ਨਾਂ ਲਈ ਗਵਾਲੀਅਰ ਦੇ ਕਿਲੇ ਵੀ ਜਾਂਦਾ ਰਿਹਾ। ਇਸ ਪਰਿਵਾਰ ਦੇ ਮੁੱਢ ਬਾਰੇ ਇਹ ਪਤਾ ਲੱਗਦਾ ਹੈ ਕਿ ਇਹ ਧਾਰਾ ਨਗਰੀ (ਮੱਧ ਪ੍ਰਦੇਸ਼) ਦੇ ਪੰਵਾਰ ਰਾਜਪੂਤ ਸਨ। ਪੰਵਾਰ, ਪੁਆਰ ਅਤੇ ਪਰਮਾਰ ਇਕੋ ਹੀ ਸ਼ਬਦ ਹੈ। ਵੱਖ-ਵੱਖ ਇਲਾਕਿਆਂ ਦੀਆਂ ਬੋਲੀਆਂ ਵਿੱਚ ਕਿਸੇ ਜਗ੍ਹਾ ਕਿਸ ਤਰ੍ਹਾਂ ਤੇ ਕਿਸੇ ਜਗ੍ਹਾ ਹੋਰ ਤਰ੍ਹਾਂ ਬੋਲਿਆ ਜਾਂਦਾ ਹੈ। ਰਾਜਾ ਸਾਂਡਲ (911-950 ਈ.) ਉਸ ਤੋਂ ਬਾਅਦ ਉਸ ਦਾ ਪੁੱਤਰ ਮੱਘ (950-1018 ਈ.) ਤੇ ਫੇਰ ਰਾਜਾ ਭੋਜ (1018 ਤੋਂ 1152 ਈ.) ਉਸ

---

* *Who are the Sikhs-by Harjinder Singh Dilgir Page 84*

ਦਾ ਪੁੱਤਰ ਚਤਰ ਮੁਕਟ (1152 ਤੋਂ 1198 ਈ.) ਉਸ ਤੋਂ ਬਾਅਦ ਉਦੈ ਦੀਪ (1198 ਤੋਂ 1230 ਈ.) ਉਦੈ ਦੀਪ ਦੇ ਦੋ ਪੋਤੇ ਬੱਲ ਤੇ ਸੇਖੋਂ ਹੋਏ। ਗੱਦੀ ਉੱਤੇ ਰਣਧੌਲ (1230 ਤੋਂ 1256 ਈ.) ਉਧਾਰ (1256 ਤੋਂ 1297 ਈ. ਅੰਬੀਆ (1297 ਤੋਂ 1339 ਈ.) ਲੋਈਆ (1334 ਤੋਂ 1345 ਈ.) ਬੈਠੇ। ਉਸ ਤੋਂ ਬੀਂਝਾ ਰਾਜਾ ਬਣਿਆਂ ਤੇ ਉਸਤੋਂ ਬੰਝਾਰਾਉਤ ਮੂੰਹੀ ਚੱਲੀ ਜਿਸ ਦਾ ਕਿ ਭੱਟ ਵਹੀਆਂ ਵਿੱਚ ਜ਼ਿਕਰ ਹੈ। ਇਸ ਰਾਜੇ ਦੀ ਨੌਵੀਂ ਪੀੜ੍ਹੀ ਵਿੱਚ ਮੂਲਾ ਪੈਦਾ ਹੋਇਆ ਜਿਸ ਦੇ 14 ਪੁੱਤਰਾਂ ਵਿੱਚੋਂ ਇੱਕ ਬੱਲੂ ਸੀ। ਬੱਲੂ ਤੋਂ ਹੀ ਗੁਰੂ ਸਾਹਿਬ ਦੇ ਹੁਕਮ ਅਧੀਨ ਸ਼ਹੀਦੀਆਂ ਦਾ ਮੀਂਹ ਪੈਣਾ ਸ਼ੁਰੂ ਹੋ ਗਿਆ। ਇਸ ਦੇ ਪੁੱਤਰ ਮਾਈ ਦਾਸ ਦੇ 12 ਪੁੱਤਰ ਸਨ ਜਿਨ੍ਹਾਂ ਵਿੱਚੋਂ ਇੱਕ ਅਮਰਚੰਦ ਬਚਪਨ ਵਿੱਚ ਹੀ ਗੁਜ਼ਰ ਗਿਆ ਸੀ ਜਦੋਂ ਕਿ ਬਾਕੀ ਸਭ ਨੇ ਸਿੱਖ ਧਰਮ ਲਈ ਸ਼ਹੀਦੀਆਂ ਪਾਈਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. ਜੇਠਾ ਸਿੰਘ ਸ਼ਹੀਦੀ 10-11-1711 (ਆਲੋਵਾਲ)
2. ਦਿਆਲ ਦਾਸ ਸ਼ਹੀਦੀ 11-11-1675 (ਦਿੱਲੀ ਵਿਖੇ ਦੇਗ ਵਿੱਚ ਉਬਾਲੇ ਗਏ)
3. ਭਾਈ ਮਨੀ ਸਿੰਘ ਸ਼ਹੀਦੀ 24-6-1734 (ਲਾਹੌਰ ਬੰਦ ਬੰਦ ਕਟਵਾਏ)
4. ਦਾਨ ਸਿੰਘ ਸ਼ਹੀਦੀ 7-12-1705 (ਚਮਕੌਰ)
5. ਮਾਨ ਸਿੰਘ ਸ਼ਹੀਦੀ 3-4-1708 (ਚਿਤੌੜਗੜ੍ਹ)
6. ਰੂਪ ਸਿੰਘ ਸ਼ਹੀਦੀ 10-11-1711 (ਆਲੋਵਾਲ)
7. ਜਗਤ ਸਿੰਘ ਸ਼ਹੀਦੀ 24-6-1734 (ਲਾਹੌਰ)
8. ਸੋਹਣ ਚੰਦ ਸ਼ਹੀਦੀ 20-3-1691 (ਨਦੌਣ)
9. ਲਹਿਣਾ ਸਿੰਘ ਸ਼ਹੀਦੀ 20-2-1696 (ਗੁਲੇਰ)
10. ਰਾਏ ਸਿੰਘ ਸ਼ਹੀਦੀ 30-12-1705 (ਮੁਕਤਸਰ)
11. ਹਰੀ ਚੰਦ ਸ਼ਹੀਦੀ 18-9-1688 (ਭੰਗਾਣੀ)

ਪੰਥ ਦੇ ਸਿਰਮੌਰ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਵੰਸ਼ ਦੀ ਜੋ ਬੰਸਾਵਲੀ ਲਿਖੀ ਹੈ ਉਸ ਅਨੁਸਾਰ ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਪ੍ਰਿਥਵੀਰਾਜ ਚੌਹਾਨ ਦੇ ਭਰਾ ਦੂੱਲਟ ਰਾਏ ਦੀ ਵੰਸ਼ ਵਿੱਚੋਂ ਸਨ। ਦਰਅਸਲ ਸਿੱਖ ਹਿਸਟਰੀ ਵਿੱਚ ਚਾਰ ਭਾਈ ਮਨੀ ਸਿੰਘ ਹੋਏ ਹਨ ਜਿਸ ਕਰ ਕੇ ਕਈ ਭੁਲੇਖੇ ਪੈ ਰਹੇ ਹਨ। ਮੇਰੇ ਖਿਆਲ ਵਿਚ ਗਿਆਨੀ ਗਿਆਨ ਸਿੰਘ ਦਾ ਇਹ ਕਥਨ ਠੀਕ ਨਹੀਂ। ਸਾਡਾ ਵਿਸ਼ਾ ਇੱਥੇ ਰਾਜਪੂਤਾਂ ਦਾ ਸਿੱਖ ਧਰਮ ਅਪਣਾਉਣਾ ਹੈ ਜੋ ਕਿ ਸਾਰੀਆਂ ਹੀ ਲਿਖਤਾਂ ਤੋਂ ਸਿੱਧ ਹੁੰਦਾ ਹੈ।

ਧਾਰਾਨਗਰੀ ਤੋਂ ਕੁਝ ਇੱਟਾਂ ਨਿਸ਼ਾਨੀ ਦੇ ਤੌਰ 'ਤੇ ਲਿਆ ਕੇ ਰਾਜਪੂਤਾਂ ਨੇ ਬੰਗਾ ਵਿੱਚ ਇੱਕ ਮੰਦਰ ਬਣਾਇਆ ਜੋ ਕਿ ਅਜੇ ਵੀ ਕਾਇਮ ਹੈ।

ਪੁਆਰ ਜਾਂ ਪੰਵਾਰ ਵੀ ਪਰਮਾਰ ਰਾਜਪੂਤ ਹੀ ਹਨ। ਅਜਨਾਲਾ, ਬਟਾਲਾ ਅਤੇ ਜ਼ਿਲ੍ਹਾ ਸੰਗਰੂਰ ਵਿੱਚ ਲਹਿਰਾਗਾਗਾ ਦੇ ਜੱਟ ਆਪਣੇ ਆਪ ਨੂੰ ਪਰਮਾਰ ਰਾਜਪੂਤਾਂ ਵਿੱਚੋਂ ਦਸਦੇ ਹਨ।

* ਪੁਆਰਾਂ ਬਾਰੇ ਇੱਕ ਬੜੀ ਦਿਲਚਸਪ ਕਹਾਣੀ ਹੈ ਕਿ ਜਦੋਂ ਧਾਰਾ ਨਗਰੀ ਤੇ ਬ੍ਰਿਜਭਾਨ ਦਾ ਰਾਜ ਸੀ ਤਾਂ ਡੇਰਾਵਾੜ ਦਾ ਇੱਕ ਵਪਾਰੀ ਉਸ ਨੇ ਕੈਦ ਕਰ ਲਿਆ ਤੇ ਬਹੁਤ ਸਾਰਾ ਧਨ ਲੈ ਕੇ ਉਸ ਨੂੰ ਛੱਡਿਆ। ਜਸਕਰਨ ਨਾਮ ਦੇ ਇਸ ਵਪਾਰੀ ਨੇ ਡੇਰਾਵਾੜ ਦੇ ਰਾਜਾ ਦੇਵਰਾਜ ਨੂੰ ਆਪਣੇ ਸਰੀਰ ਤੋਂ ਸੱਟਾਂ ਦੇ ਨਿਸ਼ਾਨ ਦਿਖਾਏ। ਦੇਖ ਕੇ ਦੇਵਰਾਜ ਨੇ ਕਸਮ ਖਾਧੀ ਕਿ "ਜਦ ਤੱਕ ਮੈਂ ਇਸ ਅਪਮਾਨ ਦਾ ਬਦਲਾ ਨਹੀਂ ਲੈ ਲੈਂਦਾ ਪਾਣੀ ਨਹੀਂ ਪੀਆਂਗਾ।" ਉਸ ਨੇ ਆਪਣੇ ਅਤੇ ਵੈਰੀ ਦਰਮਿਆਨ ਫਾਸਲੇ ਬਾਰੇ ਤਾਂ ਸੋਚਿਆ ਨਹੀਂ ਸੀ। ਉਸ ਨੇ ਮਿੱਟੀ ਦੀ ਇੱਕ ਧਾਰਾ ਨਗਰੀ ਬਣਵਾਈ ਜਿਸ 'ਤੇ ਉਸ ਨੇ ਅਪਣਾ ਗੁੱਸਾ ਕੱਢਣਾ ਸੀ। ਉਸ ਦੀ ਆਪਣੀ ਫੌਜ ਵਿੱਚ ਕੁਝ ਪਰਮਾਰ (ਰਾਜਪੂਤ) ਸਿਪਾਹੀ ਸਨ ਜਿਹੜੇ ਆਪਣੀ ਨਕਲੀ ਧਾਰਾ ਨਗਰੀ ਦੀ ਰੱਖਿਆ ਲਈ ਤਿਆਰ ਹੋ ਗਏ ਤੇ ਉਨ੍ਹਾਂ ਕਿਹਾ–

*ਜਹਾਂ ਪੁਆਰ ਤਹਾਂ ਧਾਰ ਹੈ, ਔਰ ਜਹਾਂ ਧਾਰ ਤਹਾਂ ਪੁਆਰ*
*ਧਾਰ ਬਿਨਾ ਪੁਆਰ ਨਹੀਂ, ਔਰ ਨਹੀਂ ਪੁਆਰ ਬਿਨਾ ਧਾਰ*

ਆਪਣੇ ਆਗੂਆਂ ਤੇਜਸੀ ਅਤੇ ਸਾਰੰਗ ਅਧੀਨ ਇਹ 120 ਪੁਆਰ ਆਪਣੀ ਨਕਲੀ ਰਾਜਧਾਨੀ ਦੀ ਰੱਖਿਆ ਕਰਦੇ ਟੁਕੜੇ ਟੁਕੜੇ ਹੋ ਗਏ। ਦੇਵਰਾਜ ਨੇ ਉਨ੍ਹਾਂ ਸੂਰਬੀਰਾਂ ਦੀ ਵੀਰਤਾ ਤੋਂ ਖੁਸ਼ ਹੋ ਕੇ ਉਨ੍ਹਾਂ ਦੇ ਬੱਚਿਆਂ ਦੀ ਪਾਲਣਾ ਪੋਸ਼ਣਾ ਲਈ ਕਾਫੀ ਧਨ ਦਿੱਤਾ। ਦੇਵ ਰਾਜ ਨੇ ਧਾਰਾ ਨਗਰੀ 'ਤੇ ਹਮਲਾ ਕਰ ਕੇ ਬ੍ਰਿਜਭਾਨ ਨੂੰ ਹਰਾਇਆ ਤੇ ਆਪਣੇ ਸ਼ਹਿਰ ਲੋਡਰਵਾ ਨੂੰ ਮੁੜ ਆਇਆ। ਲੋਡਰਵਾ ਪਿੰਡ ਅੱਜਕੱਲ ਉੱਜੜ ਚੁੱਕਾ ਹੈ ਤੇ ਇਸ ਤੋਂ ਪੰਜ ਕੋਹ ਦੀ ਵਿੱਥ 'ਤੇ ਜਾਸਨਾ ਪਿੰਡ ਬਣਿਆ। ਥੋੜ੍ਹੀ ਦੇਰ ਬਾਅਦ ਇਹ ਲੋਕ ਜੈਸਲਮੇਰ ਵਿੱਚ ਵਸ ਗਏ। ਲੋਡਰਵਾ ਹੁਣ ਦੇ ਜੈਸਲਮੇਰ ਤੋਂ ਦਸ ਮੀਲ ਉੱਤਰ ਪੱਛਮ ਵੱਲ ਹੈ।

---

* *Annals and Antiquities of Rajasthan by Tod Vol. I Page 249*

# ਜਸਵਾਲ

*ਮੁਸਲਮਾਨਾਂ ਦੇ ਰਾਜ ਸਮੇਂ ਪੰਜਾਬ ਦਾ ਪਹਾੜੀ ਇਲਾਕਾ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ ਜਿਨ੍ਹਾਂ ਵਿੱਚੋਂ ਜਸਵਾਂ ਅਤੇ ਦਾਤਾਰਪੁਰ ਵੀ ਸਨ। ਪਹਿਲਾਂ ਇਹ ਸਾਰਾ ਇਲਾਕਾ ਕਟੋਚ ਰਾਜਿਆਂ ਅਧੀਨ ਸੀ। ਸੰਨ 1170 ਵਿੱਚ ਕਟੋਚ ਰਾਜ ਘਰਾਣੇ ਦੇ ਪੂਰਬ ਚੰਦ ਨੇ ਇਹ ਵੱਖਰੀ ਰਿਆਸਤ ਕਾਇਮ ਕੀਤੀ।

ਜਸਵਾਲ ਰਾਜੇ ਨੇ ਜੇਜੋਂ ਲਾਗੇ ਲਸਾੜੇ ਦਾ ਕਿਲਾ ਉਸਾਰਿਆ ਅਤੇ ਅੰਬ ਲਾਗੇ ਰਾਜਪੁਰ ਵਿੱਚ ਵੀ ਇੱਕ ਕਿਲਾ ਬਣਵਾਇਆ। ਇਹਨਾਂ ਨੇ ਅੰਬ ਵਿਖੇ ਇੱਕ ਸੁੰਦਰ ਬਾਗ ਲਗਵਾਇਆ ਅਤੇ ਬਾਰਾਂ ਪੁਸ਼ਤਾਂ ਬਾਅਦ ਵੀ ਇਸ ਬਾਗ ਦੀ ਉਹੀ ਸ਼ਾਨ ਹੈ।

ਜਸਵਾਂ ਦੇ ਰਾਜੇ ਨੂੰ ਰਣਜੀਤ ਸਿੰਘ ਵੱਲੋਂ ਕਿਸੇ ਮੁਹਿੰਮ ਵਿੱਚ ਆਪਣੀ ਫੌਜ ਸਮੇਤ ਹਾਜ਼ਰ ਨਾ ਹੋਣ ਕਾਰਨ ਭਾਰੀ ਜੁਰਮਾਨਾ ਕੀਤਾ ਗਿਆ। ਜੁਰਮਾਨਾ ਨਾ ਭਰ ਸਕਣ ਕਾਰਨ ਉਸ ਦਾ ਰਾਜ ਖੋਹ ਲਿਆ ਗਿਆ ਤੇ ਕੇਵਲ ਬਾਰਾਂ ਸੌ ਰੁਪਏ ਸਾਲਾਨਾ ਦੀ ਜਾਗੀਰ ਉਸ ਦੇ ਗੁਜ਼ਾਰੇ ਲਈ ਦਿੱਤੀ ਗਈ।

ਰਾਜਾ ਰਾਮ ਸਿੰਘ ਜਸਵਾਲ ਨੇ ਜੇਜੋਂ ਵਿਖੇ ਆਪਣੀ ਰਿਹਾਇਸ਼ ਤਬਦੀਲ ਕਰ ਲਈ। ਇਥੇ ਇਕ ਕਿਲਾ ਜੋ ਸੰਨ 1710 ਈ. ਵਿੱਚ ਬਣਾਇਆ ਗਿਆ ਸੀ ਵੀ ਰਣਜੀਤ ਸਿੰਘ ਨੇ ਸੰਨ 1715 ਵਿੱਚ ਆਪਣੇ ਕਬਜ਼ੇ ਵਿੱਚ ਕਰ ਲਿਆ। ਇਹ ਕਿਲ੍ਹਾ ਵੀ ਬਾਕੀ ਕਿਲਿਆਂ ਦੀ ਤਰ੍ਹਾਂ ਅੰਗਰੇਜ਼ ਸਰਕਾਰ ਦੇ ਹੁਕਮਾਂ ਨਾਲ ਢਾਹ ਦਿੱਤਾ ਗਿਆ।

ਜਸਵਾਂ ਦੇ ਰਾਜਾ ਹਰੀ ਚੰਦ ਦੇ ਛੋਟੇ ਭਰਾ ਖੜਕ ਚੰਦ ਦੀ ਸ਼ਾਦੀ ਬਾਬਾ ਮਤੀ ਦੇ ਭਰਾ ਕਤੀ ਦਾਸ ਦੀ ਲੜਕੀ ਨਾਲ ਹੋਈ ਸੀ। ਮੀਆਂ ਖੜਕ ਚੰਦ ਨੇ ਪਹਿਲਾਂ ਪਿੰਡ ਖਨੌੜਾ ਆਪਣੇ ਨਾਂ 'ਤੇ ਵਸਾਇਆ ਪ੍ਰੰਤੂ ਬਾਅਦ ਵਿੱਚ ਉਸ ਨੇ ਪਿੰਡ ਭਾਮ ਵਸਾ ਕੇ ਆਪਣੀ ਰਿਹਾਇਸ਼ ਉੱਥੇ ਰੱਖ ਲਈ। ਮਹਾਰਾਜਾ ਹਰੀ ਚੰਦ ਦਾ ਸਭ ਤੋਂ ਛੋਟਾ ਲੜਕਾ ਮੀਆਂ ਮੋਟਾ ਸੀ ਜਿਸ ਦੀ ਸ਼ਾਦੀ ਅਜਨੋਹਾ ਦੇ ਰਾਉ ਬਲਰਾਮ ਪਰਮਾਰ ਦੀ ਲੜਕੀ ਨਾਲ ਹੋਈ ਜਿਸ ਨੇ ਆਪਣੀ ਜਗੀਰ ਵਿੱਚੋਂ ਕੁਝ ਜ਼ਮੀਨ ਆਪਣੀ ਲੜਕੀ ਨੂੰ ਦਾਜ ਵਿੱਚ ਦਿੱਤੀ। ਮੀਆਂ ਮੋਟਾ ਦੇ ਪੁੱਤਰ ਮੀਆਂ ਨਾਹਰ ਚੰਦ ਨੇ ਆਪਣੇ ਨਾਮ ਨਾਲ ਪਿੰਡ ਨਰੂੜ ਵਸਾਇਆ। ਨਰੂੜ ਦੇ ਠਾਕਰ ਸਿੰਘ, ਬਚਿੱਤਰ ਸਿੰਘ ਅਤੇ ਬਖਸ਼ਾ ਸਿੰਘ ਬੱਬਰ ਅਕਾਲੀਆਂ ਨੂੰ ਘਰਾਂ ਵਿੱਚ ਪਨਾਹ ਦਿੰਦੇ ਅਤੇ ਹੋਰ ਯੋਗ ਮਦਦ ਕਰਦੇ ਰਹੇ।

---

** The District and States Gazetteers (Hoshiarpur District) Page 416*

# ਜੰਜੂਆ

*1 ਜੰਜੂਆ ਰਾਜਪੂਤਾਂ ਦੀ ਮੁਕੰਦਪੁਰ ਤਹਿਸੀਲ ਤੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਗਿੱਲ ਜੱਟਾਂ ਨਾਲ ਪੁਰਾਣੇ ਸਮੇਂ ਤੋਂ ਖਟਾ-ਪਟੀ ਚਲੀ ਆ ਰਹੀ ਸੀ। ਜੰਜੂਆ ਰਾਜਪੂਤ ਇਸ ਇਲਾਕੇ ਦੇ ਮਾਲਿਕ ਸਨ। ਇੱਕ ਦੰਦ ਕਥਾ ਹੈ ਕਿ ਗੰਗਾ ਰਾਮ ਨਾਮੀਂ ਮੁਕੰਦਪੁਰੀਏ ਨੇ ਸ਼ਾਹਜਹਾਂ ਸਹਿਨਸ਼ਾਹ ਹਿੰਦ ਵੱਲੋਂ ਜੰਜੂਆ ਰਾਜਪੂਤਾਂ ਨੂੰ ਮਾਲਕੀ ਦੀ ਦਿੱਤੀ ਸੱਨਦ ਨੂੰ ਭਰੀ ਪਰ੍ਹਿਆ ਵਿੱਚ ਪਾੜ ਸੁੱਟਿਆ ਜਿਸ ਵਿੱਚ ਰਾਜਪੂਤਾਂ ਨੂੰ ਇਸ ਇਲਾਕੇ ਦੇ ਮਾਲਿਕ ਬਣਾਇਆ ਗਿਆ ਸੀ। ਇਹ ਮਾਮਲਾ ਸ਼ਹਿਨਸ਼ਾਹ ਹਿੰਦ ਦੇ ਕੰਨੀ ਪਾਇਆ ਗਿਆ ਤਾਂ ਗੰਗਾ ਰਾਮ ਨੂੰ ਤੁਰੰਤ ਦਿੱਲੀ ਬੁਲਾਇਆ ਗਿਆ। ਗੰਗਾ ਰਾਮ ਨੇ ਸ਼ਹਿਨਸ਼ਾਹ ਦੇ ਹਜ਼ੂਰ ਪੇਸ਼ ਹੋ ਕੇ ਨਿਮਰਤਾ ਨਾਲ ਕਿਹਾ ਕਿ ਉਸ ਨੇ ਇਹ ਕੰਮ ਸ਼ਹਿਨਸ਼ਾਹ ਦੇ ਹਿੱਤ ਵਿੱਚ ਕੀਤਾ ਹੈ ਕਿਉਂਕਿ ਜ਼ਮੀਨ ਦੀ ਵਾਹੀ ਬਾਰੇ ਰਾਜਪੂਤਾਂ ਦੀ ਬਦਨਾਮੀ ਹੀ ਸੀ। ਸ਼ਹਿਨਸ਼ਾਹ ਨੇ ਗੰਗਾ ਰਾਮ ਤੇ ਉਸ ਦੇ ਭਰਾਵਾਂ ਨੂੰ ਜ਼ਮੀਨ ਦੇ ਮਾਲਿਕ ਬਣਾ ਦਿੱਤਾ। ਪਰ ਰਾਜਪੂਤਾਂ ਨੇ ਇਸ ਇੱਕਤਰਫ਼ਾ ਫੈਸਲੇ ਨੂੰ ਸਵੀਕਾਰ ਨਾ ਕੀਤਾ। ਉਨ੍ਹਾਂ ਨੇ ਤੁਰੰਤ ਹੀ ਗੰਗਾ ਰਾਮ ਨੂੰ ਕਤਲ ਕਰ ਦਿੱਤਾ ਤੇ ਜ਼ਬਰਦਸਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਗੰਗਾ ਰਾਮ ਦੇ ਭਤੀਜੇ ਛੱਜੂ ਨੇ ਉਨ੍ਹਾਂ ਤੋਂ ਬਹੁਤੀ ਭੌਂ ਖੋਹ ਲਈ। ਇਹ ਲੜਾਈ ਸਾਲਾਂ ਤੱਕ ਚੱਲਦੀ ਰਹੀ ਆਖਿਰ ਛੱਜੂ ਮੱਲ ਦੇ ਸਾਰੇ ਬੰਦੇ ਰਾਜਪੂਤਾਂ ਹੱਥੋਂ ਮਾਰੇ ਗਏ। ਕੇਵਲ ਇੱਕ ਜ਼ੋਰਾਵਰ ਨਾਮ ਦਾ ਲੜਕਾ ਬਚਿਆ ਜਿਸ ਨੂੰ ਉਸ ਦੀ ਮਾਂ ਆਪਣੇ ਪੇਕਿਆਂ ਦੇ ਘਰ ਲੈ ਗਈ। ਫੇਰ ਅਦੀਨਾ ਬੇਗ ਸੂਬਾ ਜਲੰਧਰ ਦੇ ਸਮੇਂ ਉਸ ਬੱਚੇ ਜ਼ੋਰਾਵਰ ਨੂੰ ਉਸ ਦੀ ਮਾਂ ਦੀ ਨਿਗਰਾਨੀ ਵਿੱਚ 35 ਪਿੰਡ ਦਿੱਤੇ ਗਏ ਕਿਉਂਕਿ ਰਾਜਪੂਤ ਜ਼ਮੀਨ ਦੇ ਪ੍ਰਬੰਧ ਵਿੱਚ ਨਾਅਹਿਲ ਸਿੱਧ ਹੋਏ ਜਿਸ ਤਰ੍ਹਾਂ ਕਿ ਗੰਗਾ ਰਾਮ ਨੇ ਕਿਹਾ ਸੀ ਤੇ ਉਹ ਜ਼ਮੀਨ ਦਾ ਸਰਕਾਰੀ ਮਾਮਲਾ ਵੀ ਨਾ ਦੇ ਸਕੇ।

*2 ਘੁੰਮਣ ਜੱਟ ਆਪਣੇ ਆਪ ਨੂੰ ਜੰਜੂਆ ਰਾਜਪੂਤਾਂ ਵਿੱਚੋਂ ਸਮਝਦੇ ਹਨ। ਪਿੰਡ ਦਿੜਬਾ ਜ਼ਿਲ੍ਹਾ ਸੰਗਰੂਰ ਦੇ ਭਾਈ ਵੀਰ ਸਿੰਘ ਘੁੰਮਣ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਮੁਗਲਾਂ ਨਾਲ ਲੜਾਈ ਵਿੱਚ ਸ਼ਹੀਦ ਹੋਏ ਸਨ ਉਨ੍ਹਾਂ ਦੀ ਯਾਦ ਵਿੱਚ ਬੇਰਸ਼ੀਆਣਾ ਦਾ ਗੁਰਦਵਾਰਾ ਬਣਿਆ ਹੋਇਆ ਹੈ।

ਰਾਜਪੂਤਾਂ ਦੇ ਜ਼ਮੀਨੀ ਪ੍ਰਬੰਧ ਵਿੱਚ ਪਿੱਛੇ ਰਹਿਣ ਬਾਰੇ ਇੱਕ ਹਾਸੇ ਵਾਲੀ ਦੰਦ ਕਥਾ ਹੈ ਕਿ ਰੱਬ ਜਦੋਂ ਜ਼ਮੀਨ ਵੰਡਣ ਲੱਗਾ ਤਾਂ ਪਹਿਲਾਂ ਉਸ ਨੇ ਇੱਕ ਸੈਣੀ ਤੋਂ ਪੁੱਛਿਆ ਕਿ ਤੁਹਾਨੂੰ ਕਿੰਨੀ ਕੁ ਜ਼ਮੀਨ ਦਈਏ। ਸੈਣੀ ਨੇ ਕਿਹਾ ਮਹਾਰਾਜ ਚਾਰ ਪੰਜ

---

*1 *The District and States Gazetteer (Jalandhar District) Page 516*

*2 *ਜੱਟਾਂ ਦਾ ਇਤਿਹਾਸ-ਹੁਸ਼ਿਆਰ ਸਿੰਘ ਦੁਲੇਹ ਪੰਨਾ*

ਕਨਾਲ ਦੇ ਦਿਓ ਜਿਸ ਵਿੱਚ ਸਬਜ਼ੀਆਂ ਬੀਜ ਵੇਚ ਕੇ ਗੁਜ਼ਾਰਾ ਹੋ ਜਾਵੇ। ਉਸ ਤੋਂ ਬਾਅਦ ਜੱਟ ਨੂੰ ਪੁੱਛਿਆ ਕਿ ਤੁਹਾਨੂੰ ਕਿੰਨੀ ਕੁ ਜ਼ਮੀਨ ਦੇਈਏ ਤਾਂ ਜੱਟ ਨੇ ਕਿਹਾ ਜੀ ਵੀਹ ਕੁ ਘੁਮਾ ਤਾਂ ਦੇਵੋ ਜਿਸ ਵਿੱਚ ਦੋ ਹਲ੍ਹਾਂ ਦਾ ਗੁਜ਼ਾਰਾ ਹੋ ਜਾਵੇ। ਫੇਰ ਰਾਜਪੂਤ ਨੇ ਕਿਹਾ ਮਹਾਰਾਜਾ ਐਨੀ ਕੁ ਦੇ ਦਿਓ ਜਿਸ ਨਾਲ ਵੇਚਦਿਆਂ ਵੇਚਦਿਆਂ ਸੱਤ ਪੁਸ਼ਤਾਂ ਦਾ ਗੁਜ਼ਾਰਾ ਚਲੀ ਜਾਵੇ। ਹਲ਼ ਦੀ ਹੱਥੀਂ ਫੜਨ ਵਾਲਿਆਂ ਨੂੰ ਤਾਂ ਰਾਜਪੂਤੀ 'ਚੋਂ ਕੱਢ ਦਿੰਦੇ ਸਨ ਤੇ "ਹੱਥੀਂ ਵਣਜ ਸੁਨੇਹੀਂ ਖੇਤੀ, ਕਦੇ ਨਾ ਹੋਣ ਬਤੀਓ ਤੇਤੀ" ਵਾਲਾ ਅਖਾਣ ਇਥੇ ਠੀਕ ਢੁੱਕਦਾ ਹੈ।

*1 ਅਦੀਨਾ ਬੇਗ, ਚਨੂੰ ਅਰਾਈ ਦਾ ਸ਼ਰਕਪੁਰ ਨਿਵਾਸੀ ਅਰਾਈਂ ਜੋ ਮਾਲ ਮਹਿਕਮੇ ਵਿੱਚ ਪਟਵਾਰੀ ਸੀ ਆਪਣੀ ਲਿਆਕਤ ਨਾਲ ਪੰਜਾਬ ਦੇ ਗਵਰਨਰ ਦੇ ਅਹੁਦੇ ਤੱਕ ਪਹੁੰਚ ਗਿਆ। ਇਸ ਦਾ ਅਸਲ ਨਾ ਬਹਿਰਾਮ ਜੰਗ ਸੀ। ਅਦੀਨਹ (ਸ਼ੁੱਕਰ) ਦੇ ਦਿਨ ਇਹ ਜੰਮਿਆ ਸੀ ਇਸ ਲਈ ਨਾਂ ਅਦੀਨਾ ਪੈ ਗਿਆ। ਅਹਿਮਦ ਸ਼ਾਹ ਅਬਦਾਲੀ ਦੇ ਬੇਟੇ ਤੈਮੂਰ ਅਤੇ ਉਸ ਦੇ ਨਾਇਬ ਜਹਾਨਖਾਂ ਦਾ ਨਾਸ਼ ਕਰਨ ਲਈ ਪਹਿਲਾਂ ਸਿੱਖਾਂ ਨਾਲ ਤੇ ਫੇਰ ਮਰੱਹਟਿਆਂ ਨਾਲ ਮਿੱਤਰਤਾ ਕੀਤੀ ਪਰ ਪੂਰਾ ਕਿਸੇ ਨਾਲ ਨਾ ਉੱਤਰਿਆ ਕਿਉਂਕਿ ਮਨ ਦਾ ਖੋਟਾ ਸੀ। ਇਸ ਦਾ ਦੇਹਾਂਤ ਸੂਲ਼ ਰੋਗ ਨਾਲ ਸੰਮਤ 1815 (1758 ਈ) ਵਿੱਚ ਹੋਇਆ ਅਤੇ ਹੁਸ਼ਿਆਰਪੁਰ ਤੋਂ ਦੋ ਮੀਲ ਪੱਛਮ ਵੱਲ ਟਾਂਡੇ ਵਾਲੀ ਸੜਕ 'ਤੇ ਪੈਂਦੇ ਪਿੰਡ ਖਾਨਪੁਰ ਵਿੱਚ ਦਫਨ ਕੀਤਾ ਗਿਆ। ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਜ਼ਿਕਰ ਹੈ ਕਿ ਕਰਤਾਰਪੁਰੀਏ ਸੋਢੀ ਵਡਭਾਗ ਸਿੰਘ ਅਤੇ ਖਾਲਸਾ ਦਲ ਦੀ ਸਹਾਇਤਾ ਨਾਲ ਅਦੀਨਾ ਬੇਗ ਨੇ ਸੰਮਤ 1813 ਵਿੱਚ ਜਲੰਧਰ ਫਤਹਿ ਕੀਤਾ ਅਤੇ ਖਾਲਸੇ ਨੇ ਜਲੰਧਰ ਦੇ ਜ਼ਾਲਿਮ ਨਾਸਿਰ ਅਲੀ ਦੀ ਲਾਸ਼ ਕਬਰ ਵਿੱਚੋਂ ਕੱਢ ਕੇ ਫੂਕੀ ਕਿਉਂਕਿ ਉਸ ਨੇ ਕਰਤਾਰਪੁਰ ਦਾ ਥੰਮ੍ਹ ਢਾਹਿਆ ਸੀ।

*2 ਬਾਬਰ ਨੇ ਤੋਜ਼ਕੇ ਬਾਬਰੀ ਵਿੱਚ ਜੰਜੂਆ ਰਾਜਪੂਤਾਂ ਬਾਰੇ ਲਿਖਿਆ ਹੈ "ਭੀਰਾ ਅਤੇ ਨੀਲ-ਆਬ ਦੇ ਇਲਾਕੇ ਵਿੱਚ, ਜੋ ਕਿ ਕਸ਼ਮੀਰ ਦੇ ਪਹਾੜਾਂ ਤੋਂ ਹਟ ਕੇ 14 ਮੀਲ ਦਰਿਆ ਸਿੰਧ ਤੱਕ ਹੈ, ਵਿੱਚ ਜਾਦਵ ਅਤੇ ਜੰਜੂਆ ਲੋਕਾਂ ਦਾ ਰਾਜ ਹੈ। ਜੰਜੂਆ ਸਾਡੇ ਲੰਗਰ ਖਾਂ ਦੇ ਮਾਮੇ ਹਨ। ਇਸ ਲਈ ਅਸੀਂ ਲੰਗਰ ਖਾਂ ਨੂੰ ਉਨ੍ਹਾਂ ਵੱਲ ਭੇਜਿਆ ਕਿ ਉਹ ਜਾ ਕੇ ਉਨ੍ਹਾਂ ਨੂੰ ਸਾਡੀ ਦੋਸਤੀ ਦਾ ਵਿਸ਼ਵਾਸ ਦੁਆਵੇ।"

"ਸ਼ਾਮ ਦੀ ਨਮਾਜ਼ ਵੇਲੇ ਲੰਗਰ ਖਾਂ ਦੇ ਨਾਲ ਮਲਿਕ ਹਸਤ ਸਾਡੇ ਪਾਸ ਹਾਜ਼ਰ ਹੋਇਆ ਤੇ ਉਸ ਨੇ ਇੱਕ ਘੋੜਾ ਨਜ਼ਰਾਨੇ ਵਜੋਂ ਪੇਸ਼ ਕੀਤਾ। ਜੰਜੂਆਂ ਦੇ ਮੁਖੀ ਨੂੰ ਰਾਏ ਅਤੇ ਨਾਇਬ ਮੁਖੀ ਨੂੰ ਮਲਿਕ ਕਹਿੰਦੇ ਹਨ। ਅਸੀਂ ਆਪਣੀ ਫੌਜ ਨੂੰ ਹੁਕਮ ਦਿੱਤਾ ਕਿ

---

*1 *ਮਹਾਨ ਕੋਸ਼-ਭਾਈ ਕਾਨ੍ਹ ਸਿੰਘ ਨਾਭਾ ਪੰਨਾ 84*

*2 *Memories of Babur Vol. I Page 380*

ਇਸ ਇਲਾਕੇ ਵਿੱਚ ਲੁੱਟਮਾਰ ਨਾ ਕਰਨ"

*1 ਅੱਗੇ ਬਾਬਰ ਲਿਖਦਾ ਹੈ ਕਿ "ਅਸੀਂ ਹਿੰਦੂ ਬੇਗ ਨੂੰ ਭੀਰੇ ਦਾ ਇੰਚਾਰਜ ਨਿਯੁਕਤ ਕੀਤਾ ਤੇ ਉਸ ਦੀ ਮਦਦ ਲਈ ਲੰਗਰ ਖਾਂ, ਸੰਗਰ ਖਾਂ ਜੰਜੂਆ ਅਤੇ ਹਸਤ ਜੰਜੂਆ ਨੂੰ ਨਿਯੁਕਤ ਕੀਤਾ।"

ਜੰਜੂਆ ਰਾਜਪੂਤਾਂ ਨੇ ਬਾਬਰ ਤੋਂ ਪਹਿਲਾਂ ਹੀ ਇਸਲਾਮ ਕਬੂਲ ਕਰ ਲਿਆ ਜਾਪਦਾ ਹੈ ਜਿਹਾ ਕਿ ਉਨ੍ਹਾਂ ਦੇ ਨਾਵਾਂ, ਲੰਗਰ ਖਾਂ, ਸੰਗਰ ਖਾਂ ਵਗੈਰਾ ਤੋਂ ਮਲੂਮ ਹੁੰਦਾ ਹੈ ਪਰ ਉਹ ਹੈ ਸਨ ਹੁਕਮਰਾਨ। ਜੰਜੂਆ ਰਾਜਪੂਤ ਅੱਜ ਦੀ ਬਹੁ ਗਿਣਤੀ ਵਿੱਚ ਜ਼ਿਲ੍ਹਾ ਹਜ਼ਾਰਾ (ਪਾਕਿਸਤਾਨ) ਤੇ ਉਸ ਦੇ ਨਾਲ ਲੱਗਦੇ ਹੋਰ ਜ਼ਿਲ੍ਹਿਆਂ ਵਿੱਚ ਪਾਏ ਜਾਂਦੇ ਹਨ। ਕਰਤਾ ਨੂੰ ਜਲੰਧਰ ਦੁਆਬ ਦੇ ਪਿੰਡਾਂ ਦੇ ਫੌਜੀ ਅਫ਼ਸਰਾਂ ਤੇ ਹੋਰ ਰਿਟਾਇਰਡ ਅਫਸਰਾਂ ਜੋ ਪਹਿਲੀ ਤੇ ਦੂਜੀ ਵਿਸ਼ਵ ਜੰਗਾਂ ਵਿੱਚ ਲੜੇ ਸਨ, ਦੱਸਿਆ ਕਿ ਉਨ੍ਹਾਂ ਦੇ ਨਾਲ ਉਪਰੋਕਤ ਪਾਕਿਸਤਾਨੀ ਜ਼ਿਲ੍ਹਿਆਂ ਦੇ ਜੰਜੂਆਂ ਰਾਜਪੂਤ ਅਫਸਰ ਤੇ ਸਿਪਾਹੀ ਵੀ ਲੜਦੇ ਰਹੇ ਸਨ।

ਪੰਜਾਬ ਦੇ ਬੈਂਸ ਗੋਤ ਦੇ ਜੱਟ ਅਪਣਾ ਪਿਛੋਕੜ ਜੰਜੂਆ ਰਾਜਪੂਤਾਂ ਨਾਲ ਜੋੜਦੇ ਹਨ। ਅਲਾਵਲਪੁਲ ਜ਼ਿਲ੍ਹਾ ਜਲੰਧਰ ਅਤੇ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਬੈਂਸ ਜੱਟ ਕਾਫ਼ੀ ਮਸ਼ਹੂਰ ਹਨ।

ਕਿਸੇ ਸਮੇਂ ਜੰਜੂਆਂ ਦਾ ਇੱਕ ਬਜ਼ੁਰਗ ਜੰਮੂ ਦੇ ਇਲਾਕੇ ਵਿੱਚ ਇੱਕ ਜਗੀਰਦਾਰ ਸੀ ਉਸ ਦੇ ਲੜਕੇ ਰੋਰਦੱਤ ਦੀ ਸ਼ਾਦੀ ਭਾਦਸੋਂ ਜੋ ਨਾਭੇ ਤੋਂ ਖੰਨਾ ਵਾਲੀ ਸੜਕ 'ਤੇ ਅੱਠ ਮੀਲ 'ਤੇ ਸਥਿਤ ਹੈ (ਜ਼ਿਲ੍ਹਾ ਪਟਿਆਲਾ) ਦੇ ਰਾਜੇ ਭੱਦਰ ਸੈਨ ਦੀ ਲੜਕੀ ਨਾਲ ਹੋਈ ਤੇ ਉਸ ਨੂੰ ਖਨਿਆਣ ਦਾ ਇਲਾਕਾ ਦਾਜ ਦਹੇਜ ਵਿੱਚ ਮਿਲਿਆ। ਰੋਰ ਦੱਤ ਉਥੇ ਹੀ ਵਸਣ ਲੱਗਾ। ਦੋਆਬਾ ਬਿਸਤ ਜਲੰਧਰ ਦੇ ਸਾਰੇ ਜੰਜੂਆ ਰਾਜਪੂਤ ਖਨਿਆਣ ਤੋਂ ਆ ਕੇ ਵੱਖ ਵੱਖ ਸਮੇਂ 'ਤੇ ਵੱਖ-ਵੱਖ ਥਾਵਾਂ 'ਤੇ ਵਸੇ।

ਜੰਜੂਆਂ ਬਾਰੇ ਕਨਿੰਘਮ ਦਾ ਖਿਆਲ ਹੈ ਕਿ ਇਹ ਆਰੀਆ ਕੌਮ ਦੇ ਹਨ ਤੇ ਅਵਾਣਾ ਦਾ ਇੱਕ ਹਿੱਸਾ ਹਨ ਜਾਂ ਅੰਨੂ ਜੰਜ ਦੇ ਪੁੱਤਰ ਹਨ। ਰਾਵਲਪਿੰਡੀ ਇਲਾਕੇ (ਪਾਕਿਸਤਾਨ) ਵਿੱਚ ਇਹ ਆਪਣੇ ਆਪ ਨੂੰ ਮਾਸੂਦੀ ਕਹਾਉਂਦੇ ਹਨ ਜੋ ਹੰਡ ਦੇ ਪੁਰਾਣੇ ਹੁਕਮਰਾਨ ਸਨ।

*2 ਬਾਬਰ ਦੇ ਹਮਲੇ ਸਮੇਂ ਜੰਜੂਆ ਸਾਲਟ ਰੇਂਜ ਵਿੱਚ ਰਾਜ ਕਰਦੇ ਸਨ। ਉਸ ਇਲਾਕੇ ਦੇ ਰਿਵਾਜ਼ ਅਨੁਸਾਰ ਰਾਜੇ ਨੂੰ ਢਾਈ ਸ਼ਾਹਰੁਖੀ ਇੱਕ ਡੰਗਰ ਪਿੱਛੇ ਅਤੇ ਸਤ ਸ਼ਾਹ ਰੁਖੀਆਂ ਵਿਆਹ ਵੇਲੇ ਭੇਂਟ ਕੀਤੀਆਂ ਜਾਂਦੀਆਂ ਸਨ। ਤੈਮੂਰ ਦੇ ਪੁੱਤਰ ਸ਼ਾਹ ਰੁੱਖ

---

*[1] *Memoirs of Babur Vol. I Page 383*

*[2] *A Glossary of the Tribes and Castes of Punjab and N.W.F. Vol. II Page 354*

ਦੇ ਸਿੱਕੇ ਨੂੰ ਸ਼ਾਹ ਰੁਖੀ ਕਿਹਾ ਜਾਂਦਾ ਸੀ। ਸ਼ਾਹ ਰੁੱਖ ਦਾ ਰਾਜ 1404-05 ਈ. ਵਿੱਚ ਇਸ ਇਲਾਕੇ 'ਤੇ ਸੀ। ਇੱਕ ਸ਼ਾਹਰੁਖੀ ਢਾਈ ਰੁਪਏ ਦੇ ਬਰਾਬਰ ਸੀ।

ਜਿਸ ਤਰ੍ਹਾਂ ਕਿ ਤੋਜ਼ਕੇ ਬਾਬਰੀ ਵਿੱਚ ਬਾਬਰ ਵੱਲੋਂ ਜੰਜੂਆਂ ਦਾ ਮੁਸਲਮਾਨ ਧਰਮ ਹੋਣ ਬਾਰੇ ਮਲੂਮ ਹੁੰਦਾ ਹੈ।

* ਇੱਕ ਹੋਰ ਸਬੂਤ ਅਨੁਸਾਰ ਜੰਜੂਆਂ ਦੇ ਬਜ਼ੁਰਗ ਜੈ ਪਾਲ ਨੇ ਮਹਿਮੂਦ ਗਜ਼ਨਵੀ ਦਾ ਨੰਦਣਾ ਵਿਖੇ ਮੁਕਾਬਲਾ ਕੀਤਾ। ਉਸ ਸਮੇਂ ਰਾਵਲਪਿੰਡੀ ਤੋਂ ਜੇਹਲਮ ਤੱਕ ਦਾ ਇਲਾਕਾ ਜੰਜੂਆਂ ਦੇ ਅਧੀਨ ਸੀ। ਮਹਿਮੂਦ ਤੋਂ ਹਾਰ ਖਾ ਕੇ ਜੰਜੂਆ ਜੰਗਲਾਂ ਵਿੱਚ ਜਾ ਲੁਕੇ ਪਰ ਰਾਜ ਮੱਲ ਫੜਿਆ ਗਿਆ। ਮਹਿਮੂਦ ਨੇ ਉਸ ਨੂੰ ਇਸ ਸ਼ਰਤ 'ਤੇ ਰਿਹਾਅ ਕੀਤਾ ਕਿ ਉਹ ਇਸਲਾਮ ਕਬੂਲ ਕਰ ਲਵੇ। ਉਸ ਸਮੇਂ ਤੱਕ ਤਾਂ ਇਹਨਾਂ ਦਾ ਗੋਤ ਰਾਠੌਰ ਸੀ ਪਰ ਜੰਜੂ (ਜਨੇਊ) ਲਾਹ ਕੇ ਇਸਲਾਮ ਕਬੂਲ ਕਰਨੇ ਕਰ ਕੇ ਜੰਜੂਆ ਬਣ ਗਿਆ। ਮਹਿਮੂਦ ਦੇ ਪਿੱਠ ਮੋੜਦਿਆਂ ਹੀ ਬਹੁਤੇ ਜੰਜੂਏ ਫੇਰ ਹਿੰਦੂ ਬਣ ਗਏ। ਮਿਸਟਰ ਕਰਾਕਰੋਫਟ, ਡਿਪਟੀ ਕਮਿਸ਼ਨਰ ਰਾਵਲਪਿੰਡੀ ਅਨੁਸਾਰ ਸੰਨ 1880 ਈ. ਦੇ ਲਾਗੇ ਜੰਜੂਆ ਮੁਸਲਮਾਨ ਵਿਆਹ ਦੀਆਂ ਰਸਮਾਂ ਵਿੱਚ ਪੰਡਤਾਂ ਨੂੰ ਸੱਦਦੇ ਸਨ। ਰਾਜਾ ਮੱਲ ਦੇ ਪੱਛਮੀ ਸਾਲਟ ਰੇਂਜ ਵਿੱਚ ਮਲੋਤ ਨੂੰ ਆਪਣੀ ਰਾਜਧਾਨੀ ਬਣਾਉਣ ਦਾ ਵੀ ਜ਼ਿਕਰ ਹੈ। ਦਸੂਹਾ ਦੇ ਨੇੜੇ ਵੀ ਜੰਜੂਆ ਗੋਤ ਦੇ ਰਾਜਪੂਤਾਂ ਦੇ ਪਿੰਡ ਬਡਲਾ, ਬਹਿਦੂਲਾ, ਬਹਿ ਜੋਗਣ (ਇਹ ਬਾਰਾਂ ਬਹਿਆਂ ਹਨ) ਪਿੰਡ ਹਨ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਇਥੇ ਜੰਜੂਆ ਰਾਜਪੂਤਾਂ ਦੀ ਆਜ਼ਾਦ ਇੱਕ ਛੋਟੀ ਜਿਹੀ ਰਿਆਸਤ ਸੀ। ਬਡਲਾ ਜੋ ਦਸੂਹਾ ਤੋਂ ਛੇ ਕੁ ਮੀਲ ਉੱਤਰ ਵੱਲ ਹੈ, ਦੇ ਲਾਗੇ ਦੇ 132 ਪਿੰਡ ਇਸ ਰਾਜ ਵਿੱਚ ਸਨ। ਇਹ ਡੋਗਰਾਂ ਦੇ ਰਾਣੇ ਕਹਾਉਂਦੇ ਸਨ ਤੇ ਜਦੋਂ ਪਿਤਾ ਦੇ ਮਰਨ ਉਪਰੰਤ ਪੁੱਤਰ ਦੇ ਪੱਗ ਬਨ੍ਹਾਉਂਦੇ ਸਨ ਤਾਂ ਮਿਹਰ ਭਟੋਲੀ ਪਿੰਡ ਦੇ ਲੋਕਾਂ ਵੱਲੋਂ ਨਵੇਂ ਰਾਣੇ ਨੂੰ ਇੱਕ ਘੋੜਾ ਅਤੇ ਇੱਕ ਦੁਸ਼ਾਲਾ ਨਜ਼ਰ ਭੇਂਟ ਕੀਤਾ ਜਾਂਦਾ ਸੀ ਤੇ ਨੰਗਲ ਬਿਹਾਲਾਂ ਤੇ ਹੋਰ ਬਿਹਾਲਾਂ ਦੇ ਵਸਨੀਕਾਂ ਵੱਲੋਂ ਇੱਕ-ਇੱਕ ਜਾਂ ਦੋ-ਦੋ ਰੁਪਏ ਨਜ਼ਰ ਕੀਤੇ ਜਾਂਦੇ ਸਨ। ਪਿੰਡ ਬਡਲਾ ਤੋਂ ਹੀ ਜੰਜੂਆ ਰਾਜਪੂਤਾਂ ਦਾ ਬਡਿਆਲ ਗੋਤ ਚੱਲ ਪਿਆ ਹੈ। ਬਡਲਾ ਰਿਆਸਤ ਦਾ ਹੁਣ ਨਾਮੋ ਨਿਸ਼ਾਨ ਮਿਟ ਚੁੱਕਾ ਹੈ ਪਰ ਅਜੇ ਵੀ ਲੋਕੀ ਉਸੇ ਖਾਨਦਾਨ ਦੇ ਇੱਕ ਵਿਅਕਤੀ ਨੂੰ ਅਪਣਾ ਰਾਣਾ ਚੁਣ ਕੇ ਉਸ ਨੂੰ ਨਜ਼ਰਾਂ ਭੇਂਟ ਕਰਦੇ ਸਨ। ਸਾਲਟ ਰੇਂਜ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਮਿਲਾ ਲਿਆ ਅਤੇ ਜੰਜੂਆ ਰਾਜਪੂਤਾਂ ਨੂੰ ਛੋਟੀਆਂ-ਛੋਟੀਆਂ ਜਗੀਰਾਂ ਦਿੱਤੀਆਂ ਸਨ।

---

* *A Glossary of the Tribes and Castes of Punjab and N.W.F. Vol. II Page 354*

* ਥਾਮਪਸਨ ਡਿਪਟੀ ਕਮਿਸ਼ਨਰ ਜਿਹਲਮ ਅਨੁਸਾਰ ਜੰਜੂਆ ਸਿਹਤ ਪੱਖੋਂ ਨਰੋਏ ਅਤੇ ਸੋਹਣੇ ਹਨ। ਉਨ੍ਹਾਂ ਦੇ ਹੱਥ ਪੈਰ ਛੋਟੇ ਅਤੇ ਆਪਣੇ ਗੁਆਂਢੀਆਂ ਨਾਲੋਂ ਚੰਗੀ ਸ਼ਕਲ ਵਾਲੇ ਹੁੰਦੇ ਹਨ। ਉਹ ਬਹੁਤੇ ਮਿਲਟਰੀ ਸਰਵਿਸ ਕਰਦੇ ਹਨ ਅਤੇ ਪੈਦਲ ਫੌਜ ਨਾਲੋਂ ਘੋੜ ਚੜ੍ਹੇ ਬਨਣਾ ਜ਼ਿਆਦਾ ਪਸੰਦ ਕਰਦੇ ਹਨ। ਖੇਤੀਬਾੜੀ ਅਤੇ ਦੁਕਾਨਦਾਰੀ ਵਿੱਚ ਉਹ ਬੁਰੀ ਤਰ੍ਹਾਂ ਫੇਲ ਹੁੰਦੇ ਹਨ। ਉਹ ਬਹੁਤੀਆਂ ਗੱਲਾਂ ਕਰਨੀਆਂ ਪਸੰਦ ਨਹੀਂ ਕਰਦੇ ਤੇ ਜੇ ਗੱਲਾਂ-ਗੱਲਾਂ ਵਿੱਚ ਉਨ੍ਹਾਂ ਦੀ ਨੁਕਤਾਚੀਨੀ ਕੀਤੀ ਜਾਵੇ ਤਾਂ ਬਹੁਤ ਗੁੱਸਾ ਕਰਦੇ ਹਨ। ਜ਼ਿੰਦਗੀ ਦੀਆਂ ਮੰਜ਼ਿਲਾਂ ਤੈਅ ਕਰਨ ਵਿੱਚ ਨਾ-ਮੁਮਕਿਨ ਨਿਸ਼ਾਨੇ ਮਿੱਥ ਲੈਂਦੇ ਹਨ। ਆਪਣੇ ਗਰੀਬ ਮਜਾਰਿਆਂ ਤੇ ਤਰਸ ਕਰਦੇ ਹਨ। ਆਪਣੀ ਜਗੀਰਦਾਰੀ ਠਾਠ ਨੂੰ ਕਾਇਮ ਰੱਖਣ ਲਈ ਕੁਝ ਨਾ ਕੁਝ ਕੁਰਬਾਨ ਕਰਨ ਨੂੰ ਤਿਆਰ ਰਹਿੰਦੇ ਹਨ। ਇਸੇ ਕਰ ਕੇ ਸਮਾਂ ਉਨ੍ਹਾਂ ਦੀ ਇਸ ਸ਼ਾਨ ਨੂੰ ਮਿਟਾ ਨਹੀਂ ਸਕਿਆ। ਆਮ ਤੌਰ 'ਤੇ ਉਨ੍ਹਾ ਦਾ ਵਤੀਰਾ ਚੰਗਾ ਹੁੰਦਾ ਹੈ। ਉਨ੍ਹਾਂ ਵਿੱਚ ਘੁਮੰਡ ਦਾ ਮਾਦਾ ਭਾਵੇਂ ਜ਼ਿਆਦਾ ਹੈ ਪਰ ਇਹ ਦੂਜਿਆਂ ਲਈ ਵਿਰੋਧਤਾ ਦੀ ਥਾਂ ਦੋਸਤਾਨਾ ਹੁੰਦਾ ਹੈ। ਨਾਲ ਹੀ ਉਹ ਸਵੈਮਾਣ ਦੇ ਇਛੁੱਕ ਹਨ, ਕਿਸੇ ਨਾ ਕਿਸੇ ਤਰ੍ਹਾਂ ਦੇ ਮਾਣ ਦੇ ਖਾਹਸ਼ਮੰਦ ਅਤੇ ਜ਼ਾਹਿਰਾ ਤੌਰ 'ਤੇ ਐਸੇ ਲੋਕ ਹਨ ਜਿਨ੍ਹਾਂ ਨਾਲ ਜਜ਼ਬਿਆਂ ਦੀ ਸਾਂਝ ਪਾ ਕੇ ਹਕੂਮਤ ਕਰਨਾ ਸੌਖਾ ਹੈ।"

ਐਹੋ ਜਿਹੇ ਬਹਾਦਰ ਰਾਜਪੂਤਾਂ ਦੀ ਮੌਜੂਦਾ ਸੰਤਾਨ ਨੂੰ ਜੰਜੂਆਂ ਦੀ ਬਜਾਏ ਹੋਰ ਘਟੀਆ ਸ਼ਬਦ ਵਰਤਣ ਵਾਲੇ ਪੂਰੇ ਖਰ ਦਿਮਾਗ ਹਨ। ਉਨ੍ਹਾਂ ਤੋਂ ਪੁੱਛਣਾ ਜਾਇਜ਼ ਹੈ ਕਿ ਕਿਹੜੇ ਤਵਾਰੀਖੀ ਆਧਾਰ 'ਤੇ ਉਹ ਘਟੀਆ ਸ਼ਬਦ ਵਰਤਦੇ ਹਨ।

---

* *A Gloassary of the Tribes and Castes of Punjab and N.W.F. Vol. II Page 354 & 355*

# ਡੋਡ

* ਡੋਡ ਰਾਜਪੂਤ ਹੁਸ਼ਿਆਰਪੁਰ ਜ਼ਿਲ੍ਹੇ ਦੇ ਬੀਤ ਇਲਾਕੇ ਵਿੱਚ ਜ਼ਿਆਦਾ ਹਨ। ਇੱਕ ਰਵਾਇਤ ਅਨੁਸਾਰ ਕਿ ਇੱਕ ਵਾਰ ਉਨ੍ਹਾਂ ਨੇ ਆਪਣੇ ਨਾਲੋਂ ਡੇਡ ਗੁਣਾ ਵੱਧ ਗਿਣਤੀ ਦੀ ਫੌਜ ਨੂੰ ਹਰਾਇਆ ਤੇ ਪਹਿਲਾਂ ਡਿਉਡਾ ਤੇ ਫੇਰ ਡੋਡ ਬਣ ਗਿਆ। ਇਹ ਕਬੀਲਾ ਕਿਸ ਸਮੇਂ ਉੜੀਸਾ ਵਿੱਚ ਰਾਜ ਕਰਦਾ ਸੀ ਤੇ ਉਨ੍ਹਾਂ ਦਾ ਵਡੇਰਾ ਦਿਉ ਚੰਦ ਲੜਦਾ-ਲੜਦਾ ਦਿੱਲੀ ਤੱਕ ਆਇਆ ਤੇ ਦਿੱਲੀ ਦੇ ਰਾਜੇ ਤੰਵਰਾਂ ਨੂੰ ਹਰਾ ਕੇ ਅੱਗੇ ਜੇਜੋਂ ਤੱਕ ਆ ਗਿਆ। ਉਸ ਦੇ ਪੁੱਤਰ ਜੈ ਚੰਦ ਨੇ ਜੇਜੋਂ ਕਸਬੇ ਦਾ ਨਾਮ ਰੱਖਿਆ।

ਡਿਸਟਰਿਕਟ ਐਂਡ ਸਟੇਟਸ ਗਜ਼ਟੀਅਰ (ਹੁਸ਼ਿਆਰਪੁਰ) ਦੇ ਪੰਨਾ 423 'ਤੇ ਡੋਡ ਰਾਜਪੂਤਾਂ ਬਾਰੇ ਲਿਖਿਆ ਹੈ ਕਿ ਮਾਨਸੋਵਾਲ, ਜੋ ਗੜ੍ਹਸ਼ੰਕਰ ਤੋਂ ਪੂਰਬ ਵੱਲ ਸ਼ਿਵਾਲਕ ਦੀਆਂ ਪਹਾੜੀਆਂ ਵਿਚਕਾਰ ਮੈਦਾਨੀ ਇਲਾਕਾ ਹੈ, ਜਸਵਾਂ ਦੇ ਰਾਜਾ ਦੇ ਜਾਗੀਰਦਾਰ ਵਜੋਂ ਡੋਡ ਰਾਜਪੂਤਾਂ ਨੇ ਵਸਾਇਆ। ਬਾਅਦ ਵਿੱਚ ਉਹ ਜਵਸਾਲਾਂ ਤੋਂ ਆਜ਼ਾਦ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਮਾਨਸੋਵਾਲ ਦੇ ਰਾਜਪੂਤਾਂ ਨੂੰ ਲੋੜ ਵੇਲੇ 15 ਸਵਾਰ ਭੇਜਣ ਬਦਲੇ ਉਨ੍ਹਾਂ ਦੀ ਜਾਗੀਰ ਪੱਕੀ ਕਰ ਦਿੱਤੀ। ਇਸ ਪਿੰਡ ਵਿੱਚ ਇੱਕ ਛੋਟਾ ਜਿਹਾ ਕਿਲਾ ਵੀ ਬਣਿਆ ਹੋਇਆ ਸੀ ਜਿਸ ਕਰ ਕੇ ਇਸ ਪਿੰਡ ਨੂੰ ਗੜ੍ਹੀ ਮਾਨਸੋਵਾਲ ਵੀ ਕਹਿੰਦੇ ਹਨ। ਇਹਨਾਂ ਡੋਡ ਰਾਜਪੂਤਾਂ ਨੂੰ ਅੰਗਰੇਜ਼ ਸਰਕਾਰ ਨੇ ਅੱਠ ਪਿੰਡ ਜਗੀਰ ਵਿੱਚ ਦਿੱਤੇ ਸਨ।

ਜਲਵੇੜਾ, ਠੱਕਰਵਾਲ, ਰਣਧੀਰਗੜ੍ਹ ਅਤੇ ਡਾਂਡੀਆਂ ਦੇ ਰਾਜਪੂਤ ਡੋਡ ਗੋਤ ਦੇ ਹਨ। ਇਹਨਾਂ ਦੀ ਮਹਾਂ ਸਤੀ ਦਾ ਸਥਾਨ ਗੜ੍ਹਸ਼ੰਕਰ ਵਿਖੇ ਮਾਲ ਮਹਿਕਮੇ ਦੇ ਕਾਨੂੰਗੋ ਦੇ ਦਫ਼ਤਰ ਦੇ ਵਿਹੜੇ ਵਿੱਚ ਹੈ, ਜਿਹੜਾ ਕਿ ਉਨ੍ਹਾਂ ਦੇ ਰਾਜ ਸਮੇਂ ਇਹਨਾਂ ਦੀ ਨਿੱਜੀ ਜਾਇਦਾਦ ਸੀ।

ਡੋਡ ਗੋਤ ਦੇ ਸ਼ੰਕਰ ਸਹਾਏ ਨੇ ਗੜ੍ਹਸ਼ੰਕਰ ਸ਼ਹਿਰ ਆਬਾਦ ਕੀਤਾ ਪਰ ਘੋੜੇ ਬਾਹੇ ਰਾਜਪੂਤਾਂ ਨੇ ਉਸ ਨੂੰ ਕਤਲ ਕਰ ਕੇ ਗੜ੍ਹਸ਼ੰਕਰ 'ਤੇ ਕਬਜ਼ਾ ਕਰ ਲਿਆ। ਉਸ ਦਾ ਪੁੱਤਰ ਇਸ ਹਮਲੇ ਸਮੇਂ ਆਪਣੇ ਨਾਨਕੇ ਪਿੰਡ ਅਜਨੋਹਾ ਗਿਆ ਹੋਇਆ ਸੀ ਤੇ ਬਚ ਗਿਆ। ਅਜਨੋਹਾ ਵਾਲਿਆਂ ਨੇ ਉਸ ਨੂੰ ਆਪਣੀ ਜਗੀਰ ਵਿੱਚੋਂ ਕੁਝ ਜ਼ਮੀਨ ਦੇ ਦਿੱਤੀ ਤੇ ਉਸ ਨੇ ਜਲਵੇੜਾ ਪਿੰਡ ਵਸਾਇਆ। ਉਸ ਦੀ ਔਲਾਦ ਹੁਣ ਵੀ ਇਸ ਪਿੰਡ ਵਿੱਚ ਵੱਸਦੀ ਹੈ।

---

* *A Gloassary of the Tribes and Castes of Punjab and N.W.F. Page 243 Vol. III*

# ਭੱਟੀ

ਭੱਟੀ ਗੋਤ ਦਾ ਮੁੱਢ ਸ੍ਰੀ ਕਿਸ਼ਨ ਜੀ ਮਹਾਰਾਜ ਤੋਂ ਸ਼ੁਰੂ ਹੋਇਆ। ਸ੍ਰੀ ਕ੍ਰਿਸ਼ਨ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਦਵਾਰਕਾ ਤੋਂ ਮੁਲਤਾਨ ਦੇ ਰਸਤੇ ਜ਼ੁਬਲਿਸਾਨ (ਅਫਗਾਨਿਸਤਾਨ) ਵੱਲ ਚਲੇ ਗਏ। ਗਜ਼ਨੀ ਸ਼ਹਿਰ ਵਸਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ਜੈਸਲਮੇਰ ਦੇ ਰਿਕਾਰਡ ਵਿੱਚ ਵੀ ਅਫਗਾਨਿਸਤਾਨ ਤੋਂ ਭੱਟੀਆਂ ਦਾ ਪੰਜਾਬ ਅਤੇ ਰਾਜਸਥਾਨ ਨੂੰ ਵਾਪਸ ਮੁੜਨ ਦੇ ਕਾਰਨਾਂ ਦਾ ਕੁਝ ਨਹੀਂ ਲਿਖਿਆ। ਹੋ ਸਕਦਾ ਹੈ ਕਿ ਮਹਾਨ ਸਿਕੰਦਰ ਜਾਂ ਮੁਸਲਮਾਨਾਂ ਨੇ ਇਹਨਾਂ ਨੂੰ ਉਧਰੋਂ ਕੱਢਿਆ ਹੋਵੇ। ਰਾਠੌਰਾਂ ਦੇ ਫੈਲਾਅ ਤੋਂ ਪਹਿਲਾਂ ਸਾਰੇ ਮਾਰੂਥਲ ਵਿੱਚ ਭੱਟੀਆਂ ਦੀ ਚੜ੍ਹਤ ਸੀ। ਜਾਦਵ ਜਾਂ ਯਾਦਵ, ਜੇਹਲਮ, ਸ਼ਾਹਪੁਰ ਅਤੇ ਮੀਆਂਵਾਲੀ ਜ਼ਿਲ੍ਹਿਆਂ ਦਾ ਪਹਾੜੀ ਖੇਤਰ (ਹੁਣ ਪਾਕਿਸਤਾਨ ਵਿੱਚ) ਜਿਸ ਨੂੰ ਸਾਲਟ ਰੇਂਜ ਕਹਿੰਦੇ ਹਨ, 'ਤੇ ਕਿਸੇ ਸਮੇਂ ਯਾਦਵ (ਭੱਟੀਆਂ) ਦਾ ਰਾਜ ਰਿਹਾ ਹੈ*1*। ਇਸ ਬਾਰੇ ਬਾਬਰ ਨੇ ਲਿਖਿਆ ਹੈ ਕਿ ਭੀਰਾ ਅਤੇ ਨੀਲ-ਆਬ ਦੇ ਇਲਾਕੇ ਵਿੱਚ ਜੋ ਕਿ ਕਸ਼ਮੀਰ ਦੇ ਪਹਾੜਾਂ ਤੋਂ ਹਟ ਕੇ 14 ਮੀਲ ਦਰਿਆ ਸਿੰਧ ਤੱਕ ਹੈ, ਵਿੱਚ ਯਾਦਵ ਅਤੇ ਜੰਜੂਆ ਲੋਕਾਂ ਦਾ ਰਾਜ ਹੈ" ਡਿਸਟਰਿਕਟ ਐਂਡ ਸਟੇਟਸ ਗਜ਼ਟੀਅਰ (ਫਿਰੋਜ਼ਪੁਰ) ਦੇ ਪੰਨਾ 619 'ਤੇ ਭੱਟੀਆਂ ਦੇ ਬਾਰੇ ਲਿਖਿਆ ਹੈ ਕਿ ਉਨ੍ਹਾਂ ਦਾ ਮੁੱਢ ਰਾਜਾ ਜੈਸਲ ਤੋਂ ਹੋਇਆ ਤੇ ਸਿੱਧੂ ਤੇ ਬਰਾੜ ਵੀ ਇਹਨਾਂ ਵਿੱਚੋਂ ਹੀ ਹਨ। ਉਨ੍ਹਾਂ ਦਾ ਪਹਿਲਾ ਘਰ ਭਟਨੇਰ (ਹਨੂਮਾਨਗੜ੍ਹ) ਸੀ ਤੇ ਅਬੋਹਰ ਦੇ ਲਾਗੇ ਦਾ ਸਾਰਾ ਇਲਾਕਾ ਉਨ੍ਹਾਂ ਦੇ ਅਧੀਨ ਸੀ।

ਅੱਗੇ ਜਾ ਕੇ ਇਸੇ ਪੁਸਤਕ ਦੇ ਪੰਨਾ 621 'ਤੇ ਲਿਖਿਆ ਹੈ ਕਿ ਭੱਟੀ ਰਾਜਪੂਤ ਅਤੇ ਜੱਟ ਸੱਚ ਮੁੱਚ ਇੱਕ ਹੀ ਨਸਲ 'ਚੋਂ ਹਨ।

*2* ਇਸ ਬਾਰੇ ਕੋਈ ਸ਼ੱਕ ਨਹੀਂ ਕਿ ਬਹੁਤੇ ਜੱਟਾਂ ਦਾ ਪਿਛੋਕੜ ਰਾਜਪੂਤਾਂ ਵਿੱਚੋਂ ਹੈ। 1153 ਵਿੱਚ ਭੱਟੀ ਗੋਤ ਦਾ ਆਨੰਦ ਰਾਉ ਗੋਰੀ ਨਾਲ ਲੜਦਾ ਸ਼ਹੀਦ ਹੋਇਆ। ਇਹ ਲੜਾਈ ਹਿਸਾਰ ਕੋਲ ਹੋਈ। ਉਸ ਦਾ ਪੁੱਤਰ ਖੀਵਾ ਰਾਉ ਉਸ ਪ੍ਰਾਂਤ ਦਾ ਚੌਧਰੀ ਬਣਿਆ ਤਾਂ ਉਸ ਨੇ ਸਿਰਸਾ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਚੌਧਰੀ ਲੱਧੂ ਕੋਟੀਏ ਬਸੀੜੇ ਦੀ ਪੁੱਤਰੀ ਨਾਲ ਵਿਆਹ ਕੀਤਾ। ਕਾਰਨ ਇਹ ਕੀਤੀ ਕਿ ਜੋ ਏਸ ਤੋਂ ਪੁੱਤਰ ਹੋਵੇ ਉਹ ਰਾਜਪੂਤ ਕਹਾਉਣ ਦੀ ਥਾਂ ਜੱਟ ਕਹਾਵੇਗਾ। ਖੀਵਾ ਰਾਓ ਦੇ ਘਰ ਸਿੱਧੂ ਰਾਇ ਨਾਮ ਦਾ ਪੁੱਤਰ ਹੋਇਆ। ਜੈਸਲਮੇਰੀਆਂ ਨੇ ਉਸ ਨੂੰ ਖੀਵਾ ਖੋਟਾ ਆਖ ਕੇ ਆਪਣੇ ਵਿੱਚੋਂ ਤਿਆਗ ਦਿੱਤਾ। ਤਾਂ ਖੀਵੇ ਨੇ ਵੀ ਆਪਣੇ ਆਪ ਨੂੰ ਪੱਕਾ ਜੱਟ ਕਹੇ ਜਾਣ ਦਾ ਵਿਗਿਆਪਨ ਦੇ ਦਿੱਤਾ। ਇਹ ਮੰਗਲ ਮਈ ਘਟਨਾ 1210

* *Memoirs of Babur Page 380-363*

**ਮਾਲਵਾ ਸਿੱਖ ਇਤਿਹਾਸ ਭਾਗ 1 ਪੰਨਾ 63 ਕਿਰਤ ਵਸਾਖਾ ਸਿੰਘ ਸੰਤ ਸਿਪਾਹੀ

ਈ. ਦੇ ਲਗਭਗ ਹੋਈ। ਸਿੱਧੂ ਦੀ ਦਸਵੀਂ ਪੀੜ੍ਹੀ ਵਿੱਚ ਬੈਰਾੜ ਹੋਇਆ ਜਿਸ ਨੇ 1525 ਈ. ਵਿੱਚ ਬਾਬਰ ਦੀ ਮਦਦ ਕਰਕੇ ਭਟਿਆਣੇ ਦੀ ਚੌਧਰ ਪ੍ਰਾਪਤ ਕੀਤੀ।

ਵੱਡੇ ਵੱਡੇ ਲਿਖਾਰੀਆਂ ਦੀ ਹਰ ਲਿਖਤ ਸਹੀ ਨਹੀਂ ਮੰਨੀ ਜਾ ਸਕਦੀ। ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨਕੋਸ਼ ਦੇ ਪੰਨਾ 666 'ਤੇ ਲਿਖਿਆ ਹੈ ਕਿ "ਅਕਬਰ ਦਾ ਸਹੁਰਾ ਮਿਹਰ ਮਿੱਠਾ ਧਾਲੀਵਾਲ (ਧਾਰੀਵਾਲ) ਗੋਤ ਦਾ ਸੀ। ਧਾਰਾ ਨਗਰੀ ਤੋਂ ਧਾਰੀਵਾਲ ਸ਼ਬਦ ਹੈ" "ਧਾਰੀਵਾਲ ਇੱਕ ਜੱਟ ਜਾਤੀ ਜੋ ਭੱਟੀ ਰਾਜਪੂਤਾਂ ਵਿੱਚੋਂ ਹੈ।" ਪਹਿਲੀ ਗੱਲ ਤਾਂ ਇਹ ਹੈ ਕਿ ਮਿਹਰ ਮਿੱਠੇ ਨੇ ਆਪਣੀ ਪੋਤੀ ਦਾ ਰਿਸ਼ਤਾ ਅਕਬਰ ਨਾਲ ਕੀਤਾ ਸੀ ਤੇ ਇਸ ਤਰ੍ਹਾਂ ਉਹ ਅਕਬਰ ਦਾ ਦਦਿਅਹੁਰਾ ਸੀ। ਦੂਜੇ ਧਾਰਾ ਨਗਰੀ ਜੋ ਇੰਦੌਰ ਤੋਂ 64 ਕਿਲੋਮੀਟਰ ਦੂਰ ਹੈ ਦਾ ਸੰਬੰਧ ਪਰਮਾਰ ਰਾਜਪੂਤਾਂ ਨਾਲ, ਭੱਟੀ ਰਾਜਪੂਤਾਂ ਨਾਲ ਨਹੀਂ।

ਭੱਟੀ ਰਾਜਪੂਤਾਂ ਵਿੱਚੋਂ ਹੀ ਸਾਂਸੀ ਜੱਟ ਹਨ। ਇਸ ਬਾਰੇ "ਜੱਟਾਂ ਦਾ ਇਤਿਹਾਸ" ਨਾਮੀ ਪੁਸਤਕ ਦੇ ਕਰਤਾ ਹੁਸ਼ਿਆਰ ਸਿੰਘ ਦੁਲੇਹ ਨੇ ਪੰਨਾ 48-49 'ਤੇ ਲਿਖਿਆ ਹੈ:-

ਸਾਂਸੀ-ਇਹ ਰਾਜੇ ਸਲਿਬਾਹਨ ਦੀ ਵੰਸ਼ ਵਿੱਚੋਂ ਹਨ। ਰਾਜਾ ਸਾਲਿਬਾਹਨ ਦੇ ਪੰਦਰਾਂ ਪੁੱਤਰਾਂ ਵਿੱਚੋਂ ਇੱਕ ਦਾ ਨਾਂ ਸਾਹਸੀ ਰਾਉ ਸੀ। ਇਸ ਵੰਸ਼ ਦੇ ਲੋਕ ਭਟਨੇਰ ਤੋਂ ਆ ਕੇ ਅੰਮ੍ਰਿਤਸਰ ਅਤੇ ਗੁੱਜਰਾਂਵਾਲਾ ਦੇ ਇਲਾਕੇ ਵਿੱਚ ਆਬਾਦ ਹੋਏ। ਇਹ ਆਪਣਾ ਪਿਛੋਕੜ ਮਾਰਵਾੜ ਅਤੇ ਅਜਮੇਰ ਦੇ ਭੱਟੀਆਂ ਵਿੱਚੋਂ ਦਸਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸੇ ਕੁੱਲ ਵਿੱਚ ਜਨਮ ਲਿਆ। ਸਾਂਸੀ ਦਾ ਭਾਵ ਸਾਹਸੀ, ਭਾਵ ਦਲੇਰ ਹੈ। ਮਹਾਰਾਜਾ ਰਣਜੀਤ ਸਿੰਘ ਬਰਾੜਾਂ ਦਾ ਦੋਹਤਰਾ ਸੀ।

* ਜਿਸ ਸਮੇਂ ਗਜ਼ਨੀ ਦੇ ਤਖਤ ਉੱਤੇ ਮਹਿਮੂਦ ਗਜ਼ਨਬੀ ਅਤੇ ਲਾਹੌਰ ਦੇ ਤਖਤ ਉੱਤੇ ਜੈਪਾਲ ਦਾ ਰਾਜ ਸੀ ਉਸ ਸਮੇਂ ਸਤਲੁਜ ਦੇ ਦੱਖਣ ਵੱਲ ਬਿਜੇ ਰਾਏ ਭੱਟੀ, ਬਠਿੰਡੇ ਅਤੇ ਭਟਨੇਰ (ਹਨੂਮਾਨਗੜ੍ਹ) ਦੇ ਖੇਤਰਾਂ 'ਤੇ ਰਾਜ ਕਰ ਰਿਹਾ ਸੀ। ਜੈਪਾਲ ਨੂੰ ਜਿੱਤ ਕੇ ਮਹਿਮੂਦ ਗਜ਼ਨਵੀ ਨੇ ਬਠਿੰਡੇ ਤੋਂ ਭੱਟੀਆਂ ਨੂੰ ਕੱਢ ਦਿੱਤਾ। ਕੁਝ ਕੁ ਨੂੰ ਫੜ ਕੇ ਜ਼ਬਰਦਸਤੀ ਮੁਸਲਮਾਨ ਬਣਾ ਲਿਆ। ਬਿਜੇ ਰਾਏ ਤੋਂ ਬਾਅਦ ਉਸ ਦਾ ਪੁੱਤਰ ਦੇਵਰਾਜ ਰਾਜਾ ਬਣਿਆ। ਦੇਵ ਰਾਜ ਦੀ ਵੰਸ਼ ਵਿੱਚੋਂ ਰਾਓ ਜੈਸਲ ਹੋਇਆ ਜਿਸ ਨੇ ਜੈਸਲਮੇਰ ਦੀ ਮੋੜ੍ਹੀ ਗੱਡੀ। ਜੈਸਲ ਦੇ ਭਰਾ ਦੂਸਲ ਦੀ ਬੰਸ ਵਿੱਚ ਸਿੱਧੂ-ਬਰਾੜ ਆਦਿ ਜੱਟਾਂ ਦੇ 21 ਗੋਤ ਹਨ। ਜੈਸਲ ਦਾ ਭਤੀਜਾ ਹੇਮ ਨਰਾਜ਼ ਹੋ ਕੇ ਪੰਜਾਬ ਵੱਲ ਹਿਸਾਰ ਦੇ ਇਲਾਕੇ ਵਿੱਚ ਆ ਗਿਆ। ਉਸ ਨੇ ਮਹਿਮੂਦ ਗਜ਼ਨਵੀ ਦੀ ਮਦਦ ਕੀਤੀ ਤੇ ਮਹਿਮੂਦ ਨੇ ਉਸ ਨੂੰ ਹਿਸਾਰ ਅਤੇ ਬਠਿੰਡੇ ਦਾ ਇਲਾਕਾ ਦੇ ਦਿੱਤਾ। ਹੇਮ ਨੇ ਹਿਸਾਰ ਵਿਖੇ ਕਿਲਾ ਉਸਾਰਿਆ।

---

* *"Jaats" by B.S. Dahia Page 116*

ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 1237 'ਤੇ ਸਾਰੰਗ ਕੀ ਵਾਰ ਮ. 4 (ਰਾਇਮਹਮੇ ਹਸਨੇ ਕੀ ਧੁਨਿ) ਇਸ ਦੀ ਵਿਆਖਿਆ ਸ਼ਬਦਾਰਥ ਸ੍ਰੀ ਗੁਰੂ ਗਰੰਥ ਸਾਹਿਬ ਜੀ (ਪੋਥੀ ਚੌਥੀ) ਵਿੱਚ ਇਸ ਤਰ੍ਹਾਂ ਹੈ:-

ਮਹਿਮਾ ਤੇ ਹਸਨਾ ਦੋ ਰਾਜਪੂਤ ਸਰਦਾਰ ਕਾਂਗੜਾ ਦੇ ਧੌਲ ਦੇ ਰਹਿਣ ਵਾਲੇ ਸਨ। ਹਸਨੇ ਨੇ ਧੋਖੇ ਨਾਲ ਮਹਿਮੇਂ ਨੂੰ ਅਕਬਰ ਬਾਦਸ਼ਾਹ ਪਾਸ ਕੈਦ ਕਰਵਾ ਦਿੱਤਾ। ਮਹਮੇ ਨੇ ਆਪਣੀ ਬਹਾਦਰੀ ਨਾਲ ਬਾਦਸ਼ਾਹ ਨੂੰ ਖੁਸ਼ ਕਰ ਲਿਆ ਅਤੇ ਬਾਦਸ਼ਾਹ ਪਾਸੋਂ ਫੌਜ ਲੈ ਕੇ ਹਸਨੇ 'ਤੇ ਆ ਪਿਆ। ਆਪੋ ਵਿੱਚ ਢੇਰ ਚਿਰ ਲੜਾਈ ਹੁੰਦੀ ਰਹੀ। ਅੰਤ ਮਹਮੇ ਦੀ ਜਿੱਤ ਹੋਈ। ਢਾਡੀਆਂ ਨੇ ਇਸ ਭੇੜ ਦੀ ਵਾਰ ਜੋੜੀ ਜਿਸ ਦੀ ਧਾਰਨਾ 'ਤੇ ਇਹ ਵਾਰ ਗਾਉਣੀ ਲਿਖੀ ਹੈ। ਨਮੂਨਾ ਉਸ ਵਾਰ ਦਾ:-

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ
ਹਸਨ ਬੇਇਮਾਨ ਸੀ ਨਾਲ ਮਹਮੇ ਥੱਟੀ
ਭੇੜ ਦੁਹਾਂ ਦਾ ਮਚਿਆ ਸਰ ਵੱਗੇ ਸੱਫਟੀ
ਮਹਮੇ ਪਾਏ ਫਤੇ, ਰਣ ਗਲ ਹਸਨੇ, ਘੱਟੀ
ਬੰਨ੍ਹ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ

ਦੁਆਬੇ ਵਿੱਚ ਭੱਟੀ ਰਾਜਪੂਤਾਂ ਨੂੰ ਧੋਖੇ ਨਾਲ ਖਤਮ ਕਰਨ ਦੀ ਯੋਜਨਾ ਉਨ੍ਹਾਂ ਦੇ ਪਰੋਹਤ ਨੇ ਘੋੜੇਵਾਹੇ ਰਾਜਪੂਤਾਂ ਨਾਲ ਮਿਲ ਕੇ ਬਣਾਈ। ਰਾਹੋਂ ਵਿਖੇ ਇੱਕ ਸੂਰਜ ਕੁੰਡ ਨਾਮ ਤਾਲਾਬ ਹੈ। ਇਸ ਵਿੱਚ ਸਾਵਣ ਮਹੀਨੇ ਰੱਖ ਤਿਉਹਾਰ 'ਤੇ ਰਾਜਪੂਤ ਦੂਰੋਂ-ਦੂਰੋਂ ਆ ਕੇ ਪੂਜਾ ਪਾਠ ਕਰ ਕੇ ਨਵੇਂ ਜਨੇਊ ਪਾਉਂਦੇ ਸਨ। ਪੂਜਾ ਪਾਠ ਵੇਲੇ ਹਥਿਆਰ ਪਰ੍ਹੇ ਰੱਖ ਦਿੰਦੇ ਸਨ। ਜਿਸ ਵਕਤ ਭੱਟੀ ਰਾਜਪੂਤ ਆਪਣੇ ਹਥਿਆਰ ਪਰੇ ਰੱਖ ਕੇ ਪੂਜਾ ਪਾਠ ਕਰ ਰਹੇ ਸਨ ਤਾਂ ਘੋੜੇਵਾਹੇ ਰਾਜਪੂਤ ਪਾਲਕੀਆਂ ਵਿੱਚ ਬੈਠ ਕੇ ਆਏ ਤੇ ਨਿਹੱਥੇ ਭੱਟੀਆਂ ਨੂੰ ਖਤਮ ਕਰ ਦਿੱਤਾ। ਕੇਵਲ ਤਿੰਨ ਭੱਟੀ ਹੀ ਬਚੇ ਜਿਨ੍ਹਾਂ ਨੇ ਪਿੰਡ ਸਾਹਲੋਂ, ਰੀਹਲੇ, ਰਾਮਪੁਰ ਅਤੇ ਘੁੜਿਆਲ ਵਸਾਏ। ਉਨ੍ਹਾਂ ਦੀ ਔਲਾਦ ਹੁਣ ਵੀ ਇਹਨਾਂ ਪਿੰਡਾਂ ਵਿੱਚ ਹੈ। ਜਿਸ ਪਰੋਹਿਤ ਨੇ ਭੱਟੀਆਂ ਨਾਲ ਦਗ਼ਾ ਕੀਤਾ ਉਹ ਭਾਰਦਵਾਜ ਗੋਤ ਦਾ ਸੀ। ਬਾਕੀ ਪਰੋਹਿਤ ਅੱਜ ਤੱਕ ਵੀ ਭਾਰਦਵਾਜ ਗੋਤ ਵਾਲਿਆਂ ਤੋਂ ਘਿਰਨਾ ਕਰਦੇ ਹਨ।

ਮੁਗਲ ਰਾਜ ਤੋਂ ਵੀ ਕਾਫ਼ੀ ਸਮਾਂ ਪਹਿਲਾਂ ਭੱਟੀ, ਮੁਸਲਮਾਨ ਬਣ ਗਏ ਸਨ। ਬਾਰ ਦੇ ਇਲਾਕੇ ਵਿੱਚ ਦੁੱਲਾ ਭੱਟੀ ਅਕਬਰ ਦੇ ਸਮੇਂ ਹੋਇਆ ਹੈ। ਦੁੱਲੇ ਦਾ ਪਿੰਡੀ ਭੱਟੀਆਂ 'ਤੇ ਰਾਜ ਸੀ। ਦੁੱਲੇ ਨੇ ਆਪਣੀ ਪ੍ਰੇਮਿਕਾ ਨੂੰ ਛੁਡਾਉਣ ਲਈ ਲਾਹੌਰ ਦੇ ਕਿਲ੍ਹੇ 'ਤੇ ਹਮਲਾ ਕੀਤਾ ਸੀ ਪਰ ਅਕਬਰ ਉਸ ਵੇਲੇ ਏਸ਼ੀਆ ਦਾ ਸਭ ਤੋਂ ਵੱਡਾ ਸਮਰਾਟ ਸੀ। ਦੁੱਲਾ ਬਹਾਦਰੀ ਨਾਲ ਲੜਦਾ ਫੜਿਆ ਗਿਆ ਅਤੇ ਫਾਂਸੀ ਲਾ ਦਿੱਤਾ ਗਿਆ ਅਕਬਰ ਨੇ ਉਸ ਦੇ ਲੜਕੇ ਕਮਾਲ ਖਾਂ ਨੂੰ ਘੁਮਾਣ ਲਾਗੇ ਬੇ-ਆਬ (ਮਾਰੂ) ਜ਼ਮੀਨ ਦੇ ਦਿੱਤੀ।

# ਚੌਹਾਨ

ਰਾਜਪੂਤਾਂ ਦਾ ਇੱਕ ਮਹੱਤਵਪੂਰਨ ਗੋਤ ਚੌਹਾਨ ਹੈ। ਅਜੇਪਾਲ ਚੌਹਾਨ ਨੇ ਅਜਮੇਰ ਦਾ ਕਿਲਾ ਬਣਵਾਇਆ ਸੀ ਜੋ ਚੌਹਾਨਾਂ ਦੀ ਤਾਕਤ ਦਾ ਸਭ ਤੋਂ ਪਹਿਲਾ ਚਿੰਨ ਹੈ। ਫੇਰ ਮਾਣਕ ਰਾਏ ਚੌਹਾਨ ਨੇ ਮੁਹੰਮਦ ਗੌਰੀ ਦਾ ਦਵਾਰਕਾ 'ਤੇ ਹਮਲੇ ਸਮੇਂ ਮੁਕਾਬਲਾ ਕੀਤਾ। ਕਵੀ ਚਾਂਦ ਬਰਦਾਈ ਨੇ ਪ੍ਰਿਥਵੀ ਰਾਜ ਚੌਹਾਨ ਅਤੇ ਉਸ ਦੇ ਸਾਥੀ ਰਾਜਿਆਂ ਦਾ ਜਿਨ੍ਹਾਂ ਨੇ ਮੁਹੰਮਦ ਗੌਰੀ ਦੇ ਹਮਲੇ ਸਮੇਂ ਇਕੱਠ ਦਾ ਸਬੂਤ ਦਿੱਤਾ ਦਾ, ਬੜਾ ਸੋਹਣਾ ਵਰਨਣ ਕੀਤਾ ਹੈ। ਪ੍ਰਿਥਵੀ ਰਾਜ ਚੌਹਾਨ ਦੀ ਮੁਹੰਮਦ ਗੌਰੀ ਹੱਥੋਂ ਹਾਰ ਪਿੱਛੋਂ ਭਾਰਤ ਵਿੱਚੋਂ ਹਿੰਦੂ ਰਾਜ ਦਾ ਅੰਤ ਹੋ ਗਿਆ। ਪ੍ਰਿਥਵੀ ਰਾਜ ਦਾ ਇੱਕ ਪੁੱਤਰ ਮੈਨਪੁਰੀ ਦੀ ਤਰਫ ਚਲਾ ਗਿਆ ਤੇ ਦੂਜਾ ਲਵ ਦੇਵ ਪੰਜਾਬ ਵੱਲ ਆਇਆ ਤੇ ਬਲਾਚੌਰ ਕਸਬੇ ਵਿੱਚ ਆਪਣੀ ਰਿਹਾਇਸ਼ ਰੱਖੀ। ਆਇਨੇ-ਅਕਬਰੀ ਅਨੁਸਾਰ ਅਕਬਰ ਦੇ ਸਮੇਂ ਤੇ ਫੇਰ ਸਮਾਂ ਪਹਿਲਾਂ ਦੁਆਬੇ ਵਿੱਚ ਚਾਰ ਬਹੁਤ ਪੁਰਾਤਨ ਹਿੰਦੂ ਰਾਜ ਬਲਾਚੌਰ, ਅਲਾਚੌਰ, ਗੁਣਾਚੌਰ ਅਤੇ ਨੰਦਾਚੌਰ ਸਨ। ਇਹ ਰਾਜਪੂਤ ਰਾਜੇ ਸਿਕੰਦਰ ਦੇ ਹਮਲੇ ਸਮੇਂ ਵੀ ਮੌਜੂਦ ਸਨ। ਲਵ ਦੇਵ ਦੀ ਛੇਵੀਂ ਪੁਸ਼ਤ ਨੇ ਪਿੰਡ ਸਰਹਾਲ ਮੁੰਡੀ ਵਸਾਇਆ ਜੋ ਕਿ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿੱਚ ਹੈ।

*1 ਚੌਹਾਨਾਂ ਦਾ ਮਾਣ ਗੁੱਗਾ ਚੌਹਾਨ ਹੋਇਆ ਹੈ ਜੋ ਰਾਜਾ ਵਾਚਾ (ਵਾਸ਼ਲ) ਦਾ ਪੁੱਤਰ ਸੀ ਤੇ ਸਤਲੁਜ ਤੋਂ ਲੈ ਕੇ ਹਰਿਆਣੇ ਦੇ ਸਾਰੇ ਮਾਰੂ ਇਲਾਕੇ ਦਾ ਰਾਜਾ ਸੀ। ਮਹਿਮੂਦ ਗਜ਼ਨਵੀ ਨਾਲ ਲੜਾਈ ਵਿੱਚ ਉਹ ਆਪਣੇ ਪੰਤਾਲੀ ਪੁੱਤਰਾਂ ਅਤੇ ਸੱਠ ਭਤੀਜਿਆਂ ਨਾਲ ਸ਼ਹੀਦ ਹੋਇਆ। ਗੁੱਗਾ ਪੀਰ ਦਿੱਲੀ ਦੇ ਤੂਰਾਂ ਦਾ ਦੋਹਤਾ ਸੀ। ਉਹ ਐਤਵਾਰ ਦੇ ਦਿਨ ਨੌਮੀ ਨੂੰ ਸ਼ਹੀਦ ਹੋਇਆ ਸੀ ਤੇ ਅੱਜ ਤੱਕ ਛੱਤੀ ਕੁੱਲੀ ਰਾਜਪੂਤ ਇਸ ਦਿਨ ਨੂੰ ਸਾਰੇ ਰਾਜਪੂਤਾਨੇ ਵਿੱਚ ਪਵਿੱਤਰ ਸਮਝਦੇ ਹਨ। ਰੇਗਿਸਤਾਨ ਦੇ ਇਲਾਕੇ ਨੂੰ ਅਜੇ ਵੀ ਗੁੱਗੇ ਦਾ ਥਲ ਕਹਿੰਦੇ ਹਨ। ਉਸ ਦੇ ਘੋੜੇ ਦਾ ਨਾਂ ਜਵਾਦੀਆ ਸੀ ਤੇ ਸਾਰੇ ਰਾਜਪੂਤਾਂ ਵਿੱਚ ਜੰਗੀ ਘੋੜਿਆਂ ਦਾ ਸਭ ਦਾ ਮਨਪਸੰਦ ਨਾਂ ਹੈ।

*2 ਸੰਗਰੂਰ ਜ਼ਿਲ੍ਹੇ ਦੇ ਚਹਿਲ ਜੱਟ ਸਮਝਦੇ ਹਨ ਕਿ ਉਨ੍ਹਾਂ ਦਾ ਬਜ਼ੁਰਗ ਬਾਲਾ ਚੌਹਾਨ ਕਿਸੇ ਜੱਟੀ ਨਾਲ ਵਿਆਹ ਕਰਵਾ ਕੇ ਜੱਟ ਭਾਈਚਾਰੇ ਵਿੱਚ ਰਲ ਗਿਆ ਸੀ।

*3 ਪ੍ਰਿਥਵੀ ਰਾਜ ਚੌਹਾਨ ਦੇ ਪੋਤੇ ਦਾ ਨਾਂ ਚੀਮਾ ਸੀ ਜਿਸ ਤੋਂ ਜੱਟਾਂ ਦਾ ਗੋਤ ਚੀਮਾ ਚਲਿਆ। ਦੋਰਾਹੇ ਤੋਂ 20 ਕਿਲੋਮੀਟਰ ਦੂਰ ਪਿੰਡ ਰਾਮਗੜ੍ਹ ਸਰਦਾਰਾਂ ਵਿੱਚ ਸ਼ਹੀਦ ਬਾਬਾ ਰਾਮ ਸਿੰਘ ਨੇ ਆਪਣੇ ਸਾਥੀ ਸਿੰਘਾਂ ਨਾਲ 1867 ਬਿਕਰਮੀ ਵਿੱਚ

---

*[1] *Annals and Antiquities of Rajasthan by Tod Vol. IIØ Page 1452*

*[2] *ਜੱਟਾਂ ਦਾ ਇਤਿਹਾਸ ਹੁਸ਼ਿਆਰ ਸਿੰਘ ਦੁਲੇਹ ਪੰਨਾ 85*

*[3] *ਜੱਟਾਂ ਦਾ ਇਤਿਹਾਸ ਹੁਸ਼ਿਆਰ ਸਿੰਘ ਦੁਲੇਹ ਪੰਨਾ 82, 85*

ਮੁਗਲ ਫੌਜਾਂ ਨਾਲ ਟੱਕਰ ਲਈ। ਸਿਰ ਧੜ ਤੋਂ ਅਲੱਗ ਹੋ ਗਿਆ ਫੇਰ ਵੀ ਬਾਬਾ ਜੀ ਕਈ ਮੀਲ ਤੱਕ ਲੜਦੇ ਰਹੇ। ਚੀਮਾ ਗੌਤ ਨਾਲ ਸੰਬੰਧਤ ਜੱਟ ਆਪਣੇ ਇਸ ਵਡੇਰੇ ਦੀ ਯਾਦ ਵਿੱਚ ਇੱਕ ਧਾਰਮਿਕ ਸਮਾਗਮ ਕਰਾਉਂਦੇ ਹਨ।

ਸਤਾਰਵੀਂ ਸਦੀ ਕਰੀਬ 1670 ਈ. ਵ੍ਵਿੱਚ ਕੋਟਾ ਅਤੇ ਬੂੰਦੀ ਦੇ ਚੌਹਾਨ ਰਾਜਿਆਂ ਨੇ ਚੌਹਾਨਾਂ ਦੀ ਦਲੇਰੀ ਦੇ ਝੰਡੇ ਨੂੰ ਉੱਚਾ ਰੱਖਿਆ। ਇਥੋਂ ਦੇ ਛੇ ਰਾਜਕੁਮਾਰਾਂ ਨੇ ਸ਼ਾਹਜਹਾਨ ਦੇ ਹੱਕ ਵਿੱਚ ਉਸ ਦੇ ਬਾਗੀ ਪੁੱਤਰ ਔਰੰਗਜ਼ੇਬ ਵਿਰੁੱਧ ਇੱਕ ਲੜਾਈ ਵਿੱਚ ਆਪਣੀਆਂ ਜਾਨਾਂ ਦਿੱਤੀਆਂ। ਅਕਬਰ ਦੇ ਸਮੇਂ ਇਨ੍ਹਾਂ ਨੇ ਮਹਾਰਾਣਾ ਪ੍ਰਤਾਪ ਦਾ ਸਾਥ ਦਿੱਤਾ ਸੀ।

## ਚੌਹਾਨਾਂ ਦੀ ਹਾਰਾ ਸ਼ਾਖ

ਚੌਹਾਨ ਦੀ ਹਾਰਾ ਸ਼ਾਖ ਦੇ ਬੂੰਦੀ ਦੇ ਰਾਜੇ ਨਾਰਾਇਣ ਦਾਸ ਨੂੰ ਚਿਤੌੜ ਦੇ ਰਾਜਾ ਰਾਏ ਮੱਲ ਨੇ ਮਦਦ ਲਈ ਬੁਲਾਇਆ ਜਦੋਂ ਮੰਡੂ ਦੇ ਪਠਾਣਾਂ ਨੇ ਚਿਤੌੜ ਨੂੰ ਘੇਰ ਰੱਖਿਆ ਸੀ। ਨਾਰਾਇਣ ਦਾਸ ਬਹੁਤ ਨਿਡਰ ਅਤੇ ਬਲਵਾਨ ਸੀ ਪਰ ਉਹ ਅਫੀਮ ਬਹੁਤ ਜ਼ਿਆਦਾ ਖਾਂਦਾ ਸੀ ਤੇ ਵੈਸੇ ਵੀ ਰਾਜਪੂਤ ਡਰ ਨੂੰ ਅਪਣਾ ਛੋਟਾ ਭਰਾ ਸਮਝਦੇ ਹਨ। ਉਹ ਸੱਤ ਪੈਸਿਆਂ ਦੇ ਭਾਰ ਜਿੰਨੀ ਅਫੀਮ ਇਕੋ ਸਮੇਂ ਖਾ ਜਾਂਦਾ ਸੀ ਜਦੋਂ ਕਿ ਨਾ ਖਾਣ ਵਾਲੇ ਨੂੰ ਇੱਕ ਪੈਸੇ ਦੇ ਭਾਰ ਜਿੰਨੀ ਖਾਣ ਨਾਲ ਹਮੇਸ਼ਾ ਦੀ ਨੀਂਦ ਸੁਲ੍ਹਾਇਆ ਜਾ ਸਕਦਾ ਸੀ। ਪਹਿਲੇ ਦਿਨ ਦੇ ਸਫਰ ਤੋਂ ਬਾਅਦ ਉਹ ਇੱਕ ਬਿਰਛ ਦੀ ਛਾਂ ਵਿੱਚ ਲੇਟਿਆ ਸੀ, ਉਸ ਦਾ ਮੂੰਹ ਖੁੱਲਾ ਸੀ ਜਿਸ ਵਿੱਚੋਂ ਮੱਖੀਆਂ ਆ ਜਾ ਰਹੀਆਂ ਸਨ। ਉਸ ਸਮੇਂ ਇੱਕ ਨੌਜਵਾਨ ਤੇਲਣ ਉਸ ਬਿਰਛ ਦੇ ਨਾਲ ਦੇ ਖੂਹ ਤੋਂ ਪਾਣੀ ਲੈਣ ਆਈ, ਉਸ ਨੇ ਪਤਾ ਕੀਤਾ ਕਿ ਇਹ ਕੌਣ ਹੈ। ਜਦੋਂ ਉਸ ਨੂੰ ਪਤਾ ਲੱਗਾ ਕਿ ਇਹ ਬੂੰਦੀ ਦਾ ਰਾਜ ਕੁਮਾਰ ਹੈ ਜੋ ਚਿਤੌੜ ਦੇ ਰਾਜੇ ਦੀ ਮਦਦ ਲਈ ਜਾ ਰਿਹਾ ਹੈ। ਉਸ ਤੇਲਣ ਨੇ ਕਿਹਾ "ਜੇ ਇਸ ਜਿਹੇ ਨਾਕਾਰਾ ਬੰਦੇ ਨਾਲੋਂ ਚਿਤੌੜ ਦੇ ਰਾਜੇ ਦੀ ਮਦਦ ਲਈ ਕੋਈ ਹੋਰ ਨਾ ਪਹੁੰਚਿਆ ਤਾਂ ਚਿਤੌੜ ਦੇ ਰਾਜੇ ਦਾ ਰੱਬ ਹੀ ਰਾਖਾ"। ਕਹਿੰਦੇ ਹਨ ਕਿ ਅਮਲੀ ਦੇ ਕੰਨ ਵੱਧ ਕੰਮ ਕਰਦੇ ਹਨ ਭਾਵੇਂ ਅੱਖਾਂ ਮੀਟੀਆਂ ਹੋਣ। ਉਸ ਨੇ ਸੁਣ ਕੇ ਕਿਹਾ "ਕੀ ਕਿਹਾ, ਰੰਡੀਏ!" ਆਖ ਕੇ ਉਸ ਵੱਲ ਵਧਿਆ। ਉਸ ਤੇਲਣ ਨੇ ਮੁਆਫੀ ਮੰਗੀ ਤਾਂ ਰਾਜਕੁਮਾਰ ਨੇ ਕਿਹਾ "ਡਰ ਨਾ ਫੇਰ ਉਹੋ ਸ਼ਬਦ ਆਖ" ਗਰਜ ਕੇ ਰਾਜਕੁਮਾਰ ਨੇ ਕਿਹਾ ਤੇ ਉਸ ਤੇਲਣ ਦੇ ਹੱਥ ਵਿੱਚ ਫੜੀ ਇੱਕ ਸੱਬਲ ਉਸ ਤੋਂ ਖੋਹ ਕੇ ਆਪਣੇ ਹੱਥਾਂ ਨਾਲ ਮਰੋੜ ਕੇ ਉਸ ਦੇ ਗਲ ਵਿੱਚ ਪਾ ਕੇ ਕਿਹਾ "ਜਦੋਂ ਤੱਕ ਮੈਂ ਰਾਣਾ ਜੀ ਮਦਦ ਕਰਕੇ ਵਾਪਸ ਨਹੀਂ ਮੁੜਦਾ, ਕਿਸੇ ਤੋਂ ਵੀ ਜੋ ਇਸ ਮੁੜੀ ਹੋਈ ਸੱਬਲ ਨੂੰ ਸਿੱਧਾ ਕਰ ਕੇ

ਤੇਰਾ ਗ਼ਲ੍ਹ ਆਜ਼ਾਦ ਕਰ ਸਕੇ ਕਰਾ ਲਵੀਂ।"

ਬੂੰਦੀ ਦੇ ਰਾਜਕੁਮਾਰ ਨੂੰ ਇਲਾਕੇ ਦਾ ਭੇਤ ਸੀ ਉਸ ਨੇ ਅਚਾਨਕ ਪਠਾਣਾਂ ਦੇ ਕੈਂਪ 'ਤੇ ਐਸਾ ਜ਼ੋਰਦਾਰ ਹੱਲਾ ਕੀਤਾ ਕਿ ਸਿੱਧਾ ਉਨ੍ਹਾਂ ਦੇ ਜਰਨੈਲ ਦੇ ਤੰਬੂ ਤੱਕ ਪਹੁੰਚ ਗਿਆ। ਪਠਾਣੀ ਸੈਨਾ ਤਿੱਤਰ ਬਿੱਤਰ ਹੋ ਗਈ ਤੇ ਜਿੱਧਰ ਕਿਸੇ ਨੂੰ ਰਾਹ ਮਿਲਿਆ ਭੱਜ ਨਿਕਲਿਆ। ਚਿਤੌੜ ਦੇ ਰਾਜੇ ਨੇ ਬੂੰਦੀ ਵਾਲਿਆਂ ਦਾ ਸਵਾਗਤ ਕੀਤਾ ਤੇ ਕਿਲੇ ਦੇ ਅੰਦਰ ਲੈ ਗਿਆ। ਮੇਵਾੜ ਦੇ ਸਾਰੇ ਜਗੀਰਦਾਰ ਬੂੰਦੀ ਦੇ ਰਾਜਕੁਮਾਰ ਨੂੰ ਵਧਾਈਆਂ ਦੇਣ ਆਏ। ਮੇਵਾੜ ਰਾਜ ਘਰਾਣੇ ਦੀਆਂ ਇਸਤਰੀਆਂ ਨੇ ਲੁਕ-ਲੁਕ ਕੇ ਪੜਦਿਆਂ ਦੇ ਪਿਛਿਉਂ ਬੂੰਦੀ ਦੇ ਰਾਜ ਕੁਮਾਰ ਦੇ ਦਰਸ਼ਨ ਕੀਤੇ ਤੇ ਮੇਵਾੜ ਨਰੇਸ਼ ਦੀ ਇੱਕ ਭਤੀਜੀ ਨੇ ਬੂੰਦੀ ਦੇ ਰਾਜਕੁਮਾਰ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟਾਈ। ਮੇਵਾੜ ਦੀ ਰਾਜਕੁਮਾਰੀ ਨੂੰ ਵਿਆਹ ਕੇ ਉਹ ਬੜੀ ਸ਼ਾਨੋ-ਸ਼ੌਕਤ ਨਾਲ ਬੂੰਦੀ ਵਾਪਸ ਆਇਆ। ਉਸ ਨੇ ਅਫੀਮ ਦਾ ਨਸ਼ਾ ਹੋਰ ਵਧਾ ਲਿਆ ਤੇ ਆਪਣੇ ਸਰੀਰ 'ਤੇ ਖੁਰਕ ਕਰਨ ਦੀ ਥਾਂ ਮੇਵਾੜ ਦੀ ਰਾਜਕੁਮਾਰੀ ਨੇ ਖੁਰਕ ਕਰ-ਕਰ ਕੇ ਉਸ ਦੇ ਸਰੀਰ 'ਤੇ ਝਰੀਟਾਂ ਪਾ ਦਿੱਤੀਆਂ। ਸਵੇਰ ਨੂੰ ਰਾਜਕੁਮਾਰੀ ਵੱਲ ਦੇਖ ਕੇ ਉਸ ਨੂੰ ਐਨਾ ਅਫਸੋਸ ਹੋਇਆ ਤੇ ਉਸ ਨੇ ਆਪਣੀ ਅਫੀਮ ਦੀ ਡੱਬੀ ਰਾਜਕੁਮਾਰੀ ਦੇ ਹਵਾਲੇ ਕਰ ਦਿੱਤੀ। ਫੇਰ ਇਸ ਨਾਰਾਇਣ ਦਾਸ ਨੇ 31 ਸਾਲ ਰਾਜ ਕੀਤਾ ਤੇ ਆਪਣੀ ਰਿਆਸਤ ਦੀ ਹਰ ਤਰ੍ਹਾਂ ਤਰੱਕੀ ਵੱਲ ਧਿਆਨ ਦਿੱਤਾ ਤੇ ਉਸ ਦੀ ਮੌਤ ਸੰਨ 1533 ਈ. ਵਿੱਚ ਹੋਈ।

ਸੰਨ 1554 ਵਿੱਚ ਬੂੰਦੀ ਦੇ ਰਾਓ ਸੁਰਜਨ ਨੇ ਬੂੰਦੀ ਲਈ ਨਵਾਂ ਦੌਰ ਆਰੰਭ ਕੀਤਾ। ਸ਼ੇਰਸ਼ਾਹ ਸੂਰੀ ਤੋਂ ਬਾਅਦ ਇੱਕ ਛੋਟੇ ਰਾਓ ਸਾਵੰਤ ਨੇ ਰਣਥੋਰ ਦੇ ਅਫਗਾਨ ਗਵਰਨਰ ਨਾਲ ਗੱਲਬਾਤ ਰਾਹੀਂ ਉਸ ਤੋਂ ਰਣਥਮਥੋਰ ਦਾ ਕਿਲਾ ਖਾਲੀ ਕਰਵਾ ਕੇ ਬੂੰਦੀ ਰਾਜ ਵਿੱਚ ਮਿਲਾ ਦਿੱਤਾ। ਇਸ ਤਰ੍ਹਾਂ ਮੁੜ ਰਣਥਮਥੋਰ ਚੌਹਾਨਾਂ ਦੇ ਅਧੀਨ ਹੋ ਗਿਆ।

ਅਕਬਰ ਨੇ ਰਣਥਮਥੋਰ ਨੂੰ ਅਧੀਨ ਕਰਨ ਲਈ ਬਹੁਤ ਜ਼ੋਰ ਲਾਇਆ। ਭਗਵਾਨ ਦਾਸ ਅਤੇ ਉਸ ਦੇ ਪੁੱਤਰ ਮਾਨ ਸਿੰਘ ਨੇ ਜੋ ਕਿ ਅਕਬਰ ਦੇ ਰਿਸ਼ਤੇਦਾਰ ਬਣ ਚੁੱਕੇ ਸਨ, ਨੇ ਕਿਹਾ ਕਿ ਰਾਓ ਸੁਰਜਨ ਨੂੰ ਅਸੀਂ ਮਨਾ ਲੈਂਦੇ ਹਾਂ। ਰਾਜਾ ਮਾਨ ਸਿੰਘ ਨੂੰ ਹਾਰਾ ਰਿਆਸਤ ਦੇ ਇਤਿਹਾਸ ਵਿੱਚ "ਕਲਯੁਗ ਦਾ ਪਰਛਾਵਾਂ" ਲਿਖਿਆ ਗਿਆ ਹੈ। ਅਕਬਰ ਵੀ ਚਿਤੌੜ ਰਿਆਸਤ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਰਾਜਾ ਮਾਨ ਸਿੰਘ ਨੇ ਹਾਰਾ ਰਾਜਕੁਮਾਰ ਨਾਲ ਕਿਲੇ ਅੰਦਰ ਮੁਲਾਕਾਤ ਕਰਨ ਦੀ ਇੱਛਾ ਪ੍ਰਗਟਾਈ ਜਿਹੜੀ ਕਿ ਨਿਡਰ ਰਾਜਪੂਤ ਨੇ ਸਵੀਕਾਰ ਕਰ ਲਈ। ਰਾਜਾ ਮਾਨ ਸਿੰਘ ਦੇ ਨਾਲ ਅਕਬਰ ਵੀ ਇੱਕ ਨੌਕਰ ਦਾ ਭੇਸ ਬਣਾ ਕੇ ਕਿਲੇ ਅੰਦਰ ਚਲੇ ਗਿਆ। ਰਾਜਕੁਮਾਰ ਦੇ ਇੱਕ ਸਿਆਣੇ ਚਾਚੇ ਨੇ ਅਕਬਰ ਨੂੰ ਪਛਾਣ ਕੇ ਉਸ ਦੇ ਹੱਥੋਂ ਸ਼ਾਹੀ ਗੁਰਜ ਫੜ ਲਿਆ ਤੇ ਅਕਬਰ ਨੂੰ ਗਵਰਨਰ ਵਾਲੀ ਕੁਰਸੀ 'ਤੇ ਬੈਠਣ ਦੀ ਬੇਨਤੀ ਕੀਤੀ। ਅਕਬਰ ਨੇ

ਤੁਰੰਤ ਕਿਹਾ "ਚੰਗਾ ਬਈ, ਰਾਓ ਸੁਰਜਨ ਹੁਣ ਕੀ ਕਰਨਾ ਹੈ?" ਜਿਸ ਦਾ ਉੱਤਰ ਸੁਰਜਨ ਤੋਂ ਪਹਿਲਾਂ ਹੀ ਰਾਜਾ ਮਾਨ ਸਿੰਘ ਨੇ ਦਿੱਤਾ "ਰਾਣਾ ਦਾ ਸਾਥ ਛੱਡਣਾ, ਰਣਥਮਬੋਰ ਛੱਡਣਾ ਅਤੇ ਸ਼ਹਿਨਸ਼ਾਹ ਦੇ ਸੇਵਕ ਬਣਨਾ, ਮਾਣ ਇੱਜ਼ਤ ਵਾਲੇ ਅਹੁਦੇ ਪ੍ਰਾਪਤ ਕਰਨਾ।"

ਮੌਕੇ 'ਤੇ ਹੀ ਇੱਕ ਸੰਧੀ-ਪੱਤਰ ਤਿਆਰ ਕੀਤਾ ਗਿਆ ਜਿਸ ਵਿੱਚ ਵਿਚੋਲਗੀ ਤਾਂ ਭਾਵੇਂ ਅੰਬੇਰ ਦੇ ਰਾਜਾ ਮਾਨ ਸਿੰਘ ਦੀ ਸੀ ਪਰ ਇਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਅਕਬਰ ਰਾਜਪੂਤਾਂ ਦੀ ਅਣਖ ਨਾਲ ਜ਼ਬਰਦਸਤੀ ਖੇਡਣ ਦੀ ਥਾਂ ਉਨ੍ਹਾਂ ਨੂੰ ਪਿਆਰ ਨਾਲ ਜਿੱਤਣ ਵਿੱਚ ਮਾਹਿਰ ਸੀ। ਇਸ ਸੰਧੀ ਦੀਆਂ ਸ਼ਰਤਾਂ ਇਹ ਸਨ:-

1. ਬੂੰਦੀ ਦੇ ਰਾਜਕੁਮਾਰਾਂ ਨੂੰ, ਸ਼ਹਿਨਸ਼ਾਹ ਨੂੰ ਰਵਾਇਤ ਅਨੁਸਾਰ ਡੋਲ੍ਹਾ ਦੇਣ, ਦੀ ਰਸਮ ਤੋਂ ਜੋ ਕਿ ਰਾਜਪੂਤਾਂ ਲਈ ਘਟੀਆਪਨ ਹੈ, ਤੋਂ ਮੁਕਤ ਕੀਤਾ ਜਾਵੇ।

2. ਜਜ਼ੀਆ ਖਤਮ ਕੀਤਾ ਜਾਵੇ।

3. ਬੂੰਦੀ ਦੇ ਰਾਜਕੁਮਾਰਾਂ ਨੂੰ ਅਟਕ ਦਰਿਆ ਪਾਰ ਕਰਨ ਲਈ ਮਜਬੂਰ ਨਾ ਕੀਤਾ ਜਾਵੇ।

4. ਬੂੰਦੀ ਰਾਜ ਘਰਾਣੇ ਦੀਆਂ ਔਰਤਾਂ ਨੂੰ ਨੌਰੋਜ਼ ਸਮੇਂ ਸ਼ਾਹੀ ਮਹਿਲ ਵਿੱਚ ਲੱਗੇ ਮੀਨਾ ਬਾਜ਼ਾਰ ਵਿੱਚ ਦੁਕਾਨ ਲਾਉਣ ਤੇ ਮਜਬੂਰ ਨਾ ਕੀਤਾ ਜਾਵੇ।

5. ਕਿ ਉਨ੍ਹਾਂ ਨੂੰ ਦੀਵਾਨ-ਏ-ਆਮ ਵਿੱਚ ਪੂਰੇ ਸ਼ਸਤਰਾਂ ਸਮੇਤ ਜਾਣ ਦਿੱਤਾ ਜਾਵੇ।

6. ਉਨ੍ਹਾਂ ਦੇ ਪਵਿੱਤਰ ਮੰਦਰਾਂ ਦੀ ਇੱਜ਼ਤ ਬਹਾਲ ਰੱਖੀ ਜਾਵੇ।

7. ਉਨ੍ਹਾਂ ਨੂੰ ਕਦੇ ਵੀ ਕਿਸੇ ਹਿੰਦੂ ਲੀਡਰ ਦੇ ਅਧੀਨ ਜੰਗ ਵਿੱਚ ਨਾ ਭੇਜਿਆ ਜਾਵੇ।

8. ਉਨ੍ਹਾਂ ਦੇ ਘੋੜਿਆਂ 'ਤੇ ਸ਼ਹਿਨਸ਼ਾਹੀ ਦਾਗ (ਨਿਸ਼ਾਨ) ਨਾ ਲਾਏ ਜਾਣ।

9. ਉਨ੍ਹਾਂ ਨੂੰ ਸ਼ਾਹੀ ਮਹੱਲ ਦੇ ਲਾਲ ਦਰਵਾਜ਼ੇ ਤੱਕ ਆਪਣੇ ਨਗਾਰੇ ਵਜਾਉਣ ਤੋਂ ਨਾ ਰੋਕਿਆ ਜਾਵੇ ਅਤੇ ਉਨ੍ਹਾਂ ਨੂੰ ਮੁਸਲਮਾਨੀ ਢੰਗ ਨਾਲ ਝੁਕ-ਝੁਕ ਕੇ ਸਲਾਮ ਕਰਨ ਲਈ ਮਜਬੂਰ ਨਾ ਕੀਤਾ ਜਾਵੇ।

10. ਹਾਰਾ ਚੌਹਾਨਾਂ ਨੂੰ ਬੂੰਦੀ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਸ਼ਹਿਨਸ਼ਾਹ ਨੂੰ ਦਿੱਲੀ ਤੇ ਸ਼ਹਿਨਸ਼ਾਹ। ਉਨ੍ਹਾਂ ਨੂੰ ਆਪਣੀ ਰਾਜਧਾਨੀ ਕਿਸੇ ਹੋਰ ਥਾਂ ਬਦਲਣ 'ਤੇ ਮਜਬੂਰ ਨਾ ਕਰੇ।

ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਦੀ ਅਕਬਰ ਨੇ ਕਸਮ ਖਾਧੀ ਅਤੇ ਬਨਾਰਸ ਸ਼ਹਿਰ ਵਿੱਚ ਬੂੰਦੀ ਰਾਜਕੁਮਾਰ ਨੂੰ ਅਪਣਾ ਮਹੱਲ ਬਣਾਉਣ ਦੀ ਆਗਿਆ ਦਿੱਤੀ।

ਰਾਓ ਸਾਵੰਤ ਨੇ ਇਸ ਸੰਧੀ ਦੀ ਵਿਰੋਧਤਾ ਕੀਤੀ। ਉਹ ਅਤੇ ਉਸ ਦੇ ਸਾਥੀ

ਕੇਸਰੀ ਬਾਣੇ ਪਾ ਕੇ ਰਣਥਮਬੋਰ ਦੀ ਰੱਖਿਆ ਕਰਦੇ ਸ਼ਹੀਦ ਹੋਏ। ਸ਼ਹੀਦ ਹੋਣ ਤੋਂ ਪਹਿਲਾਂ ਉਸ ਨੇ ਇੱਕ ਥੰਮ੍ਹ ਉਸਰਵਾਇਆ ਤੇ ਉਸ 'ਤੇ ਉਕਰਵਾਇਆ "ਜੋ ਵੀ ਅਸਲੀ ਖ਼ੂਨ ਵਾਲਾ ਹਾਰਾ ਹੈ ਉਹ ਰਣਥਮਬੋਰ ਦੇ ਕਿਲ੍ਹੇ 'ਤੇ ਜ਼ਰੂਰ ਚੜ੍ਹੇ।" ਅੱਜ ਤੱਕ ਵੀ ਹਾਰਾ ਰਾਜਪੂਤ ਉਧਰੋਂ ਲੰਘਦੇ ਇਸ ਥੰਮ ਨੂੰ ਮੱਥਾ ਟੇਕ ਕੇ ਜਾਂਦੇ ਹਨ ਅਤੇ ਆਪਣੇ ਬਜ਼ੁਰਗ ਨੂੰ ਉਸ ਦੀ ਵੀਰਤਾ ਅਤੇ ਰਾਣਾ ਨਾਲ ਵਫ਼ਾਦਾਰੀ ਲਈ ਯਾਦ ਕਰਦੇ ਹਨ।"

ਉਸ ਸਮੇਂ ਤੋਂ ਬੂੰਦੀ ਦਾ ਰਾਓ ਚਿਤੌੜ ਤੋਂ ਅਲੱਗ ਹੋ ਗਿਆ। ਰਾਓ ਸੁਰਜਨ ਨੂੰ ਅਕਬਰ ਨੇ ਗੋਂਦਵਾਨਾ ਦਾ ਗਵਰਨਰ ਤੇ ਫੇਰ ਚੁਨਾਰ ਦਾ ਗਵਰਨਰ ਨਿਯੁਕਤ ਕੀਤਾ। ਸੰਨ 1576 ਵਿੱਚ ਹਲਦੀ ਘਾਟੀ ਵਿਖੇ ਜਿੱਤ ਵਾਲੇ ਸਾਲ ਵਿੱਚ ਚੁਨਾਰ ਅਤੇ ਬਨਾਰਸ ਉਸ ਨੂੰ ਜਗੀਰ ਵਜੋਂ ਦਿੱਤੇ ਗਏ। ਸੁਰਜਨ ਦੇ ਪੁੱਤਰ ਰਾਏ ਮੱਲ ਨੇ ਕੋਟਾ ਦੀ ਜਾਗੀਰ ਵੀ ਪ੍ਰਾਪਤ ਕਰ ਲਈ। ਸੂਰਤ ਅਤੇ ਅਹਿਮਦ ਨਗਰ ਦੀਆਂ ਜਿੱਤਾਂ ਵਿੱਚ ਰਾਜਪੂਤ ਮੁਗਲ ਸੈਨਾ ਤੋਂ ਅੱਗੇ ਹੋ ਕੇ ਲੜੇ। ਜਹਾਂਗੀਰ ਨਹੀਂ ਚਾਹੁੰਦਾ ਸੀ ਕਿ ਰਾਜਪੂਤਾਂ ਪਾਸ ਵੱਡੀਆਂ ਵੱਡੀਆਂ ਜਾਗੀਰਾਂ ਰਹਿਣ। ਮੁਗਲ ਰਾਜ ਦੇ ਜਗੀਰਦਾਰਾਂ ਅਤੇ ਜਰਨੈਲਾਂ ਨੂੰ ਆਪਸ ਵਿੱਚ ਰਿਸ਼ਤਾ ਕਰਨ ਤੋਂ ਪਹਿਲਾਂ ਸ਼ਹਿਨਸ਼ਾਹ ਤੋਂ ਪ੍ਰਵਾਨਗੀ ਲੈਣੀ ਪੈਂਦੀ ਸੀ। ਸ਼ਹਿਨਸ਼ਾਹ ਨੂੰ ਸ਼ੱਕ ਹੁੰਦਾ ਕਿ ਜਗੀਰਦਾਰ ਰਿਸ਼ਤੇਦਾਰ ਬਣ ਕੇ ਉਸ ਲਈ ਕੋਈ ਖਤਰਾ ਨਾ ਬਣ ਜਾਣ।

ਸ਼ਾਹਜਹਾਂ ਦੇ ਸਮੇਂ ਰਾਓ ਛਤਰ ਸਾਲ ਨੂੰ ਦੱਖਣ ਵਿੱਚ ਔਰੰਗਜ਼ੇਬ ਨਾਲ ਨਿਯੁਕਤ ਕੀਤਾ ਗਿਆ। ਸ਼ਾਹਜਹਾਂ ਨੇ ਛਤਰ ਸਾਲ ਨੂੰ ਵਾਪਸ ਬੁਲਾਇਆ। ਔਰੰਗਜ਼ੇਬ ਨੇ ਰੋਕਣਾ ਚਾਹਿਆ ਤਾਂ ਛਤਰ ਸਾਲ ਦਾ ਉੱਤਰ ਸੀ ਕਿ ਉਸ ਦਾ ਫਰਜ਼ ਹੈ ਕਿ ਜੋ ਇਸ ਵੇਲੇ ਤਖਤ 'ਤੇ ਬੈਠਾ ਹੈ ਉਸ ਦਾ ਹੁਕਮ ਮੰਨਿਆ ਜਾਵੇ। ਉਸ ਨੇ ਸਾਰੇ ਰਾਜਪੂਤਾਂ ਨੂੰ ਇਕੱਠੇ ਕਰ ਕੇ ਨਰਬਦਾ ਵੱਲ ਵੱਧਣਾ ਸ਼ੁਰੂ ਕੀਤਾ, ਔਰੰਗਜ਼ੇਬ ਉਨ੍ਹਾਂ ਦਾ ਇਕੱਠ ਦੇਖ ਕੇ ਉਨ੍ਹਾਂ ਨਾਲ ਟੱਕਰ ਲੈਣ ਤੋਂ ਕਤਰਾ ਗਿਆ। ਧੌਲਪੁਰ ਦੀ ਲੜਾਈ ਵਿੱਚ ਛਤਰ ਸਾਲ ਦਾਰਾ ਸ਼ਿਕੋਹ ਵੱਲੋਂ ਲੜਦਾ ਸ਼ਹੀਦ ਹੋਇਆ। ਸ਼ਹਿਨਸ਼ਾਹ ਬਣਦੇ ਸਾਰ ਔਰੰਗਜ਼ੇਬ ਨੇ ਸ਼ਿਓਪੁਰ ਦੇ ਰਾਜਾ ਆਤਮਾ ਰਾਮ ਗੌੜ ਨੂੰ ਬੂੰਦੀ 'ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਆਤਮਾ ਰਾਮ ਨੇ ਬੂੰਦੀ ਦੇ ਇਲਾਕੇ ਵਿੱਚ ਲੁੱਟ ਮਾਰ ਸ਼ੁਰੂ ਕਰ ਦਿੱਤੀ ਅਤੇ ਖਟੋਲੀ ਕਸਬੇ ਨੂੰ ਘੇਰ ਲਿਆ। ਹਾਰਾ ਰਾਜਪੂਤਾਂ ਨੇ ਇਕੱਠੇ ਹੋ ਕੇ ਆਤਮਾ ਰਾਮ ਨੂੰ ਭਜਾ ਦਿੱਤਾ ਅਤੇ ਉਸ ਨੂੰ ਆਪਣੀ ਰਾਜਧਾਨੀ ਸ਼ਿਓਪੁਰ ਵਿੱਚ ਵੀ ਨਾ ਆਉਣ ਦਿੱਤਾ। ਉਹ ਔਰੰਗਜ਼ੇਬ ਕੋਲ ਹਾਜ਼ਰ ਹੋਇਆ ਤਾਂ ਸਭ ਹਾਜ਼ਰ ਬੈਠੇ ਜਰਨੈਲਾਂ ਨੇ ਉਸ ਦੀ ਬੁਜ਼ਦਿਲੀ ਲਈ ਉਸ ਦਾ ਮਖੌਲ ਉਡਾਇਆ। ਔਰੰਗਜ਼ੇਬ ਨੇ ਨੀਤੀ ਤੋਂ ਕੰਮ ਲੈਂਦਿਆਂ, ਹਾਰਾ ਵੰਸ਼ ਦੀ ਬਹਾਦਰੀ ਦੀ ਕਦਰ ਕਰਦਿਆਂ, ਰਾਓ ਭਾਊ ਨੂੰ ਸ਼ਹਿਜਾਦਾ ਮੁਅਜ਼ਮ ਦੇ ਅਧੀਨ ਔਰੰਗਾਬਾਦ ਵਿੱਚ ਨਿਯੁਕਤ ਕਰ ਦਿੱਤਾ, ਜਿਥੇ ਉਹ ਸੰਨ 1682 ਵਿੱਚ ਅਕਾਲ ਚਲਾਣਾ ਕਰ ਗਿਆ।

ਔਰੰਗਜ਼ੇਬ ਦੀ ਮੌਤ ਤੋਂ ਪਿਛੋਂ ਉਸ ਦੇ ਪੁੱਤਰਾਂ ਵਿੱਚ ਤਖਤ ਲਈ ਆਗਰਾ ਲਾਗੇ ਜਜੌ ਦੇ ਮੈਦਾਨ ਵਿੱਚ ਲੜਾਈ ਹੋਈ। ਜੰਗ ਵਿੱਚ ਮੁਗਲਾਂ ਦੇ ਨਾਲ-ਨਾਲ ਰਾਜਪੂਤ ਵੀ ਇੱਕ ਦੂਜੇ ਵਿਰੁੱਧ ਜਮ ਕੇ ਲੜੇ। ਇਸ ਲੜਾਈ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਦਾ ਸਾਥ ਦਿੱਤਾ ਤੇ ਉਹ ਤਖਤ 'ਤੇ ਬੈਠਾ। ਹਾਰਾ ਰਾਜਪੂਤ ਕੋਟਾ, ਬੂੰਦੀ, ਅੰਬੇਰ ਵਗੈਰਾ ਦੀ ਪ੍ਰਾਪਤੀ ਲਈ ਇੱਕ ਦੂਜੇ ਵਿਰੁੱਧ, ਜਾਇਜ਼, ਨਾਜਾਇਜ਼ ਅਤੇ ਲੁਕਵੇਂ, ਧੋਖਾਦਹੀ ਵਾਲੇ ਤਰੀਕੇ ਵਰਤ ਕੇ ਵੀ ਇੱਕ ਦੂਜੇ ਦੇ ਖੂਨ ਦੇ ਪਿਆਸੇ ਹੀ ਰਹੇ। ਮੁਗਲ ਰਾਜ ਦੇ ਡੁੱਬਣ ਸਮੇਂ ਵੀ ਮੁਗਲਾਂ ਦੀ ਕਮਜ਼ੋਰੀ ਦਾ ਫਾਇਦਾ ਨਾ ਉਠਾ ਸਕੇ। ਆਪਸ ਵਿੱਚ ਲੜਾਈ ਸਮੇਂ ਮਰਹੱਟਿਆਂ ਨੂੰ ਮਦਦ ਲਈ ਸੱਦ ਲੈਂਦੇ। ਮਰਹੱਟੇ ਹਮੇਸ਼ਾ ਭਾੜੇ ਦੇ ਸਿਪਾਹੀਆਂ ਦੀ ਤਰ੍ਹਾਂ ਹੀ ਮਦਦ ਕਰਦੇ। ਮਰਹੱਟੇ ਹਮੇਸ਼ਾ ਭਾੜੇ 'ਤੇ ਆਪਣੀ ਮਦਦ ਨੂੰ ਸੋਨੇ ਚਾਂਦੀ ਵਿੱਚ ਤੋਲਣਾ ਆਪਣਾ ਹੱਕ ਸਮਝਦੇ ਸਨ। ਈਸਟ ਇੰਡੀਆ ਕੰਪਨੀ ਨਾਲ ਸੰਧੀ ਕਰਕੇ ਬੂੰਦੀ ਦੇ ਰੀਜੈਂਟ ਜ਼ਾਲਿਮ ਸਿੰਘ ਨੇ ਮਰਹੱਟਿਆਂ ਅਤੇ ਪਿੰਡਾਰੀਆਂ ਦੇ ਗ੍ਰਿਹਾਂ ਦੀ ਲੁੱਟ-ਖਸੁੱਟ ਤੋਂ ਛੁਟਕਾਰਾ ਪਾਇਆ। ਅੰਗਰੇਜ਼ਾਂ ਨਾਲ ਸੰਧੀ ਵੇਲੇ ਮਹਾਰਾਓ ਉਮੇਦ ਸਿੰਘ ਨਾਬਾਲਗ਼ ਸੀ ਤੇ ਜ਼ਾਲਿਮ ਸਿੰਘ ਝਾਲਾ ਉਸਦਾ ਰੀਜੈਂਟ ਭਾਵ ਸਰਪ੍ਰਸਤ ਸੀ। ਉਮੇਦ ਸਿੰਘ ਨੇ ਬਾਲਗ ਹੋ ਕੇ ਵੀ ਜ਼ਾਲਿਮ ਸਿੰਘ ਨੂੰ ਹੀ ਰਾਜ ਪ੍ਰਬੰਧ ਦਾ ਮੁੱਖੀ ਰੱਖਿਆ।

# ਜ਼ਾਲਿਮ ਸਿੰਘ

ਇਹ ਝਾਲਾ ਗੋਤ ਦਾ ਗੁਣ-ਨਿਧਾਨ ਰਾਜਪੂਤ ਜਿਸ ਦੀ ਉਪਮਾ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਐਨੀ ਲਿਖੀ ਹੈ ਕਿ ਇਸ ਨੂੰ ਪੜ੍ਹਨ ਨਾਲ ਹਰ ਇੱਕ ਪਾਠਕ ਦੇ ਗਿਆਨ ਵਿੱਚ ਵਾਧਾ ਹੋਵੇਗਾ। ਜ਼ਾਲਿਮ ਸਿੰਘ ਹਰ ਤਰ੍ਹਾਂ ਲਾਇਕ ਸੀ। ਆਪਣੇ ਨਾਬਾਲਗ ਰਾਜੇ ਦੀ ਪਾਲਣਾ ਪੋਸ਼ਣਾ ਜਿਸ ਵਫਾਦਾਰੀ ਨਾਲ ਉਸ ਨੇ ਕੀਤੀ ਇਸ ਦੀ ਮਿਸਾਲ ਕਿਤੇ ਘੱਟ ਹੀ ਮਿਲਦੀ ਹੈ। ਜ਼ਮੀਨੀ ਪ੍ਰਬੰਧ ਵਿੱਚ ਐਨੇ ਸੁਧਾਰ ਕੀਤੇ ਕਿ ਆਸ-ਪਾਸ ਦੀਆਂ ਸਭ ਰਿਆਸਤਾਂ ਨਾਲੋਂ ਵੱਧ ਖੁਸ਼ਹਾਲੀ ਇਸ ਰਾਜ ਵਿੱਚ ਹੋ ਗਈ। ਕੋਤਾਹੀ, ਹੇਰਾਫੇਰੀ ਕਰਨ ਵਾਲੇ ਪਟੇਲਾਂ ਅਤੇ ਭੂਮੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ। ਬਾਹਰ ਦੀਆਂ ਰਿਆਸਤਾਂ ਤੋਂ ਭਜਾਏ ਲੋਕ, ਸ਼ਰਨ ਮੰਗਦੇ ਤਾਂ ਜ਼ਾਲਿਮ ਸਿੰਘ ਦੀ ਢਾਰਸ ਅਤੇ ਗਲਵਕੜੀ ਤੁਰੰਤ ਉਨ੍ਹਾਂ ਦਾ ਦੁੱਖ ਦੂਰ ਕਰ ਦਿੰਦੀ। ਇਸ ਤਰ੍ਹਾਂ ਸਿਆਸੀ ਸ਼ਰਨ ਲੈਣ ਵਾਲੇ ਐਨੇ ਆਉਣ ਲੱਗ ਪਏ ਕਿ ਉਸ ਨੂੰ ਇਹ ਆਖਣ 'ਤੇ ਮਜਬੂਰ ਹੋਣਾ ਪਿਆ "ਇਹ ਸਾਰੇ ਮੇਰੇ ਜਿਹੇ ਬੁੱਢੇ ਕੋਲ ਇਸ ਆਸ ਨਾਲ ਆਉਂਦੇ ਹਨ ਜਿਵੇਂ ਮੈਂ ਇਸ ਮੁੱਠੀ ਭਰ ਜ਼ਮੀਨ ਵਿੱਚੋਂ ਇਹਨਾਂ ਸਭ ਨੂੰ ਰੋਟੀ ਦੇ ਸਕਦਾ ਹਾਂ"। ਆਪਣੇ ਪੁੱਤਰ ਦੀਆਂ ਕੁਝ ਗਲਤੀਆਂ ਕਾਰਨ ਉਸ ਨੂੰ ਆਪਣੀ ਜੱਦੀ ਜਗੀਰ ਵਿੱਚ ਭੇਜ ਦਿੱਤਾ।

ਇੱਕ ਵਾਰ ਮਹਾਰਾਓ ਉਮੇਦ ਸਿੰਘ ਦਾ ਲੜਕਾ ਮੰਦਰ ਵਿੱਚ ਭਗਤੀ ਕਰਨ ਲਈ ਆਇਆ। ਜ਼ਾਲਿਮ ਸਿੰਘ ਨੇ ਅਪਣਾ ਕੰਬਲ ਲਾਹ ਕੇ ਫਰਸ਼ 'ਤੇ ਬਿਛਾ ਦਿੱਤਾ ਕਿ ਰਾਜਕੁਮਾਰ ਦੇ ਪੈਰ ਨਾ ਠਰਨ। ਮੰਦਰ ਦੇ ਸੇਵਕ ਨੇ ਉਹ ਕੰਬਲ ਚੁੱਕ ਕੇ ਪਰ੍ਹੇ ਰੱਖ ਦਿੱਤਾ ਕਿ ਹੁਣ ਇਹ ਗੰਦਾ ਕੰਬਲ ਜ਼ਾਲਿਮ ਸਿੰਘ ਨੇ ਨਹੀਂ ਲੈਣਾ ਤਾਂ ਜ਼ਾਲਿਮ ਸਿੰਘ ਨੇ ਆਖਿਆ "ਇਹ ਕੰਬਲ ਮੈਨੂੰ ਦੇ ਦੇ, ਇਸ 'ਤੇ ਮੇਰੇ ਮਹਾਰਾਜ ਦੇ ਪੁੱਤਰ ਦੇ ਚਰਨਾਂ ਦੀ ਧੂੜ ਹੈ।"

ਰਿਆਸਤ ਦੀ ਹਰ ਤਰ੍ਹਾਂ ਰੱਖਿਆ ਵੱਲ ਧਿਆਨ ਦਿੱਤਾ। ਆਪਣੇ ਨਿੱਜੀ ਸੇਵਕ ਪਰਖ ਕੇ ਰੱਖੇ, ਚਾਹੇ ਉਹ ਪਠਾਨ ਜਾਂ ਮਰਹੱਟੇ ਬ੍ਰਾਹਮਣ ਸਨ। ਦਲੀਲ ਖਾਂ ਪਠਾਨ ਤੋਂ ਕੋਟੇ ਦੇ ਕਿਲ੍ਹੇ ਦੀ ਉਸਾਰੀ ਕਾਰਵਾਈ ਜੋ ਕਿ ਅਜਿਤ ਸਮਝਿਆ ਜਾਣ ਲੱਗਾ। ਮਹਿਰਾਬ ਖਾਂ ਪਠਾਨ ਦੇ ਅਧੀਨ ਪੈਦਲ ਫੌਜ ਕੀਤੀ ਜੋ ਉਨ੍ਹਾਂ ਨੂੰ ਅਨੁਸ਼ਾਸਨ ਅਧੀਨ ਰੱਖਦਾ।

ਉਹ ਸਾਮ, ਦਾਨ, ਭੇਦ ਅਤੇ ਡੰਡ ਦੀ ਨੀਤੀ ਦਾ ਚੰਗਾ ਜਾਣੂ ਸੀ। ਅੰਗਰੇਜ਼ਾਂ ਨਾਲ ਸੰਧੀ, ਪੇਸ਼ਵਾ, ਹੋਲਕਰ, ਭੌਂਸਲੇ ਅਤੇ ਸਿੰਧੀਆ ਦੇ ਬਿਨਾ ਕਾਰਨ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਬੜੀ ਦੂਰ-ਅੰਦੇਸ਼ੀ ਨਾਲ ਕੀਤੀ। ਉਸ ਦੀ ਦੂਰ-ਅੰਦੇਸ਼ੀ ਸੀ ਜੋ ਉਸ ਨੇ ਇਹ ਸ਼ਬਦ ਕਹੇ "ਕਿ ਸਮਾਂ ਆਵੇਗਾ ਜਦੋਂ ਸਾਰੇ ਭਾਰਤ 'ਤੇ ਇੱਕ ਹੀ ਸਿੱਕਾ

ਚਲੇਗਾ। ਇਹ ਤੁਹਾਡੀ ਤਾਕਤ ਦਾ ਕਮਾਲ ਨਹੀਂ, ਸਾਡੀ ਆਪਸੀ ਫੁੱਟ ਕਾਰਨ ਤੁਸੀਂ ਇਸ ਦੇਸ਼ 'ਤੇ ਰਾਜ ਕਰੋਗੇ।"

ਜ਼ਮੀਨ ਤੋਂ ਆਮਦਨ ਲੈਣ ਲਈ, ਕਿਸਾਨਾਂ ਤੋਂ ਜਾਇਜ਼ ਬਟਾਈ ਲੈਣੀ ਆਰੰਭ ਕੀਤੀ। ਪਹਿਲਾਂ ਪਟੇਲ ਅਤੇ ਵੋਹਰੇ ਕਿਸਾਨਾਂ ਦਾ ਖ਼ੂਨ ਚੂਸਦੇ ਸਨ। ਸਰਕਾਰੀ ਜ਼ਮੀਨਾਂ ਤੇ ਉਸ ਨੇ ਖੇਤੀ ਸ਼ੁਰੂ ਕਰਵਾਈ ਤੇ ਹਰ ਪਸ਼ੂ ਮੇਲੇ ਤੋਂ ਵਧੀਆ ਕਿਸਮ ਦੇ ਬਲਦ ਖਰੀਦ ਕੇ ਸਰਕਾਰੀ ਜ਼ਮੀਨਾਂ ਦੀ ਕਾਸ਼ਤ 'ਤੇ ਲਗਾਏ। ਉਸ ਦੇ ਸਮੇਂ 1000 ਸਰਕਾਰੀ ਹੱਲ ਸਨ ਜਿਨ੍ਹਾਂ ਦੇ ਚੌਬਲਦੇ ਬਲਦਾਂ ਦੀ ਗਿਣਤੀ 4000 ਸੀ। ਇਸ ਤਰ੍ਹਾਂ ਇਸ ਰਾਜ ਵਿੱਚ ਅਨਾਜ ਦੀ ਬਹੁਤਾਤ ਹੋਣ ਲੱਗ ਪਈ ਤੇ ਮਰਹੱਟਿਆਂ ਅਤੇ ਅੰਗਰੇਜ਼ਾਂ ਦੀਆਂ ਫੌਜਾਂ ਨੂੰ ਅਨਾਜ ਦੀ ਸਪਲਾਈ ਮੁੱਲ ਲੈ ਕੇ ਕੀਤੀ ਜਾਂਦੀ। ਸਰਕਾਰੀ ਫਾਰਮ ਸਾਰੇ ਹੀ ਮੁਨਾਫੇ ਵਿੱਚ ਚੱਲਦੇ ਸਨ। ਉਸ ਨੇ ਪੱਥਰਾਂ 'ਚੋਂ ਪਾਣੀ ਕੱਢਿਆ ਭਾਵੇਂ ਕਿ ਅਜਿਹੇ ਖੂਹਾਂ 'ਤੇ ਵੀਹ-ਵੀਹ ਹਜ਼ਾਰ ਰੁਪਏ ਉਸ ਸਮੇਂ ਖਰਚ ਆਇਆ। ਉਹ ਕਿਹਾ ਕਰਦਾ ਸੀ ਕਿ ਹਰ ਇੱਕ ਸ਼ਹਿਰੀ ਦਾ ਫਰਜ਼ ਹੈ ਕਿ ਉੱਥੇ ਘਾਹ ਉਗਾਵੇ ਜਿੱਥੇ ਘਾਹ ਨਹੀਂ ਉਗਦਾ। ਉਸ ਦੇ ਆਪਣੇ ਬਾਗ ਵਿੱਚ ਕਾਬਲ ਦੇ ਸੇਬ ਦੇ ਬੂਟੇ ਅਤੇ ਮਾਲਾਬਾਰ ਦੇ ਨਾਰੀਅਲ ਦੇ ਦਰੱਖਤ ਉਗਾਏ ਹੋਏ ਸਨ। ਪੇਂਦੀ ਬੇਰ ਦੇ ਪੌਦੇ ਉਗਾਉਣ ਵੱਲ ਉਸ ਨੇ ਲੋਕਾਂ ਨੂੰ ਉਤਸ਼ਾਹਿਤ ਕੀਤਾ।

ਅੰਗਰੇਜ਼ਾਂ ਨੇ ਹੋਲਕਰ ਤੋਂ ਚਾਰ ਜ਼ਿਲ੍ਹੇ ਛੁਡਵਾ ਕੇ ਉਸ ਦੇ ਨਾਂ ਜਾਗੀਰ ਲਿਖ ਭੇਜੀ ਜੋ ਉਸ ਨੇ ਇਹ ਆਖ ਕੇ ਵਾਪਸ ਕਰ ਦਿੱਤੀ ਕਿ ਇਹ ਉਸ ਦੇ ਮਾਲਿਕ ਮਹਾਂਰਾਓ ਉਮੇਦ ਸਿੰਘ ਦੇ ਨਾਂ ਭੇਜੀ ਜਾਵੇ।

ਉਸ ਦੇ ਦੋ ਲੜਕੇ ਮਾਧੋ ਸਿੰਘ ਅਤੇ ਗਵਰਧਨ ਸਿੰਘ ਸਨ ਜੋ ਨਾ ਤਾਂ ਪੜ੍ਹੇ ਲਿਖੇ ਸਨ ਤੇ ਨਾ ਹੀ ਉਸ ਜਿਹੇ ਨੀਤੀਵਾਨ ਸਨ। ਇਸ ਗੱਲ ਦਾ ਉਸ ਨੂੰ ਦੁੱਖ ਰਹਿੰਦਾ ਸੀ ਪਰ ਉਸ ਦੇ ਇੱਕ ਪੋਤਰੇ ਵਿੱਚ ਉਹ ਅਪਣਾ ਬਚਪਨ ਦੇਖਦਾ ਸੀ ਤੇ ਉਹ ਉਸ ਦੀਆਂ ਅੱਖਾਂ ਦਾ ਤਾਰਾ ਸੀ।

ਸੰਨ 1819 ਵਿੱਚ ਉਮੇਦ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਤਿੰਨਾਂ ਪੁੱਤਰਾਂ ਵਿੱਚ ਗੱਦੀ ਲਈ ਝਗੜਾ ਹੋਇਆ। ਪਰ ਜ਼ਾਲਿਮ ਸਿੰਘ ਪਹਿਲਾਂ ਹੀ ਇੱਕ ਮੰਦਰ ਵਿੱਚ ਅੱਖਾਂ ਮੀਟ ਭਗਤੀ ਕਰ ਰਿਹਾ ਸੀ। ਅੰਗਰੇਜ਼ੀ ਸਰਕਾਰ ਦੇ ਏਜੰਟ ਦੇ ਕਹਿਣ 'ਤੇ ਵੀ ਉਸ ਨੇ ਕਹਾਵਤਾਂ, ਮੁਹਾਵਰੇ ਆਖ ਕੇ ਦਖਲ ਨਾ ਦਿੱਤਾ ਜੋ ਕਿ ਉਸ ਦਾ ਆਪਣਾ ਅੰਦਾਜ਼ ਸੀ। 85 ਸਾਲ ਦੀ ਉਮਰ ਵਿੱਚ ਜਦੋਂ ਘੋੜਸਵਾਰੀ ਨਾ ਕਰ ਸਕਦਾ ਤਾਂ ਪਾਲਕੀ ਵਿੱਚ ਬੈਠ ਕੇ ਸ਼ਿਕਾਰ ਖੇਡਣ ਜਾਂਦਾ। ਹਜ਼ਾਰਾਂ ਲੋਕ ਉਸ ਦਾ ਸਾਥ ਦਿੰਦੇ। ਖ਼ੂਬ ਮੌਜਾਂ ਕਰਦਾ ਪਰ ਆਪਣੀ ਡਿਊਟੀ ਵਿੱਚ ਜ਼ਰਾ ਵੀ ਢਿੱਲ ਨਾ ਕਰਦਾ। ਜੰਗਲ ਵਿੱਚ ਹੀ ਕਿਸੇ ਪਿੱਪਲ ਹੇਠਾਂ ਲੋਕਾਂ ਦੀਆਂ ਸ਼ਿਕਾਇਤਾਂ ਸੁਣਦਾ। ਗਮੀਂ, ਖੁਸ਼ੀ,ਆਸ, ਬੇਆਸ ਵਿੱਚ ਉਹ ਇੱਕ ਸਾਰ ਰਹਿੰਦਾ। ਆਪਣੇ ਭੇਦ ਆਪਣੇ ਤੱਕ

ਰੱਖਦਾ ਤੇ ਕਿਹਾ ਕਰਦਾ ਕਿ "ਮੇਰੇ ਭੇਦ ਮੇਰੇ ਆਪਣੇ ਹਨ।" ਇਹੋ ਜਿਹੇ ਅਮੋਲਕ ਹੀਰਿਆਂ ਬਾਰੇ ਇਹ ਜਾਨਣ ਦੀ ਲੋੜ ਨਹੀਂ ਕਿ ਉਹ ਕਿਸ ਖਾਨ ਜਾਂ ਦਰਿਆ ਵਿੱਚੋਂ ਲੱਭੇ। ਉਨ੍ਹਾਂ ਦਾ ਸੱਚਾ-ਸੁੱਚਾ ਆਚਰਣ ਦੁਨਿਆਵੀ ਸਿੱਕਿਆਂ ਵਿੱਚ ਨਹੀਂ ਤੋਲਿਆ ਜਾ ਸਕਦਾ।

# ਮੰਝ

*ਕੁਤਬ-ਉਦ-ਦੀਨ ਦਾ ਗੁਲਾਮ ਅਤੇ ਜਵਾਈ ਸ਼ਮਸਉਦਦੀਨ ਅਲਤਮਸ਼ ਬਾਦਸ਼ਾਹ ਬਨਿਆਂ ਤਾਂ ਉਸ ਦੇ ਸਮੇਂ ਬਹੁਤ ਸਾਰੇ ਹਿੰਦੂ ਮੁਸਲਮਾਨ ਬਣੇ। ਜੈਸਲਮੇਰ ਦਾ ਰਈਸ ਤੁਲਸੀ ਰਾਮ ਮੰਝ ਪੀਰ ਮਖਦੂਮ ਜਹਾਨੀਆਂ ਤੋਂ ਬੈਤ ਲੈ ਕੇ ਮੁਸਲਮਾਨ ਹੋਇਆ ਤੇ ਸ਼ੇਖ ਚਾਚੋ ਨਾਮ ਰਖਾਇਆ ਅਤੇ ਆਪਣਾ ਸਭ ਮਹੈਣ ਲੈ ਕੇ ਸਤਲੁਜ ਅਤੇ ਹਠੂਰ ਵਿੱਚ ਆ ਆਬਾਦ ਹੋਇਆ। ਉਥੋਂ ਸਭ ਹਿੰਦੂ ਰਈਸਾਂ ਨੂੰ ਮਾਰ ਮੁਕਾਇਆ। ਰਾਏਕੋਟ ਦੇ ਰਾਜਪੂਤ ਇਹਨਾਂ ਦੀ ਹੀ ਔਲਾਦ ਹਨ। ਰਾਏ ਕੱਲ੍ਹੇ ਦੇ ਪੁੱਤਰ ਰਾਇ ਅਹਿਮਦ ਨੇ 1735 ਈ. ਵਿੱਚ ਤਲਵੰਡੀ ਤੋਂ ਉਠ ਕੇ ਰਾਏਕੋਟ ਵਸਾਇਆ।

ਡਿਸਟਰਿਕਟ ਐਂਡ ਸਟੇਸ ਗਜ਼ਟੀਅਰ ਜਲੰਧਰ ਦੇ ਪੰਨਾ 405 'ਤੇ ਮੰਝ ਰਾਜਪੂਤਾਂ ਬਾਰੇ ਲਿਖਿਆ ਹੈ "ਮੰਝ ਰਾਜਪੂਤ ਆਪਣਾ ਪਿੱਛਾ ਭੱਟੀ ਗੋਤ ਵਿੱਚੋਂ ਕੱਢਦੇ ਹਨ ਅਤੇ ਮੰਝ ਇੱਕ ਸਮੇਂ ਜ਼ਿਲ੍ਹੇ ਦੇ ਦੱਖਣ ਅਤੇ ਪੱਛਮ ਵਿੱਚ ਇੱਕ ਵੱਡੀ ਕੌਮ ਸੀ। ਇਹ ਸਤਲੁਜ ਦਰਿਆ ਦੇ ਪਾਰ ਵੀ ਆਬਾਦ ਸਨ। ਮਿ. ਬਰਕਲੇ ਨੂੰ ਘੁੜਕਾ ਦੇ ਲੰਬੜਦਾਰ ਦੇ ਭਰਾ ਅਮੀਰ ਖਾਂ ਨੇ ਹੇਠ ਲਿਖੀ ਜਾਣਕਾਰੀ ਦਿੱਤੀ :-

"ਸ੍ਰੀ ਕ੍ਰਿਸ਼ਨ ਤੋਂ 3100 ਸਾਲ ਬਾਅਦ ਰਾਜਾ ਸਲਵਾਨ ਹੋਇਆ ਜਿਹੜਾ ਕਿ ਉਸ ਦੀ 26ਵੀਂ ਪੁਸ਼ਤ ਵਿੱਚੋਂ ਸੀ। ਉਸ ਦੇ 84 ਪੁੱਤਰ ਸਨ ਜਿਨ੍ਹਾਂ ਵਿੱਚੋਂ ਤਵੇਸਰ (ਤੰਵਰਾਂ ਦਾ ਵਡੇਰਾ), ਰਾਸਤਵ ਅਤੇ ਬਿਸਲ (ਭੱਟੀਆਂ ਦਾ ਵਡੇਰਾ) ਹੋਏ ਹਨ। ਰਾਣਾ ਜੁੰਦਲ ਜੋ ਬਿਸਲ ਦੀ ਸਤਵੀਂ ਪੁਸ਼ਤ ਵਿੱਚੋਂ ਸੀ ਭਟਨੇਰ (ਹਨੂਮਾਨਗੜ੍ਹ) ਦਾ ਰਾਜਾ ਹੋਇਆ ਹੈ। ਉਸ ਦੇ ਪੁੱਤਰ ਮੱਚਲ ਨੇ ਜੈਸਲਮੇਰ ਸ਼ਹਿਰ ਆਬਾਦ ਕੀਤਾ। ਉਸ ਦੀ ਔਲਾਦ ਭੱਟੀ ਅਤੇ ਮੰਝ ਹਨ।"

ਸਤਲੁਜ ਦੇ ਉੱਤਰ ਵੱਲ ਦੇ ਮੰਝ ਆਪਣੇ ਦੱਖਣ ਵੱਲ ਦੇ ਭਰਾਵਾਂ ਜਿੰਨੇ ਕਾਮਯਾਬ ਨਾ ਹੋਏ। ਦੱਖਣ ਵਾਲਿਆਂ ਨੇ ਰਾਏਕੋਟ ਵਿੱਚ ਆਪਣਾ ਰਾਜ ਕਾਇਮ ਕਰ ਲਿਆ। ਉੱਤਰ ਵਾਲੇ ਮੰਝ ਤਲਵਣ ਅਤੇ ਨਕੋਦਰ ਦੇ ਤਲੁਕਾਦਾਰ ਹੀ ਬਣ ਸਕੇ। ਸਿੱਖ ਮਿਸਲਾਂ ਦੇ ਰਾਜ ਵੇਲੇ ਬਘੇਲ ਸਿੰਘ ਨੇ ਤਲਵਣ ਵਿਖੇ ਇਹਨਾਂ ਮੰਝ ਰਾਜਪੂਤਾਂ ਨੂੰ ਮਨਾ ਕੇ ਇੱਕ ਕਿਲਾ ਬੜੇ ਥੋੜ੍ਹੇ ਸਮੇਂ ਵਿੱਚ ਹੀ ਬਣਾ ਲਿਆ। ਬੜਾ ਪਿੰਡ ਹੁੰਦਿਆ-ਆਬਾਦ (ਫਗਵਾੜੇ ਲਾਗੇ) ਜੋ ਹਿੰਦੂ ਰਾਜਿਆਂ ਵੀ ਰਾਜਧਾਨੀ ਵੀ ਰਿਹਾ ਹੈ ਵੀ ਮੰਝ ਰਾਜਪੂਤਾਂ ਦੇ ਅਧੀਨ ਸਨ। ਆਈਨੇ ਅਕਬਰੀ ਅਨੁਸਾਰ ਹਦੀਆਬਾਦ ਇੱਕ ਮਹਾਲ ਸੀ।

ਬਹੁਤੇ ਮੰਝ ਤਾਂ ਮੁਸਲਮਾਨ ਬਣ ਗਏ ਪਰ ਕੁਝ ਕੁ ਹਿੰਦੂ ਰਹੇ। ਸ੍ਰੀ ਗੁਰੂ ਅਰਜਨ

---

* *ਮਾਲਵਾ ਸਿੱਖ ਇਤਿਹਾਸ ਭਾਗ ਪਹਿਲਾ ਪੰਨਾ 67 ਕਿਰਤ ਵਸਾਖਾ ਸਿੰਘ ਸੰਤ ਸਿਪਾਹੀ*
* *ਜੱਟਾਂ ਦਾ ਇਤਿਹਾਸ-ਹੁਸ਼ਿਆਰ ਸਿੰਘ ਦੁਲੇਹ ਪੰਨਾ 113*

ਦੇਵ ਜੀ ਦੇ ਸਮੇਂ ਭਾਈ ਮੰਝ, ਜਿਸ ਦਾ ਅਸਲੀ ਨਾ ਤੀਰਥਾ ਸੀ, ਨੇ ਸਿੱਖੀ ਧਾਰਨ ਕੀਤੀ ਅਤੇ ਪੰਚਮ ਪਾਤਸ਼ਾਹ ਨੇ ਉਸ ਨੂੰ ਦੁਆਬੇ ਵਿੱਚ ਪ੍ਰਚਾਰ ਲਈ ਮੰਜੀ ਬਖਸ਼ੀ ਜੋ ਅੱਜ ਤੱਕ ਵੀ ਉਸ ਦੀ ਮੰਜੀ ਪਿੰਡ ਕੰਗ (ਹਰਿਆਣਾ, ਭੂੰਗਾ ਦੇ ਵਿਚਕਾਰ) ਦਸੂਹੇ ਵਾਲੀ ਸੜਕ ਤੋਂ ਦੋ ਕੁ ਮੀਲ ਵਾਕਿਆ ਹੈ ਦੀ ਸਾਰੇ ਪੰਜਾਬ ਵਿੱਚ ਮਨੌਤ ਹੈ। ਪਿੰਡ ਠੱਕਰਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੰਝ ਰਾਜਪੂਤਾਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖ ਬਣੇ।

# ਸਰੋਆ

ਸਰੋਆ ਰਾਜਪੂਤ ਚੌਹਾਨ ਵੰਸ਼ ਦੀ ਹੀ ਇੱਕ ਸ਼ਾਖ ਹੈ। ਗੁਜਰਾਤੀ ਭਾਸ਼ਾ ਵਿੱਚ ਸਿਰੋਹੀ ਦਾ ਅਰਥ ਤਲਵਾਰ ਹੈ। ਦੇਵਰਾਜ ਚੌਹਾਨ ਨੇ ਤਲਵਾਰ ਦੇ ਜ਼ੋਰ ਨਾਲ ਆਬੂ ਸ਼ਹਿਰ ਤੋਂ 40 ਕੋਹ ਦੀ ਦੂਰੀ 'ਤੇ ਸਿਰੋਹੀ ਨਾਮ ਦਾ ਸ਼ਹਿਰ ਵਸਾਇਆ ਤੇ ਉਸ ਸ਼ਹਿਰ ਤੋਂ ਸਰੋਹੀਆ ਗੋਤ ਬਣਿਆ ਜੋ ਹੁਣ ਬੋਲਣ ਵਿੱਚ ਸਰੋਆ ਹੈ।

* ਸ਼ਾਹ ਸਰੋਆ ਦੇ ਪੰਜ ਪੁੱਤਰ, ਸੰਘਾ, ਮੱਲ੍ਹੀ, ਢਿੱਲੋਂ, ਢੀਂਡਸੇ ਤੇ ਦੁਸਾਂਝ ਸਨ ਜਿਨ੍ਹਾਂ ਤੋਂ ਜੱਟਾਂ ਦੇ ਇਹ ਪੰਜ ਮਸ਼ਹੂਰ ਗੋਤ ਹਨ।

ਸਮਾਂ ਪਾ ਕੇ ਭੂਪ ਸਿੰਘ ਨਾਮੀ ਰਾਜਾ ਪੰਜ ਸੌ ਸਿਪਾਹੀ ਲੈ ਕੇ ਦੁਆਬਾ ਵਿੱਚ ਆਇਆ ਅਤੇ ਰਾਜਾ ਸਹਾਏ ਚੰਦ ਜਸਵਾਲ ਕੋਲ ਨੌਕਰੀ ਕਰ ਲਈ। ਕਿਸੇ ਲੜਾਈ ਵਿੱਚ ਭੂਪ ਸਿੰਘ ਮਾਰਿਆ ਗਿਆ ਤੇ ਉਸ ਦੀ ਔਲਾਦ ਇੱਕ ਦੁੱਧ ਪੀਂਦਾ ਲੜਕਾ ਗੋਪਾਲ ਸਿੰਘ ਹੀ ਸੀ। ਡਰੋਲੀ ਕਲਾਂ ਦੇ ਰਹਿਣ ਵਾਲੇ ਉਸ ਦੇ ਰਿਸ਼ਤੇਦਾਰ ਇਸ ਬੱਚੇ ਨੂੰ ਲੈ ਆਏ ਤੇ ਬੜੀ ਅੱਛੀ ਤਰ੍ਹਾਂ ਪਾਲਣਾ ਪੋਸਣਾ ਕੀਤੀ। ਵੱਡਾ ਹੋ ਕੇ ਗੋਪਾਲ ਸਿੰਘ ਹਰ ਤਰ੍ਹਾਂ ਲਾਇਕ ਨਿਕਲਿਆ। ਮਿਨਹਾਸ ਰਾਜਪੂਤਾਂ ਨੇ ਆਪਣੀ ਜਗੀਰ ਵਿੱਚੋਂ ਕੁਝ ਇਲਾਕਾ ਇਸ ਨੂੰ ਦੇ ਦਿੱਤਾ ਅਤੇ ਉਸ ਨੇ ਪਿੰਡ ਚੁਖਿਆਰਾ ਜ਼ਿਲ੍ਹਾ ਜਲੰਧਰ ਆਬਾਦ ਕਰਕੇ ਆਪਣੀ ਰਿਹਾਇਸ਼ ਇਥੇ ਰੱਖੀ। ਹੁਣ ਉਸ ਦੀ ਔਲਾਦ ਇਸ ਪਿੰਡ ਤੋਂ ਇਲਾਵਾ ਬੋਹਣ, ਭੂੰਗਰਨੀ ਅਤੇ ਦਿਹਾਣਾ ਵਿੱਚ ਵਸਦੀ ਹੈ ਤੇ ਇਹਨਾਂ ਨੂੰ ਕਿਲੇ ਵਾਲੇ ਸਰਦਾਰ ਕਹਿੰਦੇ ਹਨ।

ਢਿੱਲੋਂ ਗੋਤ ਦੇ ਸਰਦਾਰ ਗੰਡਾ ਸਿੰਘ ਭੰਗੀ ਮਿਸਲ ਦੇ ਮੋਢੀ ਸਨ। ਸਰਦਾਰ ਪ੍ਰਤਾਪ ਸਿੰਘ ਕੈਰੋਂ (ਸਵਰਗਵਾਸੀ) ਪੰਜਾਬ ਦੇ ਸਾਬਕਾ ਮੁੱਖ ਮੰਤਰੀ ਵੀ ਢਿੱਲੋਂ ਗੋਤ ਦੇ ਸਨ। ਸ. ਪ੍ਰਕਾਸ਼ ਸਿੰਘ ਬਾਦਲ ਵੀ ਢਿੱਲੋਂ ਹਨ।

ਖਾੜਕੂ ਲਹਿਰ ਸਮੇਂ ਜ. ਗੁਰਚਰਨ ਸਿੰਘ ਟੌਹੜਾ 'ਤੇ ਖਾੜਕੂਆਂ ਨੇ ਜਦੋਂ ਗੋਲੀਆਂ ਦੀ ਵਾਛੜ ਕੀਤੀ ਤਾਂ ਉਨ੍ਹਾਂ ਦਾ ਅੰਗ ਰੱਖਿਅਕ ਉਨ੍ਹਾਂ ਦੇ ਉੱਪਰ ਲਿਟ ਗਿਆ ਤੇ ਸਾਰੀਆਂ ਗੋਲੀਆਂ ਉਸ ਦੇ ਸਰੀਰ 'ਤੇ ਲੱਗੀਆਂ ਤੇ ਟੌਹੜਾ ਸਾਹਿਬ ਬਚ ਗਏ। ਇਹ ਜਵਾਨ ਪਿੰਡ ਚੁਖਿਆਰਾ ਜ਼ਿਲ੍ਹਾ ਜਲੰਧਰ ਦਾ ਸਰੋਆ ਰਾਜਪੂਤ ਸੀ।

---

* *ਜੱਟਾਂ ਦਾ ਇਤਿਹਾਸ ਹੁਸ਼ਿਆਰ ਸਿੰਘ ਦੁਲੇਹ ਪੰਨਾ 113*

# ਰਾਠੌਰ

ਭਾਰਤ ਦੇ ਇਤਿਹਾਸ ਦਾ ਵਿਕਰਮਾਦਿਤ ਤੋਂ ਛੇ ਸਦੀਆਂ ਬਾਅਦ ਦਾ ਸਮਾਂ ਹਨੇਰੇ ਵਾਲਾ ਹੈ। ਵਿਦੇਸ਼ੀ ਕਬੀਲੇ ਪੱਛਮ ਉੱਤਰ ਵੱਲੋਂ ਹਮਲੇ ਕਰ ਰਹੇ ਸਨ। ਪੁਰਾਣੇ ਇਤਿਹਾਸ ਲਈ ਪੁਰਾਣਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਵਿਦੇਸ਼ੀ ਹਮਲਾਵਰ ਭਾਰਤ ਦੇ ਇਤਿਹਾਸ ਨੂੰ ਡੂੰਘਾ ਦੱਬ ਦੇਣਾ ਚਾਹੁੰਦੇ ਸਨ ਤਾਂ ਕਿ ਇਹ ਆਪਣੇ ਸੁਨਹਿਰੀ ਅਤੀਤ ਬਾਰੇ ਜਾਣ ਹੀ ਨਾ ਸਕਣ। ਰਾਠੌਰ ਗੋਤ ਦਾ ਸਾਫ ਇਤਿਹਾਸ ਕਨੌਜ ਤੋਂ ਸ਼ੁਰੂ ਹੁੰਦਾ ਹੈ ਜੋ ਉਨ੍ਹਾਂ ਦੀ ਪੰਜਵੀਂ ਸਦੀ ਵਿੱਚ ਰਾਜਧਾਨੀ ਸੀ। ਉਸ ਤੋਂ ਪਹਿਲਾਂ ਕੇਵਲ ਇਹ ਹੀ ਪਤਾ ਲੱਗਦਾ ਹੈ ਕਿ ਉਹ ਅਯੁੱਧਿਆ ਤੋਂ ਸ੍ਰੀ ਰਾਮ ਚੰਦਰ ਦੇ ਵੰਸ਼ ਵਿੱਚੋਂ ਹਨ। ਸਦੀਆਂ ਤੱਕ ਉਨ੍ਹਾਂ ਦੀ ਦਿੱਲੀ ਦੇ ਚੌਹਾਨ ਰਾਜਿਆ ਨਾਲ ਲੱਗਦੀ ਰਹੀ ਤੇ ਰਾਠੌਰ ਚੌਹਾਨਾਂ ਨੂੰ ਕਮਜ਼ੋਰ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਾ ਜਾਣ ਦਿੰਦੇ। ਮੁਸਲਮਾਨਾਂ ਨੇ ਪਹਿਲਾਂ ਦਿੱਲੀ ਫਤਹਿ ਕੀਤੀ ਤੇ ਫੇਰ ਕਨੌਜ ਦੀ ਵਾਰੀ ਆ ਗਈ।

ਸੰਨ 1193 ਵਿੱਚ ਜੈ ਚੰਦ ਰਾਠੌਰ ਮੁਹੰਮਦ ਗੌਰੀ ਤੋਂ ਹਾਰ ਕੇ ਭੱਜਦਾ ਹੋਇਆ ਗੰਗਾ ਵਿੱਚ ਡੁੱਬ ਕੇ ਮਰਿਆ ਅਤੇ ਉਸ ਦੀ ਲਾਸ਼ ਦੀ ਪਛਾਣ ਉਸ ਦੇ ਇੱਕ ਨਕਲੀ ਦੰਦ ਤੋਂ ਕੀਤੀ ਗਈ। ਉਸ ਤੋਂ 18 ਕੁ ਸਾਲ ਬਾਅਦ ਉਸ ਦਾ ਪੋਤਾ ਸਿਆ ਜੀ ਸੰਨ 1212 ਵਿੱਚ ਆਪਣੇ ਸੇਵਕਾਂ ਦਾ ਇੱਕ ਜੱਥਾ ਜਿਨ੍ਹਾਂ ਦੀ ਗਿਣਤੀ ਤਕਰੀਬਨ ਦੋ ਕੁ ਸੌ ਸੀ ਲੈ ਕੇ ਦਵਾਰਕਾ ਜੀ ਦੀ ਯਾਤਰਾ ਲਈ ਚੱਲਿਆ, ਸ਼ਾਇਦ ਕਿਸੇ ਹੋਰ ਧਰਤੀ 'ਤੇ ਆਪਣੀ ਕਿਸਮਤ ਅਜ਼ਮਾਉਣ ਲਈ। ਪਹਿਲਾਂ ਉਸ ਨੇ ਬੀਕਾਨੇਰ ਦੇ ਸੋਲੰਕੀ ਰਾਜੇ ਦੀ ਮਦਦ ਕਰਕੇ ਫੂਲਰਾ ਦੇ ਜਰੇਜਾ ਨੂੰ ਕੁਲੁਮਦ ਦੇ ਸਥਾਨ 'ਤੇ ਹੋਈ ਲੜਾਈ ਵਿੱਚ ਹਰਾਇਆ। ਇਸ ਲੜਾਈ ਵਿੱਚ ਸਿਆਜੀ ਦਾ ਭਰਾ ਸੇਤ ਰਾਮ ਅਤੇ ਕੁਝ ਹੋਰ ਚੋਣਵੇਂ ਜਵਾਨ ਮਾਰੇ ਗਏ। ਸੋਲੰਕੀ ਰਾਜੇ ਨੇ ਆਪਣੀ ਲੜਕੀ ਨਾਲ ਸਿਆ ਜੀ ਦਾ ਵਿਆਹ ਕਰ ਦਿੱਤਾ। ਲੱਖਾ ਫੂਲਰਾ, ਉਸ ਵੇਲੇ ਸਤਲੁਜ ਤੋਂ ਸਮੁੰਦਰ ਤੱਕ ਦਾ ਮਸ਼ਹੂਰ ਧਾੜਵੀ ਸੀ। ਉਸ ਦੀ ਰਿਹਾਇਸ਼ ਰੇਤੇ ਦੇ ਟਿੱਬਿਆ ਵਿੱਚ ਸਥਿਤ ਫੂਲਰਾ ਵਿਖੇ ਸੀ। ਦਵਾਰਕਾ ਦੀ ਯਾਤਰਾ ਸਮੇਂ ਫੂਲਰਾ ਦੇ ਲੱਖਾ ਨਾਲ ਸਿਆ ਜੀ ਦਾ ਟਾਕਰਾ ਹੋ ਗਿਆ। ਲੱਖਾ ਅਤੇ ਸਿਆ ਜੀ ਦਾ ਯੁੱਧ ਹੋਇਆ ਜਿਸ ਵਿੱਚ ਲੱਖਾ ਮਾਰਿਆ ਗਿਆ ਤੇ ਸਿਆ ਜੀ ਦੀ ਵੀਰਤਾ ਦੇ ਚਰਚੇ ਮਾਰੂਥਲ ਵਿੱਚ ਘਰ ਘਰ ਹੋਣ ਲੱਗੇ। ਫੇਰ ਇਸ ਨੇ ਮੇਵਾ ਦੇ ਧਾਬੀ ਤੋਂ ਉਸ ਦਾ ਇਲਾਕਾ ਖੋਹ ਲਿਆ। ਮੇਵਾ ਜੋਧਪੁਰ ਤੋਂ 60 ਮੀਲ ਦੱਖਣ-ਪੱਛਮ ਵੱਲ ਸੀ। ਨਾਲ ਹੀ ਖੇਰਦਾਰ ਦੇ ਗੋਹਿਲ ਦੇ ਰਾਜ 'ਤੇ ਵੀ ਕਬਜ਼ਾ ਕਰ ਲਿਆ। ਉਸ ਸਮੇਂ ਪਾਲੀ ਕਸਬੇ 'ਤੇ ਬ੍ਰਾਹਮਣਾਂ ਦਾ ਰਾਜ ਸੀ। ਇਹ ਜੋਧਪੁਰ ਤੋਂ 45 ਮੀਲ ਦੱਖਣ-ਪੂਰਬ ਵੱਲ ਹੈ। ਹੋਲੀ ਵਾਲੇ ਦਿਨ ਬ੍ਰਾਹਮਣ ਮੁਖੀਆਂ ਨੂੰ ਕਤਲ ਕਰ ਕੇ ਸਿਆ ਜੀ ਨੇ ਪਾਲੀ ਵੀ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ।

ਸਿਆ ਜੀ ਦੇ ਪੁੱਤਰ ਅਸ਼ੋਥਾਮਾ ਨੇ ਵੀ ਧੋਖੇ ਨਾਲ ਬਹੁਤ ਸਾਰਾ ਇਲਾਕਾ ਜਿੱਤਿਆ। ਉਸ ਦੇ ਪੁੱਤਰ ਦੂਹਰ ਨੇ ਪਰਿਹਾਰ ਰਾਜਪੂਤਾਂ ਤੋਂ ਮੰਡੋਰ ਜਿੱਤਣ ਦੀ ਕੋਸ਼ਿਸ਼ ਕੀਤੀ ਪਰ ਆਪਣੀ ਜਾਨ ਗੁਆ ਬੈਠਾ। ਉਸ ਦੇ ਪੁੱਤਰ ਰਾਏ ਮਲ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਮੰਡੋਰ ਦੇ ਪਰਿਹਾਰਾਂ ਰਾਜਪੂਤਾਂ ਨੂੰ ਮਾਰ ਕੇ ਲਿਆ ਤੇ ਆਰਜ਼ੀ ਤੌਰ 'ਤੇ ਮੰਡੋਰ ਤੇ ਕਬਜ਼ਾ ਵੀ ਕੀਤਾ। ਉਸ ਤੋਂ ਬਾਅਦ ਉਸ ਦਾ ਪੁੱਤਰ ਦਾਨ ਪਾਲ ਤੇ ਉਸ ਤੋਂ ਬਾਅਦ ਜੱਲਣ, ਛੱਡਾ ਤੇ ਠੀੜਾ ਪੁਸ਼ਤ ਦਰ ਪੁਸ਼ਤ ਰਾਜ ਕਰਦੇ ਗਏ। ਫੇਰ ਬੀਰਦੇਵ ਅਤੇ ਚੋਂਡਾ ਹੋਏ। ਚੋਂਡਾ ਦੀ ਬਹਾਦਰੀ ਦੇ ਬਹੁਤ ਕਿੱਸੇ ਹਨ ਉਸ ਨੇ ਮੰਡੋਰ ਦੇ ਪਰਿਹਾਰਾਂ ਨੂੰ ਮਾਰ ਕੇ ਮੰਡੋਰ ਜੋ ਮਾਰੂ ਦੇਸ਼ ਦੀ ਪੁਰਾਣੀ ਰਾਜਧਾਨੀ ਸੀ 'ਤੇ ਰਾਠੌਰਾਂ ਦਾ ਝੰਡਾ ਲਹਿਰਾਇਆ। ਮੰਡੋਰ 'ਤੇ ਕਬਜ਼ੇ ਤੋਂ ਪਹਿਲਾਂ ਇੱਕ ਵਾਰ ਚੋਂਡਾ ਦੀ ਹਾਲਤ ਐਨੀ ਮਾੜੀ ਹੋ ਗਈ ਜਿਸ ਦਾ ਕਾਰਨ ਰਾਜਸੀ ਉੱਥਲ ਪੁਥਲ ਸੀ ਕਿ ਉਸ ਨੂੰ ਕਾਲੂ ਨਗਰ ਦੇ ਭੱਟ (ਚਰਨ) ਦੀ ਮਹਿਮਾਨਨਿਵਾਜ਼ੀ ਕਬੂਲ ਕਰਨੀ ਪਈ ਸੀ। ਜਦੋਂ ਚੋਂਡਾ ਮੰਡੋਰ ਦਾ ਰਾਜਾ ਬਣ ਗਿਆ ਤਾਂ ਇਹ ਭੱਟ ਇਸ ਨੂੰ ਉਸ ਦੇ ਮਹਿਲਾਂ ਵਿੱਚ ਮਿਲਣ ਆਇਆ ਤਾਂ ਚੋਂਡਾ ਨੇ ਉਸ ਨਾਲ ਮੁਲਾਕਾਤ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਭੱਟ ਨੇ ਇਹ ਬੋਲ ਰਾਜਸਥਾਨੀ ਭਾਸ਼ਾ ਵਿੱਚ ਆਖੇ:-

ਚੋਂਡਾ ਨਹੀਂ ਆਵੇ ਚਿੱਤ, ਖਿੱਚੜ ਕਾਲੂ ਤਨਾ?<br>
ਭੂਪ ਭਇਆ ਭੈ ਭੀਤ, ਮੰਡਾਵਰ ਰਾ ਮੱਲਿਆ?

ਚੋਂਡਾ ਸੰਨ 1382 ਵਿੱਚ ਰਾਜਾ ਬਣਿਆ ਤੇ ਇੱਕ ਹਜ਼ਾਰ ਸਾਥੀਆਂ ਨਾਲ ਨਗੌੜ ਵਿਖੇ ਜੈਸਲਮੇਰ ਦੇ ਭੱਟੀਆ ਰਾਜਪੂਤਾਂ ਨਾਲ ਲੜਾਈ ਵਿੱਚ ਮਾਰਿਆ ਗਿਆ।

ਰਾਠੌਰਾਂ ਦੀ ਔਲਾਦ ਵਿੱਚ ਪਰਮਾਤਮਾ ਨੇ ਬਹੁਤ ਵਾਧਾ ਕੀਤਾ ਤੇ ਉਨ੍ਹਾਂ ਸ਼ਾਹੀ ਠਾਠ ਨਾਲ ਰਹਿਣ ਲਈ ਨਵੇਂ ਇਲਾਕੇ ਜਿੱਤਣੇ ਜ਼ਰੂਰੀ ਹੋ ਗਏ। ਜੋਧਾ ਰਾਠੌਰ ਨੇ ਜੋਧਪੁਰ ਅਤੇ ਬੀਕਾ ਨੇ ਬੀਕਾਨੇਰ ਸ਼ਹਿਰ ਨਵੇਂ ਆਬਾਦ ਕੀਤੇ। ਸਿਆ ਜੀ ਦੇ ਕਨੌਜ ਛੱਡਣ ਤੋਂ ਤਿੰਨ ਸੌ ਸਾਲ ਬਾਅਦ ਰਾਠੌਰਾਂ ਦੀ ਗਿਣਤੀ ਪੰਜ ਲੱਖ ਤੱਕ ਹੋ ਗਈ। ਜੋਧਾ ਤੋਂ ਬਾਅਦ ਸੂਰਜਮਲ ਗੱਦੀ 'ਤੇ ਬੈਠਾ। ਉਸ ਦੇ ਰਾਜ ਸਮੇਂ ਦਿੱਲੀ ਦੇ ਲੋਧੀ ਪਠਾਣਾ ਦੇ 150 ਸਵਾਰਾਂ ਦੇ ਇੱਕ ਦਸਤੇ ਨੇ ਪਿੱਪਰ ਕਸਬੇ 'ਤੇ ਤੀਆਂ ਦੇ ਦਿਨਾਂ ਵਿੱਚ ਹਮਲਾ ਕਰ ਕੇ 140 ਕੰਵਾਰੀਆਂ ਲੜਕੀਆਂ ਦਾ ਅਗਵਾ ਕਰ ਲਿਆ। ਸੁਣਦੇ ਹੀ ਸੂਰਜਮੱਲ, ਜੋ ਵੀ ਸਰਦਾਰ ਉਸ ਕੋਲ ਹਾਜ਼ਰ ਬੈਠੇ ਸਨ, ਨੂੰ ਲੈ ਕੇ ਪਠਾਣਾਂ 'ਤੇ ਟੁੱਟ ਪਿਆ ਤੇ ਉਨ੍ਹਾਂ ਲੜਕੀਆਂ ਨੂੰ ਛੁਡਾਉਂਦਾ ਆਪ ਸ਼ਹੀਦ ਹੋ ਗਿਆ ਤੇ ਅੱਜ ਤੱਕ ਸੂਰਜਮੱਲ ਦੀ ਬਹਾਦਰੀ ਦੇ ਗੀਤ ਤੀਆਂ ਦੇ ਦਿਨਾਂ ਵਿੱਚ ਕੁੜੀਆਂ ਗਾਉਂਦੀਆਂ ਹਨ।

ਬਾਬਰ ਨਾਲ ਰਾਣਾ ਸਾਂਗਾ ਦੇ ਯੁੱਧ ਵਿੱਚ ਰਾਠੌਰਾਂ ਨੇ ਤਨਦੇਹੀ ਨਾਲ ਭਾਗ ਲਿਆ ਤੇ ਇਹਨਾਂ ਦੇ ਵੱਡੇ-ਵੱਡੇ ਯੋਧੇ ਸ਼ਹੀਦ ਹੋਏ। ਬਾਬਰ ਨੇ ਪਹਿਲਾਂ ਗੰਗਾ ਦਾ

ਮੈਦਾਨੀ ਅਤੇ ਉਪਜਾਊ ਇਲਾਕਾ ਜਿੱਤਣ ਵੱਲ ਆਪਣਾ ਧਿਆਨ ਕੇਂਦਰਤ ਕੀਤਾ ਤੇ ਰਾਠੌਰਾਂ ਨੇ ਮਾਰਵਾੜ ਵਿੱਚ ਆਪਣੇ ਪੈਰ ਪੱਕੇ ਕਰ ਲਏ। ਮਾਲਦੇਉ ਸਾਰੇ ਮਾਰੂ ਦੇਸ਼ ਦਾ ਰਾਜਾ ਬਣ ਗਿਆ। ਸ਼ੇਰਸ਼ਾਹ ਤੋਂ ਹਾਰ ਖਾ ਕੇ ਹਿਮਾਯੂੰ ਨੇ ਮਾਲਦੇਓ ਤੋਂ ਮੱਦਦ ਮੰਗੀ ਜੋ ਕਿ ਉਸ ਨੇ ਕਰਨੇ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਸ ਦਾ ਪੁੱਤਰ ਰਾਏਮੱਲ ਬਾਬਰ ਅਤੇ ਰਾਣਾ ਸਾਂਗਾ ਦੀ ਲੜਾਈ ਵੇਲੇ ਮਾਰਿਆ ਗਿਆ ਸੀ। ਸ਼ੇਰਸ਼ਾਹ ਨੇ ਮਾਰਵਾੜ 'ਤੇ ਹਮਲਾ ਕੀਤਾ ਤਾਂ ਰਾਜਪੂਤਾਂ ਨੇ ਉਸ ਨੂੰ ਅੱਗੇ ਵਧ ਲੈਣ ਦਿੱਤਾ ਤੇ ਪਿੱਛੋਂ ਉਸ ਨੂੰ ਐਨਾ ਹੈਰਾਨ ਕੀਤਾ ਕਿ ਸ਼ੇਰਸ਼ਾਹ ਸੂਰੀ ਲਈ ਜਾਨ ਬਚਾ ਕੇ ਪਿੱਛੇ ਮੁੜਨਾ ਵੀ ਔਖਾ ਹੋ ਗਿਆ। ਉਸ ਨੇ ਬੇਈਮਾਨੀ ਤੋਂ ਕੰਮ ਲੈਂਦਿਆ ਇੱਕ ਖਤ ਮਾਲਦੇਉ ਦੇ ਅਧੀਨ ਲੜ ਰਹੇ ਕੁਝ ਸਰਦਾਰਾਂ ਵੱਲ ਲਿਖਿਆ ਤੇ ਲਿਜਾਣ ਵਾਲੇ ਨੂੰ ਹਦਾਇਤ ਕੀਤੀ ਕਿ ਜਾਣ ਬੁੱਝ ਕੇ ਇਹ ਖਤ ਮਾਲਦੇਉ ਕੋਲ ਪਹੁੰਚਾ ਦੇਵੇ ਜਿਵੇਂ ਕਿ ਖਤ ਲੈ ਜਾਣਾ ਵਾਲਾ ਅਚਾਨਕ ਫੜਿਆ ਗਿਆ ਹੋਵੇ। ਮਾਲਦੇਉ ਨੂੰ ਆਪਣੇ ਸਾਥੀਆਂ 'ਤੇ ਸ਼ੱਕ ਹੋ ਗਿਆ। ਜਿਨ੍ਹਾਂ 'ਤੇ ਮਾਲਦੇਉ ਨੂੰ ਸ਼ੱਕ ਸੀ ਉਹ ਆਪਣੀਆਂ ਸੈਨਾਵਾਂ ਨਾਲ ਸ਼ੇਰਸ਼ਾਹ ਸੂਰੀ ਦੇ ਕੈਂਪ ਤੱਕ ਪਹੁੰਚ ਗਏ ਪਰ ਸ਼ੇਰਸ਼ਾਹ ਦੀ ਫੌਜ ਦੀ ਗਿਣਤੀ ਕਿਤੇ ਵੱਧ ਹੋਣ ਕਰਕੇ ਉਨ੍ਹਾਂ ਨੂੰ ਹਾਰ ਹੋਈ। ਮਾਲਦੇਉ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਪਰ ਹੁਣ ਸਮਾਂ ਲੰਘ ਚੁੱਕਾ ਸੀ। ਲੜਨ ਵਾਲੇ ਰਾਜਪੂਤਾਂ ਦੀ ਬਹਾਦਰੀ ਦੀ ਕਦਰ ਸ਼ੇਰਸ਼ਾਹ ਸੂਰੀ ਦੇ ਕਹੇ ਸ਼ਬਦ ਫਰਿਸ਼ਤਾ ਇਤਿਹਾਸਕਾਰ ਨੇ ਲਿਖੇ "ਕਿ ਇੱਕ ਮੁੱਠ ਜੌਆਂ ਬਦਲੇ ਮੈਂ ਹਿੰਦੋਸਤਾਨ ਦੀ ਸ਼ਹਿਨਸ਼ਾਹੀ ਗੁਆਉਣ ਲੱਗਾ ਸੀ"। ਇੱਕ ਮੁੱਠ ਜੌਆਂ ਤੋਂ ਭਾਵ ਹੈ ਕਿ ਇਸ ਰੇਤਲੀ ਧਰਤੀ ਤੋਂ ਕੋਈ ਖਾਸ ਆਮਦਨ ਤਾਂ ਹੁੰਦੀ ਨਹੀਂ।

ਅਕਬਰ ਨੇ ਮਾਲਦੇਉ ਨੂੰ ਹਰਾ ਕੇ ਉਸ ਦੇ ਪੁੱਤਰ ਉਦਯ ਸਿੰਘ ਨੂੰ ਰਾਜਾ ਬਣਾ ਦਿੱਤਾ ਅਤੇ ਉਸ ਦੇ ਭਤੀਜੇ ਨੂੰ ਬੀਕਾਨੇਰ ਦਾ ਆਜ਼ਾਦ ਰਾਜਾ ਬਣਾ ਦਿੱਤਾ। ਮਾਲਦੇਉ ਨੂੰ ਆਪਣੀ ਅੱਖਾਂ ਨਾਲ ਆਪਣੇ ਖੂਨ ਦੀ ਇੱਕ ਲੜਕੀ ਦਾ ਵਿਆਹ ਮੁਗਲ ਸਾਮਰਾਟ ਨਾਲ ਦੇਖਣਾ ਪਿਆ। ਉਸ ਤੋਂ ਬਾਅਦ ਭਾਵੇਂ ਉਦਯ ਸਿੰਘ ਰਾਠੌਰ ਨੇ ਬੀਜਾਪੁਰ ਗੋਲਕੰਡਾ ਦੀ ਦੌਲਤ ਨਾਲ ਆਪਣੇ ਅਤੇ ਆਪਣੇ ਅਧੀਨ ਸਰਦਾਰਾਂ ਦੇ ਮਹੱਲ ਸਜ਼ਾ ਲਏ ਪਰ ਆਪਣੇ ਮਨ ਵਿੱਚ ਉਹ ਹਮੇਸ਼ਾ ਸ਼ਰਮਿੰਦਾ ਰਹੇ। ਕਈ ਵਾਰੀ ਅਕਬਰ ਦੀ ਹਾਜ਼ਰੀ ਵਿੱਚ ਆਪਣੀ ਅਧੀਨਗੀ ਨੂੰ ਪਰਵਾਨ ਕਰਦੇ ਰੋ ਪੈਂਦੇ ਸਨ। ਉਦਯ ਸਿੰਘ ਰਾਠੌਰ ਜਿਸ ਨੂੰ ਅਕਬਰ ਮੋਟਾ ਰਾਜਾ ਕਹਿ ਕੇ ਬੁਲਾਉਂਦਾ ਸੀ, ਦੀਆਂ ਭਾਵੇਂ 27 ਰਾਣੀਆਂ ਸਨ ਪਰ ਫੇਰ ਵੀ ਇੱਕ ਬ੍ਰਾਹਮਣ ਦੀ ਕੁਆਰੀ ਕੁੜੀ 'ਤੇ ਅੱਖ ਰੱਖਦਾ ਸੀ। ਇਸ ਦੇਸ਼ ਦੇ ਬ੍ਰਾਹਮਣ ਵੀ ਰਾਜਪੂਤਾਂ ਵਾਂਗਰ ਸ਼ਰਾਬ ਪੀਂਦੇ ਤੇ ਮੀਟ ਖਾਂਦੇ ਸਨ। ਉਸ ਬ੍ਰਾਹਮਣ ਨੇ ਆਪਣੀ ਲੜਕੀ ਦੇ ਟੁਕੜੇ ਕਰ ਕੇ ਅੱਗ ਵਿੱਚ ਸੁੱਟ ਦਿੱਤੇ ਤੇ ਇਹ ਕਹਿ ਕੇ "ਕਿ ਰਾਜਾ ਉਦਯ ਸਿੰਘ ਨੂੰ ਕਦੇ ਵੀ ਸ਼ਾਂਤੀ ਨਹੀਂ ਮਿਲੇਗੀ ਤੇ ਉਹ

ਤਿੰਨ ਪਹਿਰਾਂ, ਤਿਨ ਦਿਨਾਂ ਜਾਂ ਤਿੰਨ ਸਾਲਾਂ ਵਿੱਚ ਬਦਲਾ ਲਵੇਗਾ।" ਆਪ ਵੀ ਚਿਤਾ ਵਿੱਚ ਕੁਦ ਕੇ ਮਰ ਗਿਆ। ਬ੍ਰਾਹਮਣ ਦੇ ਸਰਾਪ ਨਾਲ ਰਾਜਾ ਨਿਸ਼ਚਿਤ ਸਮੇਂ ਵਿੱਚ ਮਰ ਗਿਆ।

ਇਹੋ ਜਿਹੀਆਂ ਵਹਿਮੀ ਕਹਾਣੀਆਂ ਦਾ ਆਉਣ ਵਾਲੇ ਰਾਜਿਆਂ 'ਤੇ ਚੰਗਾ ਅਸਰ ਹੁੰਦਾ ਦੇਖਿਆ ਗਿਆ। ਉਦਯ ਦੇ ਪੜੋਤੇ ਜਸਵੰਤ ਸਿੰਘ ਨੇ ਆਪਣੇ ਅਧੀਨ ਇੱਕ ਅਹਿਲਕਾਰ ਦੀ ਲੜਕੀ 'ਤੇ ਬੁਰੀ ਨਜ਼ਰ ਰੱਖੀ ਤਾਂ ਉਸ ਬ੍ਰਾਹਮਣ ਦਾ ਭੂਤ ਉਸ 'ਤੇ ਸਵਾਰ ਹੋ ਗਿਆ ਤੇ ਰਾਜਾ ਜਸਵੰਤ ਸਿੰਘ ਬੇਹੋਸ਼ ਹੋ ਗਿਆ। ਸਿਆਣਿਆਂ ਨੇ ਕਿਹਾ ਕਿ ਜੇਕਰ ਜਸਵੰਤ ਸਿੰਘ ਦੇ ਰੁਤਬੇ ਦਾ ਕੋਈ ਵਿਅਕਤੀ ਇਹ ਪਾਪ ਆਪਣੇ ਸਿਰ ਲੈ ਲਵੇ ਤਾਂ ਉਸ ਦੀ ਜਾਨ ਬਚ ਸਕਦੀ ਹੈ। ਉਸ ਦੇ ਪ੍ਰਧਾਨ ਮੰਤਰੀ ਨਾਹਰ ਖਾਂ ਨੇ, ਜਿਸ ਨੇ ਇਸਲਾਮ ਕਬੂਲ ਕਰ ਕੇ ਆਪਣਾ ਨਾਂ ਮੁਕੰਦ ਦਾਸ ਤੋਂ ਨਾਹਰ ਖਾਂ ਰੱਖ ਲਿਆ ਸੀ, ਆਪਣੇ ਰਾਜੇ ਲਈ ਆਪਣਾ ਸਿਰ ਭੇਂਟ ਕਰਨ ਦੀ ਪੇਸ਼ਕਸ਼ ਕੀਤੀ। ਸਿਆਣਿਆਂ ਨੇ ਉਸ ਭੂਤ ਨੂੰ ਇੱਕ ਪਾਣੀ ਦੀ ਗੜਵੀ ਵਿੱਚ ਆਉਣ ਲਈ ਕਿਹਾ ਤੇ ਨਾਹਰ ਖਾਂ ਨੇ ਉਹ ਗੜਵੀ ਦਾ ਪਾਣੀ ਰਾਜੇ ਦੇ ਸਿਰ ਤੋਂ ਵਾਰ ਕੇ ਪੀ ਲਿਆ। ਇਸ ਤਰ੍ਹਾਂ ਰਾਜਸਥਾਨ ਦੇ ਰਾਜਕੁਮਾਰਾਂ ਵਿੱਚ ਨਾਹਰ ਖਾਂ "ਵਫ਼ਾਦਾਰਾਂ ਦਾ ਵਫ਼ਾਦਾਰ" ਬਣ ਗਿਆ। ਮਰਨ ਤੋਂ ਪਹਿਲਾਂ ਉਸ ਨੇ ਆਪਣੇ ਲੜਕਿਆਂ ਨੂੰ ਨਸੀਹਤ ਕੀਤੀ ਕਿ ਪ੍ਰਧਾਨ ਮੰਤਰੀ ਬਣ ਕੇ ਰਾਜੇ ਦੇ ਸੱਜੇ ਹੱਥ ਬੈਠਣ ਨਾਲੋਂ ਤੁਸੀਂ ਖੱਬੇ ਹੱਥ ਬੈਠਣਾ ਤਾਂ ਕਿ ਤੁਹਾਨੂੰ ਐਡੀ ਵੱਡੀ ਕੁਰਬਾਨੀ ਨਾ ਦੇਣੀ ਪਵੇ। ਰਾਜਾ ਜਸਵੰਤ ਸਿੱਖ ਰਾਠੌਰ ਨੇ ਔਰੰਗਜ਼ੇਬ ਦੀ ਵਿਰੋਧਤਾ ਸ਼ਾਹਜਹਾਨ ਦੇ ਹੱਕ ਵਿੱਚ ਕੀਤੀ ਪਰ ਫੇਰ ਵੀ ਔਰੰਗਜ਼ੇਬ ਨੇ ਉਸ ਨੂੰ ਮਾਫ ਕਰ ਕੇ ਸ਼ਿਵਾ ਜੀ ਵਿਰੁੱਧ ਮੁਹਿੰਮ 'ਤੇ ਭੇਜਿਆ। ਜਸਵੰਤ ਸਿੰਘ ਦੀ ਸ਼ਿਵਾ ਜੀ ਨਾਲ ਸਾਜ਼-ਬਾਜ਼ ਦਾ ਪਤਾ ਲੱਗਣ 'ਤੇ ਔਰੰਗਜ਼ੇਬ ਨੇ ਉਸ ਨੂੰ ਗੁਜਰਾਤ ਦਾ ਗਵਰਨਰ ਨਿਯੁਕਤ ਕਰ ਕੇ ਅਹਿਮਦਾਬਾਦ ਭੇਜ ਦਿੱਤਾ ਤੇ ਅੰਬੇਰ ਦੇ ਰਾਜਾ ਜੈ ਸਿੰਘ ਨੂੰ ਸ਼ਿਵਾ ਜੀ ਵਿਰੁੱਧ ਭੇਜਿਆ ਜਿਸ ਨੇ ਸ਼ਿਵਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਲੜਾਈ ਦਾ ਅੰਤ ਕੀਤਾ। ਔਰੰਗਜ਼ੇਬ ਜਸਵੰਤ ਸਿੰਘ ਨੂੰ ਖਤਮ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੂੰ ਉੱਤਰ ਪੱਛਮ ਵਿੱਚ ਪਠਾਣਾਂ ਵਿਰੁੱਧ ਭੇਜਿਆ ਗਿਆ ਜਿਥੋਂ ਉਹ ਜਿਉਂਦਾ ਨਾ ਮੁੜਿਆ। ਉਸ ਦੇ ਬਹਾਦਰ ਲੜਕੇ ਪ੍ਰਿਥੀ ਸਿੰਘ ਨੂੰ ਔਰੰਗਜ਼ੇਬ ਨੇ ਇਨਾਮ ਦੇ ਤੌਰ 'ਤੇ ਦਿੱਤੇ ਜ਼ਹਿਰੀਲੇ ਵਸਤਰ ਪੁਆ ਕੇ ਕਤਲ ਕਰ ਦਿੱਤਾ। ਉਨ੍ਹਾਂ ਸਮਿਆਂ ਵਿੱਚ ਇਹ ਵੀ ਰਾਜਨੀਤਕ ਕਤਲਾਂ ਦਾ ਤਰੀਕਾ ਸੀ।

## ਅਮਰ ਸਿੰਘ ਰਾਠੌਰ

ਰਾਜਾ ਗਜ ਸਿੰਘ ਦੇ ਦੋ ਪੁੱਤਰ ਅਮਰ ਸਿੰਘ ਤੇ ਜਸਵੰਤ ਸਿੰਘ ਸਨ। ਅਮਰ

ਸਿੰਘ ਨੇ ਆਪਣੇ ਪਿਤਾ ਨਾਲ ਦੱਖਣ ਵਿੱਚ ਮੁਗਲਾਂ ਵੱਲੋਂ ਲੜਾਈਆਂ ਵਿੱਚ ਅੱਗੇ ਹੋ ਕੇ ਹਿੱਸਾ ਲਿਆ। ਉਹ ਇੱਕ ਨਿਡਰ ਯੋਧਾ ਸੀ ਪਰ ਅਨੁਸ਼ਾਸਨ ਦੇ ਘੇਰੇ ਵਿੱਚ ਰਹਿਣਾ ਉਸ ਲਈ ਔਖਾ ਸੀ। ਅਮਨ ਸ਼ਾਂਤੀ ਦੇ ਦਿਨਾ ਵਿੱਚ ਉਸ ਵਿਰੁੱਧ ਬਹੁਤ ਸ਼ਿਕਾਇਤਾਂ ਉਸ ਦੇ ਪਿਤਾ ਨੂੰ ਮਿਲਦੀਆਂ। ਆਖਿਰ ਤੰਗ ਆ ਕੇ ਰਾਜਾ ਗਜ ਸਿੰਘ ਨੇ ਉਸ ਨੂੰ ਦੇਸ਼ ਨਿਕਾਲਾ ਦੇਣ ਅਤੇ ਰਾਜ ਗੱਦੀ ਦੇ ਅਧਿਕਾਰ ਤੋਂ ਮਹਿਰੂਮ ਕਰਨ ਦਾ ਫੈਸਲਾ ਕੀਤਾ। ਇਹ ਦਿਨ ਮਾਤਮੀ ਦਿਨ ਹੁੰਦਾ ਸੀ। ਅਮਰਾ ਨੂੰ ਕਾਲੇ ਕੱਪੜੇ ਪਹਿਨਾ ਕੇ, ਕਾਲੇ ਘੋੜੇ 'ਤੇ ਸਵਾਰ ਕਰ ਕੇ, ਕਾਲੀ ਤਲਵਾਰ ਤੇ ਢਾਲ ਪਹਿਨਾ ਕੇ, ਨਰਮ ਸ਼ਬਦਾਂ ਵਿੱਚ ਮੇਵਾੜ ਦੇਸ਼ ਤੋਂ ਬਾਹਰ ਜਿੱਥੇ ਉਹ ਚਾਹੇ ਜਾਣ ਦਾ ਹੁਕਮ ਦਿੱਤਾ ਗਿਆ। ਅਮਰਾ ਦੇ ਕੁਝ ਸਾਥੀਆਂ ਨੇ ਦੇਸ਼ ਨਿਕਾਲੇ ਵਿੱਚ ਵੀ ਉਸ ਦਾ ਸਾਥ ਦੇਣ ਦਾ ਫੈਸਲਾ ਕੀਤਾ ਤੇ ਉਸ ਦੇ ਨਾਲ ਹੋ ਤੁਰੇ ਤੇ ਸ਼ਾਹਜਹਾਂ ਨੇ ਉਸ ਨੂੰ ਨੌਕਰੀ ਦੇ ਦਿੱਤੀ ਤੇ ਨਗੌੜ ਦੀ ਜਗੀਰ ਦੇ ਦਿੱਤੀ। ਇੱਕ ਵਾਰ ਅਮਰਾ ਸ਼ਿਕਾਰ ਖੇਡਣ ਗਿਆ ਪੰਦਰਾਂ ਦਿਨ ਦਰਬਾਰ ਵਿੱਚ ਹਾਜ਼ਰ ਹੀ ਨਾ ਹੋਇਆ। ਇਹੋ ਜਿਹੀ ਅਨੁਸ਼ਾਸਨਹੀਣਤਾ ਕਾਰਨ ਉਸ ਦੇ ਪਿਤਾ ਨੇ ਉਸ ਨੂੰ ਦੇਸ਼ ਨਿਕਾਲਾ ਦਿੱਤਾ ਸੀ। ਸ਼ਾਹਜਹਾਂ ਨੇ ਉਸ ਨੂੰ ਗੈਰ-ਹਾਜ਼ਰੀ ਲਈ ਝਾੜਿਆ ਤੇ ਕਿਹਾ ਕਿ ਇਸ ਕੋਤਾਹੀ ਲਈ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ। ਅਮਰਾ ਨੇ ਆਪਣੀ ਤਲਵਾਰ ਦੇ ਮੁੱਠੇ ਤੇ ਹੱਥ ਰੱਖ ਕੇ ਜਵਾਬ ਦਿੱਤਾ ਕਿ "ਮੇਰੀ ਦੌਲਤ ਤਾਂ ਇਹੀ ਹੈ।" ਸਲਾਬਤ ਖ਼ਾ ਨੂੰ ਅਮਰਾ ਦੀ ਰਿਹਾਇਸ਼ ਤੇ ਜੁਰਮਾਨਾ ਵਸੂਲਣ ਲਈ ਭੇਜਿਆ ਗਿਆ। ਅਮਰਾ ਸੁਭਾਅ ਦਾ ਐਨਾ ਗਰਮ ਸੀ ਕਿ ਜੇਕਰ ਹਵਾ ਵੀ ਉਸ ਦੀ ਮੁੱਛ ਨੂੰ ਹਿਲਾ ਦਿੰਦੀ ਤਾਂ ਹਵਾ ਨਾਲ ਲੜਨ ਨੂੰ ਤਿਆਰ ਹੋ ਜਾਂਦਾ। ਸਲਾਬਤ ਖਾਂ ਨੇ ਕੁਝ ਕਰੜੇ ਸ਼ਬਦਾਂ ਵਿੱਚ ਜੁਰਮਾਨੇ ਬਾਰੇ ਆਖਿਆ ਤਾਂ ਅਮਰਾ ਨੇ ਉਸ ਨੂੰ ਆਪਣੇ ਘਰੋਂ ਕੱਢ ਦਿੱਤਾ। ਸਲਾਬਤ ਖਾਂ ਦੀ ਬੇਇਜ਼ਤੀ 'ਤੇ ਸ਼ਾਹਜਹਾਂ ਨੇ ਉਸ ਨੂੰ ਤੁਰੰਤ ਦਰਬਾਰ ਵਿੱਚ ਬੁਲਾਇਆ। ਇਹ ਘਟਨਾ 25 ਜੁਲਾਈ ਸੰਨ 1644 ਵਿੱਚ ਵਾਪਰੀ। ਅਮਰਾ ਨੇ ਆਪਣੀ ਬਾਂਹ ਵਿੱਚ ਛੁਪਾਈ ਕਟਾਰ ਦਾ ਵਾਰ ਸਲਾਬਤ 'ਤੇ ਕਰ ਕੇ ਉਸ ਨੂੰ ਪਾਰ ਬੁਲਾਇਆ। ਆਪਣੀ ਤਲਵਾਰ ਨਾਲ ਸ਼ਾਹਜਹਾਂ 'ਤੇ ਵੀ ਐਸਾ ਜ਼ੋਰ ਦਾ ਵਾਰ ਕੀਤਾ ਕਿ ਤਲਵਾਰ ਪੀਲ ਪਾਵੇ ਵਿੱਚ ਲੱਗ ਕੇ ਟੁਕੜੇ-ਟੁਕੜੇ ਹੋ ਗਈ। ਸ਼ਾਹਜਹਾਂ ਤਖਤ ਛੱਡ ਕੇ ਪਿਛਲੇ ਕਮਰੇ ਵਿੱਚ ਚਲੇ ਗਿਆ। ਦਰਬਾਰ ਵਿੱਚ ਹਫੜਾ ਦਫੜੀ ਮਚ ਗਈ। ਮੁਗਲ ਜਰਨੈਲ ਅਮਰ ਸਿੰਘ 'ਤੇ ਵਾਰ ਕਰਨ ਦੀ ਕੋਸ਼ਿਸ਼ ਕਰਦੇ ਪਰ ਅਮਰ ਸਿੰਘ ਨੇ ਪੰਜ ਚੋਣਵੇਂ ਮੁਗਲ ਜਰਨੈਲ ਮਾਰ ਸੁੱਟੇ। ਅਮਰ ਸਿੰਘ ਦੇ ਇੱਕ ਰਿਸ਼ਤੇਦਾਰ ਅਰਜਨ ਗੌੜ ਨੇ ਉਸ ਨੂੰ ਸ਼ਾਂਤ ਕਰਨ ਦੇ ਬਹਾਨੇ ਉਸ ਦੇ ਕੋਲ ਜਾ ਕੇ ਖੰਜਰ ਦਾ ਜਾਨਲੇਵਾ ਵਾਰ ਕੀਤਾ। ਅਮਰ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਉਸ ਦੇ ਦੋ ਸੇਵਕਾਂ ਬਾਲੂ ਚੰਪਤ ਅਤੇ ਭਾਊ ਕੁੰਪਾਵਤ ਨੇ ਕੇਸਰੀ ਕੱਪੜੇ ਪਾ ਕੇ ਲਾਲ ਕਿਲ੍ਹੇ ਵਿੱਚ ਕੁਹਰਾਮ ਮਚਾ ਦਿੱਤਾ। ਕਿਲ੍ਹੇ ਦੇ ਪੀਲ ਪਾਵੇ ਇਸ ਗੱਲ ਦੀ ਗਵਾਹੀ ਦਿੰਦੇ

ਹਨ। ਉਨ੍ਹਾਂ ਨੇ ਸ਼ਹੀਦੀ ਜਾਮ ਪੀ ਕੇ ਸੂਰਜ ਭਵਨ (ਸਵਰਗ) ਵਿੱਚ ਅਮਰ ਸਿੰਘ ਦੀ ਰੂਹ ਨੂੰ ਜਾ ਨਮਸਕਾਰ ਕੀਤਾ। ਕਿਲ੍ਹੇ ਦੇ ਬੁਖਾਰਾ ਗੇਟ ਦਾ ਨਾ ਅਮਰ ਸਿੰਘ ਗੇਟ ਪੈ ਗਿਆ ਪਰ ਮੁਗਲਾਂ ਨੇ ਇਹ ਗੇਟ ਬੰਦ ਹੀ ਰੱਖਿਆ ਤੇ ਸੰਨ 1809 ਵਿੱਚ ਅੰਗਰੇਜ਼ੀ ਰਾਜ ਸਮੇਂ ਬੰਗਾਲ ਇੰਜੀਨੀਅਰਜ਼ ਦੇ ਕੈਪਟਨ ਸਟੀਲ ਨੇ ਇਸਨੂੰ ਖੁਲ੍ਹਵਾਇਆ। ਅਮਰ ਸਿੰਘ ਰਾਠੌਰ, ਰਾਜਪੂਤੀ ਸ਼ਾਨ ਅਨੁਸਾਰ, ਐਸੀ ਮੌਤ ਮਰਨਾ ਚਾਹੁੰਦਾ ਸੀ ਕਿ ਮਰਨ ਉਪਰੰਤ ਵੀ ਉਸ ਦਾ ਨਾਮ ਅੰਬਰ ਵਿੱਚ ਤਾਰੇ ਦੀ ਤਰ੍ਹਾਂ ਚਮਕੇ ਤੇ ਉਸ ਨੇ ਇਹ ਕਰ ਕੇ ਦਿਖਾ ਦਿੱਤਾ। ਅੱਜ ਤੱਕ ਵੀ ਅਮਰ ਸਿੰਘ ਦੀ ਨਿਡਰ ਵੀਰਤਾ ਦੀ ਮਿਸਾਲ ਦਿੱਤੀ ਜਾਂਦੀ ਹੈ। ਜੇ ਕਿਸੇ ਨੂੰ ਬਹਾਦਰ ਕਹਿਣਾ ਹੋਵੇ ਤਾਂ ਆਖ ਦਿੰਦੇ ਹਨ "ਬਈ ਉਹ ਤਾਂ ਵੱਡਾ ਰਾਠੌਰ ਹੈ" ਜਾਂ ਕਿਸੇ ਨੂੰ ਆਮ ਜਿਹਾ ਸਮਝਣ ਲਈ ਆਖ ਦਿੰਦੇ ਹਨ "ਅਸੀਂ ਜਾਣਦੇ ਹਾਂ ਤੈਨੂੰ ਵੱਡੇ ਰਾਠੌਰ ਨੂੰ"।

# ਦੁਰਗਾ ਦਾਸ

ਰਾਜਾ ਜਸਵੰਤ ਸਿੰਘ ਦੀ ਅਟਕ ਤੋਂ ਪਾਰ ਮੌਤ ਮਗਰੋਂ ਉਸ ਦੀਆਂ ਕੁਝ ਰਾਣੀਆਂ ਅਤੇ ਰਖੇਲਾਂ ਉਥੇ ਸਤੀ ਹੋਈਆਂ ਪਰ ਅਜੀਤ ਦੀ ਮਾਤਾ ਸੱਤ ਮਹੀਨੇ ਦੀ ਗਰਭਵਤੀ ਸੀ, ਉਸਨੂੰ ਸਤੀ ਹੋਣ ਤੋਂ ਬੜੀ ਮੁਸ਼ਕਲ ਨਾਲ ਰੋਕਿਆ। ਜਦੋਂ ਇਹ ਦੁਖਦਾਈ ਖਬਰ ਜੋਧਪੁਰ ਪੁੱਜੀ ਤਾਂ ਰਾਣੀ ਚੰਦਰਾਵਤੀ ਰਾਜਾ ਜਸਵੰਤ ਸਿੰਘ ਦੀ ਪੱਗ ਚਿਤਾ ਵਿੱਚ ਰੱਖ ਕੇ ਸਤੀ ਹੋਈ। ਅਜੀਤ ਨੂੰ ਪੈਦਾ ਹੁੰਦਿਆਂ ਹੀ ਔਰੰਗਜ਼ੇਬ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦਾ ਸੀ ਤੇ ਦਿੱਲੀ ਪਹੁੰਚਣ 'ਤੇ ਬੜੀ ਘਮਸਾਣ ਦੀ ਜੰਗ ਵਿੱਚੋਂ ਇੱਕ ਮੁਸਲਮਾਨ ਦੇ ਹੱਥੀਂ ਰਾਜਕੁਮਾਰ ਅਜੀਤ ਨੂੰ ਬਾਹਰ ਭੇਜਿਆ। ਦੁਰਗਾ ਦਾਸ ਨੇ ਉਸ ਦੀ ਪਾਲਣਾ ਗੁਪਤ ਤੌਰ 'ਤੇ ਜਵਾਨ ਹੋਣ ਤੱਕ ਕੀਤੀ। ਔਰੰਗਜ਼ੇਬ ਨੇ ਆਪਣੇ ਦੋ ਦੁਸ਼ਮਣਾਂ ਦੀਆਂ ਫੋਟੋਆਂ ਬਣਵਾ ਕੇ ਆਪਣੇ ਆਰਾਮ ਕਮਰੇ ਵਿੱਚ ਲਵਾਈਆਂ। ਇੱਕ ਤਾਂ ਸ਼ਿਵਾ ਜੀ ਦੀ ਗੱਦੀ 'ਤੇ ਬੈਠੇ ਦੀ ਤੇ ਦੂਜੀ ਦੁਰਗਾਦਾਸ ਦੀ ਮੱਕੀ ਦੇ ਟਾਂਡੇ ਬਾਲ ਕੇ ਨੇਜ਼ੇ ਨਾਲ ਜੌਆਂ ਦੇ ਆਟੇ ਦੀ ਰੋਟੀ ਪਕਾਂਦੇ ਦੀ। ਪਹਿਲੀ ਵਾਰ ਫੋਟੋਆਂ ਦੇਖ ਕੇ ਔਰੰਗਜ਼ੇਬ ਦੇ ਮੂੰਹੋਂ ਨਿਕਲਿਆ "ਇਸ (ਸ਼ਿਵਾ ਜੀ) ਨੂੰ ਤਾਂ ਮੈਂ ਜਾਲ ਵਿੱਚ ਫਸਾ ਸਕਦਾਂ ਹਾਂ ਪਰ ਦੂਸਰਾ ਕੁੱਤਾ (ਦੁਰਗਾਦਾਸ) ਪੈਦਾ ਹੀ ਮੇਰੀ ਸਿਰਦਰਦੀ ਲਈ ਹੋਇਆ ਹੈ।"

ਔਰੰਗਜ਼ੇਬ ਨੇ ਖੁਦ ਅਜਮੇਰ ਤੇ ਚੜ੍ਹਾਈ ਕੀਤੀ ਤੇ ਉਸ ਨੇ ਚਿਤੌੜ ਵੀ ਜਿੱਤ ਲਿਆ। ਇਸ ਮੁਹਿੰਮ ਵਿੱਚ ਸਾਰੇ ਇਲਾਕੇ ਵਿੱਚੋਂ ਮੰਦਰ ਢਾਹ ਕੇ ਮਸਜ਼ਿਦਾਂ ਬਣਾ ਦਿੱਤੀਆਂ। ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ। ਕੁਝ ਕੁ ਅਣਖੀਲੇ ਰਾਜਪੂਤ ਅੜੇ ਰਹੇ। ਔਰੰਗਜ਼ੇਬ ਦੇ ਪੁੱਤਰ ਅਕਬਰ ਨੂੰ ਆਪਣੇ ਪਿਤਾ ਦੀ ਇਹ ਜ਼ਬਰਦਸਤੀ ਪਸੰਦ ਨਹੀਂ ਸੀ। ਉਹ ਚਾਹੁੰਦਾ ਸੀ ਐਨੀ ਬਹਾਦਰ ਕੌਮ ਤੋਂ ਦੋਸਤੀ ਨਾਲ ਬਹੁਤ ਕੰਮ ਲਏ ਜਾ ਸਕਦੇ ਹਨ। ਉਸ ਨੇ ਔਰੰਗਜ਼ੇਬ ਵਿਰੁੱਧ ਬਗਾਵਤ ਕਰ ਦਿੱਤੀ ਤਾਂ ਰਾਜਪੂਤਾਂ ਨੇ ਉਸ ਤੇ ਭਾਰਤ ਦੀ ਸ਼ਹਿਨਸ਼ਾਹੀ ਦਾ ਛਤਰ ਝੁਲਾ ਦਿੱਤਾ। ਅਕਬਰ ਨੇ ਰਾਜਪੂਤਾਂ ਦੀ ਮਦਦ ਨਾਲ ਆਗਰੇ ਵਲ ਵਧਣਾ ਸ਼ੁਰੂ ਕੀਤਾ। ਅਕਬਰ ਦੇ ਜਰਨੈਲ ਤਾਹਰ ਖਾਂ ਨੇ ਦੋਹਰੀ ਚਾਲ ਖੇਡਣ ਦੀ ਕੋਸ਼ਿਸ਼ ਕੀਤੀ ਤੇ ਔਰੰਗਜ਼ੇਬ ਕੋਲ ਹਾਜ਼ਰ ਹੋ ਕੇ ਉਸ ਲਈ ਆਪਣੀ ਵਫਾਦਾਰੀ ਦੇ ਬੋਲ ਬੋਲਣ ਹੀ ਲੱਗਾ ਸੀ ਕਿ ਉਸ ਦੀ ਗਰਦਨ ਧੜ ਨਾਲੋਂ ਅਲੱਗ ਕਰ ਦਿੱਤੀ ਗਈ। ਤਾਹਰ ਖਾਂ ਵੱਲੋਂ ਲਿਖੀ ਇੱਕ ਚਿੱਠੀ ਰਾਠੌਰਾਂ ਵੱਲ ਭੇਜੀ ਗਈ ਜਿਸ ਵਿੱਚ ਲਿਖਿਆ ਸੀ "ਮੈਂ ਤੁਹਾਡੇ ਅਤੇ ਅਕਬਰ ਦੇ ਮੱਲ੍ਹ ਦਾ ਜ਼ਾਮਨ ਸਾਂ ਪਰ ਜਿਸ ਬੰਨ੍ਹ ਨੇ ਪਾਣੀਆਂ ਨੂੰ ਇੱਕ ਹੋਣ ਤੋਂ ਰੋਕਿਆ ਹੋਇਆ ਸੀ ਟੁੱਟ ਗਿਆ ਹੈ। ਪਿਉ ਪੁੱਤਰ ਇੱਕ ਹੋ ਗਏ ਹਨ। ਸਾਰੇ ਕੌਲ ਕਰਾਰ ਭੁੱਲ ਜਾਵੋ ਤੇ ਆਪਣੇ ਦੇਸ਼ ਨੂੰ ਵਾਪਸ ਮੁੜ ਜਾਵੋ"। ਚਿੱਠੀ ਮਿਲਦਿਆਂ

ਸਾਰ ਰਾਜਪੂਤਾਂ ਨੇ ਵਾਪਸੀ ਦੀ ਐਨੀ ਕਾਹਲੀ ਕੀਤੀ ਕਿ ਅਕਬਰ ਤੋਂ ਇਸ ਬਾਰੇ ਪੁੱਛਣ ਦਾ ਵੀ ਨਾ ਸੋਚਿਆ। ਰਾਜਪੂਤਾਂ ਦੇ ਕਾਹਲੀ ਕਰਨ ਦਾ, ਬਿਨਾਂ ਧੀਰਜ ਕਾਰਵਾਈ ਕਰਨ ਦਾ ਸੁਭਾਅ ਵੀ ਉਨ੍ਹਾਂ ਲਈ ਹਮੇਸ਼ਾ ਹਾਨੀਕਾਰਕ ਸਾਬਤ ਹੋਇਆ ਹੈ। ਪਰ ਅਕਬਰ ਸੱਚਾ ਸੀ ਉਹ ਫੇਰ ਰਾਜਪੂਤਾਂ ਦੀ ਸ਼ਰਨ ਵਿੱਚ ਚਲੇ ਗਿਆ ਤੇ ਉਨ੍ਹਾਂ ਨੇ ਆਪਣੀ ਰਵਾਇਤ ਅਨੁਸਾਰ ਉਸ ਦੀ ਰੱਖਿਆ ਕੀਤੀ ਤੇ ਪਹਿਲਾਂ ਦੂਰ ਪੱਛਮ ਵੱਲ ਮਾਰੂਥਲ ਵੱਲ ਤੇ ਫੇਰ ਦੱਖਣ ਵਿੱਚ ਸੁਰੱਖਿਅਤ ਥਾਂ ਉਸ ਨੂੰ ਪਹੁੰਚਾ ਦਿੱਤਾ। ਔਰੰਗਜ਼ੇਬ ਨੇ ਅਕਬਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਹਾਇਤਾ ਦੇਣ ਲਈ ਸੱਤ ਹਜ਼ਾਰ ਸੋਨੇ ਦੀਆਂ ਮੋਹਰਾਂ ਦੁਰਗਾਦਾਸ ਨੂੰ ਭੇਜੀਆਂ ਜੋ ਉਸ ਨੇ ਅਕਬਰ ਨੂੰ ਹੀ ਉਸ ਦੇ ਖਰਚ ਲਈ ਦੇ ਦਿੱਤੀਆਂ। ਹੰਸਾਂ ਨੂੰ ਪਾਲਣ ਲਈ ਮੋਤੀ ਉਨ੍ਹਾਂ ਦੀ ਖ਼ੁਰਾਕ ਵਜੋਂ ਦੇਣੇ ਹੀ ਪੈਂਦੇ ਹਨ। ਦੁਰਗਾ ਦਾਸ ਜਿਹਾ ਉੱਚਾ ਸੁੱਚਾ ਚਾਲ ਚੱਲਣ ਵਾਲਾ ਰਾਠੌਰ ਸ਼ਾਇਦ ਹੀ ਕੋਈ ਹੋਰ ਹੋਵੇ ਤਾਂ ਹੀ ਤਾਂ ਭੱਟ ਨੇ ਲਿਖਿਆ ਹੈ।

ਮਾਈ ਚਾ ਪੁੱਤ ਜਣ,
ਜਿਹਾ ਦੁਰਗਾ ਦਾਸ।
ਬਾਂਧ ਮੁਰਧਾਰਾ ਰਾਖਿਓ,
ਬਿਨ ਥੰਭਾਂ ਆਕਾਸ।

ਸ਼ਹਿਜ਼ਾਦਾ ਅਕਬਰ ਦੀ ਪੁੱਤਰੀ ਜੋ ਕਿ ਜਵਾਨ ਹੋ ਰਹੀ ਸੀ ਬਾਰੇ ਔਰੰਗਜ਼ੇਬ ਨੂੰ ਬਹੁਤ ਫਿਕਰ ਸੀ। ਦੁਰਗਾਦਾਸ ਨੇ ਉਸ ਦੀ ਬੜੀ ਇੱਜ਼ਤ ਨਾਲ ਪਾਲਣਾ ਕੀਤੀ ਤੇ ਉਸ ਨੂੰ ਔਰੰਗਜ਼ੇਬ ਕੋਲ ਭੇਜਿਆ। ਔਰੰਗਜ਼ੇਬ ਇਹੋ ਜਿਹੇ ਉੱਚੇ ਚਾਲ ਚਲਨ ਵਾਲੇ ਰਾਜਪੂਤਾਂ ਦੀ ਤਾਰੀਫ ਕਰਨੋ ਨਾ ਰਹਿ ਸਕਿਆ। ਮੁਗਲ ਇਹੋ ਜਿਹੀਆਂ ਉੱਚੇ ਸੁੱਚੇ ਚਾਲ ਚਲਨ ਦੀਆਂ ਉਦਾਹਰਨਾਂ ਘੱਟ ਹੀ ਦੇ ਸਕਦੇ ਹਨ। ਔਰੰਗਜ਼ੇਬ ਨੇ ਉਸ ਨੂੰ ਪੰਜ ਹਜ਼ਾਰ ਦੀ ਮਨਸਬਦਾਰੀ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਠੁਕਰਾ ਦਿੱਤੀ। ਇਸ ਨਾਲ ਉਹ ਰਾਜਿਆਂ ਅਤੇ ਮੁਗਲ ਰਾਜ ਦੇ ਮੁੱਖ ਜਰਨੈਲਾਂ ਬਰਾਬਰ ਹੋ ਸਕਦਾ ਸੀ। ਪਰ ਉਹ ਤਾਂ ਅਨਮੋਲ, ਅਨੂਪ ਅਤੇ ਲਾਸਾਨੀ ਸੀ। ਆਪਣੇ ਰਾਜਕੁਮਾਰਾਂ ਲਈ, ਵਫਾਦਾਰੀ ਅਤੇ ਸ਼ਰਧਾ, ਰਾਠੌਰਾਂ ਵਰਗੀ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ।

ਰਾਠੌਰ ਵੰਸ਼ ਦੇ ਮੋਢੀ ਸਿਆ ਜੀ ਨੇ ਮਾਰਵਾੜ ਵਿੱਚ ਅਪਣਾ ਰਾਜ ਮੰਡੋਰ ਦੇ ਪਰਿਹਾਰ ਰਾਜਪੂਤਾਂ ਨੂੰ ਧੋਖੇ ਨਾਲ ਕਤਲ ਕਰ ਕੇ ਸਥਾਪਤ ਕੀਤਾ। ਹੋਇਆ ਇਸ ਤਰ੍ਹਾਂ ਕਿ ਰਾਠੌਰ ਅਪਣਾ ਰਾਜ ਭਾਗ ਗੁਆ ਕੇ ਪਰਿਹਾਰਾਂ ਦੀ ਸ਼ਰਨ ਵਿੱਚ ਮੰਡੋਰ ਆਏ। ਪਰਿਹਾਰਾਂ ਅਪਣੇ ਮਹਿਲਾਂ ਵਿੱਚ ਹੀ ਉਨ੍ਹਾਂ ਨੂੰ ਰਹਿਣ ਨੂੰ ਥਾਂ ਦੇ ਦਿੱਤੀ। ਇੱਕ ਰਾਤ ਸੁੱਤੇ ਪਏ ਪਰਿਹਾਰ ਸ਼ਹਿਜ਼ਾਦਿਆਂ ਨੂੰ ਕਤਲ ਕਰਕੇ ਰਾਠੌਰ ਮੰਡੋਰ ਦੇ ਰਾਜੇ ਬਣ ਗਏ।

*1 ਮੁਗਲ ਸ਼ਹਿਨਸ਼ਾਹ ਰਾਠੌਰਾਂ ਦੇ ਅਹਿਸਾਨਮੰਦ ਰਹੇ ਹਨ ਕਿਉਂਕਿ ਰਾਠੌਰਾਂ ਦੀ "ਇੱਕ ਲੱਖ ਤਲਵਾਰ" ਮੁਗਲਾਂ ਦੇ ਹੱਕ ਵਿੱਚ ਚਲਦੀ ਸੀ।

ਰਾਠੌਰ ਰਾਜਪੂਤ, ਰਾਜਪੂਤਾਂ ਵਿੱਚੋਂ ਬਹੁਤ ਅਣਖੀ ਕਬੀਲਾ ਹੈ। ਮੁਸਲਮਾਨ ਬਾਦਸ਼ਾਹਾਂ ਦੇ ਵੇਲੇ ਰਾਣਾ ਪ੍ਰਤਾਪ ਵਾਂਗ ਇਹਨਾਂ ਨੇ ਅਣਖ ਨਹੀਂ ਤਿਆਗੀ ਤੇ ਉਸ ਦੇ ਸਿੱਟੇ ਵਜੋਂ ਰਾਜਸਥਾਨ ਛੱਡ ਕੇ ਹੋਰ ਸੂਬਿਆਂ ਵੱਲ ਨੂੰ ਚਲੇ ਗਏ। ਦਿੱਲੀ ਤੇ ਪੰਜਾਬ ਵਿੱਚ ਅੱਜ ਦੁਰਹਾਲੀ ਵਿੱਚ ਖਾਨਾਬਦੋਸ਼ੀ ਦਾ ਜੀਵਨ ਭੋਗ ਰਹੇ ਹਨ ਅਤੇ ਆਨਸ਼ਾਨ ਤਾਂ ਨਹੀਂ ਛੱਡੀ ਪਰ ਪਿਛਲੇ ਤਿੰਨ ਚਾਰ ਸੌ ਸਾਲ ਦੇ ਸਮੇਂ ਵਿੱਚ ਇਹਨਾਂ ਦੀ ਮਾਲੀ ਹਾਲਤ ਬਿਲਕੁਲ ਹੀ ਨਿੱਘਰ ਗਈ। ਅੱਜਕੱਲ ਆਮ ਪੰਜਾਬ ਦੇ ਪਿੰਡਾਂ ਵਿੱਚ ਇਹਨਾਂ ਸਿਰਕੀਵਾਸਾਂ ਨੂੰ ਗੱਡੀਆਂ 'ਤੇ ਚੱਲਦੇ ਫਿਰਦੇ ਵੇਖੋਗੇ ਜੋ ਬਾਲਟੀਆਂ ਦੇ ਥੱਲੇ, ਪੀਪਿਆਂ ਦੇ ਢੱਕਣ ਅਤੇ ਹੋਰ ਔਜ਼ਾਰ ਤੇ ਹੋਰ ਛੋਟੇ ਮੋਟੇ ਲੋਹੇ ਦੇ ਔਜ਼ਾਰ ਬਣਾ ਕੇ ਪਿੰਡਾਂ ਵਿੱਚ ਵੇਚ ਕੇ ਆਪਣੀ ਉੱਪਜੀਵਕਾ ਦੇ ਸਾਧਨ ਬਣਾਈ ਬੈਠੇ ਹਨ।

*2 ਸੇਰ ਸ਼ਾਹ ਸੂਰੀ ਨੇ ਸੰਨ 1544 ਵਿੱਚ ਮਾਰਵਾੜ 'ਤੇ ਚੜ੍ਹਾਈ ਕੀਤੀ। ਰਾਜਪੂਤਾਂ ਨੇ ਇਕੱਠੇ ਹੋ ਕਿ ਇਸ ਦਾ ਨੱਕ ਵਿੱਚ ਦਮ ਕਰ ਦਿੱਤਾ। ਇੱਕ ਅਚੰਭੇ ਨਾਲ ਭਾਵੇਂ ਜਿੱਤ ਤਾਂ ਸ਼ੇਰਸ਼ਾਹ ਸੂਰੀ ਦੀ ਹੋਈ ਪਰ ਉਸ ਦੇ ਆਪਣੇ ਲਫ਼ਜ਼ ਸਨ- "ਇੱਕ ਮੁੱਠ ਜੌਆਂ ਬਦਲੇ ਮੈਂ ਹਿੰਦੁਸਤਾਨ ਦੀ ਸ਼ਹਿਨਸ਼ਾਹੀ ਗੁਆਉਣ ਲੱਗਾ ਸੀ" ਇਹਨਾਂ ਸ਼ਬਦਾਂ ਤੋਂ ਰਾਜਪੂਤਾਂ ਦੀ ਦਲੇਰੀ ਅਤੇ ਗਰੀਬੀ ਦੀ ਝਲਕ ਪੈਂਦੀ ਹੈ।

ਚਿਤੌੜ ਦੇ ਕਿਲੇ ਦੀ ਰੱਖਿਆ ਕਰਦੇ ਸ਼ਹੀਦ ਹੋਣ ਵਾਲਾ ਜੈਮਲ ਜਿਸ ਦੀਆਂ ਵਾਰਾਂ ਗਾ ਕੇ ਭੱਟ ਅਤੇ ਢਾਡੀ ਜੱਸ ਖੱਟਦੇ ਹਨ, ਰਾਠੌਰ ਗੋਤ ਦਾ ਸੀ ਤੇ ਅਕਬਰ ਨੇ ਇਸ ਨੂੰ ਆਪਣੀ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਬਣਾਇਆ। ਜੈਮਲ ਆਪਣੇ ਸਮੇਂ ਰਾਜਪੂਤਾਨਾ ਦੇ 30 ਵੱਡੇ ਜਗੀਰਦਾਰਾਂ ਵਿੱਚੋਂ ਸੀ। ਜੈਮਲ ਮੀਰਾਂ ਬਾਈ ਦਾ ਰਿਸ਼ਤੇ ਵਿੱਚ ਭਰਾ ਸੀ।

ਮੁਗ਼ਲਾਂ ਤੋਂ ਬਾਅਦ, ਰਾਜਪੂਤਾਂ ਦੀ ਆਪਸੀ ਫੁੱਟ ਸੁਣ ਕੇ, ਮਰਹੱਟੇ ਦੱਖਣ ਵੱਲੋਂ ਰਾਜਪੂਤਾਂ ਵੱਲ ਨੂੰ ਵਧੇ। ਟੋਂਗਾ ਦੀ ਲੜਾਈ ਵਿੱਚ ਮਰਹੱਟਿਆਂ ਨੂੰ ਹਾਰ ਹੋਈ ਤਾਂ ਉਹ ਜੈਪੁਰ ਵੱਲ ਨੂੰ ਵੱਧੇ। ਪੱਤਣ (ਤੂਅਰਵਤੀ) ਦੇ ਮੈਦਾਨ ਵਿੱਚ ਰਾਠੌਰ ਬਹੁਤ ਬਹਾਦਰੀ ਨਾਲ ਲੜੇ ਪਰ ਮਰਹੱਟਿਆਂ ਕੋਲ ਕੁਝ ਫਰਾਂਸੀਸੀ ਤੋਪਾਂ ਸਨ ਜਿਨ੍ਹਾਂ ਰਾਠੌਰਾਂ ਦੀ ਪੇਸ਼ ਨਾ ਜਾਣ ਦਿੱਤੀ। ਦੂਜੇ ਰਾਠੌਰਾਂ ਨੂੰ ਇਹ ਵੀ ਅਹਿਸਾਸ ਹੋਇਆ ਕਿ ਆਪਣੀ ਮਾਤਰਭੂਮੀ ਦੀ ਥਾਂ ਕਿਸੇ ਹੋਰ ਦੀ ਧਰਤੀ 'ਤੇ ਜਮ ਕੇ ਲੜਨਾ ਕਿੰਨਾ ਔਖਾ ਹੁੰਦਾ ਹੈ। ਇਹ ਲੜਾਈ 20 ਜੂਨ ਸੰਨ 1790 ਨੂੰ ਹੋਈ।

---

*[1] *Annals and Antiquities of Rajasthan by Tod Vol. I Page 106*

*[2] *Annals and Antiquities of Rajasthan by Tod Vol. I Page 957*

* ਰਾਠੌਰ ਆਪਣੀ ਭੂਮੀ 'ਤੇ ਜੰਗ ਕਰਨ ਦੀ ਬਜਾਏ ਜੈਪੁਰ ਦੇ ਉੱਤਰ ਵੱਲ ਕਛਵਾਹੇ ਰਾਜਪੂਤਾਂ ਨਾਲ ਮਿਲ ਗਏ। ਟੌਂਗਾ ਦੀ ਜੰਗ ਵਿੱਚ ਸਿੰਧੀਆ ਮਰਹੱਟਿਆਂ ਨੂੰ ਐਸੀ ਭਾਂਜ ਦਿੱਤੀ ਤੇ ਜੈਪੁਰ (ਅੰਬੇਰ) ਦੀ ਲਾਜ ਰੱਖੀ ਕਿ ਇੱਕ ਭੱਟ ਨੇ ਲਿਖਿਆ:-
ਉਧਲਤੀ ਅੰਬੇਰ ਨੇ ਰਾਖੀ ਰਾਠੌਰਾਂ।

ਰਾਜਸਥਾਨੀ ਭਾਸ਼ਾ ਵਿੱਚ ਕਹੇ ਇਹਨਾਂ ਬੋਲਾਂ ਦਾ ਅਰਥ ਹੈ:-

The Rathors guarded The petticoats of Amber

ਪਰ ਪੱਤਣ ਦੀ ਜੰਗ ਵਿੱਚ ਇਸ ਦੇ ਉਲਟ ਰਾਠੌਰਾਂ ਨੂੰ ਐਸੀ ਨਿਮੋਸ਼ੀ ਵਾਲੀ ਹਾਰ ਹੋਈ ਕਿ ਤੀਵੀਂਆਂ ਨੇ ਉਨ੍ਹਾਂ ਦੇ ਘੋੜੇ ਖੋਹ ਲਏ ਤੇ ਕਿਸੇ ਭੱਟ ਨੇ ਰਾਜਸਥਾਨੀ ਭਾਸ਼ਾ ਵਿੱਚ ਲਿਖਿਆ:-

ਘੋੜੇ, ਜੋੜੇ, ਪਗੜੀ
ਮੂਛਾਂ, ਖਗ ਮਾਰਵਾੜ
ਪਾਂਚ ਰਕਮ ਮੇਲ ਲਿੱਧਾ
ਪੱਤਣ ਮੇਂ ਰਾਠੌਰ

ਜਿਸ ਦੇ ਅਰਥ ਹਨ:-

Horse, shoes, Turban
Mustachio, sword of Marwar
Five thing surrendered were
At Patan by Rathor

ਕਿਸੇ ਹੋਰ ਲਿਖਾਰੀ ਅਨੁਸਾਰ ਉੱਪਰਲੇ ਬੋਲ ਠੀਕ ਨਹੀਂ ਤੇ ਰਾਜਸਥਾਨੀ ਬੋਲੀ ਵਿੱਚ ਠੀਕ ਬੋਲ ਇਹ ਹਨ :-

ਘੋੜੇ, ਜੋੜੇ, ਪਗੜੀ
ਮੁੱਛਾਂ ਤਾਣੀ ਮਰੋੜ
ਯਾਨ ਪੰਚਮ ਗੁਣ ਅਗਲੀ
ਰਾਜਪੂਤੀ ਰਾਠੌਰ

## ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਵਿੱਦਿਆ ਦੇ ਉਸਤਾਦ ਭਾਈ ਬਜਰ ਸਿੰਘ

ਸਿੱਖ ਤਵਾਰੀਖ ਵਿੱਚ ਭੱਟ ਵਹੀਆਂ ਦਾ ਅਹਿਮ ਮੁਕਾਮ ਹੈ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਵੱਲੋਂ ਹੋਈ ਇਨ੍ਹਾਂ ਦੀ ਖੋਜ ਤੋਂ ਬਾਅਦ ਸਿੱਖ ਵਿਦਵਾਨਾਂ ਨੂੰ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ, ਸਥਾਨਾਂ, ਮਿਤੀਆਂ ਅਤੇ

ਸ਼ਖਸੀਅਤਾਂ ਬਾਰੇ ਭਰੋਸੇਯੋਗ, ਠੀਕ ਅਤੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਹੋਈ ਹੈ। ਐਸੀ ਹੀ ਇੱਕ ਸ਼ਖਸੀਅਤ ਸਨ-ਸ਼ਹੀਦ ਭਾਈ ਬਜਰ ਸਿੰਘ,ਜਿਨ੍ਹਾਂ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਬਚਪਨ ਵਿੱਚ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਿੱਤੀ ਸੀ।

ਭਾਈ ਬਜਰ ਸਿੰਘ (ਜਿਨ੍ਹਾਂ ਨੂੰ ਉਸਤਾਦ ਭਾਈ ਬਜਰ ਸਿੰਘ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ) ਦਾ ਜਨਮ ਭਾਈ ਰਾਮਾ ਦੇ ਗ੍ਰਹਿ ਸੋਧਰਾ ਜ਼ਿਲ੍ਹਾ ਵਜ਼ੀਰਾਬਾਦ (ਹੁਣ ਪਾਕਿਸਤਾਨ) ਵਿਖੇ ਹੋਇਆ। ਆਪ ਰਾਠੌਰ ਗੋਤ ਦੇ ਰਾਜਪੂਤ ਖਾਨਦਾਨ ਵਿੱਚੋਂ ਸਨ ਅਤੇ ਆਪ ਦੀ ਪਰਿਵਾਰਕ ਮੂੰਹੀ 'ਉਦਾਨੇ' ਸੀ, ਜਿਸ ਨੂੰ ਅੱਜ ਕੱਲ੍ਹ 'ਵਦਾਣੇ' ਜਾਂ 'ਬਦਾਣੇ' ਵੀ ਆਖਿਆ ਜਾਂਦਾ ਹੈ। ਆਪ ਦਾ ਪਰਿਵਾਰ ਪਿਛਲੀਆਂ ਕਈ ਪੀੜ੍ਹੀਆਂ ਤੋਂ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਦੇ ਪੜਦਾਦਾ ਭਾਈ ਮਾਂਡਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੌਜ ਦੇ ਮੰਨੇ-ਪ੍ਰਮੰਨੇ ਜਰਨੈਲ ਅਤੇ ਮਹਾਨ ਲੜਾਕੇ ਸਨ। ਗੁਰੂ ਸਾਹਿਬ ਵੱਲੋਂ 27 ਸਤੰਬਰ, 1621 ਈ. ਨੂੰ ਰੋਹੀਲਾ (ਹੁਣ ਸ੍ਰੀ ਹਰਗੋਬਿੰਦਪੁਰ) ਦੇ ਸਥਾਨ 'ਤੇ ਲੜੀ ਗਈ ਜੰਗ ਵਿੱਚ ਉਨ੍ਹਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ ਅਤੇ ਭਗਵਾਨ ਦਾਸ ਘੇਰੜ ਅਤੇ ਹੋਰ ਹਮਲਾਵਰਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਭਾਵੇਂ ਇਸ ਦੌਰਾਨ ਉਹ ਆਪ ਵੀ ਸਖ਼ਤ ਜ਼ਖ਼ਮੀ ਹੋਏ ਸਨ। ਭਾਈ ਬਜਰ ਸਿੰਘ ਦੇ ਦਾਦਾ ਭਾਈ ਸੁਖੀਆ ਵੀ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਦੇ ਜਰਨੈਲ ਅਤੇ ਸੂਰਬੀਰ ਯੋਧੇ ਸਨ। ਉਨ੍ਹਾਂ ਦੀ ਸ਼ਹੀਦੀ ਗੁਰੂ ਸਾਹਿਬ ਵੱਲੋਂ 16 ਦਸੰਬਰ, 1634 ਈ. ਨੂੰ ਲੜੀ ਗਈ 'ਮਹਿਰਾਜ ਦੀ ਜੰਗ' ਵਿੱਚ ਹੋਈ। ਇਸ ਜੰਗ ਵਿੱਚ ਉਨ੍ਹਾਂ ਨੇ ਮੁਗਲ ਫੌਜਾਂ ਦੇ ਜਰਨੈਲ ਲਾਲ ਬੇਗ ਦੇ ਇੱਕ ਕਰੀਬੀ ਸਾਥੀ ਇਬਰਾਹੀਮ ਖਾਂ ਅਤੇ ਹੋਰ ਬਹੁਤ ਸਾਰੇ ਦੁਸ਼ਮਣਾਂ ਨੂੰ ਮਾਰ ਕੇ ਸ਼ਹੀਦਤ ਦਾ ਜਾਮ ਪੀਤਾ। ਭੱਟ ਵਹੀ ਵਿੱਚ ਇਸ ਸੰਬੰਧੀ ਦਿੱਤਾ ਹਵਾਲਾ ਇਸ ਪ੍ਰਕਾਰ ਹੈ :-

'...ਸੁੱਖਾ ਬੇਟਾ ਮਾਡਨ ਕਾ, ਪੋਤਾ ਉਦੇ ਕਾ, ਪੜਪੋਤਾ ਨਾਥੂਕਾ, ਰਾਠੌਰ ਉਦਾਨਾ, ਸਾਲ ਸੋਲਾਂ ਮੈਂ ਇਕਾਨਵੇਂ, ਪੋਖ ਪਰਵਿਸ਼ਟੇ ਸਤਾਰਾਂ, ਮੰਗਲਵਾਰ ਕੇ ਦਿਹੁੰ, ਮਰਾਝ ਕੇ ਮਲ੍ਹਾਨ, ਗੁਰੂ ਦੇ ਹੁਕਮ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰਾ।'

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨੋ ਕਾ)

ਭਾਈ ਬੱਜਰ ਸਿੰਘ ਜੀ ਦੇ ਤਿੰਨ ਹੋਰ ਵੀ ਛੋਟੇ ਭਰਾ ਸਨ, ਜਿਨ੍ਹਾਂ ਨੇ ਸਮੇਂ-ਸਮੇਂ ਸਿਰ ਸਿੱਖ ਕੌਮ ਵਾਸਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ, ਜਿਵੇਂ ਭਾਈ ਅਜੀਤ ਸਿੰਘ ਤੇ ਭਾਈ ਨੇਤਾ ਸਿੰਘ, 14 ਅਕਤੂਬਰ, 1700 ਈ. ਨੂੰ ਨਿਰਮੋਹਗੜ੍ਹ ਦੀ ਲੜਾਈ ਵਿੱਚ ਸ਼ਹੀਦ ਹੋਏ, ਜਿਸ ਦਾ ਹਵਾਲਾ ਭੱਟ ਵਹੀ ਵਿੱਚ ਇਸ ਤਰ੍ਹਾਂ ਮਿਲਦਾ ਹੈ:

'ਜੀਤ ਸਿੰਘ, ਨੇਤਾ ਸਿੰਘ ਬੇਟੇ ਰਾਮੇ ਕੇ,ਪੋਤੇ ਸੁੱਖੇ ਕੇ, ਓਦਾਨੇ ਬੰਸ ਊਦੇ

ਕਾ...ਸਾਲ ਸਤਰਾਂ ਸੈ ਸਤਵੰਜਾ, ਕਤਿਕ ਪਰਵਿਸ਼ਤੇ ਤੇਰਾਂ, ਦਿਨ ਸੋਮਵਾਰ, ਨਿਰਮੋਹਗੜ੍ਹ ਕੇ ਮਲ੍ਹਾਨ, ਪਰਗਨਾ ਕਹਿਲੂਰ, ਰਨ ਮੇ ਸਾਮ੍ਹੇ ਮਾਥੇ ਜੂਝ ਕਰ ਮਰੇ।"

(ਭੱਟੀ ਵਹੀ ਮੋਹਰਾਂ ਵਾਲੀ ਖਾਤਾ ਉਦਾਨਿਆ ਕਾ)

ਇਸੇ ਤਰ੍ਹਾਂ ਸਭ ਤੋਂ ਛੋਟੇ ਭਰਾ ਭਾਈ ਉਦੈ ਸਿੰਘ ਰਾਠੌਰ, 24 ਜੂਨ, 1734 ਈ. ਦੇ ਦਿਨ ਭਾਈ ਮਨੀ ਸਿੰਘ ਨਾਲ ਨਖਾਸ ਚੌਕ, ਲਾਹੌਰ ਵਿਖੇ ਸ਼ਹੀਦ ਹੋਏ।

ਸੋ, ਸਾਫ ਜ਼ਾਹਿਰ ਹੈ ਕਿ ਭਾਈ ਬਜਰ ਸਿੰਘ ਦਾ ਪਰਿਵਾਰ ਗੁਰੂ ਸਾਹਿਬਾਨ ਦਾ ਨਜ਼ਦੀਕੀ, ਕਿਰਪਾ ਪਾਤਰ ਅਤੇ ਵਿਸ਼ਵਾਸ ਪਾਤਰ ਸੀ। ਗੁਰੂ ਸਾਹਿਬਾਨ ਦੀ ਛੋਹ ਨਾਲ ਇਨ੍ਹਾਂ ਦੇ ਰਾਠੌਰ ਰਾਜਪੂਤ ਖ਼ੂਨ ਤੇ ਗੁਰਸਿੱਖੀ ਦੀ ਐਸੀ ਪਾਣ ਚੜ੍ਹੀ ਕਿ ਇਨ੍ਹਾਂ ਨੇ ਮੈਦਾਨੇ-ਜੰਗ ਵਿੱਚ ਜਿਥੇ ਬੇਮਿਸਾਲ ਬਹਾਦਰੀ ਦਿਖਾਈ ਤੇ ਸ਼ਹੀਦੀਆਂ ਦੀ ਵੀ ਜਿਵੇਂ ਝੜੀ ਲਾ ਦਿੱਤੀ।

ਭਾਈ ਬਜਰ ਸਿੰਘ ਵਿੱਚ ਵੀ ਆਪਣੇ ਵੱਡੇ-ਵਡੇਰਿਆਂ ਦੇ ਗੁਣ-ਸੂਰਬੀਰਤਾ, ਅਣਖ, ਨਿਡਰਤਾ, ਹੌਸਲਾ ਅਤੇ ਦ੍ਰਿੜ੍ਹਤਾ ਆਦਿ ਬਚਪਨ ਤੋਂ ਹੀ ਮੌਜੂਦ ਸਨ। ਸਰੀਰਕ ਪੱਖੋਂ ਆਪ ਬੇਹੱਦ ਫੁਰਤੀਲੇ ਅਤੇ ਸੁਡੌਲ ਜਵਾਨ ਸਨ। ਘੋੜਸਵਾਰੀ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਤੀਰਅੰਦਾਜ਼ੀ ਅਤੇ ਹੋਰ ਜੰਗੀ ਕਰਤਬਾਂ ਵਿੱਚ ਆਪ ਦਾ ਕੋਈ ਸਾਨੀ ਨਹੀਂ ਸੀ। ਆਪ ਦੀ ਮਹਾਨਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਆਪ ਨੇ ਨਾ ਸਿਰਫ਼ ਬਚਪਨ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਸਗੋਂ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਹੋਰ ਬਹੁਤ ਸਾਰੇ ਸਿੰਘ ਸੂਰਮਿਆਂ ਨੂੰ ਵੀ ਜੰਗੀ ਕਰਤਬਾਂ ਦੀ ਸਿਖਲਾਈ ਦਿੱਤੀ ਸੀ।

ਆਪ ਜੀ ਦੀ ਬੰਦ-ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ (ਜੋਕਿ ਪਵਾਰ ਗੋਤ ਦੇ ਰਾਜਪੂਤ ਸਨ) ਨਾਲ ਵੀ ਨੇੜਲੀ ਰਿਸ਼ਤੇਦਾਰੀ ਸੀ। ਆਪ ਦੀ ਦਾਦੀ 'ਬਾਬੀ ਮਲੂਕੀ' ਭਾਈ ਮਨੀ ਸਿੰਘ ਦੀ ਸਕੀ ਭੂਆ ਅਤੇ ਸ਼ਹੀਦ ਭਾਈ ਬੱਲੂ ਰਾਇ ਜੀ (ਸ਼ਹੀਦੀ 13 ਅਪ੍ਰੈਲ, 1634 ਈ, ਅੰਮ੍ਰਿਤਸਰ ਵਿਖੇ) ਦੀ ਬੇਟੀ ਸੀ। ਇਸ ਤਰ੍ਹਾਂ ਆਪ ਦੇ ਪਿਤਾ ਭਾਈ ਰਾਮਾ, ਭਾਈ ਮਨੀ ਸਿੰਘ ਦੇ ਭਰਾ (ਭੂਆ ਦੇ ਪੁੱਤਰ ) ਸਨ।

ਆਪ ਦੇ ਪਰਿਵਾਰ ਵਿੱਚ ਕੁਰਬਾਨੀ ਦਾ ਜਜ਼ਬਾ ਅਤੇ ਗੁਰੂਘਰ ਪ੍ਰਤੀ ਪ੍ਰੇਮ ਕਿਵੇਂ ਕੁੱਟ-ਕੁੱਟ ਕੇ ਭਰਿਆ ਹੋਇਆ ਸੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਹੁੰਦਾ ਹੈ ਕਿ ਮੈਦਾਨੇ-ਜੰਗ ਵਿੱਚ ਜੂਝਣ ਅਤੇ ਜੂਝ ਕੇ ਸ਼ਹੀਦ ਹੋਣ ਵਾਲਿਆਂ ਵਿੱਚ ਇਸ ਪਰਿਵਾਰ ਦੇ ਸਿੰਘਾਂ ਦੇ ਨਾਲ-ਨਾਲ ਬੀਬੀਆਂ ਵੀ ਸ਼ਾਮਲ ਸਨ। ਆਪ ਦੀ ਬੇਟੀ ਬੀਬੀ ਭਿਖਾਂ (ਜਿਸ ਨੂੰ ਆਪ ਜੀ ਨੇ ਖੁਦ ਸਾਰੀਆਂ ਯੁੱਧ ਕਲਾਵਾਂ ਸਿਖਾਈਆਂ ਸਨ) ਸਰਸਾ ਨਦੀ ਦੇ ਕੰਢੇ, 6 ਦਸੰਬਰ, 1705 ਈ. ਨੂੰ ਸ਼ਹੀਦ ਹੋਈ ਸੀ। ਬੀਬੀ ਭਿੱਖਾਂ, ਭਾਈ ਜੀਵਨ ਸਿੰਘ (ਜੈਤਾ ਜੀ) ਦੀ ਅਗਵਾਈ ਹੇਠ ਸਰਸਾ ਨਦੀ ਦੇ ਕੰਢੇ ਲੜ ਕੇ ਸ਼ਹੀਦ ਹੋਣ ਵਾਲੇ 100 ਸਿੰਘਾਂ ਦੇ ਜਥੇ ਵਿੱਚ ਸ਼ਾਮਲ ਸਨ। ਭੱਟ ਵਹੀ ਅਨੁਸਾਰ:

'...ਭਿੱਖਾਂ ਦੇਈ ਬੇਟੀ ਬਜਰ ਸਿੰਘ ਕੀ, ਪੋਤੀ ਰਾਮੇ ਕੀ,ਪੋਖ ਮਾਸੇ ਦਿਨ ਸਤ ਸੰਮਤ ਸਤਰਾਂ ਮੈਂ ਬਾਸ਼ਠ, ਨੰਗਲ ਗੁਜਰਾਂ ਕੇ ਮਲ੍ਹਾਨ ਏਕ ਘਰੀ ਦਿਨ ਚੜ੍ਹੇ ਰਨ ਮੇ ਜੂਝ ਕਰ ਮਰੀ।'

(ਭੱਟ ਵਹੀ ਮੋਹਰਾਂ ਵਾਲੀ, ਸਫਾ 92)

ਵਰਨਣਯੋਗ ਹੈ ਕਿ ਬੀਬੀ ਭਿੱਖਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਡਿਊਢੀ ਬਰਦਾਰ ਅਤੇ ਅਣਖੀਲੇ ਜਰਨੈਲ ਭਾਈ ਆਲਮ ਸਿੰਘ 'ਨੱਚਣਾ' (ਜੋਕਿ ਚੌਹਾਨ ਗੋਤ ਦੇ ਰਾਜਪੂਤ ਸਨ) ਦੀ ਧਰਮ ਸੁਪਤਨੀ ਸਨ, ਜੋ ਕਿ ਅਗਲੇ ਹੀ ਦਿਨ ਆਪਣੇ ਇੱਕ ਭਰਾ ਭਾਈ ਵੀਰ ਸਿੰਘ ਅਤੇ ਦੋ ਪੁੱਤਰਾਂ ਭਾਈ ਮੋਹਰ ਸਿੰਘ ਅਤੇ ਭਾਈ ਅਮੋਲਕ ਸਿੰਘ ਸਮੇਤ ਚਮਕੌਰ ਦੀ ਜੰਗ ਵਿੱਚ 7 ਦਸੰਬਰ, 1705 ਈ. ਸ਼ਹਾਦਤ ਦਾ ਜਾਮ ਪੀ ਗਏ ਸਨ।

# ਤੋਮਾਰ, ਤੰਵਰ ਜਾਂ ਤੂਰ

ਡਿਸਟਰਿਕਟ ਐਂਡ ਸਟੇਟਸ ਗਜ਼ਟੀਅਰ (ਜਲੰਧਰ ਜ਼ਿਲ੍ਹਾ) ਦੇ ਪੰਨਾ 516 ਅਨੁਸਾਰ ਇੱਕ ਫਿਰੋਜ਼ ਨਾਮੀ ਤੰਵਰ ਰਾਜਪੂਤ ਦਿੱਲੀ ਤੋਂ ਗਿਆਰਾਂ ਪੁਸ਼ਤਾਂ ਪਹਿਲਾਂ ਆ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਖਖੋਵਾਲੀ ਵਿੱਚ ਆਬਾਦ ਹੋਇਆ। ਉਸ ਦੇ ਪੁੱਤਰ ਰਾਮ ਸਿੰਘ ਜਿਸ ਨੂੰ ਲੋਕ ਧਾੜਵੀ ਕਹਿੰਦੇ ਸਨ, ਨੇ ਬਘੇਲ ਸਿੰਘ ਦੇ ਨਾਲ ਮਿਲ ਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਜਲੰਧਰ ਵਿੱਚ ਦਸ ਪਿੰਡਾਂ 'ਤੇ ਕਬਜ਼ਾ ਕਰ ਲਿਆ। ਉਸ ਦਾ ਪੁੱਤਰ ਮਹਿਤਾਬ ਸਿੰਘ, ਮਹਾਰਾਜਾ ਰਣਜੀਤ ਸਿੰਘ ਕੋਲ ਫੌਜ ਵਿੱਚ ਭਰਤੀ ਹੋ ਗਿਆ ਤੇ ਦੋ ਸੌ ਸਵਾਰਾਂ ਦਾ ਸਰਦਾਰ ਬਣਿਆ। ਉਸ ਨੂੰ ਸੱਤ ਘੋੜਿਆਂ ਦੀ ਜਗੀਰ ਮਿਲੀ।

ਫਿਰੋਜ਼ਪੁਰ ਜ਼ਿਲ੍ਹੇ ਦੇ ਗਜ਼ਟੀਅਰ ਦੇ ਪੰਨਾ 621 'ਤੇ ਜ਼ਿਕਰ ਹੈ ਕਿ ਤੰਵਰ ਜਾਂ ਤੂਰ, ਚੌਹਾਨ ਰਾਜਪੂਤਾਂ ਵਿੱਚੋਂ ਹਨ। ਪਰ ਇਹ ਠੀਕ ਨਹੀਂ ਕਿਉਂਕਿ ਪ੍ਰਿਥਵੀਰਾਜ ਚੌਹਾਨ ਦਾ ਨਾਨਾ ਤੰਵਰ ਸੀ ਜਿਸ ਦੇ ਦਿੱਲੀ ਦਾ ਰਾਜ ਪ੍ਰਿਵੀ ਰਾਜ ਚੌਹਾਨ ਨੂੰ ਦਿੱਤਾ ਸੀ।

ਚਾਂਦ ਬਰਦਾਈ ਅਨੁਸਾਰ ਤੋਮਾਰ ਰਾਜਾ ਪਾਂਡਵ ਦੀ ਵੰਸ਼ ਵਿੱਚੋਂ ਹਨ। ਰਾਜਾ ਵਿਕਰਮਾ ਦਿੱਤ ਤੋਮਾਰ ਸੀ। ਯੁਧਿਸ਼ਟਰ ਤੋਂ ਬਾਅਦ ਅੱਠ ਸਦੀਆਂ ਦਿੱਲੀ ਬੇਆਬਾਦ ਰਹੀ ਤੇ ਸੰਨ 792 ਵਿੱਚ ਅਨੰਗਪਾਲ ਤੋਮਾਰ ਨੇ ਦੁਬਾਰਾ ਆਬਾਦ ਕੀਤੀ। ਅਨੰਗਪਾਲ ਦਾ ਰਾਜ ਅਫਗਾਨਿਸਤਾਨ, ਬਲੋਚਿਸਤਾਨ, ਜੰਮੂ ਕਸ਼ਮੀਰ, ਕਾਂਗੜਾ, ਦਿੱਲੀ ਅਤੇ ਗੰਗਾ-ਜਮਨਾ ਦੁਆਬ ਤੇ ਰਾਜਸਥਾਨ ਤੱਕ ਫੈਲਿਆ ਹੋਇਆ ਸੀ। ਮਹਿਮੂਦ ਗਜ਼ਨਵੀ (999-1030 ਈ.) ਨਾਲ ਉਸ ਦੀਆਂ ਟੱਕਰਾਂ ਹੋਈਆਂ ਸਨ। ਜਿਸ ਦੀਆਂ ਫੌਜਾਂ ਨੇ ਧਾੜਵੀਆਂ ਨੂੰ ਨੱਕ ਥੀਂ ਚਣੇ ਚਬਾ ਦਿੱਤੇ ਸਨ।

*1163 ਈਸਵੀ ਤੋਂ ਮਗਰੋਂ ਤੂਰ ਦਿੱਲੀ ਖੁਸ ਜਾਣ ਕਾਰਣ ਚੌਹਾਨਾਂ ਨਾਲ ਨਰਾਜ਼ ਹੋ ਕੇ ਰਾਜਸਥਾਨ, ਹਰਿਆਣਾ ਅਤੇ ਪੰਜਾਬ ਵੱਲ ਸਤਲੁਜ ਦੇ ਖੇਤਰ ਵਿੱਚ ਲੁਧਿਆਣੇ ਲਾਗੇ ਪਹੁੰਚ ਗਏ ਸਨ। ਇੱਕ ਕਹਾਵਤ ਵੀ ਪ੍ਰਚਲਿਤ ਹੈ:-

ਪਹਿਲਾਂ ਦਿੱਲੀ ਤੂਰਾਂ ਲੁੱਟੀ, ਫੇਰ ਲੁੱਟੀ ਚੌਹਾਣਾ,
ਮਾਮਿਆਂ ਤੋਂ ਭਾਣਜਿਆਂ ਖੋਹੀ, ਕਰ ਕੇ ਜੋਰ ਧਿਗਾਣਾ।

ਤੂਰ ਲੁਧਿਆਣੇ ਤੋਂ ਮੋਗੇ ਵੱਲ ਨੂੰ ਚਲੇ ਗਏ। ਰਾਜ ਖੁੱਸ ਜਾਣ ਕਾਰਨ ਇਹਨਾਂ ਦੇ ਨਾਮ ਖੋਸੇ ਪੈ ਗਿਆ ਤੇ ਖੋਸੇ ਗੋਤ ਦੇ ਪਿੰਡ ਮੋਗੇ ਲਾਗੇ ਹਨ ਤੇ ਖੋਸੇ ਅਪਣੇ ਆਪ ਨੂੰ ਭਾਵੇਂ ਜੱਟ ਕਹਿੰਦੇ ਹਨ ਪਰ ਆਪਣਾ ਪਿਛੋਕੜ ਤੰਵਰਾਂ ਨਾਲ ਜੋੜਦੇ ਹਨ।

ਕਿਸੇ ਤਰ੍ਹਾਂ ਤੋਮਾਰ ਰਾਜਪੂਤ ਰਾਜਸਥਾਨ ਤੋਂ ਪੰਜਾਬ ਆਏ। ਬਹੁਤੇ ਤਾਂ ਆਪਣੇ

* *ਜੱਟਾਂ ਦਾ ਇਤਿਹਾਸ-ਹੁਸ਼ਿਆਰ ਸਿੰਘ ਦੁਲੇਹ ਪੰਨਾ 68*

ਆਪ ਨੂੰ ਜੱਟ ਅਖਵਾਉਣ ਲੱਗ ਪਏ। ਪਿੰਡ ਧੱਪੜ ਨੇੜੇ ਪਿੰਡ ਭਾਮ ਥਾਨਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਸਨੀਕ ਆਪਣੇ ਆਪ ਨੂੰ ਤੋਮਾਰ੍ ਰਾਜਪੂਤ ਅਖਵਾਉਂਦੇ ਹਨ।

* ਪ੍ਰਿਥਵੀ ਰਾਜ ਚੌਹਾਨ ਦੇ ਨਾਨੇ ਨੇ ਜਦੋਂ ਦਿੱਲੀ ਦਾ ਰਾਜ ਪ੍ਰਿਥਵੀ ਰਾਜ ਨੂੰ ਦੇ ਦਿੱਤਾ ਤਾਂ ਉਸ ਦੇ ਨਾਨੇ ਦਾ ਛੋਟਾ ਭਰਾ ਜੇਠ ਪਾਲ ਦਿਲ ਛੱਡ ਕੇ ਪੰਜਾਬ ਵੱਲ ਆ ਗਿਆ। ਇਸ ਤਰ੍ਹਾਂ ਉਸ ਸਮੇਂ ਦੇ ਆਮ ਰਾਜ ਘਰਾਣਿਆਂ ਵਿੱਚ ਹੁੰਦਾ ਸੀ। ਉਸ ਨੇ ਆ ਕੇ ਪਠਾਨਕੋਟ ਦੇ ਮਾਲਕ ਪਠਾਨੀਆਂ ਰਾਜਪੂਤਾਂ ਤੋਂ ਖੋਹ ਕੇ ਇਸ ਦਾ ਨਾਂ ਪਠਾਨਕੋਟ ਰੱਖਿਆ।

---

* *Archeological Survey Report Vol. XIV (1878-79) Page 115-119 by Cunnigham*

# ਪਰਹਾਰ

ਪਰਹਾਰ ਦੇ ਅਰਥ ਹਨ ਪਹਿਲਾਂ ਵਾਰ ਕਰਨ ਵਾਲਾ। ਪਰਹਾਰ ਵੰਸ਼ ਦਾ ਨਾਮ ਹੋਰ ਗੋਤਾਂ ਦੀ ਤਰ੍ਹਾਂ ਗੋਤ ਦੇ ਮੂਲ ਪੁਰਖ ਦੇ ਨਾਮ 'ਤੇ ਹੋਣ ਦੀ ਬਜਾਏ ਮੂਲ ਪੁਰਖ ਦੇ ਕਿੱਤੇ ਨਾਲ ਸੰਬੰਧਤ ਹੈ। ਪ੍ਰਾਚੀਨ ਸਮੇਂ ਵਿੱਚ ਰਾਜ ਸ਼ਾਸਨ ਨਾਲ ਸੰਬੰਧਤ ਅਧਿਕਾਰੀਆਂ ਵਿੱਚ ਇੱਕ ਪ੍ਰਤਿਹਾਰ ਵੀ ਹੁੰਦਾ ਸੀ। ਜਿਸ ਦਾ ਕੰਮ ਰਾਜ ਦਰਬਾਰ ਅਤੇ ਰਾਜਾ ਦੇ ਨਿਵਾਸ ਅਸਥਾਨ, ਮਹਿਲ ਦੇ ਦੁਆਰ (ਡਿਉੜੀ) ਦੀ ਰੱਖਿਆ ਕਰਨਾ ਹੁੰਦਾ ਸੀ। ਇਸ ਪਦਵੀ 'ਤੇ ਨਿਯੁਕਤੀ ਲਈ ਕਿਸੇ ਵਿਸ਼ੇਸ਼ ਜਾਤ ਜਾਂ ਵਰਣ ਦਾ ਖਿਆਲ ਨਹੀਂ ਕੀਤਾ ਜਾਂਦਾ ਸੀ। ਪ੍ਰਾਚੀਨ ਸ਼ਿਲਾਲੇਖਾਂ ਵਿੱਚ ਪ੍ਰਤਿਹਾਰ ਜਾਂ ਮਹਾਂ ਪ੍ਰਤਿਹਾਰ ਦਾ ਵਰਨਣ ਮਿਲਦਾ ਹੈ ਅਤੇ ਰਾਜਸਥਾਨੀ ਬੋਲੀ ਵਿੱਚ ਪੜਹਾਰ ਵੀ ਮਿਲਦਾ ਹੈ। ਰਾਮਚੰਦਰ ਜੀ ਦੇ ਭਰਾ ਲਛਮਣ ਉਸ ਦੇ ਪ੍ਰਤਿਹਾਰ ਸਨ। ਮੰਡੋਰ ਦੇ ਪਰਿਹਾਰਾਂ ਦੇ ਕਈ ਸ਼ਿਲਾਲੇਖ ਮਿਲੇ ਹਨ ਜਿਨ੍ਹਾਂ ਵਿੱਚ ਪਰਿਹਾਰਾਂ ਦੀ ਉਤਪਤੀ ਸ੍ਰੀ ਰਾਮਚੰਦਰ ਜੀ ਦੇ ਭਰਾ ਲਛਮਣ ਤੋਂ ਹੋਈ ਲਿਖੀ ਗਈ ਹੈ। ਕਵੀ ਰਾਜ ਸ਼ੇਖਰ ਸਮਰਾਟ ਭੋਜ ਨੇ ਵਿੱਦਿਆ ਸ਼ਾਲ ਵੰਦਿਕਾ ਨਾਮੀਂ ਨਾਟਕ ਵਿੱਚ ਆਪਣੇ ਸ਼ਿਸ਼ ਮਹਿੰਦਰਪਾਲ ਨੂੰ ਰਘੁਕੁਲ ਤਿਲਕ ਦਾ ਨਾਂ ਦਿੱਤਾ। ਬਾਲ ਭਾਰਤ ਨਾਮੀ ਨਾਟਕ ਵਿੱਚ ਰਘੁ ਗਰਾਮਣੀ ਦਾ ਨਾਮ ਦਿੱਤਾ ਅਤੇ ਮਹਿੰਦਰ ਪਾਲ ਦੇ ਪੁੱਤਰ ਮਹੀਪਾਲ ਨੂੰ ਰਘੁਵੰਸ਼ ਮੁਕਤਾ-ਮਣੀ ਦਾ ਨਾਂ ਦਿੱਤਾ। ਕਾਫੀ ਸਮੇਂ ਤੱਕ ਪ੍ਰਤਿਹਾਰਾਂ ਦੇ ਸੂਰਜਵੰਸ਼ੀ ਹੋਣ ਦੇ ਨਿਸਚੇ ਬਣੇ ਰਹੇ। ਕੁਝ ਇਤਿਹਾਸਕਾਂ ਨੇ ਲਿਖਿਆ ਹੈ ਕਿ ਉੱਤਰ ਪੱਛਮ ਵੱਲੋਂ ਆਉਣ ਵਾਲੇ ਗੁੱਜਰ ਕਬੀਲਿਆਂ ਵਿੱਚੋਂ ਹੀ ਪ੍ਰਤਿਹਾਰ ਹਨ। ਇਹਨਾਂ ਦੇ ਅਗਨੀ ਵੰਸ਼ ਨਾਲ ਸੰਬੰਧ ਹੋਣ ਲਈ ਸਾਰੇ ਹੀ ਮੰਨਦੇ ਹਨ ਕਿ ਆਬੂ ਪਹਾੜ ਦੇ ਰਿਸ਼ੀਆਂ ਨੇ ਹਵਨ ਕੀਤਾ ਤੇ ਉਸ ਅਗਨੀ ਕੁੰਡ ਵਿੱਚੋਂ ਚਾਰ ਪ੍ਰਤਾਪੀ ਪੁਰਖ ਪਰਗਟ ਹੋਏ।

ਅਗਨੀ ਕੁੰਡ ਵਿੱਚੋਂ ਪੁਰਖਾਂ ਦੇ ਪਰਗਟ ਹੋਣ ਨੂੰ ਅੱਜ ਦੇ ਸਾਇੰਸ ਦੇ ਯੁਗ ਵਿੱਚ ਮਿਥਿਆ ਹੀ ਕਿਹਾ ਜਾ ਸਕਦਾ ਹੈ। ਇਹ ਹੋ ਸਕਦਾ ਹੈ ਕਿ ਰਿਸ਼ੀਆਂ ਨੇ ਕਿਹਾ ਹੋਵੇ ਕਿ ਜਿਨ੍ਹਾਂ ਨੇ ਧਰਮ ਦੀ ਰੱਖਿਆ ਲਈ ਜਾਨਾਂ ਵਾਰਨੀਆਂ ਹਨ ਉਹ ਅਗਨੀ ਤੋਂ ਪਾਰ ਹੋ ਜਾਣ ਤੇ ਬਾਕੀ ਦੇ ਜਿਨ੍ਹਾਂ ਨੂੰ ਜਾਨ ਪਿਆਰੀ ਹੈ ਇਸੇ ਪਾਸੇ ਬੈਠੇ ਰਹਿਣ। ਸ਼ਹੀਦ ਬਾਬਾ ਦੀਪ ਸਿੰਘ ਦੇ ਧਰਤੀ 'ਤੇ ਖੰਡੇ ਨਾਲ ਲਕੀਰ ਖਿੱਚ ਕੇ ਆਪਣੇ ਸਿੰਘਾਂ ਨੂੰ ਕਹਿਣਾ ਕਿ ਜਿਨ੍ਹਾਂ ਨੇ ਸ਼ਹੀਦੀਆਂ ਪਾਉਣੀਆਂ ਹਨ ਉਹ ਹੀ ਲਕੀਰ ਤੋਂ ਪਾਰ ਹੋਣ ਦੇ ਪ੍ਰਮਾਣ ਦਾ ਸਾਰੇ ਜਗਤ ਨੂੰ ਯਕੀਨ ਹੈ। ਅਗਨੀ ਕੁੰਡ ਵਾਲੀ ਘਟਨਾ ਛੇਵੀਂ ਜਾਂ ਸੱਤਵੀਂ ਸਦੀ ਵਿੱਚ ਹੋਈ। ਉਸ ਤੋਂ ਪਹਿਲਾਂ ਤਕਰੀਬਨ ਸਾਰੇ ਹੀ ਕਸ਼ੱਤਰੀ ਰਾਜਿਆਂ ਨੇ ਵੈਦਿਕ ਧਰਮ ਛੱਡ ਕੇ ਬੁੱਧ ਧਰਮ ਅਪਣਾ ਲਿਆ ਸੀ ਤੇ ਬ੍ਰਾਹਮਣਾਂ ਅਤੇ ਸ਼ੂਦਰਾਂ ਦੀ ਰੱਖਿਆ ਕਰਨ ਵਾਲਾ ਕੋਈ ਨਾ ਰਿਹਾ। ਇਸ ਲਈ ਰਿਸ਼ੀਆਂ ਨੂੰ ਕਸ਼ੱਤਰੀ ਲੋਕਾਂ ਨੂੰ ਬੁੱਧ

ਧਰਮ ਚੋਂ ਵਾਪਸ ਵੈਦਿਕ ਧਰਮ ਵਿੱਚ ਲਿਆਉਣ ਲਈ ਹਵਨ ਕੁੰਡ ਤਿਆਰ ਕੀਤਾ ਇਹ ਮੰਨਣ ਯੋਗ ਹੈ। ਪ੍ਰਤਿਹਾਰ ਸ਼ਾਸਕ ਜੈ ਸਿੰਘ ਨੇ ਰਾਣਾ ਦੀ ਪਦਵੀ ਧਾਰਨ ਕੀਤੀ ਤੇ ਉਸ ਪਿੱਛੋਂ ਸਾਰੇ ਪ੍ਰਤਿਹਾਰ ਰਾਜੇ ਇਹ ਪਦਵੀ ਧਾਰਨ ਕਰਦੇ ਰਹੇ ਤੇ ਅਖੀਰ ਮੇਵਾੜ ਵਾਲਿਆਂ ਨੇ ਇਹ ਪਦਵੀ ਖੋਹ ਲਈ।

ਛੇਵੀਂ ਸਦੀ ਤੋਂ ਨੌਵੀਂ ਸਦੀ ਤੱਕ ਜੋਧਪੁਰ ਦੇ ਉੱਤਰ ਪੱਛਮ ਵੱਲ ਪ੍ਰਤਿਹਾਰਾਂ ਦੇ ਕਈ ਛੋਟੇ-ਛੋਟੇ ਰਾਜ ਹੋਣ ਦਾ ਸਬੂਤ ਕਸਬਾ ਘਟਿਆਲਾ ਅਤੇ ਓਸੀਆਂ ਵਿੱਚੋਂ ਮਿਲੇ ਸ਼ਿਲਾਲੇਖਾਂ ਤੋਂ ਮਿਲਣ ਬਾਰੇ ਦੇਵੀ ਸਿੰਘ ਮੰਡਾਵਾ ਦੇ ਕੁਝ ਲੇਖਾਂ 'ਚੋਂ ਮਿਲਦਾ ਹੈ ਜਿਹੜੇ ਕਿ ਰਣਬਾਂਕੁਰਾ ਨਾਮੀ ਹਿੰਦੀ ਮੈਗਜ਼ੀਨ ਵਿੱਚ ਛਾਪੇ। ਸੰਨ 622 ਵਿੱਚ ਮੰਡੋਰਾ ਦਾ ਕਿਲ੍ਹਾ ਰਾਜਾ ਹਰੀਸ਼ ਚੰਦ ਦੇ ਪੁੱਤਰਾਂ ਨੇ ਬਣਾ ਕੇ ਇੱਥੇ ਆਪਣਾ ਰਾਜ ਕਾਇਮ ਕੀਤਾ। ਪਰਿਹਾਰ ਰੱਜਿਲ ਨੇ ਪਰਮਾਰਾਂ ਤੋਂ ਮੰਡੋਰ ਜਿੱਤਿਆ ਸੀ। ਉਸ ਤੋਂ ਬਾਅਦ ਨਰਭੱਟ, ਨਾਗਭੱਟ, ਭੋਜ, ਯਸ਼ੋਵਰਧਨ, ਚੰਦੁਕ, ਸ਼ੀਲੁਕ, ਝੋਟ, ਭਿਲਾਦਿਤ, ਕਬਕ, ਬਾਊਕ, ਕਵਕੁਕ ਨਾਮੀ ਰਾਜਿਆਂ ਨੇ ਮੰਡੋਰ ਤੇ ਰਾਜ ਕੀਤਾ। ਬਿਕਰਮੀ 1189 ਤੋਂ 1202 ਤੱਕ ਸਹਜਪਾਲ ਨਾਮ ਦੇ ਰਾਜੇ ਬਾਰੇ ਇੱਕ ਸ਼ਿਲਾਲੇਖ ਹੈ।

*1 ਸੰਨ 1129 ਈ. ਵਿੱਚ ਗਵਾਲੀਅਰ ਅਤੇ ਨਰਵਰ ਤੇ ਕਛਵਾਹੇ ਰਾਜਪੂਤਾਂ ਦਾ ਰਾਜ ਰਿਹਾ। ਇਸ ਕਬੀਲੇ ਨੇ 9ਵੀਂ ਸਦੀ ਵਿੱਚ ਗਵਾਲੀਅਰ ਦਾ ਕਿਲਾ ਬਣਵਾਇਆ। ਇਹ ਕਬੀਲਾ ਚੰਦੇਲ ਰਾਜਪੂਤਾਂ ਦਾ ਮਿੱਤਰ ਸੀ। ਜਦੋਂ ਰਾਜ ਕੁਮਾਰ ਤੇਜ ਕਰਨ ਆਪਣੀ ਸੁੰਦਰ ਮਰੋਨੀ ਦੇ ਪਿਆਰ ਸੁਹਾਗ ਵਿੱਚ ਇੱਕ ਸਾਲ ਰੁੱਝਿਆ ਰਿਹਾ ਤਾਂ ਰਾਜ ਵਿੱਚ ਅਰਾਜਿਕਤਾ ਫੈਲ ਗਈ ਤਾਂ ਉਸ ਦੇ ਭਤੀਜੇ ਪਰਿਹਾਰ ਨੇ ਉਸ ਦੀ ਗੈਰ-ਹਾਜ਼ਰੀ ਵਿੱਚ ਉਸ ਦੇ ਤਖਤ 'ਤੇ ਕਬਜ਼ਾ ਕਰ ਲਿਆ। ਕਛਵਾਹੇ ਗਵਾਲੀਅਰ ਖੁਸ ਜਾਣ 'ਤੇ ਇੱਕ ਖੂੰਖਾਰ ਕਬੀਲੇ ਮੀਨਾਸ ਦੀ ਸ਼ਰਨ ਵਿੱਚ ਚਲੇ ਗਏ ਅਤੇ ਉਥੇ ਧੂੰਦਾਰ ਰਾਜ ਦੀ ਨੀਂਹ ਰੱਖੀ ਅਤੇ ਇਸ ਦੀ ਰਾਜਧਾਨੀ ਅੰਬੇਰ ਬਣਾਈ ਜੋ ਕਿ ਬਾਅਦ ਵਿੱਚ ਮੁਗਲਾਂ ਦੀ ਰੱਖਿਆ ਵਿੱਚ ਜੈਪੁਰ ਅਤੇ ਅਲਵਰ ਦੋ ਆਧੁਨਿਕ ਰਾਜ ਖੇਤਰ ਬਣੇ

*2. ਪਰਹਾਰ, ਪਰਿਹਾਰ ਜਾਂ ਪਰਤੀਹਾਰ ਇਕੋ ਹੀ ਸ਼ਬਦ ਹੈ। ਡੇਰਾ ਗਾਜ਼ੀ ਖਾਂ ਵਿੱਚ ਇਹ ਜੱਟ ਅਖਵਾਉਂਦੇ ਹਨ। ਜ਼ਿਲ੍ਹਾ ਮੁਲਤਾਨ ਵਿੱਚ ਹੀ ਪਰਹਾਰ ਜੱਟ ਹਨ। ਜੇ ਕਰ ਪਰਹਾਰ ਪਰਤੀਹਾਰ ਰਾਜਪੂਤਾਂ 'ਚੋਂ ਹਨ ਤਾਂ ਪਰਹਾਰ ਜੱਟ ਹੀ ਪਰਤੀਹਾਰਾਂ ਦੇ ਵਾਰਸ ਹਨ ਜਿਨ੍ਹਾਂ ਦਾ ਕਿਸੇ ਸਮੇਂ ਇੱਕ ਵਿਸ਼ਾਲ ਰਾਜ ਸੀ।

*3 ਪਰਿਹਾਰ ਰਾਜਪੂਤਾਂ ਦੀਆਂ ਬਾਰਾਂ ਸ਼ਾਖਾਵਾਂ ਹਨ ਜਿਨ੍ਹਾਂ ਵਿੱਚ ਇੰਧਾ ਅਤੇ ਸਿੰਧਲ ਸਭ ਤੋਂ ਮਸ਼ਹੂਰ ਹਨ ਤੇ ਇਹ ਲੂਨੀ ਨਦੀ ਦੇ ਕੰਢੇ ਅਜੇ ਵੀ ਆਬਾਦ ਹਨ।

---

*\ 1 ਪੰਜਾਬੀ ਵਿਸ਼ਵ ਕੋਸ਼ ਜਿਲਦ ਛੇਵੀਂ ਪੰਨਾ 441*

*\ 2 ਡਿਸਟਰਿਕਟ ਐਂਡ ਸਟੇਟਸ ਗਜ਼ਟੀਅਰ ਜ਼ਿਲ੍ਹਾ ਮੁਲਤਾਨ, ਪੰਨਾ 203*

*\ 3 Annals and Antiquities of Rajasthan by Tod Vol. I Page 104.*

ਚੌਹਾਨ ਵੰਸ਼ ਦੇ ਭੱਟ ਚਾਂਦ ਬਰਦਾਈ ਨੇ ਮਹਿਮੂਦ ਦੇ ਸਮੇਂ ਦੀ ਇੱਕ ਬੜੀ ਸੋਹਣੀ ਤਸਵੀਰ ਪੇਸ਼ ਕੀਤੀ ਹੈ ਕਿ ਮਹਿਮੂਦ ਦੇ ਸਮੇਂ ਬਿਸਾਲ ਦੇਉ ਨੇ ਰਾਜਪੂਤ ਰਾਜਿਆਂ ਦੇ ਸਾਂਝੇ ਇਕੱਠ ਦੀ ਮੁਸਲਿਮ ਹਮਲਵਰਾਂ ਵਿਰੁੱਧ ਅਗਵਾਈ ਕੀਤੀ। ਅਨਹੀਲਵਾੜਾ ਦੇ ਸੋਲੰਕੀ ਰਾਜਾ ਨੇ ਇਸ ਇਕੱਠ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਜਿਸ ਕਾਰਨ ਬਿਸਾਲਦੇਓ ਨੇ ਉਸ ਤੇ ਚੜ੍ਹਾਈ ਕੀਤੀ। ਉਸ ਨੇ ਅਜਮੇਰ ਤੋਂ ਚੱਲ ਕੇ ਬਿਸਾਲ ਦੇ ਤਲਾਬ 'ਤੇ ਡੇਰਾ ਕੀਤਾ ਅਤੇ ਆਪਣੇ ਅਧੀਨ ਜਗੀਰਦਾਰਾਂ ਅਤੇ ਸਰਦਾਰਾਂ ਨੂੰ ਬੁਲਾਵੇ ਭੇਜੇ। ਮਨਸੀ ਪਰਿਹਾਰ ਆਪਣੀ ਸਾਰੀ ਸ਼ਕਤੀ ਨਾਲ ਉਸ ਨਾਲ ਆ ਮਿਲਿਆ, ਜਿਸ ਜਗ੍ਹਾ ਬਿਸਾਲਦੇਓ ਦਾ ਕੈਂਪ ਸੀ ਉਸ ਝੀਲ ਨੂੰ ਬਿਸਾਲ ਕਾ ਤਾਲ ਕਹਿੰਦੇ ਹਨ। ਰਾਜਪੂਤਾਂ ਨੂੰ ਅਧੀਨ ਕਰਨ ਲਈ ਜਹਾਂਗੀਰ ਸ਼ਹਿਨਸ਼ਾਹ ਵੀ ਇੱਥੇ ਆਇਆ ਤੇ ਉਸ ਨੇ ਇਸ ਝੀਲ ਦੇ ਕੰਢੇ ਇੱਕ ਮਹਿਲ ਬਣਵਾਇਆ। ਇਸੇ ਮਹਿਲ ਵਿੱਚ ਉਸ ਨੇ ਇੰਗਲੈਂਡ ਦੇ ਬਾਦਸ਼ਾਹ ਜੇਮਜ਼ ਪਹਿਲੇ ਦੇ ਰਾਜਦੂਤ ਦਾ ਸਵਾਗਤ ਕੀਤਾ ਸੀ।

*1 ਪਰਿਹਾਰਾਂ ਦਾ ਰਾਜਸਥਾਨ ਵਿੱਚ ਮੰਡੋਰ ਵਿਖੇ ਇੱਕ ਬੜਾ ਮਜ਼ਬੂਤ ਕਿਲਾ ਸੀ। ਮੰਡੋਰ ਮੌਜੂਦਾ ਜੋਧਪੁਰ ਤੋਂ ਪੰਜ ਮੀਲ ਉੱਤਰ ਵਲ ਹੈ। ਅੱਜ ਕੱਲ੍ਹ ਇਹ ਜੋਧਪੁਰ ਸ਼ਹਿਰ ਦਾ ਹੀ ਹਿੱਸਾ ਬਣ ਗਿਆ ਹੈ। ਇੱਥੇ ਇਕ ਬਾਗ ਹੀ ਦੇਖਣਯੋਗ ਹੈ। ਇਸ ਕਿਲੇ ਦੇ ਖੰਡਰਾਤ ਤੋਂ ਇਸ ਨੂੰ ਬਣਾਉਣ ਵਾਲਿਆਂ ਦੇ ਕਮਾਲ ਦਾ ਪਤਾ ਲੱਗਦਾ ਹੈ ਕਿ ਐਡੇ ਵੱਡੇ ਵੱਡੇ ਚੌਰਸ ਪੱਥਰ ਬਿਨਾ ਕਿਸੇ ਸੀਮੇਂਟ ਦੇ ਕਿਸ ਤਰ੍ਹਾਂ ਚਿਣੇ ਗਏ। ਕਿਸੇ ਸਮੇਂ ਮੰਡੋਰ ਮਾਰਵਾੜ ਦਾ ਪ੍ਰਮੁੱਖ ਸ਼ਹਿਰ ਸੀ ਤੇ ਰਾਠੌਰਾਂ ਤੋਂ ਪਹਿਲਾਂ ਪਰਿਹਾਰ ਇਥੇ ਸ਼ਾਨ ਨਾਲ ਵਸਦੇ ਸਨ। ਪਰਿਹਾਰ ਪ੍ਰਿਥਵੀ ਰਾਜ ਚੌਹਾਨ ਦੇ ਸਮੇਂ ਉਸ ਦੇ ਅਧੀਨ ਸਨ ਤੇ ਕੁਝ ਦਿੱਲੀ ਤੇ ਤੋਮਾਰ ਦੇ। ਨਾਹਰ ਰਾਓ ਪਰਿਹਾਰ ਨੇ ਪ੍ਰਿਥਵੀ ਰਾਜ ਵਿਰੁੱਧ ਲੜਾਈ ਕੀਤੀ ਪਰ ਉਹ ਕਾਮਯਾਬ ਤਾਂ ਨਾ ਹੋਇਆ। ਜਿਸ ਥਾਂ ਉਸ ਨੇ ਲੜਾਈ ਕੀਤੀ ਇਹ ਅਰਾਵਲੀ ਦੀਆਂ ਪਹਾੜੀਆਂ ਵਿੱਚ ਹੈ। ਇਸ ਲੜਾਈ ਨੇ ਨਾਹਰ ਰਾਓ ਪਰਿਹਾਰ ਨੂੰ ਉੱਘੇ ਲੜਾਕਿਆਂ ਵਿੱਚ ਸ਼ੁਮਾਰ ਕਰ ਦਿੱਤਾ।

ਇਸ ਯੁੱਧ ਬਾਰੇ ਚਾਂਦ ਬਰਦਾਈ ਲਿਖਦਾ ਹੈ ਕਿ "ਜਿੱਥੇ ਪਹਾੜੀਆਂ ਨਾਲ ਪਹਾੜੀਆਂ ਮਿਲਦੀਆਂ ਹਨ ਉਥੇ ਮੇਰ ਅਤੇ ਮੀਣੇ ਪ੍ਰਫੁੱਲਤ ਹੁੰਦੇ ਹਨ। ਮੰਡੋਰ ਦੇ ਰਾਜੇ ਨੇ ਹੁਕਮ ਕੀਤਾ ਕਿ ਚੌਹਾਨ ਦਾ ਰਸਤਾ ਰੋਕਿਆ ਜਾਵੇ। ਚਾਰ ਹਜ਼ਾਰ ਪਹਾੜੀਏ ਉਸ ਦੇ ਹੁਕਮ 'ਤੇ ਜਾਨਾਂ ਵਾਰਨ ਲਈ ਤਿਆਰ ਹੋ ਗਏ ਤੇ ਲੁਕ ਕੇ ਵੈਰੀ ਦੀ ਉਡੀਕ ਕਰਨ ਲੱਗੇ। ਪ੍ਰਿਥਵੀ ਰਾਜ ਨੇ ਆਪਣੇ ਜਰਨੈਲ ਕਾਨ੍ਹਾ ਨੂੰ ਰਸਤਾ ਸਾਫ ਕਰਨ ਦਾ ਹੁਕਮ ਦਿੱਤਾ ਪਰ ਮੇਰਾਂ ਨੇ ਐਸੀ ਤੀਰਾਂ ਦੀ ਬਰਖਾ ਕੀਤੀ ਕਿ ਕਾਨ੍ਹਾ ਦੇ ਜਵਾਨ ਘੋੜਿਆਂ ਤੋਂ ਧੜੱਮ-ਧੜੱਮ ਡਿੱਗਣ ਲੱਗੇ। ਬਰਛੇ ਸਰੀਰਾਂ ਦੇ ਇੱਕ ਪਾਸਿਉਂ ਲੱਗ ਕੇ

---

*1 *Annals and Antiquities of Rajasthan by Tod Vol. III Page 1454*

ਦੂਜੇ ਪਾਸੇ ਨਿਕਲਣ ਲੱਗੇ। ਪਹਾੜੀਆਂ ਦੇ ਮੁੱਖੀ ਅਤੇ ਕਾਨਾ ਦੀ ਟੱਕਰ ਵਿੱਚ ਪਹਾੜੀ ਮੇਰ ਮਾਰਿਆ ਗਿਆ ਤਾਂ ਨਾਹਰ ਇੱਕ ਸ਼ੇਰ ਦੀ ਤਰ੍ਹਾਂ ਝਪਟ ਕੇ ਅੱਗੇ ਆਇਆ। ਪ੍ਰਿਥਵੀ ਰਾਜ ਨੇ ਮੇਰ ਮੁਖੀ ਦੇ ਮਰਨ 'ਤੇ ਜਿੱਤ ਦੇ ਸੰਖ ਵਜਾ ਦਿੱਤੇ ਪਰ ਯੁੱਧ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਸੀ। ਚੌਹਾਨ ਦੀ ਤਲਵਾਰ ਨਾਲ ਨਾਹਰ ਦਾ ਘੋੜਾ ਮਾਰਿਆ ਗਿਆ ਪਰ ਨਾਹਰ ਉੱਛਲ ਕੇ ਖੜ੍ਹਾ ਹੋ ਗਿਆ ਤੇ ਦੋਨੋਂ ਇੱਕ ਦੂਜੇ 'ਤੇ ਝਪਟ ਪਏ ਪਰ ਦੋਨਾਂ ਦੇ ਜਵਾਨਾ ਨੇ ਉਨ੍ਹਾਂ ਅੱਗੇ ਆਪਣੇ ਸਰੀਰਾਂ ਦੇ ਕਿਲ੍ਹੇ ਬਣਾ ਲਏ। ਪਰਮਾਰ ਵੀ ਪਰਹਾਰਾਂ ਨਾਲ ਆ ਮਿਲੇ। ਚਵੰਡ ਅੱਗੇ ਵਧਿਆ ਤੇ ਉਸ ਨੇ ਆਪਣੀ ਸਾਂਗ ਨਾਲ ਜੋ ਕਿ ਦਸ ਕੁ ਫੁੱਟ ਲੰਮੀ ਸੀ ਪਰਹਾਰ ਨੂੰ ਪਰੁੰਨ ਸੁੱਟਿਆ ਤੇ ਉਹ ਧਰਤੀ 'ਤੇ ਡਿੱਗ ਪਿਆ। ਇਸ ਤਰ੍ਹਾਂ ਵੀਰਗਤੀ ਨਾਲ ਮਰ ਕੇ ਉਸ ਨੇ ਆਪਣੇ ਸਾਰੇ ਦੁਨਿਆਵੀ ਪਾਪ ਧੋ ਦਿੱਤੇ।"

ਪੁਸ਼ਕਰ ਝੀਲ ਤੋਂ ਚਾਰ ਮੀਲ ਉੱਪਰ ਬੁੜ੍ਹਾ ਪੁਸ਼ਕਰ ਨਾਮੀਂ ਝੀਲ ਆਖਰੀ ਪਰਿਹਾਰ, ਮੰਡੋਰ ਦੇ ਰਾਜੇ ਨੇ ਪੁਟਵਾਈ ਸੀ।

ਕਰਨਲ ਟਾਡ ਦੇ ਸਮੇਂ ਬੀਕਾਨੇਰ ਦੇ ਰਾਜੇ ਨੇ ਆਪਣੀ ਫੌਜ ਵਿੱਚ ਬਹੁਤੇ ਸਿਪਾਹੀ ਬਾਹਰਲੀਆਂ ਰਿਆਸਤਾਂ ਦੇ ਰੱਖੇ ਹੋਏ ਸਨ। ਬੀਕਾਨੇਰ ਸ਼ਹਿਰ ਦੀ ਰਖਵਾਲੀ ਪਰਿਹਾਰਾਂ ਰਾਜਪੂਤਾਂ ਦੇ ਸਪੁਰਦ ਸੀ ਤੇ ਉਨ੍ਹਾਂ ਨੂੰ 25 ਪਿੰਡ ਜਗੀਰ ਵਜੋਂ ਦਿੱਤੇ ਹੋਏ ਸਨ।

ਰਾਠੌਰ ਉੱਜੜ ਕੇ ਪਰਿਹਾਰਾਂ ਦੀ ਸ਼ਰਨ ਵਿੱਚ ਆਏ। ਪਰਿਹਾਰਾਂ ਨੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿੱਚ ਹੀ ਰਹਿਣ ਨੂੰ ਜਗ੍ਹਾ ਦੇ ਦਿੱਤੀ। ਇਸ ਦਇਆ ਦਾ ਬਦਲਾ ਉਨ੍ਹਾਂ ਗੱਦਾਰੀ ਕਰ ਕੇ ਦਿੱਤਾ। ਰਾਠੌਰਾਂ ਦੇ ਉੱਘੇ ਰਾਜੇ ਚੋਂਡਾ ਨੇ ਪਰਿਹਾਰਾਂ ਦਾ ਮੰਡੋਰ ਤੋਂ ਨਾਮੋ ਨਿਸ਼ਾਨ ਮਿਟਾ ਕੇ ਮੰਡੋਰ 'ਤੇ ਰਾਠੌਰਾਂ ਦਾ ਝੰਡਾ ਲਹਿਰਾ ਦਿੱਤਾ।

*1 ਔਰੰਗਜ਼ੇਬ ਦੇ ਸਮੇਂ ਪਰਿਹਾਰਾਂ ਦੀ ਇੰਧਾ ਸ਼ਾਖ ਨੇ ਇੱਕ ਵਾਰ ਫੇਰ ਮੰਡੋਰ 'ਤੇ ਆਪਣਾ ਝੰਡਾ ਝੁਲਾ ਦਿੱਤਾ।

*2 ਇਸ ਤੋਂ ਪਹਿਲਾਂ ਪਰਿਹਾਰਾਂ ਦੀ ਤਾਕਤ ਕਾਫੀ ਘੱਟ ਗਈ ਸੀ। ਮੇਵਾੜ ਦੇ ਰਾਜੇ ਨੇ ਇਹਨਾਂ ਦਾ ਇਲਾਕਾ ਹੀ ਨਹੀਂ ਖੋਹਿਆ ਸਗੋਂ ਇਹਨਾਂ ਦਾ ਟਾਈਟਲ ਰਾਣਾ ਵੀ ਲੈ ਲਿਆ। ਸੰਨ 1381 ਵਿੱਚ ਮੇਵਾੜ ਦੇ ਰਾਵਲ ਨੇ ਮੰਡੋਰ 'ਤੇ ਹਮਲਾ ਕਰ ਕੇ ਰਾਜੇ ਅਤੇ ਸਭ ਰਾਜਕੁਮਾਰਾਂ ਨੂੰ ਕਤਲ ਕਰ ਦਿੱਤਾ।

ਬਿਸਤ ਜਲੰਧਰ ਦੁਆਬ ਵਿੱਚ ਪੁਰਾਣੇ ਸਮਿਆਂ ਤੋਂ ਹੀ ਚੰਦਰਬੰਸ਼ੀ ਰਾਜਪੂਤਾਂ ਦਾ ਰਾਜ ਰਿਹਾ ਹੈ। ਸੱਤਵੀਂ ਸਦੀ ਈ. ਵਿੱਚ ਇਹ ਇੱਕ ਸ਼ਕਤੀ ਸ਼ਾਲੀ ਰਿਆਸਤ ਸੀ। ਹੁਸ਼ਿਆਰਪੁਰ ਕਾਂਗੜਾ, ਚੰਬਾ, ਮੰਡੀ ਅਤੇ ਸਰਹਿੰਦ ਇਸ ਦੇ ਹਿੱਸੇ ਸਨ ਪਰ ਅਗਲੇ

*1 *Annals and Antiquities of Rajasthan by Tod Vol. II Page 994*

*2 *Annals and Antiqutles of Rajashan by Tod Vol. I Page 120*

ਤਿੰਨ ਸੌ ਸਾਲਾਂ ਵਿੱਚ ਇਸ ਨੂੰ ਪਰਤੀਹਾਰਾਂ ਅੱਗੇ ਝੁਕਣਾ ਪਿਆ। ਸੰਨ 836-885 ਵਿੱਚ ਮਿਹਰ ਭੋਜ ਨਾਮੀ ਕਨੌਜ ਦੇ ਰਾਜੇ ਨੇ ਅਪਣਾ ਇਲਾਕਾ ਕਰਨਾਲ ਤੱਕ ਵਧਾ ਲਿਆ। ਉਸ ਸਮੇਂ ਲਾਹੌਰ ਤੇ ਚੌਹਾਨ ਰਾਜਪੂਤਾਂ ਦਾ ਰਾਜ ਸੀ। ਫਰਿਸ਼ਤਾ ਕਰਤਾ ਤਾਰੀਖੇ ਫਰਿਸ਼ਤਾ ਅਨੁਸਾਰ ਸੱਤਵੀਂ ਸਦੀ ਵਿੱਚ ਉਨ੍ਹਾਂ ਨੂੰ ਹਿੰਦੂਕੁਸ਼ ਪਹਾੜਾਂ ਵਿੱਚ ਉਥੋਂ ਦੇ ਅਫਗਾਨਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ।

ਪਰਹਾਰ ਰਾਜਪੂਤ ਚਾਹੇ ਗਿਣਤੀ ਵਿੱਚ ਘੱਟ ਹਨ ਪਰ ਗੁਣਾ ਵਿੱਚ ਕਿਸੇ ਨਾਲੋਂ ਘੱਟ ਨਹੀਂ ਹਨ।

*1 ਪਰਹਾਰਾਂ ਦੀ ਇੰਧਾ ਸ਼ਾਖ ਵਾਲੇ ਸੂਰ ਦਾ ਮਾਸ ਨਹੀਂ ਖਾਂਦੇ। ਉਨ੍ਹਾਂ ਦਾ ਯਕੀਨ ਹੈ ਕਿ ਉਨ੍ਹਾਂ 'ਚੋਂ ਕਿਸੇ ਦੀ ਵੀ ਅਸਮਾਨੀ ਬਿਜਲੀ ਨਾਲ ਮੌਤ ਨਹੀਂ ਹੋਵੇਗੀ। ਇਹ ਵਰਦਾਨ ਉਨ੍ਹਾਂ ਦੇ ਵਡੇਰੇ ਖਾਖਜੀ ਵੱਲੋਂ ਉਨ੍ਹਾਂ ਨੂੰ ਪ੍ਰਾਪਤ ਸੀ। ਕੋਈ ਵੀ ਮਹਾਂਮਾਰੀ ਉਨ੍ਹਾਂ ਦੇ ਇਲਾਕੇ ਵਿੱਚ ਨਹੀਂ ਫੈਲ ਸਕਦੀ ਕਿਉਂਕਿ ਉਨ੍ਹਾਂ ਦੀ ਦੇਵੀ ਮਾਤਾ ਚਵੰਡਾ ਉਨ੍ਹਾਂ ਦੀ ਰੱਖਿਅਕ ਹੈ। ਚਵੰਡਾ ਮਾਤਾ ਦਾ ਮੰਦਰ ਜੋਧਪੁਰ ਕਿਲੇ ਵਿੱਚ ਵੀ ਹੈ।

ਇਸ ਸਮੇਂ ਬਿਸਤ ਜਲੰਧਰ ਵਿੱਚ ਪਰਹਾਰ ਰਾਜਪੂਤਾਂ ਦੇ ਪਿੰਡ ਕਾਲਰਾ ਜ਼ਿਲ੍ਹਾ ਜਲੰਧਰ ਅਤੇ ਕਰਨਾਣਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਹਨ।

*2 ਦੁਆਬਾ ਲਫਜ਼ ਅਕਬਰ ਦੀ ਕਾਢ ਹੈ ਦੋਆਬਾ-ਦੋ+ਆਬਾ, ਦੋ ਪਾਣੀਆਂ ਅਥਵਾ ਦੋ ਦਰਿਆਵਾਂ ਵਿਚਕਾਰਲੀ ਧਰਤੀ। ਹਰ ਇੱਕ ਦੁਆਬੇ ਦਾ ਨਾ ਇਸ ਦੇ ਦੋਨੋ ਪਾਸਿਆਂ ਦੇ ਦਰਿਆਵਾਂ ਦੇ ਨਾਵਾਂ ਨੂੰ ਮਿਲਾ ਕੇ ਰੱਖਿਆ ਗਿਆ ਹੈ ਜਿਵੇਂ:-

ਬਿਸਤ ਦੁਆਬ-ਬਿਆਸ ਅਤੇ ਸਤਲੁਜ ਦੇ ਵਿਚਾਰਲਾ ਇਲਾਕਾ
ਬਾਰੀ ਦੁਆਬ-ਬਿਆਸ ਅਤੇ ਰਾਵੀ ਦੇ ਵਿਚਾਰਲਾ ਇਲਾਕਾ
ਰਚਨਾ ਦੁਆਬ-ਰਾਵੀ ਅਤੇ ਚਨਾਬ ਦੇ ਵਿਚਾਰਲਾ ਇਲਾਕਾ
ਚਜ ਦੁਆਬ-ਚਨ੍ਹਾਬ ਅਤੇ ਜਿਹਲਮ ਦੇ ਵਿਚਾਰਲਾ ਇਲਾਕਾ

---

*1 *Annals and Antiquities of Rajasthan by Tod Vol. II Page 940*

*2 *Ancient Geography of India by Alexander Cunnigham Page 130*

# ਲੱਡੂ

ਲੱਡੂ ਰਾਜਪੂਤਾਂ ਦੀ ਬਹੁਤੀ ਵਸੋਂ ਅੱਜਕੱਲ ਦੇ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਵਿੱਚ ਹੈ। ਇਹਨਾਂ ਦੇ ਮੁਖੀ ਨੂੰ ਰਾਜਾ ਦੀ ਥਾਂ ਰਾਏ ਕਹਿੰਦੇ ਹਨ ਤੇ ਇਹਨਾਂ ਦਾ ਪ੍ਰਮੁੱਖ ਰਾਏ ਭਭੌਰ ਹੈ। ਲੱਡੂ ਸੂਰਜਵੰਸੀ ਰਾਜਪੂਤ ਹਨ। 2400 ਸਾਲ ਪਹਿਲਾਂ ਕਾਂਗੜਾ ਦੇ ਰਾਜਾ ਭੂਮ ਚੰਦ ਦਾ ਪੁੱਤਰ ਸੁਸਰਾਮ ਚੰਦ ਹੋਇਆ ਹੈ ਜਿਸ ਦੀ ਸ਼ਾਦੀ ਦਰਯੋਧਨ ਦੀ ਲੜਕੀ ਨਾਲ ਹੋਈ ਤੇ ਮਹਾਂਭਾਰਤ ਦੇ ਯੁੱਧ ਵਿੱਚ ਉਹ ਕੌਰਵਾਂ ਵੱਲ ਸੀ। ਕੁਰੂਕਸ਼ੇਤਰ ਦੇ ਯੁੱਧ ਵਿੱਚ ਉਹ ਨਿੱਤ ਦਿਨ ਪਾਂਡਵਾਂ ਨਾਲ ਲੜਦਾ ਪਰ ਰਾਤ ਨੂੰ ਆਪਣੀ ਰਾਜਧਾਨੀ ਕਾਂਗੜੇ ਆ ਜਾਂਦਾ ਸੀ। ਇੱਕ ਦਿਨ ਭੀਮ ਨੇ ਆਪਣੀ ਗਦਾ ਦੇ ਵਾਰ ਨਾਲ ਉਸ ਦੇ ਹਾਥੀ ਦਾ ਸਿਰ ਫੇਂਹ ਦਿੱਤਾ ਪਰ ਸੁਸਰਾਮ ਨੇ ਆਪਣੇ ਪੈਰਾਂ ਨਾਲ ਹਾਥੀ ਦਾ ਸਿਰ ਘੁੱਟ ਰੱਖਿਆ ਤੇ ਠੀਕ ਠਾਕ ਕਾਂਗੜੇ ਪਹੁੰਚ ਗਿਆ। ਸੁਸਰਾਮ ਦੀ ਰਾਜਾ ਵਿਰਾਟ ਨਾਲ ਲੜਾਈ ਹੋਈ ਤੇ ਸੁਸਰਾਮ ਲੜਦਾ-ਲੜਦਾ ਡਿੱਗ ਪਿਆ ਤੇ ਉਸ ਨੇ ਆਪਣੀ ਜੀਾਨ ਬਖਸ਼ਣ ਦੀ ਬੇਨਤੀ ਕੀਤੀ। ਰਾਜਾ ਵਿਰਾਟ ਨੇ ਕਿਹਾ ਕਿ ਜਾਨ ਇਸ ਸ਼ਰਤ 'ਤੇ ਬਖਸ਼ੀ ਜਾਵੇਗੀ ਕਿ ਸੁਸਰਾਮ ਲੁੱਡੀ ਪਾਵੇ ਤੇ ਇਥੋਂ ਇਹ ਗੋਤ ਲੁੱਡੂ ਸ਼ੁਰੂ ਹੋਇਆ। ਲੁੱਡੂ ਗੋਤ ਦੀ ਅਸਲ ਸ਼ੁਰੂਆਤ ਰਾਜਾ ਭੂਮ ਚੰਦ ਤੋਂ 21 ਪੁਸ਼ਤਾਂ ਬਾਅਦ ਰਾਜਾ ਖੂਬ ਚੰਦ ਤੋਂ ਹੁੰਦੀ ਹੈ ਜਿਸ ਦੀ ਪਤਨੀ ਅੰਨ੍ਹੀ ਸੀ ਪਰ ਉਸ ਨੇ 22 ਸਾਲ ਤੱਕ ਕਮਾਲ ਹੁਸ਼ਿਆਰੀ ਨਾਲ ਆਪਣੇ ਪਤੀ ਨੂੰ ਆਪਣੇ ਅੱਖਾਂ ਤੋਂ ਅੰਨ੍ਹੇ ਹੋਣ ਦਾ ਪਤਾ ਨਾ ਲੱਗਣ ਦਿੱਤਾ। ਉਨ੍ਹਾਂ ਦੇ ਅੱਠ ਪੁੱਤਰ ਪੈਦਾ ਹੋਏ ਤੇ ਇੱਕ ਦਿਨ ਰਾਜੇ ਨੂੰ ਉਸ ਦੇ ਅੰਨ੍ਹੇ ਹੋਣ ਦਾ ਪਤਾ ਲੱਗਾ ਤਾਂ ਉਹ ਉਸ ਦੀ ਹੁਸ਼ਿਆਰੀ ਤੋਂ ਬਹੁਤ ਖੁਸ਼ ਹੋਇਆ ਤੇ ਉਸ ਸਮੇਂ ਦੇ ਰਾਜਿਆਂ ਦੀ ਤਰ੍ਹਾਂ ਆਪਣੀ ਰਾਣੀ ਨੂੰ ਕਿਹਾ ਕਿ ਮੰਗ ਜੋ ਮੰਗਦੀ ਏਂ। ਰਾਣੀ ਨੇ ਕਿਹਾ ਕਿ ਪਰੰਪਰਾ ਤਾਂ ਇਹ ਹੈ ਕਿ ਵੱਡੇ ਪੁੱਤਰ ਨੂੰ ਰਾਜ ਮਿਲਦਾ ਹੈ ਪਰ ਮੇਰੀ ਖਾਹਿਸ਼ ਹੈ ਕਿ ਮੇਰੇ ਅੱਠੇ ਪੁੱਤਰ ਰਾਜੇ ਬਣਨ ਤੇ ਉਨ੍ਹਾਂ ਅੱਠਾਂ ਦੇ ਟਿੱਕੇ ਲਗਾਏ ਗਏ ਤੇ ਉਨ੍ਹਾਂ ਨੂੰ ਟਿੱਕੇ ਕਿਹਾ ਜਾਣ ਲੱਗਾ। ਪਰ ਉਨ੍ਹਾਂ ਆਪਣੇ ਆਪ ਨੂੰ ਰਾਏ ਕਹਾਉਣਾ ਠੀਕ ਸਮਝਿਆ। ਅੱਗੇ ਵੀ ਉਨ੍ਹਾਂ ਦੀ ਔਲਾਦ ਵਿੱਚ ਵੰਡ ਇਸੇ ਤਰ੍ਹਾਂ ਚਲਦੀ ਗਈ। ਨਵੇਂ ਰਾਏ ਦੇ ਮੱਥੇ 'ਤੇ ਟਿੱਕਾ ਰਾਏ ਭਭੌਰ ਵੱਲੋਂ ਲਾਇਆ ਜਾਂਦਾ ਹੈ ਤੇ ਰਾਏ ਭਭੌਰ ਨੂੰ ਇਸ ਸ਼ੁੱਭ ਸਮੇਂ ਇੱਕ ਘੋੜਾ, ਦੁਸ਼ਾਲਾ ਅਤੇ ਰੁਪਿਆ ਯਥਾ ਸ਼ਕਤੀ ਮਾਣ ਵਜੋਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਭਭੌਰ ਦੇ ਰਾਏ ਨੂੰ ਟਿੱਕਾ ਗੁਲੇਰ ਦੇ ਰਾਜੇ ਵੱਲੋਂ ਲਾਇਆ ਜਾਂਦਾ ਹੈ। ਮਾਹਲਪੁਰ ਥਾਣੇ ਤੋਂ ਇੱਕ ਅੱਧ ਮੀਲ ਦੱਖਣ ਵੱਲ ਦੇ ਪਿੰਡ ਦੋਹਲਰੋਂ ਦੇ ਲੁੱਡੂ ਰਾਜਪੂਤ ਕਿਸੇ ਸਮੇਂ ਊਨੇ ਤੋਂ ਆ ਕੇ ਇੱਥੇ ਵਸੇ ਪਰ ਇਹ ਸਿੱਖ ਬਣ ਗਏ ਤੇ ਪਹਾੜੀ ਰਾਜਪੂਤਾਂ ਨਾਲੋਂ ਟੁੱਟ ਗਏ।

---

* [1] *A Glossary of the Tribes and Castes of Punjab and N.W.F. Page 38 Vol. III*

# ਗਹਿਲੋਤ ਤੇ ਸਿਸੋਦੀਆ

ਮੇਵਾੜ ਦੇ ਰਾਜ ਘਰਾਣੇ ਦੇ ਇਤਿਹਾਸ ਤੋਂ ਬਿਨ੍ਹਾਂ ਰਾਜਪੂਤ ਕੌਮ ਦਾ ਇਤਿਹਾਸ ਅਧੂਰਾ ਲੱਗੇਗਾ। ਇਸ ਖਾਨਦਾਨ ਦੇ ਮੋਢੀ ਦਾ ਨਾਂ ਗੁਹਾਦੱਤਾ ਸੀ ਜਿਸ ਦੇ ਨਾਂ ਤੋਂ ਗਹਿਲੋਤ ਗੋਤ ਚੱਲਿਆ। ਉਸ ਦਾ ਪਿੱਛਾ ਗੁੱਜਰਾਂ ਵਿੱਚ ਦਸਦੇ ਹਨ ਜਿਹੜੇ ਕਿ ਛੇਵੀਂ ਸਦੀ ਵਿੱਚ ਹੂਨ ਕੌਮ ਨਾਲ ਉੱਤਰ ਪੱਛਮ ਵੱਲੋਂ ਆਏ ਤੇ ਰਾਜਪੂਤਾਨਾ ਵਿੱਚ ਭੀਲਮਲ (ਜੋ ਕਿ ਮਾਊਂਟ ਆਬੂ ਤੋਂ 50 ਮੀਲ 'ਤੇ ਹੈ) ਵਿਖੇ ਅਪਣਾ ਰਾਜ ਸਥਾਪਤ ਕੀਤਾ। ਉਦਯਪੁਰ ਸ਼ਹਿਰ ਦੇ 15 ਮੀਲ ਉੱਤਰ ਵਲ ਏਕਲੰਗਾ ਦੇ ਮੰਦਰ ਦੇ ਭੰਡਾਰ ਖਾਨੇ 'ਚੋਂ ਇੱਕ ਪੱਥਰ ਮਿਲਿਆ ਹੈ ਜਿਸ 'ਤੇ ਉੱਕਰਿਆ ਹੋਇਆ ਹੈ ਕਿ ਬਾਪਾ ਨਾਮ ਦਾ ਰਾਜਾ ਜਿਹੜਾ ਕਿ ਗੁਹਿਲਾ ਰਾਜ ਘਰਾਣੇ ਵਿੱਚ ਚੰਦ ਦੀ ਤਰ੍ਹਾਂ ਹੈ। ਇਹ ਬਾਪਾ ਨੇ ਹੀ ਮੇਵਾੜ ਘਰਾਣੇ ਦੀ ਨੀਂਹ ਰੱਖੀ। ਮਲੇਛਾਂ (ਉੱਤਰ ਪੱਛਮ ਦੇ ਮੁਸਲਮਾਨ) ਨੂੰ ਸੋਰਿਠ ਦੇਸ਼ 'ਤੇ ਹਮਲਾ ਕਰਕੇ ਉਥੋਂ ਦੇ ਰਾਜਾ ਅਤੇ ਹੋਰ ਲੋਕਾਂ ਨੂੰ ਮਾਰ ਮੁਕਾਇਆ। ਕੇਵਲ ਇੱਕ ਰਾਣੀ ਬਚੀ ਜੋ ਕਿ ਆਪਣੇ ਪੇਕੇ ਚੰਦਰਾਵਤੀ ਵਿਖੇ ਦੇਵੀ ਮਾਂ ਅੰਬਾ ਅੱਗੇ ਆਪਣੀ ਗੋਦ ਭਰਾਈ ਦਾ ਸ਼ੁਕਰਾਨਾ ਕਰਨ ਗਈ ਹੋਈ ਸੀ। ਉਹ ਵਾਪਸ ਆ ਰਹੀ ਸੀ ਤਾਂ ਉਸ ਨੂੰ ਆਪਣੇ ਰਾਜ ਦੇ ਅੰਤ ਦਾ ਪਤਾ ਲੱਗਾ। ਮਾਲੀਆ ਦੇ ਪਹਾੜ ਦੀ ਇੱਕ ਗੁਫਾ ਵਿੱਚ ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਗੁਫਾ ਵਿੱਚ ਪੈਦਾ ਹੋਣ ਕਾਰਨ ਇਸ ਦਾ ਨਾ ਗੁਹਾ ਰੱਖਿਆ। ਰਾਣੀ ਨੇ ਕਮਲਾਵਤੀ ਨਾਮ ਦੀ ਇੱਕ ਬ੍ਰਾਹਮਣੀ ਦੇ ਆਪਣਾ ਲੜਕਾ ਸਪੁਰਦ ਕੀਤਾ ਤੇ ਉਸ ਨੂੰ ਹਦਾਇਤ ਕੀਤੀ ਕਿ ਇਸ ਦੀ ਪਾਲਣਾ ਬ੍ਰਾਹਮਣਾਂ ਦੀ ਤਰ੍ਹਾਂ ਕਰਨੀ ਪਰ ਇਸ ਦੀ ਸ਼ਾਦੀ ਕਿਸੇ ਰਾਜਪੂਤ ਘਰਾਣੇ ਵਿੱਚ ਕਰਨੀ। ਇਸ ਤੋਂ ਬਾਅਦ ਇਹ ਰਾਣੀ ਸਤੀ ਹੋ ਗਈ। ਇਹ ਗੁਹਾ ਵੱਡਾ ਹੋ ਬਹੁਤ ਸ਼ਰਾਰਤੀ ਨਿਕਲਿਆ। ਉਹ ਰਾਜਪੂਤਾਂ ਅਤੇ ਭੀਲਾਂ ਦੇ ਮੁੰਡਿਆਂ ਨਾਲ ਪੰਛੀਆਂ ਅਤੇ ਜਾਨਵਰਾਂ ਦਾ ਸ਼ਿਕਾਰ ਕਰਦਾ। 11 ਸਾਲ ਦਾ ਹੋਣ 'ਤੇ ਉਹ ਕਿਸੇ ਦੇ ਕਾਬੂ ਨਾ ਆਵੇ। ਭੱਟਾਂ ਨੇ ਠੀਕ ਲਿਖਿਆ ਹੈ ਕਿ ਸੂਰਜ ਦੀ ਕਿਰਨ ਨੂੰ ਉਹ ਕਿਸ ਤਰ੍ਹਾਂ ਛੁਪਾ ਸਕਦੇ ਸਨ। ਆਪਣੀ ਯੋਗਤਾ ਨਾਲ ਉਹ ਭੀਲਾਂ ਦਾ ਰਾਜਾ ਬਣ ਗਿਆ। ਉਸ ਤੋਂ ਬਾਅਦ ਕਾਫੀ ਸਮੇਂ ਦੇ ਰਾਜਿਆਂ ਦਾ ਪਤਾ ਨਹੀਂ ਲੱਗਦਾ। ਪਰ ਇਹ ਗੱਲ ਮੰਨਣ ਵਾਲੀ ਹੈ ਕਿ ਉਹ ਸੰਘਣੇ ਜੰਗਲਾਂ ਅਤੇ ਪਹਾੜਾਂ ਵਿਚਕਾਰ ਰਹਿੰਦੇ ਸਨ। ਭੀਲਾਂ ਨੇ ਰਾਜਪੂਤਾਂ ਨੂੰ ਵਿਦੇਸ਼ੀ ਸਮਝ ਦੇ ਇੱਕ ਦਿਨ ਰਾਜੇ ਨਾਗਦਿਤ ਨੂੰ ਮਾਰ ਦਿੱਤਾ। ਉਸ ਦਾ ਲੜਕਾ ਬਾਪਾ ਉਸ ਵੇਲੇ ਤਿੰਨ ਕੁ ਸਾਲ ਦਾ ਸੀ ਨੂੰ ਭਟਨੇਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ ਜਿਥੇ ਯਾਦਵ ਵੰਸ਼ ਦੇ ਇੱਕ ਭੀਲ ਨੇ ਉਸ ਦੀ ਰੱਖਿਆ ਕੀਤੀ। ਉਸ ਦਾ ਬਚਪਨ ਗਊਆਂ ਚਾਰਨ ਅਤੇ ਜੰਗਲਾਂ ਵਿੱਚ ਭਗਤੀ ਕਰਦਿਆਂ ਬੀਤਿਆ। ਇੱਕ ਰਿਸ਼ੀ ਨੇ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਵਰ ਦਿੱਤਾ ਕਿ ਦੁਸ਼ਮਣ ਦੇ

ਹਥਿਆਰ ਉਸ ਦਾ ਕੁਝ ਨਹੀਂ ਵਿਗਾੜ ਸਕਣਗੇ। ਇੱਕ ਹੋਰ ਰਿਸ਼ੀ ਨੇ ਉਸ ਨੂੰ ਦੋ ਧਾਰਾ ਖੰਡਾ ਦਿੱਤਾ ਜਿਸ ਨਾਲ ਕਿ ਪੱਥਰ ਵੀ ਕੱਟਿਆ ਜਾ ਸਕਦਾ ਸੀ। ਇਸ ਨਾਲ ਚਿਤੌੜ ਦੀ ਗੱਦੀ ਲਈ ਉਸ ਦਾ ਰਸਤਾ ਸਾਫ ਹੋ ਗਿਆ। ਉਸ ਸਮੇਂ ਚਿਤੌੜ ਪਰਮਾਰ ਗੋਤ ਦੇ ਰਾਜਿਆਂ ਅਧੀਨ ਸੀ ਤੇ ਬਾਪਾ ਦੀ ਮਾਤਾ ਵੀ ਪਰਮਾਰ ਵੰਸ਼ ਚੋਂ ਸੀ। ਬਾਪਾ ਨੇ ਪਰਮਾਰ ਰਾਜੇ ਦੀ ਕਮਜ਼ੋਰੀ ਦਾ ਫਾਇਦਾ ਉਠਾ ਕੇ ਚਿਤੌੜ ਦਾ ਰਾਜ ਪ੍ਰਾਪਤ ਕਰ ਲਿਆ। ਉਸ ਦੀ ਔਲਾਦ ਵਿੱਚ ਬਹੁਤ ਵਾਧਾ ਹੋਇਆ ਤੇ ਸਾਰੇ ਸੁਰਾਸ਼ਟਰ ਤੇ ਅਕਬਰ ਦੇ ਸਮੇਂ ਵੀ ਉਸ ਦੇ ਵੰਸ਼ ਦਾ ਰਾਜ ਸੀ। ਬੁਢੇਪੇ ਤੱਕ ਬਾਪਾ ਨੇ ਆਪਣਾ ਰਾਜ ਵਧਾਉਣਾ ਜਾਰੀ ਰੱਖਿਆ ਤੇ ਉਹ ਖੁਰਾਸਾਨ ਤੱਕ ਵੱਧ ਗਿਆ ਤੇ ਉੱਥੇ ਦੇ ਮਲੇਛਾਂ ਨੂੰ ਹਰਾ ਕੇ ਉੱਥੇ ਦੇ ਰਾਜੇ ਦੀ ਪੁੱਤਰੀ ਨਾਲ ਵਿਆਹ ਕਰਾਇਆ। ਇਹ ਉਸ ਸਮੇਂ ਦਾ ਰਿਵਾਜ ਸੀ ਕਿ ਹਾਰਨ ਵਾਲੇ ਰਾਜੇ ਨੂੰ ਆਪਣੀ ਲੜਕੀ ਦਾ ਡੋਲਾ ਜਿੱਤਣ ਵਾਲੇ ਰਾਜੇ ਨੂੰ ਦੇਣਾ ਪੈਂਦਾ ਸੀ।

ਦੇਲਵਾੜਾ ਦੇ ਮੁਖੀ ਕੋਲ ਇੱਕ ਪੁਰਾਣੀ ਲਿਖਤ ਹੈ ਜਿਸ ਅਨੁਸਾਰ ਬਾਪਾ ਨੇ ਪੱਛਮ ਦੇ ਇਸਫਾਹਨ, ਕੰਧਾਰ, ਕਸ਼ਮੀਰ, ਇਰਾਕ, ਇਰਾਨ, ਤੁਰਾਨ ਅਤੇ ਕਾਫਰਿਸਤਾਨ ਫਤਿਹ ਕੀਤੇ ਅਤੇ ਸਾਰੇ ਰਾਜਿਆਂ ਦੀ ਲੜਕੀਆਂ ਨਾਲ ਵਿਆਹ ਕਰਵਾਏ ਜਿਨ੍ਹਾਂ ਤੋਂ ਉਸ ਦੇ 130 ਪੁੱਤਰ ਹੋਏ। ਇਹਨਾਂ ਨੇ ਆਪਣੀ ਆਪਣੀ ਮਾਂ ਦੇ ਨਾਂ 'ਤੇ ਅੱਗੇ ਵੰਸ਼ ਚਲਾਏ। ਉਸ ਦੇ ਹਿੰਦੂ ਪੁੱਤਰਾਂ ਦੀ ਗਿਣਤੀ 98 ਸੀ। ਇਸ ਵਿੱਚ ਸ਼ੱਕ ਨਹੀਂ ਕਿ ਇਸ ਸਮੇਂ ਹੀ ਬਹੁਤੇ ਰਾਜਪੂਤ ਉੱਤਰ ਪੱਛਮ ਵੱਲੋਂ ਭਾਰਤ ਵਿੱਚ ਆਏ। ਬਾਪਾ ਸੰਨ 728 ਵਿੱਚ ਚਿਤੌੜ ਦੀ ਗੱਦੀ 'ਤੇ ਬੈਠਾ। ਉਸ ਤੋਂ ਬਾਅਦ ਸ਼ਕਤੀ ਕੁਮਾਰ ਸੰਨ 968 ਈ. ਵਿੱਚ ਅਤੇ ਸਮਾਰਸੀ ਦਾ ਸੰਨ 1193 ਈ. ਵਿੱਚ ਇਸ ਗੱਦੀ 'ਤੇ ਬੈਠਣ ਦਾ ਜ਼ਿਕਰ ਹੈ। ਸ਼ਕਤੀ ਕੁਮਾਰ ਸੁਬਕਤਗੀਨ ਦੇ ਸਮੇਂ ਹੋਇਆ ਹੈ। ਇਸ ਤੋਂ ਪਿੱਛੋਂ ਖੁੰਮਣ ਅਤੇ ਭਰਾਤਰੀ ਰਾਜੇ ਹੋਏ ਹਨ। ਅਜਿਹੇ ਸਮੇਂ ਜਿਨ੍ਹਾਂ ਦਾ ਲਿਖਤੀ ਸਬੂਤ ਨਾ ਮਿਲੇ ਕਿ ਕਿਸਮੇਂ ਕੌਣ ਰਾਜਾ ਸੀ ਤੇ ਉਸ ਦਾ ਰਾਜ ਕਿਸ ਤਰ੍ਹਾਂ ਦਾ ਸੀ ਬਾਰੇ ਇਹ ਕਹਿਣਾ ਕਿ ਰਾਜੇ ਤਾਂ ਹੈ ਸਨ ਜਿਹੜੇ ਕਿ ਅਨਪੜ੍ਹ ਸਨ ਪਰ ਨਿਡਰ ਸਨ। ਆਪਣੀ ਜਵਾਨੀ ਵੇਲੇ ਨਵੇਂ ਇਲਾਕੇ ਲੁੱਟਦੇ ਤੇ ਬੁਢਾਪੇ ਵਿੱਚ ਮੰਦਰ ਬਣਵਾਉਂਦੇ। ਉਹ ਹਥਿਆਰਾਂ, ਘੋੜਿਆਂ ਅਤੇ ਸ਼ਿਕਾਰ ਦੇ ਸ਼ੌਕੀਨ ਸਨ। ਜਦੋਂ ਬਾਹਰਲੇ ਦੁਸ਼ਮਣਾਂ ਤੋਂ ਵੇਹਲੇ ਹੁੰਦੇ ਤਾਂ ਆਪਣੇ ਹੀ ਜਗੀਰਦਾਰਾਂ ਨਾਲ ਛੋਟੇ-ਮੋਟੇ ਝਗੜੇ ਪਾ ਲੈਂਦੇ।

ਸਮਾਰਸੀ ਦੇ ਜਨਮ ਬਾਰੇ ਚਾਂਦ ਬਰਦਾਈ (ਜੋ ਕਿ ਚੌਹਾਨ ਵੰਸ਼ ਦਾ ਭੱਟ ਸੀ ਦੀਆਂ ਲਿਖੀਆਂ 69 ਪੁਸਤਕਾਂ ਹਨ ਜਿਨ੍ਹਾਂ ਵਿੱਚ ਹਰ ਰਾਜਪੂਤ ਵੰਸ਼ ਦਾ ਕੁਝ ਨਾ ਕੁਝ ਵਰਨਣ ਜ਼ਰੂਰ ਹੈ) ਲਿਖਦਾ ਹੈ ਕਿ ਚਿਤੌੜ (ਮੇਵਾੜ) ਵਿਖੇ ਸਮਾਰਸੀ ਸਿੰਘ ਹੈ ਜਿਹੜਾ ਕਿ ਤਕੜਿਆਂ-ਤਕੜਿਆਂ ਤੋਂ ਖਿਰਾਜ ਵਸੂਲ ਕਰਦਾ ਹੈ। ਪ੍ਰਿਥਵੀ ਰਾਜ ਚੌਹਾਨ ਦੀ ਭੈਣ ਸਮਾਰਸੀ ਨੂੰ ਵਿਆਹੀ ਹੋਈ ਸੀ ਤੇ ਇਸੇ ਰਿਸ਼ਤੇ ਕਾਰਨ ਸਮਾਰਸੀ ਨੇ

ਮੁਹੰਮਦ ਗੌਰੀ ਨਾਲ ਤਰਾਵੜੀ ਦੀ ਆਖਰੀ ਲੜਾਈ 1191 ਈ. ਵਿੱਚ ਆਪਣੀ ਜਾਨ ਵਾਰੀ ਅਤੇ ਆਪਣੇ ਚੋਣਵੇਂ ਜਰਨੈਲ ਅਤੇ 13000 ਸਿਰਲੱਥ ਯੋਧਿਆਂ ਦੀ ਕੁਰਬਾਨੀ ਦਿੱਤੀ। ਸਮਾਰਸੀ ਜਦੋਂ ਦਿੱਲੀ ਲਾਗੇ ਪਹੁੰਚਿਆ ਤਾਂ ਪ੍ਰਿਥਵੀ ਰਾਜ ਚੌਹਾਨ ਨੇ 7 ਕੋਹ ਅੱਗੇ ਹੋ ਕੇ ਉਸ ਦਾ ਸਵਾਗਤ ਕੀਤਾ। ਸਮਾਰਸੀ ਨੇ ਪ੍ਰਿਥਵੀ ਰਾਜ ਨੂੰ ਕੁਝ ਖਰੀਆਂ-ਖਰੀਆਂ ਸੁਣਾ ਕੇ ਉਸ ਵੱਲੋਂ ਕੀਤੀਆਂ ਗਲਤੀਆਂ ਦਾ ਉਸ ਨੂੰ ਅਹਿਸਾਸ ਕਰਵਾਇਆ। ਸਮਾਰਸੀ ਉਸ ਸਮੇਂ ਦੇ ਰਾਜਪੂਤ ਰਾਜਿਆਂ ਵਿੱਚ ਆਪਣੀ ਸਿਆਣਪ, ਦਲੇਰੀ ਅਤੇ ਕੁਸ਼ਲ ਰਾਜ ਪ੍ਰਬੰਧ ਲਈ ਮਸ਼ਹੂਰ ਸੀ। ਤਰਾਵੜੀ ਦੀ ਲੜਾਈ ਤਿੰਨ ਦਿਨ ਚੱਲੀ, ਜਿਸ ਦੌਰਾਨ ਸਾਰੇ ਰਾਜਪੂਤ ਰਾਜੇ ਸਮਾਰਸੀ ਦੇ ਤੰਬੂ ਵਿੱਚ ਇਕੱਠੇ ਹੋ ਕੇ ਜੰਗ ਦੀਆਂ ਯੋਜਨਾਵਾਂ 'ਤੇ ਵਿਚਾਰ ਕਰਦੇ ਸਨ।

ਸਮਾਰਸੀ ਤੋਂ ਬਾਅਦ ਉਸ ਦਾ ਪੁੱਤਰ ਕਰਨ ਸੰਨ 1193 ਵਿੱਚ ਗੱਦੀ 'ਤੇ ਬੈਠਾ ਅਤੇ ਉਸ ਤੋਂ ਬਾਅਦ ਸੰਨ 1201 ਈ. ਵਿੱਚ ਰਾਹੁਪ। ਉਸ ਨੇ ਆਪਣੇ ਸਮੇਂ ਤੋਂ ਵੱਡੀਆਂ ਤਬਦੀਲੀਆਂ ਕੀਤੀਆਂ। ਇੱਕ ਤਾਂ ਗਹਿਲੋਤ ਦੀ ਥਾਂ ਸਿਸੋਦੀਆਂ ਵੰਸ਼ ਅਤੇ ਦੂਜੇ ਅੱਗੇ ਤੋਂ ਰਾਵਲ ਦੀ ਥਾਂ ਰਾਣਾ ਸ਼ਬਦ ਮੇਵਾੜ ਦੇ ਰਾਜਕੁਮਾਰਾਂ ਲਈ। ਰਾਹੁਪ ਦਾ ਵਿਰੋਧੀ ਮੰਡੋਰ ਦਾ ਮੋਕਲ ਪਰਿਹਾਰ ਸੀ। ਰਾਹੁਪ ਨੇ ਉਸ ਨੂੰ ਹਰਾ ਕੇ ਬੰਦੀ ਬਣਾ ਕੇ ਸਿਸੋਦਾ ਲਿਆਂਦਾ ਅਤੇ ਉਸ ਤੋਂ ਗੋਦਵਾਰ ਜ਼ਿਲ੍ਹੇ ਦਾ ਉਪਜਾਊ ਖੇਤਰ ਅਤੇ ਰਾਣਾ ਦਾ ਖਿਤਾਬ ਲੈ ਕੇ ਉਸ ਨੂੰ ਛੱਡਿਆ। ਰਾਹੁਪ ਨੇ 38 ਸਾਲ ਰਾਜ ਕੀਤਾ ਅਤੇ ਆਪਣੇ ਰਾਜ ਦੀ ਸ਼ਾਨ ਬਹਾਲ ਕਰਨ ਵਿੱਚ ਇੱਕ ਮਹੱਤਵਪੂਰਨ ਫਰਜ਼ ਪੂਰਾ ਅਦਾ ਕੀਤਾ। ਉਸ ਤੋਂ ਬਾਅਦ ਅਪਾਰਜੀਤ, ਕਲਭੋਜ ਅਤੇ ਖੁੰਮਣ ਰਾਜ ਗੱਦੀ 'ਤੇ ਬੈਠੇ। ਖੁੰਮਣ ਨੂੰ ਮਾਰ ਕੇ ਉਸ ਦਾ ਪੁੱਤਰ ਮੰਗਲ ਗੱਦੀ ਤੇ ਬੈਠਾ ਪਰ ਉਸ ਦੇ ਮੰਤਰੀਆਂ, ਜਗੀਰਦਾਰਾਂ ਅਤੇ ਪਰਜਾ ਨੇ ਉਸ ਨੂੰ ਸਵੀਕਾਰ ਨਾ ਕੀਤਾ ਤੇ ਉਹ ਉੱਤਰ ਵੱਲ ਲੋਡਰਵਾ ਦੇ ਮਾਰੂਥਲ ਵੱਲ ਚਲੇ ਗਿਆ। ਉਸ ਦੇ ਨਾਂ 'ਤੇ ਮੰਗਲੀਆਂ ਗਹਿਲੋਤ ਗੋਤ ਚੱਲਿਆ। ਖੁੰਮਣ॥ ਦੇ ਸਮੇਂ (812-836) ਈ. ਵਿੱਚ ਖੁਰਾਸਾਨ ਦੇ ਮਹਿਮੂਦ ਨੇ ਚਿਤੌੜ 'ਤੇ ਹਮਲਾ ਕੀਤਾ। ਉਸ ਵੇਲੇ ਬਹੁਤ ਸਾਰੇ ਹਿੰਦੂ ਰਾਜੇ ਚਿਤੌੜ ਦੀ ਮਦਦ ਲਈ ਆਏ।

* ਕਸ਼ਮੀਰ ਤੋਂ ਪਰਿਹਾਰ ਰਾਜੇ ਦੇ ਪਹੁੰਚਣ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਕਸ਼ਮੀਰ ਤੇ ਪਰਹਾਰ ਵੰਸ਼ ਦਾ ਰਾਜ ਸੀ। ਖਿਲਜੀ, ਲੋਧੀ ਅਤੇ ਸੂਰ ਖਾਨਦਾਨਾਂ ਦੇ ਦਿੱਲੀ 'ਤੇ ਰਾਜ ਸਮੇਂ ਮੇਵਾੜ ਨੇ ਚੰਗੀ ਤਰੱਕੀ ਕੀਤੀ। ਰਾਣਾ ਕੁੰਭਾ ਨੇ 50 ਸਾਲ ਰਾਜ ਕੀਤਾ। ਮੇਵਾੜ ਦੇ 84 ਕਿਲਿਆਂ ਵਿੱਚੋਂ 32 ਉਸ ਨੇ ਬਣਵਾਏ ਸੰਨ 1469 ਵਿੱਚ ਉਸ ਦੇ ਪੁੱਤਰ ਉਦਾ ਨੇ ਉਸਦੀ ਹੱਤਿਆ ਕਰ ਦਿੱਤੀ ਤੇ ਤਾਰੀਖ ਵਿੱਚ ਉਦਾ ਦੀ ਥਾਂ ਉਸ ਨੂੰ ਹੱਤਿਆਰਾ ਲਿਖਿਆ ਮਿਲਦਾ ਹੈ। ਉਸ ਦੀ ਪਰਜਾ ਵੀ ਉਸ ਤੋਂ ਨਾਰਾਜ਼ ਸੀ। ਜੋਧਪੁਰ ਦੇ ਰਾਜ ਘਰਾਣੇ ਤੋਂ ਡਰਦਾ ਉਹ ਦਿੱਲੀ ਦੇ ਬਾਦਸ਼ਾਹ ਦੀ ਸ਼ਰਨ

---

* *Annals and Antiquities of Rajasthan of Tod Vol. I Page 292*

ਪੈ ਗਿਆ ਤੇ ਆਪਣੀ ਪੁੱਤਰੀ ਦਾ ਰਿਸ਼ਤਾ ਬਾਦਸ਼ਾਹ ਨਾਲ ਕਰਨਾ ਮੰਨ ਗਿਆ। ਪਰ ਪਰਮਾਤਮਾ ਨੇ ਬਾਪਾ ਰਾਵਲ ਦੇ ਵੰਸ਼ ਦੀ ਲਾਜ ਰੱਖਣੀ ਸੀ। ਉਹ ਜਦੋਂ ਹੀ ਦੀਵਾਨ ਤੋਂ ਬਾਹਰ ਆਇਆ ਆਸਮਾਨੀ ਬਿਜਲੀ ਨੇ ਉਸ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਦਿੱਲੀ ਦੇ ਬਾਦਸ਼ਾਹ ਨੇ ਚਿਤੌੜ 'ਤੇ ਚੜ੍ਹਾਈ ਕੀਤੀ ਪਰ ਬੁਰੀ ਤਰ੍ਹਾਂ ਹਾਰ ਖਾ ਕੇ ਮੁੜਿਆ। ਰਾਏ ਮੱਲ ਨੇ ਇਸ ਸਮੇਂ ਚਿਤੌੜ ਦੀ ਰੱਖਿਆ ਕੀਤੀ। ਅੱਗੇ ਉਸ ਦੇ ਤਿੰਨ ਪੁੱਤਰ ਸਨ, ਪ੍ਰਿਥੀ ਰਾਜ ਅਤੇ ਸਾਂਗਾ, ਰਾਣੀ ਝਾਲੀ ਤੋਂ ਅਤੇ ਜੈਮਲ ਹੋਰ ਰਾਣੀ ਤੋਂ। ਰਾਣਾ ਸਾਂਗਾ ਸੰਨ 1506 ਈ. ਵਿੱਚ ਗੱਦੀ 'ਤੇ ਬੈਠਾ। ਬਾਬਰ ਰਾਣਾ ਸਾਗਾ ਬਾਰੇ ਲਿਖਦਾ ਹੈ ਕਿ ਉਹ ਆਪਣੀ ਦਲੇਰੀ ਨਾਲ ਸਾਰੇ ਰਾਜਪੂਤ ਰਾਜਿਆਂ ਦਾ ਸਰਦਾਰ ਬਣਿਆ ਸੀ।

* ਰਾਣਾ ਸਾਂਗਾ (ਸੰਗਰਾਮ ਸਿੰਘ) ਦੇ ਦੇਹਾਂਤ ਤੋਂ ਬਾਅਦ ਮੁਗਲਾਂ ਦੇ ਪੈਰ ਪੱਕੇ ਹੋ ਗਏ। ਗੁਜਰਾਤ ਦੇ ਸੁਲਤਾਨ ਬਹਾਦਰ ਨੇ ਰਾਜਪੂਤਾਂ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਸੰਨ 1533 ਈ. ਵਿੱਚ ਚਿਤੌੜ 'ਤੇ ਚੜ੍ਹਾਈ ਕਰ ਦਿੱਤੀ। ਰਾਣਾ ਸੰਗਰਾਮ ਸਿੰਘ ਨੇ ਸੁਲਤਾਨ ਬਹਾਦਰ ਤੋਂ ਪਹਿਲੇ ਸੁਲਤਾਨ ਮੁਜ਼ੱਫਰ ਨੂੰ ਉਸ ਦੀ ਰਾਜਧਾਨੀ ਵਿੱਚੋਂ ਹੀ ਬੰਦੀ ਬਣਾ ਕੇ ਲਿਆਂਦਾ ਸੀ। ਉਸ ਸਮੇਂ ਸੰਗਰਾਮ ਸਿੰਘ ਦਾ ਪੁੱਤਰ ਉਦਯ ਸਿੰਘ ਅਜੇ ਬੱਚਾ ਸੀ। ਰਾਜਪੂਤ ਸਰਦਾਰਾਂ ਨੇ ਉਦਯ ਸਿੰਘ ਨੂੰ ਚਿਤੌੜ ਤੋਂ ਕਿਸੇ ਸੁਰੱਖਿਆ ਥਾਂ ਲੈ ਜਾਣ ਦੀ ਜ਼ਿੰਮੇਵਾਰੀ ਚੱਕਾਸੈਨ ਧੁੰਡੇਰਾ ਨੂੰ ਸੌਂਪੀ। ਬੂੰਦੀ ਦੇ ਹਾਰਾ ਰਾਜਕੁਾਰ ਆਪਣੇ ਪੰਜ ਸੌ ਸਿਰਲੱਥ ਯੋਧੇ ਲੈ ਕੇ ਚਿਤੌੜ ਪਹੁੰਚ ਗਏ। ਸੋਨੀਗਿਰਾ, ਜਲੌਰ ਅਤੇ ਆਬੂ ਦੇ ਰਾਜੇ ਵੀ ਆਪਣੀ ਸੈਨਾ ਸਮੇਤ ਪਹੁੰਚ ਗਏ ਕਿਉਂਕਿ ਚਿਤੌੜ ਦੀ ਰੱਖਿਆ ਕਰਨਾ ਸਾਰੇ ਆਪਣਾ ਫਰਜ਼ ਸਮਝਦੇ ਸਨ। ਸੁਲਤਾਨ ਬਹਾਦਰ ਆਪਣੇ ਨਾਲ ਇੱਕ ਫਰੰਗੀ ਤੋਪਚੀ ਲੈ ਕੇ ਆਇਆ ਤੇ ਚਿਤੌੜ ਵਿਖੇ ਬਹਾਦਰ ਦੀ ਜਿੱਤ ਇਸ ਤੋਪਚੀ ਦੇ ਕਾਰਨਾਮੇ ਨਾਲ ਹੀ ਹੋਈ। ਉਸ ਨੇ ਬੀਕਾ ਚਟਾਨ 'ਤੇ ਐਸੀ ਗੋਲਾਬਾਰੀ ਕੀਤੀ ਕਿ ਕਿਲੇ ਵਿੱਚ ਕਾਫੀ ਪਾੜ ਪੈ ਗਿਆ ਤੇ ਇਸ ਗੋਲਾਬਾਰੀ ਨਾਲ ਬੂੰਦੀ ਦਾ ਰਾਜਕੁਮਾਰ ਅਤੇ ਉਸ ਦੇ ਪੰਜ ਸੌ ਯੋਧੇ ਮਾਰੇ ਗਏ। ਰਾਓ ਦੁਰਗਾ,ਸੱਤਾ ਅਤੇ ਦੂਦੂ ਚੋਂਟਾਵਤ ਸਰਦਾਰ ਅੱਗੇ ਆਏ ਤੇ ਉਸ ਪਾੜ ਤੋਂ ਦੁਸ਼ਮਣ ਨੂੰ ਵਧਣੋ ਰੋਕਿਆ। ਰਾਠੌਰ ਵੰਸ਼ ਦੀ ਮਹਾਰਾਣੀ ਜਵਾਹਰ ਬਾਈ, ਲੋਹੇ ਦੀ ਵਰਦੀ ਪਾ ਕੇ ਆਪਣੀ ਸੈਨਾ ਨਾਲ ਦੁਸ਼ਮਣ 'ਤੇ ਟੁੱਟ ਪਈ ਤੇ ਵੀਰਗਤੀ ਪ੍ਰਾਪਤ ਕਰ ਗਈ। ਬਾਕੀ ਬਚਦੇ ਰਾਜਪੂਤਾਂ ਨੇ ਰਸਮੇਂ ਜੌਹਰ ਅਦਾ ਕਰ ਕੇ ਕੇਸਰੀ ਕੱਪੜੇ ਪਾ ਲਏ। ਬਚਦੇ ਚੋਣਵੇਂ ਯੋਧੇ ਤਾਂ ਦੁਸ਼ਮਣ ਦਾ ਰਸਤਾ ਰੋਕਦੇ ਸ਼ਹੀਦੀ ਜਾਮ ਪੀ ਚੁੱਕੇ ਸਨ। ਕਾਹਲੀ ਨਾਲ ਬਾਲਣ ਆਦਿ ਇਕੱਠਾ ਕਰ ਕੇ ਡੂੰਘੇ ਟੋਇਆਂ ਵਿੱਚ ਅੱਗੇ ਬਾਲੀ ਗਈ। ਕਰਨਵਤੀ, ਉਦਯ ਸਿੰਘ ਦੀ ਮਾਤਾ ਜੋ ਕਿ ਬੂੰਦੀ ਦੇ ਹਾਰਾ ਰਾਜਕੁਮਾਰ ਅਰਜਨ ਦੀ ਭੈਣ ਸੀ, ਨੇ ਸਤੀ ਹੋਣ

---

* *Annals and Antiquities of Rajasthan of Tod Vol. I Page 363*

ਵਾਲੀਆਂ ਦੀ ਅਗਵਾਈ ਕੀਤੀ। ਤੇ ਤੇਰਾਂ ਹਜ਼ਾਰ ਇਸਤਰੀਆਂ ਦਾ ਨਾਮੋ ਨਿਸ਼ਾਨ ਮਿਟ ਗਿਆ। ਕਿਲੇ ਦੇ ਦਰਵਾਜ਼ੇ ਖੋਲ੍ਹ ਕੇ ਦਿਓਲੀਆ ਸਰਦਾਰ ਨੇ ਸ਼ਹੀਦੀ ਦਲ ਦੀ ਅਗਵਾਈ ਕੀਤੀ ਅਤੇ ਵੈਰੀ ਦੇ ਗਲ ਪੈ ਕੇ ਸ਼ਹੀਦ ਹੋਏ। ਇਸ ਯੁੱਧ ਵਿੱਚ 32,000 ਰਾਜਪੂਤ ਸ਼ਹੀਦ ਹੋਏ। ਬਹਾਦਰ ਦੋ ਹਫਤੇ ਹੀ ਚਿਤੌੜ ਰਿਹਾ ਤੇ ਬੰਗਾਲ ਵੱਲੋਂ ਹਿਮਾਯੂੰ ਦੇ ਇੱਧਰ ਆਉਣ ਦਾ ਸੁਣ ਕੇ ਪੱਤਰਾ ਵਾਚਣ ਵਿੱਚ ਹੀ ਸਿਆਣਪ ਸਮਝੀ। ਹਿਮਾਯੂੰ, ਰਾਜਪੂਤਨੀ ਭੈਣ ਵੱਲੋਂ ਬੱਧੀ ਰੱਖੜੀ ਦੀ ਲਾਜ ਰੱਖਣ ਲਈ ਬੰਗਾਲ ਵੱਲੋਂ ਆਪਣੀਆਂ ਜਿੱਤਾਂ ਵਿੱਚੇ ਛੱਡ ਕੇ ਰਾਜਪੂਤਾਨਾ ਨੂੰ ਮੁੜਿਆ ਸੀ।

ਰਾਣਾ ਸਾਂਗਾ ਦੇ ਸੱਤ ਪੁੱਤਰ ਸਨ। ਦੋ ਤਾਂ ਛੋਟੇ ਹੁੰਦੇ ਹੀ ਗੁਜ਼ਰ ਗਏ। ਤੀਸਰੇ ਨੰਬਰ ਵਾਲਾ ਰਤਨ ਸਿੰਘ 1527 ਵਿੱਚ ਗੱਦੀ 'ਤੇ ਬੈਠਾ। ਅੰਬੇਰ ਦੇ ਪ੍ਰਿਥੀ ਸਿੰਘ ਦੀ ਪੁੱਤਰੀ ਜੋ ਕਿ ਰਤਨ ਸਿੰਘ ਦੀ ਮੰਗ ਸੀ, ਬੂੰਦੀ ਦੇ ਹਾਰਾ ਰਾਜਕੁਮਾਰ ਨੇ ਵਿਆਹ ਲਈ। ਰਤਨ ਸਿੰਘ ਅਤੇ ਹਾਰਾ ਰਾਜਕੁਮਾਰ ਇੱਕ ਆਹਮੋ-ਸਾਹਮਣੀ ਟੱਕਰ ਵਿੱਚ ਮਾਰੇ ਗਏ।

ਉਸ ਤੋਂ ਬਾਅਦ ਉਸ ਦਾ ਭਰਾ ਬਿਕ੍ਰਮਾਜੀਤ ਗੱਦੀ 'ਤੇ ਬੈਠਾ। ਉਸ ਵਿੱਚ ਰਾਜੇ ਵਾਲਾ ਕੋਈ ਗੁਣ ਨਹੀਂ ਸੀ। ਇੱਕ ਭਰੇ ਦਰਬਾਰ ਵਿੱਚ ਉਸ ਨੇ ਇੱਕ ਸਿਆਣੇ ਵਜ਼ੀਰ ਦੇ ਚਪੇੜ ਮਾਰ ਦਿੱਤੀ ਜਿਸ ਦਾ ਸਾਰੇ ਹਾਜ਼ਰ ਦਰਬਾਰੀਆਂ ਨੇ ਬੁਰਾ ਮਨਾਇਆ ਤੇ ਉਸ ਦਾ ਸਾਥ ਛੱਡ ਗਏ। ਪਰ ਜਦੋਂ ਸੁਲਤਾਨ ਮਹਿਮੂਦ ਨੇ ਚਿਤੌੜ 'ਤੇ ਹਮਲਾ ਕੀਤਾ ਤਾਂ ਸਾਰੇ ਚਿਤੌੜ ਦੀ ਰੱਖਿਆ ਲਈ ਪਹੁੰਚ ਗਏ। ਉਦਯ ਸਿੰਘ ਦੀ ਮਾਤਾ ਵੱਲੋਂ ਹਿਮਾਯੂੰ ਨੂੰ ਬੰਨ੍ਹੀ ਰੱਖੜੀ ਦੀ ਲਾਜ ਰੱਖਣ ਲਈ ਹਿਮਾਯੂੰ ਦੇ ਪਹੁੰਚਣ 'ਤੇ ਸੁਲਤਾਨ ਮਹਿਮੂਦ ਭੱਜ ਗਿਆ। ਬਿਕਰਮਾਜੀਤ ਤੋਂ ਤੰਗ ਆ ਕੇ ਕੁਝ ਜਾਗੀਰਦਾਰਾਂ ਨੇ ਪ੍ਰਿਥਵੀਰਾਜ ਦੇ ਪੁੱਤਰ ਬਨਬੀਰ ਨੂੰ ਲਿਆ ਕੇ ਗੱਦੀ 'ਤੇ ਬਿਠਾ ਦਿੱਤਾ। ਪਹਿਲੀ ਹੀ ਰਾਤ ਉਸ ਨੇ ਆਪਣੇ ਰਸਤੇ ਦੇ ਕੰਡੇ, ਰਾਜਕੁਮਾਰ ਉਦਯ ਸਿੰਘ ਜੋ 6 ਕੁਲ ਸਾਲ ਦਾ ਸੀ ਨੂੰ ਮਾਰਨਾ ਚਾਹਿਆ। ਪਰ ਉਸ ਦੀ ਪਾਲਣਾ ਕਰਨ ਵਾਲੀ ਇੱਕ ਬਹਾਦਰ ਰਾਜਪੂਤਨੀ ਨੇ ਆਪਣੇ ਪੁੱਤਰ ਨੂੰ ਰਾਜਕੁਮਾਰ ਵਾਲੇ ਕੱਪੜੇ ਪੁਆ ਕੇ ਪਲੰਘ 'ਤੇ ਸੁਲਾ ਦਿੱਤਾ ਤੇ ਉਦਯ ਸਿੰਘ ਨੂੰ ਮਹਿਲ ਤੋਂ ਬਾਹਰ ਭੇਜ ਦਿੱਤਾ। ਸੰਨ 1567 ਈ. ਵਿੱਚ ਅਕਬਰ ਨੇ ਚਿਤੌੜ 'ਤੇ ਹਮਲਾ ਕੀਤਾ। ਉਦਯ ਸਿੰਘ ਚਿਤੌੜ ਛੱਡ ਕੇ ਰਾਜ ਪਿੱਪਲੀ ਦੇ ਜੰਗਲਾਂ ਵਿੱਚ ਚਲੇ ਗਿਆ ਤੇ ਉਦਯਪੁਰ ਵਸਾਇਆ। ਚਿਤੌੜ ਦੀ ਰੱਖਿਆ ਲਈ ਜੈਮਲ ਅਤੇ ਫੱਤਾ ਜਿਸ ਤਰ੍ਹਾਂ ਲੜੇ ਉਸ ਦੀ ਤਾਰੀਫ ਕਰਨੋ ਅਕਬਰ ਵੀ ਨਾ ਰਹਿ ਸਕਿਆ। ਉਦਯ ਸਿੰਘ ਨੇ ਮਰਨ ਤੋਂ ਪਹਿਲਾਂ ਆਪਣੀ ਚਹੇਤੀ ਰਾਣੀ ਦੇ ਪੁੱਤਰ ਜਗਮਲ ਨੂੰ ਰਾਜ ਗੱਦੀ ਦਾ ਵਾਰਿਸ ਹੋਣ ਦਾ ਐਲਾਨ ਕਰ ਦਿੱਤਾ ਸੀ ਤੇ ਉਹ ਗੱਦੀ 'ਤੇ ਬੈਠ ਗਿਆ। ਰਾਣਾ ਪ੍ਰਤਾਪ ਦੇ ਮਾਮਾ ਜਲਾਰ ਰਾਓ ਨੇ ਚੋਂਡਾਵਟ ਸਰਦਾਰ ਤੋਂ ਪੁੱਛਿਆ ਕਿ ਤੂੰ ਤਾਂ ਇਸ ਅਨਰਥ ਵੇਲੇ ਉਦਯ ਸਿੰਘ ਦੇ ਕੋਲ ਸੀ ਤੂੰ ਉਸ ਨੂੰ ਇਹ ਜੱਦੀ ਰਿਵਾਜ ਤੋੜਨ ਤੋਂ

ਰੋਕਿਆ ਕਿਉਂ ਨਾ। ਤਾਂ ਕਿਸ਼ਨਾ ਚੋਂਡਾਵਤ ਦਾ ਜਵਾਬ ਸੀ ਕਿ ਜਦੋਂ ਕੋਈ ਆਪਣੇ ਆਖਰੀ ਸਵਾਸ ਲੈ ਰਿਹਾ ਹੋਵੇ ਤੇ ਉਹ ਦੁੱਧ ਮੰਗੇ ਤਾਂ ਇਨਕਾਰ ਕਿਵੇਂ ਕੀਤਾ ਜਾ ਸਕਦਾ ਹੈ। ਕਿਸ਼ਨਾ ਅਤੇ ਗਵਾਲੀਅਰ ਦੇ ਜਲਾਵਤਨ ਰਾਜੇ ਨੇ ਜਗਮਲ ਨੂੰ ਇੱਕ-ਇੱਕ ਬਾਂਹ ਤੋਂ ਫੜ ਕੇ ਹੌਲੀ ਜਿਹੀ ਗੱਦੀ ਤੋਂ ਲਾਹ ਕੇ ਸਾਹਮਣੇ ਵਾਲੀ ਕੁਰਸੀ 'ਤੇ ਬਿਠਾ ਦਿੱਤਾ ਅਤੇ ਪਰਤਾਪ ਨੂੰ ਗੱਦੀ 'ਤੇ ਬਿਠਾਇਆ। ਪਰਤਾਪ ਨੇ ਮੁਗਲ ਸਾਮਰਾਜ ਦਾ ਜਿਸ ਬਹਾਦਰੀ ਨਾਲ ਟਾਕਰਾ ਕੀਤਾ, ਉਹ ਇੱਕ ਵੱਖਰੀ ਥਾਂ ਵਿਸਥਾਰ ਨਾਲ ਲਿਖਿਆ ਗਿਆ ਹੈ। ਮਰਨ ਸਮੇਂ ਪ੍ਰਤਾਪ ਨੇ ਆਪਣੇ ਜਗੀਰਦਾਰਾਂ ਤੋਂ ਕਸਮ ਲਈ ਕਿ ਉਹ ਚਿਤੌੜ ਨੂੰ ਮੁਗਲਾਂ ਅਧੀਨ ਨਹੀਂ ਹੋਣ ਦੇਣਗੇ ਤੇ ਉਸ ਦੇ ਪੁੱਤਰ ਅਮਰ ਸਿੰਘ ਨਾਲ ਵਫਾਦਾਰੀ ਕਰਨਗੇ। ਅਮਰ ਸਿੰਘ ਨੂੰ ਅਧੀਨ ਕਰਨ ਲਈ ਜਹਾਂਗੀਰ ਨੇ ਆਪਣੇ ਪੁੱਤਰ ਪਰਵੇਜ਼ ਨੂੰ ਭੇਜਿਆ ਤੇ ਉਹ ਆਪਣੀ ਸਾਰੀ ਸੈਨਾ ਮਰਵਾ ਕੇ ਨਾਕਾਮਯਾਬ ਮੁੜਿਆ। ਉਸ ਤੋਂ ਬਾਅਦ ਸ਼ਹਿਜ਼ਾਦਾ ਖੁਰਮ ਨੂੰ ਭੇਜਿਆ ਗਿਆ। ਉਸ ਨੇ ਅਮਰ ਸਿੰਘ ਦੁਆਲੇ ਘੇਰਾ ਐਨਾ ਤੰਗ ਕਰ ਦਿੱਤਾ ਕਿ ਅਮਰ ਸਿੰਘ ਨੂੰ ਉਸ ਦੀ ਅਧੀਨਗੀ ਮਾਂਨਣੀ ਪਈ। ਸ਼ਹਿਜ਼ਾਦਾ ਖੁਰਮ ਦੀ ਇਸ ਸਫਲਤਾ ਦਾ ਜਹਾਂਗੀਰ ਨੇ ਤੋਜ਼ਿਕੇ ਜਹਾਂਗੀਰੀ ਵਿੱਚ ਬੜੇ ਸ਼ਾਨਦਾਰ ਲਫਜ਼ਾਂ ਵਿੱਚ ਵਰਨਣ ਇਸ ਕੀਤਾ ਹੈ:-

* "ਸਾਡੀ ਮਨਸ਼ਾ ਪ੍ਰਾਚੀਨ ਘਰਾਣਿਆਂ ਨੂੰ ਖਤਮ ਕਰਨਾ ਨਹੀਂ ਸੀ ਇਸ ਲਈ ਖੁਰਮ ਦੀ ਸਿਫਾਰਿਸ਼ 'ਤੇ ਰਾਣਾ ਅਮਰ ਸਿੰਘ ਨੂੰ ਮਾਫੀ ਦੇਣ ਦੀ ਮਨਜ਼ੂਰੀ ਤੇ ਰਾਣਾ ਨੂੰ ਤਸੱਲੀ ਕਰਾਉਣ ਲਈ ਆਪਣੇ ਹੱਥ ਦੇ ਪੰਜੇ ਦਾ ਨਿਸ਼ਾਨ ਕਾਗਜ਼ 'ਤੇ ਲਾ ਕੇ ਭੇਜ ਦਿੱਤਾ।" ਰਾਣਾ ਨੇ ਆਪਣੇ ਰਾਜਕੁਮਾਰ ਕਰਨ ਨੂੰ ਬਾਕੀ ਰਾਜਿਆਂ ਦੀ ਤਰ੍ਹਾਂ ਸਾਡੇ ਦਰਬਾਰ ਵਿੱਚ ਭੇਜ ਦਿੱਤਾ। ਦੋਨੋ ਤਰਫ ਤੋਂ ਇੱਕ ਦੂਜੇ ਨੂੰ ਕੀਮਤੀ ਤੋਹਫ਼ੇ ਦਿੱਤੇ ਗਏ। ਫੇਰ ਅਮਰ ਸਿੰਘ ਦਾ ਪੁੱਤਰ ਕਰਨ ਸਿੰਘ ਆਇਆ ਤਾਂ ਖੁਰਮ ਨੇ ਉਸ ਨੂੰ ਵੀ ਜਹਾਂਗੀਰ ਨਾਲ ਮਿਲਾਇਆ। ਜਹਾਂਗੀਰ ਲਿਖਦਾ ਹੈ ਕਿ "ਕਰਨ ਸਿੰਘ ਸ਼ਰਮੀਲਾ ਜਿਹਾ ਅਤੇ ਸ਼ਾਹੀ ਤੌਰ ਤਰੀਕਿਆਂ ਤੋਂ ਵਾਕਫ ਨਹੀਂ ਸੀ ਸ਼ਾਇਦ ਅੱਖੜ ਜ਼ਿੰਦਗੀ ਜਿਊਣ ਕਰ ਕੇ, ਇਸ ਲਈ ਮੈਂ ਰੋਜ਼ ਉਸ ਨੂੰ ਆਪਣੇ ਕੋਲ ਬੁਲਾ ਕੇ ਕੀਮਤੀ ਤੋਹਫ਼ੇ ਦਿੰਦਾ, ਉਸ ਨੂੰ ਨੂਰਜਹਾਂ ਨਾਲ ਮਿਲਾਇਆ ਤੇ ਉਸ ਨੇ ਵੀ ਰਾਜਪੂਤ ਰਾਜਕੁਮਾਰ ਨੂੰ ਬੜੇ ਕੀਮਤੀ ਤੋਹਫੇ ਦਿੱਤੇ। ਦਸਵੇਂ ਦਿਨ ਉਸ ਨੂੰ ਇੱਕ ਹਾਥੀ, ਇੱਕ ਘੋੜਾ ਅਤੇ ਪੰਜਾਹ ਹਜ਼ਾਰ ਰੁਪਏ ਦਾ ਮੋਤੀਆਂ ਦਾ ਹਾਰ ਦਿੱਤਾ ਗਿਆ। ਜਦੋਂ ਦਾ ਉਹ ਮੇਰੀ ਖਿਦਮਤ ਵਿੱਚ ਹਾਜ਼ਰ ਹੋਇਆ ਉਸ ਨੂੰ ਦਸ ਲੱਖ ਰੁਪਏ ਦੇ ਤੋਹਫੇ ਦਿੱਤੇ ਗਏ ਜਿਨ੍ਹਾਂ ਵਿੱਚ 110 ਘੋੜੇ, ਪੰਜ ਹਾਥੀਆਂ ਦੀ ਕੀਮਤ ਦਰਜ ਨਹੀਂ। ਇਸ ਤੋਂ ਵੱਧ ਜੋ ਖੁਰਮ ਨੇ ਦਿੱਤਾ ਹੈ ਉਹ ਵੱਖਰਾ ਹੈ। ਕਰਨ ਨੂੰ ਪੰਜ ਹਜ਼ਾਰੀ ਦੇ ਮਨਸਬਦਾਰ ਦਾ ਅਹੁਦਾ ਵੀ ਦਿੱਤਾ

* *Memoirs of Jahangir-by Wheeler, Thackston Page 164,165 and 167*

ਗਿਆ।" ਜਹਾਂਗੀਰ ਕਰਨ ਸਿੰਘ ਨੂੰ ਆਪਣੇ ਸੱਜੇ ਹੱਥ ਵਾਲੇ ਪਾਸੇ ਬਿਠਾਇਆ ਕਰਦਾ ਸੀ। ਕਰਨ ਦੇ ਛੋਟੇ ਭਰਾ ਭੀਮ ਨੂੰ ਖੁਰਮ ਦਾ ਸਲਾਹਕਾਰ ਅਤੇ ਟੋਡਾ ਦਾ ਇਲਾਕਾ ਜਗੀਰ ਵਜੋਂ ਦਿੱਤਾ ਗਿਆ।

ਜਹਾਂਗੀਰ ਤੋਂ ਬਗਾਵਤ ਕਰ ਕੇ ਖੁਰਮ ਨੇ ਪਰਵੇਜ ਨੂੰ ਮਾਰਿਆ ਅਤੇ ਉਦਯਪੁਰ ਘਰਾਣੇ ਨੇ ਉਸ ਨੂੰ ਆਪਣੇ ਮਹਿਲਾਂ ਵਿੱਚ ਰੱਖਿਆ। ਖੁਰਮ ਨੇ ਰਾਣੇ ਨਾਲ ਆਪਣੀ ਪੱਗ ਵਟਾਈ ਜੋ ਅਜੇ ਵੀ ਇਸ ਰਾਜ ਘਰਾਣੇ ਕੋਲ ਮੌਜੂਦ ਹੈ। ਜਹਾਂਗੀਰ ਦੀ ਮੌਤ ਵੇਲੇ ਖੁਰਮ ਸੂਰਤ ਵਿਖੇ ਸੀ। ਰਾਣਾ ਨੇ ਉਸ ਨੂੰ ਸਵਾਗਤ ਨਾਲ ਲਿਆਉਣ ਲਈ ਆਪਣੇ ਭਰਾ ਅਤੇ ਚੋਣਵੇਂ ਜਗੀਰਦਾਰ ਭੇਜੇ। ਉਦਯਪੁਰ ਪੁੱਜਣ 'ਤੇ ਬਾਦਲ ਮਹੱਲ ਵਿੱਚ ਖੁਰਮ ਨੂੰ ਹਿੰਦੁਸਤਾਨ ਦਾ ਸ਼ਹਿਨਸ਼ਾਹ ਐਲਾਨਿਆ ਅਤੇ ਸ਼ਾਹਜਹਾਂ ਦੇ ਖਿਤਾਬ ਨਾਲ ਸਭ ਨੇ ਸਲਾਮ ਕੀਤਾ। ਕਰਨ ਤੋਂ ਬਾਅਦ ਸੰਨ 1628 ਵਿੱਚ ਜਗਤ ਸਿੰਘ ਗੱਦੀ 'ਤੇ ਬੈਠਾ। ਮੁਗਲਾਂ ਨਾਲ ਸ਼ਾਹਜਹਾਂ ਦੇ ਸਮੇਂ ਸੰਬੰਧ ਸੁਖਾਵੇਂ ਰਹੇ ਤੇ ਜਗਤ ਸਿੰਘ ਨੇ ਉਦਯਪੁਰ ਵਿੱਚ ਸ਼ਾਨਦਾਰ ਭਵਨ ਅਤੇ ਰਾਜ ਵਿੱਚ ਕਿਲ੍ਹੇ ਬਣਾਉਣ ਵੱਲ ਧਿਆਨ ਦਿੱਤਾ।

ਜਗਤ ਸਿੰਘ ਤੋਂ ਬਾਅਦ ਸੰਨ 1710 ਵਿੱਚ ਰਾਜ ਸਿੰਘ ਗੱਦੀ 'ਤੇ ਬੈਠਾ। ਸ਼ਾਹਜਹਾਂ ਦੀ ਮੌਤ ਤੋਂ ਬਾਅਦ ਤਖਤ ਲਈ ਲੜਾਈ ਹੋਈ।

* ਚਾਰੇ ਸ਼ਹਿਜਾਦਿਆਂ ਦਾਰਾ, ਸ਼ੁਜਾ, ਮੁਰਾਦ ਅਤੇ ਔਰੰਗਜ਼ੇਬ ਨੇ ਮੇਵਾੜ ਘਰਾਣੇ ਤੋਂ ਮਦਦ ਲਈ ਪੱਤਰ ਲਿਖੇ ਜੋ ਕਿ ਸੁਰੱਖਿਅਤ ਪਏ ਹਨ ਤੇ ਇਹਨਾਂ ਦੀਆਂ ਨਕਲਾਂ ਕਰਨਲ ਟਾਡ ਨੇ ਪ੍ਰਾਪਤ ਕੀਤੀਆਂ। ਰਾਜ ਸਿੰਘ ਨੇ ਦਾਰਾ ਦਾ ਸਾਥ ਦਿੱਤਾ। ਔਰੰਗਜ਼ੇਬ ਨੇ ਪੂਰੀ ਤਿਆਰੀ ਨਾਲ ਚਿਤੌੜ 'ਤੇ ਹਮਲਾ ਕੀਤਾ ਜਿਸ ਦਾ ਕਾਰਨ ਇਹ ਸੀ ਕਿ ਔਰੰਗਜ਼ੇਬ ਨੇ ਮਾਰਵਾੜ ਦੀ ਇੱਕ ਛੋਟੀ ਜਿਹੀ ਰਿਆਸਤ ਰੂਪਨਗਰ ਦੀ ਰਾਜਕੁਮਾਰੀ ਮੰਗ ਲਈ ਤੇ ਉਸ ਨੂੰ ਲਿਆਉਣ ਲਈ ਦੋ ਹਜ਼ਾਰ ਘੋੜ ਸਵਾਰ ਵੀ ਭੇਜ ਦਿੱਤੇ। ਰਾਜਕੁਮਾਰੀ ਨੇ ਇੱਕ ਬ੍ਰਾਹਮਣ ਰਾਹੀਂ ਰਾਜ ਸਿੰਘ ਨੂੰ ਸੁਨੇਹਾ ਭੇਜਿਆ ਕਿ ਮੇਰੀ ਰੱਖਿਆ ਕਰੋ ਨਹੀਂ ਤਾਂ ਮੈਂ ਆਤਮਹੱਤਿਆ ਕਰ ਲਵਾਂਗੀ। ਰਾਜ ਸਿੰਘ ਨੇ ਮੁਗਲ ਸੈਨਕਾਂ ਨੂੰ ਮਾਰ ਭਜਾਇਆ ਜਿਸ ਦਾ ਔਰੰਗਜ਼ੇਬ ਨੂੰ ਗੁੱਸਾ ਹੋਣਾ ਹੀ ਸੀ। ਚਿਤੌੜ ਲਾਗੇ ਪਹਾੜੀਆਂ ਵਿੱਚ ਔਰੰਗਜੇਬ ਨੂੰ ਰਾਜ ਸਿੰਘ ਨੇ ਰਾਜ ਸਿੰਘ ਨੇ ਐਸਾ ਫਸਾਇਆ ਕਿ ਉਹ ਮਾਫੀ ਮੰਗ ਕੇ ਵਾਪਸ ਮੁੜਿਆ ਪਰ ਅਜਮੇਰ ਪਹੁੰਚ ਕੇ ਉਹ ਮਾਫੀ ਦੀਆਂ ਸਾਰੀਆਂ ਸ਼ਰਤਾਂ ਭੁੱਲ ਗਿਆ ਤੇ ਕਿਹਾ ਕਿ ਇੱਕ ਸ਼ਹਿਨਸ਼ਾਹ ਅਤੇ ਇੱਕ ਮਾਮੂਲੀ ਜ਼ਿਮੀਂਦਾਰ ਵਿੱਚ ਸਮਝੌਤਾ ਕੇਹਾ। ਫੇਰ ਔਰੰਗਜ਼ੇਬ ਨੇ ਆਪਣੇ ਪੁੱਤਰਾਂ ਨੂੰ ਰਾਜ ਸਿੰਘ ਵਿਰੁੱਧ ਭੇਜਿਆ ਪਰ ਉਹ ਵੀ ਅਸਫ਼ਲ ਰਹੇ।

ਰਾਣਾ ਸੰਗਰਾਮ ਸਿੰਘ॥ ਮੇਵਾੜ ਦੀ ਗੱਦੀ ਦਾ ਆਖਰੀ ਰਾਜਾ ਸੀ ਜਿਸ ਨੇ ਬਾਪਾ ਰਾਵਲ ਦੇ ਤਖਤ ਦੀ ਲਾਜ ਰੱਖੀ। ਉਸ ਦੇ ਵਧੀਆ ਸ਼ਾਸਨ ਬਾਰੇ ਕਈ ਕਥਾਵਾਂ

* *Annals and Antiquities of Rajasthan by Tod Vol. I Page 434*

ਹਨ। ਸਮਰਾਟ ਐਡਵਰਡ ਦੀ ਤਾਜਪੋਸ਼ੀ ਦੇ ਸੰਬੰਧ ਵਿੱਚ ਵਾਇਰਸਰਾਏ ਲਾਰਡ ਕਰਜ਼ਨ ਨੇ ਸੰਨ 1903 ਈ. ਦੇ ਜਨਵਰੀ ਮਹੀਨੇ ਦਿੱਲੀ ਵਿੱਚ ਇੱਕ ਵੱਡਾ ਦਰਬਾਰ ਲਗਾਇਆ ਜਿਸ ਵਿੱਚ ਹਾਜ਼ਰ ਹੋਣ ਲਈ ਸਭ ਮਹਾਰਾਜਿਆਂ-ਰਾਜਿਆਂ ਨਵਾਬਾਂ ਨੂੰ ਸੱਦੇ ਦਿੱਤੇ ਗਏ। ਉਦੈਪੁਰ (ਮੇਵਾੜ) ਦੇ ਰਾਣਾ ਫਤਹਿ ਸਿੰਘ ਨੇ ਇਹ ਕਹਿ ਕੇ ਕਿ ਉਨ੍ਹਾਂ ਦੇ ਪ੍ਰਤਾਪੀ ਪੂਰਵਜਾਂ ਵੱਲੋਂ ਦਿੱਲੀ ਦਰਬਾਰ ਵਿੱਚ ਹਾਜ਼ਰ ਨਾ ਹੋਣ ਦੀ ਕਸਮ ਹੈ, ਹਾਜ਼ਰ ਹੋਣ ਤੋਂ ਅਸਮਰਥਾ ਪ੍ਰਗਟਾਈ। ਲਾਰਡ ਕਰਜ਼ਨ ਨੇ ਖ਼ੁਦ ਉਦੈਪੁਰ ਜਾ ਕੇ ਰਾਣਾ ਨੂੰ ਹਾਜ਼ਰ ਹੋਣ ਲਈ ਮਨਾ ਲਿਆ। ਕੀ ਹਿੰਦੂ ਤਾਂ ਕੀ ਮੁਸਲਮਾਨ ਰਾਸ਼ਟਰੀ ਗੌਰਵ 'ਤੇ ਹੋਏ ਇਸ ਲੁਕਵੇਂ ਵਾਰ ਤੋਂ ਦੁਖੀ ਹੋਏ। ਉਦੈਪੁਰ ਦੇ ਪ੍ਰਸਿੱਧ ਕ੍ਰਾਂਤੀਕਾਰੀ ਠਾਕਰ ਕੇਸਰੀ ਸਿੰਘ ਨੇ ਮਹਾਰਾਣਾ ਦੇ ਗੌਰਵ ਨੂੰ ਜਗਾਉਣ ਲਈ ਤੇਰਾਂ ਸੋਰਠਿਆਂ (ਚੇਤਾਵਨੀ ਦੇ ਚੂੰਘਦੇ) ਦਿੱਲੀ ਜਾ ਰਹੇ ਮਹਾਰਾਣਾ ਨੂੰ ਸਰੇਰੀ ਸਟੇਸ਼ਨ 'ਤੇ ਪੁੱਜਦੇ ਕੀਤੇ। ਸੋਰਠਿਆਂ ਦਾ ਅਸਰ ਮਹਾਰਾਣਾ 'ਤੇ ਇਹ ਹੋਇਆ ਕਿ ਦਿੱਲੀ ਪਹੁੰਚ ਕੇ ਮਹਾਰਾਣਾ ਦਰਬਾਰ ਵਿੱਚ ਹਾਜ਼ਰ ਨਹੀਂ ਹੋਏ। ਦਿੱਲੀ ਤੋਂ ਵਾਪਸ ਪਰਤ ਰਹੇ ਮਹਾਰਾਣਾ ਨੂੰ ਨਸੀਰਾਬਾਦ ਰੇਲਵੇ ਸਟੇਸ਼ਨ 'ਤੇ ਰਾਓ ਗੋਪਾਲ ਸਿੰਘ ਖਰਵਾ ਨੇ ਰਾਸ਼ਟਰੀ ਗੌਰਵ ਦੇ ਰੱਖਿਅਕ ਮਹਾਰਾਣਾ ਵਜੋਂ ਧੰਨਵਾਦ ਦੇ ਦੋ ਸੋਰਠੇ ਪੇਸ਼ ਕੀਤੇ। ਖਰਵਾ ਦੇ ਰਾਓ ਗੋਪਾਲ ਸਿੰਘ ਨੇ ਗਦਰ ਲਹਿਰ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

# ਘਰੇਲੂ ਝਗੜੇ ਘਰ ਵਿੱਚ ਹੀ ਰੱਖਣੇ ਚਾਹੀਦੇ ਹਨ

* ਚਿਤੌੜ ਦੇ ਸੰਗਰਾਮ ਸਿੰਘ॥ ਦੇ ਸਮੇਂ ਇੱਕ ਦਰੀਆਵਾਦ ਦੇ ਜਾਗੀਰਦਾਰ ਦੀ ਜਾਗੀਰ ਜ਼ਬਤ ਕਰ ਲਈ ਗਈ। ਸੰਗਰਾਮ ਸਿੰਘ॥ ਹਰ ਤਰ੍ਹਾਂ ਗੱਦੀ ਦੇ ਲਾਇਕ ਸੀ। ਇਨਸਾਫ਼ ਕਰਨ ਸਮੇਂ ਕਿਸੇ ਦਾ ਲਿਹਾਜ਼ ਨਹੀਂ ਸੀ ਕਰਦਾ ਤੇ ਕਦੇ ਵੀ ਗੁੱਸੇ ਵਿੱਚ ਆ ਕੇ ਕਿਸੇ ਦੀ ਜਗੀਰ ਜ਼ਬਤ ਨਹੀਂ ਸੀ ਕਰਦਾ। ਦਰੀਆਵਾਦ ਦੇ ਜਗੀਰਦਾਰ ਨੇ ਸੰਗਰਾਮ ਸਿੰਘ॥ ਦੀ ਮਾਤਾ ਪਾਸ ਉਸ ਦੀਆਂ ਟਹਿਲਣਾਂ ਰਾਹੀਂ ਪਹੁੰਚ ਕੀਤੀ ਕਿ ਉਸ ਦੀ ਜਗੀਰ ਉਸ ਨੂੰ ਵਾਪਸ ਮਿਲ ਜਾਵੇ। ਸੰਗਰਾਮ ਸਿੰਘ ॥, ਰਾਤ ਦੇ ਖਾਣੇ ਤੋਂ ਪਹਿਲਾਂ ਆਪਣੀ ਮਾਤਾ ਨੂੰ ਮਿਲਣ, ਉਸ ਦੇ ਮਹੱਲ ਵਿੱਚ ਜਾਂਦਾ ਸੀ। ਉਸ ਦਿਨ ਉਸ ਦੀ ਮਾਤਾ ਨੇ ਉਸ ਨੂੰ ਦਰੀਆਵਾਦ ਦੀ ਜਗੀਰ ਬਹਾਲ ਕਰਨ ਲਈ ਆਖਿਆ। ਸੰਗਰਾਮ ਸਿੰਘ ਨੇ ਤੁਰੰਤ ਹੀ ਉਸੇ ਵਕਤ ਇਹ ਜਗੀਰ ਦੀ ਵਾਪਸੀ ਦੇ ਹੁਕਮ ਜਾਰੀ ਕਰ ਦਿੱਤੇ। ਉਸ ਸਮੇਂ ਕਿਸੇ ਨੂੰ ਜਗੀਰ ਦੇਣ ਸਮੇਂ, ਚੰਗੀ ਤਰ੍ਹਾਂ ਸੋਚ ਵਿਚਾਰ ਕਰਨ ਲਈ, ਹਰ ਦਿਨ ਇੱਕ ਮੋਹਰ ਜਗੀਰ ਦੇ ਕਾਗਜ਼ 'ਤੇ ਲਗਾਈ ਜਾਂਦੀ ਸੀ ਤਾਂ ਕਿ ਸੱਤ ਦਿਨਾਂ ਵਿੱਚ ਇਸ 'ਤੇ ਠੰਡੇ ਦਿਮਾਗ ਨਾਲ ਵਿਚਾਰ ਹੋ ਸਕੇ। ਉਸ ਤੋਂ ਅਗਲੇ ਦਿਨ, ਰਾਜ ਮਾਤਾ ਉਡੀਕਦੀ ਰਹੀ ਪਰ ਉਸ ਦਾ ਲਾਇਕ ਪੁੱਤਰ ਉਸ ਨੂੰ ਮਿਲਣ ਨਾ ਆਇਆ। ਉਸ ਤੋਂ ਕਈ ਦਿਨ ਬਾਅਦ ਵੀ ਨਾ ਆਇਆ। ਰਾਜ ਮਾਤਾ ਨੇ ਤੀਰਥ ਯਾਤਰਾ 'ਤੇ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਸ ਦੇ ਆਰਾਮ ਦੇ ਸਾਰੇ ਪ੍ਰਬੰਧ ਕਰ ਦਿੱਤੇ ਪਰ ਪੁੱਤਰ ਆਪਣੀ ਮਾਤਾ ਨੂੰ ਮਿਲਣ ਨਾ ਆਇਆ। ਰਾਜਾ ਮਾਤਾ ਜੈਪੁਰ ਆਪਣੇ ਦਾਮਾਦ ਕੋਲ ਰੁਕੀ ਤੇ ਉਸ ਨੂੰ ਰਾਣਾ ਦੀ ਨਾਰਾਜ਼ਗੀ ਬਾਰੇ ਦੱਸਿਆ। ਜੈਪੁਰ ਦੇ ਰਾਜਾ ਨੇ ਕਿਹਾ ਕਿ ਤੁਸੀਂ ਮਥੁਰਾ ਤੋਂ ਹੋ ਆਵੋ ਵਾਪਸੀ ਵੇਲੇ ਮੈਂ ਤੁਹਾਡੇ ਨਾਲ ਚਿਤੌੜ ਚੱਲਾਂਗਾ। ਜਦੋਂ ਸੰਗਰਾਮ ਸਿੰਘ॥ ਨੂੰ ਪਤਾ ਲੱਗਾ ਕਿ ਉਸ ਦੀ ਮਾਤਾ ਦੇ ਨਾਲ ਉਸ ਦੀ ਭੈਣ ਦਾ ਪਤੀ ਵੀ ਆ ਰਿਹਾ ਹੈ ਤਾਂ ਉਸ ਨੇ ਆਪਣੇ ਘਰ ਦੇ ਪਰਾਹੁਣੇ ਦੇ ਸਵਾਗਤ ਲਈ ਉਸ ਸਮੇਂ ਦੇ ਰਾਜ ਘਰਾਣਿਆਂ ਦੀ ਰਵਾਇਤ ਅਨੁਸਾਰ ਇੱਕ ਪੜਾਅ ਅੱਗੇ ਸਵਾਗਤ ਕਰਨ ਦਾ ਨਿਸਚਾ ਕੀਤਾ। ਉਹ ਪਹਿਲਾਂ ਆਪਣੀ ਮਾਤਾ ਨੂੰ ਪੂਰਨ ਸਤਿਕਾਰ ਨਾਲ ਉਸ ਦੇ ਮਹਿਲ ਤੱਕ ਪਹੁੰਚਾਇਆ। ਲੋਕਾਂ ਦੇ ਪੁੱਛਣ 'ਤੇ ਸੰਖੇਪ ਉੱਤਰ ਦਿੱਤਾ ਕਿ ਘਰੇਲੂ ਝਗੜੇ ਘਰ ਅੰਦਰ ਹੀ ਰੱਖਣੇ ਚਾਹੀਦੇ ਹਨ।

ਸੰਗਰਾਮ ਸਿੰਘ॥ ਤੋਂ ਬਾਅਦ ਜਗਤ ਸਿੰਘ॥ ਗੱਦੀ ਦਾ ਵਾਰਸ ਬਣਿਆ। ਇਸ ਨੇ 1734 ਤੋਂ 1751 ਤੱਕ ਰਾਜ ਕੀਤਾ। ਇਸ ਸਮੇਂ ਮਰਹੱਟੇ ਆਪਣੀ ਚੜ੍ਹਤ ਵਿੱਚ ਸਨ। ਉਨ੍ਹਾਂ ਨੇ ਦਿੱਲੀ ਜਿੱਤ ਕੇ ਮੁਗਲ ਸ਼ਹਿਨਸ਼ਾਹ ਤੋਂ "ਚੌਥ" ਲੈਣੀ ਪਰਵਾਨ ਕਰਾਈ। ਮਰਹੱਟੇ ਰਾਜਪੂਤ ਰਿਆਸਤਾਂ ਤੋਂ ਵੀ ਚੌਥ ਮੰਗਣ ਲੱਗੇ। ਮਰਹੱਟਿਆਂ ਨੇ ਹਮਲੇ

* *Annals and Antiquities of Rajasthan by Tod Vol. I Page 479*

ਕਰ ਕੇ ਰਾਜਪੂਤ ਰਿਆਸਤਾਂ ਦਾ ਬੁਰਾ ਹਾਲ ਕਰ ਦਿੱਤਾ। ਪਰਜਾ ਕੋਲ ਖਾਣ ਨੂੰ ਅਨਾਜ ਨਾ ਰਿਹਾ। ਕਿਸਾਨਾਂ ਨੇ ਫਸਲਾਂ ਬੀਜਣੀਆਂ ਛੱਡ ਦਿੱਤੀਆਂ ਕਿਉਂਕਿ ਪੱਕੀ ਹੋਈ ਫਸਲ ਮਰਹੱਟੇ ਜ਼ਬਰਦਸਤੀ ਲੈ ਜਾਂਦੇ ਸਨ। ਵਪਾਰੀਆਂ ਲਈ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਨੂੰ ਮਾਲ ਲੈ ਕੇ ਜਾਣਾ ਔਖਾ ਹੋ ਗਿਆ। ਇੱਕ ਦੂਜੇ ਤੇ ਸ਼ੱਕ, ਦੁਸ਼ਮਣੀ ਅਤੇ ਧੋਖਾ ਆਮ ਹੋ ਗਿਆ। ਅੰਗਰੇਜ਼ਾਂ ਨਾਲ ਸੰਨ 1817 ਤੱਕ ਸੰਧੀ ਕਰਨ ਤੱਕ ਰਾਜਪੂਤ ਰਿਆਸਤਾਂ ਦਾ ਰਾਜ ਪ੍ਰਬੰਧ ਆਪਣੇ ਨੀਵੇਂ ਤਲ ਤੱਕ ਪਹੁੰਚ ਚੁੱਕਾ ਸੀ। ਜਗੀਰਦਾਰ ਰਾਜੇ ਦਾ ਕਿਹਾ ਮੋੜ ਦਿੰਦੇ, ਕਦੇ ਫੌਜ ਨੂੰ ਤਨਖਾਹ ਨਾ ਮਿਲਦੀ ਤਾਂ ਉਹ ਉਪੱਦਰ ਕਰਦੇ।

ਸੰਨ 1736 ਤੋਂ ਬਾਅਦ ਰਾਣਾ ਹਮੀਰ ਸਿੰਘ ਦੀ ਮੌਤ ਤੱਕ ਮਰਹੱਟਿਆਂ ਨੇ ਮੇਵਾੜ ਤੋਂ ਹੇਠ ਲਿਖੀ ਰਕਮ ਪ੍ਰਾਪਤ ਕੀਤੀ :-

| | |
|---|---|
| ਰਾਣਾ ਜਗਤ ਸਿੰਘ ॥ ਤੋਂ ਹੋਲਕਾਰ ਨੇ | 66 ਲੱਖ ਰੁਪਏ |
| ਰਾਣਾ ਪ੍ਰਤਾਪ ॥ ਤੋਂ ਹੋਲਕਾਰ ਨੇ | 51 ਲੱਖ ਰੁਪਏ |
| ਅਰਸੀ ਰਾਣਾ ਤੋਂ ਮਹਾਦਜੀ ਸਿੰਧੀਆ ਨੇ | 64 ਲੱਖ ਰੁਪਏ |
| ਕੁੱਲ ਜੋੜ | 181 ਲੱਖ ਰੁਪਏ |

ਇੰਨਾ ਕੁਝ ਵਸੂਲ ਕੇ ਵੀ ਲੁਟੇਰਿਆਂ ਦੀ ਭੁੱਖ ਨਾ ਮਿਟੀ ਤੇ ਉਹ ਪਰਜਾ ਤੋਂ ਜੋ ਮਰਜ਼ੀ ਲੁੱਟ ਲੈਂਦੇ। ਮਹਿਲਾਂ 'ਚ ਰਹਿਣ ਵਾਲੀਆਂ ਰਾਣੀਆਂ ਦੇ ਗਹਿਣੇ ਤੱਕ ਲੁਹਾਏ ਗਏ।

ਅੰਗਰੇਜ਼ਾਂ ਨਾਲ ਸੰਧੀ ਪੱਤਰ 16 ਜਨਵਰੀ ਸੰਨ 1818 ਵਿੱਚ ਹੋਇਆ। ਸਭ ਤੋਂ ਵੱਧ ਲਾਭ ਰਿਆਸਤ ਉਦਾਯਪੁਰ ਨੂੰ ਹੋਇਆ। ਇਸ ਦੇ ਇਲਾਕੇ ਜੋ ਮਰਹੱਟਿਆਂ ਅਤੇ ਸਿੰਧੀਆਂ ਨੇ ਜਬਰੀ ਮੱਲੇ ਹੋਏ ਸਨ ਛੁਡਵਾ ਕੇ ਦਿੱਤੇ। ਵਿਗੜੇ-ਤਿਗੜੇ ਜਗੀਰਦਾਰ ਅੰਗਰੇਜ਼ ਸ਼ਾਸਨ ਤੋਂ ਡਰਦੇ ਸਿੱਧੇ ਹੋਏ ਰਾਜੇ ਦੇ ਹੁਕਮਾਂ ਦੀ ਪਾਲਣਾ ਕਰਨ ਲੱਗੇ। ਡਾਕੂਆਂ ਨੇ ਡਕੈਤੀ ਕਰਨੀ ਛੱਡ ਦਿੱਤੀ। ਉਜੜੀ ਜਨਤਾ ਆਪਣੇ ਘਰਾਂ ਅਤੇ ਖੇਤਾਂ ਨੂੰ ਪਰਤਣ ਲੱਗੀ।

# ਦੁਆਬੇ ਦੇ ਸਿੱਖ ਰਾਜਪੂਤਾਂ ਦਾ ਸਮਾਜਿਕ ਜੀਵਨ

ਇੱਕ ਬੰਦਾ ਸਫਰ ਕਰ ਰਿਹਾ ਹੈ ਤੇ ਦੂਸਰਾ ਸੈਰ ਕਰ ਰਿਹਾ ਹੈ। ਉਸ ਸਮੇਂ ਦੋਨਾਂ ਦੀ ਦਿਮਾਗੀ ਹਾਲਤ ਵੱਖੋ-ਵੱਖਰੀ ਹੁੰਦੀ ਹੈ। ਲੋਕ ਸੈਰ ਕਰਨ ਵਾਲਿਆਂ ਵਰਗੀ ਦਿਮਾਗੀ ਹਾਲਤ, ਭਾਵ ਖੁਸ਼ੀਆਂ, ਖੇੜਿਆਂ, ਰੱਬ ਦੀ ਰਜ਼ਾ ਵਿੱਚ ਸਾਦਾ ਖਾ ਕੇ ਅਤੇ ਸਾਦਾ ਪਹਿਨ ਕੇ ਇਮਾਨਦਾਰੀ ਦਾ ਜੀਵਨ ਬਤੀਤ ਕਰਦੇ ਸਨ। ਇੱਕ ਦੂਜੇ ਦੇ ਸੁੱਖ-ਦੁੱਖ ਦੇ ਸਾਂਝੀ ਸਨ। ਪੁਰਾਣੇ ਸਮਿਆਂ ਵਿੱਚ ਲੋਕ ਵਿਆਹ ਸ਼ਾਦੀਆਂ ਵੇਲੇ ਖੁੱਲ੍ਹ ਕੇ ਖੁਸ਼ੀ ਮਨਾਉਂਦੇ ਸਨ। ਵਿਆਹ ਵਿੱਚ ਥੀ ਦਾ ਲੇਖਾ ਨਹੀਂ ਕਰਦੇ ਸਨ। ਤਿੰਨ ਤਿੰਨ ਰਾਤਾਂ ਬਰਾਤਾਂ ਰਹਿਣੀਆਂ, ਤਿੰਨ-ਤਿੰਨ ਦਿਨ ਪਹਿਲਾਂ ਨਾਨਕਾ ਮੇਲ ਆ ਜਾਣਾ। ਨਾਨਕੇ ਮੇਲ ਵਾਲੀਆਂ ਕੁੜੀਆਂ ਸ਼ਾਮ ਵੇਲੇ ਬਾਹਰ ਗਾਉਂਦੀਆਂ ਜਾਂਦੀਆਂ:-

ਬਾਰ੍ਹੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦੀ ਠੂਠੀ,
ਇਸ ਪਿੰਡ ਦੀਆਂ ਮੁੰਡਿਆਂ ਦੀ, ਬਾਂਦਰ ਵਰਗੀ ਬੂਥੀ

ਮੁੰਡਿਆਂ, ਬੁੜ੍ਹਿਆਂ ਤੇ ਅੱਧਖੜਾਂ ਨੂੰ ਛੇੜਦੀਆਂ। ਬੁੜ੍ਹਿਆਂ ਦੇ ਖਾਲੀ ਮੰਜੇ ਚੁੱਕਕੇ ਖੂਹ ਵਿੱਚ ਸੁੱਟ ਦਿੰਦੀਆਂ।

ਨਾਨਕਾ ਮੇਲ ਆਉਣ ਤੇ ਨਾਨਕੇ ਮੇਲ ਨੂੰ ਵਿਅੰਗਮਈ ਗੀਤ ਸੁਣਾਉਣ ਦਾ ਰਿਵਾਜ ਹੈ।

ਕਿਥੋਂ ਆਈਆਂ ਵੇ ਬਚਨਿਆਂ ਤੇਰੀਆਂ ਨਾਨਕੀਆਂ।
ਪੀਤੀ ਸੀ ਪਿੱਛ ਜੰਮੇ ਸੀ ਰਿੱਛ,
ਖੇਡਾਂ ਪਾਵਣ ਆਈਆਂ ਨੇ ਬਚਨਿਆਂ ਤੇਰੀਆਂ ਨਾਨਕੀਆਂ।
ਖਾਣਗੀਆਂ ਲੱਡੂ, ਜੰਮਣਗੀਆਂ ਡੱਡੂ
ਟੋਭੇ ਨ੍ਹਾਵਣ ਆਈਆਂ ਵੇ ਬਚਨਿਆਂ ਤੇਰੀਆਂ ਨਾਨਕੀਆਂ
ਅੱਗੋਂ ਨਾਨਕੀਆਂ ਕਿਹੜੀਆਂ ਘੱਟ ਹੁੰਦੀਆਂ ਸਨ, ਮੋੜਵਾਂ ਜਵਾਬ ਦਿੰਦੀਆਂ।
ਖਾਧੇ ਸੀ ਮਾਂਹ ਜੰਮੇਂ ਸੀ ਕਾਂ
ਕਾਂ-ਕਾਂ ਕਰਦੀਆਂ ਵੇ ਤੇਰੀਆਂ ਦਾਦਕੀਆਂ।
ਖਾਧੇ ਸੀ ਖਜੂਰ ਜੰਮੇ ਸੀ ਸੂਰ
ਸੂਰਾਂ ਦੇ ਗਈਆਂ ਵੇ ਤੇਰੀਆਂ ਦਾਦਕੀਆਂ
ਖਾਧੇ ਸੀ ਖੀਰੇ ਜੰਮੇ ਸੀ ਹੀਰੇ
ਸਰਾਫਾਂ ਦੇ ਗਈਆਂ ਵੇ ਤੇਰੀਆਂ ਦਾਦੀਆਂ
ਖੜੋਤੀ ਕੁੜੀਏ ਤੜਕੇ ਉੱਠ ਕੇ ਤੇ ਝੋ ਲੈ ਚੱਕੀ,
ਮਾਸੜ ਨੇ ਮਾਸੀ ਲਾਡਲੀ ਰੱਖੀ,
ਸਿਰ ਮੁੰਨ ਕੇ ਵਿਚਾਲੇ ਬੋਦੀ ਰੱਖੀ।

ਖੜੋਤੀ ਕੁੜੀ ਦੀ ਰਿਝਦੀ ਖੀਰ ਵਿੱਚ ਡੋਈ,

ਵਈ ਛੜਿਆਂ ਦੀ ਮਾਂ ਰੋਵੇ ਮੇਰੇ ਪੁੱਤ ਦੇ ਬਹੂ ਨਾ ਕੋਈ

ਘਰ ਵਾਲਿਆਂ ਵਲੋਂ ਦਾਦਕੀਆਂ ਨੂੰ ਪੋਲਾ ਜਿਹਾ ਦਬਕਾ ਮਾਰ ਕੇ ਘਰ ਦੀ ਕੋਈ ਬੁੜ੍ਹੀ ਆਖਦੀ ਹੈ-ਬੱਸ ਕਰੋ ਨੀ, ਨਾਨਕੀਆਂ ਨੂੰ ਰੋਟੀ ਪਾਣੀ ਤਾਂ ਖਾ ਲੈਣ ਦਿਓ, ਆਪ ਨਿਆਣੇ ਭੁੱਖੇ ਹੋਣੇ ਨੇ"। ਇਸ ਤੋਂ ਕੁਝ ਦੇਰ ਲਈ "ਯੁੱਧ ਵਿਰਾਮ" ਹੋ ਜਾਂਦਾ ਹੈ। ਰੋਟੀ ਖਾਂਦੀਆਂ ਨਾਨਕੀਆਂ 'ਚੋਂ ਜਿਹੜੀ ਸਰੀਰ ਦੀ ਭਾਰੀ ਹੋਵੇ ਉਸ ਦਾ ਨਾਂਅ ਲੈ ਕੇ ਫੇਰ ਫਾਇਰਿੰਗ ਸ਼ੁਰੂ ਹੋ ਜਾਂਦੀ ਹੈ।

ਪੂਰੋ ਨੀ ਤੇਰਾ ਢਿੱਡ ਬੜਾ ਹਟਕੂਣਾ

ਨੀ ਤੂੰ ਖਾਂਦੀ ਸਭਨਾਂ ਤੋਂ ਦੂਣਾ।

ਛੱਜ ਓਹਲੇ ਛਾਨਣੀ ਪਰਾਤ ਓਹਲੇ ਤਵਾ ਓਏ

ਨਾਨਕਿਆਂ ਦਾ ਮੇਲ ਆਇਆ ਸੂਰੀਆਂ ਦਾ ਰਵਾ ਓਏ।

ਛੱਜ ਓਹਲੇ ਛਾਨਣੀ ਪਰਾਤ ਓਹਲੇ ਗੁੱਛੀਆਂ।

ਨਾਨਕਿਆਂ ਦਾ ਮੇਲ ਆਇਆ ਸਭੇ ਰੰਨਾਂ ਲੁੱਚੀਆਂ।

ਛੱਜ ਓਹਲੇ ਛਾਨਣੀ ਪਰਾਤ ਓਹਲੇ ਛੱਜ ਓਏ

ਨਾਨਕਿਆਂ ਦੇ ਮੇਲ ਆਇਆ ਗਾਉਣ ਦਾ ਨਾ ਚੱਜ ਓਏ।

ਤੁਰੀਆਂ ਜਾਂਦੀਆਂ ਨਾਨਕੀਆਂ ਨੂੰ ਜੇ ਕੋਈ ਮੁੰਡਾ ਮਸ਼ਕਰੀ ਕਰ ਜਾਵੇ ਤਾਂ ਉਸ ਨੂੰ ਵੀ ਗਾ ਕੇ ਛੇੜਦੀਆਂ ਹਨः-

ਜਾਂਦੀ ਕੁੜੀਏ ਭਿਉਂ ਗੜਵੇ ਵਿੱਚ ਛੋਲੇ

ਨੀ ਫੜ ਲੈ ਕੇਸਾਂ ਤੋਂ ਮੁੰਡਾ ਫੇਰ ਨਾ ਬਰਾਬਰ ਬੋਲੇ

ਪਿੰਡ ਦੇ ਗੁਰਦਵਾਰੇ, ਡੇਰੇ ਜਾਂ ਕਿਸੇ ਹੋਰ ਧਾਰਮਿਕ ਜਗ੍ਹਾ ਲਾਗਿਉਂ ਲੰਘਦੀਆਂ ਇਹ ਭਜਨ ਮੰਡਲੀ ਬਣ ਜਾਂਦੀਆਂ ਹਨ।

ਦਾਜ ਦਹੇਜ ਸਮੇਂ-ਸਮੇਂ ਅਤੇ ਹਰ ਇੱਕ ਦੀ ਨਿੱਜੀ ਸਮਰਥਾ ਅਨੁਸਾਰ ਚਲਦਾ ਹੀ ਆ ਰਿਹਾ ਹੈ। ਪਹਿਲਾਂ ਸੰਨ 1893 ਵਿੱਚ ਇਸ ਵਿੱਚ ਸੁਧਾਰ ਦੀ ਡਰੋਲੀ ਕਲਾਂ ਦੇ ਇਕੱਠ ਵਿੱਚ ਕੋਸ਼ਿਸ਼ ਕੀਤੀ ਗਈ। ਤੀਹ ਕੁ ਸਾਲ ਪਹਿਲਾਂ ਪਿੰਡ ਪਾਂਛਟਾ ਵਿਖੇ ਵੀ ਵਿਆਹ ਦੀਆਂ ਰਸਮਾਂ ਅਤੇ ਦਾਜ ਵਿਰੁੱਧ, ਰਾਜਪੂਤ ਪਿੰਡਾਂ ਦੇ ਸਰਕਰਦਾ ਬੰਦਿਆਂ ਨੇ ਮਤਾ ਪਾਸ ਕੀਤਾ ਫੇਰ ਖਾੜਕੂ ਲਹਿਰ ਵੇਲੇ ਖਾੜਕੂਆਂ ਦੇ ਡਰਾਵੇ ਤੋਂ ਇਹ ਕੁਝ ਮੱਧਮ ਪਿਆ। ਦਾਜ ਲੈਣ ਵਾਲਿਆਂ ਤੋਂ ਸਭ ਨਫਰਤ ਕਰਦੇ ਹਨ। ਰਿਸ਼ਤਾ ਕਰਨ ਵੇਲੇ ਹੀ ਇੱਕ ਦੂਜੇ ਬਾਰੇ ਪਤਾ ਹੀ ਹੁੰਦਾ ਹੈ ਕਿ ਰਿਸ਼ਤੇਦਾਰ ਕਿਹੋ ਜਿਹੇ ਹਨ। ਇਸ ਕਰ ਕੇ ਰਿਸ਼ਤੇ ਕਾਮਯਾਬ ਹੁੰਦੇ ਹਨ ਤੇ ਛੱਡ ਛਡਾਈ ਦੇ ਕੇਸ ਘੱਟ ਹੀ ਹਨ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕੁੜੀਆਂ ਦੇ ਵਿਆਹ ਦਸ ਬਾਰਾਂ ਸਾਲ ਦੀਆਂ ਦੇ ਕਰ ਦਿੱਤੇ ਜਾਂਦੇ ਸਨ। ਫੇਰ ਕਈ ਸਾਲ ਬਾਅਦ ਮੁਕਲਾਵਾ ਤੋਰਿਆ ਜਾਂਦਾ। ਹੁਣ ਤਾਂ

ਬਾਲਗ ਕੁੜੀਆਂ ਦੇ ਵਿਆਹ ਹੋ ਰਹੇ ਹਨ ਤੇ ਵਿਆਹ ਮੁਕਲਾਵਾ ਇਕੱਠਾ ਹੀ ਹੈ। ਪੁਰਾਣੇ ਸਮਿਆਂ ਵਿੱਚ ਵਿਚੋਲਿਆਂ ਦਾ ਕੰਮ ਨਾਈ ਜਾਂ ਬ੍ਰਾਹਮਣ ਕਰਦੇ ਸਨ ਪਰ 1920 ਈ. ਦੇ ਲਾਗੇ ਤੋਂ ਨਾਈ ਜਾਂ ਬ੍ਰਾਹਮਣਾਂ ਦੀ ਬਜਾਏ ਪੁਰਾਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਰਾਹੀਂ ਰਿਸ਼ਤੇ ਤੈਅ ਹੋ ਰਹੇ ਹਨ। ਪੁਰਾਣੀਆਂ ਰਿਸ਼ਤੇਦਾਰੀਆਂ ਵਿੱਚ ਹੀ ਅੱਗੇ ਤੋਂ ਅੱਗੇ ਅੰਗਲੀ ਸੰਗਲੀ ਬਣੀ ਜਾ ਰਹੀ ਹੈ। ਸਿੱਖ ਰਾਜਪੂਤਾਂ ਵੱਲੋਂ ਵਿਆਹ ਲਈ ਬਹੁਤ ਘੱਟ ਇਸ਼ਤਿਹਾਰ ਅਖਬਾਰਾਂ ਵਿੱਚ ਦਿੱਤੇ ਜਾਂਦੇ ਹਨ। ਜਿਸ ਨੂੰ ਕੋਈ ਜਾਣਦਾ ਨਾ ਹੋਵੇ ਜਾਂ ਜਿਸ ਨੇ ਕੁਝ ਲੁਕੋ ਰੱਖਣਾ ਹੋਵੇ ਉਹ ਹੀ ਅਖਬਾਰਾਂ ਰਾਹੀਂ ਰਿਸ਼ਤੇ ਲੱਭਦੇ ਹਨ।

ਸੰਨ 1948 ਤੋਂ ਪਹਿਲਾਂ ਜਨੇਤਾਂ ਨੂੰ ਰੋਟੀ ਹੇਠਾਂ ਪੰਗਤ ਵਿੱਚ ਬਿਠਾ ਕੇ ਖੁਆਈ ਜਾਂਦੀ ਸੀ। ਹੌਲੀ-ਹੌਲੀ ਮੇਜ਼ ਕੁਰਸੀਆਂ 'ਤੇ ਬਿਠਾਉਣ ਦਾ ਰਿਵਾਜ ਹੋ ਗਿਆ। ਗੁਰਦਵਾਰਾ ਸਾਹਿਬ ਤੋਂ ਇੱਕ ਚਾਨਣੀ ਤੇ ਭਾਂਡੇ ਲਿਆ ਕੇ ਕੰਮ ਸਰ ਜਾਂਦਾ ਸੀ। ਟੈਂਟ ਹਾਊਸ ਹੋਂਦ ਵਿੱਚ ਆਏ ਤੇ ਕਰਾਕਰੀ ਵੀ ਕਰਾਏ 'ਤੇ ਮਿਲਣ ਲੱਗ ਪਈ। ਸਰਵਿਸ ਵੀ ਵੇਟਰ ਕਰਨ ਲੱਗ ਪਏ ਨਹੀਂ ਤਾਂ ਪਹਿਲਾਂ ਪਿੰਡ ਦੇ ਮੁੰਡੇ ਹੀ ਜਨੇਤ ਨੂੰ ਰੋਟੀ ਵਰਤਾਉਂਦੇ ਸੀ।

ਮੁੰਡੇ ਦੇ ਵਿਆਹ ਤੋਂ ਮਹੀਨਾ ਭਰ ਪਹਿਲਾਂ ਮੁੰਡੇ ਦੇ ਘਰਵਾਲਿਆਂ ਨੇ ਆਪਣੇ ਸ਼ਰੀਕਾਂ ਅਤੇ ਰਿਸ਼ਤੇਦਾਰਾਂ ਨੂੰ ਆਖਣਾ "ਬਈ ਨਵੇਂ ਕੱਪੜੇ ਬਣਵਾ ਲਵੋ, ਪੱਗਾਂ ਨੂੰ ਮਾਵੇ ਲੁਆ ਲਵੋ, ਫਲਾਨੀ ਤਰੀਕ ਨੂੰ ਜਨੇਤੀਂ ਜਾਣਾ ਹੈ ਤੁਸੀਂ" ਜੇ ਕਿਸੇ ਨੂੰ ਖੜ੍ਹੇ ਪੈਰ ਜਨੇਤ ਜਾਣ ਨੂੰ ਕਹਿੰਦੇ ਤਾਂ ਉਸ ਦਾ ਜਵਾਬ ਹੁੰਦਾ ਕਿ "ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ, ਮੇਰੇ ਕੋਲ ਤਾਂ ਵਿਆਹ ਜਾਣ ਲਈ ਨਵੇਂ ਕੱਪੜੇ ਹੀ ਨਹੀਂ"। ਉਸ ਸਮੇਂ ਲੋਕਾਂ ਕੋਲ ਨਵੇਂ ਕੱਪੜੇ ਘੱਟ ਹੀ ਹੁੰਦੇ ਸਨ। ਮੁੰਡੇ ਕੱਪੜਿਆਂ ਵੱਲ ਘੱਟ ਤੇ ਸਰੀਰਕ ਬੱਲ ਵੱਲ ਜ਼ਿਆਦਾ ਧਿਆਨ ਦਿੰਦੇ ਸਨ।

# ਕੁੜਮਾਈ

ਚਿੱਟੇ ਚੌਲ ਜਿਨ੍ਹਾਂ ਨੇ ਦਾਨ ਕੀਤੇ
ਰੱਬ ਨੇ ਬਣਾਈਆਂ ਜੋੜੀਆਂ

ਲੜਕੀ ਅਤੇ ਲੜਕੇ ਦਾ ਰਿਸ਼ਤਾ ਤੈਅ ਕਰਨ ਤੋਂ ਪਹਿਲਾਂ ਦੋਨਾਂ ਦੇ ਗੋਤਾਂ ਦਾ ਖਿਆਲ ਰੱਖਿਆ ਜਾਂਦਾ ਸੀ। ਪਹਿਲੇ ਸਮੇਂ ਵਿੱਚ ਲੜਕੀ ਦੀ ਮਾਂ ਦਾ ਗੋਤ ਅਤੇ ਨਾਨੀ ਦਾ ਗੋਤ ਵੀ ਵੇਖਿਆ ਜਾਂਦਾ ਰਿਹਾ ਕਿ ਕਿਤੇ ਮੁੰਡੇ ਦੀ ਮਾਂ ਜਾਂ ਨਾਨੀ ਦੇ ਗੋਤ ਨਾਲ ਨ ਮਿਲੇ। ਕਈ ਹਾਲਤਾਂ ਵਿੱਚ ਮੁੰਡੇ ਦੇ ਪਿਤਾ ਦੇ ਨਾਨਕਿਆਂ ਦਾ ਗੋਤ ਵੀ ਦੇਖਿਆ ਜਾਂਦਾ ਸੀ। ਇਹ ਗੱਲ ਅੱਜ ਕੱਲ ਦੇ ਸਿਹਤ ਵਿਗਿਆਨੀ ਵੀ ਮੰਨਦੇ ਹਨ ਕਿ ਲੜਕੀ ਅਤੇ ਲੜਕੇ ਦੇ ਖ਼ੂਨ ਦੇ ਰਿਸ਼ਤੇ ਦੀ ਨਜ਼ਦੀਕੀ ਜੋ ਹੋਵੇਗੀ ਤਾਂ ਅਗਲੀ ਔਲਾਦ ਦੀ ਸਿਹਤ ਲਈ ਇਹ ਠੀਕ ਨਹੀਂ। ਅੱਜ ਕੱਲ ਨਾਨਕਿਆਂ ਦੇ ਪਿੰਡਾਂ ਵਿੱਚ ਮੁੰਡਿਆਂ ਦੇ ਵਿਆਹ ਹੋ ਰਹੇ ਹਨ। ਇਕੋ ਗੋਤ ਦੇ ਲੜਕੇ ਲੜਕੀਆਂ ਦੇ ਵੀ ਵਿਆਹ ਹੋ ਰਹੇ ਹਨ।

* ਰਾਜਪੂਤਾਨੇ ਦੀ ਇੱਕ ਦੁਖਦਾਇਕ ਘਟਨਾ ਇਥੇ ਵਰਨਣਯੋਗ ਹੈ ਕਿ ਬਿਨ੍ਹਾਂ ਗੋਤ ਵਿਚਾਰਿਆਂ ਕਾਰਨ ਹੋਏ ਵਿਆਹ ਪਿੱਛੋਂ ਛੱਡ ਛਡਾਈ ਲਈ ਕਿੰਨਾ ਪਿੱਟ ਸਿਆਪਾ ਪਿਆ। ਬੂੰਦੀ ਦੇ ਹਾਰਾ ਚੌਹਾਨ ਗੋਤ ਦੇ ਇੱਕ ਰਾਜਕੁਮਾਰ ਨੇ ਮਾਲਨੀ ਗੋਤ ਦੀ ਇੱਕ ਰਾਜਪੂਤਾਨੀ ਨਾਲ ਵਿਆਹ ਕਰਵਾ ਲਿਆ। ਮਾਲਨੀ ਗੋਤ ਅੱਜ ਕੱਲ੍ਹ ਖਤਮ ਹੋ ਗਿਆ ਹੈ। ਇੱਕ ਭੱਟ ਨੇ ਉਨ੍ਹਾਂ ਦੇ ਗੋਤਾਂ ਦੀ ਲੜੀ ਅੱਠ ਸਦੀਆਂ ਤੱਕ ਫਰੋਲੀ ਤਾਂ ਪਤਾ ਲੱਗਾ ਕਿ ਅੱਠ ਸੌ ਸਾਲ ਪਹਿਲਾਂ ਮਾਲਨੀ ਗੋਤ ਵੀ ਚੌਹਾਨਾਂ ਦੀ ਇੱਕ ਸ਼ਾਖਾ ਸੀ ਜਿਸ ਵਿੱਚੋਂ ਕਿ ਬੂੰਦੀ ਦਾ ਹਾਰਾ ਰਾਜਕੁਮਾਰ ਸੀ। ਸਿੱਟੇ ਵਜੋਂ ਤਲਾਕ, ਛੱਡ ਛਡਾਈ ਦੀਆਂ ਰਸਮਾਂ ਬੜੇ ਗਮਗੀਨ ਮਾਹੌਲ ਵਿੱਚ ਮਨਾਈਆਂ ਗਈਆਂ।

ਸੌ ਕੁ ਸਾਲ ਪਹਿਲਾਂ ਜਦੋਂ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਕਾਫੀ ਘੱਟ ਸੀ ਤਾਂ ਕਦੇ ਕਦੇ ਵੱਟੇ ਦੇ ਰਿਸ਼ਤੇ ਵੀ ਸੁਣੀਦੇ ਸੀ ਭਾਵ ਕਿ ਮੁੰਡੇ ਵਾਲੇ ਆਪਣੀ ਲੜਕੀ ਦਾ ਰਿਸ਼ਤਾ ਉਥੇ ਕਰਦੇ ਜਿੱਥੋਂ ਉਨ੍ਹਾਂ ਦੇ ਲੜਕੇ ਨੂੰ ਵੀ ਰਿਸ਼ਤਾ ਮਿਲੇ। ਜੇ ਕੁੜੀ ਵਿੱਚ ਥੋੜ੍ਹਾ ਨੁਕਸ ਹੁੰਦਾ, ਤਾਂ ਦੂਜੇ ਪਾਸਿਓਂ ਵੀ ਉਹੋ ਜਿਹੀ ਕੁੜੀ ਦਾ ਰਿਸ਼ਤਾ ਮਿਲਦਾ। ਇਹ ਅਖਾਣ ਉਸ ਵੇਲੇ ਦਾ ਬਣਿਆ ਲੱਗਦਾ ਹੈ।

ਵੱਟੇ ਦੀ ਕੁੜਮਾਈ। ਗੰਜੀ ਗਈ ਗਲੇਲੋ ਆਈ।

ਅੱਜ ਕੱਲ ਦਾ ਕੋਈ ਅਖਬਾਰ ਚੁੱਕ ਲਵੋ ਖਾਸ ਕਰ ਕੈਨੇਡਾ ਦਾ ਤੁਹਾਨੂੰ ਐਸੇ ਇਸ਼ਤਿਹਾਰ ਮਿਲਣਗੇ ਕਿ ਲੜਕਾ ਕਨੇਡਾ ਵਿੱਚ ਪੱਕਾ ਹੈ ਉਸ ਵਾਸਤੇ ਉਹੀ ਸੰਪਰਕ ਕਰਨ ਜੋ ਲੜਕੇ ਦੀ ਇੰਡੀਆ ਵਿੱਚ ਰਹਿੰਦੀ ਭੈਣ ਦਾ ਰਿਸ਼ਤਾ ਕੈਨੇਡਾ ਜਾਂ

---

* *Annals and Antiquities of Rajasthan by Tod Vol. I Page 98*

ਅਮਰੀਕਾ ਵਿੱਚ ਰਹਿੰਦੇ ਮੁੰਡੇ ਨਾਲ ਕਰਨ ਨੂੰ ਤਿਆਰ ਹੋਣ। ਇਹ ਵੱਟੇ ਦੀ ਕੁੜਮਾਈ ਨਹੀਂ ਤਾਂ ਹੋਰ ਕੀ ਹੈ?

ਕੁੜੀ ਦੇ ਮਾਪਿਆਂ ਵੱਲੋਂ ਬ੍ਰਾਹਮਣ ਜਾਂ ਨਾਈ ਰਾਹੀਂ ਯੋਗ ਵਰ ਲੱਭ ਕੇ ਉਸ ਦੇ ਪੱਲੇ ਭਰੀ ਪਰਿਆ ਵਿੱਚ ਇੱਕ ਚਾਂਦੀ ਦਾ ਰੁਪਿਆ ਸ਼ਗਨ ਪਾਇਆ ਜਾਂਦਾ ਸੀ। ਇਸ ਰਕਮ ਨੂੰ ਕੁੜਮਾਈ ਜਾਂ ਮੰਗਣੀ ਕਹਿੰਦੇ ਸੀ। ਕਈ ਵਾਰ ਜਦੋਂ ਅਜੇ ਗੱਲ ਚੱਲ ਰਹੀ ਹੋਵੇ ਤਾਂ ਭਰੀ ਪਰਿਆ ਵਿੱਚ ਸ਼ਗਨ ਦੇਣ ਤੋਂ ਪਹਿਲਾਂ ਵਿਚੋਲੇ ਨੇ ਮੁੰਡੇ ਦੇ ਘਰ ਦਿਆਂ ਨੂੰ ਰੁਪਿਆ ਫੜਾ ਦੇਣਾ ਉਸ ਨੂੰ 'ਰੋਕ' ਕਹਿੰਦੇ ਸੀ। ਸਮੇਂ ਦੇ ਨਾਲ ਲਾਗੀਆਂ ਦੀ ਥਾਂ ਵਿਚੋਲਿਆਂ ਨੇ ਲੈ ਲਈ। ਦੁਆਬੇ ਦੇ ਰਾਜਪੂਤ ਅਤੇ ਜੱਟਾਂ ਦੇ ਵਿੱਚ ਚਿਰੋਕੇ ਸਮੇਂ ਤੋਂ ਇਹ ਰਿਵਾਜ ਚਲਿਆ ਆ ਰਿਹਾ ਹੈ ਕਿ ਭੂਆਂ ਆਪਣੀਆਂ ਭਤੀਜੀਆਂ ਦੇ ਰਿਸ਼ਤੇ ਲੈ ਜਾਣ ਲਈ ਹੱਕਦਾਰ ਹੁੰਦੀਆਂ ਹਨ ਅਤੇ ਅੱਜ ਤੱਕ ਵੀ ਸਭ ਚੰਗੇ ਅਤੇ ਉੱਚੇ ਘਰਾਂ ਵਿੱਚ ਇਸ ਤੱਥ ਨੂੰ ਮੰਨਿਆ ਜਾਂਦਾ ਹੈ। ਭੂਆ ਆਪਣੇ ਸਹੁਰੇ ਘਰ, ਉਨ੍ਹਾਂ ਦੇ ਅੰਗਾਂ ਸਾਕਾਂ ਅਤੇ ਉਸ ਪਿੰਡ ਦੇ ਸਭ ਚੰਗੇ ਮਾੜੇ ਬੰਦਿਆਂ ਬਾਰੇ ਪੂਰੀ ਜਾਣਕਾਰੀ ਰੱਖਦੀਆਂ ਹਨ ਤੇ ਆਪਣੀਆਂ ਭਤੀਜੀਆਂ ਦਾ ਭਵਿੱਖ ਉਨ੍ਹਾਂ ਨੂੰ ਪਿਆਰਾ ਹੁੰਦਾ ਹੈ। ਇਸੇ ਕਰ ਕੇ ਅੱਜ ਕੱਲ ਵਾਂਗ ਛੱਡ ਛਡਾਵੇ ਨਹੀਂ ਹੁੰਦੇ ਸਨ।

ਅੱਜ ਤੋਂ ਸੌ ਕੁ ਸਾਲ ਪਹਿਲਾਂ ਮੁੰਡਿਆਂ ਨਾਲੋਂ ਕੁੜੀਆਂ ਦੀ ਗਿਣਤੀ ਘੱਟ ਸੀ। ਜਰਵਾਣਿਆਂ ਵੱਲੋਂ ਔਰਤਾਂ ਦੀ ਬੇਇੱਜ਼ਤੀ ਨਾ ਸਹਾਰਦੇ ਹੋਏ ਕਈ ਮਾਪੇ ਜੰਮਣ ਵੇਲੇ ਹੀ ਕੁੜੀ ਨੂੰ ਮਾਰ ਦਿੰਦੇ ਸਨ। ਇਸ ਤਰ੍ਹਾਂ ਕਈ ਚੰਗੇ ਭਲੇ ਮੁੰਡੇ ਕੁਆਰੇ ਰਹਿ ਜਾਂਦੇ, ਵਿਚੋਲਿਆਂ ਦੀ ਤਾਬਿਆਦਾਰੀ ਕਰਨੀ ਪੈਂਦੀ। "ਛੋਟੇ ਦਿਉਰ ਉੱਤੇ ਕਰਮ ਕਮਾ ਦੇ ਭਾਬੀਏ, ਆਪਣੇ ਪੇਕਿਆਂ ਤੋਂ ਸਾਕ ਲਿਆ ਦੇ ਭਾਬੀਏ" ਉਸ ਸਮੇਂ ਦੀ ਤਸਵੀਰ ਪੇਸ਼ ਕਰਨ ਵਾਲਾ ਇੱਕ ਨਮੂਨੇ ਦਾ ਗੀਤ ਹੈ। ਪੈਦਾਇਸ਼ ਤੋਂ ਪਹਿਲਾਂ ਸਕੈਨਿੰਗ ਕਾਰਨ ਅੱਜਕੱਲ ਸੌਖੇ ਹੀ ਪਤਾ ਲੱਗ ਜਾਂਦਾ ਹੈ ਕਿ ਗਰਭ ਵਿੱਚ ਲੜਕਾ ਹੈ ਜਾਂ ਲੜਕੀ। ਲੜਕੀਆਂ ਦੀ ਸੂਰਤ ਵਿੱਚ ਹੋਏ ਗਰਭਪਾਤਾਂ ਦਾ ਸਿੱਟਾ ਵੀਹ ਕੁ ਸਾਲ ਬਾਅਦ ਪੁਰਾਣੇ ਸਮਿਆਂ ਵਾਲਾ ਹੀ ਹੋਣਾ ਹੈ।

ਕੁੜਮਾਈ ਤੋਂ ਪਹਿਲਾਂ ਸ਼ਾਇਦ ਹੀ ਮੁੰਡੇ ਜਾਂ ਕੁੜੀ ਨੇ ਇੱਕ ਦੂਜੇ ਨੂੰ ਦੇਖਿਆ ਹੁੰਦਾ। ਕੁੜਮਾਈ ਹੋਣ ਤੋਂ ਬਾਅਦ ਵਿਆਹ ਤੱਕ, ਕਈ ਕਈ ਸਾਲ ਮੁੰਡੇ ਲਈ ਸਹੁਰਿਆਂ ਦੇ ਪਿੰਡ ਜਾਣ ਦੀ ਮਨਾਹੀ ਸੀ। ਕਿਸੇ ਜਨੇਤ ਨਾਲ ਵੀ ਮੰਗਿਆ ਹੋਇਆ ਮੁੰਡਾ ਉਸ ਪਿੰਡ ਨਹੀਂ ਜਾ ਸਕਦਾ ਸੀ। ਜੇ ਕਰ ਉਸ ਪਿੰਡ ਦੀ ਬਰਾਤ ਆਉਣੀ ਜਿੱਥੇ ਕੁੜੀ ਮੰਗੀ ਹੋਈ ਹੋਵੇ ਤਾਂ ਕੁੜੀ ਨੂੰ ਅੰਦਰ ਵੜ ਲੁਕ ਕੇ ਰਹਿਣਾ ਪੈਂਦਾ ਸੀ। ਫੇਰ ਵੀ ਚੋਰੀਂ ਛੁਪੀਂ ਕੁੜੀਆਂ ਆਪਣੇ ਹੋਣ ਵਾਲੇ ਸਹੁਰਿਆਂ ਦੇ ਪਿੰਡ ਦੀ ਜਨੇਤ ਦੇਖ ਹੀ ਲੈਂਦੀਆਂ। ਸਿਆਣੇ ਵਿਚੋਲਿਆਂ ਵਲੋਂ ਤੈਅ ਕੀਤੇ ਰਿਸ਼ਤੇ ਠੀਕ ਤਰ੍ਹਾਂ ਨਿਭਦੇ ਪਰ ਕੁਝ ਕੁਝ ਨਰੜ ਵੀ ਹੁੰਦੇ ਸੀ। ਨਰੜ ਤਾਂ ਹੁਣ ਵੀ ਹੋ ਰਹੇ ਹਨ ਭਾਵੇਂ ਮੁੰਡੇ ਕੁੜੀਆਂ ਇੱਕ

ਦੂਜੇ ਨੂੰ ਪਸੰਦ ਵੀ ਕਰ ਲੈਂਦੇ ਹਨ। ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ। ਦੇਖਣ ਨਾਲ ਤਾਂ ਸ਼ਕਲ ਹੀ ਦਿਸ ਸਕਦੀ ਹੈ। ਸੁਭਾਅ ਦਾ ਪਤਾ ਤਾਂ ਵਰਤਿਆਂ ਲੱਗਦਾ ਹੈ ਕਿਉਂਕਿ ਸੀਰਤ ਅਤੇ ਸੂਰਤ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ।

ਜਿਸ ਪਿੰਡ ਕੁੜੀ ਵਿਆਹੀ ਜਾਂਦੀ ਪੁਰਾਣੇ-ਸਮਿਆਂ ਦੇ ਬਜ਼ੁਰਗ ਉਸ ਪਿੰਡ ਦਾ ਕੁਝ ਖਾਣਾ ਤਾਂ ਕੀ ਪਾਣੀ ਵੀ ਪੀਣਾ ਪਾਪ ਸਮਝਦੇ ਸੀ। ਜੇ ਕਿਤੇ ਆਪਣੀ ਧੀ ਨੂੰ ਦੇਖਣ ਜਾਂਦੇ ਤਾਂ ਉਸ ਪਿੰਡ ਦੀ ਜੂਹ ਤੋਂ ਬਾਹਰੋਂ ਹੀ ਖਾ ਪੀ ਕੇ ਜਾਂਦੇ ਤੇ ਸੁੱਚੇ ਮੂੰਹ ਵਾਪਸ ਆਉਂਦੇ।

## ਵਿਚੋਲਗਿਰੀ

ਵਿਚੋਲਗਿਰੀ ਦੀਆਂ ਗੱਲਾਂ ਬੁੜ੍ਹੇ ਥੜ੍ਹਿਆਂ 'ਤੇ ਬੈਠ ਕੇ ਕੁਝ ਇਸ ਤਰ੍ਹਾਂ ਕਰਦੇ ਹਨ। ਬਈ ਵਿਚੋਲਿਆਂ ਦੀ ਕਦਰ ਤਾਂ ਸਾਡੇ ਵੇਲੇ ਸੀ। ਲਵੀ ਉਮਰੇ ਜਿਸ ਦਾ ਰਿਸ਼ਤਾ ਹੋ ਗਿਆ ਸੋ ਹੋ ਗਿਆ। ਨਹੀਂ ਤਾਂ ਬਾਕੀ ਦੇ ਗੁਜ਼ਰੇ ਹੋਏ ਕਾਫਲੇ ਦੀ ਧੂੜ ਹੀ ਫੱਕਦੇ। ਜਿਸ ਤਰ੍ਹਾਂ ਅੱਜਕੱਲ ਦੇ ਪੈਂਤੀਆਂ ਚਾਲ੍ਹੀਆਂ ਦੇ ਹੋ ਕੇ ਵਿਆਹ ਕਰਵਾਉਂਦੇ ਆ, ਸਾਡੇ ਵੇਲੇ ਤਾਂ ਇੰਨੀ ਉਮਰ ਵਾਲੇ ਸੱਤ ਅੱਠ ਵਾਰੀ ਪੰਜੀਰੀਆਂ (ਦਾਬੜਾ) ਰਲ੍ਹਵਾ ਦਿੰਦੇ ਸੀ। ਸਾਕ ਲਿਆਉਣ ਵਾਲੇ ਨੂੰ ਰਾਹ ਜਾਂਦੇ ਨੂੰ ਲੋਕ ਰੋਕ ਰੋਕ ਕੇ ਵਧਾਈਆਂ ਦਿੰਦੇ- "ਬਈ ਫਲਾਨਾ ਸਿਆਂ ਬੜਾ ਚੰਗਾ ਕੰਮ ਕੀਤਾ। ਸਾਕ ਕਰਾਉਣਾ ਵੀ ਪਿੰਡ ਬੰਨ੍ਹਣ ਦੇ ਬਰੋਬਰ ਹੁੰਦਾ।" ਵਿਚੋਲਾ ਕੁੜੀ ਵਾਲਿਆਂ ਦੀ ਇੱਜ਼ਤ ਢਕਦਾ ਅਤੇ ਮੁੰਡੇ ਵਾਲੇ ਵੀ ਮੰਜੇ 'ਤੇ ਚਾਦਰ ਵਿਛਾ ਕੇ ਉਸ ਨੂੰ ਆਦਰ ਨਾਲ ਬਿਠਾਉਂਦੇ ਮੇਜ਼ ਅੱਗੇ ਰੱਖ ਕੇ ਚਾਹ ਪਾਣੀ ਪਿਲਾਉਂਦੇ। ਕੁੜੀ ਭਾਵੇਂ ਕਾਲੀ ਕਲੋਟੀ, ਫੀਨੀ ਹੋਵੇ ਖ਼ੁਸ਼ ਹੋ ਕੇ ਆਖਦੇ- "ਆਪਣੀਆਂ ਧੀਆਂ ਵਰਗੀ ਐ-ਕੰਮਾਂ ਕਾਰਾਂ ਵਾਲੇ ਘਰਾਂ ਦੀਆਂ ਇਹੋ ਜਿਹੀਆਂ ਹੁੰਦੀਆਂ। ਅਕਲ ਸੋਹਣੀ ਆ, ਨੈਣ ਨਕਸ਼ ਆਪੇ ਉੱਘੜ ਆਉਣਗੇ।" ਫਲਾਨਾ ਸਿਆਂ ਤੈਨੂੰ ਪਤਾ ਵੱਢ ਖਾਣਿਆਂ ਦੇ ਗੇਲੇ ਦੇ ਕਰਤਾਰੇ ਨੇ ਸਾਕ ਕਿਸ ਤਰ੍ਹਾਂ ਕਰਾਇਆ ਸੀ। ਗੇਲੇ ਨੂੰ ਢਾਈ ਸਾਲ ਤੱਕ ਕਰਤਾਰੇ ਦੇ ਪੱਠੇ ਹੱਥ ਵਾਲੀ ਮਸ਼ੀਨ ਨਾਲ ਕੁਤਰਨੇ ਪਏ। ਕਹਿੰਦੇ ਨੇ ਗੌਂ ਭੁਨਾਵੇ ਜੌਂ। ਕਰਤਾਰੇ ਨੇ ਕੁੜੀ ਵਾਲਿਆਂ ਦੇ ਪਿੰਡ ਚਿੱਟੇ ਕੱਪੜੇ ਪਾ ਕੇ ਛੇਈਂ ਕੁ ਮਹੀਨੀ ਗੇੜਾ ਲਾ ਕੇ ਆਖਣਾ-ਕੀ ਦੱਸਾਂ ਗੇਲਿਆਂ ਐਤਕੀਂ ਕੁੜੀ ਦੀ ਤਾਈ ਮਰ ਗਈ। ਐਤਕੀਂ ਸਾਉਣੀ ਦੀ ਫਸਲ ਬਰਸਾਤਾਂ ਨਾਲ ਮਾਰੀ ਗਈ ਪਰ ਮੈਂ ਤਕੜਾ ਹੋ ਕੇ ਆਖ ਆਇਆਂ ਕਿ ਹਾੜ੍ਹੀ ਨੂੰ ਮੈਂ ਕੋਈ ਬਹਾਨਾ ਨਹੀਂ ਸੁਣਨਾ-ਮੁੰਡੇ ਨੂੰ ਹੋਰ ਬਥੇਰੇ ਸਾਕ ਆਉਂਦੇ ਨੇ, ਮੈਂ ਤਾਂ ਜ਼ਬਾਨੋ ਬੇਜ਼ਬਾਨ ਨਹੀਂ ਹੋਣਾ ਚਾਹੁੰਦਾ।

ਕੋਈ ਆਖਦਾ ਬੰਦਿਆਂ ਨਾਲੋਂ ਬੁੜ੍ਹੀਆਂ ਵਿਚੋਲਗੀ 'ਚ ਬਾਜ਼ੀ ਲੈ ਜਾਂਦੀਆਂ ਨੇ। ਬੰਦੇ ਤਾਂ ਧੱਕਾ ਸਟਾਰਟ ਹੀ ਹੁੰਦੇ ਆ ਇਸ ਕੰਮ ਵਿੱਚ। ਮੀਣਿਆਂ ਦੀ ਭਾਗੋ ਨੇ ਤਾਂ

ਸਾਰੇ ਟੱਬਰ ਹੀ ਰਹਿੰਦ ਖੂੰਹ ਪਰੁੰਨ ਕੇ ਰੱਖ ਦਿੱਤੀ। ਗੰਗਾ ਨਗਰ, ਕੋਟਕਪੂਰੇ ਤੋਂ ਟੀਰਿਆਂ, ਭੈਂਗਿਆਂ, ਡੇਢ ਲੱਤਾਂ ਵਾਲਿਆਂ ਨੂੰ ਮਧਰੀਆਂ, ਸਿਧਰੀਆਂ, ਤੋਤਲੀਆਂ, ਗੁਣਗੁਣੀਆਂ ਲਿਆ ਕੇ, ਅੱਗ ਨਾਲ ਹੱਥ ਸਾੜਨੋ ਬਚਾ ਦਿੱਤੇ। ਬਚਨੇ ਅਮਲੀ ਨੇ ਰੋਜ਼ ਭਾਗੋ ਦੇ ਘਰ ਕੋਲੋਂ ਲੰਘਦੇ ਨੇ ਆਖਣਾ "ਚਾਚੀ ਲਿਆ ਤੇਰਾ ਆਟਾ ਮਸ਼ੀਨ ਤੋਂ ਪਿਹਾ ਲਿਆਵਾਂ" ਚਾਚੀ ਭਾਗੋ ਨੇ ਬੋਰਾ ਉਸ ਨੂੰ ਚੁਕਵਾ ਦੇਣਾ। ਤੀਜੇ ਕੁ ਦਿਨ ਬਚਨੇ ਨੇ ਫੇਰ ਆ ਕੇ ਖੜ੍ਹ ਜਾਣਾ, ਚਾਚੀ ਆਟਾ ਮੁੱਕ ਗਿਆ? ਚਾਚੀ ਭਾਗੋ ਵੀ ਸਮਝਦੀ ਸੀ ਕਿ ਇਹ ਸੇਵਾ ਕਿਸ ਗਰਜ਼ ਨਾਲ ਕਰ ਰਿਹਾ। ਉਹ ਹੱਸ ਕੇ ਆਖਦੀ "ਵੇ ਮਰ ਜਾਣਿਆਂ ਤੀਜੇ ਦਿਨ ਆਟੇ ਦਾ ਬੋਰਾ ਮੁੱਕ ਸਕਦਾ?" ਚਾਚੀ ਆਖਦੀ ਜਾਹ ਸਾਡੀਆਂ ਮੱਝਾਂ ਟੋਭੇ ਵਿੱਚ ਨਲ੍ਹਾ ਲਿਆ। ਦੂਜੇ ਦਿਨ ਆ ਕੇ ਬਚਨਾ ਪੁੱਛਦਾ "ਚਾਚੀ ਮੱਝਾਂ ਦਾ ਦੁੱਧ ਅੱਜ ਤਾਂ ਜ਼ਰੂਰ ਕੁਝ ਵੱਧ ਹੋਣਾ" ਚਾਚੀ ਹੱਸ ਕੇ ਆਖਦੀ ਸ਼ਤਾਨ ਦਿਆ ਚਰਖਿਆ ਤੂੰ ਕਿਹੜੇ ਇਹਨਾਂ ਨੂੰ ਵੜੇਵੇਂ ਪਾਏ ਆ" ਅਗੋਂ ਬਚਨਾ ਆਖਦਾ "ਚਾਚੀ ਤੈਨੂੰ ਪਤਾ ਨਹੀਂ ਮੈਹਰੂ ਨੂੰ ਨਲ੍ਹਾਉਣਾ ਵੜੇਵਿਆਂ ਨਾਲੋਂ ਵੀ ਚੰਗਾ ਏ" ਆਖਿਰ ਸਾਲ ਕੁ ਬਾਅਦ ਭਾਗੋ ਨੂੰ ਵੀ ਬਚਨੇ 'ਤੇ ਤਰਸ ਆ ਗਿਆ ਤੇ ਢੋਲਣ ਤੋਂ ਆਪਣੀ ਭੈਣ ਦੇ ਗਈ ਨੇ ਇੱਕ ਕਮਲੀ ਰਮਲੀ ਜਿਹੀ ਕੁੜੀ ਲੱਭ ਹੀ ਲਈ। ਬਈ ਸਰਵਣਾ ਕਿਸੇ ਦੀ ਕਿਸਮਤ ਕਿਸੇ ਨੇ ਦੇਖੀ ਆ ਉਸ ਕਮਲੀ ਰਮਲੀ ਦੇ ਸੱਤ ਮੁੰਡੇ ਕੜੀਆਂ ਵਰਗੇ ਜੁਆਨ ਨਿਕਲੇ ਆ। ਉਹ ਕਮਲੀ ਰਮਲੀ ਉਸੇ ਹੱਥ ਨਾਲ ਮੁੰਡੇ ਦੀ ਨਲੀ, ਪੂੰਝਦੀ ਤੇ ਬਿਨਾ ਧੋਤੇ ਤੋਂ ਉਸੇ ਹੱਥ ਨਾਲ ਚਾਟੀ 'ਚੋਂ ਮੱਖਣ ਕੱਢਦੀ ਸੀ। ਕੋਈ ਮਜ਼ਬੀ ਭੀ ਉਸ ਦੇ ਘਰੋਂ ਲੱਸੀ ਨਹੀਂ ਲੈਣ ਆਉਂਦਾ ਸੀ। ਸਾਡੇ ਚਾਚੇ ਕੋਲ ਦੋ ਕਿੱਲੇ ਗਹਿਣੇ ਕਰ ਕੇ ਉਸ ਨੇ ਬੜਾ ਮੁੰਡਾ ਇਰਾਨ ਭੇਜਿਆ ਸੀ। ਉਥੋਂ ਉਹ ਅੱਗੇ ਕੈਨੇਡਾ ਚਲੇ ਗਿਆ ਤੇ ਉਥੇ ਪੱਕਾ ਹੋ ਗਿਆ। ਸੁਣਿਆ ਹੁਣ ਤਾ ਸਾਰਾ ਟੱਬਰ ਹੀ ਕਾਲਰੇ ਵਾਲੇ ਹਰਦਿਆਲ ਏਜੰਟ ਤੋਂ ਪਾਸਪੋਰਟ ਬਣਵਾ ਰਹੇ ਆ। ਕੈਨੇਡਾ ਜਾ ਕੇ ਇਹ ਕਮਲੀ ਵੀ ਗਰੇਜ਼ੀ ਬੋਲਿਆ ਕਰੂ। ਦੁਆਬੇ ਦੇ ਪਿੰਡਾਂ ਵਿੱਚ ਵਿਹਲੇ ਬੈਠੇ ਲੋਕ ਸੱਥਾਂ ਵਿੱਚ, ਜਾਂ ਥੜ੍ਹਿਆਂ 'ਤੇ ਬੈਠੇ ਐਹੋ ਜਿਹੀਆਂ ਗੱਲਾਂ ਕਰਦੇ ਹੀ ਹਨ।

## ਵਿਆਹ ਦੀ ਤਿਆਰੀ ਤੋਂ ਸੰਪੰਨ ਤੱਕ

ਵਿਆਹ ਦੀ ਤਾਰੀਖ ਮਹੀਨਾ ਦੋ ਮਹੀਨੇ ਜਾਂ ਇਸ ਤੋਂ ਵੀ ਵੱਧ ਸਮਾਂ ਪਹਿਲਾਂ ਨਿਸ਼ਚਿਤ ਕਰ ਲਈ ਜਾਂਦੀ। ਬਰਸਾਤ ਦੇ ਮਹੀਨੇ ਸਾਵਣ ਭਾਦੋਂ, ਖੇਤੀ ਦੇ ਅਤਿ ਜ਼ਰੂਰੀ ਕੰਮਾਂ ਕਾਰਨ ਕਣਕ ਦੀ ਬਿਜਾਈ, ਵਢਾਈ, ਗਹਾਈ ਦੇ ਦਿਨਾਂ ਦੇ ਵਿਆਹ ਨਹੀਂ ਰੱਖੇ ਜਾਂਦੇ ਸਨ। ਮੁੰਡੇ ਵਾਲਿਆਂ ਨੇ ਆਪ ਆਪਣੇ ਸ਼ਰੀਕਾਂ ਅਤੇ ਦੋਸਤਾਂ ਨੂੰ ਵਿਆਹ ਬਾਰੇ ਦੱਸਣਾ ਅਤੇ ਕੱਪੜੇ ਲੱਤੇ ਲਈ ਕਹਿਣਾ ਹੁੰਦਾ। ਕੋਈ ਕਾਰਡ ਨਹੀਂ

ਛਪਾਉਂਦਾ ਸੀ। ਬਲਕਿ ਅੰਗਾਂ ਸਾਕਾਂ ਭਾਈਚਾਰਾਂ ਤੇ ਹੋਰ ਦੋਸਤਾਂ ਮਿੱਤਰਾਂ ਨੂੰ ਗੰਢਾਂ ਭੇਜੀਆਂ ਜਾਂਦੀਆਂ ਸਨ। ਕਈ ਸ਼ਰੀਕ ਰੁੱਸੇ ਹੁੰਦੇ ਉਨ੍ਹਾਂ ਨੂੰ ਮਨਾਉਣ ਲਈ ਇਹ ਇੱਕ ਚੰਗਾ ਮੌਕਾ ਹੁੰਦਾ। ਜ਼ਿਆਦਾ ਪੇਚੀਦਾ ਮਾਮਲਿਆਂ ਵਿੱਚ ਸਾਰੇ ਟੱਬਰ ਦੇ ਮੁੱਖ ਬੰਦੇ ਇਕੱਠੇ ਹੋ ਕੇ ਮਨਾਉਣ ਜਾਂਦੇ। ਜੇ ਕੋਈ ਬਾਹਲਾ ਹੀ ਲੋਹੇ ਦਾ ਥਣ ਬਣਿਆਂ ਰਹੇ ਤਾਂ ਆਖ ਦਿੰਦੇ "ਦੇਖ ਲੈ ਕੱਲ ਨੂੰ ਤੂੰ ਵੀ ਕਬੀਲਦਾਰੀ ਨਜਿੱਠਣੀ ਐ, ਜੇ ਸਾਡਾ ਆਖਾ ਨਹੀਂ ਮੰਨਣਾ ਤਾਂ ਅਸੀਂ ਸਾਰਿਆਂ ਨੇ ਹੀ ਤੇਰੇ ਨਹੀਂ ਜਾਣਾ।" ਇਸ ਦਬਾਅ ਨਾਲ ਰੁੱਸੇ ਮੰਨ ਜਾਂਦੇ। ਦੋਨਾਂ ਪਾਸਿਆਂ ਤੋਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ।

ਜਨੇਤੀਆਂ ਨੇ ਨਵੇਂ ਨਵੇਂ ਕੱਪੜੇ ਪਾਉਣੇ, ਮਾਵੇ ਵਾਲੀਆਂ ਪੱਗਾਂ ਬੰਨ੍ਹਣੀਆਂ, ਕਈਆਂ ਨੇ ਤੁਰਲੇ ਛੱਡਣੇ, ਆਪਣੇ ਵਾਧੂ ਕੱਪੜੇ ਟਰੰਕ ਵਿੱਚ ਰੱਖ ਕੇ ਨਾਲ ਲੈ ਜਾਣੇ। ਹਰ ਇੱਕ ਜਨੇਤੀਏ ਦੇ ਘਰੋਂ ਉਸ ਦਾ ਟਰੰਕ ਅਤੇ ਬਿਸਤਰਾ ਲਾਗੀ ਨੇ ਚੱਕ ਕੇ ਗੱਡੇ 'ਤੇ ਰੱਖਣਾ। ਇੱਕ ਛੋਟੀ ਜਿਹੀ ਗੱਡੀ ਜਿਸ ਦੀ ਛੱਤ ਸਜਾਈ ਹੁੰਦੀ, ਵਿਆਹ ਲਈ ਪਿੰਡ ਦੇ ਲੁਹਾਰ ਜਾਂ ਤਰਖਾਣ ਨੇ ਬਣਾਈ ਹੁੰਦੀ, ਵੀ ਲੈ ਕੇ ਜਾਂਦੇ। ਗੱਡੇ ਅਤੇ ਗੱਡੀ ਨੂੰ ਜੋੜਨ ਵਾਲੇ ਬੌਲਦ ਖੂਬ ਘੁੰਗਰੂਆਂ, ਟੱਲੀਆਂ ਅਤੇ ਪੱਸ਼ਮ ਦੇ ਫੁੱਲਾਂ ਨਾਲ ਸਜਾਏ ਹੁੰਦੇ। ਸਰਦੀਆਂ ਦੇ ਦਿਨਾਂ ਵਿੱਚ ਵਧੀਆਂ ਝੁੱਲ ਪਾਏ ਹੁੰਦੇ। ਜੇ ਬਰਾਤ ਦੂਰ ਢੁੱਕਣੀ ਹੁੰਦੀ ਤਾਂ ਰਾਹ ਵਿੱਚ ਦੁਪਹਿਰ ਵੇਲੇ ਖਾਣ ਲਈ ਸਬਜ਼ੀ ਦਾ ਇੱਕ ਵੱਡਾ ਪਤੀਲਾ ਅਤੇ ਪਰੌਂਠਿਆ ਦਾ ਇੱਕ ਵੱਡਾ ਟੋਕਰਾ ਗੱਡੇ 'ਤੇ ਰੱਖ ਲਿਆ ਜਾਂਦਾ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਤਾਂ ਬਰਾਤਾਂ ਵਿੱਚ ਬੰਦਿਆਂ ਦੀ ਗਿਣਤੀ ਵੀਹ ਪੰਝੀ ਹੀ ਹੁੰਦੀ। ਪਰ ਬਰਾਤਾਂ ਤਿੰਨ ਰਾਤਾਂ ਰਹਿੰਦੀਆਂ। ਜੋ ਕਿ 1947 ਤੱਕ ਆਮ ਤੌਰ 'ਤੇ ਚਾਲੀ ਪੰਜਾਹ ਤੱਕ ਪਹੁੰਚ ਗਈ ਤੇ ਬਰਾਤਾਂ ਦੋ ਰਾਤਾਂ ਰਹਿੰਦੀਆਂ। ਬਰਾਤਾਂ ਗੱਡੇ ਗੱਡੀਆਂ 'ਤੇ ਜਾਂਦੀਆਂ ਬਰਾਤੀ ਆਪਣੇ ਬਿਸਤਰੇ ਕੋਲ ਲੈ ਕੇ ਜਾਂਦੇ। 1975 ਤੱਕ ਕੋਈ ਹੀ ਬਰਾਤ ਵਾਲੇ ਬੱਸ ਲੈ ਕੇ ਜਾਂਦੇ। ਕਿਉਂਕਿ ਪਿੰਡਾਂ ਦੇ ਰਸਤੇ ਐਨੇ ਖਰਾਬ ਸਨ ਕਿ ਬੱਸਾਂ ਚੱਲ ਹੀ ਨਹੀਂ ਸਕਦੀਆਂ ਸਨ।

ਬਰਾਤਾਂ ਸਵੇਰੇ ਚੱਲ ਕੇ ਸ਼ਾਮ ਨੂੰ ਢੁਕਦੀਆਂ। 1942 ਵਿੱਚ ਮੈਂ ਛੋਟੇ ਜਿਹੇ ਨੇ ਇੱਕ ਬਰਾਤ ਤਿੰਨ ਰਾਤਾਂ ਰਹਿੰਦੀ ਦੇਖੀ। ਫੇਰ ਇਹ ਘਟ ਕੇ ਦੋ ਰਾਤਾਂ ਰਹਿਣ ਲੱਗ ਪਈਆਂ ਤੇ ਥੋੜ੍ਹੇ ਸਾਲ ਬਾਅਦ ਇੱਕ ਰਾਤ। ਜਿਸ ਤਰ੍ਹਾਂ ਸਫਰ ਦੀਆਂ ਸਹੂਲਤਾਂ ਵਿੱਚ ਸੜਕਾਂ ਪੱਕੀਆਂ ਹੋਣ ਨਾਲ ਸੁਧਾਰ ਹੋਇਆ ਬਰਾਤਾਂ ਲਈ ਇੱਕ ਰਾਤ ਵੀ ਰਹਿਣਾ ਔਖਾ ਸਮਝਿਆ ਜਾਣ ਲੱਗਾ।

ਸਭ ਤੋਂ ਪਹਿਲਾਂ ਵਿਆਂਦੜ ਮੁੰਡੇ ਨੂੰ ਗੁਰਦਵਾਰੇ ਅਤੇ ਜਠੇਰਿਆਂ ਦੀ ਜਗ੍ਹਾ 'ਤੇ ਮੱਥਾ ਟਿਕਾਇਆ ਜਾਂਦਾ, ਮੁੰਡੇ ਦੀਆਂ ਭੈਣਾਂ ਨੇ ਮੁੰਡੇ ਦੇ ਮੋਢੇ 'ਤੇ ਰੱਖੇ ਪਰਨੇ ਦੀ ਇੰਜੜੀ ਫੜੀ ਹੁੰਦੀ ਤੇ ਇਹ ਗੀਤ ਗਾਉਂਦੀਆਂ :-

ਸਾਨੂੰ ਦਿਓ ਵਧਾਈਆਂ ਜੀ ਭੈਣ ਦਾ ਵੀਰ ਵਿਆਹਵਣ ਚਲਿਆ

(ਫਲਾਨਾ) ਸਿੰਘ ਦਾ ਪੋਤਾ ਵਿਆਹਵਣ ਚਲਿਆ...ਵਗੈਰਾ

ਟੱਬਰ ਦੇ ਬਜ਼ੁਰਗ ਹੱਥ ਪੈਸਿਆਂ ਦੀ ਬੋਰੀ ਫੜਾਈ ਹੁੰਦੀ ਉਸ ਨੇ ਕੁਝ ਰੁਪਏ ਇੰਜੜੀ ਫੜਨ ਵਾਲੀਆਂ ਕੁੜੀਆਂ ਨੂੰ ਦੇਣੇ। ਕੁਝ ਭਾਨ ਮੁੰਡੇ ਦੇ ਉਪਰੋਂ ਸੁਟਣੀ। ਮੱਥਾ ਟਿਕਾਉਣ ਵੇਲੇ ਅੱਗੇ ਅੱਗੇ ਬਾਜਾ ਵੱਜਦਾ ਜਾਂਦਾ ਤੇ ਜਦੋਂ ਬਰਾਤ ਦੀ ਰਵਾਨਗੀ ਹੁੰਦੀ ਤਾਂ ਬਾਜੇ ਵਾਲਿਆਂ ਦੀ ਧੁੰਨ ਬਦਲ ਜਾਂਦੀ ਤੇ ਇਹ ਇੱਕ ਤਰ੍ਹਾਂ ਦੀ ਮਾਰਚਿੰਗ ਧੁੰਨ ਡਿੱਕ-ਡਿੱਕ-ਡੈਂ-ਡੈਂ ਜਿਹੀ ਹੁੰਦੀ। ਕੁਝ ਕੁ ਬਰਾਤੀਏ ਹੌਲੀ-ਹੌਲੀ ਪਹਿਲਾਂ ਹੀ ਤੁਰ ਪੈਂਦੇ। ਪਿੰਡੋਂ ਤੁਰਨ ਵੇਲੇ ਬਰਾਤ ਖਿਲਰੀ ਹੁੰਦੀ ਪਰ ਢੁੱਕਣ ਵਾਲੇ ਪਿੰਡ ਪਹੁੰਚ ਕੇ ਫੁੱਲਾਂ ਦੇ ਗੁਲਦਸਤੇ ਵਾਂਗਰ ਸਜ ਜਾਂਦੀ। ਢੁੱਕਣ ਵਾਲੇ ਪਿੰਡ ਦੇ ਬਾਹਰਵਾਰ ਸਭ ਦੇ ਪਹੁੰਚਣ ਦੀ ਉਡੀਕ ਕੀਤੀ ਜਾਂਦੀ। ਫੇਰ ਇੱਕ ਵਾਜੇ ਵਾਲੇ ਨੇ ਬਾਜਾ ਬਜਾ ਕੇ ਜਨੇਤ ਦੇ ਪਹੁੰਚਣ ਦਾ ਸੰਕੇਤ ਦੇਣਾ ਜਿਸ ਨੂੰ ਸੁਣ ਕੇ ਇੱਕ ਦੋ ਬੰਦੇ ਬਰਾਤ ਨੂੰ ਲੈਣ ਆਉਂਦੇ ਤੇ ਉਤਾਰੇ ਵਾਲੀ ਹਵੇਲੀ ਜਾਂ ਘਰ ਲੈ ਜਾਂਦੇ। ਜੰਜ ਘਰ ਉਸ ਸਮੇਂ ਕਿਸੇ ਵੀ ਪਿੰਡ ਵਿੱਚ ਨਹੀਂ ਹੁੰਦਾ ਸੀ। ਉਤਾਰੇ ਵਾਲੀ ਹਵੇਲੀ ਵਿੱਚ ਮੰਜੇ ਇਕੱਠੇ ਕਰ ਕੇ ਰੱਖੇ ਹੁੰਦੇ। ਸਭ ਜਨੇਤੀਏ ਕਾਹਲੀ ਕਾਹਲੀ ਆਪਣੇ ਟਰੰਕ ਬਿਸਤਰੇ ਗੱਡੇ ਤੋਂ ਲਾਹ ਕੇ ਆਪਣੇ ਆਪਣੇ ਮੰਜੇ ਮੱਲ ਲੈਂਦੇ। ਗਰਮੀਆਂ ਦੇ ਦਿਨਾਂ ਵਿੱਚ ਬਰਾਤੀਆਂ ਨੇ ਕੋਈ ਹਲਟ ਚਲਦਾ ਦੇਖ ਕੇ ਇਸ਼ਨਾਨ ਕਰਨਾ ਫੇਰ ਕੁੜੀ ਵਾਲੇ ਘਰੋਂ ਮਿਲਣੀ ਅਤੇ ਰਾਤ ਦੀ ਰੋਟੀ ਦਾ ਸੱਦਾ ਆਉਂਦਾ। ਬਾਜਾ ਅੱਗੇ ਵਜਦਾ ਜਾਂਦਾ। ਜਨੇਤ ਨੇ ਹੌਲੀ ਹੌਲੀ ਤੁਰਨਾ। ਘਰ ਤੋਂ ਬਾਹਰ ਮਿਲਣੀ ਦੀ ਰਸਮ ਹੋਣੀ। ਸਭ ਤੋਂ ਪਹਿਲਾਂ ਮੁੰਡੇ ਅਤੇ ਕੁੜੀ ਦੇ ਬਾਬਿਆਂ ਦੀ, ਫੇਰ ਤਾਇਆਂ ਚਾਚਿਆਂ ਦੀ ਅਤੇ ਮਾਮਿਆਂ ਦੀਆਂ ਮਿਲਣੀਆਂ ਹੁੰਦੀਆਂ। ਥਾਲ ਵਿੱਚ ਕੁਝ ਰੁਪਏ ਅਤੇ ਖੰਡ ਹੁੰਦੀ। ਮੁੰਡੇ ਵਾਲੇ ਇੱਕ ਰੁਪਿਆ ਹੀ ਚੁੱਕਦੇ। ਮੁੰਦੀਆਂ ਅਤੇ ਕੰਬਲਾਂ ਦਾ ਰਿਵਾਜ ਤਾਂ ਕੱਲ ਦੀ ਗੱਲ ਹੈ। ਪਹਿਲੀ ਰਾਤ ਦੀ ਰੋਟੀ ਵੇਲੇ ਖੰਡ ਘਿਓ, ਦਾਲ ਸਬਜ਼ੀ ਹੀ ਹੁੰਦੀ।

ਸਵੇਰ ਨੂੰ ਬਰਾਤੀਆਂ ਆਪੇ ਹੀ ਕੋਈ ਚਲਦਾ ਖੂਹ ਲੱਭ ਕੇ ਇਸ਼ਨਾਨ ਕਰਨਾ। ਸਵੇਰ ਨੂੰ ਬਰਾਤ ਲਈ ਚਾਹ, ਝੀਰ ਨੇ ਇੱਕ ਬਹਿੰਗੀ ਤੇ ਦੋ ਗਾਗਰਾਂ ਵਿੱਚ ਲੈ ਕੇ ਜਾਣੀ। ਬੂੰਦੀ ਸੇਵੀਆਂ ਇੱਕ ਦੋ ਪਰਾਤਾਂ ਜਾਂ ਟੋਕਰਿਆਂ ਵਿੱਚ ਲੈ ਜਾਂਦੇ। ਕੁਝ ਕੁ ਮੁੰਡਿਆਂ ਨੇ ਪਿੱਤਲ ਦਾ ਇੱਕ ਇੱਕ ਗਲਾਸ ਜਨੇਤੀਆਂ ਨੂੰ ਮੰਜਿਆਂ 'ਤੇ ਬੈਠਿਆਂ ਨੂੰ ਫੜਾ ਦੇਣਾ, ਇੱਕ ਦੋ ਨੇ ਡੂੰਨੇ ਫੜਾ ਦੇਣੇ ਤੇ ਇੱਕ ਸਿਆਣੇ ਬੰਦੇ ਨੇ ਮੁੱਠ ਮੁੱਠ ਬੂੰਦੀ ਅਤੇ ਸੇਂਵੀਆਂ ਦੀ ਵਰਤਾਈ ਜਾਣੀ, ਕੁਝ ਕੁ ਨੇ ਜੱਗਾਂ ਨਾਲ ਚਾਹ ਗਲਾਸਾਂ ਵਿੱਚ ਵਰਤਾਈ ਜਾਣੀ।

ਦੁਪਹਿਰ ਦੀ ਰੋਟੀ ਵੇਲੇ ਵਧੀਆ ਮਠਿਆਈਆਂ ਪਹਿਲਾਂ ਰੱਜ ਰੱਜ ਕੇ ਵਰਤਾਈਆਂ ਜਾਂਦੀਆਂ ਤੇ ਫੇਰ ਸਬਜ਼ੀਆਂ ਅਤੇ ਦਾਲ ਰੋਟੀ। ਕੁੜੀਆਂ ਦੀਆਂ ਸਿਠਣੀਆਂ ਦੇ ਪ੍ਰੋਗਰਾਮ ਸਿੱਧਾ ਹੀ ਪ੍ਰਸਾਰਣ ਹੁੰਦਾ ਰਹਿੰਦਾ, ਕੋਈ ਸੁਣੇ ਜਾਂ ਨਾ ਸੁਣੇ।

ਕੁੜੀਆਂ ਨੇ ਬਰਾਤੀਆਂ ਨੂੰ ਸਿੱਠਣੀਆਂ ਦੇਣੀਆਂ ਹੀ ਹੁੰਦੀਆਂ ਸਨ। ਕੁਝ ਕੁ ਸਿੱਠਣੀਆਂ ਇਸ ਤਰ੍ਹਾਂ ਸਨ:-

ਸੁਣ ਵੇ ਜੇਠਾ, ਘੜੇ ਦਿਆ ਹੇਠਾ ਭੈਣ ਦੀ ਗਾਲ੍ਹ ਨਾ ਦੇਵੀਂ ਵੇ
ਸੁਣ ਵੇ ਦੇਰਾ, ਮਲ੍ਹੇ ਦਿਆ ਬੇਰਾ, ਭੈਣ ਦੀ ਗਾਲ੍ਹ ਨ ਦੇਵੀਂ ਵੇ
ਸੁਣ ਵੇ ਸੌਹਰਿਆ, ਗੋਹੇ ਦਿਆ ਫੌੜ੍ਹਿਆ, ਮਾਂ ਦੀ ਗਾਲ੍ਹ ਨਾ ਦੇਵੀਂ ਵੇ
ਸੁਣਿਉਂ ਸੁਣਿਉਂ ਨਵਿਉਂ ਸਜਣੋ, ਅਰਜ ਬੰਦੀ ਦੀ ਸੁਣਿਉਂ ਜੀ
ਜੇ ਅਸੀਂ ਦਿਤੇ ਪਾਟੇ ਪੁਰਾਣੇ, ਰੇਸ਼ਮ ਕਰ ਕੇ ਜਾਣਿਉ ਜੀ
ਸੁਣ ਨੀ ਨਣਾਨੇ, ਰਿੰਡ ਪ੍ਰਧਾਨੇ, ਭੈਣ ਦੀ ਗਾਲ੍ਹ ਨਾ ਦੇਈਂ ਨੀ
ਜੇ ਅਸੀਂ ਦਿੱਤੇ ਚਾਂਦੀ ਦੇ ਗਹਿਣੇ, ਸੋਨਾ ਕਰਕੇ ਜਾਣਿਉਂ ਜੀ
ਜੇ ਸਾਡੀ ਬੀਬੀ ਗੁੱਡੀਆਂ ਖੇਲੇ, ਨਵੇਂ ਸ਼ਹਿਰ ਤੋਂ ਮੰਗਾਇਉ ਜੀ
ਜੇ ਸਾਡੀ ਬੀਬੀ ਮੰਦਾ ਬੋਲੇ, ਅੰਦਰ ਵੜ ਸਮਝਾਇਉ ਜੀ।
ਸੁਣ ਨੀ ਸੱਸੀਏ, ਚੌਣੇ ਦੀਏ ਵੱਛੀਏ ਮਾਂ ਦੀ ਗਾਲ੍ਹ ਨਾ ਦੇਈਂ ਨੀ

ਇੱਕ ਕੁੜੀ ਨਵੇਂ ਜੰਮੇ ਬੱਚੇ ਦੇ ਰੋਣ ਦੀ ਆਵਾਜ਼ ਊਆਂ ਊਆਂ ਕਰਕੇ ਕੱਢਦੀ ਤੇ ਬਾਕੀ ਦੀਆਂ ਗਾਉਂਦੀਆਂ:-

ਲਾੜੇ ਦੀ ਭੈਣਾ ਨੂੰ ਕੁੜੀ ਜੰਮ ਪਈ
ਵੇ ਲਾੜਿਆ ਵਧਾਈਆਂ ਵੇ, ਭਾਣਜੀ ਨੇ ਜਨਮ ਲਿਆ।
ਲਾੜੇ ਦੀ ਅੰਮਾਂ ਨੂੰ ਕੁੜੀ ਜੰਮ ਪਈ
ਵੇ ਲਾੜਿਆ ਵਧਾਈਆਂ ਵੇ ਭੈਣਾ ਨੇ ਜਨਮ ਲਿਆ।

ਪੀਤੀ ਸੀ ਪਿੱਛ, ਜੰਮੇਂ ਸੀ ਰਿੱਛ, ਦੋ ਰਿੱਛ ਖਡੌਂਦੀਆਂ ਵੇ ਲਾੜਿਆ ਤੇਰੀਆਂ ਚਾਚੀਆਂ

ਖਾਧੇ ਸੀ ਪਕੌੜੇ ਜੰਮੇਂ ਸੀ ਜੌੜੇ, ਦੋ ਜੌੜੇ ਖਡੌਂਦੀਆਂ ਵੇ ਲਾੜਿਆ ਤੇਰੀਆਂ ਦਾਦਕੀਆਂ।

ਅਸੀਂ ਹਾਜ਼ਰ ਨਾਜ਼ਰ, ਫੁੱਲਾਂ ਵਾਂਗਰ ਖੜੀਆਂ ਵੇ ਲਾੜਿਆਂ ਤੇਰੀਆ ਦਾਦਕੀਆਂ।
ਲਾੜੇ ਦੀ ਭੈਣਾ! ਤੋਤਾ ਯਾਰ ਬੁਲਾਵੇ, ਨੀ ਆ ਜਾ ਟਾਲ੍ਹੀ ਤੇ
ਡਾਲੀ ਨੀ, ਡਾਲੀ ਰਮਜ਼ਾਂ ਮਾਰੇ, ਨਵੇਂ ਸ਼ਹਿਰ ਦਾ ਮਾਲੀ
ਨੀ ਆ ਜਾ ਡਾਲੀ ਤੇ
ਲਾੜੇ ਦੀ ਅੰਮਾਂ ਐਡੀ ਲੰਮੀ, ਸਣੇ ਬਨੇਰੇ ਕੋਠਾ ਵੜ ਗਿਆ
ਮਗਰੇ ਵੜ ਗਈ ਥੰਮੀਂ, ਨੀ ਇਹ ਐਡੀ ਲੰਮੀ
ਲਾੜੇ ਦੀ ਭੈਣਾ ਐਡੀ ਚੌੜੀ, ਸਣੇ ਬਨੇਰੇ ਕੋਠਾ ਵੜ ਗਿਆ
ਮਗਰੇ ਵੜ ਗਈ ਪੌੜੀ, ਨੀ ਇਹ ਐਡੀ ਚੌੜੀ
ਲਾੜੇ ਦੀ ਅੰਮਾਂ ਚੜ ਗਈ ਡੇਕ,

ਟੁੱਟ ਗਿਆ ਡਾਹਣਾ ਆ ਗਈ ਹੇਠ
ਬੋਚੋ ਬੋਚੋ ਵੇ ਮੁੰਡਿਉ, ਸ਼ਗਨ ਮਨਾਵੋ ਵੇ ਛੜਿਓ।
ਲਾੜੇ ਭੈਣਾ ਚਲ ਚਲੀਏ ਫਗਵਾੜੇ
ਤੈਨੂੰ ਨਵੇਂ ਕਰਾਂ ਦਊਂ ਬਾਲੇ
ਨੀ ਦੋ ਹਲਕੇ ਨੀ ਦੋ ਭਾਰੇ
ਨੀ ਦਿੱਲੀ ਨੀ ਦਿੱਲੀ ਵਿੱਚ ਜਾ ਕੇ, ਚੋਖਾ ਰੰਗ ਲਾ ਕੇ
ਲਾੜੇ ਭੈਣਾਂ ਚੱਲ ਚਲਈਏ ਫਗਵਾੜੇ
ਤੈਨੂੰ ਨਵੇਂ ਕਰਾ ਦਊਂ ਲਾੜੇ
ਨੀ ਦੋ ਟੇਢੀਆਂ ਪੰਗਾਂ ਵਾਲੇ
ਨੀ ਦਿੱਲੀ, ਨੀ ਦਿੱਲੀ ਵਿੱਚ ਜਾ ਕੇ
ਚੋਖਾ ਰੰਗ ਲਾ ਕੇ
ਤੇਰੀਆਂ ਉੱਧਲ ਗਈਆਂ ਵੇ ਲਾੜਿਆ, ਦਾਦਕੀਆਂ
ਚੂਹੜੇ ਛੱਡ ਚਮਿਆਰਾਂ ਦੇ ਗਈਆਂ ਵੇ ਤੇਰੀਆਂ ਦਾਦਕੀਆਂ
ਖਾਧੀਆਂ ਸੀ ਖਿੱਲਾਂ ਜੰਮੀਆਂ ਸੀ ਇੱਲਾਂ
ਅੰਬਰ ਭਾਉਂਦੀਆਂ ਵੇ ਤੇਰੀਆਂ ਨਾਨਕੀਆਂ।
ਹੇ ਪਿੱਸੂ ਤੂੰ ਕਮਾਲ ਦੀਵਾਨਾ
ਕੁੜਮ ਦੀ ਗੋਗੜ ਤੇ ਲੜਿਆ।
ਉਥੇ ਬੜੀ ਰੇਲ ਚੱਲੀ,
ਉਥੇ ਬੜਾ ਬੰਬਾ ਚਲਿਆ
ਲਾੜੇ ਭੈਣਾਂ ਚੜ੍ਹ ਗਈ ਰੇਲ
ਟਿਕਟ ਬਾਬੂ ਨਾਲ ਹੋ ਗਿਆ ਮੇਲ
ਪੁੱਠੇ ਸਿੱਧੇ ਖੇਲੇ ਖੇਲੇ
ਨੀ ਦਿੱਲੀ। ਨੀ ਦਿੱਲੀ ਵਿੱਚ ਜਾ ਕੇ
ਚੋਖਾ ਰੰਗ ਲਾ ਕੇ
ਪੈਸਾ ਲੱਗਾ ਲੱਗਣ ਤੇ (ਫਲਾਨਾ) ਸਿੰਘ ਲੱਗਾ ਹੱਗਣ।
ਹਾਓ ਓ ਸਾਲਿਆ ਪੈਸਿਆ ਮੈਂ ਮਸਾਂ ਮਸਾਂ ਜੋੜਿਆ ਸੀ।
ਭੈਣੀ ਯ੍ਹਾਵਿਆ ਮੈਂ (ਫਲਾਨੀ) ਨੂੰ ਕੁੱਟ ਕੁੱਟ ਜੋੜਿਆ ਸੀ।
ਸਭ ਗੈਸ ਬੁਝਾ ਦਿਉ ਜੀ ਕੁੜਮ ਬੈਟਰੀ ਵਰਗਾ।
ਸਭ ਮਿਰਚਾਂ ਕੁੱਟ ਲਓ ਜੀ ਕੁੜਮ ਘੋਟਣੇ ਵਰਗਾ।
ਹਰੀਏ ਹਰੀਏ ਮੂਲੀਏ ਨੀ ਤੇਰੇ ਹਰੇ ਹਰੇ ਪੱਤ,
ਨਾਲੇ ਲਾੜਾ ਭੈਣਾ ਦਿੰਦਾ ਨਾਲੇ ਜੋੜੇ ਹੱਥ।

ਹਰੀਏ ਹਰੀਏ ਮੂਲੀਏ ਨੀ ਤੇਰੇ ਹਰੇ ਹਰੇ ਪੱਤ
ਨਾਲੇ ਕੁੜਮ ਜੋਰੂ ਦਿੰਦਾ ਨਾਲੇ ਜੋੜੇ ਹੱਥ
ਅਸਾਂ ਕੀ ਕਰਨੇ ਪੱਤਿਆਂ ਬਾਝ ਕਰੇਲੇ
ਫਲਾਣਾ ਸਿੰਘ ਇਉਂ ਦੇਖਦਾ ਜਿਉਂ ਚਮਚੜਿਕ ਦੇ ਡੇਲੇ।
ਅੰਮਾਂ ਤੇਰੀ ਵਿਕਣ ਲੱਗੀ ਵੇ ਲਾੜਿਆ ਸਦ ਲੈ ਭਾਈਆਂ ਨੂੰ।

ਬਨਾਸਪਤੀ ਘਿਉ ਸੰਨ 1942 ਵਿੱਚ ਪ੍ਰਚੱਲਤ ਹੋਇਆ। ਉਸ ਤੋਂ ਪਹਿਲਾਂ ਮਠਿਆਈ ਅਤੇ ਖਾਣੇ ਦੇਸੀ ਘਿਉ ਨਾਲ ਹੀ ਤਿਆਰ ਕੀਤੇ ਜਾਂਦੇ ਸੀ। ਜੇਕਰ ਵਿਆਹ ਵਾਲੇ ਘਰ ਵਾਲਿਆਂ ਕੋਲ ਘਿਉ ਘੱਟ ਹੁੰਦਾ ਤਾਂ ਉਹ ਆਂਢ ਗੁਆਂਢ ਤੋਂ ਉਧਾਰ ਲੈ ਲੈਂਦੇ। ਕਿਸੇ ਨੂੰ ਵੀ ਵਿਆਹ ਸਮੇਂ ਦੁੱਧ ਮੁੱਲ ਨਹੀਂ ਲੈਣਾ ਪੈਂਦਾ ਸੀ ਕਿਉਂਕਿ ਸ਼ਰੀਕੇ ਭਾਈਚਾਰੇ ਦੀਆਂ ਸਭ ਮੱਝਾਂ ਗਾਵਾਂ ਦਾ ਦੁੱਧ ਵਿਆਹ ਵਾਲੇ ਘਰ ਬਿਨਾ ਕਹੇ ਤੋਂ ਪੁਜਦਾ ਕੀਤਾ ਜਾਂਦਾ। ਘਰ ਦੇ ਛੋਲਿਆਂ ਦੀ ਦਾਲ ਚੱਕੀ 'ਤੇ ਦਲਣੀ ਤੇ ਫੇਰ ਦਾਲ ਦਾ ਬੇਸਣ। ਸ਼ਰੀਕੇ ਭਾਈਚਾਰੇ ਦੀਆਂ ਜਨਾਨੀਆਂ ਨੂੰ ਕਣਕ ਤੋਲ ਕੇ ਪੀਹਣ ਲਈ ਦੇ ਦਿੱਤੀ ਜਾਂਦੀ। ਹਰ ਕੋਈ ਵਿਆਹ ਦੇ ਕਾਰਜ ਵਿੱਚ ਹੱਥ ਵਟਾਉਣਾ ਆਪਣਾ ਫਰਜ਼ ਸਮਝਦੀਆਂ ਸਨ। ਸਮਾਂ ਪੈਣ 'ਤੇ ਹਰ ਇੱਕ ਨੂੰ ਇੱਕ ਦੂਜੇ ਦੀ ਮਦਦ ਦੀ ਲੋੜ ਪੈਂਦੀ ਸੀ। ਇਹੋ ਜਿਹੇ ਕੰਮ ਕਰਕੇ ਕੋਈ ਇੱਕ ਦੂਜੀ ਸਿਰ ਅਹਿਸਾਨ ਨਾ ਕਰਦੀ।

ਜਨੇਤ ਦੇ ਗੱਡੇ ਅਤੇ ਗੱਡੀ ਨੂੰ ਜੋੜਨ ਵਾਲੇ ਬਲਦਾਂ ਨੂੰ ਮਹੀਨਾ ਕੁ ਪਹਿਲਾਂ ਤੋਂ ਹੀ ਚੰਗਾ ਦਾਣਾ ਅਤੇ ਪੱਠੇ ਪਾ ਕੇ ਤਕੜੇ ਕਰ ਲਿਆ ਜਾਂਦਾ। ਬਲਦਾਂ ਗਲ ਘੁੰਘਰੂਆਂ ਦੇ ਪਟੇ ਅਤੇ ਟੱਲੀਆਂ ਪਾਉਣੀਆਂ ਤੇ ਹੋਰ ਪਸ਼ਮ ਦੇ ਫੁੱਲਾਂ ਨਾਲ ਸਜਾਇਆ ਜਾਂਦਾ। ਸਿੰਗਾਂ ਨੂੰ ਸੰਧੂਰ ਲਾਇਆ ਜਾਂਦਾ। ਗੱਡੇ ਗੱਡੀ ਤੇ ਪਹੀਏ ਲੱਕੜ ਦੇ ਬਣੇ ਹੁੰਦੇ ਸਨ। ਰਬੜ ਦੇ ਟਾਇਰ ਤਾਂ 1950-56 ਲਾਗੇ ਦੇਖੇ ਗਏ।

ਅਮੀਰ ਲੋਕ ਵਿਆਹ 'ਤੇ ਕੰਜਰੀਆਂ ਨਚਾਇਆ ਕਰਦੇ। ਇਹ ਕੰਜਰੀਆਂ 1947 ਤੋਂ ਬਾਅਦ ਸਭ ਪਾਕਿਸਤਾਨ ਚਲੇ ਗਈਆਂ। ਫੇਰ ਤਾਂ ਲਾਊਡ ਸਪੀਕਰ ਤੇ ਫਿਲਮੀ ਗਾਣੇ ਬਜਾ ਕੇ ਹੀ ਬਰਾਤੀ ਖੁਸ਼ੀ ਪੂਰੀ ਕਰ ਲੈਂਦੇ। ਇਕ ਲਾਊਡ ਸਪੀਕਰ ਕੁੜੀ ਵਾਲਿਆਂ ਦਾ ਤੇ ਇੱਕ ਮੁੰਡੇ ਵਾਲਿਆਂ ਦਾ ਮੁਕਾਬਲੇ 'ਤੇ ਵੱਜਦੇ। ਅਖੀਰ ਕੁੜੀ ਵਾਲੇ ਅਪਣਾ ਸਪੀਕਰ ਬੰਦ ਕਰ ਦਿੰਦੇ। ਰੋਟੀ ਤੋਂ ਬਾਅਦ ਦੇਰ ਰਾਤ ਤੱਕ ਸਪੀਕਰ 'ਤੇ ਫਿਲਮੀ ਗਾਣੇ ਵੱਜਦੇ ਜੋ ਸਾਰੇ ਪਿੰਡ ਵਿੱਚ ਸੁਣਦੇ। ਗਰਮੀਆਂ ਦੇ ਦਿਨਾਂ ਵਿੱਚ ਕੋਠਿਆਂ 'ਤੇ ਸੁੱਤਿਆਂ ਨੂੰ ਇਹ ਗਾਣੇ ਸੁਣ ਕੇ ਬੜਾ ਅਨੰਦ ਆਉਂਦਾ। ਫਿਲਮ ਬਰਸਾਤ, ਆਵਾਰਾ, ਦਾਗ, ਨਾਗਿਨ, ਅਨਾਰਕਲੀ ਦੇ ਗੀਤ ਬਹੁਤ ਮਸ਼ਹੂਰ ਸਨ। ਸਪੀਕਰ ਵਾਲੇ ਸ਼ੁਰੂ ਕਰਨ ਵੇਲੇ ਸਭ ਤੋ ਪਹਿਲਾ ਕੋਈ ਧਾਰਮਿਕ ਗੀਤ ਵਜਾਉਂਦੇ ਆਮ ਤੌਰ 'ਤੇ ਯਮਲਾ ਜੱਟ ਦਾ ਗਾਇਆ "ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਏ" ਉਸ ਤੋਂ ਬਾਅਦ ਤੇ ਫਰੀ ਸਟਾਈਲ ਪ੍ਰੋਗਰਾਮ ਚਲਦਾ। ਲਾਊਡ ਸਪੀਕਰਾਂ ਦਾ

ਰਿਵਾਜ ਤੀਹ ਚਾਲੀ ਸਾਲ 1990-95 ਤੱਕ ਚਲਦਾ ਰਿਹਾ।

## ਲੱਜ ਤੁਹਾਨੂੰ ਨਹੀਂ

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ, ਦਾਣੇ ਤਾਂ ਮੰਗਦਾ ਉੱਧਲ ਗਈ ਦਾ
ਭੱਠੀ ਤਾਂ ਤਪਦੀ ਨਹੀਂ। ਭੱਠੀ ਤਾਂ ਤਪਦੀ ਨਹੀਂ ਨਿਲੱਜਿਓ। ਲੱਜ ਤੁਹਾਨੂੰ ਨਹੀਂ
ਸਾਡੇ ਤਾਂ ਵਿਹੜੇ ਤਾਣਾ ਤਣੀ ਦਾ, ਲਾੜੇ ਦਾ ਪਿਉ ਤਾਂ ਕਾਣਾ ਸੁਣੀਂਦਾ
ਐਨਕ ਲਾਉਣੀ ਪਈ। ਐਨਕ ਲਾਉਣੀ ਪਈ ਨਿਲੱਜਿਓ। ਲੱਜ ਤੁਹਾਨੂੰ ਨਹੀਂ
ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ। ਮੁੰਡਾ ਤਾਂ ਦਿਸਦਾ ਕੋਈ ਘੁਮਿਆਰ ਏ
ਜੋੜੀ ਤਾਂ ਫੱਬਦੀ ਨਹੀਂ, ਨਿਲੱਜਿਓ, ਲੱਜ ਤੁਹਾਨੂੰ ਨਹੀਂ
ਛੇ ਮਹੀਨੇ ਸੁਨਿਆਰ ਬਿਠਾਇਆ। ਚਾਂਦੀ ਦੇ ਗਹਿਣੇ ਤੇ ਪਾਣੀ ਫਿਰਾਇਆ।
ਪਿੱਤਲ ਪਾਉਣਾ ਸਾਈ, ਨਿੱਲਜਿਓ। ਲੱਜ ਤੁਹਾਨੂੰ ਨਹੀਂ।
ਪੁਰਾਣੇ ਗਹਿਣਿਆਂ ਤੇ ਰੰਗ ਚੜ੍ਹਾਇਆ। ਸਾਡੀ ਤੇ ਬੀਬੀ ਦੇ ਪਸੰਦ ਨਾ ਆਇਆ।
ਨਵੇਂ ਘੜਾਉਣੇ ਸਾਈ, ਨਿੱਲਜਿਓ। ਲੱਜ ਤੁਹਾਨੂੰ ਨਹੀਂ।
ਕੋਰੀ ਤੇ ਤੌੜੀ ਅਸਾਂ ਰਿੰਨੀਆਂ ਗੁੱਲੀਆਂ। ਭੁੱਖ ਤੇ ਲੱਗੀ ਲਾੜੇ ਕੱਢੀਆਂ ਬੁੱਲ੍ਹੀਆਂ।
ਰੋਟੀ ਖਵਾਉਣੀ ਪਈ, ਨਿਲੱਜਿਓ। ਲੱਜ ਤੁਹਾਨੂੰ ਨਹੀਂ
ਭੈੜੇ ਭੈੜੇ ਤੁਸੀਂ ਕਰਦੇ ਹੋ ਕਾਰੇ ਇਹਨੀ ਕਰਤੂਤੀਂ ਤੁਸੀਂ ਰਹੇ ਕੁਆਰੇ
ਕਰਤੂਤ ਤੇ ਛੁਪਦੀ ਨਹੀਂ ਨਿਲੱਜਿਓ। ਲੱਜ ਤੁਹਾਨੂੰ ਨਹੀਂ।
ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ ਲਾੜੇ ਜੋਗਾ ਤੁਸੀਂ ਵਾਜਾ ਮੰਗਾਓ
ਜੰਞ ਤੇ ਸੱਜਦੀ ਨਹੀਂ, ਨਿਲਜਿਓ। ਲੱਜ ਤੁਹਾਨੂੰ ਨਹੀਂ
ਕੁੜੀ ਦੀ ਵਿਦਾਇਗੀ ਵੇਲੇ ਦਾ ਗੀਤ:-

## ਚਿੜੀਆਂ ਦਾ ਚੰਬਾ

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਡੋਲਾ ਨਹੀਂ ਲੰਘਦਾ।

ਇੱਕ ਇੱਟ ਪੁੱਟਵਾ ਦੇਵਾਂ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੇ।
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।

ਪੰਜਾਬ ਦੀ ਧਰਤੀ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਲਈ ਚੌੜੀ ਛਾਤੀ ਅਤੇ ਤਾਕਤਵਰ ਡੌਲਿਆਂ ਵਾਲੇ ਜਵਾਨਾਂ ਦੀ ਲੋੜ ਸੀ। ਇਸ ਲਈ ਜਿਸ ਘਰ ਮੁੰਡਾ ਜੰਮਦਾ ਉਥੇ ਵਿਆਹ ਦੀਆਂ ਘੋੜੀਆਂ ਗਾਈਆਂ ਜਾਂਦੀਆਂ। ਕਹਿੰਦੇ ਹਨ ਕਿ ਪੁੱਤ ਤਾਂ ਜੰਮਦੇ ਹੀ ਜੁਆਨ ਹੁੰਦੇ ਹਨ। ਮਾਵਾਂ ਸੁੱਚੇ ਮੋਤੀ ਵਾਰਦੀਆਂ ਜਿਨ੍ਹਾਂ ਦੇ ਗੀਤ ਇਸ ਤਰ੍ਹਾਂ ਹਨ:-

ਸੁੱਚੇ ਨੀ ਮੈਂ ਵਾਰ ਵਾਰ ਪਈ ਡੋਹਲਾਂ।
ਹੀਰੇ ਨੀ ਮੈਂ ਵਾਰ ਵਾਰ ਪਈ ਡੋਹਲਾਂ।
ਵਹੁਟੀ ਦੇ ਘੁੰਡ ਉੱਤੇ, ਘੁੰਡ ਦੀ ਕਨਾਰੀ ਉੱਤੇ
ਘੋੜੀ ਦੇ ਲਾੜੇ ਉੱਤੇ, ਲਾੜੇ ਦੇ ਸਰਬਾਹਲੇ ਉੱਤੇ।
ਜੇ ਤੂੰ ਬੈਠੇ ਖਾਰੇ ਤੇਰੇ ਬਾਪ ਰੁਪਈਏ ਵਾਰੇ।
ਜੇ ਤੂੰ ਚੜਿਓ ਘੋੜੀ, ਤੇਰੇ ਨਾਲ ਭਰਾਵਾਂ ਜੋੜੀ।
ਸੁੱਚੇ ਨੀ ਮੈਂ ਵਾਰ-ਵਾਰ ਪਈ ਡੋਹਲਾਂ।
ਹੀਰੇ ਨੀ ਮੈਂ ਵਾਰ ਵਾਰ ਪਾਈ ਡੋਹਲਾਂ।
ਜੇ ਤੂੰ ਵੱਡੀ ਜੰਡੀ, ਤੇਰੀ ਮਾਂ ਨੇ ਸ਼ੱਕਰ ਵੰਡੀ।
ਜੇ ਤੂੰ ਆਂਦੀ ਡੋਲੀ, ਤੇਰੀ ਮਾਂ ਤੇਰੇ ਤੋਂ ਘੋਲੀ।
ਸੁੱਚੇ ਨੀ ਮੈਂ ਵਾਰ-ਵਾਰ ਪਈ ਡੋਹਲਾਂ।
ਹੀਰੇ ਨੀ ਮੈਂ ਵਾਰ ਵਾਰ ਪਈ ਡੋਹਲਾਂ।

ਲਹੁਢੇ ਵੇਲੇ ਕੰਜਰੀਆਂ ਦੇ ਨਾਚ ਜਾਂ ਨਕਲਾਂ ਦਾ ਪ੍ਰੋਗਰਾਮ ਕੁਝ ਕੁ ਅਮੀਰ ਬੰਦਿਆਂ ਦੀਆਂ ਬਰਾਤਾਂ ਵਿੱਚ ਹੁੰਦਾ। ਨਕਲੀਏ, ਬੇਲ ਰੁਪਏ ਦੀ ਬੇਲ ਕਹਿ ਕੇ ਅੱਧਾ ਕੁ ਟਾਈਮ ਲਾ ਦਿੰਦੇ। ਨਕਲਾਂ ਵਿੱਚ ਨਕਲੀਏ ਹੀਰ ਰਾਂਝਾ, ਸੱਸੀ ਪੁਨੂੰ, ਸ਼ੀਰੀਂ ਫਰਹਾਦ, ਲੈਲਾ ਮਜਨੂੰ, ਕੀਮਾ ਮਲਕੀ, ਮਿਰਜ਼ਾ ਸਾਹਿਬਾ ਆਦਿ ਦੀ ਕਹਾਣੀ, ਵਿੱਚ ਵਿੱਚ ਉਸ ਸਮੇਂ ਦੇ ਮਸ਼ਹੂਰ ਗਾਣੇ ਜੋੜਕੇ, ਸਮੇਂ ਅਨੁਸਾਰ ਪੂਰੀ ਕਰ ਦਿੰਦੇ। ਵਿੱਚ-ਵਿੱਚ ਹਾਸੇ ਤਮਾਸ਼ੇ ਕਰਦੇ ਤੇ ਘੁੱਡੇ ਦੇ ਖ਼ੂਬ ਪਟਾਕੀਆਂ ਪੈਂਦੀਆਂ।

ਨਕਲੀਏ ਹਸਾਉਣ ਵਿੱਚ ਬੜੇ ਮਾਹਿਰ ਹੁੰਦੇ ਸਨ। ਮਮੂਲੀ ਜਹੀ ਨਕਲ ਨੂੰ ਐਸੇ ਢੰਗ ਨਾਲ ਪੇਸ਼ ਕਰਦੇ ਕਿ ਦੇਖਣ ਵਾਲਿਆਂ ਦੇ ਹੱਸਦਿਆਂ ਦੇ ਢਿੱਡ ਪੱਕ ਜਾਂਦੇ। ਨਕਲਾਂ ਵਿੱਚ ਹੀਰ ਰਾਂਝੇ ਦੀ ਕਹਾਣੀ ਦਾ ਸੀਨ ਚਲ ਰਿਹਾ ਹੈ। ਘੁੱਡਾ ਖੇੜਿਆਂ ਵੱਲੋਂ ਹੈ ਤੇ ਪਟਾਕੀਆਂ ਮਾਰਨ ਵਾਲਾ ਪੁੱਛਦਾ ਹੈ:-

"ਓ ਤੁਸੀਂ ਬਾਜਾ ਕਿਉਂ ਨਹੀਂ ਲੈ ਕੇ ਆਏ?"

"ਲੈਣ ਦੇਣ 'ਚ ਥੋੜਾ ਫਰਕ ਰਹਿ ਗਿਆ ਸੀ" ਘੁੱਡਾ ਜਵਾਬ ਦਿੰਦਾ ਹੈ।

"ਕਿੰਨਾ ਕੁ"।

"ਬੱਸ ਥੋੜਾ ਜਿਹਾ"।

"ਫੇਰ ਵੀ ਦੱਸ ਤਾਂ ਸਹੀ ਉਹ ਬਾਜੇ ਵਾਲੇ ਕਿੰਨ੍ਹੇ ਰੁਪਏ ਮੰਗਦੇ ਸੀ?"

"ਉਹ ਡੇਡ ਸੌ ਰੁਪੈਆ ਮੰਗਦੇ ਸੀ।" ਘੁੱਡੇ ਨੇ ਕਿਹਾ "ਤੁਸੀਂ ਕਿੰਨੇ ਦੇਂਦੇ ਸੀ?"

"ਪੰਜ ਰੁਪਏ।" ਘੁੱਡੇ ਦੇ ਮੂੰਹੋਂ ਸੁਣਦੇ ਹੀ ਪਟਾਕੀਆਂ ਮਾਰਨ ਵਾਲਾ ਆਖਦਾ ਉਹ ਤੂੰ ਤਾਂ ਕਹਿੰਦਾ ਸੀ ਥੋੜ੍ਹਾ ਫਰਕ ਰਹਿ ਗਿਆ। ਇਹ ਫਰਕ ਤਾਂ ਬਹੁਤ ਐ।

"ਇਹ ਤਾਂ ਆਪਣੀ ਆਪਣੀ ਸੋਚਣੀ ਦੀ ਗੱਲ ਐ ਜੀ, ਸਾਡੇ ਜਿਹੇ ਅਮੀਰ ਆਦਮੀ ਕੀ ਸਮਝਦੇ ਨੇ ਪੰਜਾਂ ਜਾਂ ਇੱਕ ਸੌ ਪੰਜਾਹਾਂ ਨੂੰ।

ਤੜਾਕ ਤੜਾਕ ਉਸ ਦੇ ਗੱਤੇ ਦੀਆਂ ਪਟਾਕੀਆ ਵੱਜਦੀਆਂ ਤੇ ਮੇਰੇ ਜਿਹੇ ਹੱਸ-ਹੱਸ ਕੇ ਢਿੱਡ ਫੜ ਲੈਂਦੇ।

ਇੱਕ ਹੋਰ ਨਕਲੀਆਂ ਦੀ ਪੁਰਾਣੀ ਨਕਲ ਮੈਨੂੰ ਯਾਦ ਹੈ। ਇੱਕ ਮਾਈ ਦੇ ਘਰ ਪਰਾਹੁਣਾ ਆਉਂਦਾ ਹੈ ਤੇ ਉਹ ਪਰਾਹੁਣੇ ਨੂੰ ਕਹਿੰਦੀ ਹੈ "ਤੁਸੀਂ ਬੈਠੋ ਮੰਜੇ ਤੇ ਮੈਂ ਆਪਣੇ ਮੁੰਡੇ ਨੂੰ ਵਾਜ ਮਾਰਦੀ ਹਾਂ, ਚਾਹ ਲਈ ਹੱਟੀ ਤੋਂ ਖੰਡ ਲੈ ਕੇ ਆਵੇ"। ਤੇ ਮਾਈ ਵਾਜਾਂ ਮਾਰਦੀ ਹੈ-"ਵੇ ਲਹੌਰਾ ਸਿਆਂ-ਵੇ ਪਸ਼ੌਰਾ ਸਿਆਂ-ਵੇ ਮੁਲਤਾਨ ਸਿਆਂ-ਵੇ ਅਜਮੇਰ ਸਿਆਂ।" ਜਦੋਂ ਮਾਈ ਦੇ ਮੁੰਡਿਆਂ ਵੱਲੋਂ ਕੋਈ ਉੱਤਰ ਨ ਮਿਲਿਆ ਤਾਂ ਪਰਾਹੁਣੇ ਆਖਿਆ-"ਮਾਈ ਆਪਣੀ ਰਾਵਲ ਪਿੰਡੀ ਨੂੰ ਆਖ ਦੇ, ਇਹ ਤਾਂ ਆਹ ਤੇਰੇ ਕੋਲ ਬੈਠੀ ਆ" ਮਾਈ ਦੀ ਕੋਲ ਬੈਠੀ ਲੜਕੀ ਵੱਲ ਇਸ਼ਾਰਾ ਕਰ ਕੇ ਪਰਾਹੁਣੇ ਨੇ ਹੱਸ ਕੇ ਕਿਹਾ।

ਛੋਟੇ ਹੁੰਦਿਆਂ ਮੈਂ ਇੱਕ ਵਾਰੀ ਨਕਲੀਆਂ ਦੀ ਨਕਲ 'ਤੇ ਬਹੁਤ ਹੱਸਿਆ। ਉਹ ਇਸ ਤਰ੍ਹਾਂ ਸੀ ਕਿ ਨਕਲੀਏ ਮਿਰਜ਼ਾ ਸਾਹਿਬਾਂ ਦੀ ਕਹਾਣੀ ਦਾ ਸੀਨ ਬੰਨ੍ਹ ਰਹੇ ਸਨ। ਮਿਰਜ਼ਾ ਤੇ ਸਾਹਿਬਾਂ ਮਦਰੱਸੇ ਵਿੱਚ ਬੈਠੇ ਹਨ। ਘੁੱਡੇ ਦਾ ਪਿਉ ਘੁੱਡੇ ਨੂੰ ਮਦਰੱਸੇ ਦਾਖਲ ਕਰਾਉਣ ਲਿਜਾ ਰਿਹਾ ਹੈ। ਰਾਹ ਵਿੱਚ ਘੁੱਡੇ ਨੂੰ ਆਖਦਾ ਹੈ "ਨਲੈਕਾ ਅੱਜ ਤੋਂ ਤੂੰ ਮਦਰੱਸੇ ਦਾਖਲ ਹੋਣ ਲੱਗਾ ਏਂ, ਜਿਸ ਤਰ੍ਹਾਂ ਮੈਂ ਮੌਲਵੀ ਸਾਹਿਬ ਨਾਲ ਅਦਬ ਨਾਲ ਗੱਲ ਕਰਾਂਗਾ, ਅੱਗੇ ਤੋਂ ਤੂੰ ਵੀ ਮੇਰੀ ਤਰ੍ਹਾਂ ਅਦਬ ਨਾਲ ਗੱਲ ਕਰਿਆ ਕਰੀਂ।" ਘੁੱਡੇ ਨੇ ਕਿਹਾ "ਤੂੰ ਫਿਕਰ ਨਾ ਕਰ ਅੱਬਾ।" ਮੁੰਡੇ ਨੂੰ ਦਾਖਲ ਕਰਨ ਵੇਲੇ ਮੌਲਵੀ ਘੁੱਡੇ ਦੇ ਪਿਉ ਤੋਂ ਪੁੱਛਦਾ ਹੈ "ਇਹ ਤੁਹਾਡਾ ਪੁੱਤਰ ਹੈ?" 'ਸਾਡਾ ਕਾਹਦਾ ਜੀ, ਹੁਣ ਤਾਂ ਤੁਹਾਡਾ ਹੀ ਹੈ।" ਮੁੰਡੇ ਨੂੰ ਦਾਖਲ ਕਰਾ ਕੇ ਘੁੱਡੇ ਦਾ ਪਿਓ ਚਲਾ ਜਾਂਦਾ ਹੈ। ਮੌਲਵੀ ਘੁੱਡੇ ਤੋਂ ਜੋ ਉਸ ਦੇ ਕੋਲ ਖੜਾ ਸੀ ਪੁਛਦਾ ਹੈ "ਉਹ ਤੇਰਾ ਪਿਉ ਸੀ?" "ਜੀ ਸਾਡਾ ਕਾਹਦਾ, ਹੁਣ ਤਾਂ ਤੁਹਾਡੀ ਹੀ ਹੈ" ਘੁੱਡੇ ਨੇ ਕਿਹਾ ਤੇ ਮੌਲਵੀ ਨੇ ਤੜਾਕ-ਤੜਾਕ ਉਸ ਦੇ ਪਟਾਕੀਆ ਮਾਰੀਆਂ ਤੇ ਸਭ ਦਰਸ਼ਕ ਹੱਸ ਹੱਸ ਲੋਟ ਪੋਟ ਹੋ ਗਏ।

ਸੰਨ 1947 ਤੋਂ ਪਹਿਲਾਂ ਦੇ ਕੁਝ ਗਾਣੇ ਜੋ ਨਕਲੀਏ ਗਾਉਂਦੇ ਹੁੰਦੇ ਸੀ, ਉਹ ਇਹ ਸਨ:-

1. ਓ-ਜਾਨੇ ਵਾਲੇ ਬਾਲਮਵਾ ਲੌਟ ਕੇ ਆ, ਲੌਟ ਕੇ ਆ

2. ਤੇਰੇ ਮਗਰ ਕਿਨੇ ਨਹੀਂ ਆਉਣਾ ਨੀ ਖੜੀ ਹੋ ਕੇ ਗੱਲ ਸੁਣ ਜਾ

3. ਆਹੇਂ ਨਾਂ ਭਰੀਂ ਸ਼ਿਕਵੇ ਨਾ ਕੀਏ ਕੁਛ ਭੀ ਨਾ ਜ਼ੁਬਾਂ ਸੇ ਕਾਮ ਲੀਆ

4. ਅੱਖੀਆਂ ਮਿਲਾ ਕੇ ਜੀਆ ਭਰਮਾ ਕੇ ਚਲੇ ਨਹੀਂ ਜਾਣਾ

5. ਜਬ ਤੁਮ ਹੀ ਨਹੀਂ ਅਪਨੇ ਦੁਨੀਆਂ ਹੀ ਬੇਗਾਨੀ ਹੈ

6. ਜਬ ਤੁਮ ਹੀ ਚਲੇ ਪਰਦੇਸ ਲਗਾ ਕਰ ਠੇਸ ਓ ਪ੍ਰੀਤਮ ਪਿਆਰਾ, ਦੁਨੀਆਂ ਮੇਂ ਕੌਨ ਹਮਾਰਾ

ਰਾਤ ਦੀ ਰੋਟੀ ਤੋਂ ਪਹਿਲਾਂ ਸ਼ਰਾਬ ਪੀਣ ਵਾਲਿਆਂ ਨੇ ਚੋਰੀਂ ਚੋਰੀਂ ਪੀਣੀ। ਸਿਆਣੇ ਬਜ਼ੁਰਗ ਤਾੜਨਾ ਕਰਦੇ ਕਿ ਕੋਈ ਸ਼ਰਾਬ ਨਾ ਪੀਵੇ ਪਰ ਪੀਣ ਵਾਲੇ ਕਦੋਂ ਟਲਦੇ ਸੀ। ਉਹ ਤਾਂ ਪਹਿਲਾਂ ਹੀ ਅਪਣਾ ਇੰਤਜ਼ਾਮ ਕਰ ਕੇ ਲੈ ਜਾਂਦੇ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਸ਼ਰਾਬ ਦੇ ਠੇਕੇ ਪਿੰਡਾਂ ਵਿੱਚ ਨਹੀਂ ਹੁੰਦੇ ਸਨ। ਰੋਟੀ ਵੇਲੇ ਇੱਕ ਦੋ ਜਨੇਤੀਆਂ ਨੇ ਜਾਣ ਕੇ ਰੋਟੀ ਹੌਲੀ ਹੌਲੀ ਖਾਣੀ ਤੇ ਸਾਰੀ ਬਰਾਤ ਅਤੇ ਘਰ ਵਾਲਿਆਂ ਨੂੰ ਉਕਤਾ ਕੇ ਹੀ ਹਟਦੇ। ਬਰਾਤ ਦੀ ਵਾਪਸੀ ਵੇਲੇ ਕੁੜੀਆਂ ਗਾਉਂਦੀਆਂ "ਸਭ ਖਾਣੇ ਖਾ ਲਏ ਜੀ ਸਾਜਨੋ ਚਲੋ ਆਪਣੇ ਡੇਰੇ"

ਸਵੇਰੇ ਨੂੰ ਚਾਹ ਪੀਣ ਤੋਂ ਬਾਅਦ ਕੁਝ ਕੁ ਜਨੇਤੀਆਂ ਨੇ ਧਿਆਣੀਆਂ ਮੰਨਣ ਲਈ ਸਾਰੇ ਪਿੰਡ ਦੀਆਂ ਗਲੀਆਂ ਵਿੱਚ ਬਾਜੇ ਨਾਲ ਜਾਣਾ। ਜਦੋਂ ਜਨੇਤਾਂ ਦੋ ਤਿੰਨ ਦਿਨ ਰਹਿੰਦੀਆਂ ਸੀ ਉਦੋਂ ਅੱਧਾ ਦਿਨ ਤਾਂ ਧਿਆਣੀਆਂ ਮੰਨਣ ਵਿੱਚ ਲੱਗ ਜਾਂਦਾ ਸੀ। ਦੁਆਬੇ ਦੇ ਸਿੱਖ ਰਾਜਪੂਤ ਵਸੋਂ ਵਾਲੇ ਪਿੰਡਾਂ ਦੀਆਂ ਕੁੜੀਆਂ ਬਹੁਤੀਆ ਇਹਨਾਂ ਪਿੰਡਾਂ ਵਿੱਚ ਹੀ ਵਿਆਹੀਆਂ ਹੋਈਆਂ ਹਨ। ਜਿਸ ਪਿੰਡ ਦੀ ਬਰਾਤ ਹੁੰਦੀ ਉਸ ਪਿੰਡ ਦੀ ਇੱਕ ਸਿਆਣੀ ਕੁੜੀ ਨੂੰ ਨਾਲ ਲੈ ਕੇ ਬਰਾਤ ਦੇ ਕੁਝ ਆਦਮੀਂ, ਬਾਜਾ ਅੱਗੇ ਵਜਦਾ ਜਾਂਦਾ, ਉਸ ਪਿੰਡ ਦੀਆਂ ਸਭ ਕੁੜੀਆਂ ਨੂੰ ਧਿਆਣੀਆਂ ਮੰਨਣ ਉਨ੍ਹਾਂ ਦੇ ਘਰੀਂ ਜਾਂਦੇ। ਗਲ੍ਹੀ ਵਿੱਚੋਂ ਹੀ ਸ਼ਗਨ ਦੇ ਕੁਝ ਰੁਪਏ, ਕਿਸੇ ਨੂੰ ਚੁੰਨੀ, ਆਪਣੇ ਨਜ਼ਦੀਕੀਆਂ ਰਿਸ਼ਤਿਆਂ ਦੀਆਂ ਕੁੜੀਆਂ ਨੂੰ ਸੂਟ ਵੀ ਦਿੰਦੇ। ਕੁੜੀਆਂ ਵੀ ਆਪਣੇ ਵੱਲੋਂ ਠੂਠੀ ਜਰੂਰ ਮੁੰਡੇ ਦੇ ਪੱਲੇ ਪਾਉਂਦੀਆਂ। ਬਰਾਤੀ ਮੁੰਡੇ ਪਿੰਡ ਦੀਆਂ ਕੁੜੀਆਂ ਦੇਖਣ ਲਈ ਧਿਆਣੀਆਂ ਮੰਨਣ ਵੇਲੇ ਜਾਂਦੇ। ਜਿਥੇ ਕਿਤੇ ਕੁੜੀਆਂ ਦੇਖਦੇ ਉਨ੍ਹਾਂ ਤੇ ਗੁਲਾਬ ਛਿੜਕਦੇ ਅਤੇ ਅਲਾਇਚੀਆਂ ਸੁੱਟਦੇ। ਕੁੜੀਆਂ ਬੁੜ੍ਹੀਆਂ ਵੀ ਜਿਨ੍ਹਾਂ ਬਰਾਤੀਆਂ ਨਾਲ ਪਹਿਲਾਂ ਦੀ ਕੋਈ ਪਛਾਣ ਹੁੰਦੀ, ਮਖੌਲ ਲਈ ਉਨ੍ਹਾਂ ਦੇ ਗਲ ਸਬਜ਼ੀ ਦੇ ਡੰਡਲਾਂ ਦਾ ਹਾਰ, ਕਿਸੇ ਦੇ ਗਲ ਟੁੱਟਾ ਹੋਇਆ ਟੋਕਰਾ ਵਗੈਰਾ ਪਾ ਦਿੰਦੀਆਂ। ਜਨੇਤੀਏ ਅਜਿਹੇ ਮਖੌਲ ਨੂੰ ਹੱਸ ਕੇ ਝੱਲ ਲੈਂਦੇ ਤੇ ਕਈ ਤਾਂ ਕਹਿੰਦੇ "ਐਹੋ ਜਿਹੇ ਹਾਰ ਕਿਹੜੇ ਰੋਜ

ਰੋਜ ਮਿਲਦੇ ਆ"।

ਵਾਪਸੀ ਤੋਂ ਪਹਿਲਾਂ ਘਰ ਵਾਲਿਆਂ ਨੇ ਦਾਜ ਸਜਾ ਕੇ ਰੱਖਣਾ। ਸੱਸ, ਪਤੀਸਾਂ, ਨਣਾਨਾਂ, ਵੱਡੀਆਂ ਜਠਾਣੀਆਂ, ਭੂਆਂ, ਮਾਮੀਆਂ, ਮਾਸੀਆਂ, ਲਾਗਣਾਂ ਲਈ ਸੂਟ ਹੁੰਦੇ। ਸੱਸ ਦੇ ਸੂਟ ਨਾਲ ਇੱਕ ਚਾਦਰ ਜਾਂ ਦੁਪੱਟਾ ਵਾਧੂ ਹੁੰਦਾ, ਪਤੀਸਾਂ ਨੂੰ ਸਲਵਾਰ ਦੀ ਥਾਂ ਘੱਗਰਾ ਹੁੰਦਾ। ਉਸ ਸੂਟ ਨੂੰ ਤੇਵਰ ਕਹਿੰਦੇ ਸੀ। ਇੱਕ ਥਾਲ ਵਿੱਚ ਗਹਿਣੇ ਅਤੇ ਕੁਝ ਰੁਪਏ ਰੱਖਣੇ। ਮੁੰਡੇ ਵਾਲਿਆਂ ਦੇ ਬਜ਼ੁਰਗ ਨੇ ਉਸ ਥਾਲ ਨੂੰ ਇੱਜ਼ਤ ਨਾਲ ਸਿਰ ਦੇ ਚੁੱਕਣਾ ਤੇ ਧੰਨਵਾਦ ਕਰਨਾ ਕਿ ਤੁਸੀਂ ਬਹੁਤ ਦਿੱਤਾ ਹੈ।

ਫੇਰ ਕੁੜੀਆਂ ਦੀ ਭੀੜ ਨੇ ਲਾੜੇ ਨੂੰ ਘੇਰ ਕੇ ਉਸ ਦੀ ਕਾਈ ਬਾਈ ਭੁਲਾ ਦੇਣੀ-ਕਿਸੇ ਨੇ ਪਾਈ ਮੰਗਣੀ, ਕਿਸੇ ਨੇ ਧੇਲਾ, ਕਿਸੇ ਨੇ ਕਲੀਚੜੀਆਂ, ਠੂਠੀਆਂ ਮੰਗਣੀਆਂ "ਪਾਈ ਨਹੀਂ ਤਾਂ ਮਾਈ ਦੇ" ਕਹਿ ਕੇ ਮੁੰਡੇ ਨੂੰ ਛੇੜਨਾ। ਕੁੜੀ ਦੇ ਭਰਾ ਕੁੜੀ ਨੂੰ ਕੁੱਛੜ ਚੁੱਕ ਕੇ ਗੱਡੀ ਵਿੱਚ ਬਠਾਲਦੇ ਤਾਂ ਮੇਰੀ ਸੁਰਤ ਸੰਭਾਲਣ ਤੱਕ ਰਹੇ ਹਨ ਉਸ ਤੋਂ ਬਾਅਦ ਯਾਨੀ ਸੰਨ 1942 ਤੋਂ ਕੁੜੀ ਨੂੰ ਤੋਰ ਕੇ ਭਰਾ ਫੜ ਕੇ ਹੌਲੀ ਹੌਲੀ, ਰੋਂਦੀ ਨੂੰ ਚੁੱਪ ਕਰਾਉਂਦੇ ਗੱਡੀ ਵਿੱਚ ਬਠਾਲਦੇ ਉਸ ਤੋਂ ਬਾਅਦ ਕੁੜੀ ਦੀ ਮਾਂ, ਤਾਈਆਂ, ਚਾਚੀਆਂ ਅਤੇ ਸਹੇਲੀਆਂ ਕੁੜੀ ਦੇ ਗਲ ਮਿਲ ਕੇ ਰੋਂਦੀਆਂ।

ਲਾੜੇ ਦੀ ਜੁੱਤੀ ਲੁਕੋ ਲੈਣੀ ਤੇ ਕੁਝ ਰੁਪਏ ਲੈ ਕੇ ਵਾਪਸ ਕਰਨੀ, ਬਰਾਤ ਨੂੰ ਵਿਆਹ ਵਾਲੇ ਘਰ ਦੇ ਬੂਹੇ ਅੱਗੇ ਰਿਬਨ ਕੱਟ ਕੇ ਅੰਦਰ ਜਾਣ ਦੇਣਾ ਤੇ ਰਿਬਨ ਕਟਾਈ ਦੀ ਭਾਰੀ ਫੀਸ ਮੰਗਣਾ ਇਹ ਤਾਂ ਅੱਜ ਕੱਲ੍ਹ ਦੀਆਂ ਕੁੜੀਆਂ ਦਾ ਸ਼ੁਗਲ ਹੈ। ਪੁਰਾਣੇ ਸਮੇਂ ਵਿੱਚ ਲਾੜੇ ਤੋਂ, ਧੇਲਾ, ਪਾਈ ਦਮੜੀ ਮੰਗਣੀ ਕਿਉਂਕਿ ਇਹ ਸਿੱਕੇ ਬੰਦ ਹੋ ਗਏ ਸਨ ਤੇ ਮਿਲਦੇ ਨਹੀਂ ਸਨ। ਐਵੇਂ ਕਈ ਚਿਰ ਬਰਾਤੀਆਂ ਨੂੰ ਬੂਹੇ ਤੇ ਰੋਕ ਰੱਖਣਾ। ਮੁੰਡੇ ਕੁੜੀਆਂ ਇਹੋ ਜਿਹੇ ਸਮੇਂ ਅੱਖਾਂ-ਅੱਖਾਂ ਵਿੱਚ ਨਸ਼ਿਆ ਜਾਂਦੇ ਤੇ ਇਹ ਉਨ੍ਹਾਂ ਦੀਆਂ ਨਾ ਭੁੱਲਣ ਵਾਲੀਆਂ ਯਾਦਾਂ ਬਣਦੇ। ਸਹੇਲੀਆਂ ਕੁੜੀ ਦੇ ਗਲ ਮਿਲ ਕੇ ਰੋਂਦੀਆਂ ਤੇ ਮੁੰਡੇ ਦੇ ਬਜ਼ੁਰਗ ਨੇ ਹੱਥ ਫੜੀ ਥੈਲੀ ਚੋਂ ਪੈਸੇ ਗੱਡੀ ਦੇ ਉਪਰੋਂ ਸੁੱਟਣੇ ਪਿੰਡ ਦੇ ਨਿਆਣਿਆਂ ਨੇ ਇੱਕ ਦੂਜੇ ਉਪਰ ਢੇਰੀ ਹੋ ਹੋ ਕੇ ਚੁੱਕਣੇ। ਬਾਜੇ ਵਾਲਿਆਂ ਫੇਰ ਵਾਪਸੀ ਦੀ ਮਾਰਚਿੰਗ ਧੁੰਨ ਡਿੱਕ ਡਿੱਕ ਡੈਂ ਡੈਂ ਥੋੜ੍ਹੀ ਦੂਰ ਤੱਕ ਬਜਾਉਣੀ ਤੇ ਫੇਰ ਗੱਡੀ ਗੱਡਾ ਤੇਜ ਹੋ ਜਾਣਾ।

ਪਿੰਡ ਪਹੁੰਚਕੇ ਬਾਜੇ ਵਾਲਿਆਂ ਫੇਰ ਉਹੀ ਧੁੰਨ ਵਜਾ ਕੇ ਪਿੰਡ ਦੇ ਬਾਹਰੋਂ ਵਿਆਹ ਵਾਲੇ ਘਰ ਤੱਕ ਜਾਣਾ। ਜਿੱਥੋਂ ਤੱਕ ਗੱਡੀ ਜਾ ਸਕੇ ਲੈ ਜਾਣੀ ਤੇ ਬਾਜੇ ਦੀ ਧੁੰਨ ਸੁਣ ਕੇ ਸਭ ਕੁੜੀਆਂ ਬੁੜ੍ਹੀਆਂ ਗੱਡੀ ਵੱਲ ਨੂੰ ਭੱਜ ਕੇ ਆਉਂਦੀਆਂ। ਸਭ ਨੂੰ ਵਹੁਟੀ ਦਾ ਮੂੰਹ ਦੇਖਣ ਦਾ ਚਾਅ ਹੁੰਦਾ। ਲਾੜੇ ਦੀਆਂ ਭੈਣਾਂ ਨੇ ਵਹੁਟੀ ਨੂੰ ਫੜ ਕੇ ਗੱਡੀ ਵਿੱਚੋਂ ਉਤਾਰਨਾ ਤੇ ਗਾਉਂਦੀਆਂ ਨੇ ਘਰ ਲੈ ਕੇ ਜਾਣਾ। ਮੁੰਡੇ ਦੀ ਮਾਂ ਨੇ ਘਰ ਦੇ ਦਰਵਾਜ਼ੇ 'ਤੇ ਤੇਲ ਚੋ ਕੇ ਪਾਣੀ ਵਾਰ ਪੀ ਕੇ ਨੂੰਹ ਦਾ ਸਵਾਗਤ ਕਰਨਾ। ਕੋਈ ਚੁਸਤ

ਲਾੜਾ ਹੀ ਵਹੁਟੀ ਦਾ ਮੂੰਹ ਦੇਖ ਸਕਦਾ। ਨੈਣ ਕੁੜੀ ਦੀ ਹਰ ਤਰ੍ਹਾਂ ਸਹਾਇਕ ਹੁੰਦੀ। ਕੁੜੀ ਦੇ ਨਾਲ ਮੰਜੇ 'ਤੇ ਬੈਠਦੀ, ਰਾਤ ਉਸ ਦੇ ਕੋਲ ਸੌਂਦੀ। ਸਭ ਤੋਂ ਪਹਿਲਾਂ ਲਾੜੇ ਅਤੇ ਵਹੁਟੀ ਨੂੰ ਹੇਠਾਂ ਕੱਪੜਾ ਵਿਛਾ ਕੇ ਜ਼ਮੀਨ ਤੇ ਬਿਠਾਲਦੇ, ਦੋਨਾ ਨੂੰ ਇਕੋ ਗਲਾਸ 'ਚੋਂ ਦੁੱਧ ਪਿਲਾਉਂਦੇ। ਬਹੁਤੀਆਂ ਵਹੁਟੀਆਂ ਦੁੱਧ ਨਾ ਪੀਂਦੀਆਂ ਤਾਂ ਉਨ੍ਹਾ ਨੂੰ ਕਹਿੰਦੇ ਕਿ "ਚੱਲ ਤੂੰ ਚੀਚੀ ਹੀ ਡੋਬ ਦੇ" ਤੇ ਉਹ ਸ਼ਰਮਾ ਕੇ ਚੀਚੀ ਗਲਾਸ ਵਿੱਚ ਡੋਬ ਦਿੰਦੀਆਂ।

ਵਾਪਸੀ ਵਾਲ਼ੀ ਰਾਤ ਦੀ ਰੋਟੀ ਵੀ ਸਭ ਜਨੇਤੀਆਂ ਦੀ ਵਿਆਹ ਵਾਲੇ ਘਰ ਹੁੰਦੀ। ਬਰਾਤ ਜਾਣ ਪਿੱਛੋਂ ਸ਼ਰੀਕੇ ਦੀਆਂ ਜਨਾਨੀਆਂ,ਕੁੜੀਆਂ, ਬੁੜ੍ਹੀਆਂ ਨਾਨਕੀਆਂ ਸਭ ਗਿੱਧਾ ਪਾਉਂਦੀਆਂ। ਨਾਨਕੀਆਂ ਦਾਦਕੀਆਂ ਇੱਕ ਦੂਜੀ ਨੂੰ ਛੇੜਛਾੜ ਦੇ ਗੀਤ ਜਦੋਂ ਮੌਕਾ ਲੱਗਦਾ ਸੁਣਾਈ ਜਾਂਦੀਆਂ। ਮੁੰਡੇ ਦੀਆਂ ਮਾਮੀਆਂ ਨੂੰ, ਮਾਸੀਆਂ ਨੂੰ ਜ਼ਰਾ ਕਰਾਰੇ ਹੱਥੀਂ ਲੈਂਦੀਆਂ। ਅਗਲੀ ਸਵੇਰ ਸਭ ਰਿਸ਼ਤੇਦਾਰਾਂ ਅਤੇ ਨਾਨਕਾ ਮੇਲ਼ ਦੀ ਵਾਪਸੀ ਹੁੰਦੀ। ਸਭ ਨੂੰ ਪੁਰਾਣੇ ਕੱਪੜਿਆਂ ਦੇ ਪੋਣਿਆਂ ਵਿੱਚ ਬੰਨ੍ਹ ਕੇ ਸਮਾਲ੍ਹਾ ਦਿੱਤਾ ਜਾਂਦਾ। ਨਾਨਕਿਆਂ ਨੂੰ ਤਾਂ ਤਕੜੀ ਵਿੱਚ ਤੋਲ ਕੇ ਦਿੱਤਾ ਜਾਂਦਾ ਸੀ। ਇਸ ਸਮਾਲ੍ਹੇ ਵਿੱਚ ਗੋਗਲੇ, ਪਕੌੜੀਆਂ, ਸ਼ੀਰਨੀ ਤੇ ਕੁਝ ਕੁ ਲੱਡੂ ਹੁੰਦੇ। ਉਸ ਸਮੇਂ ਨਾ ਕਾਗਜ਼ ਦੇ ਤੇ ਨਾ ਹੀ ਪਲਾਸਟਿਕ ਦੇ ਲਿਫਾਫੇ ਹੁੰਦੇ ਸਨ।

ਨਵੀਂ ਆਈ ਵਹੁਟੀ ਨੇ ਆਪਣੇ ਪਤੀ ਤੋਂ, ਵੱਡੇ ਭਰਾਵਾਂ, ਤਾਏ, ਚਾਚੇ, ਸਹੁਰੇ ਅਤੇ ਪਿੰਡ ਦੇ ਹੋਰ ਲੋਕਾਂ ਤੋਂ ਘੁੰਡ ਕੱਢਣਾ ਬੁੜ੍ਹੀ ਹੋਣ ਤੱਕ ਜਾਰੀ ਰੱਖਣਾ। ਕੁਝ ਦਿਨ ਜਾਂ ਕੁਝ ਮਹੀਨੇ ਘਰ ਦੇ ਹੋਰ ਜੀਆਂ ਸਾਹਮਣੇ ਆਪਣੇ ਪਤੀ ਨਾਲ ਗਲ ਵੀ ਨਾ ਕਰਨੀ ਤੇ ਅੰਦਰ ਬਾਹਰ ਜਾਣ ਲਈ ਉਸ ਦੀਆਂ ਨਣਾਨਾਂ ਤੇ ਜਾਂ ਜਠਾਣੀਆਂ ਤੇ ਜਾਂ ਪਤੀਸ ਵਿੱਚੋਂ ਤਿੰਨ ਚਾਰ ਜ਼ਰੂਰ ਜਾਂਦੀਆਂ ਅਤੇ ਨਵੀਂ ਵਿਆਹੀ ਵਹੁਟੀ ਨੂੰ ਪਿੰਡ ਦੇ ਇਰਦੇ ਗਿਰਦੇ ਵਿੱਚ ਖਾਸ ਕਰਕੇ ਪਿੰਡ ਦੇ ਥੜਿਆਂ ਤੇ ਇਕੱਠੇ ਹੋਏ ਲੋਕਾਂ ਕੋਲੋਂ ਲੰਘਦਿਆਂ ਬਹੁਤ ਸੁਕੜਨਾ ਪੈਂਦਾ ਸੀ ਇਸ ਵਿੱਚ ਨਵੀਂ ਵਿਆਹੀ ਵਹੁਟੀ, ਦੇ ਵਿਵਹਾਰ ਆਦਿ ਦੀ ਲੋਕੀਂ ਪਛਾਣ ਕਰਦੇ ਸਨ। ਹਾਲਾਂਕਿ ਗੁਰਸਿਖੀ ਜੀਵਨ ਵਿੱਚ ਔਰਤਾਂ ਲਈ ਪੜਦੇ ਦੀ ਮਨਾਹੀ ਹੈ ਪਰ ਪੁਰਾਣੀਆਂ ਆਦਤਾਂ ਹਟਦੀਆਂ ਵੀ ਸਮਾਂ ਲੱਗਾ ਤੇ ਸੰਨ 1980 ਦੇ ਲਾਗੇ ਤੋਂ ਬਾਅਦ ਕੁੜੀਆਂ ਦੇ ਵਿਆਹ ਵੇਲੇ ਚਿਹਰੇ ਤੋਂ ਪੜਦਾ ਹਟਿਆ ਤੇ ਹੌਲੀ ਹੌਲੀ ਹੋਰ ਵਡੇਰਿਆਂ ਤੋਂ ਵੀ।

# Anand Marriage Act.

ਸਿੱਖਾਂ ਵਿੱਚ ਆਨੰਦ ਦੀ ਰੀਤ ਨਾਲ ਵਿਆਹ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਚੱਲ ਪਏ ਸਨ। ਛੇਵੇਂ ਗੁਰੂ ਸਾਹਿਬ ਦੀ ਪੁੱਤਰੀ ਬੀਬੀ ਵੀਰੋ ਦਾ ਵਿਆਹ ਆਨੰਦ ਦੀ ਵਿਧੀ ਨਾਲ ਹੋਣ ਵਾਲਾ ਪਹਿਲਾ ਵਿਆਹ ਸੀ। ਗੁਰੂ ਜੀ ਤੇ ਮੁਗਲਾਂ ਨੇ ਅੰਮ੍ਰਿਤਸਰ ਵਿਖੇ ਵਿਆਹ ਤੋਂ ਇੱਕ ਦਿਨ ਪਹਿਲਾਂ ਹਮਲਾ ਕਰ ਦਿੱਤਾ। ਰਾਤੋ ਰਾਤ ਬੀਬੀ ਵੀਰੋ ਨੂੰ ਝਬਾਲ ਪਿੰਡ ਭਾਈ ਲੰਗਾਹ ਦੇ ਘਰ ਭੇਜ ਦਿੱਤਾ ਅਤੇ ਬਰਾਤ ਨੂੰ ਵੀ ਉਥੇ ਢੁੱਕਣ ਲਈ ਸੁਨੇਹਾ ਭੇਜ ਦਿੱਤਾ। ਸਵੇਰੇ ਗੁਰੂ ਸਾਹਿਬ ਯੁੱਧ ਤੋਂ ਵਿਹਲੇ ਹੋ ਕੇ ਝਬਾਲ ਪਹੁੰਚੇ ਸਨ ਤੇ ਬੀਬੀ ਵੀਰੋ ਦਾ ਵਿਆਹ ਹੋਇਆ।

ਆਨੰਦ ਦੀ ਰੀਤ ਨੂੰ ਕਾਨੂੰਨ ਦੀ ਸ਼ਕਲ ਵਿੱਚ ਲਿਆਉਣ ਦਾ ਸਿਹਰਾ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਦੇ ਸਿਰ ਹੈ ਜਿਨ੍ਹਾਂ ਨੇ 20 ਅਕਤੂਬਰ 1908 ਨੂੰ ਇੱਕ ਬਿਲ ਕੌਂਸਲ ਵਿੱਚ ਪੇਸ਼ ਕੀਤਾ। ਸ. ਸੁੰਦਰ ਸਿੰਘ ਮਜੀਠੀਆ ਦੇ ਯਤਨ ਨਾਲ 27 ਅਗਸਤ ਸੰਨ 1909 ਨੂੰ ਰਿਪੋਰਟ ਲਈ ਕਮੇਟੀ ਦੇ ਸਪੁਰਦ ਹੋਇਆ ਅਤੇ 22 ਅਕਤੂਬਰ ਸੰਨ 1909 ਨੂੰ ਆਨੰਦ ਵਿਆਹ ਦਾ ਕਾਨੂੰਨ ਪਾਸ ਹੋਇਆ। ਇਸ ਤੋਂ ਬਾਅਦ ਹਿੰਦੂ ਰੀਤੀ ਨਾਲ ਵਿਆਹ ਹੋਣੇ ਸਿੱਖਾਂ ਵਿੱਚ ਘਟਦੇ ਗਏ। ਹਾਲੇ ਵੀ ਵਿਆਹ ਦਾ ਸਰਟੀਫਿਕੇਟ ਲੈਣ ਲਈ ਮੁੰਡੇ ਕੁੜੀ ਅਤੇ ਦੋਨਾਂ ਦੇ ਪਿਤਾ, ਦੋਨਾਂ ਪਿੰਡਾਂ ਦੇ ਲੰਬੜਦਾਰਾਂ ਨੂੰ ਰਜਿਸਟਰਾਰ ਦੇ ਪੇਸ਼ ਹੋਣਾ ਪੈਂਦਾ ਹੈ। ਇਸ ਸਰਟੀਫਿਕੇਟ ਲਈ ਸਭ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਸਰਕਾਰ ਨੇ ਇਸ ਰਿਸ਼ਵਤਖੋਰੀ ਵਿਰੁੱਧ ਕੋਈ ਖਾਸ ਕਦਮ ਨਹੀਂ ਚੁੱਕਿਆ।

# ਮੁਕਲਾਵਾ (Honey-moon)

ਕਿਹੜੇ ਪਿੰਡ ਮੁਕਲਾਵੇ ਜਾਣਾ ਨੀ ਨਿੰਮ ਦੇ ਸੰਦੂਕ ਵਾਲੀਏ।

ਮੁਕਲਾਵੇ ਦਾ ਅਰਥ ਆਉਣ ਜਾਣ ਦੀ ਖੁੱਲ੍ਹ ਹੈ। ਵਿਆਹ ਸਮੇਂ ਤਾਂ ਕੁੜੀ ਇੱਕ ਰਾਤ ਸਹੁਰੀਂ ਰਹਿ ਕੇ ਆਪਣੇ ਪੇਕੇ ਘਰ ਵਾਪਸ ਆ ਜਾਂਦੀ ਤੇ ਵਹੁਟੀ ਅਤੇ ਲਾੜੇ ਦੀ ਮੁਲਾਕਾਤ ਨਹੀਂ ਹੋ ਸਕਦੀ ਸੀ। ਨੈਣ ਕੁੜੀ ਦੀ ਰਾਖੀ ਲਈ ਨਾਲ ਜਾਂਦੀ ਸੀ। ਕਿਉਂਕਿ ਕੁੜੀਆਂ ਦੇ ਵਿਆਹ ਛੋਟੀ ਉਮਰੇ ਹੀ ਕਰ ਦਿੱਤੇ ਜਾਂਦੇ ਸਨ। ਕੁੜੀ ਦੇ ਜਵਾਨ ਹੋਣ ਤੇ ਮੁੰਡੇ ਅਤੇ ਕੁੜੀ ਦੇ ਮਾਪੇ ਮੁਕਲਾਵਾ ਤੋਰਨ ਬਾਰੇ ਵਿਚੋਲੇ ਰਾਹੀਂ ਗੱਲਬਾਤ ਕਰਦੇ। ਕਈ ਵਾਰੀ ਕੁੜੀ ਵਾਲਿਆਂ ਦੀ ਮਾੜੀ ਮਾਲੀ ਹਾਲਤ ਕਾਰਨ ਮੁਕਲਾਵਾ ਤੋਰਨ ਵਿੱਚ ਸਾਲ ਡੰਗ ਦੀ ਦੇਰ ਹੋ ਜਾਂਦੀ। ਮੁਕਲਾਵੇ ਸਮੇਂ ਵੀ ਕੁੜੀ ਵਾਲਿਆਂ ਨੂੰ ਕੁੜੀ ਦੇ ਕੁਝ ਸੂਟ, ਸੱਸ ਲਈ ਸੂਟ, ਚਰਖਾ-ਪੀੜ੍ਹੀ, ਸੰਦੂਕ ਤੇ ਹੋਰ ਕਈ ਕੁਝ ਦੇਣਾ ਪੈਂਦਾ ਸੀ। ਜਿਸ ਸਮੇਂ ਪਿੰਡਾਂ ਵਿੱਚ ਨਾ ਤਾਂ ਪੱਕੀਆਂ ਸੜਕਾਂ ਸਨ ਤੇ ਨਾ ਹੀ ਸਾਈਕਲ ਸਨ ਤਾਂ ਮੁੰਡਾ ਗੱਡੀ ਲੈ ਕੇ ਮੁਕਲਾਵਾ ਲੈਣ ਜਾਂਦਾ। ਕਈ ਵਾਰੀ ਲੱਕੜੀ ਦਾ ਸੰਦੂਕ ਗੱਡੇ 'ਤੇ ਰੱਖ ਕੇ ਭੇਜਿਆ ਜਾਂਦਾ ਤੇ ਕਈ ਹਾਲਤਾਂ ਵਿੱਚ ਇੱਕ ਝੀਰ ਬਹਿੰਗੀ ਤੇ ਚਰਖਾ ਪੀੜ੍ਹੀ ਤੇ ਹੋਰ ਸਾਮਾਨ ਦੀਆਂ ਗੱਠਾਂ ਲੈ ਕੇ ਜਾਂਦਾ। ਪਿੰਡ ਦੀਆਂ ਕੁੜੀਆਂ ਨੇ ਗੱਡੀ 'ਚ ਬੈਠਣ ਲੱਗੀ ਕੁੜੀ ਦੇ ਗਲ ਮਿਲ ਕੇ ਰੋਣਾ।

ਜਦੋਂ ਕੁੜੀ ਪੇਕੇ ਘਰੋਂ ਤੁਰਦੀ ਤਾਂ ਪਿੰਡ ਦੀਆਂ ਸਾਰੀਆਂ ਸਵਾਣੀਆਂ ਉਸ ਨੂੰ ਵਿਦਾ ਕਰਨ ਆਉਂਦੀਆਂ ਤੇ ਸਾਰੀਆਂ ਦੀਆਂ ਅੱਖਾਂ ਵਿਜੋਗ ਵਿੱਚ ਚੋ ਰਹੀਆਂ ਹੁੰਦੀਆਂ। ਉਸ ਸਮੇਂ ਲੜਕੀ ਉਪਰੋਂ ਹੰਝੂ ਤਾਂ ਭਾਵੇਂ ਕੇਰਦੀ ਪਰ ਉਸ ਦੇ ਮਨ ਵਿੱਚ ਚਾਅ ਦੇ ਲੱਡੂ ਫੁਟ ਰਹੇ ਹੁੰਦੇ ਤਾਂ ਹੀ ਕਿਸੇ ਮਨਚਲੇ ਨੇ ਇਹ ਬੋਲੀ ਫੜੱਕ ਮਾਰੀ :-

ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ, ਚਾਅ ਮੁਕਲਾਵੇ ਦਾ।

ਇਹ ਚੋਂਦੀ ਚੋਂਦੀ ਬੋਲੀ ਕਿਸੇ ਕੁੜੀ ਦੇ ਲੁਕੇ ਹੋਏ ਚਾਅ ਨੂੰ ਜ਼ਾਹਿਰ ਕਰਦੀ ਹੈ।

ਸਹੁਰੇ ਘਰ ਪਹੁੰਚਣ ਤੇ ਸੱਸ ਨੇ ਤੇਲ ਚੁਆ ਕੇ ਨੂੰਹ ਨੂੰ ਬੜੇ ਚਾਅ ਨਾਲ ਅੰਦਰ ਲਿਆਉਣਾ ਅਤੇ ਘਰ ਦੀਆਂ ਤਰੀਮਤਾਂ ਅਤੇ ਹੋਰ ਗੂੜ੍ਹੇ ਅੰਗਾਂ ਸਾਕਾਂ ਵੱਲੋਂ ਜਿਵੇਂ ਮੁੰਡੇ ਦੀਆਂ ਭੂਆਂ, ਮਾਮੀਆਂ ਤੇ ਉਨ੍ਹਾਂ ਦੀਆਂ ਕੁੜੀਆਂ ਆਪਣੇ ਵੀਰ ਦੇ ਮੁਕਲਾਵੇ ਨੂੰ ਜੀ ਆਇਆਂ ਆਖਣ ਲਈ ਉਤਾਵਲੀਆਂ ਹੁੰਦੀਆਂ ਸਨ। ਉਹ ਆਪਣੀ ਨਵੀਂ ਭਾਬੀ ਨੂੰ ਬੜੇ ਚਾਵਾਂ ਤੇ ਮਲ੍ਹਾਰਾਂ ਨਾਲ ਜੀ ਆਇਆਂ ਆਖਦੀਆਂ। ਉਧਰ ਦੇਵਰ ਵੀ ਪੱਗਾਂ ਨੂੰ ਮਾਵਾ ਲੁਆ ਕੇ ਬਣ ਠਣ ਕੇ ਆਪਣੀ ਭਾਬੀ ਦੀ ਉਡੀਕ ਕਰਦੇ। ਇਸ ਮੌਕੇ 'ਤੇ ਲਾਗੀਆਂ ਦੀ ਵੀ ਪੌਂ ਬਾਰਾਂ ਹੁੰਦੀ।

ਨਵੀਂ ਵਹੁਟੀ ਨੂੰ ਛੇੜਣ ਲਈ ਕੁੜੀਆਂ ਗਾਉਂਦੀਆਂ-

ਵਹੁਟੀ ਆਈ ਢੱਕ ਦੀ, ਪਕੌੜੇ ਵਾਂਗੂੰ ਟਪਦੀ

ਵਹੁਟੀ ਸੀਰੋਵਾਲ ਦੀ, ਚੀਜ਼ ਆ ਕਮਾਲ ਦੀ

ਬੰਗਾ, ਨਵਾਂਸ਼ਹਿਰ, ਸਰਹਾਲ ਮੁੰਡੀ ਦੇ ਇਲਾਕੇ ਨੂੰ ਢੱਕ, ਡਰੋਲੀ ਕਲਾਂ, ਕਾਲਰਾ ਆਦਮਪੁਰ ਦੇ ਇਲਾਕੇ ਨੂੰ ਸੀਰੋਵਾਲ ਆਖਦੇ ਹਨ।

# ਪੁਰਾਣੇ ਸਮੇਂ ਦਾ ਰਹਿਣ-ਸਹਿਣ

ਪੁਰਾਣੇ ਸਮੇਂ ਦੇ ਰਹਿਣ-ਸਹਿਣ, ਖੇਡਾਂ, ਵਿਆਹਾਂ ਦੀਆਂ ਰਸਮਾਂ, ਖੇਤੀਬਾੜੀ ਦੇ ਢੰਗ, ਮੇਲੇ ਛਿੰਜਾਂ ਆਦਿ ਬਾਰੇ ਵੀ ਕੁਝ ਜਾਨਣ ਦੀ ਇੱਛਾ ਇੱਕੀਵੀਂ ਸਦੀ ਦੇ ਜੰਮੇ ਬੱਚਿਆਂ ਵਿੱਚ ਜ਼ਰੂਰ ਹੋਵੇਗੀ। 1940 ਕੁ ਤੱਕ ਦੁਆਬੇ ਦੇ ਸਾਰੇ ਚੋਆਂ ਵਿੱਚ ਪਾਣੀ ਸਾਰਾ ਸਾਲ ਹੀ ਚਲਦਾ ਰਹਿੰਦਾ ਸੀ। ਸਾਵਣ ਭਾਦੋਂ ਦੀਆਂ ਬਰਸਾਤਾਂ ਨਾਲ ਪਿੰਡਾਂ ਦੇ ਸਾਰੇ ਟੋਭੇ ਛੱਪੜ ਭਰ ਜਾਂਦੇ। ਚੋਆਂ ਵਿੱਚ ਮਈ ਜੂਨ ਵਿੱਚ ਪਾਣੀ ਸੁੱਕ ਜਾਂਦਾ ਪਰ ਕੁਝ ਚੋ ਬਹੁਤ ਡੂੰਘੇ ਸਨ ਜਿਨ੍ਹਾਂ ਵਿੱਚ ਬਹੁਤ ਸਾਫ ਸੁਥਰਾ ਪਾਣੀ ਰਹਿੰਦਾ ਸੀ ਜੋ ਪਸ਼ੂਆਂ ਨੂੰ ਪਿਲਾਉਣ ਅਤੇ ਬੰਦਿਆਂ ਦੇ ਨਹਾਉਣ ਲਈ ਕਾਫੀ ਸੀ। ਖੂਹਾਂ ਤੋਂ ਪੀਣ ਵਾਲਾ ਪਾਣੀ ਮਿਲਦਾ। ਪਿੰਡਾਂ ਵਿੱਚ ਕਿਤੇ ਕਿਤੇ ਨਲਕੇ ਵੀ ਲੱਗ ਗਏ ਸਨ। ਬਿਜਲੀ ਤਾਂ 1967 ਤੋਂ ਪਿੱਛੋਂ ਪਿੰਡਾਂ ਵਿੱਚ ਆਈ। ਉਸ ਤੋਂ ਪਹਿਲਾਂ ਦੀਵੇ ਲਾਲਟੈਨਾਂ ਤੇ ਲੈਂਪਾਂ ਨਾਲ ਕੰਮ ਚਲਦਾ ਸੀ। ਗਰੀਬ ਘਰਾਂ ਵਿੱਚ ਸਰੋਂ ਦੇ ਤੇਲ ਦਾ ਦੀਵਾ ਇੱਕ ਦਵਾਖੜੀ 'ਤੇ ਰੱਖਿਆ ਹੁੰਦਾ। ਦਵਾਖੜੀ ਇੱਕ ਲੱਕੜ ਦੇ ਮੋਟੇ ਜਿਹੇ ਟੁਕੜੇ ਵਿੱਚ ਦੋ ਫੁੱਟ ਤੋਂ ਪੰਜ ਫੁੱਟ ਡੰਡਾ ਫਿੱਟ ਕਰ ਕੇ ਉਸ ਦੇ ਉੱਪਰ ਦੀਵਾ ਰੱਖਣ ਲਈ ਲੱਕੜ ਦਾ ਹੀ ਇੱਕ ਰੱਖਨਾ ਬਣਾਇਆ ਹੁੰਦਾ ਸੀ। ਸਰੋਂ ਦਾ ਤੇਲ ਦੀਵੇ ਵਿੱਚ ਪਾਉਂਦਿਆਂ ਕੁਝ ਨਾ ਕੁਝ ਬਾਹਰ ਡੁੱਲ ਜਾਂਦਾ ਜਿਸ ਨਾਲ ਇਹ ਦਵਾਖੜੀ ਕਾਲ਼ੀ ਹੋਈ ਹੀ ਹੁੰਦੀ। ਸਰਦੇ ਪੁੱਜਦੇ ਘਰਾਂ ਵਿੱਚ ਲਾਲਟੈਨਾਂ ਦਾ ਇਸਤੇਮਾਲ ਹੁੰਦਾ। ਜਦੋਂ ਅਸੀਂ ਦਸਵੀਂ ਵਿੱਚ ਸੰਨ 1953 ਵਿੱਚ ਪੜ੍ਹਦੇ ਸੀ ਤਾਂ ਰਾਤ ਨੂੰ ਚਾਰ ਕੁ ਮੁੰਡਿਆਂ ਨੇ ਇੱਕ ਲਾਲਟੈਨ ਜਾਂ ਲੈਂਪ ਵਿਚਕਾਰ ਟੇਬਲ 'ਤੇ ਰੱਖ ਕੇ ਪੜ੍ਹਨਾ। ਅੱਧੀ ਕੁ ਰਾਤ ਤੱਕ ਰੋਜ਼ ਪੜ੍ਹਨ ਨਾਲ ਇੱਕ ਬੋਤਲ ਮਿੱਟੀ ਦਾ ਤੇਲ ਮਸਾਂ ਤਿੰਨ ਚਾਰ ਦਿਨ ਲੰਘਦਾ ਅਤੇ ਬੋਤਲ ਪੰਜ ਆਨੇ ਦੀ ਹੁੰਦੀ ਸੀ। ਲਾਲਟੈਨ ਅਤੇ ਲੈਂਪ ਦੀ ਚਿਮਨੀ ਨੂੰ ਰੋਜ਼ ਹਨੇਰਾ ਹੋਣ ਤੋਂ ਪਹਿਲਾਂ ਸਾਫ ਕਰਨਾ ਪੈਂਦਾ ਸੀ। ਇੱਕ ਰਾਤ ਜਾਗਣ ਨਾਲ ਚਿਮਨੀਆਂ ਐਨ ਕਾਲ਼ੀਆਂ ਹੋ ਜਾਂਦੀਆਂ ਸਨ। ਕਈ ਵਾਰ ਜੇ ਚਿਮਨੀ ਟੁੱਟ ਜਾਵੇ ਤਾਂ ਜੇ ਪਿੰਡ ਦੀ ਹੱਟੀ ਤੋਂ ਨਾਂ ਮਿਲੇ ਤਾਂ ਸ਼ਹਿਰੋਂ ਜਾ ਕੇ ਲਿਆਉਣੀ ਪੈਂਦੀ। ਇੱਕ ਮਾਮੂਲੀ ਜਿਹੀ ਚੀਜ਼ ਲਈ ਸ਼ਹਿਰ ਜਾਣਾ ਉਸ ਸਮੇਂ ਦੇ ਜੀਵਨ ਬਾਰੇ ਅਨੁਮਾਨ ਲਾਉਣ ਲਈ ਇੱਕ ਮਿਸਾਲ ਹੈ ਕਿ ਉਸ ਸਮੇਂ ਦੇ ਬੱਚਿਆਂ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ। ਮਿੱਟੀ ਦਾ ਤੇਲ ਵੀ ਸੌਖਾ ਨਹੀਂ ਮਿਲਦਾ ਸੀ। ਕਈ ਵਾਰ ਨਾ ਮਿਲਣਾ ਤਾਂ ਸਰੋਂ ਦੇ ਤੇਲ ਦੇ ਦੀਵੇ ਜਗਾ ਕੇ ਰਾਤ ਪੜ੍ਹਾਈ ਕਰਨੀ ਪੈਂਦੀ। ਤੇਲ ਦੀ ਬੱਚਤ ਕਰਨ ਲਈ ਸੁਆਣੀਆਂ ਹਨੇਰਾ ਹੋਣ ਤੋਂ ਪਹਿਲਾਂ ਚੌਂਕੇ ਚੁੱਲ੍ਹੇ ਦਾ ਕੰਮ ਮੁਕਾਉਣ ਦੀ ਕੋਸ਼ਿਸ਼ ਕਰਦੀਆਂ ਫੇਰ ਵੀ ਰੋਟੀ ਖਾਂਦਿਆਂ ਨੂੰ ਹਨੇਰਾ ਹੀ ਹੋ ਜਾਂਦਾ ਤੇ ਕੁਝ ਸਮਾਂ ਤਾਂ ਦੀਵਾ ਜਾਂ ਲਾਲਟੈਨ ਜਗਾਉਣੀ ਹੀ ਪੈਂਦੀ। ਮਿੱਟੀ ਦੇ ਤੇਲ ਦੀ ਬੋਤਲ ਨੂੰ ਹੱਥ ਲੱਗ ਜਾਵੇ ਤਾਂ ਰਸੋਈ ਦਾ ਕੰਮ ਕਰਨ ਵਾਲੀਆਂ ਨੂੰ ਹੱਥ ਸਾਬਣ ਨਾਲ ਧੋਣੇ

ਪੈਂਦੇ ਨਹੀਂ ਤਾਂ ਮਿੱਟੀ ਦੇ ਤੇਲ ਦੀ ਬਦਬੂ ਖਾਣੇ 'ਚੋਂ ਵੀ ਆਉਣ ਲੱਗ ਪੈਂਦੀ ਸੀ। ਸ਼ਾਮ ਵੇਲੇ ਕੁਝ ਸਮਾਂ ਦੀਵਾ ਜਗਾਉਣਾ ਵਸਦੇ ਘਰਾਂ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਮਾਲ ਮਹਿਕਮੇਂ ਦੇ ਰਿਕਾਰਡ ਵਿੱਚ ਕਈ ਪਿੰਡ ਹਨ ਜੋ ਉਜੜ ਚੁੱਕੇ ਹਨ। ਉਥੇ ਕੋਈ ਵਸਦਾ ਘਰ ਨਹੀਂ ਤਾਂ ਹੀ ਅਜਿਹੇ ਪਿੰਡਾਂ ਨੂੰ ਰਿਕਾਰਡ ਵਿੱਚ "ਬੇ-ਚਰਾਗ ਖੇੜਾ" ਲਿਖਿਆ ਹੋਇਆ ਹੈ।

ਲੋਕੀਂ ਸ਼ਾਮ ਨੂੰ ਜਲਦੀ ਸੌਣ ਅਤੇ ਤੜਕੇ ਉੱਠਣ ਦੇ ਆਦੀ ਸਨ। ਪਿੰਡਾਂ ਵਿੱਚ ਰੇਡੀਓ 1947 ਤੋਂ ਬਾਅਦ ਆਏ। ਕਾਲਰੇ ਪਿੰਡ ਵਿੱਚ ਪਹਿਲਾ ਰੇਡੀਓ ਮਿਲਖੀ ਰਾਮ ਅਤੇ ਹੰਸ ਰਾਜ ਪੰਡਤਾਂ ਨੇ ਆਪਣੀ ਬੈਠਕ ਵਿੱਚ ਰੱਖਿਆ ਜਿਥੇ ਪਿੰਡ ਦੇ ਸਭ ਕਿਸੇ ਨੂੰ ਆ ਕੇ ਬੈਠਣ ਦੀ ਖੁੱਲ੍ਹ ਸੀ। ਉਨ੍ਹਾਂ ਨੇ ਹੀ 1948 ਵਿੱਚ ਕਿਸੇ ਵਿਆਹ ਤੇ ਲਾਊਡ ਸਪੀਕਰ ਨਾਲ ਗਰਾਮੋਫੂਨ ਦੇ ਰਿਕਾਰਡ ਸੁਣਾਏ। 1959 ਨੂੰ ਕਿਸੇ ਕਿਸੇ ਕੋਲ ਟਰਾਂਜਿਸਟਰ ਦੇਖਿਆ ਗਿਆ। ਟੇਪ ਰਿਕਾਰਡ 1969 ਵਿੱਚ ਕਿਸੇ ਅਮੀਰ ਕੋਲ ਹੀ ਪਿੰਡਾਂ ਵਿੱਚ ਸਨ। ਟੈਲੀਵੀਜ਼ਨ 1977 ਵਿੱਚ ਪਿੰਡਾਂ ਵਿੱਚ ਆਏ। 1969 ਵਿੱਚ ਪਿੰਡ ਵਿੱਚ ਇੱਕ ਦੋ ਮੋਟਰ ਸਾਈਕਲ ਜਾਂ ਸਕੂਟਰ ਹੁੰਦੇ ਸਨ। ਕਾਰ ਤਾਂ ਉਸ ਵੇਲੇ 24000 ਰੁਪਏ ਦੀ ਐਮਬੇਸੇਡਰ ਜਾਂ ਫੀਏਟ ਮਿਲਦੀ ਸੀ। ਸਕੂਟਰ 5500 ਰੁਪਏ ਦਾ ਸੀ। ਪੈਟਰੋਲ ਇੱਕ ਰੁਪਏ ਲਿਟਰ ਸੀ ਤੇ ਜਦੋਂ 1973 ਵਿੱਚ ਇਹ ਤਿੰਨ ਰੁਪਏ ਲਿਟਰ ਹੋ ਗਿਆ ਤਾਂ ਬਹੁਤ ਹਾਹਾਕਾਰ ਮਚੀ। ਉਸ ਵੇਲੇ ਕਣਕ ਦਾ ਮੁੱਲ 76 ਰੁਪਏ ਕੁਇੰਟਲ ਸੀ ਜਦੋਂ ਮੈਸੀ ਫਰਗੂਸਨ ਟਰੈਕਟਰ 24,000 ਦਾ ਸੀ। ਤੇ ਹੁਣ ਦੇਖ ਲਵੋ ਕਿ ਕਣਕ ਦੀ ਕੀਮਤ ਅਤੇ ਮੈਸੀ ਟਰੈਕਟਰ ਦੀ ਕੀਮਤ ਦਾ ਅਨੁਪਾਤ ਕੀ ਹੈ। ਇਸੇ ਕਰ ਕੇ ਖੇਤੀ ਤੇ ਨਿਰਭਰ ਕਰਨ ਵਾਲਿਆਂ ਨਾਲੋਂ ਕਾਰਖਾਨੇਦਾਰ ਕਿਤੇ ਵੱਧ ਅਮੀਰ ਹੋ ਗਏ ਹਨ।

*"ਜੱਟ ਮਹਾਜਨ, ਬਾਹਮਣ ਸ਼ਾਹ,*
*ਹਾਕਮ ਬਾਣੀਆਂ ਗ਼ਜ਼ਬ ਖੁਦਾ।"*

ਵਾਲਾ ਅਖਾਣ ਐਵੇਂ ਤਾਂ ਨਹੀਂ ਬਣਿਆਂ। ਐਸ ਸਮੇਂ ਸੱਚ ਸਾਬਤ ਹੋ ਗਿਆ ਹੈ।

# ਮਨੋਰੰਜਨ

1940 ਤੋਂ ਪਹਿਲਾਂ ਗਰਾਮੋਫੂਨ (His Master's Voice) ਤਵਿਆਂ ਵਾਲਾ ਵਾਜਾ ਹੁੰਦਾ ਸੀ ਜਿਸ ਨੂੰ ਖਾਂਦੇ ਪੀਂਦੇ ਖਾਨਦਾਨ ਆਪਣੇ ਲੜਕਿਆਂ ਦੀਆਂ ਸ਼ਾਦੀਆਂ 'ਤੇ ਜੰਜ ਨਾਲ ਲੈ ਕੇ ਜਾਇਆ ਕਰਦੇ ਸਨ। ਵਿਆਹ ਦੀਆਂ ਜ਼ਰੂਰੀ ਰੀਤੀਆਂ ਦੇ ਉਪਰੰਤ ਜਦ ਜਨੇਤ ਜੰਜਘਰ ਹੁੰਦੀ ਤਾਂ ਗਰਾਮੋਫੂਨ ਬੜੇ ਸ਼ੌਕ ਨਾਲ ਵਜਾਇਆ ਜਾਂਦਾ। ਉਸ ਪਿੰਡ ਦੇ ਲੋਕਾਂ ਲਈ ਇੱਕ ਬੜਾ ਅਚੰਭਾ ਹੁੰਦਾ। ਸਾਰੇ ਪਿੰਡ ਦੇ ਲੋਕ ਜੰਜ ਘਰ ਦੇ ਆਲੇ-ਦੁਆਲੇ ਖਲੋ ਬੜੀ ਉਤਸੁਕਤਾ ਦੇ ਨਾਲ ਸੁਣਦੇ ਅਤੇ ਅਨੰਦ ਮਾਣਦੇ। ਪਿੰਡ ਦੀਆਂ ਬੁੜ੍ਹੀਆਂ ਜੰਜ ਘਰ ਦੇ ਨੇੜੇ ਨੇੜੇ ਦੇ ਬਨੇਰਿਆਂ ਤੇ ਬੈਠ ਕੇ ਬੜੇ ਗਹੁ ਨਾਲ ਸੁਣਦੀਆਂ ਅਤੇ ਅਨੰਦ ਮਾਣਦੀਆਂ। ਕੁਝ ਕੁਝ ਗੀਤ ਐਸੇ ਵੀ ਹੁੰਦੇ ਸਨ ਜਿਹੜੇ ਪਿੰਡ ਦੇ ਨੌਜਵਾਨ ਅਤੇ ਨੌਜਵਾਨ ਜਨਾਨੀਆਂ ਲਈ ਇੱਕ ਬਹਿਸ ਦਾ ਵਿਸ਼ਾ ਬਣ ਜਾਂਦੇ।

ਸੰਨ 1947 ਤੋਂ ਪਹਿਲਾਂ ਕਿਸੇ ਕਿਸੇ ਘਰ ਗਰਮਾਮੋਫੂਨ (ਤਵਿਆਂ ਵਾਲਾ ਵਾਜਾ) ਹੁੰਦਾ ਸੀ ਤੇ ਆਂਢ ਗੁਆਂਢ ਦਿਆਂ ਦੋਸਤਾਂ ਨੇ ਮਿਲ ਕੇ ਰਿਕਾਰਡ ਸੁਣ ਲੈਣੇ। ਤਵੇ ਘਸ ਘਸ ਕੇ ਆਵਾਜ਼ ਖਰਾਬ ਹੋ ਜਾਂਦੀ। 1947 ਤੋਂ ਪਿੰਡਾਂ ਵਿੱਚ ਬੈਟਰੀ ਵਾਲੇ ਰੇਡੀਓ ਆਉਣ ਲੱਗੇ ਤੇ ਬਹੁਤ ਸਾਰੇ ਪਿੰਡ ਵਾਲੇ ਬੱਚੇ ਬੁੱਢੇ ਰੇਡੀਓ ਵਾਲੇ ਘਰ ਸ਼ਾਮ ਨੂੰ ਜ਼ਰੂਰ ਪਹੁੰਚ ਜਾਂਦੇ। ਐਤਵਾਰ ਸ਼ਾਮ ਨੂੰ ਆਲ ਇੰਡੀਆ ਰੇਡੀਓ ਜਲੰਧਰ ਦੇ ਦੇਹਾਤੀ ਪ੍ਰੋਗਰਾਮ ਵਿੱਚ ਸ਼ਾਮ ਨੂੰ ਸੱਤ ਅੱਠੇ ਗਾਣੇ ਸੁਣਨ ਵਾਲਿਆਂ ਦੀ ਫਰਮਾਇਸ਼ 'ਤੇ ਸੁਣਾਏ ਜਾਂਦੇ। ਇਸ ਪ੍ਰੋਗਰਾਮ ਵਾਲਿਆਂ ਕੋਲ ਗੀਤਾਂ ਦੇ ਰਿਕਾਰਡਾਂ ਦੀ ਘਾਟ ਸੀ ਤੇ ਹਰ ਐਤਵਾਰ ਅੱਧੇ ਗਾਣੇ ਤਾਂ ਪਿਛਲੇ ਐਤਵਾਰ ਵਾਲੇ ਹੀ ਹੁੰਦੇ। ਆਲ ਇੰਡੀਆ ਰੇਡੀਓ ਤੋਂ ਫਿਲਮੀ ਗਾਣੇ ਨਹੀਂ ਸੁਣਾਏ ਜਾਂਦੇ ਸਨ। ਰੇਡੀਓ ਤੇ ਗੀਤ ਗਾਉਣ ਵਾਲਿਆਂ ਨੂੰ ਹਾਰਮੋਨੀਅਮ ਦੀ ਵਰਤੋਂ ਕਰਨੀ ਬਹੁਤ ਦੇਰ ਬਾਅਦ ਮਿਲੀ। ਉਸ ਸਮੇਂ ਦੇ ਕੁਝ ਮਸ਼ਹੂਰ ਗੀਤ ਇਹ ਸਨ:-

1. ਚੰਨ ਵੇ ਕਿ ਸ਼ੌਂਕਣ ਮੇਲੇ ਦੀ ਪੈਰ ਧੋ ਕੇ ਝਾਂਜਰਾਂ ਪਾਉਂਦੀ ਮੇਲ੍ਹਦੀ ਆਉਂਦੀ
2. ਗੋਰੀ ਦੀਆਂ ਝਾਜਰਾਂ ਬੁਲਾਉਂਦੀਆਂ ਗਈਆਂ
3. ਪਿੰਡ ਦਿਆ ਲੰਬੜਦਾਰਾ ਪਾਣਾ ਈ ਮੈਂ ਲਾਲ ਘੱਘਰਾ
4. ਘੁੱਟ ਪਾਣੀ ਪਿਲਾ ਦੇ ਨੀ ਸੋਹਣੀਏਂ ਘੜਾ ਭਰੇਂਦੀਏ ਨਾਰੇ
5. ਚਾਂਦੀ ਵਾਂਗੂੰ ਚਮਕਦੀਆਂ ਰਾਵੀ ਦੀਆਂ ਛੱਲਾਂ
6. ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ, ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ
7. ਡਾਚੀ ਵਾਲਿਆ ਮੋੜ ਮੁਹਾਰ ਵੇ, ਸੋਹਣੀ ਵਾਲਿਆ ਲੈ ਚੱਲ ਨਾਲ ਵੇ

8. ਇੱਕ ਕੈਂਠੇ ਵਾਲਾ ਆ ਗਿਆ ਪਰੌਂਣਾ ਨੀ ਮਾਏਂ ਤੇਰੇ ਕੰਮ ਨਾ ਮੁੱਕੇ

9. ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ

10. ਸੂਈ ਏ ਸੂਈ ਟੰਗੀ ਪੰਘੂੜੇ ਪੈ ਗਏ ਪਿਆਰ ਤੇਰੇ ਨਾਲ ਗੂੜ੍ਹੇ

11. ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ, ਕਰ ਛਤਰੀ ਦੀ ਛਾਂ ਮੈਂ ਛਾਵੇਂ ਬਹਿਨੀ ਆਂ

12. ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓ ਕਿ ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਓ।

13. ਡੱਬੀ ਭਰੀ ਹੋਈ ਤੀਲਾਂ ਦੀ ਚੰਨਾ ਪੁੱਤ ਠਾਣੇਦਾਰ ਦਾ ਬਾਲੋ ਧੀ ਆ ਵਕੀਲਾਂ ਦੀ

14. ਬੋਤਾ ਹੌਲੀ ਤੋਰ ਮਿਤਰਾ ਵੇ ਮੇਰਾ ਨਰਮ ਕਾਲ੍ਜਾ ਧੜਕੇ

15. ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏਂ

16. ਬਾਜਰੇ ਦਾ ਸਿੱਟਾ ਵੇ ਅਸਾਂ ਤਲੀ ਤੇ ਮਰੋੜਿਆ, ਰੁੱਸੜਾ ਜਾਂਦਾ ਮਾਹੀਆ ਅਸਾਂ ਗਲੀ ਵਿੱਚੋਂ ਮੋੜਿਆ

17. ਅੰਬਸਰੇ ਦੀਆਂ ਵੜੀਆਂ ਹੁਣ ਮੈਂ ਖਾਂਦੀ ਨਾ, ਤੂੰ ਕਰੇਂਦਾ ਅੜੀਆਂ ਹੁਣ ਮੈਂ ਸਹਿੰਦੀ ਨਾ

18. ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ, ਫੁੱਲਾਂ ਨਾਲ ਗੁੰਦੀ ਲੜੀ ਹੀਰਿਆਂ ਦੇ ਹਾਰ ਦੀ

19. ਕਿੱਥੇ ਮਾਤਾ ਟੋਰਿਆ ਏ ਅਜੀਤ ਤੇ ਜੁਝਾਰ ਨੂੰ, ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ

20. ਮਾਛੀਵਾੜੇ ਵਿੱਚ ਬੈਠਾ ਸ਼ਹਿਨਸ਼ਾਹ ਜਹਾਨ ਦਾ, ਹੱਥ ਵਿੱਚ ਖੰਡਾ ਪਿਛੇ ਢਾਸਣਾ ਕਮਾਨ ਦਾ।

1947 ਵਿੱਚ ਦੇਸ਼ ਦੀ ਵੰਡ ਤੋਂ ਕੁਝ ਸਾਲ ਬਾਅਦ ਤੱਕ ਪਾਕਿਸਤਾਨੀ ਫਿਲਮਾਂ ਦੇ ਗੀਤ ਭਾਰਤ ਵਿੱਚ ਵੱਜਦੇ ਰਹੇ। ਉਨ੍ਹਾਂ ਦੇ ਕੁਝ ਕੁ ਮਸ਼ਹੂਰ ਗੀਤ ਇਹ ਸਨः-

1. ਏਥੋਂ ਉਡ ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ (ਮੰਗਤੀ)

2. ਵੇ ਅੱਖੀਆਂ ਲਾਵੀਂ ਨਾ ਤੇ ਫਿਰ ਪਛਤਾਵੀ ਨਾ (ਲਾਰੇ)

3. ਨੀ ਇੱਕ ਵਾਰੀ ਆ ਜਾ ਸਾਨੂੰ ਮੁੱਖੜਾ ਦਿਖਾ ਜਾ ਸੂਹੇ ਚੀਰੇ ਵਾਲੀਏ (ਫੇਰੇ)

4. ਤੇਰੇ ਮੁੱਖੜੇ ਦਾ ਕਾਲਾ ਕਾਲਾ ਤਿਲ ਵੇ, ਮੇਰਾ ਕੱਢ ਕੇ ਲੈ ਗਿਆ ਦਿਲ ਵੇ ਮੁੰਡਿਆ ਸਿਆਲਕੋਟੀਆ

5. ਮੁੰਡਾ ਮੋਹ ਲਿਆ ਤਵੀਤਾਂ ਵਾਲਾ ਤੇ ਦਮੜੀ ਦਾ ਸੱਕ ਮੱਲ੍ਹ ਕੇ

6. ਚੰਨ ਸਾਡਾ ਸਾਡੇ ਨਾਲ ਹੱਸ ਕੇ ਸੀ ਬੋਲਦਾ, ਗੁੱਸੇ ਗੁੱਸੇ ਰਹਿੰਦਾ, ਘੁੰਡੀ

ਦਿਲ ਦੀ ਨੀਂ ਖੋਲਦਾ

ਉਸ ਵੇਲੇ ਦੇ ਪੂਰਬੀ ਪੰਜਾਬ ਦੀਆਂ ਫਿਲਮਾਂ ਦੇ ਗੀਤ ਵੀ ਬਹੁਤ ਮਸ਼ਹੂਰ ਹੋਏ ਜੋ ਹਰ ਵਿਆਹ ਤੇ ਲਾਊਡ ਸਪੀਕਰਾਂ 'ਤੇ ਵਜਦੇ। ਕੁਝ ਇਹ ਸਨ:-

1. ਰੱਸੀ ਉੱਤੇ ਟੰਗਿਆ ਡੁਪੱਟਾ ਮੇਰਾ ਡੋਲਦਾ

2. ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ (ਲੱਛੀ)

3. ਮੇਰੀ ਲੱਗਦੀ ਕਿਨੇ ਨ ਵੇਖੀ ਤੇ ਟੁੱਟਦੀ ਨੂੰ ਜੱਗ ਜਾਣਦਾ (ਲੱਛੀ)

4. ਵੇ ਮੈਂ ਕੱਜਲੇ ਦੀ ਪਾਨੀ ਆਂ ਧਾਰ ਲੈ ਲੈ ਨਾਂਅ ਤੇਰਾ (ਪੋਸਤੀ)

5. ਗੋਰੀਏ ਗੰਨੇ ਦੀਏ ਪੋਰੀਏ ਨੀ, ਮੈਂ ਤਾਂ ਸਦਕੇ ਪਤੰਗ ਦੀਏ ਡੋਰੀਏ ਨੀ (ਪੋਸਤੀ)

6. ਮਾਂਏ ਮੇਰੀਏ ਨੀ ਮੈਨੂੰ ਬੜਾ ਚਾ ਕਿ ਦੋ ਗੁੱਤਾਂ ਕਰ ਮੇਰੀਆਂ

7. ਛੱਡ ਬੁਰੇ ਦੀ ਯਾਰੀ ਨੂੰ ਦੇ ਪੈਸਾ ਅੱਜ ਮਦਾਰੀ ਨੂੰ (ਮਦਾਰੀ)

8. ਛਮ ਛਮ ਕਰਦੀ ਗਲੀ ਵਿੱਚੋਂ ਲੰਘਦੀ, ਓ ਮੇਰੇ ਸਜਣਾ ਕੀ ਡਾਚੀ ਬਦਾਮੀ ਰੰਗ ਦੀ (ਕੌਡੇ ਸ਼ਾਹ)

9. ਦੜ ਵੱਟ ਜਮਾਨਾ ਕੱਟ ਭਲੇ ਦਿਨ ਆਵਣਗੇ (ਜੁਗਨੀ)

10. ਸੁਣ ਵੇ ਦੁਪਟਿਆ ਸੱਤ ਰੰਗਿਆ (ਪੋਸਤੀ)

11. ਤੂੰ ਪੀਂਘ ਤੇ ਮੈਂ ਪਰਛਾਵਾਂ ਤੇਰੇ ਨਾਲ ਹੁਲਾਰੇ ਖਾਵਾਂ (ਪੋਸਤੀ)

12. ਉਹਦੇ ਨਾਲ ਹੋਣਗੀਆਂ ਤਾਂ ਗੱਲਾਂ ਗੂੜ੍ਹੀਆਂ, ਜਿਹੜਾ ਅੱਜ ਲਿਆ ਕੇ ਦੇਵੇ ਕੱਚ ਦੀਆਂ ਚੂੜੀਆਂ

ਫੇਰ ਹਿੰਦੀ ਫਿਲਮਾਂ ਨੇ ਪੰਜਾਬੀ ਫਿਲਮਾਂ ਨੂੰ ਫੇਲ ਕਰ ਦਿੱਤਾ। ਪੰਜਾਬੀ ਫਿਲਮਾਂ ਨੂੰ ਪਸੰਦ ਕਰਨ ਵਾਲਾ ਬਹੁਤ ਇਲਾਕਾ ਪਾਕਿਸਤਾਨ ਵਿੱਚ ਰਹਿ ਗਿਆ ਤੇ ਪਾਕਿਸਤਾਨ ਨਾਲ ਸੰਬੰਧ ਵਿਗੜਨ ਨਾਲ ਉਨ੍ਹਾਂ ਨੇ ਭਾਰਤ ਵਿੱਚ ਬਣੀਆਂ ਫ਼ਿਲਮਾਂ ਦਾ ਪ੍ਰਦਰਸ਼ਨ ਪਾਕਿਸਤਾਨ ਵਿੱਚ ਬੰਦ ਕਰ ਦਿੱਤਾ। 1953 ਤੋਂ ਬਾਅਦ ਕਈ ਸਾਲ ਕੋਈ ਵੀ ਪੰਜਾਬੀ ਫ਼ਿਲਮ ਨਾ ਬਣੀ। ਇਹ ਵੀ ਤਾਂ ਇੱਕ ਕਾਰੋਬਾਰ ਹੈ। ਫਿਲਮ ਨਿਰਮਾਤਾ ਹਿੰਦੀ ਫ਼ਿਲਮਾਂ ਬਣਾਉਣ ਲੱਗ ਪਏ। 1947 ਤੋਂ ਪੰਜ ਸੱਤ ਸਾਲ ਬਾਅਦ ਬਣੀਆਂ ਹਿੰਦੀ ਫਿਲਮਾਂ ਏਕ ਥੀ ਲੜਕੀ, ਏਕ ਦੋ ਤੀਨ, ਬਾਜ਼ੀ, ਬਰਸਾਤ, ਆਗ, ਦਾਗ਼, ਆਵਾਰਾ, ਨਾਗਿਨ, ਅਨਾਰਕਲੀ, ਆਨ, ਬਾਬਲ, ਪਤੀਤਾ, ਮਹੱਲ ਆਦਿ ਦੇ ਗਾਣਿਆਂ ਨੇ ਪੰਜਾਬ ਵਿੱਚ ਧੂੰਮਾਂ ਪਾਈ ਰੱਖੀਆਂ। ਕਿਸੇ ਵੀ ਖ਼ੁਸ਼ੀ ਦੇ ਮੌਕੇ ਲਾਊਡ ਸਪੀਕਰਾਂ ਵਾਲੇ ਇਹਨਾਂ ਹੀ ਫ਼ਿਲਮਾਂ ਦੇ ਗੀਤ ਵਜਾਉਂਦੇ ਰਹੇ ਤੇ ਫੇਰ ਸਮੇਂ ਦੇ ਨਾਲ ਨਾਲ ਹੋਰ ਗੀਤ ਇਹਨਾਂ ਦੀ ਥਾਂ ਲੈਂਦੇ ਗਏ। ਸਾਡੀ ਉਮਰ ਦੇ ਲੋਕ ਉਸ ਵਾਤਾਵਰਣ ਵਿੱਚ ਸੁਣੇ ਗੀਤਾਂ ਨੂੰ ਯਾਦ ਕਰ ਕੇ ਹੁਣ ਦੇ ਸ਼ੌਕੀਨਾਂ ਨੂੰ ਉਨ੍ਹਾਂ ਸਮਿਆਂ ਅਤੇ ਗੀਤਾਂ ਦੀ ਤਾਰੀਫ ਦਸਦੇ ਹਨ।

# ਭੋਂ ਪ੍ਰਬੰਧ

ਬੰਦਾ ਬਹਾਦਰ ਤੋਂ ਪਹਿਲਾਂ ਪੰਜਾਬ ਵਿੱਚ ਜ਼ਮੀਨ ਦੇ ਮਾਲਿਕ ਕੇਵਲ ਜਾਗੀਰਦਾਰ ਹੀ ਹੁੰਦੇ ਸਨ। ਉਹ ਜਿਸ ਨੂੰ ਚਾਹੁਣ ਆਪਣੀ ਜ਼ਮੀਨ ਕਾਸ਼ਤ ਲਈ ਦੇ ਦਿੰਦੇ। ਜਾਗੀਰਦਾਰਾਂ ਦੀ ਔਲਦ ਵਿੱਚ ਜ਼ਮੀਨ ਅੱਗੇ ਵੰਡੀ ਜਾਂਦੀ ਰਹੀ। *1 "ਰਾਜਿਆਂ ਦੇ ਸਮੇਂ, ਜ਼ਮੀਨ ਦੀ ਮਾਲਕੀ ਇਸ ਤਰ੍ਹਾਂ ਸੀ ਕਿ ਰਾਜਾ ਹੀ ਆਪਣੇ ਰਾਜ ਦੀ ਸਾਰੀ ਜ਼ਮੀਨ ਦਾ ਮਾਲਕ ਹੁੰਦਾ ਸੀ। ਇਸ ਤਰ੍ਹਾਂ ਸਾਰੇ ਹਿੰਦੁਸਤਾਨ ਵਿੱਚ ਸੀ। ਮੁਗਲ ਸ਼ਹਿਨਸ਼ਾਹ, ਪਹਾੜੀ ਰਾਜਿਆਂ ਨਾਲ ਜੋ ਚਿੱਠੀ ਪੱਤਰ ਕਰਦੇ ਸਨ ਉਹ ਵਿੱਚ ਰਾਜਿਆਂ ਨੂੰ ਜ਼ਿਮੀਂਦਾਰ ਕਰ ਕੇ ਲਿਖਿਆ ਹੈ। ਇਹ ਦਸਤਾਵੇਜ਼ ਅਜੇ ਵੀ ਕਈ ਰਾਜਿਆਂ ਦੇ ਘਰਾਣਿਆਂ ਵਿੱਚ ਮੌਜੂਦ ਹਨ। ਜਿਹੜੀਆ ਜ਼ਮੀਨਾਂ ਬੇਆਬਾਦ ਸਨ ਉਹ ਸਭ ਰਾਜੇ ਦੀ ਮਲਕੀਅਤ ਹੁੰਦੀਆਂ ਸਨ। ਸਾਰੀ ਪਰਜਾ ਰਾਜੇ ਦੀ ਨੌਕਰ ਸੀ ਅਤੇ ਉਨ੍ਹਾਂ ਨੂੰ ਜ਼ਮੀਨ ਉਨ੍ਹਾਂ ਦੀਆਂ ਫੌਜ ਵਿੱਚ ਜਾਂ ਹੋਰ ਸੇਵਾ ਬਦਲੇ ਦਿੱਤੀ ਜਾਂਦੀ ਸੀ। ਇੱਕ ਦਰੱਖਤ ਵੀ ਵੱਢਣਾ ਹੁੰਦਾ ਤਾਂ ਰਾਜੇ ਤੋਂ ਆਗਿਆ ਲੈਣੀ ਪੈਂਦੀ ਸੀ।"

ਸੰਨ 1947 ਤੋਂ ਪਹਿਲਾਂ ਅੱਧੀ ਕੁ ਜ਼ਮੀਨ ਹੀ ਵਾਹੀਯੋਗ ਸੀ ਬਾਕੀ ਅੱਧੀ ਬੰਜਰ, ਕੱਲਰ, ਕਾਹੀ, ਬੂਝੇ, ਝਿੜੀਆਂ ਵਾਲੀ ਸੀ ਜਿਸ ਵਿੱਚ ਪਸ਼ੂ ਚੁਗਿਆ ਕਰਦੇ ਸੀ। ਝਿੜੀਆਂ ਵਿੱਚ ਜੰਗਲੀ ਜਾਨਵਰ ਜਿਵੇਂ ਹਿਰਨ, ਗੋਨਾਂ, ਗਿੱਦੜ, ਲੂੰਬੜ, ਸੈਹੇ, ਬਘਿਆੜ ਵਗੈਰਾ ਤਾਂ ਆਮ ਹੀ ਇਹਨਾਂ ਪਿੰਡਾਂ ਵਿੱਚ ਸਨ। ਕਦੇ ਕਦੇ ਕੋਈ ਬਾਘ, ਸ਼ੇਰ ਜਾਂ ਚੀਤਾ ਵੀ ਪਹਾੜ ਵੱਲੋਂ ਆ ਜਾਂਦਾ। ਬਘਿਆੜ ਤਾਂ ਪਿੰਡਾਂ ਵਿੱਚੋਂ ਭੇਡਾਂ ਬੱਕਰੀਆਂ ਰਾਤ ਸਮੇਂ ਕੰਨੋ ਫੜ ਕੇ ਲੈ ਜਾਂਦੇ ਸੀ। ਵਹਾਈ ਬਲਦਾਂ ਝੋਟਿਆ ਨਾਲ ਹੀ ਹੁੰਦੀ ਸੀ। ਦੇਸੀ ਗਊਆਂ ਦੇ ਵੱਛੇ ਚੰਗੇ ਤਕੜੇ ਹੁੰਦੇ ਸੀ ਤੇ ਉਸ ਸਮੇਂ ਦਾ ਅਖਾਣ ਸੀ:-

ਜਦ ਦਿਨ ਆਉਣੇ ਅੱਛੇ,  
ਮੱਝਾਂ ਦੇਣ ਕੱਟੀਆਂ ਤੇ ਗਾਵਾਂ ਦੇਣ ਵੱਛੇ।  
ਊਠਾਂ ਨੂੰ ਵੀ ਹਲ ਅਤੇ ਹਲਟ ਨਾਲ ਜੋੜਦੇ ਸੀ।

ਖੇਤੀ ਟਰੈਕਟਰਾਂ ਨਾਲ ਹੋਣ ਕਰ ਕੇ ਬਲਦਾਂ ਦੀ ਕਦਰ ਨਹੀਂ ਰਹੀ ਤੇ ਹੁਣ ਵਲੈਤੀ ਗਊਆਂ ਦੇ ਵੱਛੇ ਰੁਲ੍ਹਦੇ ਫਿਰਦੇ ਹਨ। ਬਲਦਾਂ ਨਾਲ ਵਹਾਈ ਇੱਕ ਹਾਲੀ ਪੰਜ ਸੱਤ ਘੁਮਾਂ ਹੀ ਕਰ ਸਕਦਾ ਸੀ। ਭਾਰੀਆਂ ਜ਼ਮੀਨਾਂ ਦੀ ਵੱਤਰ ਢਾਈ ਦਿਨ ਹੀ ਕਹੀ ਜਾਂਦੀ ਸੀ। "ਗਿੱਲੀ ਗੋਹਾ ਤੇ ਸੁੱਕੀ ਲੋਹਾ" ਕਹਿੰਦੇ ਸੀ। ਜਿਸ ਜ਼ਮੀਨ ਵਿੱਚ ਰੂੜੀ ਪਾਉਂਦੇ ਉਸੇ ਵਿੱਚ ਹੀ ਮੱਕੀ ਬੀਜੀ ਜਾਂਦੀ ਕਿਉਂਕਿ ਰਸਾਇਣਿਕ ਖਾਦਾਂ ਤਾਂ 1947 ਤੋਂ ਬਾਅਦ ਪ੍ਰਚੱਲਤ ਹੋਈਆਂ। ਸਰਕਾਰ ਨੂੰ ਰਸਾਇਣਿਕ ਖਾਦਾਂ ਪ੍ਰਚੱਲਤ ਕਰਨ ਲਈ

* *History of the Punjab Hill States Vol. I by I. Hutchison*

ਬਹੁਤ ਪ੍ਰਾਪੋਗੰਡਾ ਕਰਨਾ ਪਿਆ। ਆਮ ਜ਼ਿਮੀਂਦਾਰ ਕੋਲ ਆਪਣੀ ਲੋੜ ਤੋਂ ਵੱਧ ਫਸਲ ਘੱਟ ਹੀ ਹੁੰਦੀ ਸੀ ਜੇ ਕਿਤੇ ਰੱਬ ਦੀ ਮਿਹਰ ਨਾਲ ਹੋ ਜਾਵੇ ਤਾਂ ਪਿੰਡ ਵਿੱਚ ਹੀ ਵਿਕ ਜਾਂਦੀ ਸੀ। ਕਣਕ ਦੀ ਉੜਾਈ ਵਾਲੇ ਮਜ਼ਦੂਰ ਬੜੇ ਚਾਅ ਨਾਲ ਕਣਕ ਦਾ ਬੋਹਲ ਲਾਉਂਦੇ। ਦਾਣਿਆਂ ਦੀ ਗੋਲ ਢੇਰੀ ਬਣਾ ਕੇ ਉਸ ਦੀ ਚੋਟੀ ਤੇ ਹਰੇ ਘਾਹ ਦੀ ਗੁੱਛੀ ਗੋਹੇ ਵਿੱਚ ਗੱਢਣੀ। ਤੱਕੜੀ ਨਾਲ ਤੋਲ ਕੇ ਚਾਲੀ ਚਾਲੀ ਸੇਰ ਪੱਕੇ ਖੇਸੀਆਂ ਦੀਆਂ ਪੰਡਾਂ ਬੰਨ੍ਹ ਕੇ ਪਿੜਾਂ ਤੋਂ ਘਰ ਪਿੰਡ ਵਿੱਚ ਮਜ਼ਦੂਰਾਂ ਨੇ ਦੌੜ-ਦੌੜ ਕੇ ਢੋਣੀਆਂ। ਘਰ ਦੀਆਂ ਸੁਆਣੀਆਂ ਨੇ ਗੁੜ ਦੀਆਂ ਪੇਸੀਆਂ ਗਿਣ ਕੇ ਰੱਖੀਆਂ ਹੁੰਦੀਆਂ, ਹਰ ਇੱਕ ਪੰਡ ਲਿਆਉਣ ਨੂੰ ਇੱਕ ਇੱਕ ਪੇਸੀ ਦੇਈ ਜਾਣੀ ਇਸ ਤਰ੍ਹਾਂ ਜਿੰਨੀਆਂ ਪੰਡਾਂ ਪਿੜ 'ਚੋਂ ਭੇਜੀਆਂ ਹੋਣ ਉਨ੍ਹਾਂ ਦੇ ਘਰ ਪਹੁੰਚਣ ਦੀ ਤਸੱਲੀ ਹੋ ਜਾਂਦੀ। ਮਜ਼ਦੂਰਾਂ ਨੂੰ ਉਡਾਈ ਇੱਕ ਮਣ ਪਿੱਛੇ ਦੋ ਸੇਰ ਮਿਲਦੀ ਉਸੇ ਵਿੱਚ ਉਨ੍ਹਾਂ ਤੂੜੀ ਦਾ ਕੁੱਪ ਵੀ ਬੰਨ੍ਹਣਾ ਹੁੰਦਾ ਸੀ। ਕੁੱਪ ਬੰਨ੍ਹਣ ਲਈ ਦੇਸੀ ਕਣਕ ਦੀ ਨਾਲੀ ਠੀਕ ਸੀ। ਕਣਕਾਂ ਦੀ ਬਿਜਾਈ 1967 ਤੋਂ ਬਾਅਦ ਆਮ ਹੋ ਗਈ। ਇਹਨਾਂ ਦੀ ਨਾਲ੍ਹੀ ਬਹੁਤ ਜਲਦੀ ਗਲ੍ਹ ਜਾਂਦੀ ਹੈ ਇਸ ਕਰਕੇ ਕੁੱਪ ਬੰਨ੍ਹਣ ਲਈ ਕਾਹੀ ਆਦਿ ਦੀ ਲੋੜ ਪੈਂਦੀ ਹੈ।

ਕਣਕ ਦੀ ਗਹਾਈ ਤੋਂ ਵਿਹਲੇ ਹੋ ਕੇ ਰੂੜੀ ਪਾਉਣ ਦਾ ਕੰਮ ਸ਼ੁਰੂ ਹੁੰਦਾ। ਜਿੰਮੀਂਦਾਰ ਆਪ ਸਿਰ 'ਤੇ ਰੂੜੀ ਦਾ ਟੋਕਰਾ ਚੁੱਕ ਕੇ ਗੱਡੇ 'ਤੇ ਸੁੱਟਦਾ। ਭਾਵੇਂ ਉਸ ਦਾ ਕੁੜਮ ਵੀ ਉਸ ਨੂੰ ਇਹ ਕੰਮ ਕਰਦਿਆਂ ਦੇਖ ਲਵੇ ਤਾਂ ਉਸ ਨੂੰ ਸੰਗ ਨਹੀਂ ਸੀ ਆਉਂਦੀ। ਪਰ ਜੇ ਕੋਈ ਸਿਰ ਤੇ ਖਰਬੂਜਿਆਂ ਦਾ ਟੋਕਰਾ ਚੁੱਕ ਕੇ ਖਰਬੂਜੇ ਵੇਚੇ ਤਾਂ ਸ਼ਰੀਕ ਹੀ ਬੋਲੀ ਮਾਰਦੇ ਹਨ "ਉਹ ਤੁਹਾਡਾ ਬੜ੍ਹਾ ਕੱਕੜੀਆਂ ਵੇਚਦਾ ਫਿਰਦਾ"। ਖਰਬੂਜੇ ਨੂੰ ਵੀ ਕੱਕੜੀ ਆਖਦੇ ਹਨ। ਜ਼ਿਮੀਂਦਾਰਾਂ ਦੀ ਇਹ ਸਿਆਣਪ ਹੈ? 1965 ਵਿੱਚ ਕਣਕ ਦਾ ਭਾਅ 35 ਰੁਪਏ ਕੁਇੰਟਲ ਸੀ, 1966 ਵਿੱਚ 43 ਰੁਪਏ, 1967 ਵਿੱਚ 65 ਰੁਪਏ ਤੇ 1969 ਵਿੱਚ 76 ਰੁਪਏ ਕੁਇੰਟਲ ਸੀ। ਹਰ ਸਾਲ ਕਣਕ ਦੀ ਕੀਮਤ ਵੀ ਵਧਦੀ ਗਈ ਤੇ ਖੇਤੀ ਲਾਗਤ ਕੀਮਤ ਵੀ ਵਧਦੀ ਗਈ। ਕਣਕ ਦਾ ਭਾਅ 2001 ਵਿੱਚ 550 ਰੁਪਏ ਕੁਇੰਟਲ ਸੀ ਅਤੇ 2011 ਵਿਚ 1200 ਰੁਪਏ ਕੁਇੰਟਲ ਹੈ। ਝੋਨਾਂ 1965 ਤੋਂ ਬਾਅਦ ਹੀ ਟਿਊਬਵੈੱਲ ਲੱਗਣ ਮਗਰੋਂ ਇਹਨਾਂ ਪਿੰਡਾਂ ਵਿੱਚ ਬੀਜਿਆ ਜਾਣ ਲੱਗਾ ਉਸ ਤੋਂ ਪਹਿਲਾਂ ਕੁਝ ਕੁ ਕਲਰਾਠੀ ਜ਼ਮੀਨ ਵਿੱਚ ਘਰ ਖਾਣ ਜੋਗੀ ਬਾਸਮਤੀ ਹੀ ਲੋਕ ਬੀਜਦੇ ਸਨ। ਵੈਸੇ ਵੀ ਦੁਆਬੇ ਵਿੱਚ ਲੋਕ ਚਾਵਲ ਘੱਟ ਹੀ ਖਾਂਦੇ ਸਨ। ਜੇ ਕੋਈ ਬਿਮਾਰ ਹੋ ਜਾਂਦਾ ਤਾਂ ਹਕੀਮ ਉਸ ਨੂੰ ਰੋਟੀ ਦੀ ਥਾਂ ਚੌਲ ਖਾਣ ਨੂੰ ਆਖਦੇ। ਬਾਸਮਤੀ ਦੀ ਖੁਸ਼ਬੋ ਆਉਣ ਤੇ ਤਾਂ ਗੁਆਂਢੀ ਪੁੱਛਣ ਲੱਗਦੇ ਕਿ "ਤੁਹਾਡੇ ਘਰ ਚੌਲ ਬਣ ਰਹੇ ਆ, ਸਭ ਰਾਜ਼ੀ ਬਾਜੀ ਤਾਂ ਹਨ?"

ਜਦੋਂ ਅਸੂ ਕੱਤਕ ਦੀ ਵੱਤਰ ਦੇ ਦਿਨ ਹੁੰਦੇ ਜਾਂ ਜਦੋਂ ਹਾੜ ਮਹੀਨੇ ਵਰਖਾ ਚੰਗੀ ਹੋ ਜਾਂਦੀ ਤਾਂ ਬੌਲਦਾਂ ਨੂੰ ਖਰਾਸ ਨਾ ਜੋੜਦੇ ਕਿਉਂਕਿ ਇਹਨਾਂ ਦਿਨਾਂ ਵਿੱਚ

ਬਹੁਤੇ ਤੋਂ ਬਹੁਤਾ ਸਮਾਂ ਬੌਲਦਾਂ ਨੂੰ ਵਾਹੁਣ ਬੀਜਣ ਦੇ ਕੰਮ ਲਈ ਵਰਤਣਾ ਅਤਿ ਜ਼ਰੂਰੀ ਸੀ। ਪਰ ਜੇ ਬੌਲਦਾਂ ਲਈ ਪੇੜਾ ਹੀ ਮੁੱਕਿਆ ਹੁੰਦਾ ਤਾਂ ਥੋੜ੍ਹਾ ਸਮਾਂ ਬੌਲਦਾਂ ਨੂੰ ਖਰਾਸ ਜੋੜ ਲਿਆ ਜਾਂਦਾ। ਵੱਤਰ ਤੋਂ ਬਾਅਦ ਸਭ ਲੋਕ ਖਰਾਸ ਤੇ ਕਣਕ ਅਤੇ ਮੱਕੀ ਪੀਂਹਦੇ। ਹਰ ਪਿੰਡ ਵਿੱਚ ਖਰਾਸਾਂ ਦੀ ਗਿਣਤੀ ਆਬਾਦੀ ਅਨੁਸਾਰ ਸੀ। ਖਰਾਸਾਂ ਦੇ ਮਾਲਿਕ ਲੁਹਾਰ ਜਾਂ ਤਖਾਣ ਹੀ ਹੁੰਦੇ ਸਨ ਤੇ ਉਹ ਪਿਹਾਈ ਦਾ ਕੁੱਝ ਹਿੱਸਾ ਆਟੇ 'ਚੋਂ ਲੈ ਲਿਆ ਕਰਦੇ ਸਨ। ਸੰਨ 1950 ਦੇ ਕਰੀਬ ਪਿੰਡਾਂ ਵਿੱਚ ਡੀਜ਼ਲ ਇੰਜਣ ਨਾਲ ਚੱਲਣ ਵਾਲੀਆਂ ਪਿਹਾਈ ਦੀਆਂ ਮਸ਼ੀਨਾਂ ਲਗਣੀਆਂ ਸ਼ੁਰੂ ਹੋਈਆਂ।

ਸਿੰਜਾਈ ਲਈ ਖੂਹ ਤਾਂ ਆਦਿ ਦੁਨੀਆਂ ਤੋਂ ਚਲੇ ਆਉਂਦੇ ਹਨ। ਪੁਰਾਤਨ ਸਮਿਆਂ ਵਿੱਚ ਕੱਚੇ ਖੂਹ ਹੀ ਹੁੰਦੇ ਸਨ। ਪਰ ਅਮੀਰ ਲੋਕ ਪੱਕੇ ਖੂਹ ਵੀ ਲੁਆਉਂਦੇ ਸਨ। ਖੇਤੀਬਾੜੀ ਸਿੰਜਣ ਲਈ ਬਾਲਟੀਆਂ ਤੇ ਡੋਲਾਂ ਦੀ ਹੀ ਘਿਰਲੇ ਰਾਹੀਂ ਵਰਤੋਂ ਕਰਦੇ ਰਹੇ। ਪਰ ਵੱਡੇ ਪੈਮਾਨੇ ਤੇ ਸਿੰਜਾਈ ਕਰਨ ਲਈ ਬੋਕਿਆਂ ਦੀ ਲੋੜ ਪਈ। ਇਹ ਬੋਕਾ (ਚੜਸ) ਵਧੀਆ ਗੋਕੇ ਤੇ ਮਹਿਰੂ ਦੇ ਚੰਮ ਦੇ ਬਣਿਆ ਕਰਦੇ ਸਨ। ਇਸ ਦੀ ਵਰਤੋਂ ਲਈ ਜੋ ਜੋੜੀਆਂ ਬਲਦਾਂ ਦੀਆਂ ਹੁੰਦੀਆਂ ਬੋਕਿਆਂ ਨਾਲ ਮੋਟੀਆਂ ਸਣ ਦੀਆਂ ਲਾਂ (ਲਾਮ) ਹੁੰਦੀਆਂ ਸਨ ਜਿਨ੍ਹਾਂ ਨੂੰ ਬਲਦ ਖੂਹ ਦੇ ਨੇੜਿਓਂ ਖਿਚ ਕੇ ਦੂਰ ਤੱਕ ਲੈ ਜਾਂਦੇ ਤੇ ਜਿਥੇ ਬੋਕੇ ਨੂੰ ਹੱਥ ਪੈ ਜਾਵੇ ਉਥੋਂ ਬਲਦਾਂ ਦੀ ਜੋੜੀ ਵਾਲਾ ਕਿੱਲੀ ਨੂੰ ਖਿੱਚ ਲੈਂਦਾ ਤੇ ਬੋਕੇ ਵਾਲਾ ਬੋਕੇ ਨੂੰ ਚਲ੍ਹੇ ਵਿੱਚ ਸੁੱਟ ਲੈਂਦਾ। ਇਸ ਉੱਪਰ ਤੋਂ ਬੋਕੇਵਾਲਾ ਬੋਕੇ ਨੂੰ ਖੂਹ ਵਿੱਚ ਵਗ੍ਹਾ ਦਿੰਦਾ। ਪਾਣੀ ਨਾਲ ਬੋਕੇ ਨੂੰ ਭਰਦੇ ਭਰਦੇ ਤੱਕ ਬਲਦਾਂ ਦੀ ਜੋੜੀ ਵਾਲਾ ਮੁੜ ਖੂਹ ਤੋਂ ਬੋਕਾ ਖਿੱਚਣ ਲਈ ਆ ਪੁਜਦਾ। ਬਲਦਾਂ ਦੀ ਪੈੜ ਇਸ ਤਰ੍ਹਾਂ ਹੁੰਦੀ ਕਿ ਖੂਹ ਤੋਂ ਹੇਠ ਤੱਕ ਜਾਣ ਲਈ ਨਿਮਾਣ ਹੁੰਦੀ ਤੇ ਖਾਲੀ ਬਲਦਾਂ ਦੀ ਜੋੜੀ ਵਾਪਸੀ ਵੇਲੇ ਚੜ੍ਹਾਈ ਚੜ੍ਹ ਕੇ ਆਉਂਦੀ। ਪਿੰਡਾਂ ਵਿੱਚ ਇਸ ਸਿੰਜਾਈ ਦਾ ਬੜਾ ਮਨੋਰੰਜਕ ਵਾਤਾਵਰਣ ਵੀ ਹੁੰਦਾ ਜਦੋਂ ਕਿ ਬੋਕਾ (ਚੜਸ) ਨੂੰ ਖਿੱਚਣ ਵਾਲਾ ਬੜੀ ਉੱਚੀ ਅਵਾਜ਼ ਵਿੱਚ ਬੋਲਦਾ ਜੋ ਕਿ ਆਲੇ-ਦੁਆਲੇ ਦੇ ਪਿੰਡ ਵਾਸੀਆਂ ਲਈ ਇੱਕ ਮਹੱਤਵਪੂਰਨ ਇਸ਼ਾਰਾ ਹੁੰਦਾ ਜਿਸ ਦੇ ਉੱਚੇ ਬੋਲ ਸੁਨਣ ਵਾਲੇ ਬੜੀ ਉਤਸੁਕਤਾ ਨਾਲ ਸੁਣਦੇ। ਕਈ ਵੇਰ ਤਾਂ ਇਹਨਾਂ ਦੀ ਬੋਲੀ ਇਲਾਕੇ ਵਿੱਚ ਇੱਕ ਪਛਾਣ ਬਣ ਜਾਂਦੀ। ਇਹਨਾਂ ਦਾ ਭੀ ਪਿੰਡ ਵਾਸੀਆਂ ਵਿੱਚ ਪਹਿਲੇ ਦੂਜੇ ਤੀਜੇ ਨੰਬਰ ਵਿੱਚ ਪਛਾਣੇ ਜਾਂਦੇ ਸਨ ਤੇ ਆਮ ਲੋਕ ਕਹਿੰਦੇ ਕਿ ਫਲਾਨੇ ਚੜਸੀਏ ਦਾ ਬੋਲ ਪਹਿਲੇ ਨੰਬਰ 'ਤੇ ਹੈ।

ਸੰਨ 1928 ਦੇ ਲੱਗਭੱਗ ਪਿੰਡ ਕੋਟਲੀ ਜਮੀਅਤ ਸਿੰਘ ਦੇ ਜੋਗਾ ਸਿੰਘ ਹੋਰਾ ਦੇ ਪਰਿਵਾਰ ਦੀ ਗੱਲ ਹੈ ਕਿ ਜੁਲਾਈ ਅਗਸਤ ਦੇ ਮਹੀਨੇ ਇਸ ਪਰਵਾਰ ਨੇ ਮੱਕੀ ਦਾ ਖੇਤ ਬੀਜਿਆ ਪਰ ਬਾਰਸ਼ ਸਮੇਂ ਸਿਰ ਨਾ ਹੋਈ ਤਾਂ ਉਨ੍ਹਾਂ ਨੇ ਬੋਕੇ ਦੀ ਭਾਲ ਕੀਤੀ ਜੋ ਕਿ ਫਟਿਆ ਹੋਇਆ ਸੀ ਤਾਂ ਉਨ੍ਹਾਂ ਨੇ ਛੇਤੀ ਛੇਤੀ ਸਵਾ ਰੁਪੈਆ ਸਾਰੇ ਟੱਬਰ ਨੇ

ਇਕੱਠਾ ਕੀਤਾ ਤੇ ਇੱਕ ਜਣਾ ਪਰਨੇ ਲੜ ਬੰਨ ਕੇ ਡੁਮੇਲੀ ਇੱਕ ਚਮਾਰ ਪਾਸੋਂ ਬੋਕਾ ਖਰੀਦਣ ਚੱਲ ਪਿਆ ਜਿਸ ਬਾਰੇ ਪਹਿਲਾਂ ਹੀ ਸੰਬੰਧਤ ਚਮਾਰ ਨਾਲ ਗੱਲ ਹੋ ਚੁੱਕੀ ਸੀ ਕਿ ਉਹ ਸਵਾ ਰੁਪਏ ਬੋਕੇ ਦਾ ਲਵੇਗਾ। ਕਿਸਮਤ ਦਾ ਚੱਕਰ ਕਿ ਰਸਤੇ ਵਿੱਚ ਪਰਨੇ ਲੜੋਂ ਇੱਕ ਚੁਆਨੀ ਕਿਤੇ ਡਿੱਗ ਪਈ ਤੇ ਅਦਾਇਗੀ ਸਮੇਂ ਇੱਕ ਰੁਪੈਆ ਨਿਕਲਿਆ ਜੋ ਬੋਕੇ ਵਾਲੇ ਨੂੰ ਪੇਸ਼ ਕੀਤਾ। ਉਹ ਅੱਗੋਂ ਟੁੱਟ ਕੇ ਪੈ ਗਿਆ ਕਿ ਮੈਂ ਐਨਾ ਵੱਡਾ ਖਸਾਰਾ ਕਿਵੇਂ ਝੱਲ ਸਕਦਾ ਹਾਂ। ਆਖਿਰ ਸਾਰੇ ਪਰਵਾਰ ਨੇ ਕੋਟਲੀ ਤੇ ਡੁਮੇਲੀ ਦੇ ਵਿਚਕਾਰ ਤੈ ਕੀਤੇ ਰਸਤੇ ਵਿੱਚ ਇੱਕ ਚੁਆਨੀ ਦੀ ਟੋਲ੍ਹ ਵਿੱਚ ਪੂਰਾ ਦਿਨ ਲਾ ਦਿੱਤਾ। ਸਾਰੇ ਟੱਬਰ ਦੀਆਂ ਜਨਾਨੀਆਂ, ਕੁੜੀਆਂ ਵਹੁਟੀਆਂ ਮਿੱਟੀ ਛਾਣ ਛਾਣ ਕੇ ਇੱਕ ਚੁਆਨੀ ਲੱਭਦੀਆਂ ਰਹੀਆਂ ਪਰ ਚੁਆਨੀ ਨਾ ਮਿਲ ਸਕੀ। ਜਿਸ ਕਾਰਨ ਬੋਕਾ ਨਾ ਖਰੀਦਿਆ ਗਿਆ ਤੇ ਮੱਕੀ ਦਾ ਸਾਰਾ ਖੇਤ ਸੁੱਕ ਗਿਆ।

ਇਹ ਵਾਰਤਾ ਸਿਰਫ ਉਸ ਸਮੇਂ ਦੀ ਆਰਥਿਕ ਅਵਸਥਾ ਦਸਦੀ ਹੈ ਕਿ ਪੇਂਡੂ ਜੀਵਨ ਕੀ ਸੀ ਤੇ ਪੈਸੇ ਦੀ ਕੀ ਕਦਰ ਸੀ। ਅੱਜ ਵਾਂਗ ਸਿੰਜਾਈ ਦੇ ਸਾਧਨਾਂ ਨਾਲ ਟਾਕਰਾ ਕਰੀਏ ਤਾਂ ਪੜ੍ਹਨ ਵਾਲੇ ਆਪ ਹੀ ਅੰਦਾਜ਼ਾ ਲਾ ਸਕਦੇ ਹਨ।

ਕਈ ਕਈ ਘਰ ਵੇਲਨੇ 'ਤੇ ਸਾਂਝਾ ਗੰਨਾ ਪੀੜਦੇ। ਇੱਕ ਦੂਜੇ ਦੀ ਕੰਮ ਵਿੱਚ ਮਦਦ ਕਰਦੇ ਤੇ ਮਜ਼ਦੂਰੀ ਨਾ ਦੇਣੀ ਪੈਂਦੀ। ਇਹੋ ਜਿਹੀ ਸਾਂਝੀਵਾਲਤਾ ਅੱਜ ਕੱਲ ਦੇ ਜ਼ਮਾਨੇ ਵਿੱਚ ਦੇਖਣ ਨੂੰ ਨਹੀਂ ਮਿਲਦੀ। 1947 ਵਿੱਚ ਅਸੀਂ ਲੁਟੇਰੇ ਪਿੰਡ 'ਚ ਕੁਝ ਘਰਾਂ ਨੇ ਮੁਸਲਮਾਨਾਂ ਦਾ ਬੀਜਿਆ ਕਮਾਦ ਸਾਂਝਾ ਪੀੜਿਆ। ਗੁੜ 8 ਰੁਪਏ ਮਣ ਵਿਕਿਆ। ਜੋ ਘਰ ਰੱਖਿਆ ਉਹ ਬਰਸਾਤ ਵਿੱਚ ਬਹਿ ਗਿਆ ਤੇ ਖਨੌੜੇ ਦੇ ਸਿਆਲਕੋਟੀਏ ਸ਼ਰਾਬ ਕੱਢਣ ਲਈ 5 ਰੁਪਏ ਮਣ ਲੈ ਗਏ । ਇਹ ਬਾਰ 'ਚੋਂ ਆਏ ਬੜੇ ਦਲੇਰ ਜੱਟ ਸਨ। ਪੁਲਸ ਦੇ ਮੂੰਹ ਤੇ ਆਖ ਦਿੰਦੇ ਕਿ "ਅਸੀਂ ਸ਼ਰਾਬ ਕੱਢ ਕੇ ਆਪਣੇ ਗੁਜ਼ਾਰੇ ਲਈ ਵੇਚਦੇ ਹਾਂ। ਤੁਸੀਂ ਭਾਵੇਂ ਚਲਾਨ ਕਰ ਦਿਉ ਅਸਾਂ ਕੱਢਣੋ ਨਹੀਂ ਜੇ ਹਟਣਾ"। ਸਿੰਚਾਈ ਵਾਲੀ ਜ਼ਮੀਨ ਬਹੁਤ ਥੋੜ੍ਹੀ ਸੀ। ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਨਹਿਰ ਤਾਂ 1953 ਵਿੱਚ ਨਿਕਲੀ ਪਰ ਇਸ ਦਾ ਪਾਣੀ ਆਦਮਪੁਰ ਤੋਂ ਅੱਗੇ ਦੇ ਪਿੰਡਾਂ ਨੂੰ ਦਿੱਤਾ ਗਿਆ। ਸਿੰਚਾਈ ਖੂਹਾਂ ਨਾਲ ਹੁੰਦੀ। "ਸਾਰੇ ਜੱਟ ਕਰਜਾਈ ਕੀਤੇ ਬਾਣੀਆਂ ਨੇ ਅੱਤ ਚੁੱਕੇ ਲਈ" ਕਿਸਾਨ ਦੀ ਕਮਾਈ ਤੇ ਟਰੈਕਟਰ ਤੇ ਹੋਰ ਜਰਾਇਤੀ ਸੰਦ ਬਣਾਉਣ ਤੇ ਵੇਚਣ ਵਾਲੇ ਲੈ ਗਏ ਕਿਉਂਕਿ ਕਿਸਾਨ ਅੱਗੇ ਤੋਂ ਅੱਗੇ ਜਰਾਇਤੀ ਮਸ਼ੀਨਰੀ ਤੋਂ ਪੈਸਾ ਲਾਉਂਦਾ ਰਿਹਾ। ਇਹਨਾਂ ਕਾਰਖਾਨੇਦਾਰਾਂ ਅਤੇ ਬਿਜਨੈਸਮੈਨਾਂ ਨੇ ਤਾਂ ਸੋਹਣੇ ਮਹੱਲ ਉਸਾਰ ਲਏ ਪਰ ਕਿਸਾਨ ਦੇ ਸਿਰ ਕਰਜ਼ੇ ਦਾ ਬੋਝ ਪੈ ਗਿਆ। ਦੇਸ਼ ਦੀ ਪਾਰਲੀਮੈਂਟ ਵਿੱਚ ਕਿਸਾਨਾਂ ਦੇ ਨੁਮਾਇੰਦੇ ਘੱਟ ਹਨ ਤੇ ਦੇਸ਼ ਦੀ ਨੀਤੀ ਕਿਸਾਨ ਮਾਰੂ ਹੈ। ਇਸ ਦਾ ਇੱਕੋ ਇੱਕ ਇਲਾਜ ਹੈ ਦੇਸ਼ ਦੇ ਸਾਰੇ ਕਿਸਾਨਾਂ ਦਾ ਇੱਕ ਝੰਡੇ ਥੱਲੇ ਇਕੱਠੇ ਹੋਣਾ ਤੇ ਦੇਸ਼ ਦੀ ਪਾਰਲੀਮੈਂਟ ਵਿੱਚ ਆਪਣੀ ਆਬਾਦੀ ਤੇ ਅਨੁਪਾਤ ਨਾਲ ਭਾਵ 75%

ਨੁਮਾਇੰਦੇ ਭੇਜਣੇ ਤਾਂ ਹੀ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਿਕਲੇਗਾ।

ਇਸ ਵੇਲੇ ਤਾਂ ਕਿਸਾਨਾਂ ਦਾ ਮਨੋਬਲ ਡਿਗਿਆ ਹੋਇਆ ਹੈ। ਕਰਜ਼ੇ ਤੋਂ ਪ੍ਰੇਸ਼ਾਨ ਕਈ ਖੁਦਕੁਸ਼ੀਆਂ ਕਰ ਰਹੇ ਹਨ। ਜ਼ਮੀਨਾਂ ਗਹਿਣੇ ਕਰਨੀਆਂ ਪਈਆਂ ਤੇ ਹਲਕੇ ਫੁਲਕੇ ਕਵੀਆਂ ਨੇ ਇਸ ਪਾਟੀ ਹੋਈ ਪੱਗ ਨੂੰ ਲੀਰੋ ਲੀਰ ਕਰਨ ਲਈ ਬੋਲੀ ਬਣਾਈ:-

ਆਉਂਦੀ ਕੁੜੀਏ ਜਾਂਦੀ ਕੁੜੀਏ!!
ਚੱਕ ਲਿਆ ਬਜ਼ਾਰੋਂ ਗਹਿਣੇ।
ਏਥੋਂ ਦੇ ਸ਼ੁਕੀਨ ਗੱਭਰੂ
ਚਿੱਟੇ ਚਾਦਰੇ ਜ਼ਮੀਨਾਂ ਗਹਿਣੇ।

ਢਾਡੀ ਵਾਰਾਂ ਲਿਖਣ ਵਾਲਿਆਂ ਦਾ ਕਮਾਲ ਹੈ ਕਿ ਮੁਰਦਾ ਦਿਲਾਂ ਵਿੱਚ ਜਾਨ ਪਾ ਦਿੰਦੇ ਹਨ। ਪ੍ਰੋ. ਸ਼ੇਰ ਸਿੰਘ ਕੰਵਲ ਹੁਰਾਂ ਉਪਰੋਕਤ ਬੋਲੀ ਨੂੰ ਇਸ ਤਰ੍ਹਾਂ ਬਦਲਿਆ ਹੈ ਕਿ ਕਿਸਾਨ ਆਪਣੇ ਆਪ ਨੂੰ ਹੀਣੇ ਨਾ ਸਮਝਣ ਉਨ੍ਹਾਂ ਦੀ ਅਣਖ ਜਾਗੇ ਤੇ ਉਹ ਗਾਉਣ:-

ਆਉਂਦੀ ਕੁੜੀਏ ਜਾਂਦੀ ਕੁੜੀਏ!!
ਚੱਕ ਲਿਆ ਬਜਾਰੋਂ ਗਹਿਣੇ।
ਤਿਲ ਤਿਲ ਕੱਟ ਮਰਾਂਗੇ
ਪੈਣ ਦੇਣਾ ਨਹੀਂ ਪੰਜਾਬ ਹੁਣ ਗਹਿਣੇ।

ਕਈ ਕਈ ਘਰਾਂ ਦਾ ਖੂਹ ਸਾਂਝਾ ਹੁੰਦਾ ਤੇ ਖੂਹ ਦੀ ਵਾਰੀ ਨਿਰਾ ਲੜਾਈ ਦਾ ਘਰ ਹੁੰਦੀ। ਖੂਹ ਦੀ ਵਾਰੀ ਕਾਰਨ ਡਾਂਗਾਂ ਛਵੀਆਂ ਚਲਦੀਆਂ। ਦੁਸ਼ਮਣੀਆਂ ਪੁਸ਼ਤ ਦਰ ਪੁਸ਼ਤ ਚਲਦੀਆਂ ਇਹ ਅਖਾਣ ਉਸ ਸਮੇਂ ਦਾ ਹੈ। "ਖੂਹ ਵਿੱਚ ਹਿੱਸਾ ਚਾਲੀਵਾਂ ਤੇ ਜੁੱਤੀਆਂ ਵਿੱਚ ਅੱਧ"

ਸਮਾਂ ਆਪਣੀ ਰਫਤਾਰ ਤੁਰਿਆ ਗਿਆ। 1962 ਵਿੱਚ ਚੀਨ ਦੀ ਲੜਾਈ ਤੱਕ ਕੀਮਤਾਂ ਟਿਕੀਆਂ ਰਹੀਆਂ ਤੇ ਫੇਰ ਮਹਿੰਗਾਈ ਵਧਣੀ ਐਸੀ ਸ਼ੁਰੂ ਹੋਈ ਕਿ ਅੱਜ ਤੱਕ ਸਰਕਾਰ ਤੋਂ ਇਸ ਨੂੰ ਨੱਥ ਨਹੀਂ ਪਾ ਹੋਈ। ਮੁਲਕ ਦੀ ਆਬਾਦੀ ਵਧੀ। 1964 ਵਿੱਚ ਅਮਰੀਕਾ ਵਾਲੇ ਕਣਕ ਦੇਣ ਤੋਂ ਮੁਨਕਰ ਹੋ ਗਏ। ਦੇਸ਼ ਦੇ ਚੰਗੇ ਭਾਗਾਂ ਨੂੰ ਕਣਕ ਦੀਆਂ ਮਧਰੀਆਂ ਕਿਸਮਾਂ ਦੇ ਬੀਜ ਆ ਗਏ ਤੇ 1967 ਵਿੱਚ ਭਾਰਤ ਅਨਾਜ ਦੇ ਮਾਮਲੇ ਵਿੱਚ ਆਪਣੇ ਪੈਰਾਂ ਤੇ ਖੜੋ ਗਿਆ ਜਿਸ ਦਾ ਸਿਹਰਾ ਪੰਜਾਬੀ ਕਿਸਾਨਾਂ ਦੇ ਸਿਰ ਹੈ। ਥਾਂ ਥਾਂ ਤੇ ਟਿਊਬਵੈੱਲ ਲੱਗ ਗਏ। ਪਹਿਲਾਂ ਡੀਜ਼ਲ ਇੰਜਣਾਂ ਨਾਲ ਤੇ ਫੇਰ ਬਿਜਲੀ ਦੀਆਂ ਮੋਟਰਾਂ ਨਾਲ ਟਿਊਬਵੈੱਲ ਚੱਲਣ ਲੱਗੇ। ਪੰਜ ਸੱਤ ਕਿੱਲੇ ਵਾਲਿਆਂ ਵੀ ਟਰੈਕਟਰ ਲੈ ਗਏ। ਜ਼ਮੀਨ ਜੋ ਪਹਿਲਾਂ ਬੰਜਰ ਸੀ ਆਬਾਦ ਹੋ ਗਈ। ਕਰਾਹ ਕੇ ਪਾਣੀ ਲਾਉਣ ਯੋਗ ਬਣਾ ਕੇ ਹੀ ਪੂਰੀ ਪੈਦਾਵਾਰ ਲਈ ਜਾ ਸਕਦੀ ਸੀ। ਝੋਨੇ ਦੀਆਂ ਉੱਨਤ ਕਿਸਮਾਂ ਨੇ ਤਾਂ ਅਨਾਜ ਦੀ ਬਹੁਤਾਤ ਕਰ ਦਿੱਤੀ ਤੇ ਸਰਕਾਰ ਕੋਲ ਭੰਡਾਰ ਕਰਨ ਨੂੰ

ਗੁਦਾਮ ਨਾ ਰਹੇ ਤੇ ਝੋਨਾ ਬਾਹਰ ਫੜਾਂ ਵਿੱਚ ਤਰਪਾਲਾਂ ਨਾਲ ਢੱਕ ਕੇ ਰੱਖਣਾ ਪਿਆ। ਪੰਜਾਬ ਦੇ ਕਿਸਾਨਾਂ ਨੇ ਜ਼ਮੀਨ ਦੇ ਹੇਠਲਾ ਪਾਣੀ ਮੁਕਾ ਕੇ ਸਾਹ ਲਿਆ। ਬੋਰਾਂ ਦੇ ਪੱਖੇ ਵੀ ਤੀਹ ਫੁੱਟ ਹੇਠਾਂ ਕਰਨ ਲਈ ਖੂਹੀਆਂ ਬਣਾਉਣੀਆਂ ਪਈਆਂ। ਇਹ ਵਾਧੇ ਦਾ ਖਰਚ ਆ ਪਿਆ। ਆਲੂ ਦਾ ਭਾਅ ਐਨਾ ਡਿੱਗ ਪਿਆ ਕਿ ਖਰਚਾ ਵੀ ਪੂਰਾ ਨਾ ਹੋਵੇ। ਕਿਸਾਨ ਖੁਦਕਸ਼ੀਆਂ ਕਰਨੰ ਤੇ ਮਜਬੂਰ ਹੋਏ। ਅੱਜਕੱਲ ਡੂੰਘੇ ਬੋਰ ਕਰ ਕੇ ਸਬਮਰਸੀਬਲ ਮੋਟਰਾਂ ਲਗਵਾ ਰਹੇ ਹਨ ਜਿਨ੍ਹਾ ਤੇ ਭਾਰੀ ਖਰਚ ਹੋ ਰਿਹਾ ਹੈ। ਇਸ ਵੇਲੇ ਦੇ ਝੋਨਾ-ਕਣਕ ਦੇ ਫਸਲ ਚੱਕਰ ਨੇ ਇਸ ਡੂੰਘੇ ਲੈਵਲ ਤੋਂ ਵੀ ਧਰਤੀ ਦਾ ਪਾਣੀ ਮੁਕਾ ਦੇਣਾ ਹੈ ਜਿਸ ਤਰ੍ਹਾਂ ਕਿ ਜ਼ਿਆਦਾ ਵਰਤਣ ਨਾਲ ਉਪਰਲੇ ਲੈਵਲ ਦਾ ਮੁਕਾਇਆ ਹੈ। ਉਸ ਤੋਂ ਬਾਅਦ ਖੇਤੀ ਕਿਵੇਂ ਹੋਵੇਗੀ ਇਹ ਸੋਚਣ ਵਾਲੀ ਗੱਲ ਹੈ।

# ਪੁਰਾਤਨ ਕਿਸਾਨੀ ਜੀਵਨ

ਭਲੇ ਸਮਿਆਂ ਦੀਆਂ ਕੁਝ ਭਲੀਆਂ ਗੱਲਾਂ ਸਨ। ਜਿੰਮੀਂਦਾਰ ਖੇਤਾਂ ਵਿੱਚ ਹੀ ਬਹੁਤੀ ਵਾਰ ਹਲ, ਪੰਜਾਲ੍ਹੀ, ਸੁਹਾਗੀ ਅਤੇ ਹੋਰ ਸੰਦ ਛੱਡ ਆਉਂਦੇ। ਚੋਰ ਇਹਨਾਂ ਸੰਦਾਂ ਦੀ ਚੋਰੀ ਨਹੀਂ ਕਰਦੇ ਸਨ ਕਿਉਂਕਿ ਵਹਿਮ ਚਲੇ ਆਉਂਦੇ ਸਨ ਕਿ ਅਜੇਹੇ ਸੰਦ ਚੋਰੀ ਕਰਨ ਵਾਲੇ ਨੂੰ ਕੋਹੜ ਹੋ ਜਾਂਦਾ ਹੈ। ਇਥੋਂ ਤਕ ਕਿ ਜੋ ਬੀਜ ਬੱਚ ਜਾਵੇ ਉਹ ਵੀ ਉਥੇ ਹੀ ਰੱਖ ਆਉਣਾ। ਬੀਜ ਦੀ ਚੋਰੀ ਵੀ ਬੁਰੀ ਸਮਝੀ ਜਾਂਦੀ ਸੀ। ਹੁਣ ਦੇ ਸਮੇਂ ਦੇ ਸ਼ਰਾਬ ਕੱਢਣ ਵਾਲੇ ਅਮਲੀ ਤਾਂ ਤਾੜਦੇ ਰਹਿੰਦੇ ਹਨ ਕਿ ਕਿਸੇ ਦਾ ਕੋਈ ਸੰਦ ਮਿਲੇ। ਉਹ ਰਾਤੋ ਰਾਤ ਭੱਠੀ ਹੇਠਾਂ ਦੇ ਕੇ ਅਪਣਾ ਬੁੱਤਾ ਰੇੜ ਲੈਂਦੇ ਹਨ।

ਹਾਲੀ ਦੀ ਰੋਟੀ (ਛਾਹ ਵੇਲਾ) ਜਦੋਂ ਘਰਵਾਲੀ ਜਾਂ ਕੋਈ ਹੋਰ ਜਨਾਨੀ ਲੈ ਕੇ ਜਾਂਦੀ ਤਾਂ ਇੱਕ ਆਦਮੀ ਦੀ ਵਾਧੂ ਰੋਟੀ ਲੈ ਕੇ ਜਾਂਦੀਆਂ। ਜੇ ਕਈ ਹੋਰ ਰੋਟੀ ਖਾਣ ਵਾਲਾ ਨਾ ਹੁੰਦਾ ਤਾਂ ਰੋਟੀ ਬਲਦਾਂ ਨੂੰ ਖੁਆ ਦਿੱਤੀ ਜਾਂਦੀ। ਰੋਟੀ ਵਾਲੀ ਨੂੰ ਨੇੜੇ ਆਈ ਦੇਖ ਕੇ ਬਲਦ ਆਪੇ ਹੀ ਰੁਕ ਜਾਂਦੇ।

ਜ਼ਿਮੀਂਦਾਰ ਮਾੜੇ-ਮੋਟੇ ਕੰਮਾਂ ਲਈ ਵੀ ਲੁਹਾਰਾਂ ਤਰਖਾਣਾ 'ਤੇ ਨਿਰਭਰ ਕਰਦੇ। ਸ਼ਾਇਦ ਹੀ ਕਿਸੇ ਦੇ ਘਰ ਹਥੌੜਾ, ਆਰੀ, ਤੇਸਾ ਜਾਂ ਸੰਨ੍ਹੀ ਹੁੰਦੀ। ਇਕ ਕਿੱਲ ਦੀ ਵੀ ਝੰਡ ਬਠਾਲਣੀ ਹੁੰਦੀ ਤਾਂ ਗੱਡਾ ਤਰਖਾਣ ਜਾਂ ਲੁਹਾਰ ਕੋਲ ਲੈ ਕੇ ਜਾਂਦੇ। ਹਲ ਵਿੱਚ ਉੱਚਾ-ਨੀਵਾਂ ਕਰਨ ਲਈ ਇਕ ਫਾਲ੍ਹ ਵੀ ਠੋਕਣੀ ਹੁੰਦੀ ਤਾਂ ਹੱਲ ਚੁੱਕ ਕੇ ਤਰਖਾਣਾਂ ਦੇ ਕਾਰਖਾਨੇ ਨੂੰ ਲੈ ਕੇ ਜਾਂਦੇ। ਜੁੱਤੀ ਨੂੰ ਇੱਕ ਟੰਕਾ ਵੀ ਲਾਉਣ ਹੁੰਦਾ ਤਾਂ ਗਾਂਢੇ ਕੋਲ ਜਾਂਦੇ। ਜੇਕਰ ਆਪਣੇ ਘਰ ਥੋੜ੍ਹੇ ਜਿਹੇ ਸੰਦ ਰੱਖੇ ਹੁੰਦੇ ਤਾਂ ਕਾਫੀ ਸਮਾਂ ਬਚ ਸਕਦਾ ਸੀ, ਜਿਹੜਾ ਕਿ ਹੋਰ ਉਪਜਾਊ ਕੰਮਾਂ ਲਈ ਵਰਤਿਆ ਜਾਂਦਾ ਜਾ ਸਕਦਾ। ਜ਼ਿੰਦਗੀ ਮਜ਼ੇ-ਮਜ਼ੇ ਜਿਊਂਦੇ ਸੀ। ਖੇਤੀ ਕਰਮਾਂ ਸੇਤੀ ਸਮਝਦੇ। ਨਾ ਤਾਂ ਫਸਲ 'ਤੇ ਖਾਦ, ਦਵਾਈਆਂ, ਡੀਜ਼ਲ ਆਦਿ ਦਾ ਖਰਚ ਸੀ। ਜ਼ਿਮੀਂਦਾਰ ਥੋੜ੍ਹੀ ਉਪਜ ਹੋਣ 'ਤੇ ਵੀ ਖੁਸ਼ ਰਹਿੰਦੇ। ਹੁਣ ਦੇ ਕਰਜ਼ੇ ਦੇ ਬੋਝ ਕਾਰਨ, ਬਲਡ ਪ੍ਰੈਸ਼ਰ, ਸ਼ੂਗਰ ਵਗੈਰਾ ਬਿਮਾਰੀਆਂ ਤੋਂ ਬਚੇ ਹੋਏ ਸਨ।

ਸੰਨ 1951 ਵਿੱਚ ਮਾਰਚ ਮਹੀਨੇ ਦੁਆਬੇ ਦੇ ਪਿੰਡਾਂ ਵਿੱਚ ਇੱਕ ਐਸਾ ਟਿੱਡੀ ਦਲ ਆਇਆ ਕਿ ਅਸਮਾਨ ਕਾਲਾ ਦਿੱਸਦਾ ਸੀ। ਦੇਖਦਿਆਂ-ਦੇਖਦਿਆਂ ਟਿੱਡੀਆਂ ਸਭ ਫਸਲਾਂ ਅਤੇ ਦਰੱਖਤਾਂ ਦੇ ਪੱਤੇ ਚੱਟ ਕਰ ਗਈਆਂ। ਟਿੱਡੀਆਂ ਨੇ ਜ਼ਮੀਨ ਵਿੱਚ ਆਂਡੇ ਦੇ ਦਿੱਤੇ। ਸਰਕਾਰ ਨੇ ਜੰਗੀ ਪੱਧਰ 'ਤੇ ਟਿੱਡੀ ਦਲ 'ਤੇ ਕਾਬੂ ਪਾਇਆ ਅਤੇ ਆਂਡੇ ਖਤਮ ਕੀਤੇ।

ਸੰਗਰਾਂਦ ਵਾਲੇ ਦਿਨ ਬਲਦ ਜੋੜ ਕੇ ਵੀ ਖੇਤੀ ਦਾ ਕੰਮ ਕਰਨ ਦੀ ਮਨਾਹੀ ਸੀ। ਅਜਿਹਾ ਕਰਨ ਵਾਲੇ ਨੂੰ ਸਾਰੇ ਫਿਟਕਾਰਦੇ ਸਨ।

ਕਈ ਵਾਰੀ ਸਾਵਣ ਭਾਦੋਂ ਦੇ ਮਹੀਨਿਆਂ ਵਿੱਚ ਭਾਰੀ ਬਰਸਾਤਾਂ ਹੋਣ ਨਾਲ

ਮੱਕੀ ਦੀ ਫਸਲ ਮਰ ਜਾਂਦੀ ਤੇ ਕਈ ਵਾਰੀ ਭਾਦੋਂ, ਅਸੂ ਵਿੱਚ ਮੀਂਹ ਨਾ ਪੈਣ ਕਾਰਨ ਕਣਖ ਦੀ ਫਸਲ ਬੀਜ ਨਾ ਹੁੰਦੀ। ਖੇਤੀ ਰੱਬ ਆਸਰੇ ਸੀ। ਜੇਕਰ ਮੀਂਹ ਸਮੇਂ ਸਿਰ ਪੈਂਦਾ ਤਾਂ ਫਸਲ ਚੰਗੀ ਹੋ ਜਾਂਦੀ। ਛੋਲੇ, ਸਰ੍ਹੋਂ, ਅਲਸੀ, ਤਾਰਾਮੀਰਾ, ਮਸਰ ਹਾੜ੍ਹੀ ਦੀ ਫਸਲ ਮਾਰੂ ਹੀ ਬੜੀ ਚੰਗੀ ਹੋ ਜਾਂਦੀ ਸੀ। ਇਸੇ ਤਰ੍ਹਾਂ ਸਾਉਣੀ ਵਿੱਚ ਮਾਂਹ, ਮੋਠ, ਤਿਲ੍ਹ, ਮੂੰਗੀ, ਰੁਆਂਹ, ਵਗੈਰਾ ਕਾਫੀ ਹੋ ਜਾਂਦੇ ਸੀ। ਹਰ ਇਕ ਕਿਸਾਨ ਆਪਣੇ ਘਰ ਸਾਲ ਭਰ ਖਾਣ ਜੋਗੀਆਂ ਦਾਲਾਂ ਅਤੇ ਤੇਲ ਵਾਸਤੇ ਸਰ੍ਹੋਂ, ਰਾਇਆ ਜ਼ਰੂਰ ਬੀਜਦੇ।

ਹਰ ਮੌਸਮ ਵਿੱਚ ਪਿੰਡਾਂ ਵਿੱਚ ਝੀਰ ਭੱਠੀਆਂ ਤਪਾਉਂਦੇ ਤੇ ਬੱਚੇ ਦਾਣੇ ਭੁਨਾਉਣ ਜ਼ਰੂਰ ਜਾਂਦੇ। ਨਵੀਂ ਮੱਕੀ ਦੀ ਫਸਲ ਤੇ ਮੁਰਮਰੇ ਚੱਬਣ ਨੂੰ ਸਭ ਦਾ ਜੀ ਕਰਦਾ। ਇਹਨਾਂ ਦਿਨਾਂ ਵਿੱਚ ਭੱਠੀਆਂ 'ਤੇ ਬਹੁਤ ਭੀੜ ਹੁੰਦੀ ਸੀ। ਫੱਗਣ ਮਹੀਨੇ ਬੀਜੇ ਖਰਬੂਜੇ ਹਦਵਾਣੇ ਗਰਮੀਆਂ ਵਿੱਚ ਪੱਕਦੇ । ਰਾਤ ਨੂੰ ਖਰਬੂਜੇ ਹਦਵਾਣੇ ਚੋਰੀਂ ਤੋੜਨ ਜਾਣਾ ਮੁੰਡਿਆਂ ਦਾ ਸ਼ੁਗਲ ਸੀ।

ਝੀਰਾਂ ਨੇ ਸਵੇਰੇ ਹਰ ਘਰ ਵਿੱਚ ਇਕ ਘੜਾ ਪਾਣੀ ਦਾ ਲਿਆ ਕੇ ਰੱਖਣਾ, ਜਿਸਦੇ ਬਦਲੇ ਉਨ੍ਹਾਂ ਨੂੰ ਜ਼ਿਮੀਂਦਾਰਾਂ ਤੋਂ ਫਸਲ ਦੀ ਇਕ ਭਰੀ ਮਿਲਦੀ। ਇਸ ਤਰ੍ਹਾਂ ਉਹਨਾਂ ਦਾ ਛੇ ਮਹੀਨੇ ਦਾ ਅੰਨ ਤਾਂ ਜਮ੍ਹਾ ਹੋ ਜਾਂਦਾ ਸੀ। ਹੋਰ ਲਾਗੀਆਂ ਨੂੰ ਵੀ ਫਸਲ 'ਤੇ ਭਰੀਆਂ ਜਾਂ ਦਾਣੇ ਦਿੱਤੇ ਜਾਂਦੇ ਸਨ। ਲੁਹਾਰ ਅਤੇ ਤਰਖਾਣ ਹਲ੍ਹਾਂ ਦੀ ਗਿਣਤੀ ਅਨੁਸਾਰ ਭਰੀਆਂ ਲੈਂਦੇ ਸਨ ਅਤੇ ਉਹਨਾਂ ਦੀਆਂ ਭਰੀਆਂ ਦੀ ਗਿਣਤੀ ਵਿੱਚ ਤੱਕੜੇ ਹਲ ਜਿੰਨੀ ਹੋ ਜਾਂਦੀ ਸੀ। ਲੁਹਾਰ ਕਣਕ ਦੀ ਵਢਾਈ ਦੇ ਦਿਨਾਂ ਵਿੱਚ ਖੇਤਾਂ ਵਿੱਚ ਜਾ ਕੇ ਦਾਤੀਆਂ ਨੂੰ ਦੰਦੇ ਕੱਢਿਆ ਕਰਦੇ ਸਨ।

# ਮੇਲੇ-ਛਿੰਜਾਂ

ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲਊਂ

ਕਾਫੀ ਸਮੇਂ ਤੋਂ ਪਿੰਡ ਡਰੋਲੀ ਕਲਾਂ, ਡਮੁੰਡਾ ਅਤੇ ਪਧਿਆਣਾ ਵਿੱਚ ਭਾਦੋਂ ਮਹੀਨੇ ਛਿੰਜਾਂ ਲੱਗਦੀਆਂ ਸਨ। ਦਸ ਕੁ ਸਾਲਾਂ ਤੋਂ ਇਹ ਬੰਦ ਹੋ ਗਈਆਂ ਹਨ। ਦੁਆਬੇ ਦੇ 84 ਪਿੰਡਾਂ ਵਿੱਚ ਛਿੰਜਾਂ ਲਗਦੀਆਂ ਸਨ। ਪਹਿਲਵਾਨ ਇਹਨਾਂ ਛਿੰਜਾਂ ਵਿੱਚ ਹਿਸਾ ਲੈਣ ਲਈ ਦੂਰੋਂ-ਦੂਰੋਂ ਆਉਂਦੇ। ਛਿੰਜ ਦੀ ਕਮੇਟੀ ਪਿੰਡ ਦੇ ਸਿਆਣੇ ਬੰਦਿਆਂ ਦੀ ਹੁੰਦੀ ਸੀ, ਜੋ ਪਹਿਲਵਾਨਾਂ ਦੇ ਘੋਲ ਕਰਾਉਣ ਤੋਂ ਪਹਿਲਾਂ ਫੈਸਲਾ ਕਰਦੀ ਕਿ ਕਿਹੜਾ ਪਹਿਲਵਾਨ ਕਿਸ ਨਾਲ ਘੁਲੇਗਾ। ਜਿਵੇਂ ਫੁੱਟਬਾਲ, ਹਾਕੀ, ਖੇਡਾਂ ਵਿੱਚ ਕਰਾਸ ਸੁੱਟਦੇ ਹਨ ਤੇ ਹਿੱਸਾ ਲੈਣ ਵਾਲੀਆਂ ਟੀਮਾਂ ਦੇ ਮੈਚਾਂ ਦੀ ਵੰਡ ਪਾਉਂਦੇ ਸਨ। ਕੁਸ਼ਤੀ ਵਿੱਚ ਹਰ ਇੱਕ ਨਾਲ ਇਨਸਾਫ ਕੀਤਾ ਜਾਂਦਾ। ਅਸੀਂ ਛੋਟੇ ਹੁੰਦਿਆਂ ਦੇਖਿਆ ਹੈ ਕਿ ਪਿੰਡ ਕਾਲਰੇ ਦੇ ਪਹਿਲਵਾਨ ਛਿੰਜ ਦੇ ਮੈਦਾਨ ਵਿੱਚ ਪੁੱਠੀ ਗੇੜੀ ਦਿਆ ਕਰਦੇ। ਲੇਖਕ ਛਿੰਜ ਵਾਲੇ ਪਿੰਡਾਂ ਦੀਆਂ ਕਮੇਟੀਆਂ ਦੀ ਸਿਆਣਪ ਅਤੇ ਸਹਿਣਸ਼ੀਲਤਾ ਦੀ ਦਾਦ ਦਿੰਦਾ ਹੈ ਕਿ ਉਹ ਇਸ ਐਵੇਂ ਦੇ ਪੰਗੇ ਨੂੰ ਅੱਖੋਂ ਓਹਲੇ ਕਰ ਦਿਆ ਕਰਦੇ। ਡਰੋਲੀ ਕਲਾਂ, ਪਧਿਆਣਾ ਅਤੇ ਡਮੁੰਡਾ ਮਿਨਹਾਸ ਰਾਜਪੂਤਾਂ ਦੇ ਪਿੰਡ ਹਨ। ਕਾਲਰੇ ਪਿੰਡ ਦੇ ਮੋਢੀ ਅਮਨੂੰ ਨੂੰ ਡਰੋਲੀ ਕਲਾਂ ਦੇ ਮਾਲਕ ਨੇ ਆਪਣੀ ਲੜਕੀ ਦਾ ਰਿਸ਼ਤਾ ਦਿੱਤਾ ਸੀ। ਨਾਨਕੇ ਪਿੰਡ ਜਾ ਕੇ ਮੁੰਡੇ ਥੋੜ੍ਹੇ ਲਾਡਲੇ ਜਿਹੇ ਬਣ ਹੀ ਜਾਂਦੇ ਹਨ। ਛਿੰਜਾਂ ਵਿੱਚ ਅਮੀਰ ਲੋਕ ਘੋੜੀਆਂ ਅਤੇ ਊਠਾਂ 'ਤੇ ਆਉਂਦੇ। ਚੰਗੇ ਘੋੜਿਆਂ-ਘੋੜੀਆਂ, ਊਠਾਂ ਦੀ ਦੂਰ-ਦੂਰ ਤੱਕ ਮਸ਼ਹੂਰੀ ਹੁੰਦੀ, ਜਿਸ ਤਰ੍ਹਾਂ ਅੱਜਕੱਲ ਕੀਮਤੀ ਕਾਰਾਂ ਵਾਲਿਆਂ ਦਾ ਟੌਹਰ ਹੈ, ਉਸ ਸਮੇਂ ਕੀਮਤੀ ਘੋੜੀਆਂ ਵਾਲਿਆਂ ਦਾ ਹੁੰਦਾ ਸੀ।

ਪਿੰਡ ਡਰੋਲੀ ਕਲਾਂ ਵਿਖੇ ਬਾਬਾ ਮਤੀ ਵਾਲੀ ਜਗ੍ਹਾ 'ਤੇ ਵਿਸਾਖੀ ਦਾ ਮੇਲਾ ਲੱਗਦਾ ਹੈ। ਪਹਿਲਾਂ ਪਾਂਛਟਾ ਵਿਖੇ ਵੀ ਵਿਸਾਖੀ 'ਤੇ ਮੇਲਾ ਲੱਗਦਾ ਸੀ। ਹੁਣ ਇਹ ਬੰਦ ਹੈ। ਪਾਂਛਟਾ ਦੁਸਹਿਰੇ ਦਾ ਮੇਲਾ ਲੱਗਦਾ ਸੀ। ਮੇਲਿਆਂ ਦੇ ਦਿਨਾਂ ਵਿੱਚ ਉਸ ਪਿੰਡ ਵਿੱਚ ਪ੍ਰਾਹੁਣਿਆਂ ਦੀ ਭਰਮਾਰ ਹੁੰਦੀ। ਪਿੰਡ ਦੇ ਲੋਕ ਇਕ ਦੂਜੇ ਨੂੰ ਪੁੱਛਦੇ "ਅੱਜ ਕਿੰਨੇ ਕੁ ਤਿਲੀਅਰ ਆਏ ? " ਮੇਲਿਆਂ ਅਤੇ ਛਿੰਜਾਂ ਵਿੱਚ ਡਾਂਗਾਂ ਦਾ ਖੜਕਣਾ ਸੁਭਾਵਕ ਹੀ ਸੀ। ਪਿੰਡਾਂ ਦੇ ਗੱਭਰੂ ਟੋਲੀਆਂ ਬਣਾ ਕੇ ਮੇਲੇ ਵਿੱਚ ਘੁੰਮਦੇ ਤੇ ਕਈ ਵਾਰੀ ਐਵੇਂ ਕਿਸੇ ਦੂਜੀ ਟੋਲੀ ਨਾਲ ਪੰਗਾ ਲੈ ਲੈਂਦੇ। ਸਮਾਂ ਚੰਗਾ ਸੀ, ਜੇ ਕਦੇ ਡਾਂਗ ਖੜਕ ਵੀ ਪਵੇ ਤਾਂ ਇਕ-ਦੂਜੇ ਨੂੰ ਡੇਗਣ ਤੱਕ ਹੀ ਲੜਦੇ । ਡਿੱਗੇ ਹੋਏ 'ਤੇ ਵਾਰ ਨਾ ਕਰਦੇ ਤੇ ਨਾ ਹੀ ਭੱਜੇ ਜਾਂਦੇ ਮਗਰ ਦੌੜ ਕੇ ਮਾਰਦੇ। ਪਰ ਡਰੋਲੀ ਕਲਾਂ ਦੀ ਛਿੰਜ ਦਾ ਵਾਤਾਵਰਣ ਅਚਾਨਕ ਸਿਖਰ 'ਤੇ ਪੁੱਜ ਜਾਂਦਾ ਜਿਵੇਂ 1937-38 ਵਿੱਚ ਪਿੰਡ ਕਾਲਰਾ ਦੇ ਉਮਦਾ ਸਿੰਘ ਖੁੱਤਣ ਦਾ ਕਤਲ ਹੋਇਆ।

ਹਿੰਦੂ ਮੇਲਿਆਂ ਵਿੱਚ ਰਾਮ ਨੌਮੀ ਦੇ ਮੇਲੇ, ਬਸੰਤ ਪੰਛਮੀ, ਦੁਸਹਿਰਾ ਦੀਵਾਲੀ ਤੇ ਲੋਹੜੀ ਅਤੇ ਸਥਾਨਕ ਹਿੰਦੂ ਮੰਦਰਾਂ ਵਿੱਚ ਤਕਰੀਬਨ ਸਾਰੇ ਪੰਜਾਬ ਵਿੱਚ ਹਰ ਮਹੀਨੇ ਮੇਲੇ ਲੱਗਦੇ ਰਹਿੰਦੇ ਸਨ, ਜਿਨ੍ਹਾਂ ਵਿੱਚ ਪੰਜਾਬ ਦੀਆਂ ਸਾਰੀਆਂ ਜਾਤੀਆਂ ਦੇ ਲੋਕ ਵਧ-ਚੜ੍ਹ ਕੇ ਹਿੱਸਾ ਲੈਂਦੇ। ਸਵੇਰ-ਸਵੇਰ ਇਸਤਰੀਆਂ ਬਾਲ ਬੱਚਿਆਂ ਸਮੇਤ ਧਾਰਮਿਕ ਰਸਮਾਂ ਮੁਤਾਬਕ ਪੂਜਾ ਪਾਠ ਵਿੱਚ ਭਾਗ ਲੈਂਦੀਆਂ ਤੇ ਉਪਰੰਤ ਮੇਲੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨਾਲ ਭਰ ਜਾਂਦੇ। ਰਾਜਣੀ ਦੇਵੀ ਦੇ ਮੇਲਿਆਂ ਵਿੱਚ ਚੱਬੇਵਾਲ ਦੇ ਜ਼ਰੂਰ ਪੰਗਾ ਲੈਂਦੇ। ਸ੍ਰੀ ਬਖਸ਼ੀਸ਼ ਸਿੰਘ ਸਿੰਘ ਨਿੱਜਰ ਹੋਰੀਂ ਕਰਤਾ ਨੂੰ ਦੱਸਿਆ ਕਿ ਉਹਨਾਂ ਨੇ 1933, 34, 35 ਈਸਵੀ ਵਿੱਚ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਇਕ ਪਾਸੇ ਚੱਬੇਵਾਲੀਏ ਦੂਸਰੇ ਪਾਸੇ ਸਿੰਘਪੁਰੀਏ ਆਹਮਣੇ-ਸਾਹਮਣੇ ਡਾਂਗਾਂ ਤਾਣੀ ਖੜ੍ਹੇ ਸਨ ਕਿ ਅਚਾਨਕ ਹੀ ਪੁਲਸ ਦਾ ਦਸਤਾ ਵਿਚਕਾਰ ਆ ਖਲੋਤਾ ਤੇ ਇੰਜ ਲਹੂ ਦਾ ਘਾਣ ਹੋਣੋ ਟਲ ਗਿਆ।

ਚੌਂਤਾ ਸਾਹਿਬ (ਬਬੇਲੀ) ਵਿੱਚ ਵੀ ਸਾਲਾਨਾ ਮੇਲਾ ਗੁਰੂ ਹਰਿ ਰਾਏ ਸਾਹਿਬ ਦੀ ਯਾਦ ਵਿੱਚ ਲੱਗਿਆ ਕਰਦਾ ਸੀ।

ਉਪਰੋਕਤ ਮੇਲਿਆਂ ਨਾਲੋਂ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਮੁਸਲਮਾਨਾਂ ਦੇ 'ਰੌਸ਼ਨੀਆਂ ਦੇ ਮੇਲੇ" ਪ੍ਰਸਿੱਧ ਹੁੰਦੇ ਸਨ। ਇਹ ਮੇਲੇ ਸਾਲਾਨਾ ਹਰ ਮੁਸਲਮਾਨ ਪਿੰਡ ਵਿੱਚ ਲੱਗਿਆ ਕਰਦੇ ਸਨ। ਉਹ ਆਪਣੀਆਂ ਖਾਨਗਾਹਾਂ (ਕਬਰਾਂ) ਉੱਤੇ ਰੌਸ਼ਨੀ ਦੇ ਮੇਲੇ ਕਰਵਾਇਆ ਕਰਦੇ ਸਨ, ਜੋ ਉਹਨਾਂ ਦੇ ਵੱਡੇ ਵਡੇਰੇ ਕਬਰਾਂ ਵਿੱਚ ਪਿਆਂ ਦੀ ਯਾਦ ਮਨਾਉਂਦੇ । ਇਸ ਮੌਕੇ 'ਤੇ ਦੂਰੋਂ ਦੂਰੋਂ ਕੱਵਾਲ ਆਉਂਦੇ ਤੇ ਕੱਵਾਲੀਆਂ ਹੁੰਦੀਆਂ। ਇਹਨਾਂ ਕੱਵਾਲੀਆਂ ਦੇ ਵਿਸ਼ੇ ਆਮ ਕਰਕੇ ਹਜ਼ਰਤ ਮੁਹੰਮਦ ਸਾਹਿਬ, ਹਜਰਤ ਅਲੀ ਅਤੇ ਹੋਰ ਪ੍ਰਸਿੱਧ ਮੁਸਲਮਾਨ ਸੂਫੀਆਂ ਸੰਤਾਂ ਦੇ ਵਡਿਆਈ ਵਿੱਚ ਗਾਈਆਂ ਜਾਂਦੀਆਂ। ਇਸ ਮੌਕੇ ਮੁਸਲਮਾਨ ਸਰੋਤਿਆਂ ਨੂੰ ਅੱਲ੍ਹਾ ਦੇ ਨਾਂਅ ਵਿੱਚ ਰਸੇ ਹੋਏ ਤੱਕਿਆ ਜਾਂਦਾ। ਕੱਵਾਲੀਆਂ ਐਨੀਆਂ ਪ੍ਰਭਾਵਪੂਰਨ ਹੁੰਦੀਆਂ ਸਨ ਕਿ ਸਰੋਤੇ ਸਹਿਜੇ ਹੀ ਅਲ੍ਹਾ ਤਾਲਾ ਨਾਲ ਜੁੜ ਜਾਂਦੇ ਅਤੇ ਇਲਾਹੀ ਰੰਗ ਮਾਣਦੇ। ਦੁਆਬੇ ਦੀਆਂ ਪ੍ਰਸਿੱਧ ਇਹੋ ਜਿਹੀਆਂ ਰੌਸ਼ਨੀਆਂ ਚਿਮਟੇਸ਼ਾਹ ਪਿੰਡ ਬਘਾਣਾ, ਗੜ੍ਹਸ਼ੰਕਰ, ਬਜਵਾੜਾ, ਹਰਿਆਣਾ, ਸ਼ਾਮ ਚੁਰਾਸੀ ਨੂਰਮਹਿਲ ਅਤੇ ਫਿਲੌਰ ਆਦਿ ਥਾਵਾਂ 'ਤੇ ਲੱਗਦੀਆਂ ਸਨ। ਇਹੋ ਜਿਹੀਆਂ ਰੌਸ਼ਨੀਆਂ ਦੇ ਮੇਲੇ ਸਾਲ ਵਿੱਚ ਇਕ ਵਾਰ, ਜ਼ਿਆਦਾਤਰ ਗਰਮੀਆਂ ਵਿੱਚ ਹਰ ਮੁਸਲਮਾਨ ਵਸੋਂ ਵਾਲੇ ਪਿੰਡ ਵਿੱਚ ਲੱਗਦੇ ਸਨ। ਇਸਲਾਮ ਧਰਮ ਮੰਨਦਾ ਹੈ ਕਿ ਹਰ ਫੌਤ ਹੋਇਆ ਮੁਸਲਮਾਨ ਆਪਣੀ ਕਬਰ ਵਿੱਚ (ਮੁਰਦੇ ਦੀ ਰੂਹ) ਕਿਆਮਤ ਤੱਕ ਰਹੇਗਾ, ਜਦ ਕਿ ਕਿਆਮਤ (ਪਰਲੋ) ਵਾਲੇ ਦਿਨ ਸੂਰਜ ਧਰਤੀ ਕੋਲ ਇੱਕ ਨੇਜੇ ਦੀ ਵਿੱਥ (10 ਕੁ ਫੁੱਟ) ਤੱਕ ਹੇਠਾਂ ਆ ਜਾਵੇਗਾ। ਉਸ ਨਾਲ ਦੁਨੀਆਂ ਦੀ ਹਰ ਚੀਜ਼ ਫਨਾ, ਹੋ ਜਾਵੇਗੀ। ਮੁਸਲਮਾਨਾਂ ਦਾ ਪੈਗੰਬਰ ਨਫੀਰੀ ਵਜਾਵੇਗਾ ਤਾਂ ਮੁਰਦੇ ਅੱਲ੍ਹਾ ਤਾਅਲਾ ਦੀ ਹਜ਼ੂਰੀ

ਵਿੱਚ ਪੇਸ਼ ਹੋਣਗੇ। ਉਨ੍ਹਾ ਦੇ ਕੀਤੇ ਕਰਮਾਂ ਅਨੁਸਾਰ ਉਹਨਾਂ ਨੂੰ ਤਿੰਨ ਵੱਖ-ਵੱਖ ਤਬਕਾਤ ਵਿੱਚ ਭੇਜਿਆ ਜਾਵੇਗਾ। ਜਿਹੜੇ ਲੋਕਾਂ ਨੇ ਨੇਕ ਕੰਮ ਕੀਤੇ ਹੋਣਗੇ, ਨੂੰ ਬਹਿਸ਼ਤੇ ਬਰੀਂ (ਪਹਿਲੇ ਦਰਜੇ ਦਾ ਸਵਰਗ ਮਿਲੇਗਾ। ਉਹਨਾਂ ਨੂੰ ਸੱਤ ਸੱਤ ਹੂਰਾਂ (ਉਹ ਔਰਤਾਂ ਜੋ ਕਦੇ ਬੁੱਢੀਆਂ ਨਹੀਂ ਹੁੰਦੀਆਂ) ਮਿਲਣਗੀਆਂ। ਉਥੇ ਦੁੱਧ ਦੀਆਂ ਨਦੀਆਂ ਵੱਗਦੀਆਂ ਹੋਣਗੀਆਂ ਅਤੇ ਜੀਵਨ ਬਿਤਾਉਣ ਦੇ ਵਧੀਆ ਸਾਮਾਨ ਹੋਣਗੇ, ਜਿਨ੍ਹਾਂ ਮੁਸਲਮਾਨਾਂ ਨੇ ਨੇਕ ਕੰਮ ਤਾਂ ਕੀਤੇ, ਪਰ ਨਮਾਜ਼ਾਂ ਨਹੀਂ ਪੜ੍ਹੀਆਂ ਅਤੇ ਰੋਜ਼ੇ ਨਹੀਂ ਰੱਖੇ, ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਨਹੀਂ ਮੰਨਿਆ ਨੂੰ ਇਰਾਫ ਵਿੱਚ ਭੇਜਿਆ ਜਾਵੇਗਾ। ਉਨ੍ਹਾ ਨੂੰ ਗਿਲਮਾਨ (ਉਹ ਮੁੰਡੇ ਜਿਨ੍ਹਾਂ ਦੇ ਦਾੜ੍ਹੀਆਂ ਨਹੀਂ ਆਉਂਦੀਆਂ) ਤੇ ਦੂਜੇ ਦਰਜੇ ਦਾ ਆਰਾਮ ਦਾ ਸਾਮਾਨ ਮਿਲੇਗਾ, ਤੀਜੇ ਦਰਜੇ ਵਾਲਿਆਂ ਨੂੰ ਜਹੰਨਮ) (ਨਰਕ) ਮਿਲੇਗਾ, ਜਿੱਥੇ ਉਹਨਾਂ ਨੂੰ ਹਰ ਤਰ੍ਹਾਂ ਦੀਆਂ ਤਕਲੀਫਾਂ ਮਿਲਣਗੀਆਂ।

ਇਹਨਾਂ ਦੇ ਨਾਲ-ਨਾਲ ਸਿੱਖਾਂ ਦੇ ਚਾਰ ਗੁਰਪੁਰਬ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਤੇ ਉਹਨਾਂ ਦੇ ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਗੁਰਪੁਰਬ ਹਰ ਸ਼ਹਿਰ ਅਤੇ ਪਿੰਡ ਵਿਚ ਪੂਰਨ ਸ਼ਰਧਾ ਨਾਲ ਮਨਾਏ ਜਾਂਦੇ ਹਨ।

# ਬਿਮਾਰੀਆਂ ਦਾ ਇਲਾਜ

ਹਰ ਪਿੰਡ ਵਿੱਚ ਦੇਸੀ ਦਵਾਈਆਂ ਨਾਲ ਇਲਾਜ ਕਰਨ ਵਾਲੇ ਹਕੀਮ ਤੇ ਵੈਦ ਹੁੰਦੇ ਸਨ। ਇਹ ਹਕੀਮ ਤੇ ਵੈਦ ਪੁਸ਼ਤ ਦਰ ਪੁਸ਼ਤ ਚਲੇ ਆਉਂਦੇ ਸਨ। ਉਹਨਾਂ ਨੂੰ ਪਿੰਡ ਦੇ ਹਰ ਇਕ ਜੀ ਵਾਰੇ ਪਤਾ ਹੁੰਦਾ ਸੀ ਕਿ ਇਹ ਕਿਹੜੇ ਟੱਬਰ ਦਾ ਹੈ, ਇਸ ਦੇ ਬਾਪ ਨੂੰ ਕਿਹੜੀ ਦਵਾਈ ਨਾਲ ਅਰਾਮ ਆਇਆ ਸੀ ਤੇ ਇਸ ਨੂੰ ਵੀ ਇਸੇ ਦਵਾਈ ਨਾਲ ਆਰਾਮ ਹੋਵੇਗਾ। ਅਥਵਾ ਉਹ ਖਾਨਦਾਨੀ ਡਾਕਟਰ ਹੁੰਦੇ ਸਨ, ਜੋ ਕਿ ਪੁਸ਼ਤ ਦਰ ਪੁਸ਼ਤ ਬਿਮਾਰਾਂ ਦੇ ਇਲਾਜ ਦਾ ਰਿਕਾਰਡ ਰੱਖ ਲੈਂਦੇ ਸਨ, ਜਿਸ ਨਾਲ ਹਰ ਮਰੀਜ਼ ਦੀ ਅੱਧੀ ਤਸ਼ਖੀਸ਼ (ਟੋਲ) ਹੋ ਜਾਂਦੀ ਸੀ।

ਇਹ ਹਕੀਮ ਪੁਸ਼ਤ ਦਰ ਪੁਸ਼ਤ ਅਰਬੀ ਫਾਰਸੀ ਤੇ ਸੰਸਕ੍ਰਿਤ ਦੇ ਬਿਮਾਰੀਆਂ ਤੇ ਇਲਾਜ ਸੰਬੰਧਤ ਮਹਾਨ ਗਰੰਥ ਪੜ੍ਹ ਕੇ ਮਾਹਿਰ ਹੋਇਆ ਕਰਦੇ ਸਨ। ਫਾਰਸੀ ਦਾ ਸਭ ਤੋਂ ਵੱਡਾ ਗਰੰਥ ਤਿੱਬੇ ਅਕਬਰੀ ਸੀ ਅਤੇ ਇਸੇ ਤਰ੍ਹਾਂ ਹੀ ਹੋਰ ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਲਿਖੇ ਹੋਏ ਮਾਹਿਰ ਹਕੀਮਾਂ ਤੇ ਵੈਦਾਂ ਦੀਆਂ ਕਿਤਾਬਾਂ। ਹਰ ਪਿੰਡ ਤੇ ਸ਼ਹਿਰ ਵਿੱਚ ਬੜੇ-ਬੜੇ ਹਕੀਮ ਤੇ ਵੈਦ ਹੁੰਦੇ ਸਨ, ਜੋ ਭੈੜੀਆਂ ਤੋਂ ਭੈੜੀਆਂ ਬਿਮਾਰੀਆਂ ਨੂੰ ਨੱਥ ਪਾ ਦਿੰਦੇ ਸਨ। ਅਰਬੀ ਫਾਰਸੀ ਵਿੱਚ ਇਕ ਤਰਿਆਕ ਦਵਾਈ ਵੀ ਆਖੀ ਜਾਂਦੀ ਹੈ, ਜੋ ਕਿ ਮੁਰਦੇ ਨੂੰ ਜਿਊਂਦਾ ਕਰ ਦਿੰਦੀ ਸੀ। ਇਹ ਹਕੀਮ ਤੇ ਵੈਦ ਆਪਣੇ ਨਿੱਜੀ ਤਜਰਬਿਆਂ ਅਨੁਸਾਰ ਇੰਨੇ ਅਗਾਂਹਵਧੂ ਸਨ ਕਿ ਇਹ ਮਰੀਜ਼ ਦੇ ਬੋਲਣ 'ਤੇ ਹੀ ਸਾਰੀ ਬਿਮਾਰੀ ਲੱਭ ਲੈਂਦੇ ਸਨ। ਜਿਵੇਂ ਪਿੰਡ ਪੰਡੋਰੀ ਰਾਜਪੂਤਾਂ ਦਾ ਇਕ ਅੰਨ੍ਹਾ ਹਕੀਮ ਘੋੜੀ 'ਤੇ ਆਉਂਦਾ, ਜੋ ਕੋਈ ਉਸ ਨੂੰ ਲੈ ਕੇ ਆਉਂਦਾ। ਉਸ ਦੀ ਘੋੜੀ ਫੜ ਕੇ ਉਸ ਦਾ ਨੌਕਰ ਉਸ ਦੇ ਨਾਲ ਹੁੰਦਾ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਉਹ ਸ਼ੀਸ਼ੀਆਂ ਨੂੰ ਹੱਥ ਲਾ ਕੇ ਹੀ ਆਪਣੀ ਟਰੰਕੀ ਵਿੱਚੋਂ ਸ਼ੀਸ਼ੀਆਂ ਕੱਢ ਕੇ ਦਵਾਈ ਬਣਾ ਦਿੰਦਾ। ਮਰੀਜ਼ ਦੀ ਨਬਜ਼ ਦੇਖ ਕੇ ਹੀ ਬਿਮਾਰੀ ਸਮਝ ਜਾਂਦਾ, ਚਾਹੇ ਮਰੀਜ਼ ਬੋਲੇ ਵੀ ਨਾ।

ਖੰਘ, ਜ਼ੁਕਾਮ, ਬੁਖਾਰ ਤਾਂ ਹਕੀਮਾਂ ਦੇ ਇਕ ਦੋ ਦੁਸ਼ਾਂਦਿਆਂ ਨਾਲ ਹੀ ਹਟ ਜਾਂਦੇ। 1948 ਤੋਂ ਬਾਅਦ ਮਲੇਰੀਆ ਬਹੁਤ ਫੈਲਿਆ, ਜਿਸ ਦਾ ਇਲਾਜ ਦੇਸੀ ਦਵਾਈਆਂ ਨਾਲ ਨਾ ਹੋ ਸਕਿਆ ਤੇ ਲੋਕਾਂ ਨੂੰ ਅੰਗਰੇਜ਼ੀ ਦਵਾਈ ਲੈਣੀ ਪਈ। ਇਸੇ ਤਰ੍ਹਾਂ ਟਾਈਫਾਈਡ ਬੁਖਾਰ ਨੂੰ 'ਮਾਤਾ' ਆਖ ਕੇ ਕੋਈ ਵੀ ਦਵਾਈ ਨਾ ਦਿੰਦੇ ਤਾਂ ਕਹਿੰਦੇ ਕਿ 40 ਦਿਨਾਂ ਬਾਅਦ ਆਪੇ ਆਰਾਮ ਆ ਜਾਵੇਗਾ। ਜੇ ਦਵਾਈ ਦਿੱਤੀ ਤਾਂ 'ਮਾਤਾ' ਨਰਾਜ਼ ਹੋ ਜਾਵੇਗੀ। ਮਰੀਜ਼ ਨੂੰ ਡੇਕ ਕੇ ਹਰੇ ਪੱਤਿਆਂ ਦੀ ਝੱਲ ਮਾਰੀ ਜਾਉ। ਅੰਗਰੇਜ਼ੀ ਦਵਾਈਆਂ ਨਾਲ ਟਾਈਫਾਈਡ ਬੁਖਾਰ ਦਾ ਇਲਾਜ ਸੌਖਾ ਹੋਣ ਲੱਗ ਪਿਆ। ਜੇ ਕਿਸੇ ਨੂੰ ਟੀ. ਬੀ. ਹੋ ਜਾਂਦੀ ਹੈ ਤਾਂ ਸਮਝ ਲਿਆ ਜਾਂਦਾ ਕਿ ਇਹ ਤਾਂ ਕੁਝ ਸਮੇਂ ਦਾ ਮਹਿਮਾਨ ਹੈ। ਅੰਗਰੇਜ਼ੀ ਦਵਾਈਆਂ ਨਾਲ ਟੀ. ਬੀ. ਦਾ ਇਲਾਜ ਸੌ ਫੀਸਦੀ ਹੋ ਰਿਹਾ

ਹੈ।

ਹਕੀਮ ਤੇ ਵੈਦ ਜੜੀ-ਬੂਟੀਆਂ ਦੀ ਵਰਤੋਂ ਕਰਦੇ ਸਨ। ਉਹਨਾਂ ਦੇ ਚੇਲੇ ਜੜੀਆਂ ਬੂਟੀਆਂ ਨੂੰ ਉਖਲਾਂ ਵਿੱਚ ਕੁੱਟ-ਕੁੱਟ ਕੇ ਕੱਪੜ ਛਾਣ ਖਰਕੇ ਬੋਤਲਾਂ ਆਦਿ ਵਿੱਚ ਰੱਖ ਲੈਂਦੇ ਤੇ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਉਹਨਾਂ ਵਿੱਚੋਂ ਲੋੜੀਂਦੀ ਮਾਤਰਾ ਵਿੱਚ ਮਿਲਾ ਲੈਂਦੇ ਤੇ ਮਰੀਜ਼ਾਂ ਦਾ ਇਲਾਜ ਕਰਦੇ। ਇਹਨਾਂ ਦੇਸੀ ਡਾਕਟਰਾਂ ਦਾ ਇਕ ਮਹਾਨ ਹੁਨਰ ਕੁਸ਼ਤੇ ਵੀ ਸਨ। ਜੋ ਵੱਖਰੀਆਂ-ਵੱਖਰੀਆਂ ਜਿਣਸਾਂ ਸਾੜ ਭੁੰਨ ਕੇ ਤਪਾ ਕੇ ਤਿਆਰ ਕਰਦੇ ਸਨ। ਉਹਨਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸੰਖੀਏ ਦਾ ਕੁਸ਼ਤਾ ਸੀ। ਸੰਖੀਏ ਨੂੰ ਇੱਕ ਕੁੱਜੀ ਵਿੱਚ ਰੱਖ ਕੇ ਉਹਦਾ ਮੂੰਹ ਚੰਗੀ ਤਰ੍ਹਾਂ ਚੀਕਣੀ ਮਿੱਟੀ ਨਾਲ ਬੰਦ ਕਰਕੇ, ਇਕ ਦੋ ਟੋਕਰੇ ਪਾਥੀਆਂ ਦੇ ਲਾ ਕੇ ਅੱਗ ਦੇ ਦਿੰਦੇ ਜੋ ਧੂਣੀ ਚੌਵੀ ਛੱਤੀ ਘੰਟੇ ਵਿੱਚ ਸੜ ਕੇ ਠੰਢੀ ਹੋ ਜਾਂਦੀ ਸੀ। ਇਸ ਕੁਸ਼ਤੇ ਦਾ ਇਲਾਜ ਜਿਸ ਸੰਖੀਏ ਨੂੰ ਜ਼ਹਿਰ ਆਖਿਆ ਜਾਂਦਾ ਹੈ, ਉਹ ਥੋੜ੍ਹੀ ਮਿਕਦਾਰ ਦੇਣ ਨਾਲ ਮਰੀਜ਼ ਨੂੰ ਆਤਸ਼ਿਕ ਤੇ ਸੁਜ਼ਾਕ ਵਰਗੀਆਂ ਭੈੜੀਆਂ ਬਿਮਾਰੀਆਂ ਦਾ ਤਿੰਨ-ਚਾਰ ਦਿਨ ਵਿੱਚ ਹੀ ਇਲਾਜ ਹੋ ਜਾਂਦਾ ਸੀ। ਹਕੀਮ ਤੇ ਵੈਦ ਜ਼ਿਆਦਾਤਰ ਬਿਮਾਰਾਂ ਦਾ ਇਲਾਜ ਦੁਸ਼ਾਂਦਿਆਂ ਨਾਲ ਕਰਦੇ ਸਨ।

ਉਸ ਸਮੇਂ ਸਰਜਰੀ ਦਾ ਕੰਮ ਪਿੰਡਾਂ ਦਾ ਨਾਈ ਕਰਿਆ ਕਰਦੇ ਸਨ। ਜਿਨ੍ਹਾਂ ਨੂੰ ਜੱਰਾਹ ਆਖਿਆ ਜਾਂਦਾ ਸੀ। ਉਹ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਇਲਾਜ ਤੇਜ ਉਸਤਰਿਆਂ ਨਹੇਰਨਿਆਂ, ਕੈਂਚੀਆਂ ਅਤਿਆਦ ਨਾਲ ਆਪਰੇਸ਼ਨ ਕਰ ਲੈਂਦੇ ਸਨ, ਜਿਵੇਂ ਫੋੜੇ ਤੇ ਹੋਰ ਸਰੀਰ ਦੇ ਉਠਾਅ ਅੱਜ ਦੇ ਵਿਗਿਆਨਕ ਆਪਰੇਸ਼ਨਾਂ ਦੇ ਤਰੀਕਿਆਂ ਵਾਂਗ ਉਹ ਆਪਣੇ ਔਜ਼ਾਰਾਂ ਨੂੰ ਗਰਮ ਕਰਕੇ, ਠੰਢੇ ਹੁੰਦਿਆਂ ਸਾਰ ਹੀ ਵੱਢ ਕੱਟ ਕਰ ਦਿੰਦੇ। ਉਹ ਜੜੀਆਂ ਬੂਟੀਆਂ ਤੋਂ ਕਈ ਪ੍ਰਕਾਰ ਦੀਆਂ ਦਵਾਈਆਂ ਵੀ ਬਣਾ ਰੱਖਦੇ ਸਨ, ਜਿਨ੍ਹਾਂ ਕਾਰਨ ਲਾਗ ਰੁਕ ਜਾਂਦੀ ਸੀ। ਉਹਨਾਂ ਜੱਰਾਹਾਂ ਤੋਂ ਇਲਾਵਾ ਜੋਕਾਂ ਨਾਲ ਵੀ ਕਈ ਤਰ੍ਹਾਂ ਦੇ ਜ਼ਖਮਾਂ ਦਾ ਇਲਾਜ ਹੋ ਜਾਂਦਾ ਸੀ। ਉਸ ਵਰਗ ਨੂੰ ਜੋਕਾਂ ਵਾਲੇ ਆਖਦੇ ਸਨ, ਜੋ ਪਿੰਡ-ਪਿੰਡ ਘੁੰਮ ਕੇ ਮਰੀਜ਼ਾਂ ਦਾ ਇਲਾਜ ਕਰਦੇ ਸਨ।

# ਸਫਰ ਦੇ ਸਾਧਨ

ਸਾਡੇ ਘੋੜੇ ਨੇ ਮੜਕ ਨਾਲ ਤੁਰਨਾ, ਕਾਹਲੀ ਏਂ ਤਾਂ ਰੇਲ ਚੜ੍ਹ ਜਾ।

ਵੀਹਵੀਂ ਸਦੀ ਦੇ ਸ਼ੁਰੂ ਤੱਕ ਪਿੰਡਾਂ ਦੀਆਂ ਸਭ ਸੜਕਾਂ ਕੱਚੀਆਂ ਸਨ। ਹੁਸ਼ਿਆਰਪੁਰ ਤੋਂ ਗੜਸ਼ੰਕਰ 1947 ਤੱਕ ਕੱਚੀ ਸੀ, ਹੁਸ਼ਿਆਰਪੁਰ ਫਗਵਾੜਾ ਸੜਕ ਹੁਸ਼ਿਆਰਪੁਰ ਤੋਂ ਰਿਹਾਣਾ ਜੱਟਾਂ ਤੱਕ ਕੱਚੀ ਸੀ। ਮਾਹਿਲਪੁਰ ਬਹਿਰਾਮ ਸੜਕ ਸੰਨ 1963 ਵਿੱਚ ਪੱਕੀ ਹੋਈ । ਹੁਸ਼ਿਆਰਪੁਰ-ਫਗਵਾੜਾ ਸੜਕ ਤੇ ਤਨੂੰਲੀ ਪਿੰਡ ਕੋਲ ਚੋ ਤੇ ਕੋਈ ਪੁਲ ਨਹੀਂ ਸੀ ਤੇ ਬਰਸਾਤ ਵਿੱਚ ਬੱਸਾਂ ਚੋਅ ਵਿੱਚ ਖੁੱਭ ਜਾਂਦੀਆਂ ਤੇ ਪਿੰਡ ਦੇ ਮਜ਼ਦੂਰ ਪੈਸੇ ਲੈ ਕੇ ਬੱਸਾਂ ਧੱਕ ਕੇ ਬਾਹਰ ਕੱਢਦੇ। ਰਾਵਲਪਿੰਡੀ ਵਾਲੇ ਪੁਲ ਦੇ ਉਪਰੋਂ ਪਾਣੀ ਵੱਗਦਾ ਤਾਂ ਇੱਧਰ ਦੀਆਂ ਬੱਸਾਂ ਇੱਧਰ ਤੇ ਉੱਧਰ ਦੀਆਂ ਉਧਰੋਂ ਮੁੜ ਜਾਂਦੀਆਂ। ਚੋਅ ਵਿੱਚੋਂ ਟਾਂਗੇ ਅਤੇ ਗੱਡਿਆਂ ਵਾਲੇ ਪੈਸੇ ਲੈ ਕੇ ਬੇਈਂ ਵਿੱਚੋਂ ਸਵਾਰੀਆਂ ਲੰਘਾਉਂਦੇ । 1947 ਤੋਂ ਪਹਿਲਾਂ ਇੱਕ ਪਿੰਡ ਤੇ ਦੂਜੇ ਪਿੰਡ ਨੂੰ ਜਾਣ ਲਈ ਰਸਤੇ ਪੱਕੇ ਨਹੀਂ ਸਨ। ਖੇਤਾਂ ਵਿੱਚੋਂ ਡੰਡੀਆਂ ਸਨ ਅਤੇ ਜੋ ਖੇਤਾਂ ਵਾਲਿਆਂ ਦੇ ਡੌਲਿਆਂ ਦੇ ਜ਼ੋਰ ਨਾਲ ਐਧਰ-ਉਧਰ ਹੋ ਜਾਂਦੀਆਂ । ਉਹਨਾਂ ਪੁਰਾਣੇ ਰਸਤਿਆਂ ਦਾ ਹੁਣ ਨਾਮੋ ਨਿਸ਼ਾਨ ਵੀ ਨਹੀਂ। ਕਾਲਰੇ ਤੋਂ ਆਦਮਪੁਰ ਰੇਲਵੇ ਸਟੇਸ਼ਨ ਨੂੰ ਜਾਣ ਲਈ ਡਰੋਲੀ ਖੁਰਦ ਤੋਂ ਸਿੱਧੀ ਡੰਡੀ ਰੇਲਵੇ ਸਟੇਸ਼ਨ ਨੂੰ ਜਾਂਦੀ ਸੀ। ਡਰੋਲੀ ਖੁਰਦ ਤੇ ਸਟੇਸ਼ਨ ਵਿਚਕਾਰ ਮੁਸਾਫਰਾਂ ਦੇ ਆਰਾਮ ਲਈ ਇਕ ਬੋਹੜ ਦਾ ਦਰੱਖਤ ਸੀ, ਪਤਾ ਨਹੀਂ ਹੁਣ ਉਹ ਹੈ ਕਿ ਨਹੀਂ। ਇਹ ਤਿੰਨ ਕੁ ਮੀਲ ਦਾ ਰਸਤਾ ਵੀਰਾਨ ਸੀ ਤੇ ਡਾਕੂ ਕਈ ਵਾਰ ਸਰਦੀਆਂ ਨੂੰ ਸ਼ਾਮ ਦੀ ਗੱਡੀ ਆਉਣ ਵਾਲੀਆਂ ਸਵਾਰੀਆਂ ਨੂੰ ਲੁੱਟ ਲੈਂਦੇ। ਕਾਲਰੇ ਤੋਂ ਖਨੌੜੇ ਨੂੰ ਸਿੱਧਾ ਰਾਹ ਸੀ, ਜਿਸ 'ਤੇ ਪਹਿਲਾਂ ਬੋਹੜ ਆਉਂਦੀ ਤੇ ਫੇਰ ਛੀਂਬੇ ਦੀ ਖੂਹੀ ਤੇ ਅੰਬਾਂ ਦੇ ਵੱਡੇ-ਵੱਡੇ ਦਰੱਖਤ ਲੋਕਾਂ ਨੂੰ ਗਰਮੀਆਂ ਵਿੱਚ ਛਾਂ ਪ੍ਰਦਾਨ ਕਰਦੇ। ਖਨੌੜੇ ਤੋਂ ਇਕ ਰਸਤਾ ਫੁਗਲਾਣੇ ਨੂੰ ਤੇ ਇੱਕ ਬਘਾਣੇ ਨੂੰ ਜਾਂਦਾ ਸੀ। 1953 ਵਿੱਚ ਆਦਮਪੁਰ ਤੋਂ ਗੜ੍ਹਸ਼ੰਕਰ ਤੱਕ ਨਹਿਰ ਦੇ ਨਾਲ ਪੱਟੜੀ ਬਨਣ ਕਰਕੇ ਲੋਕਾਂ ਨੇ ਆਪੇ ਹੀ ਇਹਨਾਂ ਪੁਰਾਣੇ ਰਸਤਿਆਂ ਨੂੰ ਤਿਆਗ ਦਿੱਤਾ। ਸਾਈਕਲ ਆਮ ਹੋ ਗਏ ਤੇ ਸਿੱਖ ਰਾਜਪੂਤਾਂ ਦੀਆਂ ਰਿਸ਼ਤੇਦਾਰੀਆਂ ਵਾਲੇ ਬਹੁਤੇ ਪਿੰਡ ਇਸ ਨਹਿਰ ਦੀ ਲੜੀ ਵਿੱਚ ਪਰੋਏ ਗਏ। 1959-60 ਵਿੱਚ ਮੁਰੱਬੇਬੰਦੀ ਹੋਣ ਨਾਲ ਪੁਰਾਣੇ ਰਸਤਿਆਂ ਦੀ ਥਾਂ 'ਤੇ ਨਵੇਂ ਰਸਤੇ ਬਣ ਗਏ ਤੇ ਪੁਰਾਣੇ ਰਸਤਿਆਂ ਡੰਡੀਆਂ ਦਾ ਨਾਮੋ ਨਿਸ਼ਾਨ ਮਿਟ ਗਿਆ। ਅਮੀਰ ਲੋਕ ਘੋੜੀਆਂ 'ਤੇ ਚੜ੍ਹ ਕੇ ਆਮ ਲੋਕ ਪੈਦਲ ਸਫਰ ਕਰਦੇ। ਸੜਕਾਂ ਦੇ ਕੰਢੇ ਦੇ ਦੁਆਬੇ ਵਿੱਚ ਅੰਬਾਂ ਦੇ ਦਰੱਖਤ ਲਗਾਏ ਜਾਂਦੇ ਸਨ। ਇਹਨਾਂ ਦੇ ਫਲ ਦੀ ਹਰ ਸਾਲ ਬੋਲੀ ਕੀਤੀ ਜਾਂਦੀ ਸੀ। ਬੱਬਰ ਅਕਾਲੀ ਲਹਿਰ ਦੇ ਸਿਖਰ ਸਮੇਂ ਬੱਬਰਾਂ ਨੇ ਦੋ ਸਾਲ ਇਹ ਬੋਲੀ ਨਾ ਹੋਣ ਦਿੱਤੀ। ਬੱਬਰਾਂ ਦਾ ਖਿਆਲ ਸੀ ਕਿ ਅੰਬਾਂ ਦੇ ਫਲ 'ਤੇ ਹੱਕ ਉਹਨਾਂ ਜਿਮੀਂਦਾਰਾਂ ਦਾ ਹੈ, ਜਿਨ੍ਹਾਂ

ਦੇ ਖੇਤਾਂ ਕੰਢੇ ਇਹ ਦਰੱਖਤ ਹਨ, ਕਿਉਂਕਿ ਅੰਬਾਂ ਦੀ ਛਾਂ ਕਾਰਨ ਖੇਤ ਵਿੱਚ ਫਸਲ ਨਹੀਂ ਹੋ ਸਕਦੀ। ਹੁਣ ਵੀ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਸੜਕਾਂ 'ਤੇ ਪੁਰਾਣੇ ਅੰਬਾਂ ਦੇ ਦਰੱਖਤ ਉਸ ਪੁਰਾਣੇ ਸਮੇਂ ਦੇ ਖੜ੍ਹੇ ਹਨ, ਪਰ ਅੱਗੇ ਤੋਂ ਜੰਗਲਾਤ ਮਹਿਕਮੇ ਵਾਲੇ ਸੜਕਾਂ 'ਤੇ ਸਫੈਦਾਂ ਹੀ ਲਾ ਰਹੇ ਹਨ।

ਮੁਰੱਬੇਬੰਦੀ 1950 ਤੋਂ ਬਾਅਦ ਹੋਈ, ਜਿਸ ਕਾਰਨ ਪੁਰਾਣੇ ਰਸਤੇ ਬੰਦ ਹੋਏ ਤੇ ਨਵੇਂ ਬਣੇ। ਉਹਨਾਂ ਪੁਰਾਣੇ ਰਸਤਿਆਂ ਦੇ ਕੁਝ ਖੂਹੀਆਂ ਛੋਟੀਆਂ ਇੱਟਾਂ ਦੀਆਂ ਬਣੀਆਂ, ਜਿਨ੍ਹਾਂ ਦੀਆਂ ਮੌਣਾਂ 'ਤੇ ਪੱਥਰ ਦੇ ਚੂਨੇ ਵਿੱਚ ਬਰੀਕ ਰੋੜੀ ਪਾ ਕੇ ਪਲਸਤਰ ਕੀਤਾ ਹੋਇਆ ਸੀ, ਹੁੰਦੀਆਂ ਸਨ ਜੇਕਰ ਇਹ ਕਾਇਮ ਰੱਖੀਆਂ ਜਾਣ ਤਾਂ ਇਹਨਾਂ ਪਿੰਡਾਂ ਦੀ ਪੁਰਾਣੀ ਤਾਰੀਖ 'ਤੇ ਕਾਫੀ ਚਾਨਣਾ ਪੈ ਸਕਦਾ ਹੈ। ਕਈ ਲੋਕ ਪੁੰਨ ਲਈ ਟੋਭੇ ਵੀ ਪੁਟਵਾ ਦਿਆ ਕਰਦੇ ਜੋ ਕਿ ਬਰਸਾਤ ਦੇ ਪਾਣੀ ਨਾਲ ਹੀ ਭਰ ਜਾਂਦੇ ਤੇ ਜਾਨਵਰਾਂ ਅਤੇ ਪੰਛੀਆਂ ਨੂੰ ਪੀਣ ਲਈ ਪਾਣੀ ਮਿਲਦਾ ਰਹਿੰਦਾ। ਮੌਜੂਦਾ ਸਮੇਂ ਪਾਣੀ ਦਾ ਲੈਵਲ ਹੇਠਾਂ ਜਾਣ ਕਾਰਨ ਫੇਰ ਲੋਕਾਂ ਨੂੰ ਟੋਭੇ ਪਾਣੀ ਨਾਲ ਭਰਨ ਅਤੇ ਚੋਆਂ 'ਤੇ ਪੱਕੇ ਬੰਨ੍ਹ ਬਣਾ ਕੇ ਪਾਣੀ ਨੂੰ ਸਾਂਭਣ ਵੱਲ ਪ੍ਰੇਰਿਆ ਜਾ ਰਿਹਾ ਹੈ।

ਸੰਨ 1947 ਤੋਂ ਸੰਨ 1966 ਤੱਕ ਬੱਸਾਂ 'ਤੇ ਸਫਰ ਕਰਨ ਵੇਲੇ, ਫਾਲਤੂ ਸਾਮਾਨ ਰੱਖਣ ਲਈ ਛੋਟੇ ਅੱਡਿਆਂ 'ਤੇ ਕੁਲੀ ਨਹੀਂ ਸੀ ਹੁੰਦੇ ਤੇ ਕੰਡਕਟਰ ਸਾਮਾਨ ਉੱਪਰ ਰੱਖਣ ਵਿੱਚ ਮਦਦ ਕਰਦੇ ਸਨ। ਜਿਉਂ-ਜਿਉਂ ਆਬਾਦੀ ਵਧੀ, ਸਵਾਰੀਆਂ ਵਧੀਆਂ ਤਾਂ ਕੰਡਕਟਰਾਂ ਦੀ ਟੌਹਰ ਹੀ ਹੋਰ ਹੋ ਗਈ। ਅੱਜ ਕੱਲ ਤਾਂ ਉਹ ਗੱਲ ਵੀ ਥਾਣੇਦਾਰਾਂ ਦੀ ਤਰ੍ਹਾਂ ਕਰਦੇ ਹਨ।

ਕੰਡਕਟਰਾਂ ਦੀ ਬੋਲੀ ਬੜੀ ਕੁਰੱਖਤ ਹੈ। ਚੰਗੇ ਭਲੇ ਬੰਦੇ ਨੂੰ ਜਿਸ ਦੇ ਸਿਰ ਪੱਗ ਨਾ ਹੋਵੇ ਕਹਿੰਦੇ ਹਨ, "ਓ ਬਾਬੂ ਟਿਕਟ ਲੈ ਲਈ ਕਿ ਨਹੀਂ ? " ਕਿਸੇ ਮਾਈ ਤੋਂ ਉਤਰਨ ਵਿੱਚ ਢਿੱਲ ਹੋਣ 'ਤੇ ਕੰਡਕਟਰ ਕਹਿੰਦਾ ਹੈ "ਮਾਈ ਹੁਣ ਉਤਰਨ ਵੇਲੇ ਤੇਰੇ ਗੋਡੇ ਦੁਖਦੇ ਆ, ਚੜ੍ਹਨ ਵੇਲੇ ਤਾਂ ਛੜੱਪਾ ਮਾਰ ਕੇ ਚੜ੍ਹ ਗਈ ਸੀ।" ਬੱਸ ਹੁਸ਼ਿਆਰਪੁਰ ਤੋਂ ਫਗਵਾੜੇ ਨੂੰ ਜਾਣੀ ਹੋਵੇ ਤਾਂ ਹੁਸ਼ਿਆਰਪੁਰ ਅੱਡੇ 'ਤੇ ਹੀ ਕੰਡਕਟਰ ਉੱਚੀ-ਉੱਚੀ ਬੱਸ ਦੇ ਕੋਲ ਖੜ੍ਹਾ ਕਹਿੰਦਾ ਹੈ-"ਰਾਹ 'ਚ ਕਿਤੇ ਨਹੀਂ ਰੁਕਣੀ, ਫਗਵਾੜੇ ਤੋਂ ਉਰ੍ਹੇ ਦਾ ਕੋਈ ਨਾ ਬੈਠੇ" ਜੇ ਕੋਈ ਭੁੱਲ ਭੁਲੇਖੇ ਰਸਤੇ ਦੇ ਕਿਸੇ ਪਿੰਡ ਦੀ ਸਵਾਰੀ ਬੈਠ ਜਾਵੇ, ਉਸ਼ਦੇ ਕਹਿਣ 'ਤੇ ਕਿ ਰਿਹਾਣੇ ਜੱਟਾਂ ਰੋਕਣਾ ਤਾਂ ਕੰਡਕਟਰ ਕਹਿੰਦਾ ਸੁਣਿਆ "ਜਿਸ ਵੇਲੇ ਮੈਂ ਭੌਂਕਦਾ ਸੀ ਕਿ ਫਗਵਾੜੇ ਤੋਂ ਉਰੇ, ਦਾ ਕੋਈ ਨਾ ਬੈਠੇ, ਸੁਣਿਆ ਨਹੀਂ ਸੀ? ਇਹ ਪੰਜਾਬ ਸਰਕਾਰ ਦੀ ਬੱਸ ਏ, ਲੰਬੜਾਂ ਦੀ ਟਰਾਲੀ ਨਹੀਂ ਜਿੱਥੇ ਮਰਜੀ ਰੋਕ ਲਈ।" ਪਿੰਡਾਂ ਦੇ ਅੱਡਿਆਂ 'ਤੇ ਨਿਸ਼ਚਿਤ ਥਾਂ ਦੀ ਬਜਾਏ ਡਰਾਈਵਰ ਜਾਣ ਕੇ ਬੱਸ ਕੁੱਝ ਗਜ਼ ਅੱਗੇ ਖੜ੍ਹੀ ਕਰਕੇ ਸਵਾਰੀਆਂ ਨੂੰ ਦੌੜ ਕੇ ਚੜ੍ਹਦੀਆਂ ਨੂੰ ਦੇਖ ਕੇ ਬੜੇ ਖੁਸ਼ ਹੁੰਦੇ ਹਨ। ਮੈਂ ਤਾਂ ਸਮਝਦਾ ਹਾਂ ਕਿ ਕਨੇਡਾ ਅਮਰੀਕਾ ਦੀ ਤਰ੍ਹਾਂ ਕੰਡਕਟਰ ਦੀ ਲੋੜ ਹੀ ਨਹੀਂ। ਬੱਸ

ਦੇ ਅਗਲੇ ਦਰਵਾਜਿਓਂ ਸਵਾਰੀਆਂ ਡਰਾਈਵਰ ਤੋਂ ਟਿਕਟ ਲੈ ਕੇ ਬੈਠੀ ਜਾਣ। ਜਿੱਥੇ-ਜਿੱਥੇ ਬੱਸ ਰੋਕਣੀ ਹੋਵੇ, ਡਰਾਈਵਰ ਬਟਨ ਦੱਬ ਕੇ ਪਿਛਲਾ ਦਰਵਾਜਾ ਖੋਲ੍ਹ ਦੇਵੇ ਤੇ ਸਵਾਰੀਆਂ ਦੇ ਉਤਰਨ ਪਿੱਛੋਂ ਦਰਵਾਜ਼ਾ ਬਟਨ ਨਾਲ ਬੰਦ ਕਰਕੇ ਅਤੇ ਅਗਲੇ ਦਰਵਾਜ਼ੇ ਚੜ੍ਹ ਚੁੱਕੀਆਂ ਸਵਾਰੀਆਂ ਦੇ ਚੜ੍ਹਨ ਉਪਰੰਤ ਦਰਵਾਜ਼ਾ ਬੰਦ ਕਰਕੇ ਬੱਸ ਚਲਾਵੇ। ਕਿਸੇ ਵੀ ਸਵਾਰੀ ਨੂੰ ਪਿਛਲੇ ਦਰਵਾਜਿਓਂ ਚੜ੍ਹਨ ਦੀ ਆਗਿਆ ਨਾ ਹੋਵੇ। ਟਿਕਟ ਤੋਂ ਬਗੈਰ ਸਵਾਰੀ ਨੂੰ ਡਰਾਈਵਰ ਅੱਗੇ ਜਾਣ ਹੀ ਨਾ ਦੇਵੇ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਆਦਮਪੁਰ ਤੋਂ ਜਲੰਧਰ ਤੱਕ ਰੇਲ ਦਾ ਟਿਕਟ ਇਕ ਆਨੇ ਦਾ ਹੁੰਦਾ ਸੀ, ਜਦੋਂ ਅਸੀਂ 1945 ਵਿੱਚ ਹੋਸ਼ ਸੰਭਾਲੀ ਤਾਂ ਇਹ ਸਾਡੇ ਤਿੰਨ ਆਨੇ ਦਾ ਹੁੰਦਾ ਸੀ, ਪਰ ਫੇਰ ਵੀ ਕਈ ਲੋਕ ਜਲੰਧਰ ਕਚਹਿਰੀਆਂ ਵਿੱਚ ਤਰੀਕ ਭੁਗਤਣ ਤੜਕੇ ਪਿੰਡੋਂ ਉੱਠ ਕੇ ਸਮੇਂ ਸਿਰ ਪੈਦਲ ਹੀ ਪਹੁੰਚ ਜਾਂਦੇ। ਆਪਣੀ ਰੋਟੀ ਪਰਨੇ ਲੜ ਬੰਨ੍ਹ ਕੇ ਲੈ ਜਾਂਦੇ ਤੇ ਕਿਸੇ ਖੂਹ ਤੋਂ ਪਾਣੀ ਪੀ ਲੈਂਦੇ। ਸ਼ਾਮ ਨੂੰ ਪੈਦਲ ਹੀ ਪਿੰਡ ਆ ਜਾਂਦੇ। ਐਨੇ ਤਕੜੇ ਸਨ ਉਹ ਲੋਕ । ਪਾਲਦੀ ਵਾਲੇ ਸ੍ਰੀ ਕੁਲਦੀਪ ਸਿੰਘ ਜੀ ਨੇ ਮੈਨੂੰ ਦੱਸਿਆ ਕਿ ਉਹਨਾਂ ਦਾ ਨੌਕਰ ਤੜਕੇ ਜਾ ਕੇ ਸ਼ਾਮ ਤੱਕ ਪੈਦਲ ਹੀ ਆਨੰਦਪੁਰ ਸਾਹਿਬ ਤੋਂ ਉਹਨਾਂ ਦੇ ਬਾਬਾ ਜੀ ਦੀ ਦਵਾਈ ਲੈ ਕੇ ਮੁੜ ਆਉਂਦਾ ਸੀ। ਕਈ ਵਾਰੀ ਹੁਸ਼ਿਆਰਪੁਰ ਦੇ ਅਫਸਰਾਂ ਨੇ ਊਨੇ ਤਾਰੀਖਾਂ ਰੱਖ ਦੇਣੀਆਂ ਤਾਂ ਲੋਕ ਤੜਕੇ ਉਠ ਕੇ ਪਾਲਦੀ ਤੋਂ ਊਨੇ ਪੈਦਲ ਹੀ ਪਹੁੰਚ ਜਾਂਦੇ ਸੀ। ਮਈ 1958 ਵਿੱਚ ਮੈਂ ਜਲੰਧਰ ਵਿਖੇ ਮਾਰਕਫੈਡ ਵਿੱਚ ਅਕਾਊਂਟੈਂਟ ਦੀ ਨੌਕਰੀ ’ਤੇ ਲੱਗਾ ਤੇ ਛੇ ਮਹੀਨੇ ਤੱਕ ਰੋਜ਼ ਲੁਟੇਰਾ ਖੁਰਦ ਤੋਂ ਆਦਮਪੁਰ ਰਾਹੀਂ ਜਲੰਧਰ ਸਾਈਕਲ ’ਤੇ ਸਵੇਰੇ ਜਾਣਾ ਤੇ ਸ਼ਾਮ ਨੂੰ ਵਾਪਸ ਆਉਣਾ। ਇਹਨਾਂ ਛੇ ਮਹੀਨਿਆਂ ਵਿੱਚ ਕਦੇ ਵੀ ਦਫਤਰ ਦੇ ਟਾਈਮ ਤੋਂ ਲੇਟ ਨਹੀਂ ਸੀ ਹੋਇਆ ਅਤੇ ਕਦੇ ਘਰ ਆ ਕੇ ਇਹ ਨਹੀਂ ਸੀ ਕਿਹਾ ਕਿ ਮੈਂ ਸਾਈਕਲ ਚਲਾ ਕੇ ਥੱਕ ਗਿਆ ਹਾਂ। ਇਹ ਮੈਂ ਹੀ ਨਹੀਂ ਹੋਰ ਵੀ ਬਹੁਤ ਸਾਰੇ ਲੋਕ ਇਸ ਤਰ੍ਹਾਂ ਕਰਦੇ ਸਨ। 2001 ਦੇ ਨੌਜਵਾਨਾਂ ਨੂੰ ਜੋ ਪਿੰਡ ਤੋ ਟਿਊਬਵੈਲ ਨੂੰ ਵੀ ਸਕੂਟਰ ’ਤੇ ਜਾਂਦੇ ਹਨ, ਇਹ ਸ਼ਾਇਦ ਗੱਪ ਲੱਗਦੀ ਹੋਵੇ, ਪਰ ਇਹ ਸੱਚ ਹੈ। ਕਾਲਰੇ ਦਾ ਰੋਡਾ ਸੁਨਿਆਰਾ ਸਵੇਰੇ ਕਾਲਰੇ ਤੋਂ ਚੱਲ ਕੇ ਸ਼ਾਮ ਨੂੰ ਲਾਹੌਰ ਜੋ 100 ਕੁ ਮੀਲ ਹੈ, ਸਾਈਕਲ ’ਤੇ ਪਹੁੰਚ ਗਿਆ ਸੀ। ਪਿੰਡ ਵਾਹਗਾ ਠਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਜਥੇਦਾਰ, ਜੋ ਉਸ ਵੇਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਸੀ, ਹਰ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਆਪਣੇ ਪਿੰਡ ਤੋਂ ਅੰਮ੍ਰਿਤਸਰ ਪੈਦਲ ਹੀ ਪੁੱਜਦਾ ਤੇ ਦੂਜੇ ਦਿਨ ਪੈਦਲ ਹੀ ਪਰਤਦਾ। ਪੰਡੋਰੀ ਕੱਦ ਵਾਲੇ ਕਪਤਾਨ ਸਮਸ਼ੇਰ ਸਿੰਘ ਹੋਰੀਂ ਮੈਨੂੰ ਦੱਸਿਆ ਕਿ ਉਹਨਾਂ ਪਟਿਆਲਾ ਇੱਕ ਨਵਾਂ ਸਾਈਕਲ ਲਿਆ ਤੇ ਨਵੇਂ ਸਾਈਕਲ ਦੇ ਚਾਅ ਵਿੱਚ ਹੀ ਸਾਈਕਲ ’ਤੇ ਸਵੇਰੇ ਪਟਿਆਲੇ ਤੋਂ ਚੱਲ ਕੇ ਸ਼ਾਮ ਨੂੰ ਆਪਣੇ ਪਿੰਡ ਬਿੰਜੋਂ ਪਹੁੰਚ ਗਏ। ਕਾਲਰਾ, ਡਰੋਲੀਆਂ, ਪਧਿਆਣੇ ਤੋਂ ਬਹੁਤ ਸਾਰੇ ਲੋਕ ਬੱਚੇ ਅਤੇ ਤੀਵੀਆਂ

ਸਵੇਰੇ ਚੱਲ ਕੇ ਸ਼ਾਮ ਨੂੰ ਆਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਪਹੁੰਚ ਜਾਂਦੇ। ਹੁਣ ਤਾਂ ਬੱਸ ਜਾਂ ਕਾਰ ਵਿੱਚ ਵੀ ਇੰਨਾ ਸਫਰ ਕਰਕੇ ਲੋਕਾਂ ਨੂੰ ਥਕਾਵਟ ਹੋ ਜਾਂਦੀ ਹੈ। ਸਾਦਾ ਖੁਰਾਕ ਖਾਣੀ, ਘਰੋਂ ਚੱਲਣ ਲੱਗਿਆਂ ਰੋਟੀਆਂ ਜਾਂ ਪਰੌਂਠੇ ਪਰਨੇ ਲੜ ਬੰਨ੍ਹ ਕੇ ਨਾਲ ਲੈ ਜਾਂਦੇ। ਚਾਹ ਦੀਆਂ ਦੁਕਾਨਾਂ ਜਾਂ ਰੋਟੀ ਦੇ ਢਾਬੇ, ਨਹੀਂ ਸਨ ਹੁੰਦੇ। ਬੁੜ੍ਹੀਆਂ ਨੇ ਦੂਰ ਮਕਾਣੀ ਜਾਣਾ ਹੁੰਦਾ ਤਾਂ ਵੀ ਤੜਕੇ ਉੱਠ ਕੇ ਆਪਣੀਆਂ-ਆਪਣੀਆਂ ਰੋਟੀਆਂ ਬੰਨ੍ਹ ਕੇ ਤੁਰਦੀਆਂ। ਆਪਣੇ ਪਿੰਡੋਂ ਬਾਹਰ ਜਾ ਕੇ ਸਭ ਨੇ ਸਲਵਾਰ ਦੇ ਉਪਰੋਂ ਪਾਏ ਘੱਗਰੇ ਲਾਹ ਕੇ ਕਿਸੇ ਨੇ ਬਾਂਹ 'ਤੇ ਰੱਖ ਲੈਣ ਤੇ ਕਿਸੇ ਨੇ ਸਿਰ ਤੇ। ਘੱਗਰੇ ਕਾਲੇ ਸੂਫ ਦੇ ਜਾਂ ਚਿੱਟੀ ਮੱਲਮੱਲ ਦੇ ਆਮ ਤੌਰ 'ਤੇ ਹੁੰਦੇ ਸੀ। ਸੰਨ 1893 ਨੂੰ ਡਰੋਲੀ ਕਲਾਂ ਵਿਖੇ ਰਾਜਪੂਤਾਂ ਦੇ ਪਿੰਡਾਂ ਦਾ ਇਕੱਠ ਹੋਇਆ, ਉਸ ਵਿੱਚੋਂ ਹੋਰ ਤਜਵੀਜ਼ਾਂ ਤੋਂ ਇਲਾਵਾ ਇੱਕ ਤਜਵੀਜ਼ ਔਰਤਾਂ ਦੇ ਪਹਿਰਾਵੇ ਬਾਰੇ ਪਾਸ ਹੋਈ ਇਕ ਘਰੋਂ ਬਾਹਰ ਜਾਣ ਸਮੇਂ ਔਰਤਾਂ ਚਾਰ ਕੱਪੜੇ, ਕੁੜਤੀ, ਸੁੱਥਣ, ਘੱਗਰਾ ਅਤੇ ਦੁਪੱਟਾ ਜ਼ਰੂਰ ਪਹਿਨਣ। ਘੱਗਰਾ ਗਿੱਟਿਆਂ ਤੋਂ ਥੋੜ੍ਹਾ ਉਪਰ ਹੋਵੇ ਤਾਂ ਕਿ ਹੱਥ ਨਾਲ ਚੁੱਕ ਕੇ ਨਾ ਤੁਰਨਾ ਪਵੇ। ਘੱਗਰਾ ਤਾਂ ਸੰਨ 1947 ਤੋਂ ਪਹਿਲਾਂ ਹੀ ਔਰਤਾਂ ਨੇ ਪਾਉਣਾ ਛੱਡ ਦਿੱਤਾ ਸੀ। ਸਮੇਂ ਦੇ ਨਾਲ ਨਵੇਂ ਫੈਸ਼ਨ ਦੇ ਕੱਪੜੇ ਚੱਲ ਰਹੇ ਹਨ। ਇਸ ਬਾਰੇ ਗੁਰਦਾਸ ਮਾਨ ਨੇ ਬਹੁਤ ਵਧੀਆ ਗੀਤ ਲਿਖਿਆ ਹੈ:-

ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ
ਕੰਨਾਂ ਵਿਚ ਕੋਕਲੇ ਤੇ ਵਾਲੀਆਂ ਵੀ ਗਈਆਂ
ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ
ਚੱਲ ਪਏ ਵਿਦੇਸ਼ੀ ਬਾਣੇ, ਕੀ ਬਣੂ ਦੁਨੀਆ ਦਾ
ਸੱਚੇ ਪਾਤਸ਼ਾਹ ਵਹਿਗੁਰੂ ਜਾਣੇ

# ਪੜ੍ਹਾਈ (ਵਿੱਦਿਆ)

ਵੀਹਵੀਂ ਸਦੀ ਦੇ ਅੱਧ ਤੱਕ ਔਰਤਾਂ ਦੀ ਪੜ੍ਹਾਈ ਵੱਲ ਧਿਆਨ ਨਾ ਦਿੱਤਾ ਗਿਆ। ਕੁੜੀਆਂ ਨੂੰ ਘਰ ਦੀ ਚਾਰਦੀਵਾਰੀ ਅੰਦਰ ਰੱਖਣਾ ਹੀ ਠੀਕ ਸਮਝਿਆ ਜਾਂਦਾ। 1947 ਤੋਂ ਬਾਅਦ ਹੀ ਕੁੜੀਆਂ ਨੂੰ ਸਕੂਲ ਭੇਜਣ ਦਾ ਰਿਵਾਜ਼ ਹੋਇਆ ਤੇ 1955 ਤੋਂ ਆਮ ਕੁੜੀਆਂ ਮੈਟ੍ਰਿਕ ਪਾਸ ਕਰਕੇ ਜਾਂ ਬੀ.ਏ. ਕਰਕੇ ਅਧਿਆਪਕਾਵਾਂ ਲੱਗ ਗਈਆਂ। ਚੰਗੇ ਘਰਾਂ ਦੀਆਂ ਕੁੜੀਆਂ ਪਹਿਲਾਂ ਵੀ ਗੁਰਦਵਾਰੇ ਜਾਂ ਕਿਸੇ ਹੋਰ ਥਾਂ ਤੋਂ ਪੰਜਾਬੀ ਦੀ ਪੜ੍ਹਾਈ-ਲਿਖਾਈ ਸਿੱਖ ਲੈਂਦੀਆਂ ਸਨ। ਖਾਲਸਾ ਕਾਲਜ ਮਾਹਿਲਪੁਰ, ਬਣਨ ਨਾਲ ਲਾਗੇ ਦੇ ਪਿੰਡਾਂ ਦੀਆਂ ਕੁੜੀਆਂ ਲਈ ਉਚੇਰੀ ਪੜ੍ਹਾਈ ਸੌਖੀ ਹੋ ਗਈ ਤੇ ਫੇਰ ਪਾਂਛਟਾ, ਡਰੋਲੀ ਕਲਾਂ ਅਤੇ ਡੁਮੇਲੀ ਕਾਲਜ ਬਣਨ ਨਾਲ ਗਰੀਬ ਘਰਾਂ ਦੀਆਂ ਕੁੜੀਆਂ ਵੀ ਬੀ ਏ ਤੱਕ ਪੜ੍ਹ ਗਈਆਂ। ਲੋਕ ਇਹ ਕਾਲਜ ਬਣਨ ਤੋਂ ਪਹਿਲਾਂ ਕੁੜੀਆਂ ਦੀ ਪੜ੍ਹਾਈ ਵੱਲ ਪੂਰਾ ਧਿਆਨ ਨਾ ਦੇ ਸਕੇ। ਦੇਸ਼ ਦੀ ਵੰਡ ਤੋਂ ਪਹਿਲਾਂ ਚੌਥੀ ਜਮਾਤ ਤੱਕ ਉਰਦੂ ਦੀ ਪੜ੍ਹਾਈ ਕਰਾਈ ਜਾਂਦੀ ਸੀ। ਪੰਜਵੀਂ ਜਮਾਤ ਤੋਂ ਹਾਈ ਸਕੂਲ ਸ਼ੁਰੂ ਹੁੰਦਾ ਤਾਂ ਫਾਰਸੀ ਉਰਦੀ ਪੜ੍ਹਾਈ ਜਾਂਦੀ ਸੀ। ਵੱਡੇ-ਵੱਡੇ ਸਭ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ (ਚੌਥੀ ਜਮਾਤ) ਤੱਕ ਹੀ ਸਨ, ਜੋ ਕਿ ਡਿਸਟ੍ਰਿਕਟ ਬੋਰਡ ਵੱਲੋਂ ਚਲਾਏ ਜਾਂਦੇ ਸਨ। ਹਾਈ ਸਕੂਲ ਕੁਝ ਇਕ ਗਿਣਤੀ ਦੇ ਪਿੰਡਾਂ ਵਿੱਚ ਹੀ ਸਨ। ਸਕੂਲਾਂ ਵਿੱਚ ਕੁੜੀਆਂ ਨੂੰ ਪੜ੍ਹਨ ਭੇਜਣ ਦਾ ਰਿਵਾਜ਼ ਹੀ ਨਹੀਂ ਸੀ। ਕੁਝ ਕੁ ਅਗਾਂਹਵਧੂ ਖਿਆਲਾਂ ਦੇ ਲੋਕ ਪ੍ਰਾਇਮਰੀ ਸਕੂਲ ਵਿੱਚ ਕੁੜੀਆਂ ਨੂੰ ਭੇਜਦੇ ਸਨ। ਮੁੰਡਿਆਂ ਨੂੰ ਛੇ ਕੁ ਸਾਲ ਦੀ ਉਮਰ ਤੋਂ ਬਾਅਦ ਸਕੂਲ ਦਾਖਲ ਕਰਵਾਇਆ ਜਾਂਦਾ। ਮੁੰਡੇ ਨੂੰ ਦਾਖਲ ਕਰਾਉਣ ਵੇਲੇ ਉਸ ਦੇ ਘਰਦਿਆਂ ਵੱਲੋਂ ਸਕੂਲ ਦੇ ਬੱਚਿਆਂ ਨੂੰ ਪਤਾਸੇ ਵੰਡੇ ਜਾਂਦੇ ਤੇ ਪ੍ਰਾਇਮਰੀ ਸਕੂਲ ਦੇ ਸੰਬੰਧਤ ਅਧਿਆਪਕ ਨੂੰ ਸਵਾ ਰੁਪਇਆ ਦਿੱਤਾ ਜਾਂਦਾ। ਸੋਮਵਾਰ ਸਵੇਰੇ ਮਾਸਟਰ ਨੇ ਸਭ ਦੇ ਨਹੁੰ ਦੇਖਣੇ ਕਿ ਕੱਟੇ ਹੋਏ ਹਨ ਕਿ ਨਹੀਂ, ਕੱਪੜੇ ਧੋਤੇ ਹੋਏ ਦੇਖਣੇ। ਕਈ ਗਰੀਬ ਘਰਾਂ ਦੇ ਬੱਚਿਆਂ ਨੂੰ ਕੱਪੜੇ ਮੈਲੇ ਹੋਣ ਕਾਰਨ ਕੁੱਟ ਪੈਣੀ। ਬਸਤੇ ਵਿੱਚ ਪਹਿਲਾਂ ਸਿਰਫ ਇਕ ਛੋਟਾ ਜਿਹਾ ਕੈਦਾ ਹੁੰਦਾ। ਇਕ ਫੱਟੀ ਤੇ ਕਲਮਾਂ ਝੋਲੇ ਵਿੱਚ, ਮਿੱਟੀ ਦੀ ਦਵਾਤ ਵਿੱਚ ਕਾਲੀ ਸਿਆਹੀ ਤੇ (ਨਿੱਕੀ ਜਿਹੀ ਲੀਰ) ਜਿਸਨੂੰ ਸੂਫਾ ਕਹਿੰਦੇ ਸੀ। ਇਹ ਦਵਾਤ ਹੱਥ ਵਿੱਚ ਫੜ ਕੇ ਸਕੂਲ ਨੂੰ ਲੈ ਜਾਣੀ ਪੈਂਦੀ, ਕਿਉਂਕਿ ਇਸ 'ਤੇ ਡੱਟ ਨਹੀਂ ਹੁੰਦਾ ਸੀ। ਕਲਮਾਂ ਲਈ ਵਧੀਆ ਪੱਕੇ ਕਾਨੇ ਢੱਠੇ ਹੋਏ ਕੋਠਿਆਂ ਦੀਆਂ ਕਾਨਿਆਂ ਦੀਆਂ ਛੱਤਾਂ ਤੋਂ ਲੱਭਣੇ। ਮਾਸਟਰ ਕੋਲ ਚੰਗਾ ਤਿੱਖਾ ਚਾਕੂ ਹੁੰਦਾ, ਜਿਸ ਨਾਲ ਉਹ ਲੋੜ ਵੇਲੇ ਬੱਚਿਆਂ ਨੂੰ ਕਲਮਾਂ ਘੜ ਦਿੰਦਾ। ਚੌਥੀ ਜਮਾਤ ਤੱਕ ਬੱਚਿਆਂ ਨੂੰ ਕਾਗਜ਼ 'ਤੇ ਲਿਖਣਾ ਨਹੀਂ ਸੀ ਪੈਂਦਾ। ਫੱਟੀ 'ਤੇ ਗਾਜਣੀ ਮੱਲ ਕੇ ਸੁਕਾ ਲੈਣੀ ਤੇ ਫੇਰ ਇੱਕ ਪਾਸੇ ਉਰਦੂ ਤੇ ਦੂਜੇ ਪਾਸੇ ਪਹਾੜੇ ਜਾਂ ਹਿਸਾਬ ਦੇ ਸਵਾਲ ਲਿਖਣੇ। ਕਈ ਮੁੰਡੇ

ਸਕੂਲ ਜਾਣੋਂ ਲੁਕ ਜਾਂਦੇ ਤਾਂ ਮਾਸਟਰ ਨੇ ਦੋ ਕੁ ਤਕੜੇ ਮੁੰਡੇ ਉਹਨਾਂ ਨੂੰ ਲੱਭਣ ਲਈ ਭੇਜਣੇ। ਪਹਾੜੇ ਸਭ ਨੂੰ ਰਟਾਏ ਜਾਂਦੇ ਸੀ। ਬੱਚਿਆਂ ਨੂੰ ਅੱਧੀ ਛੁੱਟੀ ਵੇਲੇ ਖਾਣ ਲਈ ਮਾਵਾਂ ਚੂਰੀ ਜਾਂ ਗੁੱਧੂ ਕੁੱਟ ਕੇ ਇਕ ਪੋਣੇ ਵਿੱਚ ਬੰਨ੍ਹ ਕੇ ਕਿਤਾਬਾਂ ਵਾਲੇ ਝੋਲੇ ਵਿੱਚ ਹੀ ਪਾ ਦਿੰਦੀਆਂ। ਹਾਈ ਸਕੂਲ ਜਾਣ ਵਾਲੇ ਬੱਚੇ ਆਪਣੀ ਰੋਟੀ ਪਿੱਤਲ ਦੇ ਡੱਬਿਆਂ ਵਿੱਚ ਲਿਜਾਂਦੇ। ਸਕੂਲਾਂ ਦੀਆਂ ਛੁੱਟੀਆਂ ਖੇਤੀ ਦੇ ਕੰਮਕਾਜ ਨੂੰ ਮੁੱਖ ਰੱਖ ਕੇ ਕੀਤੀਆਂ ਜਾਂਦੀਆਂ ਤਾਂ ਕਿ ਮੁੰਡੇ ਘਰ ਦਿਆਂ ਨਾਲ ਕੰਮ ਵਿੱਚ ਹੱਥ ਵਟਾ ਸਕਣ। ਜੇ ਇਸ ਤਰ੍ਹਾਂ ਛੁੱਟੀਆਂ ਨਾ ਕੀਤੀਆਂ ਜਾਂਦੀਆਂ ਤਾਂ ਕਈ ਗਰੀਬ ਕਿਸਾਨ ਆਪਣੇ ਬੱਚਿਆਂ ਨੂੰ ਸਕੂਲੋਂ ਹੀ ਹਟਾ ਲੈਂਦੇ। ਅੱਧੇ ਬੱਚਿਆਂ ਨੂੰ ਤਾਂ ਪੈਰਾਂ ਲਈ ਜੁੱਤੀ ਵੀ ਨਾ ਜੁੜਦੀ ਤੇ ਕਈ ਸਰਦੀਆਂ ਵਿੱਚ ਵੀ ਸਵੈਟਰ ਨਾ ਲੈ ਸਕਦੇ। ਸੰਨ 1947 ਤੋਂ ਬਾਅਦ ਸਕੂਲਾਂ ਵਿਚੋਂ ਉਰਦੂ ਦੀ ਪੜ੍ਹਾਈ ਬੰਦ ਕਰਕੇ ਪੰਜਾਬੀ ਸ਼ੁਰੂ ਕੀਤੀ ਗਈ। ਲੇਖਕ 1947 ਵਿਚ ਪੰਜਵੀਂ ਵਿਚ ਪੜ੍ਹਦਾ ਸੀ ਤਾਂ ਸਾਨੂੰ ਪੰਜਾਬੀ ਦਾ ਊੜਾ ਐੜਾ ਪੜ੍ਹਾਇਆ ਗਿਆ। ਚਾਰ ਸਾਲ ਤੱਕ ਸਭ ਪਾਠ ਪੁਸਤਕਾਂ ਉਰਦੂ ਵਿਚ ਹੀ ਮਿਲਦੀਆਂ ਸਨ। ਸੰਨ 1952 ਵਿਚ ਪਾਠ ਪੁਸਤਕਾਂ ਪੰਜਾਬੀ ਵਿਚ ਮਿਲਣ ਲੱਗੀਆਂ ਚੌਥੀ ਜਮਾਤ ਤੱਕ ਉਰਦੂ ਪੜ੍ਹਿਆ ਕਰਕੇ ਮੈਂ ਅੱਜ ਤੱਕ ਵੀ ਉਰਦੂ ਚੰਗੀ ਤਰ੍ਹਾਂ ਪੜ੍ਹ ਲਿਖ ਸਕਦਾ ਹਾਂ।

# ਖੇਡਾਂ

ਆਦਿ ਸਮੇਂ ਤੋਂ ਬੱਚੇ ਅਤੇ ਜਵਾਨਾਂ ਦੀਆਂ ਖੇਡਾਂ ਚੱਲੀਆਂ ਆ ਰਹੀਆਂ ਹਨ। ਪੰਜਾਬ ਵਿੱਚ ਐਸੀਆਂ ਖ਼ੇਡਾਂ ਪ੍ਰਚੱਲਿਤ ਸਨ, ਜਿਨ੍ਹਾਂ 'ਤੇ ਬਹੁਤਾ ਪੈਸਾ ਨਾ ਖਰਚ ਕਰਨਾ ਪੈਂਦਾ। ਬੱਚਿਆਂ ਦੀ ਖੇਡਾਂ ਵਿੱਚ ਲੁਕਣ ਮੀਟੀ, ਗੁੱਲੀ ਡੰਡਾ, ਬਾਂਦਰ ਕੀਲਾ, ਜੰਗ ਪਲੰਘਾ, ਕੋਟੜਾ ਛਪਾਕੀ, ਠੀਕਰੀ ਛੁਪਾਈ, ਗੁੱਟੀ ਆਦਿ ਸਨ। ਜਵਾਨਾਂ ਦੀਆਂ ਖੇਡਾਂ ਵਿੱਚ ਕਬੱਡੀ, ਤਲ੍ਹੀ, ਬੀਣੀ ਫੜਨੀ, ਫੁੱਟਬਾਲ ਅਤੇ ਹਾਕੀ ਅੰਗਰੇਜ਼ੀ ਰਾਜ ਵੇਲੇ ਸ਼ੁਰੂ ਹੋਇਆ, ਉਸ ਤੋਂ ਪਹਿਲਾਂ ਇਹੀ ਖੇਡ ਮੁੰਡੇ ਲੀਰਾਂ ਦੀ ਖੁੱਦੋ ਬਣਾ ਕੇ ਖੇਡਦੇ ਸੀ। ਇਸੇ ਤਰ੍ਹਾਂ ਹਾਕੀ ਨੂੰ ਪਹਿਲਾਂ ਫਿੰਡ ਖੂੰਡੀ ਕਹਿੰਦੇ ਹੁੰਦੇ ਸੀ। ਇਹ ਖੂੰਡੀ ਕਿਸੇ ਦਰੱਖਤ ਦੀ ਟਾਹਣੀ ਦੀ ਕੁਦਰਤੀ ਬਣੀ ਹੋਈ ਹਾਕੀ ਹੁੰਦੀ ਸੀ, ਜਿਸਨੂੰ ਮੁੰਡੇ ਤਾੜ ਦੇ ਵੱਢ ਲੈਂਦੇ ਸੀ।

ਸਿਆਣੇ ਬਜ਼ੁਰਗ ਆਪਣੇ ਮਨੋਰੰਜਨ ਲਈ ਤਾਸ਼, ਬਾਰਾਂ ਟਾਹਣੀ, ਸ਼ਤਰੰਜ ਵਗੈਰਾ ਗਰਮੀਆਂ ਦੀ ਰੁੱਤ ਵਿੱਚ ਪਿੱਪਲਾਂ ਹੇਠਾਂ ਜਾਂ ਬਰਾਂਡਿਆਂ ਵਿੱਚ ਬੈਠੇ ਖੇਡਦੇ ਤੇ ਨਾਲੇ ਸਿਆਸਤ ਦੀਆਂ ਗੱਲਾਂ ਕਰਦੇ ਤੇ ਬਹਿਸ ਕਰਦੇ। ਪਿੰਡ ਵਿੱਚ ਦੋ ਚਾਰ ਅਖਬਾਰਾਂ ਹੀ ਡਾਕ ਰਾਹੀਂ ਆਉਂਦੀਆਂ ਹੁੰਦੀਆਂ, ਜਿਸ 'ਚੋਂ ਖਬਰਾਂ ਪੜ੍ਹ ਕੇ ਕਿਸੇ ਪੜ੍ਹੇ-ਲਿਖੇ ਨੇ ਬਾਕੀ ਦਿਆਂ ਨੂੰ ਸੁਣਾ ਦੇਣੀਆਂ। ਦੁਪਹਿਰ ਵੇਲੇ ਪਿੱਪਲਾਂ ਹੇਠ ਬੈਠਿਆਂ ਨੂੰ ਇਕ ਜਣੇ ਨੇ ਕੋਈ ਕਿੱਸਾ ਪੜ੍ਹ ਕੇ ਸੁਣਾਉਣਾ। ਸਰਦੀਆਂ ਨੂੰ ਧੂਣੀਆਂ ਲਾ ਕੇ ਅੱਗ ਸੇਕਦੇ ਤੇ ਨਾਲੇ ਸਣ ਕੱਢੀ ਜਾਂਦੇ। ਇਹ ਧੂਣੀਆਂ ਕਾਫੀ ਦੇਰ ਰਾਤ ਤੱਕ ਚੱਲਦੀਆਂ। ਹਾਣ ਪਰਵਾਨ ਅਤੇ ਇੱਕੋ ਮਿਜ਼ਾ ਵਾਲਿਆਂ ਦੀਆਂ ਵੱਖਰੀਆਂ-ਵੱਖਰੀਆਂ ਧੂਣੀਆਂ ਹੁੰਦੀਆਂ ਸਨ।

# ਕੁੜੀਆਂ ਦੀ ਸਿੱਖਿਆ

ਹਰ ਇੱਕ ਕੁੜੀ ਵਿਆਹ ਤੋਂ ਪਹਿਲਾਂ ਸੀਣਾ-ਪਰੋਣਾ, ਕੱਢਣਾ ਸਿੱਖ ਲੈਂਦੀ। ਦਾਜ ਵਿੱਚ ਕੁੜੀ ਦੇ ਹੱਥੀਂ ਕੱਢੀਆਂ ਚਾਦਰਾਂ, ਸਰਹਾਣੇ, ਮੇਜ਼ ਪੋਸ਼, ਪੱਖੀਆਂ (ਹੱਥ ਨਾਲ ਝੱਲ ਮਾਰਨ ਵਾਲੀਆਂ) ਸਨੁਕੜਾ, ਕੇੜਾ ਤੇ ਗੋਭ ਦੇ ਬਣੇ ਛਿੱਕੂ ਅਤੇ ਟੋਕਰੀਆਂ ਜ਼ਰੂਰ ਹੁੰਦੇ। ਕੁੜੀਆਂ ਇਕ ਦੂਜੀ ਨੂੰ ਜੋ ਵਿਆਹ ਦਾ ਤੋਹਫਾ ਦਿੰਦੀਆਂ, ਉਹ ਛਿੱਕੂ ਹੁੰਦਾ ਸੀ। ਗੋਭ ਦੇ ਪੱਤਿਆਂ ਨੂੰ ਸੁਕਾ ਕੇ ਰੰਗ ਲੈਣਾ ਤੇ ਛਿੱਕੂ ਵਿੱਚ ਰੰਗ-ਬਰੰਗੇ ਫੁੱਲ ਬਣਾਉਣੇ। ਫੁਲਕਾਰੀ ਦੀ ਕਢਾਈ ਵਿੱਚ ਇਕ ਦੂਜੀ ਦੀ ਮਦਦ ਕਰਨੀ ਤਾਂ ਕੁੜੀਆਂ ਆਪਣਾ ਫਰਜ਼ ਸਮਝਦੀਆਂ ਸਨ। ਕਿਉਂਕਿ ਉਹ ਸਕੂਲ ਤਾਂ ਜਾਂਦੀਆਂ ਨਹੀਂ ਸਨ । ਇਸ ਲਈ ਇਹੋ ਜਿਹੇ ਕੰਮਾਂ ਲਈ ਕਾਫੀ ਸਮਾਂ ਹੁੰਦਾ ਸੀ। ਜਦੋਂ ਤੋਂ ਕੁੜੀਆਂ ਸਕੂਲ ਜਾਣ ਲੱਗ ਪਈਆਂ, ਉਹਨਾਂ ਕੋਲ ਵਿਹਲ ਕਿੱਥੇ। ਉਹ ਤਾਂ ਮਸਾਂ ਸਕੂਲ ਦੀ ਪੜ੍ਹਾਈ ਦਾ ਘਰ ਲਈ ਦਿੱਤਾ ਕੰਮ ਹੀ ਕਰ ਸਕਦੀਆਂ ਹਨ ਤੇ ਆਪਣੀ ਸਹੇਲੀ ਦੇ ਵਿਆਹ 'ਤੇ ਬਾਜ਼ਾਰੋਂ ਖਰੀਦ ਕੇ ਕੋਈ ਗਿਫਟ ਦੇ ਦਿੰਦੀਆਂ ਹਨ। ਪੁਰਾਣੇ ਸਮਿਆਂ ਵਿੱਚ ਹੱਥੀਂ ਸੂਤ ਕੱਤ ਕੇ, ਉਸ ਨੂੰ ਕਈ ਧਾਗੇ ਇਕੱਠੇ ਕਰਕੇ ਅਟੇਰਨਾ ਤੇ ਉਸ ਦਾ ਮੋਟਾ ਸੂਤ ਕੱਤ ਕੇ, ਪਲੰਗ ਲਈ ਨੁਆਰ ਬੁਣਦੀਆਂ ਜੋ ਬਹੁਤ ਚਿਰ ਹੰਢਦੀ। ਦਰੀਆਂ ਵੀ ਕੁੜੀਆਂ ਆਪੇ ਬੁਣ ਲੈਂਦੀਆਂ। ਰਜ਼ਾਈ ਲਈ ਘਰ ਹੀ ਖੱਦਰ ਰੰਗ ਲੈਣਾ। ਕਈ ਕੁੜੀਆਂ ਤਾਂ ਹੱਟੀ ਤੋਂ ਰੰਗ ਲੈਂਦੀਆਂ। ਰੂੰ ਪਿੰਜ ਕੇ ਚੰਦਿਆਂ ਵਿੱਚ ਭਰ ਕੇ ਆਪੇ ਹੀ ਨਗੰਦ ਲੈਂਦੀਆਂ। ਗਰਮੀਆਂ ਦੇ ਦਿਨਾਂ ਵਿੱਚ ਜਦੋਂ ਆਦਮੀ ਪਿੱਪਲਾਂ ਹੇਠ ਬੈਠ ਕੇ ਤਾਸ਼, ਬਾਰਾਂ ਟਾਹਣੀ ਆਦਿ ਖੇਡਦੇ, ਤੀਵੀਆਂ ਘਰਾਂ ਵਿੱਚ ਚਰਖੇ ਕੱਤਦੀਆਂ ਕਿਉਂਕਿ ਉਹਨਾਂ ਨੂੰ ਸਾਰੇ ਟੱਬਰ ਦੇ ਪਹਿਨਣ ਲਈ ਖੱਦਰ ਬੁਣਵਾਉਣ ਦਾ ਫਿਕਰ ਹੁੰਦਾ ਸੀ। ਸਰਦੀਆਂ ਵਿੱਚ ਕੁੜੀਆਂ ਇਕੱਠੀਆਂ ਹੋ ਕੇ ਚਰਖੇ ਨਾਲ ਸੂਤ ਕੱਤਦੀਆਂ । ਇਸ ਇਕੱਠ ਨੂੰ ਤ੍ਰਿੰਝਣ ਕਹਿੰਦੇ ਸੀ। ਤ੍ਰਿੰਝਣਾਂ ਤੇ ਗੀਤ ਬੜੇ ਪਿਆਰੇ ਹਨ, ਜਿਨ੍ਹਾਂ ਵਿੱਚੋਂ ਨਮੂਨੇ ਦੇ ਕੁਝ ਇਹ ਹਨ:-

ਚਰਖਾ ਮੇਰਾ ਰੰਗਲਾ ਭੌਣਾ, ਵਿੱਚ ਸੋਨੇ ਦੀਆਂ ਮੇਖਾਂ,
ਨੀ ਮਾਂ ਤੈਨੂੰ ਯਾਦ ਕਰਾਂ, ਜਦ ਚਰਖੇ ਵੱਲ ਦੇਖਾਂ।
ਮਾਂ ਮੇਰੀ ਨੇ ਚਰਖਾ ਦਿੱਤੀ, ਪੀੜ੍ਹੀ ਲਿਆ ਦੇ ਤੂੰ,
ਵੇ ਸਾਰੀ ਰਾਤ ਕੱਤਿਆਂ ਕਰੂੰ, ਕੱਤਿਆਂ ਕਰੂੰ ਤੇਰੀ ਰੂੰ।
ਤ੍ਰਿੰਝਣ
ਤ੍ਰਿੰਝਣ ਨੂੰ ਕੀ ਡਰ ਪਾਲੇ ਦਾ
ਚਰਖਾ ਵੀ ਉਸ ਤੋਂ ਹੱਸੇ ਜਿਹੜੀ ਤ੍ਰਿੰਝਣਾਂ ਵਿੱਚ ਊੱਘੇ
ਤ੍ਰਿੰਝਣਾਂ ਦੇ ਗੀਤ ਜ਼ਿਆਦਾਤਰ ਗਮਗੀਨ ਹੁੰਦੇ ਹਨ

ਸੁਣ ਵੇ ਸੂਰਜਾ, ਸੁਣ ਵੇ ਚੰਨਾ!
ਨੈਣੀ ਨੀਰ ਵਹਾਵਾਂ।
ਦੁਨੀਆਂ ਮੌਜ ਕਰਦੀ ਮੈਂ ਤੰਦ ਦੁੱਖਾਂ ਦੇ ਪਾਵਾਂ।
ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ ਸਬੱਬ ਨਾਲ ਹੋਣ ਇਕੱਠੀਆਂ।
ਲੱਗੀਆਂ ਤ੍ਰਿੰਝਣਾਂ ਦੀਆਂ ਮੈਨੂੰ ਯਾਦ ਗੱਡੀ ਵਿੱਚ ਆਈਆਂ।
ਕੱਤ ਕੁੜੇ ਨੀ ਕੱਤ ਕੁੜੇ
ਛੱਲੀ ਲਾਹ ਭੜੋਲੇ ਘੱਤ ਕੁੜੇ।
ਚਲ ਦੇਖੀਏ ਉਸ ਮਸਤਾਨੇ ਨੂੰ
ਜਿਦੀ ਤ੍ਰਿੰਝਣਾਂ ਦੇ ਵਿੱਚ ਪਈ ਧੁੰਮ।

ਮੇਰੀ ਕਤਣੀ ਨਸੀਬਾਂ ਵਾਲੀ
ਭਰੀ ਰਹਿੰਦੀ ਲੱਡੂਆਂ ਦੀ।
ਚੱਜ ਨਾ ਵਸਣ ਦੇ ਤੇਰੇ
ਕੱਤਣੀ 'ਚ ਰੱਖੇਂ ਰਿਊੜੀਆਂ।
ਨੀ ਇਕ ਤੇਰਾ ਰੰਗ ਮੁਸ਼ਕੀ ਦੂਜੇ ਡਾਹ ਲਿਆ ਗਲੀ ਦੇ ਵਿੱਚ ਚਰਖਾ।

# ਵੱਧਦੇ ਕਦਮ

ਵੀਹਵੀਂ ਸਦੀ ਦੇ ਸ਼ੁਰੂ ਤੱਕ ਦਰਜੀ ਵੀ ਕੱਪੜੇ ਸੇਪੀ 'ਤੇ ਸੀਂਦੇ ਸੀ। ਤਰਖਾਣ, ਲੁਹਾਰ, ਨਾਈ, ਝੀਰ ਆਦਿ ਨੂੰ ਸੇਪੀ 'ਤੇ ਕੰਮ ਕਰਦਿਆਂ ਤਾਂ ਅਸੀਂ 1940 ਤੋਂ ਕਾਫੀ ਬਾਅਦ ਤੱਕ ਦੱਖਿਆ ਹੈ।

ਕੁੱਝ ਘਰਾਂ ਦੇ ਬੰਦੇ ਪਹਿਲੀ ਸੰਸਾਰ ਜੰਗ ਵਿੱਚ ਭਰਤੀ ਹੋ ਕੇ ਨਕਦ ਪੈਸਾ ਲਿਆਏ ਤੇ ਆਪਣਾ ਰਹਿਣ-ਸਹਿਣ ਉੱਚਾ ਕੀਤਾ। ਅੰਗਰੇਜ਼ ਸਰਕਾਰ ਨੂੰ ਲੜਾਈ ਲਈ ਜਵਾਨਾਂ ਦੀ ਲੋੜ ਸੀ। ਭਰਤੀ ਦੀਆਂ ਸ਼ਰਤਾਂ ਕਾਫੀ ਨਰਮ ਕਰਕੇ ਮਾੜੀ-ਮੋਟੀ ਸਿਹਤ ਵਾਲੇ ਵੀ ਭਰਤੀ ਹੋ ਗਏ। ਅੰਗਰੇਜ਼ ਜੱਟ ਅਤੇ ਹਿੰਦੂ ਰਾਜਪੂਤਾਂ ਨਾਲੋਂ ਰਾਜਪੂਤ ਜੋ ਸਿੱਖ ਹੋਣ ਨੂੰ ਭਰਤੀ ਵਿੱਚ ਪਹਿਲ ਦਿੰਦੇ ਸਨ। ਇਹ ਪਹਿਲਾਂ ਭਰਤੀ ਹੋਏ ਸਿੱਖ ਰਾਜਪੂਤਾਂ ਦੀ ਲਿਆਕਤ ਸਿਆਣਪ, ਬਹਾਦਰੀ, ਫਰਜ਼ ਸ਼ਨਾਸੀ ਕਰਕੇ ਸੀ। ਫੌਜ ਵਿੱਚ ਭਰਤੀ ਹੋਣ ਲਈ ਦੁਆਬੇ ਦੇ ਰਾਜਪੂਤਾਂ ਨੇ ਆਪਣੇ ਨਾ ਪਿੱਛੇ ਸਿੰਘ ਲਿਖਣਾ ਸ਼ੁਰੂ ਕਰ ਦਿੱਤਾ। ਭਰਤੀ ਕਰਨ ਵਾਲੀਆਂ ਟੀਮਾਂ ਪਿੰਡਾਂ ਦਾ ਦੌਰਾ ਕਰਦੀਆਂ ਤੇ ਗਰਾਮੋਫੂਨ 'ਤੇ ਇਹ ਗਾਣਾ ਵਜਾਉਂਦੇ :-

ਐਥੇ ਮਿਲਦੇ ਟੁੱਟੇ ਛਿੱਤਰ, ਉਥੇ ਮਿਲਣਗੇ ਬੂਟ, ਭਰਤੀ ਹੋ ਜਾ ਵੇ
ਐਥੇ ਮਿਲਦੇ ਪਾਟੇ ਪੁਰਾਣੇ, ਉਥੇ ਮਿਲਣਗੇ ਸੂਟ, ਭਰਤੀ ਹੋ ਜਾ ਵੇ
ਐਥੇ ਤਾਂ ਪੈਂਦੇ ਹਰਦਮ ਝਿੜਕੇ, ਉਥੇ ਪੈਣ ਸਲੂਟ, ਭਰਤੀ ਹੋ ਜਾ ਵੇ

ਇਕ ਭਰਤੀ ਕਰਨ ਵਾਲਾ ਅਫਸਰ ਲੈਕਚਰ ਕਰਕੇ ਭੀੜ ਨੂੰ ਦੱਸ ਰਿਹਾ ਸੀ "ਜੇ ਭਰਤੀ ਹੋ ਜਾਵੋ, ਤੁਹਾਨੂੰ ਰਹਿਣ ਨੂੰ ਕੁਆਟਰ, ਪੀਣ ਨੂੰ ਸੋਢਾ ਵਾਟਰ, ਖਾਣ ਨੂੰ ਟਮਾਟਰ ਮਿਲਣਗੇ।" ਕੋਲੋਂ ਲੰਘਦਾ ਇੱਕ ਅਮਲੀ ਜਿਹਾ ਜਵਾਨ ਬੋਲਿਆ "ਇਬ ਟਰ ਟਰ ਆਪਣੇ ਕੋਲ ਹੀ ਰੱਖ, ਅਸੀਂ ਭਰਤੀ ਨਹੀਂ ਹੋਣਾ।"

ਭਾਵੇਂ ਕੁਝ ਵੀ ਕਹੋ ਸੰਸਾਰ ਦੇ ਦੋਨਾਂ ਮਹਾਂਯੁੱਧਾਂ 1914-1919 ਅਤੇ 1939-1945 ਦਾ ਪੰਜਾਬ ਦੀ ਆਰਥਿਕਤਾ 'ਤੇ ਚੰਗਾ ਅਸਰ ਹੋਇਆ। ਜਵਾਨਾਂ ਨੂੰ ਖੇਤੀ ਵਿੱਚੋਂ ਕੋਈ ਲਾਭ ਨਹੀਂ ਹੁੰਦਾ ਸੀ। ਫੌਜ ਵਿੱਚ ਭਰਤੀ ਹੋ ਕੇ ਉਹਨਾਂ ਨੇ ਜੋ ਪੈਸਾ ਕਮਾਇਆ, ਉਸ ਨਾਲ ਉਹਨਾਂ ਚੰਗੇ ਮਕਾਨ ਬਣਾਏ, ਚੰਗੀ ਸੋਚਣੀ ਬਣ ਗਈ, ਆਪਣੇ ਬੱਚਿਆਂ ਦੀ ਤਰੱਕੀ ਦਾ ਸੋਚਣ ਲੱਗ ਪਏ। ਪਿੰਡੋਂ ਬਾਹਰ ਨਿਕਲ ਕੇ, ਦੁਨੀਆਂ ਦੀਆਂ ਠੋਕਰਾਂ ਖਾ ਕੇ ਜੋ ਅਕਲ ਆਉਂਦੀ ਹੈ, ਉਹ ਘਰ ਆਰਾਮ ਨਾਲ ਬੈਠਿਆਂ ਨੂੰ ਨਹੀਂ ਆ ਸਕਦੀ।

ਦੁੱਧ ਕੋਈ ਨਹੀਂ ਵੇਚਦਾ ਸੀ, ਜੇਕਰ ਇਕ ਘਰ ਮੱਝ ਦੁੱਧੋਂ ਹਟ ਜਾਂਦੀ ਤਾਂ ਗੁਆਂਢੀ ਇਕ-ਦੂਜੇ ਨੂੰ ਕੁਝ ਦੁੱਧ ਦੇ ਦਿੰਦੇ। ਇਸੇ ਤਰ੍ਹਾਂ ਘਿਉ ਵੀ ਇੱਕ-ਦੂਜੇ ਤੋਂ ਉਧਾਰ ਲੈ ਕੇ ਸਮਾ ਲੰਘਾ ਲਿਆ ਜਾਂਦਾ। ਇਲਾਕੇ ਵਿੱਚ ਸੰਨ 1909 ਤੋਂ 1912 ਵਿੱਚ

ਤਿੰਨ ਹਾਈ ਸਕੂਲ ਬਣਨ ਨਾਲ ਮੁੰਡੇ ਘੱਟੋ-ਘੱਟ ਮੈਟ੍ਰਿਕ ਪਾਸ ਤਾਂ ਹੋ ਹੀ ਗਏ ਤੇ ਜ਼ਮੀਨਾਂ ਥੋੜ੍ਹੀਆਂ ਹੋਣ ਕਰਕੇ ਬਾਹਰ ਨੌਕਰੀਆਂ ਕਰਨ ਲੱਗੇ।

ਕਾਲਜ ਵਿੱਚ ਸੌ ਵਿੱਚੋਂ ਦੋ ਕੁ ਹੀ ਮੁੰਡੇ ਜਾ ਸਕਦੇ ਸੀ, ਕਿਉਂਕਿ ਪਿੰਡ ਤੋਂ ਰੋਜ਼ ਸ਼ਹਿਰ ਜਾਣਾ ਔਖਾ ਸੀ, ਹੋਸਟਲ ਵਿੱਚ ਰਹਿ ਕੇ ਪੜ੍ਹਨ ਦਾ ਖਰਚ 1953 ਵਿੱਚ 150 ਰੁਪਏ ਮਹੀਨਾ ਸੀ ਤੇ ਉਸ ਵੇਲੇ ਜ਼ਮੀਨ, ਦੀ ਕੀਮਤ 300 ਰੁਪਏ ਏਕੜ ਸੀ। ਇਸ ਤਰ੍ਹਾਂ ਕਾਲਜ ਵਿੱਚ ਪਿੰਡ ਵਾਲਿਆਂ ਦੇ ਮੁੰਡੇ ਦਾ ਇੱਕ ਸਾਲ ਦਾ ਖਰਚ ਛੇ ਕਿੱਲੇ ਜ਼ਮੀਨ ਦੇ ਮੁੱਲ ਦੇ ਬਰਾਬਰ ਸੀ। 1965 ਤੱਕ ਟਿਊਬਵੈਲ ਅਤੇ ਟਰੈਕਟਰਾਂ ਨਾਲ ਖੇਤੀ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਦੁਆਬੇ ਵਿੱਚ ਭਾਰੀ ਤੋਂ ਭਾਰੀ ਜ਼ਮੀਨ ਇਕ ਹਜ਼ਾਰ ਰੁਪਏ ਏਕੜ ਤੱਕ ਵਿਕਦੀ ਰਹੀ।

1967 ਵਿੱਚ ਲਛਮਣ ਸਿੰਘ ਗਿੱਲ ਅਕਾਲੀ ਦਲ 'ਚੋਂ ਬਾਗੀ ਹੋ ਕੇ ਕਾਂਗਰਸ ਦੀ ਮਦਦ ਨਾਲ ਪੰਜਾਬ ਦਾ ਮੁੱਖ ਮੰਤਰੀ ਬਣਿਆ। ਉਹ ਆਪ ਇਕ ਵੱਡਾ ਠੇਕੇਦਾਰ ਸੀ। ਉਸ ਨੇ ਸੜਕਾਂ ਪੱਕੀਆਂ ਕਰਨ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ। ਇਸ ਕੰਮ ਵਿੱਚ ਸੜਕਾਂ 'ਤੇ ਮਿੱਟੀ ਪਾਉਣ ਦਾ ਕੰਮ ਪਿੰਡਾਂ ਵਾਲਿਆਂ ਆਪ ਕੀਤਾ। ਕੁਝ ਸਾਲਾਂ ਵਿੱਚ ਹੀ ਸਭ ਸੜਕਾਂ ਪੱਕੀਆਂ ਹੋ ਗਈਆਂ, ਭਾਵੇਂ ਇਹਨਾਂ ਦੀ ਮੁਰੰਮਤ ਵੱਲ ਕਦੇ ਕਿਸੇ ਧਿਆਨ ਨਹੀਂ ਦਿੱਤਾ। "ਨਹੀਂ ਮਾਮਾ ਸੇ ਕਾਣਾ ਮਾਲਾ ਅੱਛਾ" ਵਾਲੀ ਗੱਲ ਠੀਕ ਜਾਪਦੀ ਹੈ। ਔਖਿਆਂ-ਸੌਖਿਆਂ ਕਾਰਾਂ, ਸਕੂਟਰਾਂ ਲੰਘ ਰਹੇ ਹਨ।

1953 ਵਿੱਚ ਗੜ੍ਹਸ਼ੰਕਰ ਤੋਂ ਆਦਮਪੁਰ ਵਾਲੀ ਨਹਿਰ ਬਣੀ ਤੇ ਨਹਿਰ ਦੇ ਪਹਾੜ ਵੱਲ ਦੇ ਪਾਸੇ ਇਕ ਕੱਚੀ ਸੜਕ (ਪੱਟੜੀ) ਬਣੀ। ਇਸ ਕੱਚੀ ਪੱਟੜੀ ਦੇ ਰੱਖ ਰਖਾਓ ਵੱਲ ਮਹਿਕਮੇ ਦ ਪੂਰਾ ਧਿਆਨ ਸੀ। ਮੀਂਹ ਤੋਂ ਬਾਅਦ ਸੜਕ 'ਤੇ ਮਾੜੇ-ਮਾਟੇ ਟੋਏ ਟਾਇਰ ਖੁੱਭਣ ਨਾਲ ਬਣ ਜਾਂਦੇ ਤੇ ਉਹਨਾਂ ਨੂੰ ਟੁੱਟੀ ਹੋਈ ਪਰਾਤ ਫੇਰ ਕੇ ਪੱਧਰੀ ਕਰਦੇ। ਗਰਮੀਆਂ ਵਿੱਚ ਕਿਤੇ-ਕਿਤੇ ਰੇਤਾ ਉੱਭਰ ਆਉਂਦਾ ਤੇ ਰੇਤੇ 'ਤੇ ਸਾਈਕਲ ਸਲਿੱਪ ਹੁੰਦੇ ਤਾਂ ਬੇਲਦਾਰਾਂ ਨੂੰ ਨਹਿਰ ਲਾਗਿਓਂ ਸਰਵਾੜ ਵੱਡ ਕੇ ਰੇਤੇ ਵਾਲੀ ਪੱਟੜੀ ਤੇ ਬਿਛੌਣਾ ਪੈਂਦਾ। ਅੱਜਕੱਲ ਬੇਲਦਾਰਾਂ ਦੀ ਗਿਣਤੀ ਉੱਨੀ ਹੀ ਹੈ, ਪਰ ਉਹ ਸਭ ਵੇਹਲੇ ਰਹਿੰਦੇ ਹਨ ਜਾਂ ਅਫਸਰਾਂ ਦੇ ਘਰੀਂ ਕੰਮ ਕਰਦੇ ਹਨ। ਕੋਈ ਗੱਡਾ ਟਰੱਕ, ਟਰੈਕਟਰ ਜਾਂ ਕਾਰ ਇਸ ਪੱਟੜੀ ਤੋਂ ਨਹੀਂ ਲੰਘਣ ਦਿੱਤੀ ਜਾਂਦੀ ਸੀ। ਥਾਂ-ਥਾਂ 'ਤੇ ਪੱਟੜੀ ਤੇ ਲੋਹੇ ਦੇ ਫਾਟਕ ਸਨ, ਉਹਨਾਂ ਦੇ ਜੰਦਰਿਆਂ ਦੀਆਂ ਚਾਬੀਆਂ ਬੇਲਦਾਰਾਂ ਕੋਲ ਹੁੰਦੀਆਂ । ਇਹ ਪੱਟੜੀ ਸਾਈਕਲ, ਸਕੂਟਰ ਅਤੇ ਮੋਟਰਸਾਈਕਲ ਲਈ ਅੱਜਕੱਲ ਦੀਆਂ ਪੱਕੀਆਂ ਸੜਕਾਂ ਨਾਲੋਂ ਕਿਤੇ ਵਧੀਆ ਸੀ। ਹੁਣ ਇਸ ਪੱਟੜੀ ਨੂੰ ਪੱਕੀ ਸੜਕ ਤਾਂ ਬਣਾ ਦਿੱਤਾ ਹੈ, ਪਰ ਇਸ ਦੀ ਸੰਭਾਲ ਵੱਲ ਜ਼ਰਾ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਥਾਂ-ਥਾਂ ਵੱਡੇ-ਵੱਡੇ ਟੋਏ ਹਨ। ਇਸ ਸੜਕ ਨੂੰ ਆਦਮਪੁਰ ਤੋਂ ਗੜ੍ਹਸ਼ੰਕਰ ਤੱਕ ਚੌੜਾ ਕਰਨ ਨਾਲ ਫਗਵਾੜਾ ਨਵਾਂਸ਼ਹਿਰ ਵਾਲੀ ਸੜਕ 'ਤੇ ਟਰੈਫਿਕ ਘੱਟ ਗਿਆ ਹੈ।

ਸਿੰਘ ਸਭਾ ਲਹਿਰ ਜੋ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਚੱਲੀ, ਤੋਂ ਪਹਿਲਾਂ ਦੁਆਬੇ ਵਿੱਚ ਵਿਆਹ-ਸ਼ਾਦੀਆਂ ਹਿੰਦੂ ਰਸਮੋ-ਰਿਵਾਜ਼ ਨਾਲ ਹੁੰਦੀਆਂ ਰਹੀਆਂ। ਬਹੁਤੇ ਬੰਦਿਆਂ ਦੇ ਨਾਵਾਂ ਨਾਲ ਤਾਂ ਸਿੰਘ ਹੈ, ਸੀ ਪਰ ਤੀਵੀਆਂ ਦੇ ਨਾਂਅ, ਰਲੀ, ਪਰਮੇਸ਼ਰੀ, ਗੰਗਾ ਗਈ (ਗੰਗੋ) ਭਾਗਵਤੀ (ਭਾਗੋ), ਜਮਨਾ, ਲੱਛਮੀ, ਪੋਸੋ, ਪਾਰਬਤੀ (ਪਾਰੋ), ਸੀਤਾ, ਸੱਤਿਆ, ਇੰਦਰਦਈ (ਇੰਦੋ), ਗੁਰਦਈ (ਗੁਰੋ) ਸੁਰਸਤੀ, ਸੁਮਿੱਤਰਾ, ਸੁਭਦਰਾ, ਕਾਨਤਾ, ਮੰਗੀ, ਜਵਾਲੀ, ਸ਼ਾਨਤੀ, ਸਵਿੱਤਰੀ, ਰਾਮ ਪਿਆਰੀ, ਬਿਸ਼ਨ ਦਈ (ਬਿਸ਼ਨੀ), ਸੰਤੀ, ਬੰਤੀ, ਧੰਤੀ, ਠਾਕਰੀ, ਮਾਲਣ, ਰੁਕਮਣੀ, ਪ੍ਰੇਮੀ, ਗੁਰਦਿੱਤੀ, ਮਥਰੀ, ਬ੍ਰਹਮੋ ਜਿਹੇ ਸਨ, ਜਿਹੜੇ ਕਿ ਅੱਜਕੱਲ੍ਹ ਨਹੀਂ ਹਨ, ਜਿਸ ਤੋਂ ਜ਼ਾਹਿਰ ਹੈ ਕਿ ਦੁਆਬੇ ਦੇ ਇਹ ਪਿੰਡ ਬ੍ਰਾਹਮਣੀ ਮੱਤ ਦੇ ਪ੍ਰਭਾਵ ਤੋਂ ਆਜ਼ਾਦ ਹੋ ਚੁੱਕੇ ਹਨ। 1940 ਤੋਂ ਬਾਅਦ ਦਾ ਸ਼ਾਇਦ ਹੀ ਕੋਈ ਲੜਕਾ ਹੋਵੇ, ਜਿਸਦਾ ਨਾਮ ਨਾਲ ਸਿੰਘ ਨਾ ਹੋਵੇ ਅਤੇ ਸ਼ਾਇਦ ਹੀ ਕਿਸੇ ਲੜਕੀ ਦੇ ਨਾਂ ਪਿੱਛੇ ਕੌਰ ਨਾ ਹੋਵੇ।

# ਪੁਰਾਣੇ ਸਮੇਂ ਦੇ ਗਹਿਣਿਆਂ ਦੇ ਨਾਂਅ

ਸਿਰ ਦੇ ਵਾਲਾਂ ਵਿੱਚ ਗੁੰਦਣ ਵਾਲੇ ਗਹਿਣੇ

ਠੂਠੀ-ਸਿਰ ਦੇ ਵਿਚਕਾਰ ਉੱਪਰ ਗੁੰਦੀ ਜਾਂਦੀ। ਫੁੱਲ ਗੁੱਤ ਦੇ ਦੋਨੋਂ ਪਾਸੇ, ਟਿੱਕਾ, ਜੋ ਵਾਲਾਂ ਵਿੱਚ ਗੁੰਦ ਕੇ ਮੱਥੇ 'ਤੇ ਟਿਕਦਾ, ਸੂਈ, ਕਲਿੱਪ, ਇੱਕ ਪਾਸੇ ਲਾਏ ਜਾਂਦੇ, ਝਲਮਣ ਪੱਟੀ, ਸੱਗੀ ਫੁੱਲ।

**ਕੰਨਾਂ ਦੇ ਗਹਿਣੇ**

ਮੁਰਕੀਆਂ, ਬਾਲੇ, ਬਾਲੀਆਂ, ਕਾਂਟੇ, ਝੁਮਕੇ, ਟਾਪਸ, ਡੰਡੀਆਂ, ਮੁੰਦਰਾਂ, ਨੱਤਾਂ, ਨੰਤੀਆਂ, ਰੇਲਾਂ, ਕੋਕਲੇ।

**ਨੱਕ ਦੇ ਗਹਿਣੇ :-**

ਨੱਥ, ਤੀਲੀ, ਕੋਕਾ, ਲੌਂਗ, ਬੋਹੜ, ਖੂੰਬ

**ਗਲ ਦੇ ਗਹਿਣੇ :-**

ਹਾਰ, ਰਾਣੀ ਹਾਰ, ਗੁਲੂਬੰਦ, ਚੇਨੀ, ਚੰਨਣ ਹਾਰ, ਪੈਂਡਲ, ਤਵੀਤ, ਛਿਣਗ, ਖੰਡਾ, ਕੈਂਠਾ, ਢੋਡਣੇ ਤਵੀਤ, ਪਿੱਪਲ ਪੱਤੀਆਂ, ਬੁਗਤੀਆਂ, ਇਨਾਮ, ਤਦੀਰਾਂ।

**ਬਾਹਾਂ ਦੇ ਗਹਿਣੇ :-**

ਵੰਗਾਂ, ਚੂੜੀਆਂ, ਬੰਦ, ਕੜੇ, ਚੇਨੀ, ਗੋਖੜੂ, ਘੜੀ ਚੂੜੀ

**ਉਂਗਲਾਂ ਦਾ ਗਹਿਣੇ :-**

ਅੰਗੂਠੀ, ਮੁੰਦੀ, ਛੱਲਾ, ਛਾਪ, ਆਰਸੀ

**ਪੈਰਾਂ ਦੇ ਗਹਿਣੇ :-**

ਪੰਜ਼ੇਬਾਂ, ਝਾਂਜਰਾਂ, ਪਹੁੰਚੀ, ਸ਼ਕੁੰਤਲਾ ਚੈਨ, ਗੁਲਸ਼ਨ ਪੱਟੀ, ਪੱਟੜੀਆਂ।

# ਪੁਰਾਣੇ ਸਮੇਂ ਦੇ ਕੱਪੜੇ ਦੀਆਂ ਕਿਸਮਾਂ

ਰੇਸ਼ਮੀ ਸਿਲਕ, ਸੂਫ, ਦਰਿਆਈ, ਡੋਰੀਆ, ਮਲਮਲ, ਟਸਰ, ਟੂਸ਼, ਟੂਲ, ਗਬਰੂਨ, ਛੀਂਟ, ਮੋਰਾਕੀਨ, ਹਰੀ ਛਾਲ, ਪਚਰੰਗਾ, ਟਾਫਟਾ, ਸ਼ੰਘਾਈ, ਮਖਮਲ, ਖੱਦਰ, ਲੇਨਿਨ।

# ਭਾਈ ਮੰਝ

ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ
ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ

ਭਾਈ ਮੰਝ ਦਾ ਅਸਲ ਨਾਂ ਭਾਈ ਤੀਰਥਾ ਸੀ। ਮੰਝ ਰਾਜਪੂਤਾਂ ਦਾ ਇਕ ਗੋਤ ਹੈ, ਜੋ ਆਪਣਾ ਪਿੱਛੋਕੜ ਚੰਦਰਵੰਸ਼ੀ ਰਾਜਪੂਤਾਂ ਨਾਲ ਜੋੜਦੇ ਹਨ। ਭਾਈ ਮੰਝ ਦਾ ਜਨਮ 15 ਸਤੰਬਰ ਸੰ. 1560 ਨੂੰ ਪਿੰਡ ਕੰਗ ਮਾਈ ਜੋ ਕਿ ਹੁਸ਼ਿਆਰਪੁਰ ਤੋਂ ਦਸੂਹੇ ਵਾਲੀ ਸੜਕ 'ਤੇ 12-1/2 ਮੀਲ 'ਤੇ ਹੈ, ਵਿੱਚ ਹੋਇਆ। ਭਾਈ ਤੀਰਥਾ ਜੀ ਸਖੀ ਸਰਵਰ ਦੇ ਉਪਾਸਕ ਸਨ। ਭਾਈ ਮੰਝ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਸੰਮਤ 1642 ਵਿੱਚ ਪਹਿਲੀ ਵਾਰ ਕੀਤੇ। ਦਰਸ਼ਨ ਕਰਦਿਆਂ ਹੀ 'ਸੁਧ ਕੀ ਸੁਧ ਰਹੀ, ਬੁੱਧ ਕੀ ਨਾ ਬੁੱਧ ਰਹੀ, ਮੱਤ ਸੋਂ ਨਾ ਮੱਤ ਹੈ" ਵਾਲੀ ਗੱਲ ਹੋਈ। ਫਿਰ ਆਪ ਅੰਮ੍ਰਿਤਸਰ ਵਿਖੇ ਹੀ ਗੁਰੂ ਚਰਨਾਂ ਵਿੱਚ ਰਹਿਣ ਲੱਗੇ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਆਪਣਾ ਸਿੱਖ ਬਣਾਉਣ ਦੀ ਕ੍ਰਿਪਾ ਕਰੋ। ਗੁਰੂ ਸਾਹਿਬ ਨੇ ਕਿਹਾ ਭਾਈ ਸਿੱਖੀ ਤੇ ਸਿੱਖੀ ਨਹੀਂ ਟਿਕਦੀ-ਏਕ ਛੋੜ ਦੂਜੇ ਲਾਗੇ ਡੁੱਬੇ ਸੇ ਵਣਜਾਰਿਆਂ ਵਾਲਾ ਸ਼ਬਦ ਪ੍ਰਮਾਣ ਦੇਣ ਲਈ ਉਚਾਰਿਆ। ਭਾਈ ਮੰਝ ਨੇ ਪਿੰਡ ਆ ਕੇ ਆਪਣੇ ਘਰ ਵਿੱਚੋਂ ਸਖੀ ਸਰਵਰ ਦੀ ਕਬਰ ਢਾਹ ਦਿੱਤੀ। ਕਰਨੀ ਰੱਬ ਦੀ ਭਾਈ ਮੰਝ ਦੇ ਸਭ ਪਸ਼ੂ ਮਰ ਗਏ ਤੇ ਲੋਕ ਤਾਹਨੇ ਦੇਣ ਕਿ ਦੇਖ ਲਿਆ ਸਵਾਦ ਸਖੀ ਸਰਵਰ ਦੀ ਕਬਰ ਢਾਉਣ ਦਾ। ਐਸਾ ਸਮਾਂ ਆਇਆ ਕਿ ਬਾਰਸ਼ ਨਾ ਹੋਣ ਕਰਕੇ ਫਸਲ ਵੀ ਨਾ ਹੋਈ। ਪਿੰਡ ਵਾਲਿਆਂ ਕਿਹਾ ਕਿ ਤੂੰ ਸਖੀ ਸਰਵਰ ਦਾ ਨਿਰਾਦਰ ਕੀਤਾ ਹੈ ਤੇ ਤੇਰੀ ਇਹ ਹਾਲਤ ਹੋਈ ਹੈ ਕਿਤੇ ਪਿੰਡ 'ਤੇ ਹੀ ਸਖੀ ਸਰਵਰ ਦੀ ਕ੍ਰੋਪੀ ਨਾ ਹੋ ਜਾਵੇ। ਉਹਨਾਂ ਭਾਈ ਮੰਝ ਨੂੰ ਪਿੰਡੋਂ ਕੱਢ ਦਿੱਤਾ। ਭਾਈ ਸਾਹਿਬ ਜੀ ਪਿੰਡੋਂ ਬਾਹਰ ਕੁੱਲੀ ਪਾ ਕੇ ਰਹਿਣ ਲੱਗ ਪਏ ਤੇ ਘਾਹ ਖੋਤ ਕੇ ਵੇਚ ਕੇ ਆਪਣਾ ਗੁਜ਼ਾਰਾ ਕਰਦੇ। ਗੁਰੂ ਸਾਹਿਬ ਨੇ ਭਾਈ ਜੀ ਦੀ ਪਰਖ ਲਈ ਉਹਨਾਂ ਵੱਲ ਇਕ ਹੁਕਮਨਾਮਾ ਭੇਜਿਆ ਤੇ ਜਿਸ ਸਿੱਖ ਕੋਲ ਇਹ ਭੇਜਿਆ, ਉਸ ਨੂੰ ਹੁਕਮ ਦਿੱਤਾ ਕਿ 21 ਰੁਪਏ ਭੇਟਾ ਲੈ ਕੇ ਹੁਕਮਨਾਮਾ ਦੇਣਾ। ਸਿੱਖ ਕੋਲੋਂ ਇਹ ਸੁਣ ਕੇ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਇੱਕੀ ਰੁਪਏ ਭੇਟਾ ਲੈ ਕੇ ਹੁਕਮਨਾਮਾ ਦੇਣਾ ਹੈ। ਭਾਈ ਮੰਝ ਜੀ ਬੜੇ ਉਪਰਾਮ ਹੋਏ । ਉਸ ਵੇਲੇ 21 ਰੁਪਏ ਇਸ ਤਰ੍ਹਾਂ ਸਨ, ਜਿਵੇਂ ਅੱਜਕੱਲ 21 ਹਜ਼ਾਰ ਰੁਪਏ ਹੋਣ, ਸ਼ਾਇਦ ਇਸ ਤੋਂ ਵੀ ਵੱਧ ਹੋਵੇ। ਭਾਈ ਸਾਹਿਬ ਤਾਂ ਮਸਾਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ। ਬਹੁਤ ਉਦਾਸ ਹੋਏ ਕਿ ਗੁਰੂ ਸਾਹਿਬ ਦਾ ਹੁਕਮਨਾਮਾ ਮੋੜਦਾ ਹਾਂ ਤਾਂ ਸਿੱਖੀ ਨਹੀਂ ਰਹਿਣੀ। ਉਹਨਾਂ ਨੂੰ ਉਦਾਸ ਦੇਖ ਕੇ ਉਹਨਾਂ ਦੇ ਘਰ ਵਾਲੀ ਜੋ ਬੜੀ ਸਿਆਣੀ ਸੀ, ਨੇ ਕਿਹਾ ਕਿ ਮੈਨੂੰ ਗਹਿਣੇ ਪਾ ਦਿਉ। ਭਾਈ ਸਾਹਿਬ ਨੇ ਆਪਣੀ ਘਰ ਵਾਲੀ ਨੂੰ ਇਕ ਸ਼ਾਹ ਕੋਲ ਗਹਿਣੇ ਪਾ ਕੇ 21

ਰੁਪਏ ਲਿਆ ਕੇ ਸਿੱਖ ਨੂੰ ਭੇਟਾ ਕੀਤੇ ਤੇ ਹੁਕਮਨਾਮਾ ਲੈ ਲਿਆ। ਉਸ ਸਮੇਂ ਗਹਿਣੇ ਪਾਉਣ ਦਾ ਭਾਵ ਹੁੰਦਾ ਸੀ ਕਿ ਉਹ ਇਸਤਰੀ ਦੂਜੇ ਦੇ ਘਰ ਨੌਕਰਾਣੀਆਂ ਦੀ ਤਰ੍ਹਾਂ ਕੰਮ ਕਰਦੀ, ਪਰ ਸ਼ਾਮ ਨੂੰ ਉਸ ਨੂੰ ਆਪਣੇ ਘਰ ਪਰਤਣ ਦੀ ਆਗਿਆ ਹੁੰਦੀ। ਕੁਝ ਸਮਾਂ ਪਾ ਕੇ ਗੁਰੂ ਅਰਜਨ ਦੇਵ ਜੀ ਨੇ ਇਸੇ ਤਰ੍ਹਾਂ ਦਾ ਇੱਕ ਹੋਰ ਹੁਕਮਨਾਮਾ ਭੇਜਿਆ। ਉਸ ਦੀ ਭੇਟਾ ਲਈ ਭਾਈ ਮੰਝ ਜੀ ਨੂੰ ਆਪਣੀ ਲੜਕੀ ਨੂੰ ਗਹਿਣੇ ਪਾਉਣਾ ਪਿਆ। ਇਸ ਹੁਕਮਨਾਮੇ ਵਿੱਚ ਲਿਖਿਆ ਸੀ ਕਿ ਹੁਕਮਨਾਮਾ ਮਿਲਦੇ ਹੀ ਸਿੱਖ ਦੇ ਨਾਲ ਅੰਮ੍ਰਿਤਸਰ ਆ ਜਾਵੋ। ਭਾਈ ਸਾਹਿਬ ਜੀ ਅੰਮ੍ਰਿਤਸਰ ਪਹੁੰਚੇ, ਗੁਰੂ ਸਾਹਿਬ ਜੀ ਨੂੰ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਬੁਲਾਇਆ ਤੱਕ ਨਹੀਂ, ਨਾ ਹੀ ਪੁੱਛਿਆ ਕਿ ਤੂੰ ਕੌਣ ਹੈਂ। ਭਾਈ ਸਾਹਿਬ ਨੂੰ ਇੱਕ ਸਿੱਖ ਰਾਹੀਂ ਹੁਕਮ ਦੇ ਦਿੱਤਾ ਕਿ ਲੱਕੜਾਂ ਲਿਆ ਕੇ ਲੰਗਰ ਵਿੱਚ ਪਹੁੰਚਾਵੋ। ਭਾਈ ਮੰਝ ਜੀ ਜੰਗਲ ਵਿੱਚੋਂ ਲੱਕੜਾਂ ਦਾ ਇੱਕ ਭਰਾ ਲਿਆਉਂਦੇ ਤੇ ਰੋਟੀ ਲੰਗਰ ਵਿੱਚੋਂ ਖਾ ਲੈਂਦੇ। ਸਮਾਂ ਪਾ ਕੇ ਗੁਰੂ ਜੀ ਨੇ ਪੁੱਛਿਆ ਕਿ ਭਾਈ ਮੰਝ ਕੀ ਕਰਦਾ ਹੈ ਤਾਂ ਸਿੱਖਾਂ ਕਿਹਾ "ਜੀ ਉਹ ਇਕ ਭਰਾ ਲੱਕੜਾਂ ਦਾ ਲਿਆਉਂਦਾ ਹੈ ਤੇ ਰੋਟੀ ਲੰਗਰ 'ਚੋਂ ਛਕ ਲੈਂਦਾ ਹੈ।" ਗੁਰੂ ਜੀ ਨੇ ਕਿਹਾ ਕਿ "ਇਹ ਸੇਵਾ ਤਾਂ ਨਾ ਹੋਈ, ਜਿੰਨੇ ਦੀਆਂ ਲੱਕੜਾਂ ਲਿਆਂਦੀਆਂ, ਉਨੇ ਦੀ ਹੀ ਰੋਟੀ ਖਾ ਲਈ।" ਭਾਈ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਲੰਗਰ ਦੀ ਜੂਠ ਖਾ ਕੇ ਪੱਤਲਾਂ ਧੋ ਕੇ ਪੀ ਕੇ ਗੁਜ਼ਾਰਾ ਸ਼ੁਰੂ ਕੀਤਾ। ਪਰ ਲੱਕੜਾਂ ਲਿਆਉਣ ਦੀ ਸੇਵਾ ਵਿੱਚ ਢਿੱਲ ਨਾ ਕੀਤੀ। ਇਕ ਦਿਨ ਫੇਰ ਗੁਰੂ ਸਾਹਿਬ ਨੇ ਪੁੱਛਿਆ ਕਿ ਭਾਈ ਮੰਝ ਜੀ ਕੀ ਕਰਦੇ। ਸੇਵਾਦਾਰਾਂ ਦੱਸਿਆ ਕਿ ਉਹ ਲੱਕੜਾਂ ਲਿਆਉਂਦੇ ਹਨ। ਲੰਗਰ ਦੀ ਜੂਠ ਆਦਿ ਖਾ ਕੇ ਢਿੱਡ ਭਰਦੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਇਸ ਜੂਠ 'ਤੇ ਕਈ ਜਾਨਵਰ ਪੰਛੀ ਪਲਦੇ ਹਨ, ਉਹਨਾਂ ਨੂੰ ਭੁੱਖਿਆਂ ਮਾਰ ਰਹੇ ਹਨ। ਭਾਈ ਸਾਹਿਬ ਜੀ ਨੇ ਹੋਰ ਵੀ ਸਿਦਕ ਨਾਲ ਕੰਮ ਜਾਰੀ ਰੱਖਿਆ ਤੇ ਇਕ ਭਰਾ ਲੱਕੜਾਂ ਦਾ ਦੂਜੀ ਵਾਰ ਲਿਆ ਕੇ ਉਹ ਬਜ਼ਾਰ ਵਿੱਚ ਵੇਚ ਕੇ ਉਸ ਨਾਲ ਆਪਣਾ ਪੇਟ ਭਰਨ ਲੱਗੇ। ਇਕ ਦਿਨ ਲੱਕੜਾਂ ਲੈ ਕੇ ਆ ਰਹੇ ਸਨ। ਹਨੇਰੀ ਆਈ, ਭਾਈ ਸਾਹਿਬ ਜੀ ਇਕ ਖੂਹ ਵਿੱਚ ਡਿੱਗ ਪਏ। ਉੱਧਰ, ਉਸੇ ਵੇਲੇ ਅੰਤਰਜਾਮੀ ਗੁਰੂ ਜੀ ਤਖਤ ਤੋਂ ਬੈਠੇ ਨੰਗੇ ਪੈਰੀਂ ਦੌੜੇ। ਸਿੱਖਾਂ ਨੂੰ ਹੁਕਮ ਕੀਤਾ ਕਿ ਇਕ ਪੀੜ੍ਹੀ ਤੇ ਲੰਮੇਂ ਰੱਸੇ ਲੈ ਕੇ ਸਾਡੇ ਪਿੱਛੇ ਆਵੋ। ਖੂਹ 'ਤੇ ਪਹੁੰਚ ਕੇ ਗੁਰੂ ਜੀ ਨੇ ਕਿਹਾ ਕਿ "ਭਾਈ ਮੰਝ ਲੱਕੜਾਂ ਸੁੱਟ ਦੇ ਜੋ ਸਿਰ 'ਤੇ ਰੱਖੀ ਖੜ੍ਹਾ ਹੈ ਤੇ ਪੀੜ੍ਹੀ 'ਤੇ ਚੜ੍ਹ ਜਾ।" ਭਾਈ ਜੀ ਨੇ ਕਿਹਾ ਕਿ ਲੱਕੜਾਂ ਭਿੱਜ ਗਈਆਂ ਤਾਂ ਸੰਗਤ ਲੰਗਰ ਤੋਂ ਭੁੱਖੀ ਰਹੇਗੀ, ਪਹਿਲਾਂ ਲੱਕੜਾਂ ਦਾ ਭਾਰ ਖਿੱਚੋ, ਫੇਰ ਮੈਨੂੰ ਕੱਢਣਾ। ਉਸ ਵੇਲੇ ਸਤਿਗੁਰੂ ਜੀ ਨੇ ਇਸੇ ਤਰ੍ਹਾਂ ਕੀਤਾ। ਜਦੋਂ ਭਾਈ ਮੰਝ ਜੀ ਬਾਹਰ ਆਏ ਤਾਂ ਸੱਚੇ ਪਾਤਸ਼ਾਹ ਨੂੰ ਖੜ੍ਹੇ ਦੇਖ ਕੇ ਉਹਨਾਂ ਦੇ ਚਰਨਾਂ 'ਤੇ ਡਿੱਗ ਪਏ ਅਤੇ ਆਖਿਆ ਕਿ ਸੱਚੇ ਪਾਤਸ਼ਾਹ ਮੇਰੇ ਗਰੀਬ ਦੀ ਖਾਤਰ ਤੁਸਾਂ ਨੇ ਐਨੀ ਤਕਲੀਫ ਕੀਤੀ। ਗੁਰੂ ਸਾਹਿਬ ਨੇ ਛਾਤੀ ਨਾਲ

ਲਾਇਆ ਤੇ ਆਖਿਆ ਭਾਈ ਮੰਝ ਮੰਗ ਜੋ ਮੰਗਣਾ ਹੈ। ਤਾਂ ਭਾਈ ਮੰਝ ਕਿਹਾ ਜੀ ਸੱਚੇ ਪਾਤਸ਼ਾਹ ਕੁਝ ਲੋੜ ਨਹੀਂ। ਗੁਰੂ ਜੀ ਨੇ ਕਿਹਾ ਭਾਈ ਜਦੋਂ ਤੱਕ ਮੰਗਦਾ ਨਹੀਂ ਸਾਡੀ ਪੂਰੀ ਪ੍ਰਸੰਨਤਾ ਨਹੀਂ ਹੋਵੇਗੀ। ਇਸੇ ਵਾਸਤੇ ਗੁਰੂ ਸਾਹਿਬ ਵਚਨ ਕਹੇ ਹਨ "ਨਾਨਕ ਸਾ ਕਰਮਾਤ ਸਾਹਿਬ ਤੁੱਠੇ ਜੋ ਮਿਲੇ" ਉਹ ਸਹੀ ਕਰਾਮਾਤ ਹੈ, ਜੋ ਪਰਮੇਸ਼ਰ ਖੁਸ਼ ਹੋ ਕੇ ਆਪ ਦੇਵੇ। ਭਾਈ ਜੀ ਨੇ ਨਾ ਦੁੱਧ ਮੰਗਿਆ ਨਾ ਪੁੱਤ ਮੰਗਿਆ, ਸਾਰਿਆਂ ਦਾ ਭਲਾ ਮੰਗਿਆ ਤੇ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ ਅੱਗੇ ਤੋਂ ਸਿੱਖਾਂ ਨੂੰ ਐਨੇ ਕਰੜੇ ਪਰਚੇ ਨਾ ਪਾਉਣੇ" ਐਸਾ ਵਿਸ਼ਾਲ ਹਿਰਦਾ ਦੇਖ ਕੇ ਆਪਣੇ ਲਈ ਕੁਝ ਨਹੀਂ ਮੰਗਿਆ, ਗੁਰੂ ਜੀ ਅਤਿ ਪ੍ਰਸੰਨ ਹੋਏ ਤੇ ਵਚਨ ਕੀਤੇ

ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ
ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣ ਹਾਰਾ

ਸਿੱਖੀ ਦਾ ਜਹਾਜ਼ ਅਸੀਂ ਇਸਨੂੰ ਬਣਾਇਆ ਹੈ, ਜੋ ਚੜ੍ਹੇਗਾ ਇਸ ਸੰਸਾਰ ਭਵਸਾਗਰ ਤੋਂ ਪਾਰ ਹੋਵੇਗਾ। ਭਾਈ ਮੰਝ ਦੇ ਭਾਗ ਜਾਗ ਪਏ ਅਤੇ ਰੱਬੀ ਨੂਰ ਦੇ ਅਕਸ ਨਾਲ ਜਨਮਾਂ ਜਨਮਾਂਤਰਾਂ ਦੀ ਹਉਮੈਂ ਮੈਲ ਲੱਥ ਗਈ। ਕਸ਼ਟ ਕਲੇਸ਼ ਦੂਰ ਹੋ ਗਏ ਅਤੇ ਅਸਲ ਸ਼ਾਂਤੀ ਮਿਲਣ ਦਾ ਅਹਿਸਾਸ ਹੋਇਆ। ਗੁਰੂ ਅਰਜਨ ਦੇਵ ਜੀ ਦੇ ਗਲ ਲਾਉਣ ਨਾਲ, ਜੋਤ ਨਾਲ ਜੋਤ ਰਲ ਜਾਣ ਕਾਰਨ, ਭਾਈ ਮੰਝ ਦੇ ਮੁੱਖੋਂ ਨਿਕਲੇ ਵਾਕ ਸੱਚ ਹੋਣ ਲੱਗ ਪਏ। ਇਕ ਵਾਰ ਇਕ ਵੱਡੇ ਜਿਮੀਂਦਾਰ ਦਾ ਲੜਕਾ ਐਸਾ ਬਿਮਾਰ ਹੋਇਆ ਕਿ ਵੱਡੇ-ਵੱਡੇ ਹਕੀਮਾਂ ਵੀ ਜਵਾਬ ਦੇ ਦਿੱਤਾ। ਭਾਈ ਮੰਝ ਜੀ ਦੇ ਇਕ ਸ਼ਰਧਾਲੂ ਨੇ ਭਾਈ ਮੰਝ ਜੀ ਦੀ ਦੱਸ ਪਾਈ। ਉਹ ਜਿਮੀਂਦਾਰ ਆਪਣੇ ਪਿੰਡ ਦੇ ਬਹੁਤ ਸਾਰੇ ਲੋਕਾਂ ਨਾਲ ਆਪਣੇ ਬਿਮਾਰ ਲੜਕੇ ਨੂੰ ਲੈ ਕੇ ਭਾਈ ਮੰਝ ਜੀ ਦੀ ਸ਼ਰਨੀ ਆਏ। ਅੱਗੋਂ ਭਾਈ ਸਾਹਿਬ ਨੇ ਰੱਬੀ ਦਵਾਈ ਦੀ ਬਖਸ਼ਿਸ਼ ਵਾਲੇ ਹੱਥ ਉਸ ਲੜਕੇ ਦੇ ਸਰੀਰ 'ਤੇ ਫੇਰ ਕੇ ਆਖਿਆ "ਇਹ ਤਾਂ ਬਿੱਲਕੁੱਲ ਠੀਕ ਹੈ, ਇਸਨੂੰ ਤਾਂ ਕੁੱਝ ਵੀ ਨਹੀਂ ਹੋਇਆ।" ਇਹ ਵਚਨ ਹੁੰਦੇ ਸਾਰ ਹੀ ਲੜਕਾ ਬਹੁਤ ਜਲਦੀ ਤੰਦਰੁਸਤ ਹੋ ਗਿਆ। ਉਸ ਜਿਮੀਂਦਾਰਾਂ ਨੇ ਭਾਈ ਮੰਝ ਜੀ ਨੂੰ 2 ਹਜ਼ਾਰ ਵਿੱਘਾ ਜ਼ਮੀਨ ਅਤੇ 40 ਗਊਆਂ ਸੰਗਤ ਦੀ ਸੇਵਾ ਵਾਸਤੇ ਭੇਂਟ ਕੀਤੀਆਂ। ਇੱਥੋਂ ਤੱਕ ਸਿੱਖੀ ਸੇਵਕੀ ਦਾ ਫੈਲਾਅ ਹੋ ਗਿਆ ਕਿ ਲਾਗੇ-ਲਾਗੇ ਦੇ ਚੌਰਾਸੀ ਪਿੰਡਾਂ ਦਾ ਦਸਵੰਧ ਆਉਣ ਲੱਗ ਪਿਆ।

ਪੰਚਮ ਪਾਤਸ਼ਾਹ ਨੇ ਭਾਈ ਮੰਝ ਨੂੰ ਇੱਕ ਲੋਹ ਲੰਗਰ ਵਾਸਤੇ ਬਖਸ਼ੀ। ਇਹ ਕਰਾਮਾਤੀ ਲੋਹ ਅਜੇ ਤੱਕ ਕਾਇਮ ਹੈ, ਭਾਵੇਂ ਇਸ ਵਿੱਚ ਗਲੀਆਂ ਹੋ ਗਈਆਂ ਹਨ, ਪਰ ਥੱਲਿਓਂ ਕਾਲੀ ਨਹੀਂ ਹੋਈ।

ਇਕ ਵਾਰੀ ਭਾਈ ਮੰਝ ਜੀ ਬਾਹਰੋਂ ਘਰ ਆਏ ਤਾਂ ਬੂਹਾ ਕਾਫੀ ਦੇਰ ਨਾ ਖੁੱਲ੍ਹਿਆ, ਕਿਉਂਕਿ ਬੀਬੀਆਂ ਇਸ਼ਨਾਨ ਕਰ ਰਹੀਆਂ ਸਨ। ਦਰਵਾਜ਼ਾ ਖੁੱਲ੍ਹਣ ਵਿੱਚ ਦੇਰ ਹੋਣ ਕਰਕੇ ਸੁੱਤਾ ਸੁੱਧ ਬਚਨ ਨਿਕਲ ਗਿਆ ਕਿ ਅੱਛਾ ਇੱਥੇ ਕੁੜੀਆਂ ਚਿੜੀਆਂ

ਦਾ ਹੀ ਰਾਜ ਰਹੇਗਾ। ਉਹਨਾਂ ਦੇ ਜੋਤੀ ਜੋਤ ਸਮਾਉਣ ਪਿੱਛੋਂ ਬੀਬੀਆਂ ਹੀ ਗੱਦੀ 'ਤੇ ਬਿਰਾਜਮਾਨ ਹੁੰਦੀਆਂ ਰਹੀਆਂ। ਇਸ ਲਈ ਇਸ ਜਗ੍ਹਾ ਦਾ ਨਾਂਅ ਮਾਈ ਦੇ ਕੰਗ ਜਾਂ ਕੰਗ ਮਾਈ ਪੈ ਗਿਆ। ਇੱਥੇ ਹਰ ਸੰਗਰਾਂਦ ਅਤੇ ਗੁਰਪੁਰਬ ਵਾਲੇ ਦਿਨ ਅਖੰਡ ਪਾਠ ਦੇ ਭੋਗ ਪੈਂਦੇ ਹਨ। ਸੰਗਤਾਂ ਯਥਾ ਸ਼ਕਤੀ ਭੇਟਾ ਚੜ੍ਹਾ ਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ। ਇਤਿਹਾਸ ਵਿੱਚ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸੰਮਤ 1651 ਵਿੱਚ ਕੰਗ ਮਾਈ ਪਿੰਡ ਵਿੱਚ ਚਰਨ ਪਾ ਕੇ ਭਾਈ ਮੰਝ ਦੀ ਸੇਵਾ ਨੂੰ ਪਰਵਾਨ ਕੀਤਾ ਅਤੇ ਆਪਣੀ ਪ੍ਰਸੰਨਤਾ ਪ੍ਰਗਟਾਈ।

22 ਅਕਤੂਬਰ 1665 ਈਸਵੀ ਨੂੰ ਭਾਈ ਮੰਝ ਜੀ 105 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ। ਆਪ ਜੀ ਦਾ ਅੰਤਮ ਸੰਸਕਾਰ ਉਸ ਥਾਂ 'ਤੇ ਕੀਤਾ ਗਿਆ, ਜਿੱਥੇ ਬਹਿ ਕੇ ਆਪ ਜੀ ਤਪੱਸਿਆ ਕਰਿਆ ਕਰਦੇ ਸਨ।

ਇਸ ਥਾਂ ਦਾ ਪ੍ਰਬੰਧ ਹਰੀਆਂ ਵੇਲਾਂ ਤੁਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ। ਇਸ ਥਾਂ 20 ਸਤੰਬਰ ਸੰਨ 1984 ਨੂੰ ਬਾਬਾ ਨਿਹਾਲ ਸਿੰਘ ਜੀ, ਜਗਦੀਸ਼ ਸਿੰਘ, ਬਾਬਾ ਅਜੀਤ ਸਿੰਘ, ਪ੍ਰੀਤਮ ਸਿੰਘ ਅਤੇ ਜੋਗਾ ਸਿੰਘ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ ਇਮਾਰਤ ਦਾ ਨੀਂਹ ਪੱਥਰ ਰੱਖਿਆ। ਪਿੰਡ ਵਿੱਚ ਗੁਰੂ ਅਰਜੁਨ ਦੇਵ ਜੀ ਦੀ ਯਾਦ ਵਿੱਚ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ।

# ਬੰਦਾ ਸਿੰਘ ਬਹਾਦਰ

ਪਿੰਡ ਰਾਜੌਰੀ (ਜੰਮੂ ਕਸ਼ਮੀਰ) ਵਿੱਚ ਕੱਤਕ ਸੁਦੀ 13 ਸੰਮਤ 1727 ਨੂੰ (ਅਕਤੂਬਰ 28 ਸੰਨ 1670) ਰਾਮਦੇਵ ਰਾਜਪੂਤ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਲਛਮਣ ਦਾਸ ਰੱਖਿਆ ਗਿਆ, ਜਦੋਂ ਉਹ ਜਵਾਨ ਹੋਇਆ ਤਾਂ ਇਕ ਦਿਨ ਸ਼ਿਕਾਰ ਖੇਡਦਿਆਂ ਉਸ ਨੇ ਇਕ ਹਰਨੀ ਦਾ ਸ਼ਿਕਾਰ ਕੀਤਾ। ਜਦੋਂ ਕੋਲ ਜਾ ਕੇ ਦੇਖਿਆ ਕਿ ਹਰਨੀ ਗਰਭਵਤੀ ਸੀ ਤੇ ਉਸ ਦੇ ਪੇਟ ਵਿੱਚ ਬੱਚੇ ਵੀ ਮਰ ਗਏ। ਲਛਮਣ ਦਾਸ ਦੇ ਪੂਰਬਲੇ ਕਰਮ ਜਾਗ ਪਏ। ਉਹ ਇਸ ਸ਼ਿਕਾਰ 'ਤੇ ਬਹੁਤ ਪਛਤਾਇਆ ਤੇ ਆਪਣੇ ਹਥਿਆਰ ਉੱਥੇ ਹੀ ਸੁੱਟ ਦਿੱਤੇ। ਘਰ ਆ ਕੇ ਕਈ ਦਿਨ ਝੂਰਦਾ ਘਰੋਂ ਬਾਹਰ ਨਾ ਨਿਕਲਿਆ। ਸਬੱਬ ਨਾਲ ਪਿੰਡ ਵਿੱਚ ਇਕ ਬੈਰਾਗੀ ਸਾਧੂਆਂ ਦੀ ਟੋਲੀ ਆਈ, ਜਿਸਦੇ ਮਹੰਤ ਆਤਮ ਰਸੀਏ ਜਾਨਕੀ ਦਾਸ ਬੈਰਾਗੀ ਸਨ। ਲਛਮਣ ਦਾਸ ਨੇ ਉਹਨਾਂ ਨੂੰ ਆਪਣੇ ਮੰਨ ਦੀ ਬਿਰਤੀ ਦਰਸਾਈ ਕਿ ਉਹ ਉਹਨਾਂ ਦਾ ਚੇਲਾ ਬਨਣਾ ਚਾਹੁੰਦਾ ਹੈ। ਜਾਨਕੀ ਦਾਸ ਨੇ ਯੋਗ ਸਮਝ ਦੇ ਮਾਧੋਦਾਸ ਨੂੰ "ਰਾਮ ਨਾਮ" ਦਾ ਤਾਰਕ ਮੰਤਰ ਸੁਣਾ ਕੇ ਕੰਠੀ ਗੱਲ ਪਾਈ ਤੇ ਨਵਾਂ ਨਾਮ ਮਾਧੋ ਦਾਸ ਰੱਖਿਆ ਤੇ ਅੱਗੇ ਤੋਂ ਜਟਾ ਜੂਟ ਸਾਬਤ ਸੂਰਤ ਰਹਿਣ ਦਾ ਪ੍ਰਣ ਲਿਆ। ਕੁਝ ਸਮਾਂ ਬਾਅਦ ਮਾਧੋਦਾਸ ਸਵਤੰਤਰ ਵਿਚਰਦਾ ਰਿਹਾ, ਲਾਹੌਰ ਸ਼ਹਿਰ ਕੁਝ ਸਮਾਂ ਰਾਮ ਥੰਮਣ ਜੀ ਬੈਰਾਗੀ ਦੇ ਮੰਦਰ ਵਿੱਚ ਟਿਕਿਆ ਤੇ ਫਿਰਦਾ-ਫਿਰਾਂਦਾ ਨਾਸਿਕ ਆ ਗਿਆ। ਨਾਸਿਕ ਵਿੱਚ ਇਕ ਔਘੜ ਨਾਥ ਯੋਗੀ ਨਾਲ ਮੁਲਾਕਾਤ ਹੋਈ। ਔਘੜ ਨਾਥ ਭੂਤ ਪ੍ਰੇਤਾਂ ਨੂੰ ਵੱਸ ਕਰਨ ਦੀਆਂ ਵਿਧੀਆਂ ਜਾਣਦਾ ਸੀ ਤੇ ਉਸ ਨੇ ਮਾਧੋਦਾਸ ਨੂੰ ਨਾਮ ਸਿਮਰਨ ਵੱਲੋਂ ਹਟਾ ਕੇ ਰਿਧੀਆਂ-ਸਿੱਧੀਆਂ ਦੀ ਪ੍ਰਾਪਤੀ ਵੱਲ ਆਕਰਸ਼ਿਤ ਕਰ ਲਿਆ। ਇਸ ਨੇ ਮਾਧੋਦਾਸ ਨੂੰ ਕਈ ਯੋਗ ਅਭਿਆਸ ਦੇ ਸਾਧਨ ਸਮਝਾ ਕੇ ਕਿਸੇ



*ਸਿੱਖ ਸ਼ਕਤੀ ਦੇ ਪ੍ਰਤੀਕ ਬਾਬਾ ਬੰਦਾ ਸਿੰਘ ਜੀ ਬਹਾਦਰ, ਜਿਨ੍ਹਾਂ ਨੇ ਸਰਹੰਦਦੀ ਇੱਟ ਨਾਲ ਇੱਟ ਖੜਕਾਅ ਕੇ ਸਭ ਤੋਂ ਪਹਿਲਾਂ ਸਿੱਖ-ਰਾਜ ਦਾ ਸੁਪਨਾ*

ਇਕਾਂਤ ਥਾਂ ਜਾਏ ਵਸਣ ਨੂੰ ਕਿਹਾ। ਨਾਸਿਕ ਤੋਂ ਚੱਲ ਕੇ ਗੋਦਾਵਰੀ ਦੇ ਕੰਢੇ ਇਕ ਅਸਥਾਨ ਪਸੰਦ ਕਰਕੇ ਇਕ ਡੇਰਾ ਬਣਾ ਕੇ ਰਹਿਣ ਲੱਗਾ। ਇਸ ਦੇ ਕਈ ਚੇਲੇ ਬਣ ਗਏ। ਯੋਗ ਸਾਧਨਾ ਅਤੇ ਘੋਰ ਤਪੱਸਿਆ ਕਈ ਸਾਲ ਕਰਨ ਨਾਲ ਮਾਧੋਦਾਸ ਕੁਝ ਬੀਰ ਆਤਮਾਵਾਂ ਨੂੰ ਵੱਸ ਕਰ ਚੁੱਕਾ ਸੀ। ਨੰਦੇੜ ਸ਼ਹਿਰ ਤੋਂ ਨੇੜੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਕੈਂਪ ਲੱਗ ਚੁੱਕਾ ਸੀ। ਆਪ ਜੀ ਥੋੜ੍ਹੀ ਦੂਰ ਬਾਹਰ ਸੈਰ ਕਰਨ ਜਾਂ ਸ਼ਿਕਾਰ ਕਰਨ ਨਿਕਲ ਜਾਇਆ ਕਰਦੇ ਸਨ। ਇਕ ਦਿਨ ਸਤਿਗੁਰੂ ਜੀ ਕੁਝ ਸੇਵਕਾਂ ਸਮੇਤ ਮਾਧੋਦਾਸ ਦੇ ਡੇਰੇ ਵਿੱਚ ਚਲੇ ਗਏ। ਜਾਂਦੇ ਹੀ ਗੁਰੂ ਜੀ ਅੰਦਰ ਪਲੰਘ 'ਤੇ ਬੈਠ ਗਏ। ਮਾਧੋ ਦਾਸ ਆਪਣੀ ਸ਼ਕਤੀ ਨਾਲ ਦੂਰੋਂ ਹੀ ਪਲੰਘ ਨੂੰ ਉਲਟਾ ਦਿਆ ਕਰਦਾ ਸੀ। ਗੁਰੂ ਜੀ ਦੀ ਆਗਿਆ ਪਾ ਕੇ ਸਿੰਘਾਂ ਨੇ ਇਕ ਬੱਕਰਾ ਝਟਕਾ ਕੇ ਡੇਰੇ ਦੇ ਅੰਦਰ ਹੀ ਬਣਾ ਕੇ ਛਕ ਲਿਆ। ਮਾਧੋਦਾਸ ਦੇ ਚੇਲਿਆਂ ਨੇ ਉਸ ਨੂੰ ਲੱਭ ਕੇ ਜੰਗਲ ਵਿੱਚ ਇਹ ਖਬਰ ਦੱਸੀ। ਮਾਧੋਦਾਸ ਸੁਣ ਕੇ ਬਹੁਤ ਕ੍ਰੋਧ ਵਿੱਚ ਆਇਆ ਤੇ ਮੰਤਰ ਪੜ੍ਹ ਕੇ ਵਸੀਕਾਰ ਕੀਤੇ ਗੁਪਤ ਬੀਰ ਭੇਜ ਦਿੱਤੇ, ਜਿਨ੍ਹਾਂ ਨੇ ਗੁਰੂ ਜੀ ਦਾ ਪਲੰਘ ਉਲਟਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਥੋੜ੍ਹੀ ਹਲ-ਚੱਲ ਮਹਿਸੂਸ ਕੀਤੀ ਤੇ ਚੌਹਾਂ ਪਾਵਿਆਂ 'ਤੇ ਚਾਰ ਤੀਰ ਚੋਭ ਦਿੱਤੇ । ਗੁਰੂ ਜੀ ਅਰਾਮ ਨਾਲ ਪਲੰਘ 'ਤੇ ਸਜੇ ਰਹੇ। ਮਾਧੋਦਾਸ ਭੱਜਾ-ਭੱਜਾ ਆਇਆ ਤੇ ਗੁਰੂ ਜੀ ਨੂੰ ਆਖਣ ਲੱਗਾ ਕਿ ਇਹ ਇਕ ਵੈਰਾਗੀ ਦਾ ਡੇਰਾ ਹੈ, ਤੁਸੀਂ ਹਿੰਸਕ ਹੋ ਤੇ ਇਕ ਬੱਕਰਾ ਮਾਰ ਕੇ ਅਪਰਾਧ ਕੀਤਾ ਹੈ। ਗੁਰੂ ਸਾਹਿਬ ਨੇ ਮੁਸਕਰਾ ਕੇ ਕਿਹਾ, "ਅਸੀਂ ਤਾਂ ਇਕ ਮਹਾਤਮਾ ਦਾ ਡੇਰਾ ਦੇਖ ਕੇ ਚਲੇ ਆਏ ਹਾਂ-ਤੇਰੇ ਚੇਲਿਆਂ ਦਾ ਫਰਜ਼ ਬਣਦਾ ਸੀ ਕਿ ਉਹ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦੇ ਤੇ ਭੋਜਨ ਦਾ ਪ੍ਰਬੰਧ ਕਰਦੇ। ਉਹਨਾਂ ਐਸਾ ਨਹੀਂ ਕੀਤਾ ਤੇ ਅਸੀਂ ਆਪੇ ਕੰਮ ਸਾਰ ਲਿਆ।" ਮਾਧੋਦਾਸ ਕੁਝ ਹੈਰਾਨ ਹੋਇਆ ਤੇ ਠਠੰਬਰ ਕੇ ਬੋਲਿਆ-ਤੁਸੀਂ ਕੌਣ ਹੋ ਤੇ ਕਿਸ ਤਰ੍ਹਾਂ ਆਏ ਹੋ? ਮੇਰੇ ਗੁਰੂ ਦੇ ਪਲੰਘ 'ਤੇ ਬੈਠ ਕੇ ਤੁਸੀਂ ਮੇਰੇ ਗੁਰੂ ਦੀ ਨਿਰਾਦਰੀ ਕੀਤੀ ਹੈ। ਗੁਰੂ ਜੀ ਨੇ ਪੁੱਛਿਆ ਕਿ ਤੇਰਾ ਗੁਰੂ ਇਸ ਵਕਤ ਕਿੱਥੇ ਹੈ? ਇਹ ਪ੍ਰਸ਼ਨ ਸੁਣ ਕੇ ਮਾਧੋਦਾਸ ਹੈਰਾਨ ਹੋਇਆ ਤੇ ਆਖਿਆ "ਮੇਰੇ ਗੁਰੂ ਤਾਂ ਪ੍ਰਲੋਕ ਗਮਨ ਕਰ ਗਏ ਹਨ। ਮੈਂ ਨਹੀਂ ਜਾਣਦਾ ਕਿ ਉਹ ਕਿੱਥੇ ਹਨ। ਗੁਰੂ ਜੀ ਨੇ ਬਿੱਲ ਦਾ ਬ੍ਰਿਖ ਸਾਹਮਣੇ ਦੇਖ ਕੇ ਆਖਿਆ ਕਿ ਜੇ ਦੇਖਣਾ ਚਾਹੁੰਦਾ ਹੈ ਤਾਂ ਉਹ ਫਲ ਤੋੜ ਕੇ ਦੇਖ ਲੈ ਤੇਰਾ ਗੁਰੂ ਇਸ ਫਲ ਵਿੱਚ ਕੀੜਾ ਬਣ ਕੇ ਫਲ ਦਾ ਰਸ ਚੂਸ ਰਿਹਾ ਹੈ। ਮਾਧੋਦਾਸ ਨੇ ਆਪਣੇ ਚੇਲਿਆਂ ਤੋਂ ਫਲ ਤੁੜਵਾ ਕੇ ਦੇਖਿਆ ਤਾਂ ਇਕ ਕੀੜਾ ਕਾਫੀ ਮੋਟਾ ਸੀ। ਮਾਧੋਦਾਸ ਨੇ ਬੁਲਾਇਆ ਤਾਂ ਚਿਰੜ-ਚਿਰੜ ਦੀ ਆਵਾਜ਼ ਕਰਕੇ ਡਿੱਗ ਕੇ ਮਰ ਗਿਆ। ਗੁਰੂ ਜੀ ਨੇ ਫਰਮਾਇਆ ਹੁਣ ਇਸ ਦੀ ਗਤੀ ਹੋ ਗਈ ਹੈ-ਜਨਮ ਮਰਨ ਤੋਂ ਰਹਿਤ ਹੋ ਗਿਆ ਹੈ। ਐਸਾ ਹੀ ਇਕ ਦ੍ਰਿਸ਼ਟਾਂਤ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਲਾਹੌਰ ਦੇ ਦੁਨੀ ਚੰਦ ਨੂੰ ਉਸਦਾ ਪਿਤਾ ਬਘਿਆੜ ਦੀ ਜੂਨੀ ਵਿੱਚ ਦਿਖਾਇਆ ਸੀ।

ਮਾਧੋਦਾਸ ਗੁਰੂ ਜੀ ਦੇ ਚਿਹਰੇ ਵੱਲ ਤੱਕ ਕੇ ਉਹਨਾਂ ਦਾ ਹੀ ਹੋ ਗਿਆ ਤੇ ਸੀਸ ਚਰਨਾਂ 'ਤੇ ਰੱਖ ਦਿੱਤਾ। ਗੁਰੂ ਜੀ ਜਾਣੀ ਜਾਣ ਆਪ ਹੀ ਤਾਂ ਇਸ ਨੂੰ ਆਪਣੇ ਨਾਲ ਮਿਲਾਣ ਨੂੰ ਆਏ ਸਨ। ਗੁਰੂ ਜੀ ਨੇ ਬੈਰਾਗੀ ਮਾਧੋ ਦਾਸ ਦੀ ਪਰਖ ਆਪਣੀ ਤੀਬਰ ਬੁੱਧੀ ਨਾਲ ਕੀਤੀ ਕਿ ਐਨੀਆਂ ਸ਼ਕਤੀਆਂ ਵਾਲਾਂ ਤਪੱਸਵੀ ਆਪਣੀ ਸ਼ਕਤੀ ਅਜਾਈ ਗਵਾ ਰਿਹਾ ਹੈ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਨੂੰ ਇੱਕ ਮਸਤ ਹਾਥੀ ਨਾਲ ਲੜਾਇਆ ਸੀ। ਅੱਜ ਇੱਕ ਵੈਰਾਗੀ ਸਾਧੂ ਨੂੰ ਐਸੇ ਹੀ ਕੰਮ ਲਈ ਚੁਣਿਆ, ਜਿਸ ਨਾਲ ਇਹ ਇਕ ਕਰਮਯੋਗੀ ਬਣ ਕੇ ਦੇਸ਼ ਅਤੇ ਧਰਮ ਦੀ ਰੱਖਿਆ ਕਰੇ। ਗੁਰੂ ਸਾਹਿਬ ਇਕ ਅਗੰਮੀ ਸੋਝੀ ਰੱਖਦੇ ਸਨ ਤਾਂ ਹੀ ਤਾਂ ਖਾਲਸਾ ਪੰਥ ਦੀ ਜਥੇਦਾਰੀ ਇਸ ਨੂੰ ਸੌਂਪੀ, ਨਹੀਂ ਤਾਂ ਉਹਨਾਂ ਪਾਸ ਆਪਣੇ ਅਜ਼ਮਾਏ ਹੋਏ ਸਿੰਘ ਵੀ ਮੌਜੂਦ ਸਨ। ਇਸ ਨੂੰ ਅੰਮ੍ਰਿਤ ਛਕਾ ਕੇ ਨਾਮ ਬੰਦਾ ਸਿੰਘ ਰੱਖਿਆ ਤੇ ਆਪਣੇ ਗਾਤਰੇ ਦੀ ਕ੍ਰਿਪਾਨ ਲਾਹ ਕੇ ਉਸ ਦੇ ਗਲ ਪਾਉਣ ਲੱਗੇ ਤਾਂ ਭਾਈ ਦਇਆ ਸਿੰਘ, ਧਰਮ ਸਿੰਘ ਆਦਿ ਸਿੰਘਾਂ ਤੋਂ ਸਹਿਆ ਨਾ ਗਿਆ। ਹੱਥ ਜੋੜ ਬੇਨਤੀ ਕੀਤੀ ਸੱਚੇ ਪਾਤਸ਼ਾਹ ਆਪ ਨੇ ਇਸ ਸਿਰੀ ਸਾਹਿਬ ਨਾਲ ਸਾਡੀ ਪਰਖ ਕਰਕੇ ਸਾਨੂੰ ਖਾਲਸਾ ਸਜਾਇਆ। ਇਹ ਮੀਰੀ ਦੀ ਨਹੀਂ ਪੀਰੀ ਦੀ ਵੀ ਹੈ। ਇਸ ਨਵੇਂ ਸਿੰਘ ਨੂੰ ਬਖਸ਼ਿਸ਼ ਕਰਨੀ ਹੈ ਤਾਂ ਤੀਰਾਂ ਦੀ ਕਰੀਏ ਤਾਂ ਕਿ ਇਹ ਪੀਰੀ ਦੀ ਸਿਰੀ ਸਾਹਿਬ ਗੁਰੂ ਖਾਲਸਾ ਪੰਜ ਪਿਆਰਿਆਂ ਵਾਸਤੇ ਹੀ ਰਹੇ। ਪਿਆਰੇ 'ਤੇ ਅਜਮਾਏ ਹੋਏ ਸਿੱਖਾਂ ਦੇ ਬਚਨ ਸੁਣ ਕੇ ਗੁਰੂ ਜੀ ਨੇ ਉਹਨਾਂ ਨੂੰ ਧੀਰਜ ਦੇਣ ਲਈ ਫੁਰਮਾਇਆ ਕਿ "ਚਿੰਤਾ ਨਾ ਕਰੋ-ਸਾਰਾ ਖਾਲਸਾ ਮੇਰਾ ਪੁੱਤਰ ਹੈ।" ਇਹ ਬੰਦਾ ਮੇਰਾ ਕਮਾਊ ਪੁੱਤਰ ਹੈ। ਦੁਸ਼ਮਣ ਰੂਪ ਕੰਡੇ ਕੱਢੇਗਾ, ਬਹੁਤ ਕੁਝ ਕਰ ਦਿਖਾਏਗਾ, ਜਿੱਥੇ-ਜਿੱਥੇ ਇਹ ਜਾਵੇਗਾ ਖਾਲਸਾ ਸੁੱਖ ਪਾਏਗਾ। ਇਸ ਤੋਂ ਬਾਅਦ ਦੇਸ਼ ਦਾ ਰਾਜ ਖਾਲਸਾ ਹੀ ਕਰੇਗਾ। ਐਸਾ ਵਰਦਾਨ ਦੇ ਕੇ ਗੁਰੂ ਸਾਹਿਬ ਨੇ ਆਪਣੇ ਭੱਥੇ 'ਤੋਂ ਪੰਜ ਤੀਰ ਬਖਸ਼ ਕੇ ਬੰਦਾ ਸਿੰਘ ਨੂੰ ਨਿਵਾਜਿਆ ਤੇ ਦੱਸਿਆ ਕਿ ਮੁਗਲ ਰਾਜ ਨੇ ਕੀ-ਕੀ ਜ਼ੁਲਮ ਕੀਤੇ ਹਨ ਤੇ ਤੂੰ ਜਿਸ ਕਾਰਜ ਲਈ ਚੱਲਿਆ ਹੈਂ, ਉਸ ਵਿੱਚ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ, ਪਰ ਘਬਰਾਉਣਾ ਨਹੀਂ ਤੇ ਅੰਤ ਕਠਿਨਾਈ ਵੇਲੇ ਅਕਾਲ ਪੁਰਖ ਨੂੰ ਧਿਆ ਕੇ ਇਕ ਤੀਰ ਚਲਾਣਾ ਹੈ। ਬੰਦਾ ਸਿੰਘ ਨੂੰ ਭਗਵੰਤ ਸਿੰਘ ਬੰਗੇਸ਼ਰੀ ਦੇ ਟਾਂਡੇ ਨਾਲ ਤੋਰਿਆ ਗਿਆ। ਬੰਦਾ ਸਿੰਘ ਨਾਲ 25 ਸਿੰਘ ਹੋਰ ਤੋਰੇ ਜਿਨ੍ਹਾਂ ਵਿੱਚੋਂ ਪੰਜ ਪ੍ਰਮੁੱਖ ਸਨ-ਬਾਬਾ ਬਿਨੋਦ ਸਿੰਘ, ਕਾਹਨ ਸਿੰਘ, ਬਾਜ਼ ਸਿੰਘ, ਬਿਜੈ ਸਿੰਘ ਤੇ ਰਾਮ ਸਿੰਘ। ਬੰਦਾ ਸਿੰਘ ਨੂੰ ਗੁਰੂ ਜੀ ਨੇ ਤਾਕੀਦ ਕੀਤੀ ਕਿ ਜਤੀ ਬ੍ਰਹਮਚਾਰੀ ਰਹਿਣਾ। ਇਹ ਇਸ ਕਰਕੇ ਕੀਤੀ ਕਿ ਬੰਦਾ ਸਿੰਘ ਦਾ ਧਿਆਨ ਆਪਣੇ ਕਾਰਜ ਤੋਂ ਹੋਰ ਪਾਸੇ ਨਾ ਜਾਵੇ। ਗੁਰੂ ਜੀ ਦੇ ਪੰਜ ਪਿਆਰਿਆਂ ਵਿੱਚੋਂ ਕੁਝ ਸ਼ਾਦੀਸ਼ੁਦਾ ਸਨ। ਪਰ ਗੁਰੂ ਸਾਹਿਬ ਨੇ ਅੰਮ੍ਰਿਤ ਛਕਾਣ ਤੋਂ ਬਾਅਦ ਉਹਨਾਂ ਨੂੰ ਵੀ ਜਤੀ ਬ੍ਰਹਮਚਾਰੀ ਰੱਖਿਆ ਸੀ। ਜੇਕਰ ਬੰਦਾ ਸਿੰਘ ਗੁਰੂ ਜੀ ਦੇ ਬਚਨ ਕਮਾਂਦਾ ਤਾਂ ਨਾ ਉਹ ਪਰਿਵਾਰ ਸਮੇਤ ਫੜਿਆ ਜਾਂਦਾ ਤੇ ਨਾ ਹੀ

ਉਸਦੇ ਮਾਸੂਮ ਬੱਚੇ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿੱਚ ਪਾਇਆ ਜਾਂਦਾ। ਪਰ ਕਰਤਾਰ ਦਾ ਭਾਣਾ ਇਸ ਤਰ੍ਹਾਂ ਵਰਤਣਾ ਸੀ "ਲੇਖ ਨਾ ਮਿਟੈ ਹੇ ਸਖੀ, ਜੋ ਲਿਖਿਆ ਕਰਤਾਰ।" ਹੋਣੀ ਟਾਲਦੀ ਨਹੀਂ।

## ਬੰਦਾ ਸਿੰਘ ਨੂੰ ਪੰਜਾਬ ਕਿਉਂ ਭੇਜਿਆ

ਗੁਰੂ ਸਾਹਿਬ ਨੂੰ ਆਗਰੇ ਤੋਂ ਬਹਾਦਰ ਸ਼ਾਹ ਨਾਲ ਆਇਆਂ ਇਕ ਸਾਲ ਹੋ ਚੁੱਕਾ ਸੀ ਤੇ ਉਸ ਨੇ ਤਖਤ ਬੈਠਣ ਵੇਲੇ ਕੀਤੇ ਵਾਅਦੇ ਮੁਤਾਬਕ ਗੁਰੂ ਜੀ ਨਾਲ ਵਧੀਕੀਆਂ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਆਗਰੇ ਹੁੰਦਿਆਂ ਬਾਦਸ਼ਾਹ ਨੇ ਆਪਣਾ ਇਕਰਾਰ ਪੂਰਾ ਕਰਨ ਲਈ ਇਕ ਸਾਲ ਦਾ ਸਮਾਂ ਇਹ ਕਹਿ ਕੇ ਮੰਗਿਆ ਸੀ ਕਿ ਉਸ ਦੀ ਹਕੂਮਤ ਪੱਕੀ ਹੋ ਜਾਵੇ। ਗੁਰੂ ਜੀ ਨੇ ਕਿਹਾ ਸੀ-"ਦੇਖ ਲੈਂਦੇ ਹਾਂ ਇਕ ਸਾਲ ਹੋਰ ਵੀ। ਨਹੀਂ ਤਾਂ ਇਹ ਕੰਮ ਹੋਰ ਕਿਸੇ ਆਪਣੇ ਸਿੱਖ ਤੋਂ ਕਰਵਾ ਲੈਣਾ ਹੈ।" ਜ਼ਫਰਨਾਮਾ ਤੋਂ ਬਾਅਦ ਔਰੰਗਜ਼ੇਬ ਨੇ ਗੁਰੂ ਜੀ ਅਤੇ ਸਿੱਖਾਂ ਵਿਰੁੱਧ ਸਖ਼ਤੀ ਨਾ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ। ਗੁਰੂ ਜੀ ਖ਼ੁਦ ਆਪ ਨੰਦੇੜ ਤੋਂ ਪੰਜਾਬ ਵੱਲ ਨੂੰ ਮੁੜਦੇ ਤਾਂ ਬਾਦਸ਼ਾਹ ਬਹਾਦਰਸ਼ਾਹ ਨੇ ਚੌਕੰਨਾ ਹੋ ਜਾਣਾ ਸੀ ਤੇ ਹੋ ਸਕਦਾ ਹੈ ਕਿ ਗੁਰੂ ਜੀ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰਦਾ, ਕਿਉਂਕਿ ਗੁਰੂ ਜੀ ਨਾਲ ਕੇਵਲ ਤਿੰਨ ਕੁ ਸੌ ਘੋੜ ਸਵਾਰ ਸਨ। ਬੰਦਾ ਬਹਾਦਰ ਦੇ ਪੰਜਾਬ ਵੱਲ ਮੁੜਨ ਦਾ ਕਿਸੇ ਨੂੰ ਪਤਾ ਨਾ ਲੱਗਾ। ਕਿਉਂਕਿ ਉਸ ਨੂੰ ਭੇਜਣ ਬਾਰੇ ਗੁਪਤ ਰੱਖਿਆ ਗਿਆ। ਗੁਰੂ ਸਾਹਿਬ ਦਾ ਆਪਣਾ ਵਿਚਾਰ ਵੀ ਪੰਜਾਬ ਨੂੰ ਮੁੜਨ ਦਾ ਸੀ ਤੇ ਉਹ ਮੁਗਲ ਸ਼ਾਹੀ ਜ਼ੁਲਮ ਦਾ ਅੰਤ ਕਰਨਾ ਚਾਹੁੰਦੇ ਸਨ। ਇਹ ਉਹਨਾਂ ਦੀ ਆਪਣੀ ਹੱਥ ਲਿਖਤ ਆਗਰਾ ਤੇ ਧੌਲ ਦੀ ਸੰਗਤ ਨੂੰ (ਜੋ ਉਨ੍ਹਾਂ ਦੀ ਖਾਸ ਆਗਿਆਕਾਰੀ ਸੀ) ਤੋਂ ਮਲੂਮ ਹੁੰਦਾ ਹੈ। ਇਹ ਹੁਕਮਨਾਮਾ ਇਸ ਪ੍ਰਕਾਰ ਹੈ-"ਅਸੀਂ ਵੀ ਥੋੜ੍ਹੇ ਹੀ ਦਿਨਾਂ ਨੂੰ ਆਵਤੇ ਹਾਂ। ਸਰਬਤ ਸੰਗਤ ਕੋ ਮੇਰਾ ਹੁਕਮ ਹੈ-ਆਪਸ ਮੇਂ ਮੇਲ ਕਰਨ। ਜਦ ਅਸੀਂ ਕਹਿਲੂਰ ਆਵਤੇ ਤਦ ਸਰਬਤ ਖਾਲਸੇ ਹਥਿਆਰ ਬੰਨ੍ਹ ਕੇ ਜ਼ਰੂਰ ਆਵਣਾ (ਅੱਗੇ ਹੋਰ ਵੀ ਹੈ।"। ਗੁਰੂ ਜੀ ਦੀ ਸੋਚੀ ਸਮਝੀ ਪਲਾਨ ਸੀ ਕਿ ਰਾਜਸਥਾਨ ਦੇ ਰਾਜਿਆਂ ਜੈ ਸਿੰਘ ਸਾਨੀ ਅਤੇ ਅਜੀਤ ਸਿੰਘ ਹੁਰਾਂ ਨੂੰ ਜਿਨ੍ਹਾਂ ਨਾਲ ਆਗਰੇ ਵਿਖੇ ਇਸ ਬਾਰੇ ਗੱਲਬਾਤ ਹੋਈ ਸੀ, ਨੂੰ ਨਾਲ ਲੈ ਕੇ ਗੁਰੂ ਜੀ ਵੀ ਪੰਜਾਬ ਨੂੰ ਜਾਂਦੇ। ਗੁਰੂ ਜੀ ਦੇ ਪੁੱਜਣ ਤੱਕ ਬੰਦਾ ਸਿੰਘ ਨੇ ਜੰਗ ਦਾ ਮੈਦਾਨ ਤਿਆਰ ਕਰ ਰੱਖਣਾ ਸੀ। ਖਾਲਸਾ ਦਲ ਅਤੇ ਰਾਜਪੂਤ ਰਾਜਿਆਂ ਵਿੱਚ ਇਕ ਸਾਂਝੇ ਦੁਸ਼ਮਣ ਵਿਰੁੱਧ ਲੜਨ ਦੀ ਇਕ ਮਿਸਾਲ ਜਨਰਲ ਆਫ ਇੰਡੀਅਨ ਹਿਸਟਰੀ, ਪਾਰਟ ਪਹਿਲਾ ਅਪ੍ਰੈਲ 1948 ਸੀਰੀਅਲ ਨੰਬਰ 76 ਦੇਖੋ ਡਾ. ਭਗਤ ਸਿੰਘ ਪੰਨਾ 67-"31 ਜੁਲਾਈ ਸੰਨ 1799 ਵਿੱਚ ਦਲ ਖਾਲਸਾ ਅਤੇ ਮਹਾਰਾਜਾ ਵਿਜੈ ਸਿੰਘ ਆਫ ਜੋਧਪੁਰ ਦੇ

ਦਰਮਿਆਨ ਇਕ ਸੰਧੀ ਕੀਤੀ ਗਈ ਸੀ ਤਾਂ ਦਲ ਖਾਲਸਾ ਨੇ 50,000 (ਪੰਜਾਹ ਹਜ਼ਾਰ) ਸਵਾਰ ਭੇਜਣ ਦਾ ਵਾਅਦਾ ਕੀਤਾ ਸੀ।' ਮੀਰ ਮਨੂੰ ਦੇ ਸਮੇਂ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਮੁਗਲ ਸ਼ਾਹੀ ਵੱਲੋਂ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਸਰਕਾਰ ਨੇ ਪੂਰੀ ਵਾਹੀ ਲਾਈ, ਉਸ ਸਮੇਂ ਵੀ ਬਹੁਤ ਸਾਰੇ ਸਿੰਘ ਰਾਜਪੂਤਾਨੇ ਦੇ ਰਾਜਿਆਂ ਪਾਸ ਆ ਗਏ। ਖਾੜਕੂ ਲਹਿਰ ਸਮੇਂ ਵੀ ਰਾਜਸਥਾਨ ਪੁਲਸ ਨੇ ਪੰਜਾਬ ਪੁਲਸ ਨੂੰ ਰਾਜਸਥਾਨ ਵਿੱਚ ਖਾੜਕੂਆਂ ਵਿਰੁੱਧ ਗੈਰਕਾਨੂੰਨੀ ਕਾਰਵਾਈ ਨਾ ਕਰਨ ਦਿੱਤੀ। ਬਹਾਦਰ ਕੌਮਾਂ ਕਿਸੇ ਨੂੰ ਵੀ ਧੋਖੇ ਨਾਲ ਲੁਕਵੇਂ, ਨਕਲੀ ਪੁਲਸ ਮੁਕਾਬਲੇ ਬਣਾਉਣ ਦੇ ਹੱਕ ਵਿੱਚ ਨਹੀਂ ਹੋ ਸਕਦੀਆਂ।

ਨਰ ਚਾਹਤ ਕਛੁ ਆਉਰ ਆਉਰੈ ਕੀ ਅਉਰੇ ਭਈ

ਬੰਦਾ ਸਿੰਘ ਦੇ ਜਾਣ ਤੋਂ ਪੰਦਰਾਂ ਵੀਹ ਦਿਨ ਬਾਅਦ ਗੁਰੂ ਸਾਹਿਬ ਜੀ 'ਤੇ ਕਟਾਰ ਦਾ ਹਮਲਾ ਹੋ ਗਿਆ। ਪਰ ਬੰਦੇ ਨੇ ਆਪਣਾ ਮਿਸ਼ਨ ਜਾਰੀ ਰੱਖਿਆ। ਬੰਦਾ ਸਿੰਘ ਨੂੰ ਨੰਦੇੜ ਤੋਂ ਸਿੱਧਾ ਪੰਜਾਬ ਜਾਣ ਦੀ ਬਜਾਏ ਰਾਜਸਥਾਨ ਦੇ ਰਸਤੇ ਜਾਣ ਲਈ ਸ਼ਾਇਦ ਗੁਰੂ ਜੀ ਵੱਲੋਂ ਹੀ ਆਖਿਆ ਗਿਆ ਹੋਵੇ ਤਾਂ ਕਿ ਉਹ ਰਾਜਸਥਾਨ ਦੇ ਰਾਜਪੂਤ ਰਾਜਿਆਂ ਤੋਂ ਉਹਨਾਂ ਵੱਲੋਂ ਗੁਰੂ ਜੀ ਨੂੰ ਦਿੱਤੇ ਭਰੋਸੇ ਅਨੁਸਾਰ ਕੁਝ ਮਦਦ ਪ੍ਰਾਪਤ ਕਰ ਸਕੇ। ਹੋ ਸਕਦਾ ਹੈ ਕਿ ਉਹਨਾਂ ਰਾਜਿਆਂ ਦੇ ਨਾਂਅ ਪੱਤਰ ਗੁਰੂ ਜੀ ਨੇ ਬੰਦਾ ਸਿੰਘ ਨੂੰ ਦਿੱਤੇ ਹੋਣ, ਇਹਨਾਂ ਰਾਜਪੂਤਾਂ ਉਤੇ ਗੁਰੂ ਜੀ ਨੂੰ ਇਤਬਾਰ ਹੋ ਚੁੱਕਾ ਸੀ ਕਿ ਲੋੜ ਵੇਲੇ ਬਚਨ ਦੀ ਪਾਲਣਾ ਕਰਨਗੇ। ਇਸੇ ਕਰਕੇ ਬੰਦਾ ਸਿੰਘ ਨਾਲ ਪੰਜ ਪ੍ਰਮੁੱਖ ਸਿੱਖਾਂ ਨੂੰ ਭੇਜਿਆ ਸੀ ਕਿ ਉਹ ਗੁਰੂ ਜੀ ਵੱਲੋਂ ਰਾਜਪੂਤਾਂ ਨੂੰ ਯਕੀਨ ਕਰਾ ਸਕਣ ਕਿ ਉਹ ਉਹਨਾਂ ਵੱਲੋਂ ਭੇਜਿਆ ਹੋਇਆ ਜਰਨੈਲ ਹੈ। ਕੈਥਲ ਪਹੁੰਚ ਕੇ ਬੰਦਾ ਸਿੰਘ ਪਾਸ ਚਾਰ ਹਜ਼ਾਰ ਘੋੜ ਸਵਾਰ ਤੇ ਇਸ ਤੋਂ ਵੱਧ ਪੈਦਲ ਫੌਜੀ ਸਨ, ਜਿਸ ਤੋਂ ਜਾਪਦਾ ਹੈ ਕਿ ਰਾਜਾ ਜੈ ਸਿੰਘ ਸਾਨੀ ਅਤੇ ਅਜੀਤ ਸਿੰਘ ਨੇ ਅਜੇ ਥੋੜ੍ਹੀ ਫੌਜੀ ਸਹਾਇਤਾ ਭੇਜੀ, ਜੋ ਬੀਕਾਨੇਰ ਦੇ ਰਸਤੇ ਬੰਦਾ ਸਿੰਘ ਨੂੰ ਪੁੱਜੀ, ਕਿਉਂਕਿ ਮਾਲਵੇ ਦੇ ਥੋੜ੍ਹੇ ਬਹੁਤ ਸਿੱਖਾਂ ਤੋਂ ਬਿਨਾਂ ਮਾਝੇ ਦਾ ਖਾਲਸਾ ਕੈਥਲ ਤੱਕ ਬੰਦਾ ਸਿੰਘ ਨਾਲ ਨਹੀਂ ਮਿਲਿਆ ਸੀ ਅਤੇ ਇਤਨੇ ਘੋੜਸਵਾਰ ਅਤੇ ਫੌਜੀ ਜਵਾਨ ਰਾਜਪੂਤ ਰਾਜਿਆਂ ਵੱਲੋਂ ਹੀ ਭੇਜੇ ਜਾ ਸਕਦੇ ਸਨ। ਇਹਨਾਂ ਰਾਜਪੂਤਾਂ ਨੇ ਆਗਰੇ ਹੁੰਦਿਆਂ ਗੁਰੂ ਸਾਹਿਬ ਨੂੰ ਸਵਾ ਲੱਖ ਘੋੜ ਸਵਾਰ ਅਤੇ ਸਵਾ ਲੱਖ ਪੈਦਲ ਸਿਪਾਹੀ ਲੋੜ ਵੇਲੇ ਦੇਣ ਦਾ ਵਿਸ਼ਵਾਸ ਦਿਵਾਇਆ ਸੀ। ਜੇਕਰ ਇਹਨਾਂ ਰਾਜਪੂਤਾਂ ਦੇ ਬਚਨ ਤੇ ਗੁਰੂ ਜੀ ਨੂੰ ਵਿਸ਼ਵਾਸ ਨਾ ਹੁੰਦਾ ਤਾਂ ਉਹਨਾਂ ਡੱਲੇ ਦੀ ਤਰ੍ਹਾਂ ਪਰਖ ਕਰ ਲੈਣੀ ਸੀ। ਡੱਲੇ ਨੇ ਗੁਰੂ ਸਾਹਿਬ ਨੂੰ ਕਿਹਾ ਸੀ ਕਿ ਆਨੰਦਪੁਰ ਛੱਡਣ ਤੋਂ ਪਹਿਲਾਂ ਤੁਸੀਂ ਮੈਨੂੰ ਸੁਨੇਹਾ ਭੇਜਦੇ ਮੈਂ ਆਪਣੇ ਬਹਾਦਰ ਬਰਾੜਾਂ ਨੂੰ ਲੈ ਕੇ ਪਹੁੰਚ ਜਾਂਦਾ ਤੇ ਆਪ ਜੀ ਨੂੰ ਆਨੰਦਪੁਰ ਨਾ ਛੱਡਣਾ ਪੈਂਦਾ। ਉਸ ਸਮੇਂ ਇਕ ਸਿੱਖ ਇਕ ਨਵੀਂ ਬੰਦੂਕ ਲੈ ਕੇ ਆ ਗਿਆ। ਗੁਰੂ ਸਾਹਿਬ ਨੇ ਨਿਸ਼ਾਨਾ ਪਰਖਣ ਲਈ ਡੱਲੇ ਨੂੰ

ਕਿਹਾ ਕਿ ਲਿਆ ਭਾਈ ਆਪਣੇ ਦੋ ਜਵਾਨ ਜੋ ਸਾਹਮਣੇ ਖੜ ਜਾਣ ਅਸੀਂ ਨਿਸ਼ਾਨਾ ਪਰਖਣਾ ਹੈ ਤਾਂ ਡੱਲੇ ਦੇ ਸਾਰੇ ਜਵਾਨ ਖਿਸਕ ਗਏ। ਜੇਕਰ ਗੁਰੂ ਜੀ ਨੂੰ ਸ਼ੱਕ ਹੁੰਦੀ ਤਾਂ ਉਹ ਆਗਰੇ ਵਿਖੇ ਰਾਜਪੂਤਾਂ ਦੀ ਵੀ ਕੋਈ ਪਰਖ ਕਰ ਲੈਂਦੇ। ਸੱਚਾਈ ਇਹ ਹੈ ਕਿ ਜਾਣੀ ਜਾਣ ਗੁਰੂ ਹਰ ਇਕ ਦੇ ਦਿਲ ਦੀ ਜਾਣਦੇ ਸਨ ਕਿ ਕੌਣ ਕਿਸ ਭਾਵਨਾ ਨਾਲ ਉਹਨਾਂ ਦੀ ਸੇਵਾ ਕਰ ਰਿਹਾ ਹੈ ਜਾਂ ਸੇਵਾ ਕਰਨ ਦਾ ਬਚਨ ਕਰ ਰਿਹਾ ਹੈ। ਖਰਖੋਡੇ ਆ ਕੇ ਬੰਦਾ ਸਿੰਘ ਨੇ ਮਾਲਵੇ, ਦੁਆਬੇ ਅਤੇ ਮਾਝੇ ਦੇ ਸਿੰਘਾਂ ਨੂੰ ਹੁਕਮਨਾਮੇ ਭੇਜੇ ਕਿ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵਜ਼ੀਰ ਖਾਂ ਅਤੇ ਪਹਾੜੀ ਰਾਜਿਆਂ ਨੂੰ ਸੋਧਣ ਲਈ ਭੇਜਿਆ ਹੈ ਤੇ ਉਹ ਉਸ ਦੀ ਸੈਨਾ ਵਿੱਚ ਸ਼ਾਮਲ ਹੋਣ। ਸਰਹੰਦ ਵੱਲ ਆਉਂਦਿਆਂ 26 ਨਵੰਬਰ 1709 ਨੂੰ ਤੜਕਸਾਰ ਸਮਾਣੇ 'ਤੇ ਹਮਲਾ ਕੀਤਾ। ਸਮਾਣੇ ਦੇ ਜੱਲਾਦਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਸੀ। ਰਾਤ ਤੱਕ ਸਾਰਾ ਸ਼ਹਿਰ ਸਾੜ ਕੇ ਢੇਰੀ ਕੀਤਾ ਗਿਆ ਤੇ ਦੱਸਿਆ ਜਾਂਦਾ ਹੈ ਕਿ ਤਕਰੀਬਨ 10,000 ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਫੇਰ ਘੁੜਾਮ, ਠਸਕਾ, ਸ਼ਾਹਾਬਾਦ ਅਤੇ ਮੁਸਤਫਾਬਾਦ ਨੂੰ ਬੜੀ ਆਸਾਨੀ ਨਾਲ ਫਤਿਹ ਕਰ ਲਿਆ। ਕਪੂਰੀ ਦੇ ਵਿਭਚਾਰੀ ਹਾਕਮ ਕਦਮਉਦੀਨ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ਉਸ ਨੂੰ ਮਾਰ ਕੇ ਉਸ ਦੀ ਸਾਰੀ ਦੌਲਤ ਲੁੱਟ ਕੇ ਦਿੱਤੀ। ਫੇਰ ਪੀਰ ਬੁੱਧੂ ਸ਼ਾਹ ਨੂੰ ਸਿਤਾਉਣ ਵਾਲੇ ਸਢੌਰਾ ਦੇ ਉਸਮਾਨ ਖਾਂ ਨੂੰ ਸੋਧਾ ਲਾਇਆ। ਪਿੰਡਾਂ ਦੇ ਸਿਤਾਏ ਹੋਏ ਕਿਸਾਨ ਜ਼ਿਮੀਂਦਾਰ ਆਪਣੇ ਆਪ ਬੰਦਾ ਸਿੰਘ ਦੇ ਖਾਲਸਾ ਦਲ ਵਿੱਚ ਸ਼ਾਮਲ ਹੋਣ ਲੱਗੇ। ਸਰਹੰਦ 'ਤੇ ਹਮਲਾ ਇਸ ਕਰਕੇ ਨਹੀਂ ਸੀ ਕੀਤਾ ਤਾਂ ਕਿ ਦੁਆਬਾ ਮਾਝਾ ਦੇ ਸਿੰਘ ਵੀ ਪਹੁੰਚ ਜਾਣ ਜਿਨ੍ਹਾਂ ਦਾ ਰਸਤਾ ਸਤਲੁਜ ਦਰਿਆ ਤੇ ਮਲੇਰਕੋਟਲਾ ਵਾਲੇ ਮੁਸਲਮਾਨਾਂ ਨੇ ਰੋਕਿਆ ਹੋਇਆ ਸੀ।

## ਸਰਹੰਦ ਦੀ ਫਤਹ

ਸਿੰਘਾਂ ਨੂੰ ਸਰਹੰਦ ਦਾ ਨਾਮ ਸੁਣ ਕੇ ਹੀ ਗੁੱਸਾ ਚੜ੍ਹ ਜਾਂਦਾ ਸੀ। ਇਥੋਂ ਦੇ ਵਜੀਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਕੇ ਜ਼ੁਲਮ ਦੀ ਹੱਦ ਕਰ ਦਿੱਤੀ ਸੀ। ਇਸ ਨੇ ਹੀ ਗੁਰੂ ਗੋਬਿੰਦ ਸਿੰਘ ਜੀ 'ਤੇ ਨੰਦੇੜ ਵਿਖੇ ਕਾਤਲਾਨਾ ਹਮਲਾ ਕਰਵਾਇਆ। ਇਸੇ ਜ਼ੁਲਮ ਕਾਰਨ ਮਾਤਾ ਗੁਜਰੀ ਦੀ ਮੌਤ ਹੋਈ। ਇਸੇ ਨੇ ਮੁਕਤਸਰ ਤੱਕ ਗੁਰੂ ਜੀ ਦਾ ਪਿਛਾ ਕਰਕੇ ਉਨਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਸਮਾਣੇ ਦੀ ਜਿੱਤ ਤੋਂ ਬਾਅਦ ਹੀ ਬੰਦਾ ਬਹਾਦੁਰ ਨੇ ਵਜੀਰ ਖਾਂ ਨੂੰ ਸੁਨੇਹਾ ਭੇਜ ਦਿੱਤਾ ਸੀ ਕਿ ਅਸੀਂ ਆਏ ਕਿ ਆਏ। ਇਹ ਸੁਣਕੇ ਵਜ਼ੀਰ ਖਾਂ ਦੀ ਨੀਂਦ ਹਰਾਮ ਹੋ ਗਈ ਸੀ ਤੇ ਉਸਨੇ ਜੰਗ ਦੀ ਤਿਆਰੀ ਅਰੰਭ ਕਰ ਦਿੱਤੀ ਸੀ।

ਚਪੜਚਿੜੀ ਪਿੰਡ ਜੋ ਸਰੰਹਦ ਤੋ .15 ਕੁ ਮੀਲ ਪੂਰਬ ਵਲ ਹੈ, ਦੇ ਮੈਦਾਨ

ਵਿਚ ਬੰਦਾ ਸਿੰਘ ਨੇ ਖਾਲਸਾ ਦਲ ਨੂੰ ਹਮਲੇ ਲਈ ਤਿਆਰ ਕੀਤਾ। ਵਜ਼ੀਰ ਖਾਂ ਵੀ ਅਪਣੇ ਜੰਗੀ ਲਸ਼ਕਰ ਨਾਲ ਇਸ ਥਾਂ 'ਤੇ ਪੁੱਜ ਗਿਆ। ਵਜ਼ੀਰ ਖਾਂ ਕੋਲ ਤੋਪਾਂ, ਹਾਥੀ ਵੀ ਸਨ ਜੋ ਕਿ ਖਾਲਸਾ ਪਾਸ ਨਹੀਂ ਸਨ। ਵਜ਼ੀਰ ਖਾਂ ਨੇ ਹਿਸਾਰ, ਲਾਹੌਰ ਅਤੇ ਐਮਨਾਬਾਦ ਤੋਂ ਵੀ ਸਹਾਇਤਾ ਮੰਗ ਲਈ ਸੀ। ਇਸ ਤਰ੍ਹਾਂ ਉਸ ਦੀ ਫੌਜ ਦੀ ਗਿਣਤੀ 20,000 ਦੇ ਕਰੀਬ ਸੀ। ਵੱਖ-ਵੱਖ ਇਤਿਹਾਸਕਾਰਾਂ ਨੇ ਫੌਜ ਦੀ ਗਿਣਤੀ ਇਸ ਤੋਂ ਵੱਧ ਘੱਟ ਵੀ ਲਿਖੀ ਹੈ। ਖਾਲਸਾ ਦਲ ਵਿੱਚ ਇਕ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇ ਸਿੰਘ ਸਨ, ਜੋ ਕਿ ਪੰਥ ਲਈ ਜਾਨਾਂ ਵਾਰਨ ਖਾਤਰ ਆਏ ਸਨ, ਕੁਝ ਰਾਮ ਸਿੰਘ, ਤ੍ਰਿਲੋਕ ਸਿੰਘ ਫੂਲਕੀਆਂ ਪਰਿਵਾਰਾਂ 'ਚੋਂ ਉਹਨਾਂ ਵੱਲੋਂ ਭੇਜੇ ਹੋਏ ਸਨ। ਇਹਨਾਂ ਨੇ ਖੁਦ ਸਾਹਮਣੇ ਆ ਕੇ ਲੜਨ ਤੋਂ ਅਸਮਰੱਥਾ ਦੱਸੀ, ਪਰ ਅੰਦਰੋਂ-ਗਤੀ ਖਾਲਸਾ ਦਲ ਦੀ ਕਾਫੀ ਮਦਦ ਕੀਤੀ। ਤੀਸਰੀ ਕਿਸਮ ਲੁਟੇਰਿਆਂ ਦੀ ਸੀ, ਜੋ ਪਿੱਛੇ ਖੜ੍ਹੇ ਤਮਾਸ਼ਾ ਦੇਖ ਰਹੇ ਸਨ ਕਿ ਲੜਾਈ ਖਤਮ ਹੋਣ ਤੋਂ ਬਾਅਦ ਲੁੱਟਮਾਰ ਕਰ ਸਕਣ। ਸੁੱਚਾਨੰਦ ਨੇ ਆਪਣਾ ਭਤੀਜਾ ਇਕ ਹਜ਼ਾਰ ਸਵਾਰ ਦੇ ਕੇ ਬੰਦਾ ਸਿੰਘ ਬਹਾਦਰ ਨਾਲ ਰਲਾ ਦਿੱਤਾ। ਉਸ ਨੇ ਬੰਦਾ ਸਿੰਘ ਨੂੰ ਯਕੀਨ ਦਿਵਾਇਆ ਕਿ ਉਹ ਆਪਣੇ ਚਾਚੇ ਸੁੱਚਾ ਨੰਦ ਨੂੰ ਨਫਰਤ ਕਰਦਾ ਹੈ, ਕਿਉਂਕਿ ਉਸ ਨੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਸੀ। ਲੜਾਈ 12 ਮਈ 1710 ਨੂੰ ਸ਼ੁਰੂ ਹੋਈ। ਜਿਸ ਤਰ੍ਹਾਂ ਵਜ਼ੀਰ ਖਾਂ ਨੇ ਸਿਖਾਇਆ ਹੋਇਆ ਸੀ, ਸਭ ਤੋਂ ਪਹਿਲਾਂ ਸੁੱਚਾ ਨੰਦ ਦਾ ਭਤੀਜਾ ਆਪਣੇ ਇਕ ਹਜ਼ਾਰ ਸਵਾਰਾਂ ਸਮੇਤ ਭੱਜ ਨਿਕਲਿਆ। ਉਸ ਨੂੰ ਦੇਖ ਕੇ ਕੁਝ ਹੋਰ ਲੁਟੇਰੇ ਵੀ ਭੱਜ ਨਿਕਲੇ। ਬੰਦਾ ਸਿੰਘ ਖੁਦ ਇੱਕ ਉੱਚ ਟਿੱਬੇ 'ਤੇ ਬੈਠਾ ਇਹ ਦੇਖ ਕੇ ਝੱਟ ਆਪਣੀ ਸੈਨਾ ਦੀ ਅਗਵਾਈ ਲਈ ਅੱਗੇ ਹੋਇਆ। ਸਿੰਘਾਂ ਨੇ ਐਸਾ ਹੱਲਾ ਬੋਲਿਆ ਕਿ ਮੁਗਲ ਸੈਨਾ ਦੀ ਗੋਲਾਬਾਰੀ ਦੀ ਪਰਵਾਹ ਨਾ ਕਰਦੇ ਹੋਏ ਉਹਨਾਂ ਦੀਆਂ ਤੋਪਾਂ 'ਤੇ ਚੜ੍ਹ ਆਏ। ਬੰਦਾ ਸਿੰਘ ਦੀਆਂ ਤੋਪਾਂ ਚਲਾਉਣ ਵਾਲੇ ਬੰਧੇਲ ਖੰਡੀ ਦੇ ਰਾਜਪੂਤਾਂ ਨੇ ਵੈਰੀਆਂ ਦੀਆਂ ਤੋਪਾਂ ਦੇ ਮੂੰਹਾਂ ਵਿੱਚ ਨਿਸ਼ਾਨੇ ਮਾਰ ਕੇ ਉਹਨਾਂ ਨੂੰ ਨਕਾਰਾ ਕਰ ਦਿੱਤਾ।

ਤੋਪਾਂ ਬੰਦੂਕਾਂ ਦੀ ਥਾਂ ਲੜਾਈ ਹੱਥੋ ਹੱਥ ਹੋਣ ਲੱਗੀ। ਮੁਗਲ ਸੈਨਾ ਦਾ ਬਹੁਤ ਨੁਕਸਾਨ ਹੋਇਆ। ਵਜ਼ੀਰ ਖਾਂ ਖੁਦ ਅੱਗੇ ਆ ਕੇ ਬਾਜ ਸਿੰਘ ਨਾਲ ਦੋ ਹੱਥ ਕਰਨ ਲੱਗਾ। ਫਤਿਹ ਸਿੰਘ ਨੇ ਕ੍ਰਿਪਾਨ ਦੇ ਇਕ ਵਾਰ ਨਾਲ ਮੋਢੇ ਤੋਂ ਕਮਰ ਤੱਕ ਉਸ ਨੂੰ ਚੀਰ ਸੁੱਟਿਆ। ਵਜ਼ੀਰ ਖਾਂ ਦੇ ਡਿੱਗਦੇ ਹੀ ਰਹਿੰਦੀ-ਖੂੰਹਦੀ ਮੁਗਲ ਸੈਨਾ ਭੱਜ ਕੇ ਸਰਹੰਦ ਆ ਵੜੀ। ਖਾਲਸਾ ਦਲ ਨੇ 500 ਕੁ ਸੌ ਜਵਾਨ ਗਵਾ ਕੇ ਦੋ ਦਿਨ ਬਾਅਦ ਸਰਹੰਦ ਸ਼ਹਿਰ ਫਤਿਹ ਕੀਤਾ। ਚੱਪੜਚਿੜੀ ਦੇ ਮੈਦਾਨ ਵਿੱਚ ਭਾਈ ਉਦਯ ਸਿੰਘ ਦੇ ਦੋ ਪੁੱਤਰ ਮਹਿਬੂਬ ਸਿੰਘ ਤੇ ਫਤਿਹ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੇ ਪੁੱਤਰ ਸੰਗਰਾਮ ਸਿੰਘ ਨੇ ਸ਼ਹੀਦੀ ਜਾਮ ਪੀਤੇ। ਸਿੰਘਾਂ ਦੇ ਸਾਹਿਬਜ਼ਾਦਿਆਂ ਨੂੰ ਗਲਤ ਢੰਗ ਨਾਲ ਸ਼ਹੀਦ ਕਰਨ ਵਾਲਿਆਂ ਤੋਂ ਗਿਣ-ਗਿਣ ਕੇ ਬਦਲੇ ਲਏ। ਵਜ਼ੀਰ ਖਾਂ ਦਾ ਲੜਕਾ ਬਾਕੀ ਟੱਬਰ ਸਮੇਤ

ਕੀਮਤੀ ਸਾਮਾਨ ਲੈ ਕੇ ਦਿੱਲੀ ਵੱਲ ਨੂੰ ਭੱਜਣ ਵਿੱਚ ਕਾਮਯਾਬ ਹੋ ਗਿਆ, ਪਰ ਸੁੱਚਾ ਨੰਦ ਨੂੰ ਉਸ ਦੇ ਪਾਪਾਂ ਨੇ ਘੇਰੀ ਰੱਖਿਆ। ਉਹ ਆਪਣੇ ਸਾਮਾਨ ਦੀਆਂ ਗੰਢਾਂ ਹੀ ਤਿਆਰ ਕਰਦਾ ਸਿੰਘਾਂ ਫੜ ਲਿਆ। ਸ਼ਹਿਰ ਦੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ । ਲੁਟੇਰਿਆਂ ਨੇ ਸ਼ਹਿਰ ਨੂੰ ਖ਼ੂਬ ਲੁੱਟਿਆ। ਆਖਿਰ ਕੁਝ ਹਿੰਦੂਆਂ ਦੇ ਗਲਾਂ ਵਿੱਚ ਪੱਲੇ ਪਾ ਕੇ ਬੰਦਾ ਸਿੰਘ ਅੱਗੇ ਬੇਨਤੀ ਕਰਨ 'ਤੇ ਕਤਲੇਆਮ ਤੇ ਲੁੱਟਮਾਰ ਬੰਦ ਕੀਤੀ ਗਈ। ਬੰਦਾ ਸਿੰਘ ਬਹਾਦਰ ਨੇ ਸਵੇਰੇ ਦਰਬਾਰ ਲਾਉਣ ਦਾ ਫ਼ੈਸਲਾ ਕੀਤਾ। ਸਰਹੰਦ ਦੀ ਲੁੱਟ ਦੇ ਮਾਲ ਦਾ ਅੰਦਾਜ਼ਾ ਦੋ ਕਰੋੜ ਰੁਪਏ ਲਾਇਆ ਗਿਆ ਤੇ ਭਾਈ ਬਾਜ ਸਿੰਘ ਨੂੰ ਇਹ ਸਾਰਾ ਪੰਥਕ ਖਜ਼ਾਨੇ ਵਿੱਚ ਜਮ੍ਹਾ ਕਰਨ ਦਾ ਹੁਕਮ ਦਿੱਤਾ। ਸੁੱਚਾ ਨੰਦ ਨੂੰ ਬਲਦਾਂ ਪਿੱਛੇ ਘਸੀਟ ਕੇ ਸਰਹੰਦ ਸ਼ਹਿਰ ਵਿੱਚ ਉਦੋਂ ਤੱਕ ਫੇਰਨ ਦਾ, ਜਦੋਂ ਤੱਕ ਕਿ ਉਹ ਮਰ ਨਾ ਜਾਵੇ, ਹੁਕਮ ਦਿੱਤਾ। ਵਜ਼ੀਰ ਖਾਂ ਦੀ ਲਾਸ਼ ਇਕ ਦਰੱਖਤ 'ਤੇ ਟੰਗੀ ਗਈ ਤੇ ਉਸ ਦਾ ਮਾਸ ਕਾਵਾਂ ਤੇ ਇੱਲਾਂ ਨੇ ਖਾਧਾ। ਬਾਜ ਸਿੰਘ ਸਰਹੰਦ ਦਾ ਗਵਰਨਰ ਅਤੇ ਅਲੀ ਸਿੰਘ ਸਲੌਂਦੀ ਨੂੰ ਉਸਦਾ ਸਹਾਇਕ ਨਿਯੁਕਤ ਕੀਤਾ ਗਿਆ। ਭਾਈ ਰਾਮ ਸਿੰਘ ਨੂੰ ਥਾਨੇਸਰ ਅਤੇ ਭਾਈ ਫਤਿਹ ਸਿੰਘ ਨੂੰ ਸਮਾਣਾ ਦਾ ਚਾਰਜ ਦਿੱਤਾ ਗਿਆ। ਸਿੰਘਾਂ ਦਾ ਸਭ ਤੋਂ ਪਹਿਲਾਂ ਕੰਮ ਜੋ ਖਲਕਤ ਨੇ ਪਸੰਦ ਕੀਤਾ, ਉਹ ਸੀ ਜਾਗੀਰਦਾਰੀ ਦਾ ਖਾਤਮਾ। ਬੰਦਾ ਸਿੰਘ ਨੇ ਕਿਸਾਨਾਂ ਨੂੰ ਆਖ ਦਿੱਤਾ ਕਿ ਉਹ ਉਸ ਜ਼ਮੀਨ ਦੇ ਮਾਲਕ ਹਨ, ਜਿਹੜੀ ਉਹ ਕਾਸ਼ਤ ਕਰਦੇ ਹਨ। ਜਾਗੀਰਦਾਰ ਜ਼ਿਆਦਾਤਰ ਮੁਗਲਾਂ ਦੇ ਉੱਚ ਅਹੁੱਦਿਆਂ 'ਤੇ ਬੈਠੇ ਕਰਮਚਾਰੀ ਸਨ ਤੇ ਉਹ ਆਪਣੀ ਜਗੀਰ ਅੰਦਰ ਮਨ-ਮਾਨੀਆਂ ਕਰਕੇ ਪਰਜਾ ਤੇ ਬਹੁਤ ਜ਼ੁਲਮ ਕਰਦੇ, ਜਿਸਨੂੰ ਜਦੋਂ ਮਰਜ਼ੀ ਆਪਣੀ ਜਾਗੀਰ ਵਿੱਚੋਂ ਕੱਢ ਦਿੰਦੇ। ਸਰਹੰਦ ਦੀ ਫਤਿਹ ਤੋਂ ਬਾਅਦ ਬਾਕੀ ਪੰਜਾਬ ਵਿੱਚ ਵੀ ਸਿੰਘਾਂ ਸਿਰ ਚੁੱਕ ਲਏ। ਸਿੱਖ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਪਰ ਸਮਝਣ ਲੱਗ ਪਏ। ਸਿੰਘ ਅੰਮ੍ਰਿਤ ਛੱਕ ਕੇ ਖਾਲਸਾ ਦਲ ਵਿੱਚ ਰਲ਼ਦੇ ਤੇ ਬੰਦਾ ਸਿੰਘ ਤੋਂ ਸਰਦਾਰੀਆਂ ਪ੍ਰਾਪਤ ਕਰਦੇ।

*ਇਰਵਿਨ ਦੇ ਕਥਨ ਅਨੁਸਾਰ-*

ਜਿਨ੍ਹਾਂ ਪਰਗਨਿਆਂ 'ਤੇ ਸਿੱਖਾਂ ਦਾ ਕਬਜ਼ਾ ਹੋਇਆ, ਉਥੇ ਪੁਰਾਣੇ ਰਿਵਾਜ਼ ਉਖਾੜ ਦਿੱਤੇ ਗਏ ਅਤੇ ਮੁਕੰਮਲ ਤੌਰ 'ਤੇ ਉਲਟਾ ਦਿੱਤੇ ਗਏ। ਹੇਠਲੀ ਜਾਤ ਦਾ ਕੋਈ ਚੂਹੜਾ ਜਾਂ ਚਮਾਰ ਜਦੋਂ ਘਰ ਛੱਡ ਕੇ ਗੁਰੂ ਨਾਲ ਜਾ ਰਲਦਾ ਸੀ ਤੇ ਥੋੜ੍ਹੇ ਹੀ ਸਮੇਂ ਬਾਅਦ ਉਹ ਆਪਣੀ ਮਾਤਭੂਮੀ ਦਾ ਹਾਕਮ ਬਣ ਕੇ ਪਰਤਦਾ ਸੀ। ਉਸ ਦੇ ਹੱਥ ਵਿੱਚ ਹਾਕਮ ਬਣ ਜਾਣ ਦਾ ਪਰਵਾਨਾ ਹੁੰਦਾ ਸੀ। ਜਿਉਂ ਹੀ ਉਹ ਪਿੰਡ ਦੀ ਜੂਹ ਵਿੱਚ ਵੜਦਾ ਉੱਚੀਆਂ ਜਾਤਾਂ ਵਾਲੇ ਤੇ ਧਨੀ ਉਸਨੂੰ ਅੱਗੋਂ ਹੋ ਕੇ ਲੈਣ ਲਈ ਆਉਂਦੇ ਅਤੇ ਉਸ ਨੂੰ ਘਰ ਲੈ ਜਾਂਦੇ। ਉਥੇ ਜਾ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਖੜੇ ਹੋ ਜਾਂਦੇ ਅਤੇ ਉਸ ਦੇ ਹੁਕਮ ਦਾ ਇੰਤਜ਼ਾਰ ਕਰਦੇ। ਬੰਦਾ ਸਿੰਘ ਬਹਾਦਰ ਨੇ ਜਮਨਾ ਪਾਰ ਕਰਕੇ

ਉਨਰਸਾ, ਬੇਹਟ ਅਤੇ ਜਲਾਲਾਬਾਦ ਦੇ ਇਲਾਕੇ ਫਤਿਹ ਕੀਤੇ। ਪਰ ਉਸਨੂੰ ਜਲੰਧਰ ਦੁਆਲੇ ਦਲ ਦੇ ਸਿੰਘਾਂ ਦੀ ਮਦਦ ਲਈ ਮੁੜਨਾ ਪਿਆ। ਜਲੰਧਰ ਅਤੇ ਹੁਸ਼ਿਆਰਪੁਰ ਦਾ ਇਲਾਕਾ ਸੌਖਿਆਂ ਹੀ ਖਾਲਸਾ ਦਲ ਦੇ ਅਧੀਨ ਹੋ ਗਿਆ, ਫੇਰ ਸਿੰਘ ਮਾਝੇ ਅਤੇ ਰਿਆੜਕੀ ਵੱਲ ਵਧੇ। ਪਿੰਡ ਸਠਿਆਲਾ ਅਤੇ ਬੁਤਾਲਾ ਦੇ ਸਿੰਘਾਂ ਨੇ ਪਠਾਨਕੋਟ ਦੇ ਪਰਗਨੇ 'ਤੇ ਵੀ ਕਬਜ਼ਾ ਕਰ ਲਿਆ। ਲਾਹੌਰ ਸ਼ਹਿਰ ਦੀਆਂ ਦੀਵਾਰਾਂ ਤੋਂ ਬਾਹਰ ਤੱਕ ਸਿੰਘ ਕਾਬਜ਼ ਹੋ ਗਏ ।

ਬਾਦਸ਼ਾਹ ਬਹਾਦਰ ਸ਼ਾਹ ਰਾਜਪੂਤਾਨੇ ਦੇ ਰਾਜਿਆਂ ਨਾਲ ਟੱਕਰ ਵਿੱਚੇ ਛੱਡ ਕੇ ਪੰਜਾਬ ਵੱਲ ਨੂੰ ਵਧਿਆ। ਉਸ ਨੇ ਸਾਰੀ ਮੁਗਲ ਤਾਕਤ ਇਕੱਠੀ ਕਰ ਲਈ । ਇਸ ਵਕਤ ਉਸਨੂੰ ਰਾਜਪੂਤਾਂ ਅਤੇ ਮਰਹੱਟਿਆਂ ਤੋਂ ਕਿਤੇ ਵੱਧ ਸਿੰਘਾਂ ਦਾ ਡਰ ਸੀ ਕਿਉਂਕਿ ਸਿੰਘਾਂ ਨੇ ਮੁਗਲ ਰਾਜ ਦੀਆਂ ਪੰਜਾਬ ਤੋਂ ਜੜ੍ਹਾਂ ਉਖੇੜ ਦਿੱਤੀਆਂ ਸਨ। ਸਿੰਘ ਨੇ ਸਮਾਣਾ, ਥਾਨੇਸਰ ਛੱਡ ਦਿੱਤਾ ਤੇ ਮੁਖਲਿਸਗੜ (ਲੋਹਗੜ੍ਹ) ਦੇ ਕਿਲੇ ਵਿੱਚ ਮੋਰਚਾਬੰਦੀ ਕਰਕੇ ਬੈਠ ਗਏ। ਬਾਦਸ਼ਾਹ ਨੇ ਖੁਦ ਇਸ ਮੁਹਿੰਮ ਦੀ ਕਮਾਨ ਕੀਤੀ। ਸਾਰੇ ਵੱਡੇ-ਵੱਡੇ ਮੁਗਲ ਜਰਨੈਲ, ਬਹਾਦਰ ਸ਼ਾਹ ਦੇ ਦੋ ਲੜਕੇ ਲੋਹਗੜ੍ਹ ਤੋਂ ਬਾਹਰ ਤੰਬੂ ਲਾ ਕੇ ਬੈਠ ਗਏ। ਕਈ ਦਿਨਾਂ ਦੇ ਘੇਰੇ ਤੋਂ ਬਾਅਦ ਮੁਗਲਾਂ ਅੱਗੇ ਵਧ ਕੇ ਲੜਾਈ ਸ਼ੁਰੂ ਕੀਤੀ। ਸਿੰਘਾਂ ਨੇ ਹਮਲਾਵਰਾਂ ਦੀਆਂ ਲਾਸ਼ਾਂ ਦੇ ਸੱਥਰ ਵਿਛਾ ਦਿੱਤੇ, ਕਿਉਂਕਿ ਉਹ ਆਪ ਪਹਾੜੀ ਮੋਰਚਿਆਂ ਵਿੱਚ ਸਨ। ਪਰ ਮੁਗਲਾਂ ਦੀ ਗਿਣਤੀ ਕਿਤੇ ਵੱਧ ਹੋਣ ਕਰਕੇ ਸਿੰਘਾਂ ਨੂੰ ਹਾਰ ਹੁੰਦੀ ਦਿਸੀ। ਬੰਦਾ ਬਹਾਦਰ ਤੇ ਕੁਝ ਜਰਨੈਲ ਰਾਤ ਨੂੰ ਪਹਾੜ ਵੱਲ ਨੂੰ ਇਕ ਖੁਫੀਆ ਰਸਤੇ ਨਿਕਲਣ ਵਿੱਚ ਸਫਲ ਹੋ ਗਏ। ਬੰਦਾ ਸਿੰਘ ਦੇ ਕੱਪੜੇ ਪਾਈ ਇਕ ਸਿੰਘ ਜਿਸਦਾ ਨਾਮ ਬਖਸ਼ੀ ਗੁਲਾਬ ਸਿੰਘ ਸੀ, ਲੜਾਈ ਦੀ ਅਗਵਾਈ ਕਰੀ ਗਿਆ ਤੇ ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਤਾਂ ਮੁਗਲ ਜਰਨੈਲ ਨੇ ਉਸ ਨੂੰ ਬਾਦਸ਼ਾਹ ਪਾਸ ਬੰਦਾ ਬਹਾਦਰ ਕਰਕੇ ਪੇਸ਼ ਕੀਤਾ, ਪਰ ਪਤਾ ਲੱਗਣ 'ਤੇ ਉਸ ਨੂੰ ਬਹੁਤ ਸ਼ਰਮਿੰਦਗੀ ਉਠਾਉਣੀ ਪਈ। ਗੁੱਸੇ ਵਿੱਚ ਦੰਦ ਪੀਸਦੇ ਬਹਾਦਰ ਸ਼ਾਹ ਨੇ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਅਤੇ ਗੁਲਾਬ ਸਿੰਘ ਬਖਸ਼ੀ ਨੂੰ ਇੱਕ ਲੋਹੇ ਦੇ ਪਿੰਜਰੇ ਵਿੱਚ ਪਾ ਕੇ ਦਿੱਲੀ ਨੂੰ ਇੱਕ ਭਾਰੀ ਗਾਰਦ ਨਾਲ ਰਵਾਨਾ ਕੀਤਾ। ਇਕ ਅਣਖੀਲੇ ਸਿੰਘ ਨੇ ਬੜੀ ਹੁਸ਼ਿਆਰੀ ਨਾਲ ਇਸ ਗਾਰਦ ਤੋਂ ਸਹਾਰਨਪੁਰ ਲਾਗਿਉਂ ਇਹਨਾਂ ਦੋਨਾਂ ਕੈਦੀਆਂ ਨੂੰ ਆਜ਼ਾਦ ਕਰਾ ਲਿਆ ਤੇ ਰਾਜਾ ਭੂਪ ਪ੍ਰਕਾਸ਼ ਨੂੰ ਨਾਹਨ ਪਹੁੰਚਾਇਆ। ਗੁਲਾਬ ਸਿੰਘ ਬਖਸ਼ੀ ਨੇ ਦੁਆਬੇ ਅਤੇ ਮਾਝੇ ਵਿੱਚ ਖਾਲਸਾ ਦਲ ਲਈ ਹੋਰ ਬਹੁਤ ਸਾਰੇ ਸਿੰਘ ਤਿਆਰ ਕੀਤੇ। ਰਾਜਾ ਭੂਪ ਪ੍ਰਕਾਸ਼ ਨੇ ਗੁਰਦਾਸ ਨੰਗਲ ਦੀ ਗੜ੍ਹੀ ਦੇ ਘੇਰੇ ਵੇਲੇ ਆਪਣੇ ਚੋਣਵੇਂ ਜਵਾਨ ਮਦਦ ਲਈ ਭੇਜੇ ਸਨ, ਕਿਉਂਕਿ ਉਹ ਗੁਰੂ ਖਾਲਸਾ ਦਾ ਆਪਣੀ ਜਾਨ ਬਚਾਉਣ ਲਈ ਰਿਣੀ ਸੀ।

ਲੋਹਗੜ੍ਹ ਤੋਂ ਬਹਾਦਰਸ਼ਾਹ ਲਾਹੌਰ ਨੂੰ ਮੁੜ ਗਿਆ ਤੇ ਅੰਤ 27-28 ਫਰਵਰੀ

1712 ਦੀ ਰਾਤ ਨੂੰ ਮਰ ਗਿਆ। ਉਸ ਤੋਂ ਬਾਅਦ ਉਸ ਦੇ ਲੜਕਿਆਂ ਵਿੱਚ ਤਖਤ ਦੀ ਪ੍ਰਾਪਤੀ ਲਈ ਯੁੱਧ ਹੋਇਆ। ਤਿੰਨ –ਚਾਰ ਸਾਲਾਂ ਵਿੱਚ ਕਈ ਮੁਗਲ ਬਾਦਸ਼ਾਹ ਕਤਲ ਹੋਏ ਤੇ ਨਵੇਂ ਬਣੇ।

ਲੋਹਗੜ੍ਹ ਤੋਂ ਬੰਦਾ ਸਿੰਘ ਕੀਰਤਪੁਰ ਵੱਲ ਨਿਕਲ ਗਿਆ। ਸਿੰਘਾਂ ਨੂੰ ਫੇਰ ਸੱਦੇ ਭੇਜੇ ਗਏ ਕਿ ਪਹਾੜੀ ਰਾਜਿਆਂ ਨੂੰ ਸੋਧਿਆ ਜਾਵੇ। ਸਭ ਤੋਂ ਪਹਿਲਾਂ ਭੀਮ ਚੰਦ ਦੀ ਵਾਰੀ ਆਈ। ਉਸ ਤੋਂ ਬਾਅਦ ਕੁੱਲੂ ਵਾਲੇ ਦੀ। ਮੰਡੀ ਵਾਲਿਆਂ ਕੋਈ ਵਿਰੋਧਤਾ ਨਾ ਕੀਤੀ। ਚੰਬੇ ਦੇ ਰਾਜੇ ਨੇ ਬੰਦਾ ਸਿੰਘ ਦੀ ਖੁਸ਼ਾਮਦ ਕਰਕੇ ਉਸ ਨੂੰ ਆਪਣੇ ਖਾਨਦਾਨ ਦੀ ਇਕ ਸੁੰਦਰ ਕੁਮਾਰੀ ਨਾਲ ਸ਼ਾਦੀ ਕਰਨ ਲਈ ਰਾਜ਼ੀ ਕਰ ਲਿਆ। ਇਸ ਤੋਂ ਅੱਗੇ ਬੰਦਾ ਜੰਮੂ ਵੱਲ ਨੂੰ ਚਲੇ ਗਿਆ ਤੇ ਉਥੇ ਦਰਿਆ ਦੇ ਕੰਢੇ ਇਕ ਮਕਾਨ ਬਣਾ ਕੇ ਰਹਿਣ ਲੱਗਾ।

ਫਰਖ਼ੁਸੀਅਰ ਦੇ ਬਾਦਸ਼ਾਹ ਬਨਣ ਨਾਲ ਮੁਗਲ ਹੁਕਮਰਾਨ ਮੈਦਾਨੀ ਇਲਾਕੇ ਦੇ ਸਿੰਘਾਂ ਨੂੰ ਚੁਣ-ਚੁਣ ਕੇ ਮਾਰਨ ਲੱਗ ਪਏ। ਇਹਨਾਂ ਦੀ ਸਹਾਇਤਾ ਲਈ ਬੰਦਾ ਸਿੰਘ ਜੰਮੂ ਦੇ ਪਹਾੜਾਂ ਤੋਂ ਉਤਰਿਆ। ਪਹਿਲਾਂ ਕਲਾਨੌਰ ਤੇ ਫੇਰ ਬਟਾਲੇ ਨੂੰ ਫਤਿਹ ਕੀਤਾ। ਮੁਗਲ ਰਾਜ ਨੇ ਵੀ ਆਪਣੀ ਸਾਰੀ ਸ਼ਕਤੀ ਸਿੰਘਾਂ ਵਿਰੁੱਧ ਲਾ ਦਿੱਤੀ। ਬੰਦਾ ਬਹਾਦਰ ਨੂੰ ਸਾਰੇ ਪਾਸਿਓਂ ਘੇਰਨ ਦੀ ਕੋਸ਼ਿਸ਼ ਕੀਤੀ। ਪਹਾੜੀ ਰਾਜੇ ਵੀ ਮੁਗਲਾਂ ਦਾ ਸਾਥ ਦੇ ਰਹੇ ਸਨ। ਲੜਦੇ-ਲੜਦੇ ਸਿੰਘ ਗੁਰਦਾਸ ਨੰਗਲ (ਜੋ ਕਿ ਗੁਰਦਾਸਪੁਰ ਸ਼ਹਿਰ ਤੋਂ 4 ਮੀਲ ਪੱਛਮ ਵੱਲ ਹੈ) ਦੀ ਕੱਚੀ ਗੜ੍ਹੀ ਵਿੱਚ ਦਾਖਲ ਹੋਏ। ਸ਼ਾਹੀ ਨਹਿਰ ਦਾ ਪਾਣੀ ਤੋੜ ਕੇ ਗੜ੍ਹੀ ਦੇ ਦੁਆਲੇ ਬਣੀ ਖਾਈ ਨੂੰ ਪਾਣੀ ਨਾਲ ਭਰ ਦਿੱਤਾ। ਜਲਦੀ-ਜਲਦੀ ਆਲੇ-ਦੁਆਲੇ ਦੇ ਪਿੰਡਾਂ ਤੋਂ ਅੰਨ-ਦਾਣਾ ਪੱਠੇ ਵਗੈਰਾ ਗੜ੍ਹੀ ਅੰਦਰ ਜਮ੍ਹਾਂ ਕੀਤੇ। ਮੁਗਲ ਸੈਨਾ ਨੇ ਘੇਰਾ ਐਨਾ ਸਖਤ ਕੀਤਾ ਕਿ ਗੜ੍ਹੀ ਦੇ ਚਾਰੇ ਪਾਸੇ ਇਸ ਤਰ੍ਹਾਂ ਤੰਬੂ ਲਾਏ ਗਏ ਕਿ ਇਕ ਤੰਬੂ ਦਾ ਰੱਸਾ ਦੂਸਰੇ ਤੰਬੂ ਨਾਲ ਨੱਥਿਆ। ਅੰਦਰ ਖਾਣ-ਪੀਣ ਦੀ ਤੰਗੀ ਹੋਣ ਲੱਗੀ। ਭਾਈ ਬਾਜ ਸਿੰਘ ਦੂਸਰੇ ਤੀਸਰੇ ਦਿਨ ਮੁਗਲ ਸੈਨਾ ਦੇ ਭੰਡਾਰ 'ਤੇ ਹਮਲਾ ਖਰਕੇ ਖਾਣਾ-ਦਾਣਾ ਲੁੱਟਕੇ ਗੜ੍ਹੀ ਅੰਦਰ ਆ ਜਾਂਦੇ। ਇਹ ਕੰਮ ਐਨੀ ਫੁਰਤੀ ਨਾਲ ਕਰਦੇ ਕਿ ਮੁਗਲ ਸੈਨਿਕ ਸੰਭਲ ਹੀ ਨਾ ਸਕਦੇ। ਜੇ ਇਕ ਦਿਨ ਸਵੇਰੇ ਐਸੀ ਝਪਟ ਮਾਰੀ ਤਾਂ ਦੂਸਰੇ ਦਿਨ ਸ਼ਾਮ ਨੂੰ ਤੇ ਕਿਸੇ ਦਿਨ ਚੁੱਪ ਰਹਿਣਾ। ਅਪ੍ਰੈਲ ਤੋਂ ਲੈ ਕੇ ਬਰਸਾਤ ਦਾ ਮੌਸਮ ਸ਼ੁਰੂ ਹੋ ਗਿਆ। ਮੁਗਲ ਸ਼ੈਨਾ ਦੇ ਤੰਬੂਆਂ ਵਿੱਚ ਪਾਣੀ ਆ ਗਿਆ, ਪਰ ਘੇਰਾ ਜਾਰੀ ਰਿਹਾ। ਸਰਦੀ ਦੀ ਰੁੱਤ ਆ ਗਈ। ਅੰਦਰ ਸਿੰਘਾਂ ਕੋਲ ਖਾਣ ਨੂੰ ਕੁਝ ਨਾ ਰਿਹਾ। ਉਹਨਾਂ ਘੋੜੇ ਵੀ ਝਟਕਾ ਕੇ ਖਾਧੇ। ਬਾਲਣ ਨਾ ਰਿਹਾ ਤਾਂ ਕੱਚਾ ਮਾਸ ਵੀ ਖਾਣਾ ਪਿਆ, ਜਿਸ ਨਾਲ ਬਹੁਤ ਸਿੰਘਾਂ ਨੂੰ ਮਰੋੜ ਲੱਗ ਗਏ। ਰੋਜ਼ ਕਈ-ਕਈ ਮਰਨ ਲੱਗੇ। ਬਾਲਣ ਨਾ ਹੋਣ ਕਾਰਨ ਸਿੰਘਾਂ ਦਾ ਸੰਸਕਾਰ ਵੀ ਨਾ ਕੀਤਾ ਜਾ ਸਕਦਾ। ਐਨੀ ਤੰਗੀ ਵੇਖ ਕੇ ਭਾਈ ਬਿਨੋਦ ਸਿੰਘ ਨੇ ਬੰਦਾ ਬਹਾਦਰ ਨੂੰ ਗੜ੍ਹੀ ਛੱਡਣ ਦੀ

ਸਲਾਹ ਦਿੱਤੀ। ਪਰ ਬੰਦੇ ਨੇ ਇਹ ਆਖ ਕੇ ਕੁਝ ਕੁ ਫੁਰਤੀਲੇ ਸਿੰਘ ਤਾਂ ਮੁਗਲ ਸੈਨਾ ਨੂੰ ਚੀਰ ਕੇ ਬੱਚ ਨਿਕਲਣਗੇ, ਪਰ ਜੋ ਔਰਤਾਂ, ਬੱਚੇ ਅਤੇ ਬਿਮਾਰ ਸਿੰਘ ਹਨ, ਉਹਨਾਂ ਨੂੰ ਮੁਗਲਾਂ ਨੇ ਤਸੀਹੇ ਦੇ ਦੇ ਕੇ ਮਾਰਨਾ ਹੈ।

ਸ਼ੇਖ ਸਾਅਦੀ ਦੇ ਅਜਿਹੇ ਹਾਲਾਤ ਬਾਰੇ ਬਚਨ ਹਨ "ਜੋ ਮੁਸੀਬਤ ਸਮੇਂ ਇਸਤਰੀ ਅਤੇ ਬੱਚਿਆਂ ਨੂੰ ਛੱਡ ਜਾਵੇਗਾ, ਉਹ ਸੁਭਾਗਤਾ ਦਾ ਮੂੰਹ ਉੱਕਾ ਹੀ ਨਹੀਂ ਦੇਖੇਗਾ" ਇਕ ਸਖਤ ਸਰਦੀ ਵਾਲੀ ਰਾਤ ਨੂੰ ਜਦੋਂ ਮੁਗਲ ਘੂੰਗ ਸੁੱਤੇ ਪਏ ਸਨ ਬਾਬਾ ਬਿਨੋਦ ਸਿੰਘ ਆਪਣੇ ਜਥੇ ਨਾਲ ਗੜ੍ਹੀ ਚੋਂ ਬੱਚ ਨਿਕਲੇ। ਅੰਦਰ ਹਾਲਾਤ ਹੋਰ ਗੰਭੀਰ ਹੋਣ ਲੱਗੇ। ਅੰਨ ਦਾ ਦਾਣਾ ਵੀ ਨਾ ਰਿਹਾ। ਬੰਦਾ ਸਿੰਘ ਦਾ ਪੁੱਤਰ ਅਜੈ ਸਿੰਘ ਰੋਟੀ-ਰੋਟੀ ਪੁਕਾਰਦਾ ਆਪਣੇ ਪਿਤਾ ਦੀ ਗੋਦ ਵਿੱਚ ਆਇਆ। ਆਖਰ ਬੰਦਾ ਸਿੰਘ ਨੇ ਆਤਮ ਸਮਰਪਣ ਦਾ ਫੈਸਲਾ ਕਰ ਲਿਆ ਤੇ 17 ਦਸੰਬਰ 1715 ਦੀ ਰਾਤ ਨੂੰ ਗੜ੍ਹੀ ਦੇ ਦਰਵਾਜ਼ੇ ਖੋਲ੍ਹ ਦਿੱਤੇ। ਬੰਦਾ ਸਿੰਘ ਤੇ 200 ਸਿੰਘ ਗ੍ਰਿਫਤਾਰ ਕੀਤੇ, ਤੇ ਜੋ ਬਿਮਾਰ ਸਨ, ਉਹਨਾਂ ਨੂੰ ਕਤਲ ਕਰ ਦਿੱਤਾ ਗਿਆ। ਮੁਗਲਾਂ ਦਾ ਖਿਆਲ ਸੀ ਕਿ ਅੰਦਰੋਂ ਬਹੁਤ ਵੱਡਾ ਖਜ਼ਾਨਾ ਹੱਥ ਲੱਗੇਗਾ, ਇਸ ਕਰਕੇ ਗੜ੍ਹੀ ਦੀ ਖੁਦਾਈ ਕੀਤੀ, ਪਰ ਕੁਝ ਖਾਸ ਹੱਥ ਨਾ ਲੱਗਾ। ਭੁੱਖ ਨਾਲ ਮਰ ਰਹੇ ਸਿੰਘਾਂ ਨੂੰ ਕਤਲ ਕਰਕੇ ਉਹਨਾਂ ਦੇ ਪੇਟ ਚਾਕ ਕੀਤੇ ਗਏ ਕਿ ਸ਼ਾਇਦ ਸਿੰਘਾਂ ਨੇ ਸੋਨੇ ਦੀਆਂ ਮੋਹਰਾਂ ਖਾ ਲਈਆਂ ਹੋਣ। ਅਬਦੁੱਲ ਸਮਦਖਾਂ ਨੇ ਕੈਦੀਆਂ ਨੂੰ ਪਹਿਲਾਂ ਲਾਹੌਰ ਲੈ ਜਾਣ ਦੀਆਂ ਤਿਆਰੀਆਂ ਕੀਤੀਆਂ। ਰਸਤੇ ਦੇ ਪਿੰਡਾਂ ਵਿੱਚ ਢਿੰਡੋਰਾ ਪਿਟਵਾਇਆ ਕਿ ਜਦੋਂ ਸਿੰਘਾਂ ਦਾ ਕਾਫਲਾ ਲੰਘੇ ਉਹਨਾਂ ਨੂੰ ਅਪਮਾਨਤ ਕੀਤਾ ਜਾਵੇ। ਸਿੰਘਾਂ ਨੂੰ ਹਾਸੋ-ਹੀਣੇ ਕੱਪੜੇ ਪੁਆ ਕੇ ਜ਼ਲੀਲ ਕੀਤਾ ਗਿਆ। ਬੰਦਾ ਸਿੰਘ ਨੂੰ ਇਕ ਲੋਹੇ ਦੇ ਪਿੰਜਰੇ ਵਿੱਚ ਬੰਦ ਕੀਤਾ ਗਿਆ ਅਤੇ ਨਾਲ ਇਕ ਅਫਸਰ ਨੰਗੀ ਤਲਵਾਰ ਲੈ ਕੇ ਪਿੰਜਰੇ ਨਾਲ ਬੰਨ੍ਹਿਆ ਹੋਇਆ ਸੀ। ਇਹ ਡਰ ਸੀ ਕਿ ਬੰਦਾ ਸਿੰਘ ਰੱਬੀ ਸ਼ਕਤੀਆਂ ਦਾ ਮਾਲਕ ਹੈ ਤੇ ਕਿਤੇ ਪਿੰਜਰੇ 'ਚੋਂ ਉਡ ਨਾ ਜਾਏ। ਲਾਹੌਰ ਸ਼ਹਿਰ ਵਿੱਚ ਲੋਕਾਂ ਨੇ ਸਿੰਘਾਂ 'ਤੇ ਗੰਦ ਸੁੱਟ ਕੇ ਗਾਲਾਂ ਕੱਢ ਕੇ ਆਪਣੀ ਭੜਾਸ ਕੱਢੀ ਤੇ ਕਈ ਤਾਂ ਸਿੰਘਾਂ ਨੂੰ ਮਾਰਨ ਵੀ ਦੌੜਦੇ। ਅਬਦੁੱਲ ਸਮਦਖਾਂ ਨੇ ਸੋਚਿਆ ਕਿ ਕਿਤੇ ਭੜਕੀ ਭੀੜ ਸਿੰਘਾਂ ਨੂੰ ਮਾਰ ਹੀ ਨਾ ਦੇਵੇ, ਰਾਤ ਸਿੰਘਾਂ ਨੂੰ ਇਕ ਹਾਥੀਖਾਨੇ ਵਿੱਚ ਰੱਖਿਆ ਤੇ ਤੜਕੇ ਹੀ ਆਪਣੇ ਲੜਕੇ ਜ਼ਕਰੀਆ ਖਾਂ ਦੀ ਕਮਾਨ ਅਤੇ ਸਖਤ ਪਹਿਰੇ ਹੇਠ ਸਿੰਘਾਂ ਦੇ ਕਾਫਲੇ ਨੂੰ ਦਿੱਲੀ ਵੱਲ ਤੋਰਿਆ। ਰਸਤੇ ਦੇ ਸ਼ਹਿਰਾਂ ਖਾਸ ਕਰ ਸਰਹੰਦ ਵਿੱਚ ਸਿੰਘਾਂ ਨੂੰ ਲੋਕਾਂ ਤੋਂ ਜ਼ਲੀਲ ਕਰਵਾਇਆ ਗਿਆ। ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਸ਼ਹਿਰ ਵਿੱਚ ਜਲੂਸ ਦੇ ਪਹੁੰਚਣ ਦੀ ਮੁਨਾਦੀ ਕਰਾਈ ਗਈ। 27 ਫਰਵਰੀ 1716 ਨੂੰ ਐਸਾ ਜਲੂਸ ਪਹੁੰਚਿਆ, ਜੋ ਦਿੱਲੀ ਵਾਲਿਆਂ ਪਹਿਲਾਂ ਕਦੇ ਨਹੀਂ ਦੇਖਿਆ ਸੀ। ਸਭ ਤੋਂ ਅੱਗੇ ਦੋ ਹਜ਼ਾਰ ਸਿੰਘਾਂ ਦੇ ਸਿਰ ਬਾਸਾਂ 'ਤੇ ਟੰਗ ਕੇ ਦੋ ਹਜ਼ਾਰ ਸੈਨਿਕ ਦੋ-ਦੋ ਦੀ ਕਤਾਰ ਵਿੱਚ ਚੱਲ ਰਹੇ ਸਨ। ਉਸ ਤੋਂ ਪਿੱਛੇ ਦੋ ਬਿੱਲੀਆਂ ਦੇ

ਸਿਰ ਦੋ ਬਾਂਸਾਂ 'ਤੇ ਟੰਗੇ ਹੋਏ ਸੈਨਿਕ ਚੱਲ ਰਹੇ ਸਨ, ਇਹ ਦੱਸਣ ਲਈ ਕਿ ਗੁਰਦਾਸ ਨੰਗਲ ਦੀ ਗੜ੍ਹੀ ਦਾ ਕੋਈ ਜਾਨਵਰ ਵੀ ਜਿਊਂਦਾ ਨਹੀਂ ਛੱਡਿਆ। ਉਸ ਤੋਂ ਬਾਅਦ ਇਕ ਹਾਥੀ 'ਤੇ ਲੋਹੇ ਦੇ ਪਿੰਜਰੇ ਵਿੱਚ ਬੰਦਾ ਬਹਾਦਰ ਸੀ। ਉਸ ਤੋਂ ਪਿੱਛੇ ਇਕ ਹਾਥੀ ਤੇ ਬੰਦਾ ਸਿੰਘ ਦੀ ਪਤਨੀ ਜਿਸ ਦੀ ਗੋਦ ਵਿੱਚ ਉਹਨਾਂ ਦਾ ਪੁੱਤਰ ਅਜੈ ਸਿੰਘ ਸੀ। ਬੰਦਾ ਸਿੰਘ ਸ਼ਾਂਤ ਚਿੱਤ ਸੀ। ਬੁੱਲ੍ਹ ਹਿੱਲ ਰਹੇ ਸਨ, ਜਿਵੇਂ ਪਾਠ ਕਰ ਰਿਹਾ ਹੋਵੇ। ਸਿੰਘਣੀ ਨੇ ਨੀਵੀਂ ਪਾ ਕੇ ਗੁਰੂ ਚਰਨਾਂ ਵਿੱਚ ਸੁਰਤ ਜੋੜੀ ਹੋਈ ਮਲੂਮ ਹੁੰਦੀ ਸੀ। ਉਸ ਤੋਂ ਪਿੱਛੇ 740 ਸਿੰਘ ਸਨ। ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਤਾਂ 200 ਫੜੇ ਸਨ, ਬਾਕੀ ਦੇ ਜ਼ਕਰੀਆ ਖਾਂ ਨੇ ਗਸ਼ਤੀ ਦੀ ਦਸਤੇ ਭੇਜ ਕੇ ਰਾਹ 'ਚੋਂ ਗ੍ਰਿਫਤਾਰ ਕੀਤੇ ਸਨ। ਕੁਝ ਊਠਾਂ ਤੇ ਦੋਨੋਂ ਪਾਸੇ ਗਧਿਆਂ 'ਤੇ ਸਵਾਰ ਕੀਤੇ ਹੋਏ ਸਨ। ਸਿੰਘਾਂ ਦੇ ਸਿਰਾਂ 'ਤੇ ਹਾਸੋ ਹੀਣੀ ਲਈ ਕਾਗਜ਼ ਦੀਆਂ ਟੋਪੀਆਂ ਪੁਆਈਆਂ ਸਨ। ਸਵੇਰ ਤੋਂ ਹੀ ਸੜਕ ਦੇ ਦੋਨੋਂ ਪਾਸੇ ਭੀੜ ਖੜ੍ਹੀ ਸੀ। ਕਈ ਸਿੰਘਾਂ ਨੂੰ ਗਾਲਾਂ ਕੱਢਦੇ-ਇੱਕ ਨੇ ਆਖਿਆ ਹੁਣ ਤੁਹਾਡੀ ਮੌਤ ਆ ਗਈ ਆ।

ਸਿੰਘ ਨੇ ਉੱਤਰ ਦਿੱਤਾ "ਅਸੀਂ ਮੌਤ ਤੋਂ ਨਹੀਂ ਡਰਦੇ-ਮੌਤ ਸਾਥੋਂ ਡਰਦੀ ਏ, ਮੌਤ ਤਾਂ ਅਸੀਂ ਅੰਮ੍ਰਿਤ ਛੱਕਣ ਵੇਲੇ ਹੀ ਕਬੂਲ ਕਰ ਲਈ ਸੀ।"

ਕੋਈ ਆਖਦਾ ਤੁਸੀਂ ਬਹਾਦਰ ਹੋ ਤਾਂ ਫੜੇ ਕਿਸ ਤਰ੍ਹਾਂ ਗਏ ਤਾਂ ਸਿੰਘਾਂ ਜਵਾਬ ਦਿੱਤਾ ਸਾਨੂੰ ਭੁੱਖ ਨੇ ਹਰਾਇਆ। ਜੇ ਸਾਡੀ ਬਹਾਦਰੀ ਵੇਖਣੀ ਹੈ ਤਾਂ ਸਾਡੇ ਹੱਥ ਪੈਰ ਖੋਲ੍ਹ ਕੇ ਦੇਖੋ। ਜਲੂਸ ਦੇ ਅਖੀਰ ਵਿੱਚ ਜ਼ਕਰੀਆ ਖਾਂ ਇਕ ਹਾਥੀ 'ਤੇ ਸ਼ਾਹਾਨਾ ਠਾਠ ਨਾਲ ਮੁਸਕਰਾ ਕੇ ਲੋਕਾਂ ਦੇ ਸਵਾਲਾਂ ਦੇ ਜਵਾਬ ਦੇ ਰਿਹਾ ਸੀ।

ਬਾਦਸ਼ਾਹ ਫਰਖੂਸੀਅਰ ਦੇ ਹੁਕਮ 'ਤੇ ਬੰਦਾ ਸਿੰਘ, ਭਾਈ ਬਾਜ ਸਿੰਘ, ਬਾਈ ਫਤਿਹ ਸਿੰਘ ਤੇ ਕੁਝ ਹੋਰ ਚੋਣਵੇਂ ਸਿੰਘਾਂ ਨੂੰ ਲਾਲ ਕਿਲ੍ਹੇ ਅੰਦਰ ਤ੍ਰਿਪੋਲੀ ਬੁਰਜ ਵਿੱਚ ਕੈਦ ਕੀਤਾ ਗਿਆ ਤੇ ਬਾਕੀ 694 ਸਿੰਘ ਸਰਬਰਾਹ ਖਾਂ ਕੋਤਵਾਲ ਦੇ ਹਵਾਲੇ ਕੀਤੇ ਗਏ ਕਿ ਇਹਨਾਂ ਨੂੰ ਸੌ-ਸੌ ਰੋਜ਼ ਦਾ ਲੋਕਾਂ ਸਾਹਮਣੇ ਕਤਲ ਕੀਤਾ ਜਾਵੇ। ਹਰ ਇਕ ਨੂੰ ਕਤਲ ਕਰਨ ਤੋਂ ਪਹਿਲਾਂ ਮੁਸਲਮਾਨ ਬਨਣ ਲਈ ਆਖਿਆ ਜਾਵੇ। ਜੇ ਕੋਈ ਮੁਸਲਮਾਨ ਬਣਨਾ ਮੰਨ ਜਾਵੇ ਤਾਂ ਉਸ਼ ਨੂੰ ਰਿਹਾਅ ਕਰ ਦਿੱਤਾ ਜਾਵੇ। ਪਰ ਧੰਨ ਗੁਰੂ ਦੇ ਸਿੰਘ ਕਿਸੇ ਇਕ ਨੇ ਵੀ ਧਰਮ ਬਦਲਣਾ ਮਨਜ਼ੂਰ ਨਾ ਕੀਤਾ। ਇਕ ਦਿਨ ਇਕ ਮਾਈ ਬਾਦਸ਼ਾਹ ਕੋਲੋਂ ਆਪਣੇ ਮੁੱਛ ਫੁੱਟ ਗੱਭਰੂ ਪੁੱਤ ਦੀ ਰਿਹਾਈ ਦਾ ਪਰਵਾਨਾ ਲੈ ਆਈ ਤੇ ਕੋਤਵਾਲ ਨੂੰ ਦਿੱਤਾ। ਕੋਤਵਾਲ ਨੇ ਉਸ ਗੱਭਰੂ ਤੋਂ ਪੁੱਛਿਆ ਕਿ ਤੂੰ ਸਿੰਘ ਨਹੀਂ? ਉਸ ਗੱਭਰੂ ਨੇ ਕਿਹਾ ਕਿ ਇਹ ਜੋ ਮੈਨੂੰ ਮੇਰੇ ਧਰਮ ਤੋਂ ਡੇਗ ਰਹੀ ਹੈ, ਮੇਰੀ ਮਾਂ ਨਹੀਂ, ਤੁਸੀਂ ਜਲਦੀ ਕਰੋ-ਮੇਰੇ ਨਾਲ ਦੇ ਸਾਥੀ ਸ਼ਹੀਦੀਆਂ ਪਾ ਕੇ ਗੁਰੂ ਤੇਗ ਬਹਾਦਰ ਦੇ ਚਰਨਾਂ ਵਿੱਚ ਪਹੁੰਚ ਗਏ ਹਨ-ਆਪਣਾ ਸਮਾਂ ਖਰਾਬ ਨਾ ਕਰੋ ਤੇ ਮੈਨੂੰ ਵੀ ਮੇਰੇ ਸਾਥੀਆਂ ਕੋਲ ਪਹੁੰਚਾਵੋ। ਇਸ ਸਿੱਖ ਦਾ ਸਿੱਦਕ ਸੁਣ ਕੇ ਫਰਖੂਸੀਅਰ ਨੇ ਆਪਣੇ ਵਜ਼ੀਰ ਤੋਂ ਪੁੱਛਿਆ

ਕਿ ਸਿੰਘ ਕਿਸ ਤਰ੍ਹਾਂ ਇੰਨੇ ਪੱਕੇ ਇਰਾਦੇ ਵਾਲੇ ਹਨ। ਅਮੀਨ ਖਾਂ ਨੇ ਬਾਦਸ਼ਾਹ ਨੂੰ ਦੋ ਦਿਨ ਬਾਅਦ ਕੈਦਖਾਨੇ ਵਿੱਚ ਆਉਣ ਦੀ ਬੇਨਤੀ ਕੀਤੀ। ਅਮੀਨ ਖਾਂ ਨੇ ਵੱਖੋ-ਵੱਖਰੀ ਉਮਰ ਦੇ ਚਾਰ ਸਿੰਘ ਚੁਣੇ, ਇਕ ਬੱਚਾ, ਇਕ ਤੇਰਾਂ ਕੁ ਸਾਲ ਦਾ, ਇਕ ਨੌਜਵਾਨ ਤੇ ਇੱਕ ਬੁੱਢਾ। ਉਹਨਾਂ ਨੂੰ ਇਕ ਵੱਖਰੀ ਕੋਠੜੀ ਵਿੱਚ ਰੱਖਿਆ ਗਿਆ ਤੇ ਦੋ ਦਿਨ ਤੱਕ ਕੁਝ ਵੀ ਖਾਣ ਨਾ ਦਿੱਤਾ ਗਿਆ। ਬਾਦਸ਼ਾਹ ਨੂੰ ਸਿੰਘਾਂ ਦੇ ਹੌਂਸਲੇ ਦਿਖਾਲਣ ਲਈ ਬੁਲਾਇਆ ਗਿਆ ਤੇ ਉਸ ਨੂੰ ਦਰਵਾਜ਼ੇ ਦੇ ਓਹਲੇ ਹੋ ਕੇ ਸਿੰਘਾਂ ਦੀ ਗੱਲਬਾਤ ਸੁਨਣ ਲਈ ਕਿਹਾ। ਅਮੀਨ ਖਾਂ ਨੇ ਦੋ ਰੋਟੀਆਂ ਬੱਚੇ ਦੇ ਅੱਗੇ ਰੱਖੀਆਂ। ਉਸ ਬੱਚੇ ਨੇ ਉਹ ਰੋਟੀਆਂ ਆਪਣੇ ਤੋਂ ਵੱਡੇ ਅੱਗੇ ਰੱਖ ਕੇ ਕਿਹਾ ਕਿ ਤੁਸੀਂ ਇਹ ਖਾਵੋ, ਕਿਉਂਕਿ ਕੌਮ ਨੂੰ ਤੁਹਾਡੀ ਵੱਧ ਲੋੜ ਹੈ। ਉਸ ਲੜਕੇ ਨੇ ਰੋਟੀਆਂ ਨੌਜਵਾਨ ਸਿੰਘ ਅੱਗੇ ਰੱਖ ਦਿੱਤੀਆਂ ਤੇ ਕਿਹਾ ਕਿ ਤੁਸੀਂ ਇਹ ਛਕੋ ਕਿਉਂਕਿ ਮੈਂ ਤਾਂ ਘੋੜਸਵਾਰੀ ਨਹੀਂ ਜਾਣਦਾ, ਜੇ ਤੁਸੀਂ ਬਚ ਗਏ ਤਾਂ ਕੌਮ ਦਾ ਇਕ ਘੋੜਸਵਾਰ ਬਚ ਜਾਵੇਗਾ। ਉਸ ਨੌਜਵਾਨ ਨੇ ਉਹ ਰੋਟੀਆਂ ਬਜ਼ੁਰਗ ਅੱਗੇ ਰੱਖ ਕੇ ਬੇਨਤੀ ਕੀਤੀ ਕਿ ਤੁਸੀਂ ਛਕੋ ਕਿਉਂਕਿ ਮੈਂ ਨੌਜਵਾਨ ਹਾਂ ਤੇ ਕੁਝ ਦਿਨ ਹੋਰ ਭੁੱਖਾ ਕੱਟ ਸਕਦਾ ਹਾਂ, ਤੁਹਾਡੀ ਅਗਵਾਈ ਅਤੇ ਤਜਰਬੇ ਦੀ ਕੌਮ ਨੂੰ ਬਹੁਤ ਲੋੜ ਹੈ। ਉਸ ਬਜ਼ੁਰਗ ਨੇ ਉਹ ਰੋਟੀਆਂ ਛੋਟੇ ਬੱਚੇ ਅੱਗੇ ਰੱਖ ਦਿੱਤੀਆਂ। ਕੈਦੀ ਸਿੰਘਾਂ ਦੀ ਗੱਲਬਾਤ ਸੁਣ ਕੇ ਬਾਦਸ਼ਾਹ ਨੇ ਕਿਹਾ ਕਿ ਇਹਨਾਂ ਨੂੰ ਕੋਈ ਜਿੱਤ ਨਹੀਂ ਸਕਦਾ। ਇਹਨਾਂ ਨੂੰ ਕੋਈ ਲਾਲਚ ਜਾਂ ਇਕ ਦੂਜੇ ਨਾਲ ਈਰਖਾ ਨਹੀਂ।

ਬੰਦਾ ਸਿੰਘ ਅਤੇ ਹੋਰ ਪ੍ਰਮੁੱਖ ਸਿੰਘਾਂ ਨੂੰ ਖਜ਼ਾਨਾ ਲੱਭਣ ਲਈ ਬਹੁਤ ਤਸੀਹੇ ਦਿੱਤੇ ਗਏ। ਪਰ ਖਜ਼ਾਨਾ ਹੈ ਹੀ ਨਹੀਂ ਸੀ ਤੇ ਉਹਨਾਂ ਕੀ ਦੱਸਣਾ ਸੀ। ਆਖਿਰ ਤਸੀਹੇ ਦੇ ਕੇ ਥੱਕ ਗਏ ਅਤੇ 9 ਜੂਨ 1716 ਨੂੰ ਕੁਤਬ ਮੀਨਾਰ ਕੋਲ ਖਵਾਜਾ ਦੀਨ ਬਖਤਿਆਰ ਕਾਕੀ ਦੇ ਮਕਬਰੇ ਲਿਜਾਇਆ ਗਿਆ। ਇਕ ਦਿਨ ਪਹਿਲਾਂ ਢੰਢੋਰਾ ਪਿਟਵਾ ਦਿੱਤਾ ਗਿਆ ਕਿ ਕੱਲ ਨੂੰ ਬੰਦਾ ਸਿੰਘ ਨੂੰ ਸ਼ਹੀਦ ਕੀਤਾ ਜਾਵੇਗਾ।



ਲੋਕਾਂ ਦੀ ਵੱਡੀ ਭੀੜ ਸਾਹਮਣੇ ਬੰਦਾ ਸਿੰਘ ਨੂੰ ਵੀ ਮੁਸਲਮਾਨ ਬਨਣ ਲਈ ਆਖਿਆ ਗਿਆ, ਜੋ ਉਸ ਨੇ ਇਨਕਾਰ ਕੀਤਾ। ਉਸ ਦੇ ਮਾਸੂਮ ਪੁੱਤਰ ਅਜੈ ਸਿੰਘ ਨੂੰ ਉਸਦੀ ਗੋਦੀ ਵਿੱਚ ਬਿਠਾਇਆ ਤੇ ਜੱਲਾਦ ਨੇ ਬੰਦੇ ਨੂੰ ਕਿਹਾ ਕਿ ਉਹ ਉਸ ਨੂੰ ਆਪ ਕਤਲ ਕਰੇ। ਬੰਦਾ ਸਿੰਘ ਦੇ ਇਨਕਾਰ ਕਰਨ 'ਤੇ ਜਲਾਦ ਨੇ ਬੱਚੇ ਦੇ ਟੁਕੜੇ ਕਰ ਦਿੱਤੇ ਅਤੇ ਉਸ ਦਾ ਦਿਲ ਕੱਢ ਕੇ ਜਬਰਦਸਤੀ ਬੰਦੇ ਦੇ ਮੂੰਹ ਵਿੱਚ ਠੋਸਿਆ। ਬੰਦਾ ਸਿੰਘ ਇਕ ਬੁੱਤ ਦੀ ਤਰ੍ਹਾਂ ਅਹਿੱਲ ਰਿਹਾ। ਰੱਬ ਦੀ ਰਜ਼ਾ ਨੂੰ ਮਨ ਕੇ ਜੱਗ ਨੂੰ ਦਿਖਾਲ ਰਿਹਾ ਸੀ। ਮੁਹੰਮਦ ਅਮੀਨ ਖਾਂ ਜੋ ਪਾਸ ਖੜ੍ਹਾ ਸੀ, ਤੋਂ ਰਿਹਾ ਨਾ ਗਿਆ, ਉਸ ਨੇ ਬੰਦਾ ਸਿੰਘ ਨੂੰ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਤੇਰੇ ਜਿਹਾ ਗੁਣੀ ਗਿਆਨੀ, ਤਪੱਸਵੀ ਕਿਸ ਤਰ੍ਹਾਂ ਲੁਕਾਈ 'ਤੇ ਐਨੇ ਜ਼ੁਲਮ ਕਰਕੇ ਆਪਣੇ ਆਪ ਨੂੰ ਐਨੇ ਦੁੱਖ ਵਿੱਚ ਪਾਉਂਦਾ ਹੈ ਤਾਂ ਬੰਦਾ ਸਿੰਘ ਨੇ ਬੜੇ ਹੀ ਧੀਰਜ ਨਾਲ ਕਿਹਾ ਕਿ ਜਦੋਂ ਦੁਨੀਆਂ ਵਿੱਚ ਨੀਚਤਾ, ਅਨਿਆਏ, ਹਨੇਰਗਰਦੀ ਹੱਦ ਤੋਂ ਵੱਧ ਜਾਂਦੀ ਹੈ ਤਾਂ ਪਰਮਾਤਮਾ ਮੇਰੇ ਜਿਹੇ ਬੰਦਿਆਂ ਨੂੰ ਜਾਲਿਮਾਂ ਨੂੰ ਸਜ਼ਾਵਾਂ ਦੇਣ ਲਈ ਜੱਗ 'ਤੇ ਭੇਜਦਾ ਹੈ ਤੇ ਸਜ਼ਾਵਾਂ ਦਿੰਦਿਆਂ ਕੁਝ ਵਧੀਕੀ ਹੋ ਹੀ ਜਾਂਦੀ ਹੈ, ਜਾਣੇ ਅਣਜਾਣੇ ਵਿੱਚ ਤੇ ਫੇਰ ਪਰਮਾਤਮਾ ਤੁਹਾਡੇ ਜਿਹੇ ਬੰਦਿਆਂ ਨੂੰ ਤਾਕਤ ਦਿੰਦਾ ਹੈ ਕਿ ਉਹ ਮੇਰੇ ਜਿਹੇ ਬੰਦਿਆਂ ਦੀਆਂ ਵਧੀਕੀਆਂ ਦੀ ਮੈਨੂੰ ਸਜ਼ਾ ਦੇਣ । ਮਹਿਮਾ ਪ੍ਰਕਾਸ਼ ਅਨੁਸਾਰ ਬੰਦਾ ਸਿੰਘ ਨੇ ਇਹ ਵੀ ਕਿਹਾ ਕਿਸੇ ਦੀ ਕੀ ਤਾਕਤ ਹੈ ਜੇ ਮੈਨੂੰ ਮਾਰ ਸਕੇ । ਮੈਂ ਆਪਣੇ ਸਤਿਗੁਰੂ ਜੀ ਦੇ ਬਚਨ ਦੀ ਉਲੰਘਣਾ ਕੀਤੀ ਹੈ 'ਤੇ ਇਹ ਉਸ ਦੀ ਸਜ਼ਾ ਹੈ। ਫੇਰ ਜੱਲਾਦ ਨੂੰ ਹੁਕਮ ਹੋਇਆ ਕਿ ਪਹਿਲਾਂ ਬੰਦਾ ਸਿੰਘ ਦੀ ਸੱਜੀ ਅੱਖ ਕੱਢੀ ਜਾਵੇ, ਫੇਰ ਖੱਬੀ। ਲਹੂ ਦੀਆਂ ਤਤੀਰੀਆਂ ਵਗ ਤੁਰੀਆਂ। ਫੇਰ ਇਕ ਇਕ ਕਰਕੇ ਹੱਥ ਪੈਰ ਕੱਟੇ ਗਏ। ਉਸ ਤੋਂ ਬਾਅਦ ਗਰਮ ਜੰਬੂਰਿਆਂ ਨਾਲ ਛਾਤੀ, ਪਸਲੀਆਂ, ਡੌਲਿਆਂ ਦਾ ਮਾਸ ਨੋਚਿਆ ਗਿਆ। ਅਖੀਰ ਸਿਰ ਨੂੰ ਧੜ ਨਾਲੋਂ ਅਲੱਗ ਕੀਤਾ ਗਿਆ। ਡਾ. ਗੰਡਾ ਸਿੰਘ ਪ੍ਰਸਿੱਧ ਸਿੱਖ ਹਿਸਟੋਰੀਅਨ ਅਨੁਸਾਰ ਦਿੱਲੀ ਦੇ ਕੁਝ ਦੁਕਾਨਦਾਰਾਂ ਨੇ ਸਰਕਾਰ ਤੋਂ ਆਗਿਆ ਲੈ ਕੇ ਬਾਰਾ ਪੁਲਾ ਲਾਗੇ ਬੰਦਾ ਸਿੰਘ ਦੀ ਦੇਹ ਦਾ ਅੰਤਮ ਸੰਸਕਾਰ ਕੀਤਾ।

ਉਸ ਸਮੇਂ ਦੇ ਮੁਗਲ ਇਤਿਹਾਸਕਾਰਾਂ ਨੇ ਬੰਦਾ ਸਿੰਘ ਨੂੰ ਇਕ ਜ਼ਾਲਿਮ ਦੇ ਰੂਪ ਵਿੱਚ ਪ੍ਰਗਟ ਕੀਤਾ। ਮੁਗਲ ਰਾਜ ਵੱਲੋਂ ਕੀਤੇ ਜ਼ੁਲਮਾਂ ਨੂੰ ਉਹਨਾਂ ਅੱਖੋਂ ਉਹਲੇ ਕਰੀ ਰੱਖਿਆ। ਕੁਝ ਲਿਖਾਰੀਆਂ ਨੇ ਰਤਨ ਸਿੰਘ ਭੰਗੂ ਦੇ ਹਵਾਲੇ ਨਾਲ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਵਿਚਕਾਰ ਮਤਭੇਦ ਨੂੰ ਬਹੁਤ ਉਛਾਲਿਆ ਹੈ। ਹਾਲਾਂਕਿ ਇਹ ਮਤਭੇਦ ਇਕ ਜੰਗੀ ਚਾਲ ਦੇ ਸਨ ਕਿ ਗੜ੍ਹੀ ਨੂੰ ਛੱਡਿਆ ਜਾਵੇ ਜਾਂ ਨਾ। ਦੂਸਰਾ ਮਤਭੇਦ ਮਾਸ ਖਾਣ ਜਾਂ ਨਾ ਖਾਣ ਦਾ ਸੀ। ਬੰਦਾ ਸਿੰਘ ਮਾਸ ਨਹੀਂ ਖਾਂਦਾ ਸੀ। ਇਹ ਭੇਦ ਤਾਂ ਅਜੇ ਵੀ ਖਾਲਸਾ ਪੰਥ ਵਿੱਚ ਹੈ। ਜ਼ਾਲਮਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਸਮੇਂ

ਦੀ ਪੁਕਾਰ ਸੀ ਤਾਂ ਕਿ ਅੱਗੇ ਤੋਂ ਹਾਕਮ ਜ਼ੁਲਮ ਕਰਨੋਂ ਡਰਨ। ਆਪਣੇ ਮਾਤਹਿਤ ਅਫਸਰਾਂ ਨੂੰ ਬੰਦਾ ਇਨਸਾਫ ਕਰਨ ਦੀਆਂ ਹਦਾਇਤਾਂ ਦਿਆ ਕਰਦਾ ਸੀ। ਕਈ ਵਾਰੀ ਉਹ ਗੁਰਬਾਣੀ ਦੇ ਪ੍ਰਮਾਣ ਵੀ ਦਿਆ ਕਰਦਾ-ਜਿਵੇਂ "ਰਾਜੇ ਚੁਲੀ ਨਿਆਉ ਕੀ"-

ਸ਼ੇਖ ਸਾਅਦੀ ਦੇ ਅਨੁਸਾਰ :-

ਜੋ ਬਾਦਸ਼ਾਹ ਤੋਂ ਨਿਆਇ ਨਾ ਪ੍ਰਾਪਤ ਕਰ ਸਕੇ,<br>
ਉਹ ਪਰਮਾਤਮਾ ਤੋਂ ਨਿਆਇ ਹਾਸਲ ਕਰਦਾ ਹੈ।

ਬੰਦਾ ਸਿੰਘ ਦਾ ਮੁੱਖ ਨਿਸ਼ਾਨਾ ਮੁਗਲ ਰਾਜ ਨੂੰ ਜੜ੍ਹੋਂ ਉਖਾੜਨ ਦਾ ਸੀ। ਛੇਵੇਂ ਪਾਤਸ਼ਾਹ ਅਤੇ ਦਸ਼ਮ ਪਾਤਸ਼ਾਹ ਤੱਕ ਸਿੱਖ ਪੰਥ ਦੀ ਪਾਲਿਸੀ ਕੇਵਲ ਸਵੈ ਰੱਖਿਅਤ ਸੀ। ਪਰ ਬੰਦਾ ਸਿੰਘ ਨੇ ਰਾਜ ਸਥਾਪਤ ਕਰਨ ਦਾ ਸੋਚਿਆ। ਸਭ ਤੋਂ ਉਤਮ ਕੰਮ ਜੋ ਬੰਦਾ ਸਿੰਘ ਕਰ ਗਿਆ, ਉਹ ਜਗੀਰਦਾਰੀ ਦਾ ਖਾਤਮਾ ਸੀ। ਵਾਹਕ ਨੂੰ ਮਾਲਕ ਬਣਾ ਦਿੱਤਾ ਅਤੇ ਇਹਨਾਂ ਗਰੀਬ ਲਿਤਾੜੇ ਲੋਕਾਂ ਵਿੱਚ ਜੋ ਜ਼ੁਲਮ ਵਿਰੁੱਧ ਲੜਨ ਦੀ ਸਪਿਰਟ ਭਰੀ ਉਹ ਸਿਰਦਾਰ ਕਪੂਰ ਸਿੰਘ, ਪ੍ਰੋਫੈਸਰ ਸਿਖਿਜ਼ਮ ਅਨੁਸਾਰ :-

ਨਹੀਂ ਮਿਟੇ ਹੈਂ ਕਭੀ ਜਬਰ ਔਰ ਤਸ਼ੱਦਦ ਸੇ,<br>
ਵੋਹ ਫਲਸਫੇ ਜੋ ਰੌਸ਼ਨੀ ਦੇ ਗਏ ਦਿਮਾਗੋਂ ਕੋ।<br>
ਕੋਈ ਸਿਪਾਹਿ ਸਿਤਮ ਪੇਸ਼ਾ ਚੂਰ ਨਾ ਕਰ ਸਕੇਗੀ,<br>
ਜਵਾਂ ਲੋਗੋਂ ਕੀ ਜਾਗੀ ਹੂਈ ਰੂਹ ਕੇ ਚਿਰਾਗੋਂ ਕੋ।

ਬੰਦਾ ਸਿੰਘ ਨੇ ਖਾਲਸਾ ਪੰਥ ਵਿੱਚ ਜੋ ਆਜ਼ਾਦੀ ਹਾਸਲ ਕਰਨ, ਜ਼ੁਲਮ ਵਿਰੁੱਧ ਤਲਵਾਰ ਚੁੱਕਣ ਦੀ, ਜੋ ਅੱਗ ਮਚਾਈ ਉਹ 40 ਸਾਲ ਬਾਅਦ ਭਾਂਬੜ ਬਣ ਕੇ ਉੱਠੀ ਤੇ ਮੁਗਲ ਰਾਜ ਨੂੰ ਸਾੜ ਕੇ ਸਵਾਹ ਕੀਤਾ। ਸਿੱਖ ਮਿਸਲਾਂ ਦਾ ਰਾਜ ਅਤੇ ਫੇਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬੰਦਾ ਸਿੰਘ ਵੱਲੋਂ ਉਸਾਰੀਆਂ ਨੀਹਾਂ ਤੇ ਹੀ ਬਣਿਆ। ਉਹ ਕੇਸਰੀ ਕਿਸਾਨ ਸਾਹਿਬ ਜੋ ਗੁਰੂ ਗੋਬਿੰਦ ਸਿੰਘ ਨੇ ਨੰਦੇੜ ਤੋਂ ਚੱਲਣ ਵੇਲੇ ਬੰਦਾ ਸਿੰਘ ਨੂੰ ਬਖਸ਼ਿਆ ਸੀ, ਉਹੀ ਕੇਸਰੀ ਨਿਸ਼ਾਨ ਸਾਹਿਬ ਲਾਹੌਰ ਦੇ ਸ਼ਾਹੀ ਕਿਲੇ ਦੇ ਝੁੱਲਿਆ। ਸਿੱਖਾਂ ਨੇ ਅੱਜ ਤੱਕ ਇਸਦਾ ਰੰਗ ਫਿੱਕਾ ਨਹੀਂ ਪੈਣ ਦਿੱਤਾ, ਇਸ ਨੂੰ ਉੱਚਾ ਰੱਖਣ ਲਈ ਅਣ-ਗਿਣਤ ਅਕਹਿ ਅਤੇ ਅਸਹਿ ਕੁਰਬਾਨੀਆਂ ਦੇਣੀਆਂ ਸਿੱਖਾਂ ਨੇ ਆਪਣੇ ਚੰਗੇ ਭਾਗ ਸਮਝੇ।

*ਵਾਹਨ ਸ਼ਿੰਗਾਰੇ ਰਹੇਂ, ਬਾਜਤ ਨਗਾਰੇ ਰਹੇਂ,*<br>
*ਦੁਰਜਨ ਡਰਾਰੇ ਰਹੇਂ, ਭਾਗੇ ਭੀਮ ਸ਼ਾਹ ਕੇ।*<br>
*ਸੰਗਤੇਂ ਆਬਾਦ ਰਹੇਂ, ਆਵਤੇ ਪ੍ਰਸਾਦ ਰਹੇਂ,*<br>
*ਲਾਖੋਂ ਅਹਿਲਾਦ ਰਹੇਂ, ਦੇਖੀਏ ਉਮਾਹ ਕੇ।*<br>
*ਗੱਦੀਆਂ ਅਟੱਲ ਰਹੇਂ, ਚੌਕੀਆਂ ਅਚਲ ਰਹੇਂ,*<br>
*ਬੁੰਗੇ ਝਲਾ-ਝੱਲ ਰਹੇਂ, ਪੂਰੇ ਉਤਸ਼ਾਹ ਕੇ।*

*ਲਾਗਤੇ ਦੀਵਾਨ ਰਹੇਂ, ਗਾਵਤੇ ਸੁਜਾਨ ਰਹੇਂ*

*ਝੂਲਤੇ ਨਿਸ਼ਾਨ ਰਹੇਂ ਸਾਚੇ ਪਾਤਸ਼ਾਹ ਕੇ।*

30 ਨਵੰਬਰ 2011 ਨੂੰ ਪੰਜਾਬ ਸਰਕਾਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਚਪੜਚਿੜੀ ਦੇ ਅਸਥਾਨ 'ਤੇ ਇਕ ਸ਼ਾਨਦਾਰ ਯਾਦਗਾਰ ਬਣਾਈ ਹੈ।

# ਭਾਈ ਉਦਯ ਸਿੰਘ



***ਕੇਸਰੀ ਚੰਦ ਜਸਵਾਲੀਏ ਦਾ ਸਿਰ ਲਿਆਉਂਦੇ ਹੋਏ ਭਾਈ ਉਦਯ ਸਿੰਘ***

ਪੰਜਾਂ ਪਿਆਰਿਆਂ ਦੇ ਅੰਮ੍ਰਿਤ ਛਕਣ ਤੋਂ ਬਾਅਦ ਉਸੇ ਦਿਨ ਮਨੀ ਰਾਮ ਰਾਜਪੂਤ ਨੇ ਆਪਣੇ ਪੰਜ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪਨ ਕੀਤੇ ਤੇ ਪਿਤਾ ਸਣੇ ਪੰਜੇ ਪੁੱਤਰਾਂ ਨੇ ਅੰਮ੍ਰਿਤ ਛਕਿਆ। ਭਾਈ ਉਦਯ ਸਿੰਘ ਉਹਨਾਂ ਵਿੱਚੋਂ ਸਭ ਤੋਂ ਵੱਡੇ ਸਨ ਤੇ ਭਾਈ ਬਚਿੱਤਰ ਸਿੰਘ ਸਭ ਤੋਂ ਛੋਟੇ। ਬਾਕੀ ਦੇ ਤਿੰਨਾਂ ਦੇ ਨਾਮ ਸਨ ਅਜਬ ਸਿੰਘ, ਅਜਾਇਬ ਸਿੰਘ ਅਤੇ ਅਨਕ ਸਿੰਘ। ਇਹਨਾਂ ਪੰਜਾਂ ਭਰਾਵਾਂ ਨੇ ਆਪਣੀ ਸੁਰਬੀਰਤਾ ਨਾਲ ਦਸਮੇਸ਼ ਜੀ ਨੂੰ ਪ੍ਰਸੰਨ ਕੀਤਾ। ਜਦੋਂ ਪਹਾੜੀ ਰਾਜਿਆਂ ਨੇ ਲੋਹਗੜ੍ਹ ਨੂੰ ਘੇਰਾ ਪਾਇਆ, ਭਾਈ ਬਚਿੱਤਰ ਸਿੰਘ ਨੇ ਤਾਂ ਮਸਤ ਹਾਥੀ ਦਾ ਮੱਥਾ ਵਿੰਨ ਕੇ ਉਸ ਨੂੰ ਬੜਾਂਦੀ ਅੱਡੀ ਹੀ ਵਾਪਸ ਕਰ ਦਿੱਤਾ। ਉਸੇ ਸਮੇਂ ਭਾਈ ਉਦਯ ਸਿੰਘ ਨੇ ਪਹਾੜੀ ਦਲ ਦੇ ਮੋਹਰੀ ਰਾਜਾ ਕੇਸਰੀ ਚੰਦ ਜਸਵਾਲੀਏ ਨੂੰ ਲਲਕਾਰਿਆ। ਰਾਜਾ ਕੇਸਰੀ ਚੰਦ ਪਹਾੜੀ ਰਾਜਪੂਤਾਂ ਵਿੱਚੋਂ ਸਿਰ ਕੱਢਵਾਂ ਲੜਾਕਾ ਸੀ। ਉਸ ਨੇ ਕਸਮ ਖਾਧੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਿਰ ਲਾਹ ਕੇ ਹੀ ਉਹ ਆਪਣੇ ਸਿਰ 'ਤੇ ਪੱਗ ਬੰਨ੍ਹੇਗਾ ਅਤੇ ਸੱਜੇ ਹੱਥ ਨਾਲ ਰੋਟੀ ਖਾਵੇਗਾ। ਉਸ ਨੇ ਇਕ ਤੀਰ ਭਾਈ ਉਦਯ ਸਿੰਘ ਵੱਲ ਛੱਡਿਆ, ਪਰ ਖੁਸ਼ ਕਿਸਮਤੀ ਨਾਲ ਭਾਈ ਸਾਹਿਬ ਉਸ ਦੇ ਵਾਰ ਤੋਂ ਬਚ ਗਏ ਤੇ ਭਾਈ ਸਾਹਿਬ ਨੇ ਉਸ 'ਤੇ ਤਲਵਾਰ ਦਾ ਐਸਾ ਵਾਰ ਕੀਤਾ ਕਿ ਉਸ ਦੀ ਗਰਦਨ ਐਸ ਤਰ੍ਹਾਂ ਕੱਟ

ਮਾਰੀ,ਜਿਸ ਤਰ੍ਹਾਂ ਘੁਮਾਰ ਚੱਕ ਤੋਂ ਘੜਾ ਕੱਟਦਾ ਹੈ। ਗੁਰੂ ਗੋਬਿੰਦ ਸਿੰਘ ਜੀ ਕਿਲੇ ਦੀ ਦੀਵਾਰ ਤੋਂ ਇਹ ਦ੍ਰਿਸ਼ ਦੇਖ ਰਹੇ ਸਨ ਤੇ ਉਹ ਭਾਈ ਉਦਯ ਸਿੰਘ ਦੀ ਫੁਰਤੀ ਦੇਖ ਕੇ ਵਾਹ-ਵਾਹ ਕਰ ਉਠੇ। ਤੁਰੰਤ ਹੀ ਭਾਈ ਉਦਯ ਸਿੰਘ ਕੇਸਰੀ ਚੰਦ ਜਸਵਾਲੀਏ ਦਾ ਸਿਰ ਇਕ ਬਰਛੇ 'ਤੇ ਟੰਗ ਕੇ ਦਸ਼ਮੇਸ਼ ਪਿਤਾ ਦੇ ਹਜ਼ੂਰ ਲਿਆਏ। ਜਦੋਂ ਕਲਗੀਧਰ ਪਿਤਾ ਨੇ ਆਨੰਦਪੁਰ ਛੱਡਿਆ ਤਾਂ ਭਾਈ ਉਦਯ ਸਿੰਘ ਉਹਨਾਂ ਦੇ ਨਾਲ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ ਤਾਂ ਸਾਹਿਬਜ਼ਾਦਾ ਜੀ ਨੂੰ ਦੁਸ਼ਮਣਾਂ ਦੇ ਘੇਰੇ ਵਿੱਚੋਂ ਕੱਢਣ ਲਈ ਭਾਈ ਉਦਯ ਸਿੰਘ ਜੀ ਮੈਦਾਨ ਵਿੱਚ ਕੁੱਦ ਪਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤਾਂ ਬੱਚ ਗਏ, ਪਰ ਭਾਈ ਉਦਯ ਸਿੰਘ ਜੀ ਸ਼ਹਾਦਤ ਦਾ ਜਾਮ ਪੀ ਗਏ।

ਪਹਾੜੀ ਰਾਜਿਆਂ ਦੇ ਦੋ ਸੈਨਾਪਤੀ ਆਲਮ ਚੰਦ ਅਤੇ ਬਲੀਆਂ ਚੰਦ ਆਨੰਦਪੁਰ ਦੇ ਲਾਗੇ ਗਸ਼ਤ ਕਰਦੇ ਤੇ ਸਿੰਘਾਂ ਨੂੰ ਤੰਗ ਕਰਦੇ। ਭਾਈ ਉਦਯ ਸਿੰਘ ਅਤੇ ਆਲਮ ਸਿੰਘ ਨੇ ਇਕ ਯੁੱਧ ਵਿੱਚ ਇਹਨਾਂ ਨੂੰ ਭਾਜੜ ਪਾਈ। ਆਲਮ ਚੰਦ ਦਾ ਇਕ ਹੱਥ ਵੱਢ ਦਿੱਤਾ ਤੇ ਬਲੀਆਂ ਚੰਦ ਵੀ ਕਈ ਜ਼ਖਮ ਖਾ ਕੇ ਭੱਜਾ।

ਇਕ ਵਾਰੀ ਭਾਈ ਉਦਯ ਸਿੰਘ ਨੇ ਇਖ ਸ਼ੇਰ ਦਾ ਸ਼ਿਕਾਰ ਕਰਕੇ ਉਸ਼ਦੀ ਖੱਲ ਦਸ਼ਮੇਸ਼ ਪਿਤਾ ਜੀ ਨੂੰ ਪੇਸ਼ ਕੀਤੀ। ਕਲਗੀਧਰ ਜੀ ਨੇ ਹੁਕਮ ਦਿੱਤਾ ਕਿ ਇਹ ਖੱਲ ਇਕ ਗਧੇ ਨੂੰ ਪਹਿਨਾਈ ਜਾਵੇ। ਘੁਮਾਰ ਦਾ ਇਕ ਗਧਾ ਲੱਭ ਕੇ ਖੱਲ ਉਸ ਨੂੰ ਪੁਆ ਦਿੱਤੀ ਤੇ ਇਹ ਗਧਾ ਨਿਰਭੈ ਹੋ ਕੇ ਖੇਤੀਆਂ ਖਾਣ ਲੱਗਾ। ਕੋਈ ਡਰਦਾ ਇਸਦੇ ਨੇੜੇ ਨਾ ਜਾਵੇ। ਇਕ ਦਿਨ ਦੂਜੇ ਸਾਥੀ ਗਧਿਆਂ ਨੂੰ ਹਿਣਕਦੇ ਸੁਣ ਕੇ ਇਹ ਵੀ ਹਿਣਕਣ ਲੱਗ ਪਿਆ ਤੇ ਦੂਜੇ ਗਧਿਆਂ ਨਾਲ ਖਰਮਸਤੀਆਂ ਕਰਦਾ ਆਪਣੇ ਮਾਲਕ ਦੇ ਘਰ ਪਹੁੰਚ ਗਿਆ। ਘੁਮਾਰ ਨੇ ਪਛਾਣ ਕੇ ਸ਼ੇਰ ਦੀ ਖੱਲ ਲਾਹ ਕੇ ਗੂਣ ਦੇ ਬੋਝ ਹੇਠਾਂ ਦੇ ਦਿੱਤਾ। ਦਸ਼ਮੇਸ਼ ਜੀ ਨੇ ਇਸ ਤੋਂ ਖਾਲਸਾ ਪੰਥ ਨੂੰ ਸਿੱਖਿਆ ਦਿੱਤੀ ਕਿ ਜੋ ਖਾਲਸਾ ਸੱਜਣ ਤੋਂ ਬਾਅਦ ਪੁਰਾਣੀ ਜਾਤ-ਪਾਤ ਵਿੱਚ ਜਾ ਧੱਸਣ, ਉਹਨਾਂ ਦਾ ਵੀ ਇਹੋ ਹਾਲ ਹੋਵੇਗਾ।

ਭਾਈ ਉਦਯ ਸਿੰਘ ਹੋਰੀਂ ਪੰਜੇ ਭਰਾ ਜੰਗਾਂ ਯੁੱਧਾਂ ਵਿੱਚ ਹਿਸਾ ਲੈ ਕੇ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ ਜੀਵਨ ਸਫਲ ਕਰ ਗਏ ਤੇ ਅੱਜ ਤੱਕ ਕੌਮ ਉਹਨਾਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੀ ਹੈ।

# ਭਾਈ ਬਚਿੱਤਰ ਸਿੰਘ



ਭਾਈ ਬਚਿੱਤਰ ਸਿੰਘ ਦੇ ਪਿਤਾ ਦਾ ਨਾਮ ਮਨੀ ਰਾਮ ਸੀ। ਇਸ ਦੀ ਗੁਰੂ ਗੋਬਿੰਦ ਸਿੰਘ ਜੀ 'ਤੇ ਐਨੀ ਸ਼ਰਧਾ ਸੀ ਕਿ ਇਸ ਨੇ ਆਪਣੇ ਪੰਜੇ ਹੀ ਪੁੱਤਰ ਗੁਰੂ ਜੀ ਦੇ ਅਰਪਨ ਕਰ ਦਿੱਤੇ। ਦਸਮੇਸ਼ ਜੀ ਨੇ ਇਹਨਾਂ ਪੰਜਾਂ ਨੂੰ ਹੀ ਵਿਸਾਖ ਸੰਮਤ 1756 ਨੂੰ ਪੰਜਾਂ ਪਿਆਰਿਆਂ ਤੋਂ ਬਾਅਦ ਪਹਿਲੇ ਹੀ ਦਿਨ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਅਤੇ ਸਿੱਖ ਧਰਮ ਦੀ ਸਿੱਖਿਆ ਦਿੱਤੀ। ਇਹ ਪੰਜ ਪੰਥ ਰਤਨ, ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿੱਤਰ ਸਿੰਘ ਸਨ। ਇਹਨਾਂ ਪੰਜਾਂ ਭਰਾਵਾਂ ਨੇ ਸਿੱਖੀ ਦੀ ਸ਼ਾਨ ਬਹਾਲ ਰੱਖਣ ਲਈ ਬਹੁਤ ਸਾਰੇ ਯੁੱਧਾਂ ਵਿੱਚ ਬਹਾਦਰੀ ਦੇ ਜੌਹਰ ਦਿਖਾਏ। ਜਦੋਂ ਪਹਾੜੀ ਰਾਜਿਆਂ ਨੇ ਕਿਲਾ ਲੋਹਗੜ੍ਹ ਨੂੰ ਘੇਰ ਲਿਆ ਤਾਂ ਗੁਰੂ ਜੀ ਵੀ ਇਸ ਕਿਲੇ ਅੰਦਰ ਸਨ। ਦੋ ਮਹੀਨੇ ਤੱਕ ਘੇਰਾ ਜਾਰੀ ਰਿਹਾ। ਫੇਰ ਪਹਾੜੀ ਰਾਜਿਆਂ ਨੇ ਸਲਾਹ ਕੀਤੀ ਕਿ ਇਕ ਮਸਤ ਹਾਥੀ ਨੂੰ ਅੱਗੇ ਕਰਕੇ ਕਿਲੇ ਦਾ ਦਰਵਾਜ਼ਾ ਤੋੜ ਕੇ ਫੌਜ ਅੰਦਰ ਦਾਖਲ ਹੋਵੇ। ਕਿਸੇ ਸੂਹੀਏ ਰਾਹੀਂ ਦਸਮੇਸ਼ ਪਿਤਾ ਜੀ ਨੂੰ ਖਬਰ ਮਿਲ ਗਈ ਕਿ ਕੱਲ ਸਵੇਰ ਨੂੰ ਪਹਾੜੀ ਰਾਜਿਆਂ ਨੇ ਇਕ ਹਾਥੀ ਕਿਲੇ ਦਾ ਦਰਵਾਜ਼ਾ ਤੋੜਨ ਲਈ ਅੱਗੇ ਕਰਨਾ ਹੈ। ਦੁਨੀ ਚੰਦ ਨਾਮ ਦਾ ਇਕ ਮਸੰਦ ਸਰੀਰ ਦਾ ਬੜਾ ਮੋਟਾ ਸੀ। ਗੁਰੂ ਜੀ ਨੇ ਹੱਸ ਕੇ ਆਖਿਆ ਕਿ ਹਮਲਾਵਰਾਂ ਦੇ ਹਾਥੀ ਦਾ ਮੁਕਾਬਲਾ ਸਾਡਾ ਹਾਥੀ ਦੁਨੀ ਚੰਦ ਕਰੇਗਾ। ਦੁਨੀ ਚੰਦ ਡਰਪੋਕ ਰਾਤ ਨੂੰ ਕਿਲੇ ਦੀ ਦੀਵਾਰ ਤੋਂ ਛਾਲ ਮਾਰ ਕੇ ਭੱਜਣ ਲੱਗਾ ਆਪਣੀ ਲੱਤ ਤੁੜਾ ਬੈਠਾ ਤੇ ਅੰਤ ਮਰ ਗਿਆ। ਗੁਰੂ ਜੀ ਨੇ ਸਵੇਰੇ ਭਾਈ ਬਚਿੱਤਰ ਸਿੰਘ ਵੱਲ ਇਸ਼ਾਰਾ ਕਰਕੇ ਕਿਹਾ ਕਿ ਪਹਾੜੀਆਂ ਦੇ ਹਾਥੀ ਦਾ ਮੁਕਾਬਲਾ ਸਾਡਾ ਸ਼ੇਰ ਕਰੇਗਾ। ਬਚਿੱਤਰ ਸਿੰਘ ਬਹੁਤ ਫੁਰਤੀਲਾ ਜਵਾਨ ਸੀ। ਫੇਰ ਵੀ ਉਸਦਾ ਵਿਸ਼ਵਾਸ ਸੀ ਕਿ ਗੁਰੂ ਸਾਹਿਬ ਦਾ ਹੁਕਮ ਜਿੱਤ ਦਾ ਪ੍ਰਮਾਣ ਹੈ।

1 ਸਤੰਬਰ 1700 ਵਨੂੰ ਪਹਾੜੀ ਰਾਜਿਆਂ ਨੇ ਹਾਥੀ ਦੇ ਸੁੰਡ ਨੂੰ ਇਕ ਤਲਵਾਰ ਬੰਨ੍ਹੀ, ਮੱਥੇ ਤੇ ਲੋਹੇ ਦਾ ਤਵਾ ਕੱਸਿਆ ਅਤੇ ਸ਼ਰਾਬ ਪਿਲਾ ਕੇ ਕਿਲੇ ਦੇ ਦਰਵਾਜ਼ੇ ਵੱਲ ਨੂੰ ਤੋਰ ਕੇ ਹਾਥੀ ਦੇ ਪਿੱਛੇ ਇਕ ਚੁਸਤ ਫੌਜੀ ਦਸਤਾ ਭੇਜਿਆ ਕਿ ਜਦੋਂ ਹਾਥੀ ਕਿਲੇ ਦਾ ਦਰਵਾਜ਼ਾ ਤੋੜ ਦੇਵੇ ਤਾਂ ਇਹ ਪਹਾੜੀ ਸੈਨਾ ਧਾਓ ਧਾਈ ਕਿਲੇ ਅੰਦਰ ਵੜ ਜਾਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਬਚਿੱਤਰ ਸਿੰਘ ਨੂੰ ਨਾਗਣੀ ਦੇ ਕੇ ਇਕ ਘੋੜੇ 'ਤੇ ਸਵਾਰ ਕੀਤਾ ਤੇ ਭਾਈ ਉਦਯ ਸਿੰਘ ਨੂੰ ਇਕ ਤਲਵਾਰ ਅਤੇ ਢਾਲ ਦੇ ਕੇ ਘੋੜੇ 'ਤੇ ਸਵਾਰ ਕਿਲੇ ਦੇ ਦਰਵਾਜ਼ੇ ਦੇ ਅੰਦਰ ਤਿਆਰ ਰੱਖਿਆ। ਜਿਉਂ ਹੀ ਹਾਥੀ ਅਤੇ ਪਿੱਛੇ ਆਉਂਦੀ ਪਹਾੜੀ ਸੈਨਾ ਕਿਲੇ ਦੇ ਦਰਵਾਜ਼ੇ ਲਾਗੇ ਪਹੰਚੀ, ਕਿਲੇ ਦਾ ਦਰਵਾਜ਼ਾ ਖੋਲ੍ਹ ਕੇ ਇਹਨਾਂ ਦੋਨਾਂ ਵੀਰਾਂ ਨੂੰ ਬਾਹਰ ਕਰਕੇ ਦਰਵਾਜ਼ਾ ਫੇਰ ਬੰਦ ਕਰ ਲਿਆ। ਭਾਈ ਬਚਿੱਤਰ ਸਿੰਘ ਨੇ ਦੋਵੇਂ ਪੈਰਾਂ ਨਾਲ ਰਕਾਬਾਂ ਦਬ ਕੇ ਉੱਛਲ ਕੇ ਨਾਗਣੀ ਹਾਥੀ ਦੇ ਮੱਥੇ ਵਿੱਚ ਖਭੋ ਦਿੱਤੀ, ਫੇਰ ਦੋਵੇਂ ਹੱਥਾਂ ਨਾਲ ਮਰੋੜਾ ਦੇ ਕੇ ਹੋਰ ਧਸਾਈ ਤੇ ਕੱਢ ਲਈ। ਹਾਥੀ ਲਹੂ ਲੁਹਾਣ ਹੋ ਕੇ ਪਿੱਛੇ ਨੂੰ ਭੱਜਾ। ਗੁੱਸੇ ਨਾਲ ਆਪਣੇ ਸੁੰਡ ਨਾਲ ਬੱਝੀ ਤਲਵਾਰ ਨਾਲ ਕਈਆਂ ਨੂੰ ਵੱਡਦਾ ਤੇ ਕਈਆਂ ਨੂੰ ਪੈਰਾਂ ਨਾਲ ਦਰੜਦਾ ਨੱਸ ਗਿਆ ਤੇ ਉਸ ਦੇ ਜਜ਼ਬਾਤ ਬੁਜ਼ਦਿਲ ਪਹਾੜੀਆਂ ਨੂੰ ਕਹਿੰਦੇ ਹੋਣਕੇ ਕਿ 'ਸਾਲ੍ਹਿਓ ਪਹਾੜੀਓ ਘੁੱਟ ਕੁ ਸ਼ਰਾਬ ਪਿਲਾ ਕੇ ਮੇਰਾ ਕੂੰਡਾ ਕਰਵਾਉਣ ਲੱਗੇ ਸੀ, ਬਹਾਦਰ ਹੋ ਤਾਂ ਬੰਦਿਆਂ ਦੀ ਤਰ੍ਹਾਂ ਆਪ ਅਗੇ ਹੋ ਕੇ ਲੜੋ।" ਭਾਈ ਬਚਿੱਤਰ ਸਿੰਘ ਤਾਰੀਖ-ਇ--ਪੰਜਾਬ ਦੇ ਕਰਤਾ ਕਨ੍ਹਈਆ ਲਾਲ ਨੇ ਰਾਠੌਰ ਲਿਖਿਆ ਹੈ ਜੋ ਕਿ ਗਲਤ ਹੈ। ਕਨ੍ਹਈਆ ਲਾਲ ਦੀ ਪੁਸਤਕ ਵਿੱਚ ਸਿੱਖਾਂ ਬਾਰੇ ਬਹੁਤ ਗਲਤੀਆਂ ਹਨ। ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਦੇ ਪੰਨਾ 832 ਤੇ ਤੇ ਗਿਆਨੀ ਗਿਆਨ ਸਿੰਘ ਜੀ ਨੇ ਬਚਿੱਤਰ ਸਿੰਘ ਰਾਠੌਰ ਲਿਖਿਆ ਹੈ। ਇਸੇ ਤਰ੍ਹਾਂ ਠਾਕਰ ਨਗੀਨਾ ਰਾਮ ਪਰਮਾਰ ਨੇ ਆਪਣੇ ਲੇਖਾਂ ਵਿੱਚ ਜੋ ਕਿ ਰਾਜਪੂਤ ਗਜ਼ਟ ਵਿੱਚ ਸੰਨ 1907 ਵਿੱਚ ਛਪੇ ਵਿੱਚ ਵੀ ਠਾਕਰ ਬਚਿੱਤਰ ਸਿੰਘ ਲਿਖਿਆ ਹੈ। ਕਿਸੇ ਵੀ ਅੰਮ੍ਰਿਤਧਾਰੀ ਸਿੰਘ ਦੇ ਨਾ ਅੱਗੇ ਠਾਕਰ ਲਿਖਣਾ ਠੀਕ ਨਹੀਂ। ਸਰਦਾਰ ਜਾਂ ਭਾਈ ਸ਼ਬਦ ਠੀਕ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸ੍ਰੀ ਹਰਬੰਸ ਸਿੰਘ ਵੱਲੋਂ ਤਿਆਰ ਕੀਤੇ ਮਹਾਨ ਕੋਸ਼ ਵਿੱਚ ਭਾਈ ਬਚਿੱਤਰ ਸਿੰਘ ਨੂੰ ਭਾਈ ਬਚਿੱਤਰ ਸਿੰਘ ਦੀ ਬਹਾਦਰੀ ਤੋਂ ਡਰਦੇ ਪਹਾੜੀ ਰਾਜਿਆਂ ਅਤੇ ਮੁਗਲ ਸੈਨਾ ਨੇ 1704 ਵਿੱਚ ਅਪ੍ਰੈਲ ਤੋਂ ਦਸੰਬਰ ਤੱਕ ਆਨੰਦਪੁਰ ਸਾਹਿਬ ਨੂੰ ਘੇਰਾ ਤਾਂ ਪਾਈ ਰੱਖਿਆਸ਼ ਪਰ ਫੇਰ ਕੋਈ ਹਾਥੀ ਭੇਜਣ ਦਾ ਹੌਂਸਲਾ ਨਾ ਪਿਆ। ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਕਿਲਾ ਛੱਡਣ ਲਈ ਰਾਜ਼ੀ ਕਰ ਲਿਆ।

ਗੁਰੂ ਜੀ ਦੇ ਕਿਲਾ ਛੱਡਣ ਮਗਰੋਂ ਮੁਗਲ ਅਤੇ ਪਹਾੜੀ ਸੈਨਾ ਨੇ ਧਾਵਾ ਕਰ ਦਿੱਤਾ। ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਜਿਸ ਵਿੱਚ ਬਹੁਤ ਸਾਰੀਆਂ ਕੀਮਤੀ ਜਾਨਾਂ ਤੋਂ ਇਲਾਵਾ ਵੱਡਮੁੱਲੇ ਗਰੰਥ ਅਤੇ ਜੰਗੀ ਹਥਿਆਰ ਵੀ ਰੁੜ੍ਹ ਗਏ।

ਰੋਪੜ ਦੇ ਪਠਾਣਾਂ ਨੇ ਗੁਰੂ ਸਾਹਿਬ ਨੂੰ ਰਹਿਣ ਨੂੰ ਥਾਂ ਨਾ ਦਿੱਤੀ ਤੇ ਗੁਰੂ ਜੀ ਅੱਗੇ ਕੋਟਲਾ ਨਿਹੰਗ ਖਾਂ ਗਏ। ਕੋਟਲੇ ਵਾਲੇ ਪਠਾਣਾਂ ਨੇ ਗੁਰੂ ਜੀ ਦੀ ਪੂਰੀ ਸੇਵਾ ਕੀਤੀ ਤੇ ਆਪਣੀ ਹਵੇਲੀ ਵੀ ਗੁਰੂ ਜੀ ਲਈ ਖਾਲੀ ਕਰ ਦਿੱਤੀ, ਪਰ ਗੁਰੂ ਜੀ ਨੇ ਇਸ ਹਵੇਲੀ ਨੂੰ ਲੜਾਈ ਦੇ ਯੋਗ ਨਾ ਸਮਝਿਆ ਤੇ ਅੱਗੋਂ ਚਮਕੌਰ ਵੱਲ ਨੂੰ ਚੱਲ ਪਏ। ਮੁਗਲਾਂ ਨੂੰ ਗੁਰੂ ਸਾਹਿਬ ਦਾ ਪਿੱਛਾ ਕਰਦੇ, ਸਿੰਘ ਰੋਕਦੇ ਰਹੇ ਤੇ ਬਹੁਤ ਸਾਰੇ ਫੱਟੜ ਸਿੰਘ ਕੋਟਲਾ ਨਿਹੰਗ ਖਾਂ ਆਏ। ਭਾਈ ਬਚਿੱਤਰ ਸਿੰਘ ਵੀ ਫੱਟੜ ਹੋ ਕੇ ਇਸ ਹਵੇਲੀ ਵਿੱਚ ਪਹੁੰਚੇ। ਕੋਟਲਾ ਨਿਹੰਗ ਖਾਂ ਵਾਲੇ ਪਠਾਣਾਂ ਕੋਲ ਸਾਹਿਬਜ਼ਾਦਾ ਅਜੀਤ ਸਿੰਘ ਜੀ ਜ਼ਖਮੀਂ ਬਚਿੱਤਰ ਸਿੰਘ ਨੂੰ ਲਿਆਏ ਤੇ ਜ਼ਿਆਦਾ ਖੂਨ ਵਗਣ ਨਾਲ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਸਨ। ਨਿਹੰਗ ਖਾਂ ਦੀ ਬੇਟੀ ਮੁਮਤਾਜ਼ ਨੇ ਭਾਈ ਬਚਿੱਤਰ ਸਿੰਘ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਲਈ। ਮੁਗਲ ਸੈਨਿਕ ਵੀ ਪਿੱਛਾ ਕਰਦੇ ਆ ਗਏ ਤੇ ਮੁਗਲ ਸਰਦਾਰ ਜਾਫਰ ਅਲੀ ਨੇ ਹਵੇਲੀ ਦੀ ਤਲਾਸ਼ੀ ਲੈਣੀ ਚਾਹੀ ਤਾਂ ਨਿਹੰਗ ਖਾਂ ਨੇ ਬਿਨਾਂ ਕਿਸੇ ਡਰ ਜਾਂ ਝਿਜਕ ਕੇ ਹਵੇਲੀ ਦੀ ਤਲਾਸ਼ੀ ਦੀ ਇਜਾਜ਼ਤ ਦੇ ਦਿੱਤੀ। ਤਲਾਸ਼ੀ ਲੈਂਦੇ-ਲੈਂਦੇ ਜਦੋਂ ਸਰਦਾਰ ਜਾਫਰ ਅਲੀ ਉਸ ਕੋਠੜੀ ਅੱਗੇ ਪੁੱਜਿਆ, ਜਿਸ ਵਿੱਚ ਭਾਈ ਬਚਿੱਤਰ ਸਿੰਘ ਸਨ। ਕੋਠੜੀ ਦਾ ਦਰਵਾਜ਼ਾ ਅੰਦਰੋਂ ਬੰਦ ਸੀ ਤਾਂ ਨਿਹੰਗ ਖਾਂ ਨੇ ਕਿਹਾ ਕਿ ਇਸ ਕੋਠੜੀ ਅੰਦਰ ਉਸ ਦੀ ਧੀ ਮੁਮਤਾਜ਼ ਅਤੇ ਉਸ ਦਾ ਖਾਵੰਦ ਸੁੱਤੇ ਪਏ ਹਨ। ਮੁਗਲ ਸੈਨਿਕ ਨਿਹੰਗ ਖਾਂ ਦੀ ਇੱਜ਼ਤ ਕਰਦੇ ਸਨ ਤੇ ਉਸ 'ਤੇ ਇਤਬਾਰ ਕਰਕੇ ਕੋਠੜੀ ਦਾ ਦਰਵਾਜ਼ਾ ਨਾ ਖੁਲਾਇਆ। ਅੰਦਰ ਮੁਮਤਾਜ਼ ਨੇ ਸੁਣ ਲਿਆ ਕਿ ਉਸ ਦੇ ਪਿਤਾ ਨੇ ਮੁਗਲ ਸੈਨਿਕਾਂ ਨੂੰ ਕਿਹਾ ਕਿ "ਅੰਦਰ ਮੇਰੀ ਬੇਟੀ ਅਤੇ ਦਾਮਾਦ ਸੁੱਤੇ ਪਏ ਹਨ" ਤੇ ਆਪਣੇ ਮਨ ਵਿੱਚ ਹੀ ਬਚਿੱਤਰ ਸਿੰਘ ਨੂੰ ਆਪਣਾ ਪਤੀ ਧਾਰ ਲਿਆ। ਬੀਬੀ ਮੁਮਤਾਜ਼ ਦ ਹਰ ਪ੍ਰਕਾਰ ਦੀ ਸੇਵਾ ਸੰਭਾਲਦੇ ਬਾਵਜੂਦ ਤਿੰਨ ਦਿਨ ਬਾਅਦ 23 ਦਸੰਬਰ 1705 ਨੂੰ ਭਾਈ ਬਚਿੱਤਰ ਸਿੰਘ ਅਕਾਲ ਚਲਾਣਾ ਕਰ ਗਏ। ਨਿਹੰਗ ਖਾਂ ਨੇ ਭਾਈ ਗੁਰਸਾ ਸਿੰਘ ਤੇ ਬੱਗਾ ਸਿੰਘ ਤਰਖਾਣਾਂ ਨੂੰ ਸੱਦ ਕੇ ਹਵੇਲੀ ਦੇ ਪਿਛਵਾੜੇ ਭਾਈ ਸਾਹਿਬ ਦਾ ਸੰਸਕਾਰ ਕਰਵਾ ਦਿੱਤਾ।

* ਭਾਈ ਬਚਿੱਤਰ ਸਿੰਘ ਦੇ ਦੋ ਭਰਾ ਅਜਬ ਸਿੰਘ ਅਤੇ ਅਨਕ ਸਿੰਘ ਚਮਕੌਰ ਦੀ ਜੰਗ ਸਿੰਘ 7-12-1705 ਈ. ਨੂੰ ਸ਼ਹੀਦ ਹੋਏ।

ਬੀਬੀ ਮੁਮਤਾਜ਼ ਲਈ ਜਦੋਂ ਕੋਈ ਰਿਸ਼ਤਾ ਆਇਆ ਤਾਂ ਉਸ ਨੇ ਆਪਣੇ ਪਿਤਾ ਨੂੰ ਉਸ ਦੇ ਆਖੇ ਬਚਨ "ਅੰਦਰ ਮੇਰੀ ਬੇਟੀ ਅਤੇ ਦਾਮਾਮ ਸੁੱਤੇ ਪਏ ਹਨ।" ਯਾਦ

---

* 1 *Encyclopaedia of Sikhism by Pbi University, Vol-I Patiala Page 20 and 18.*

*2 *ਗੁਰੂ ਗੋਬਿੰਦ ਸਿੰਘ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ ਕਿਰਤ ਰਘਬੀਰ ਸਿੰਘ ਆਨੰਦਪੁਰੀ।*

ਕਰਵਾ ਕੇ ਕਿਹਾ ਮੈਂ ਹੁਣ ਵਿਆਹ ਨਹੀਂ ਕਰਵਾਉਣਾ। ਬੀਬੀ ਦੇ ਉੱਚੇ ਵਿਚਾਰ ਸੁਣਕੇ ਸਾਰਾ ਪਰਿਵਾਰ ਹੈਰਾਨ ਹੋ ਗਿਆ ਤੇ ਬੀਬੀ ਨੇ ਸਾਰੀ ਉਮਰ ਬੰਦਗੀ ਕਰਕੇ ਗੁਜਾਰੀ। ਬੀਬੀ ਮੁਮਤਾਜ਼ ਦੇ ਇਸ ਸੰਕਲਪ ਦਾ ਸਤਿਕਾਰ ਸਿੱਖ ਰਹਿੰਦੀ ਦੁਨੀਆਂ ਤੱਕ ਕਰਦੇ ਰਹਿਣਗੇ।

ਇਤਿਹਾਸਕ ਖੋਜ, ਕਰਮ ਸਿੰਘ ਹਿਸਟੋਰੀਅਨ ਪੰਨਾ 100 'ਤੇ ਲਿਖਦੇ ਹਨ ਕਿ ਕੋਟਲਾ ਨਿਹੰਗ ਖਾਂ ਦੇ ਪਠਾਣਾਂ ਦੇ ਅਹਿਸਾਨ ਦਾ ਬਦਲਾ ਸਿੰਘਾਂ ਨੇ ਸਿੱਖ ਮਿਸਲਾਂ ਦੇ ਰਾਜ ਵੇਲੇ ਚੁਕਾਇਆ ਜਦੋਂ ਸ੍ਰੀ ਹਰੀ ਸਿੰਘ ਡੱਲੇਵਾਲੀਏ ਨੇ ਰੋਪੜ ਲਾਗੇ ਦੇ ਸਾਰੇ ਪਠਾਣਾਂ ਨੂੰ ਉਜਾੜਿਆ ਪਰ ਕੋਟਲਾ ਨਿਹੰਗ ਸਿੰਘ ਵਾਲਿਆਂ ਦੇ ਸੱਤ ਅੱਠ ਪਿੰਡ ਜੋ ਉਹਨਾਂ ਇਸ ਵੇਲੇ ਤੱਕ ਮੱਲ ਲਏ ਸਨ, ਵੱਲ ਅੱਖ ਚੁੱਕ ਕੇ ਵੀ ਨਾ ਦੇਖਿਆ।

ਭਾਈ ਬਚਿੱਤਰ ਸਿੰਘ ਰੰਗ ਬਰੰਗੀਆਂ ਪੁਸ਼ਾਕਾਂ ਦਿਨ ਵਿੱਚ ਕਈ ਵਾਰੀ ਬਦਲਿਆ ਕਰਦਾ ਸੀ ਤੇ ਦਸ਼ਮੇਸ਼ ਪਿਤਾ ਪਿਆਰ ਨਾਲ ਇਸ ਨੂੰ ਬਹਿਰੂਪੀਆ ਆਖ ਕੇ ਬੁਲਾਇਆ ਕਰਦੇ ਸਨ। ਬਾਅਦ ਵਿੱਚ ਨਿਹੰਗ ਸਿੰਘ ਸਭ ਰਾਜਪੂਤ ਜੋ ਸਿੰਘ ਬਣਦੇ, ਨੂੰ ਬਚਿੱਤਰ ਸਿੰਘੀਏ ਕਹਿੰਦੇ ਆਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਨੁਮਾਇੰਦਾ ਪਿੰਡ ਪਧਿਆਣਾ ਵਿਖੇ 40 ਕੁ ਸਾਲ ਪਹਿਲਾਂ ਆਇਆ ਕਿ ਭਾਈ ਬਚਿੱਤਰ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਯਾਦਗਾਰ ਦੇ ਤੌਰ ਬਣਾਉਣਾ ਹੈ, ਤੁਸੀਂ ਪਿੰਡ ਵਾਲੇ ਕੋਈ ਯੋਗ ਥਾਂ ਦੇਵੋ। ਪਰ ਉਸ ਪ੍ਰਤੀਨਿਧ ਦੀ ਪਿੰਡ ਵਾਲਿਆਂ ਕੋਈ ਗੱਲ ਨਾ ਗੌਲ਼ੀ ਤੇ ਇਸ ਪਿੰਡ ਵਿਚ ਅੱਜ ਤੱਕ ਵੀ ਭਾਈ ਸਾਹਿਬ ਬਚਿੱਤਰ ਸਿੰਘ ਤੇ ਉਹਨਾਂ ਦੇ ਚਾਰ ਹੋਰ ਭਰਾਵਾਂ ਦੀ ਯਾਦਗਾਰ ਨਹੀਂ ਬਣਾਈ ਗਈ। ਮੈਨੂੰ ਪੂਰਨ ਆਸ ਹੈ ਕਿ ਕੋਈ ਗੁਰੂ ਦਾ ਪਿਆਰਾ ਅਜੇਹੇ ਰਾਜਪੂਤ ਸੂਰਮੇ ਯੋਧਿਆਂ ਜਿਹਨਾਂ ਨੇ ਦਸਮ ਪਿਤਾ ਦੀਆਂ ਖ਼ੁਸ਼ੀਆਂ (ਆਪਣੇ ਸਿਰ ਦੇ ਕੇ), ਪ੍ਰਾਪਤ ਕੀਤੀਆਂ, ਦੀ ਢੁੱਕਵੀਂ ਯਾਦ ਜ਼ਰੂਰ ਬਣਾਵੇਗਾ।

–0–

# ਭਾਈ ਸੰਗਤ ਸਿੰਘ



ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਖਿਰਾਜ ਇਸ ਬਹਾਨੇ ਨਾਲ ਨਾ ਦਿਤਾ ਕਿ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਜੰਗ 'ਤੇ ਬਹੁਤ ਖਰਚ ਕਰਨਾ ਪਿਆ ਸੀ। ਜੰਗਾਂ ਵਿੱਚ ਮਾਰੇ ਗਏ ਸਿਪਾਹੀਆਂ ਦੀਆਂ ਵਿਧਵਾਵਾਂ ਨੂੰ ਵੀ ਕੁਝ ਮਾਲੀ ਸਹਾਇਥਾ ਦੇਣੀ ਪਈ ਸੀ ਪਰ ਮੁਗਲ ਸਰਕਾਰ ਨੇ ਪਹਾੜੀ ਰਾਜਿਆਂ ਦੇ ਇਹ ਬਹਾਨੇ ਨਾ ਮੰਨੇ ਤੇ ਲਾਹੌਰ ਦੇ ਸੂਬੇ ਨੇ ਅਲਫ ਖਾਂ ਦੀ ਕਮਾਨ ਹੇਠ ਇਕ ਤਕੜੀ ਫੌਜ ਪਹਾੜੀ ਰਾਜਿਆਂ ਤੋਂ ਖਰਾਜ ਵਸੂਲ ਕਰਨ ਲਈ ਭੇਜੀ। ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਤੋਂ ਸਹਾਇਤਾ ਮੰਗੀ। ਗੁਰੂ ਸਾਹਿਬ ਨੇ ਸੰਗਤ ਸਿੰਘ (ਮਿਨਹਾਸ) ਨੂੰ ਫੌਜ ਦੇ ਕੇ ਮਦਦ ਲਈ ਭੇਜਿਆ। ਅਲਫ ਖਾਂ ਹਾਰ ਕੇ ਲਾਹੌਰ ਨੂੰ ਭੱਜ ਗਿਆ। ਫੇਰ ਸੂਬੇ ਨੇ ਆਪਣੇ ਪੁੱਤਰ ਨੂੰ ਭੇਜਿਆ। ਉਸ ਨੇ ਸਭ ਤੋਂ ਪਹਿਲਾਂ ਕਹਿਲੂਰ ਦੇ ਰਾਜਾ ਭੀਮ ਚੰਦ ਨੂੰ ਹਰਾ ਕੇ ਖਿਰਾਜ ਵਸੂਲ ਕੀਤਾ, ਫੇਰ ਗਲੇਰ ਦੇ ਰਾਜਾ ਬਿਕ੍ਰਮਾ ਸਿੰਘ 'ਤੇ ਹਮਲਾ ਕੀਤਾ ਤਾਂ ਉਸ ਨੇ ਗੁਰੂ ਸਾਹਿਬ ਤੋਂ ਮਦਦ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸੰਗਤ ਸਿੰਘ (ਮਿਨਹਾਸ) ਨੂੰ ਫੌਜ ਦੇ ਕੇ ਮਦਦ ਲਈ ਭੇਜਿਆ। ਮੁਸਲਮਾਨੀ ਫੌਜਾਂ ਨੂੰ ਹਾਰ ਹੋਈ ਤੇ ਰਾਜਾ ਬਿਕ੍ਰਮਾ ਸਿੰਘ ਦੀ ਜਿੱਤ ਹੋਈ। ਭਾਈ ਸੰਗਤ ਸਿੰਘ ਨੂੰ ਇਸ ਲੜਾਈ ਵਿੱਚ ਐਸੇ ਜ਼ਖਮ ਲੱਗੇ ਕਿ ਉਹ ਬਚ ਨਾ ਸਕਿਆ। ਇਤਿਹਾਸ ਦੋਆਬਾ ਰਾਜਪੂਤ ਕਿਰਤ ਅਵਤਾਰ ਚੰਦ ਪਰਮਾਰ ਪਾਂਛਟਾ ਅਨੁਸਾਰ ਦੋਆਬੇ ਦੇ ਰਾਜਪੂਤਾਂ ਵਿੱਚੋਂ ਹੀ ਰਾਜਾ ਬਿਕਰਮਾ ਸਿੰਘ ਦੀ ਫੌਜ ਦਾ ਸੈਨਾਪਤੀ, ਪਿੰਡ ਬਿੰਜੋਂ ਦਾ ਦਿਆਲ ਸਿੰਘ ਪਰਮਾਰ ਸੀ। ਇਹ ਲੜਾਈ ਬਿਕਰਮੀ 1748 ਵਿੱਚ ਹੋਈ। ਭਾਈ ਸੰਗਤ ਸਿੰਘ ਜੀ ਨੇ ਪੰਜਾਂ ਪਿਆਰਿਆਂ ਤੋਂ ਬਾਅਦ ਪਹਿਲੇ ਹੀ ਦਿਨ ਅੰਮ੍ਰਿਤ ਛਕਿਆ ਸੀ।

# ਭਾਈ ਆਲਮ ਸਿੰਘ



*ਵਿੱਚ ਬਾਗਾਂ ਦੇ ਤੁਸੀਂ ਆਓ, ਚੋਟ ਨਿਗਾਰਿਆਂ ਦੀ ਲਾਓ,*
*ਪੁੱਤਰ ਸਰਦਾਰਾਂ ਦੇ ਅਖਵਾਓ, ਮੈਂ ਬਲਿਹਾਰੀ, ਮਾਂ ਦਿਆ ਜੋਧ ਸਿਆਂ।*

ਭਾਈ ਆਲਮ ਸਿੰਘ ਪੁੱਤਰ ਦੁਰਗਾਦਾਸ ਵਾਸੀ ਦਬੁਜਰਜੀ, ਪਰਗਨਾ ਸਹੇਦਰਾ ਜ਼ਿਲ੍ਹਾ ਸਿਆਲਕੋਟ ਦਾ ਇਕ ਰਾਜਪੂਤ ਸਿੰਘ ਜਿਸ ਨੇ ਦਸਮੇਸ਼ ਪਿਤਾ ਜੀ ਦੇ ਪੰਜਾਂ ਪਿਆਰਿਆਂ ਤੋਂ ਬਾਅਦ ਪਹਿਲੇ ਹੀ ਦਿਨ ਅੰਮ੍ਰਿਤਪਾਨ ਕੀਤਾ ਤੇ ਫੇਰ ਉਹਨਾਂ ਦਾ ਹੀ ਹੋ ਕੇ ਰਹਿ ਗਿਆ। ਇਹ ਯੁੱਧ ਕਲਾ ਦਾ ਪ੍ਰਬੀਨ ਅਤੇ ਸਰੀਰ ਦਾ ਬਹੁਤ ਚੁਸਤ ਸੀ। ਗੱਤਕਾ ਖੇਡਦੇ ਸਮੇਂ ਨੱਚਦਾ ਫਿਰਦਾ ਜਿਵੇਂ ਉਡਣਾ ਸੱਪ ਹੋਵੇ। ਵੈਰੀ ਦੇ ਵਾਰ ਕਰਨ 'ਤੇ ਫੁਰਤੀ ਨਾਲ ਪਾਸੇ ਹੱਟ ਜਾਂਦਾ ਤੇ ਵੈਰੀ 'ਤੇ ਮੋੜਵਾਂ ਵਾਰ ਐਸਾ ਕਰਦਾ ਕਿ ਵੈਰੀ ਰੋਕ ਨਾ ਸਕਦਾ। ਗੁਰੂ ਸਾਹਿਬ ਇਸ ਨੂੰ 'ਨਚਣਾ' ਕਹਿਕੇ ਬੁਲਾਇਆ ਕਰਦੇ ਸਨ। ਗੁਰੂ ਜੀ ਨੇ ਇਸਨੂੰ ਡਿਊੜੀ ਬਰਦਾਰ ਲਾਇਆ ਹੋਇਆ ਸੀ। ਇਸ ਦੀ ਬਹਾਦਰੀ ਦੀ ਚਰਚਾ ਕਰਕੇ ਦਸ਼ਮੇਸ਼ ਪਿਤਾ ਬਚਿੱਤਰ ਨਾਟਕ ਦੇ ਦਸਵੇਂ ਅਧਿਆਏ ਵਿੱਚ ਲਿਖਦੇ ਹਨ ਕਿ ਜਦੋਂ ਦਲਾਵਰ ਖਾਂ ਦੇ ਪੁੱਤਰ ਰੁਸਤਮ ਖਾਂ ਨੇ ਅਚਨਚੇਤ ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਇਸ, ਨੇ ਅੱਧੀ ਰਾਤ ਨੂੰ ਉਹਨਾਂ ਨੂੰ ਜਗਾ ਕੇ ਖਬਰ ਦਿੱਤੀ। ਸਿੰਘਾਂ 'ਤੇ ਨਾਗਰਿਕਾਂ ਨੇ ਜਵਾਬੀ ਹਮਲੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਦਲਾਵਰ ਖਾਂ ਬਿਨਾਂ ਲੜੇ ਤੋਂ ਹੀ ਭੱਜ ਗਿਆ। ਸਲੋਲੀ ਦੀ ਜੰਗ ਸਮੇਂ ਵੀ ਇਸ ਨੇ ਨਿੱਗਰ ਭੂਮਿਕਾ ਨਿਭਾਈ ਸੀ।

ਆਲਮ ਚੰਦ ਜੋ ਪਹਾੜੀ ਸੈਨਾ ਦਾ ਸਰਦਾਰ ਸੀ ਬਲੀਆਂ ਚੰਦ ਨਾਲ ਮਿਲ ਕੇ ਗਸ਼ਤੀ ਫੌਜ ਲੈ ਕੇ ਸਿੱਖਾਂ ਦੇ ਵਿਰੁੱਧ ਆਨੰਦਪੁਰ ਸਾਹਿਬ ਦੇ ਆਸ-ਪਾਸ ਫਿਰਦਾ ਰਹਿੰਦਾ ਸੀ। ਇਹਨਾਂ ਦੋਹਾਂ ਨੇ ਹੀ ਭਾਈ ਉਦਯ ਸਿੰਘ ਅਤੇ ਆਲਮ ਸਿੰਘ ਤੋਂ ਭਾਰੀ ਹਾਰ ਖਾਧੀ ਸੀ। ਆਲਮ ਚੰਦ ਦਾ ਹੱਥ ਭਾਈ ਆਲਮ ਸਿੰਘ ਨੇ ਵੱਢ ਦਿੱਤਾ ਤੇ ਬਲੀਆ ਚੰਦ ਵੀ ਜਖਮੀ ਹੋ ਕੇ ਨੱਸ ਗਿਆ। ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਆਖਰੀ ਵਾਰ ਛੱਡਿਆ ਤਾਂ ਭਾਈ ਆਲਮ ਸਿੰਘ ਰੱਖਿਆ ਕਰਨ ਵਾਲੇ ਯੋਧਿਆਂ ਵਿੱਚ ਸੀ। ਇਹ ਸਿੰਘ ਗੁਰੂ ਜੀ ਦੇ ਨਾਲ ਕੋਟਲਾ ਨਿਹੰਗ ਖਾਂ ਤੋਂ ਹੁੰਦਾ ਹੋਇਆ ਚਮਕੌਰ ਸਾਹਿਬ ਦੀ ਜੰਗ ਵਿੱਚ 8 ਪੋਹ ਸੰਮਤ 1762 ਨੂੰ ਸ਼ਹੀਦ ਹੋਇਆ।

ਸ਼ਹੀਦੀ ਤੋਂ ਪਹਿਲਾਂ ਭਾਈ ਆਲਮ ਸਿੰਘ ਦੇ ਜੋ ਬਚਨ ਮੁਗਲ ਫੌਜਦਾਰ ਨਾਲ ਹੋਏ, ਉਹ ਪੰਥ ਲਈ ਸਿਰ ਵਾਰਨ ਵਾਲਿਆਂ ਨੂੰ ਅਜੇ ਤੱਕ ਜ਼ੁਬਾਨੀ ਰਟੇ ਹੋਏ ਹਨ। ਭਾਈ ਆਲਮ ਸਿੰਘ ਜੀ ਕੇਸਰੀ ਨਿਸ਼ਾਨ ਸਾਹਿਬ ਹੱਥ ਵਿੱਚ ਸੰਭਾਲ ਕੇ ਵੈਰੀਆਂ ਦੀਆਂ ਕਤਾਰਾਂ ਚੀਰ ਕੇ ਇਕੱਲੇ ਹੀ ਦੂਰ ਨਿਕਲ ਗਏ। ਦੁਸ਼ਮਣਾਂ ਨੇ ਉਹਨਾਂ ਨੂੰ ਸਾਰੇ ਪਾਸਿਓਂ ਘੇਰ ਲਿਆ। ਮੁਗਲ ਫੌਜਦਾਰ ਨੇ ਕੜਕ ਕੇ ਕਿਹਾ "ਝੰਡਾ ਹੱਥੋਂ ਸੁੱਟ ਦੇ ਨਹੀਂ ਤਾਂ ਤੇਰੇ ਹੱਥ ਕੱਟ ਦਿੱਤੇ ਜਾਣਗੇ।"

ਭਾਈ ਆਲਮ ਸਿੰਘ ਨੇ ਗਰਜ ਕੇ ਜਵਾਬ ਦਿੱਤਾ "ਹੱਥ ਕੱਟ ਦਿਓਗੇ ਤਾਂ ਮੈਂ ਨਿਸ਼ਾਨ ਸਾਹਿਬ ਪੈਰਾਂ ਨਾਲ ਫੜ ਲਵਾਂਗਾ" ਗੁੱਸੇ ਵਿੱਚ ਆ ਕੇ ਫੌਜਦਾਰ ਨੇ ਕਿਹਾ "ਤੇਰੇ ਪੈਰ ਵੀ ਕੱਟ ਦਿੱਤੇ ਜਾਣਗੇ।"

ਭਾਈ ਜੀ ਨੇ ਕਿਹਾ "ਮੈਂ ਨਿਸ਼ਾਨ ਸਾਹਿਬ ਮੂੰਹ ਨਾਲ ਫੜ ਲਵਾਂਗਾ।"

'ਤੇਰਾ ਸਿਰ ਉਡਾ ਦਿੱਤਾ ਜਾਵੇਗਾ ਤਾਂ ਝੰਡੇ ਦੀ ਰੱਖਿਆ ਕੌਣ ਕਰੇਗਾ? " ਫੌਜਦਾਰ ਨੇ ਕਿਹਾ।

"ਐਸੀ ਸੂਰਤ ਵਿੱਚ ਕਲਗੀਆਂ ਵਾਲਾ ਆਪੇ ਰੱਖਿਆ ਕਰੇਗਾ"

ਭਾਈ ਸਾਹਿਬ ਨੇ ਦ੍ਰਿੜਤਾ ਨਾਲ ਉੱਤਰ ਦਿੱਤਾ।

ਭਾਈ ਸਾਹਿਬ ਨੇ ਰਹਿੰਦੇ ਸਵਾਸਾਂ ਤੱਕ ਨਿਸ਼ਾਨ ਸਾਹਿਬ ਨੀਵਾਂ ਨਾ ਹੋਣ ਦਿੱਤਾ। ਭਾਈ ਸਾਹਿਬ ਦੇ ਵੱਡੇ ਪੁੱਤਰ ਮੋਹਰ ਸਿੰਘ ਅਤੇ ਅਮੋਲਕ ਸਿੰਘ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਤੇ ਸਭ ਤੋਂ ਛੋਟਾ ਬਾਘੜ ਸਿੰਘ ਆਪਣੇ ਪਿੰਡ ਗਿਆ ਜ਼ਕਰੀਆ ਖਾਂ ਦੇ ਵੇਲੇ ਫੜਿਆ ਗਿਆ ਅਤੇ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ।

---

* *Encyleopadia of Sikhism Pbi University Patiala, Vol-1 Page 15*

# ਅਕਾਲੀ ਫੂਲਾ ਸਿੰਘ



*ਸ੍ਰੀ ਅਕਾਲ ਤਖਤ ਸਾਹਿਬ ਦੇ ਫੌਲਾਦੀ-ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ, ਜਿਨ੍ਹਾਂ ਆਪਣੇ ਉਚੇ ਕਿਰਦਾਰ ਸਦਕਾ ਗੁਰੂ ਕੇ ਮਹਾਨ ਤਖਤ ਦੇ ਇਸ ਮਹਾਨ ਪਦ ਦੀ ਆਭਾ ਕੀਰਤੀ ਨੂੰ ਚਾਰ ਚੰਨ ਲਾਏ।*

ਅਕਾਲੀ ਫੂਲਾ ਸਿੰਘ ਜੀ ਦੇ ਵਡੇਰੇ ਰਾਜਸਥਾਨ ਦੇ ਰਾਜਪੂਤ ਸਨ, ਜੋ ਮੁਗਲ ਰਾਜ ਸਮੇਂ ਪੰਜਾਬ ਆ ਗਏ। ਕੁਝ ਪਿੰਡ ਸ਼ੀਹਾਂ (ਦੇਹਲਾਂ) ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ ਵਿੱਚ ਤੇ ਕੁਝ ਪਿੰਡ ਅਜਨੋਹਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਆਬਾਦ ਹੋ ਗਏ। ਆਪ ਜੀ ਦੇ ਪਿਤਾ ਦਾ ਨਾਂ ਈਸ਼ਰ ਸਿੰਘ ਤੇ ਮਾਤਾ ਜੀ ਦਾ ਨਾਂ ਹਰਿ ਕੌਰ ਸੀ। ਈਸ਼ਰ ਸਿੰਘ ਨੇ ਭਾਈ ਉਦਯ ਸਿੰਘ ਦੇ ਨਾਲ ਸੰਮਤ 1761 ਵਿੱਚ ਅਗੰਮਪੁਰ ਕਿਲੇ ਦੀ ਰੱਖਿਆ ਤੁਰਕੀ ਸੈਨਾ ਤੋਂ ਕੀਤੀ। ਜਨਮ 14 ਜਨਵਰੀ 1761 ਨੂੰ ਹੋਇਆ। ਸ਼੍ਰੀ ਈਸ਼ਰ ਸਿੰਘ ਨਿਸ਼ਾਨਵਾਲੀ ਮਿਸਲ ਵਿੱਚ ਸਨ। ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਵਿੱਚ ਈਸ਼ਰ ਸਿੰਘ ਜੀ ਫੱਟੜ ਹੋ ਗਏ ਤੇ ਜ਼ਖਮਾਂ ਵਿੱਚ ਜ਼ਹਿਰ ਫੈਲਣ ਕਾਰਨ ਅਕਾਲ ਚਲਾਣਾ ਕਰ ਗਏ। ਮਾਤਾ ਹਰਿ ਕੌਰ 'ਤੇ ਆਪਣੇ ਪੁੱਤਰਾਂ ਦੀ ਪਾਲਣਾ ਦਾ ਭਾਰ ਆ ਪਿਆ। ਫੂਲਾ ਸਿੰਘ ਤੋਂ ਛੋਟੇ ਭਰਾ ਦਾ ਨਾਂ ਸੰਤ ਸਿੰਘ ਸੀ। ਇਕ ਦਿਨ ਪੌੜੀ ਖਿਸਕ ਜਾਣ ਨਾਲ ਮਾਤਾ ਹਰਿ ਕੌਰ ਜੀ ਜ਼ਖਮੀਂ ਹੋ ਗਏ। ਉਹਨਾ ਬਾਬਾ ਨਰੈਣ ਸਿੰਘ ਜੀ ਨੂੰ ਜੋ ਈਸ਼ਰ ਸਿੰਘ ਦੇ ਬੜੇ ਗੂਹੜੇ ਮਿੱਤਰ ਸਨ, ਨੂੰ ਆਨੰਦਪੁਰ ਸਾਹਿਬ ਤੋਂ ਬੁਲਵਾ ਲਿਆ। ਉਹਨਾਂ ਦੇ ਸਹੁਰੇ ਪਿੰਡ ਅਜਨੋਹਾ ਤੋਂ ਵੀ ਕਈ ਰਿਸ਼ਤੇਦਾਰ ਆ ਗਏ । ਅੰਤ ਸਮੇਂ ਮਾਤਾ ਜੀ ਨੇ ਫੂਲਾ ਸਿੰਘ ਦਾ ਹੱਥ ਬਾਬਾ ਨਰੈਣ ਸਿੰਘ ਦੇ ਹੱਥ ਫੜਾ ਕੇ ਕਿਹਾ "ਇਹ ਹੁਣ ਤੁਹਾਡੇ ਹਵਾਲੇ ਹੈ।" ਬਾਬਾ ਨਰੈਣ ਸਿੰਘ ਜੀ ਨੇ ਫੂਲਾ ਸਿੰਘ ਨੂੰ ਹਰ ਤਰ੍ਹਾਂ ਯੋਗ ਬਣਾਇਆ।

ਬਾਬਾ ਨਰੈਣ ਸਿੰਘ ਜੀ ਤਰਨਤਾਰਨ ਦਰਬਾਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ। ਸੰਗਤ ਲਈ ਲੰਗਰ ਚਲਾ ਰਹੇ ਸਨ। ਉਹਨਾਂ ਨੇ ਲੰਗਰ ਵਿੱਚ ਇਕ ਬੀਬੀ ਨੂੰ ਲੰਗਰ ਪਕਾਉਣ 'ਤੇ ਰੱਖ ਲਿਆ। ਅਕਾਲੀ ਫੂਲਾ ਸਿੰਘ ਨੂੰ ਚੰਗਾ ਨਾ ਲੱਗਾ ਤੇ ਅਕਾਲੀ ਜੀ ਨੇ ਕੁਝ ਸਖਤ ਲਫਜ਼ ਬੀਬੀ ਨੂੰ ਕਹੇ। ਅਕਾਲੀ ਜੀ ਨੂੰ ਬਾਬਾ ਨਰੈਣ ਸਿੰਘ ਹੋਰੀ ਸੱਦਿਆ ਤਾਂ ਵੀ ਉਹਨਾਂ ਨੇ ਆਪਣੇ ਕੱਬੇ ਵਚਨਾਂ ਦੀ ਮਾਫੀ ਨਾ ਮੰਗੀ ਤਾਂ ਨਰੈਣ ਸਿੰਘ ਹੋਰਾਂ ਕਿਹਾ "ਫੂਲਿਆ ਤੈਨੂੰ ਦੁਗਾੜਾ ਲੱਗੇ ਮੇਰੀਆਂ ਨਜ਼ਰਾਂ ਤੋਂ ਦੂਰ ਚਲੇ ਜਾ।" ਉਹਨਾਂ ਦੇ ਬੋਲੇ ਬਚਨ ਸੱਚ ਹੋਏ ਤੇ ਅਕਾਲੀ ਜੀ ਨੂੰ ਨੌਸ਼ਹਿਰੇ ਦੀ ਜੰਗ ਵਿੱਚ ਮੱਥੇ ਵਿੱਚ ਦੋ ਗੋਲੀਆਂ ਲੱਗੀਆਂ ਸਨ।

ਸੰਨ 1797 ਵਿੱਚ ਸ਼ਾਹ ਜ਼ਮਾਨ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਅੱਗੋਂ ਅੰਮ੍ਰਿਤਸਰ 'ਤੇ ਵੀ ਚੜ੍ਹਾਈ ਕੀਤੀ। ਅਕਾਲੀ ਫੂਲਾ ਸਿੰਘ ਹੁਰਾਂ ਅਫਗਾਨੀ ਫੌਜਾਂ ਨੂੰ ਹਰਾ ਕੇ ਭੱਜਾ ਦਿੱਤਾ। ਇਹ ਅਕਾਲੀ ਜੀ ਦੀ ਪਹਿਲੀ ਮਹੱਤਵਪੂਰਨ ਸਫਲਤਾ ਸੀ।

ਸ਼ਾਹ ਜ਼ਮਾਨ ਤੋਂ ਖਾਲਸਾ ਪੰਥ ਨੂੰ ਖਤਰਾ ਸੀ। ਇਸ ਲਈ ਬਾਬਾ ਸਾਹਿਬ ਸਿੰਘ ਿਦੀ ਨੇ ਸਰਬੱਤ ਖਾਲਸੇ ਦਾ ਇਕ ਇਕੱਠ ਅੰਮ੍ਰਿਤਸਰ ਕੀਤਾ। ਇਸ ਇਕੱਠ ਵਿੱਚ ਾਰੀਆਂ ਮਿਸਲਾਂ ਦੇ ਸਰਦਾਰ ਸ਼ਾਮਲ ਹੋਏ ਅਤੇ ਸਰਬਸਮਤੀ ਨਾਲ ਅਕਾਲੀ ਫੂਲਾ ਘ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਅਕਾਲੀ ਫੂਲਾ ਸਿੰਘ ਾਂ ਅਕਾਲ ਤਖਤ ਦੀ ਮਰਯਾਦਾ ਵਿੱਚ ਸੁਧਾਰ ਲਈ ਬੜੇ ਸੁਚੱਜੇ ਪ੍ਰਬੰਧ ਕੀਤੇ। ਲਚੀ ਸੇਵੇਦਾਰ ਹਟਾ ਦਿੱਤੇ ਗਏ। ਕੇਵਲ ਅੰਮ੍ਰਿਤਧਾਰੀ ਹੀ ਅਕਾਲ ਤਖਤ ਸਾਹਿਬ ਕੁਝ ਹਿੱਸਿਆਂ 'ਤੇ ਜਾ ਸਕਦੇ ਸਨ। ਅਕਾਲੀ ਜੀ ਨੇ ਸਭ ਮਿਸਲਦਾਰਾਂ ਨੂੰ ਦੱਸ ਤਾ ਕਿ ਧਾਰਮਿਕ ਅਵੱਗਿਆ ਕਰਨ ਵਾਲੇ ਕਿਸੇ ਵੀ ਸਰਦਾਰ ਨੂੰ ਬਖਸ਼ਿਆ ਨਹੀਂ ਵੇਗਾ। ਕਈ ਮਿਸਲਾਂ ਦੇ ਸਰਦਾਰ ਸਿੱਖੀ ਰਹਿਤ ਤੋਂ ਡਿੱਗ ਕੇ ਸ਼ਰਾਬ ਪੀਣ ਅਤੇ ਾਰਾਜਿਆਂ ਵਰਗੀ ਐਸ਼ੋ ਇਸ਼ਰਤ ਵਿੱਚ ਪੈ ਗਏ ਸਨ । ਇਸ ਲਈ ਉਹਨਾਂ ਨੇ ਕਾਲੀ ਜੀ ਵਿਰੁੱਧ ਕਈ ਅਣਸੁਖਾਵੀਆਂ ਗੱਲਾਂ ਬਣਾਉਣੀਆਂ ਸ਼ੁਰੂ ਕੀਤੀਆਂ। ਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਜੀ ਨੂੰ ਅਕਾਲ ਤਖਤ ਦੇ ਜਥੇਦਾਰ ਤੇ ਸਾਰੇ ਖਾਲਸਾ ਪੰਥ ਦਾ ਸਰਦਾਰ ਮੰਨਿਆ ਅਤੇ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਬਾਕੀ ਜਰਨੈਲਾਂ ਦੀ ਤਰ੍ਹਾਂ ਮਹਾਰਾਜੇ ਦਾ ਹੁਕਮ ਕਦੇ ਨਾ ਮੰਨਿਆ।

ਕਮਲ ਜਿਉਂ ਮਾਇਆ ਜਲ ਵਿੱਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।
ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿੱਚ ਬਿਪਤਾ ਨੂੰ ਜਾਣੇ ਖੁਸ਼ਹਾਲੀ ਹੈ।
ਸਵਾਰਥ ਤੋਂ ਬਿਨਾਂ ਗੁਰਦੁਆਰਿਆਂ ਦਾ ਚੌਕੀਦਾਰ,
ਧਰਮ ਦੇ ਜੰਗ ਲਈ ਚੜ੍ਹੇ ਮੁੱਖ ਲਾਲੀ ਹੈ।

ਪੂਜੇ ਨਾ ਅਕਲ ਬਿਨਾਂ ਹੋਰ ਕੋਈ ਦੇਵੀ ਦੇਵ,
ਸਿੱਖ ਦਸਮੇਸ਼ ਦਾ ਕਹੀਏ ਅਕਾਲੀ ਹੈ। (ਈਸ਼ਰ ਸਿੰਘ ਨਾਰਾ)

ਫੂਲਾ ਸਿੰਘ ਜੀ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰ ਲੜ ਲਾਉਂਦੇ ਅਤੇ ਇਸ ਦਾ ਚੰਗੀ ਤਰ੍ਹਾਂ ਰਿਕਾਰਡ ਰੱਖਦੇ। ਜਦੋਂ ਕਦੇ ਫੇਰ ਉਸ ਪਾਸੇ ਜਾਂਦੇ ਤਾਂ ਪੜਤਾਲ ਕਰਦੇ ਕਿ ਕਿਸੇ ਨੇ ਅੰਮ੍ਰਿਤ ਭੰਗ ਤਾਂ ਨਹੀਂ ਕੀਤਾ। ਕੁਰਹਿਤ ਕਰਨ ਵਾਲਿਆਂ ਦੀ ਤਾਂ ਸ਼ਾਮਤ ਆ ਜਾਂਦੀ। ਉਹਨਾਂ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਚਿਤਾਵਨੀ ਦਿੱਤੀ ਕਿ ਤੇਰੇ ਕੁਝ ਵਜ਼ੀਰਾਂ ਨੇ ਵਜ਼ੀਰੀਆਂ ਦੀ ਖਾਤਰ ਸਿੱਖੀ ਬਾਣਾ ਪਾਇਆ ਹੈ। ਪਰਖ 'ਤੇ ਇਹ ਪੂਰੇ ਨਹੀਂ ਉਤਰਨੇ। ਸੰਨ 1814 ਵਿੱਚ ਇਕ ਵਾਰੀ ਅਕਾਲੀ ਜੀ ਮਹਾਰਾਜ ਸਾਹਿਬ ਨੂੰ ਮਿਲਣ ਲਾਹੌਰ ਗਏ। ਧਿਆਨ ਸਿੰਘ ਨੇ ਮਹਾਰਾਜ ਸਾਹਿਬ ਨਾਲ ਕਈ ਦਿਨ ਮੁਲਾਕਾਤ ਨਾ ਹੋਣ ਦਿੱਤੀ। ਇਕ ਦਿਨ ਅਕਾਲੀ ਜੀ ਆਪਣੇ ਕੁਝ ਸਿੰਘਾਂ ਨਾਲ ਧੁੱਸ ਦੇ ਕੇ ਕਿਲੇ ਅੰਦਰ ਜਾ ਵੜੇ ਅਤੇ ਮਹਾਰਾਜਾ ਸਾਹਿਬ ਨੂੰ ਫਤਹਿ ਜਾ ਬੁਲਾਈ ਤੇ ਮਹਾਰਾਜ ਸਾਹਿਬ ਨੂੰ ਅੰਗਰੇਜ਼ਾਂ ਨਾਲ ਸੁਲਾਹ ਕਰਨ ਅਤੇ ਡੋਗਰਿਆਂ ਤੋਂ ਸੁਚੇਤ ਰਹਿਣ ਲਈ ਕਿਹਾ, ਪਰ ਮਹਾਰਾਜੇ ਨੇ ਬੜੀ ਹੁਸ਼ਿਆਰੀ ਨਾਲ ਗਲ ਅਣਸੁਣੀ ਕਰ ਦਿੱਤੀ। ਅਕਾਲੀ ਜੀ ਨਾਰਾਜ਼ ਹੋ ਕੇ ਆਨੰਦਪੁਰ ਸਾਹਿਬ ਨੂੰ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਦੀਆਂ ਔਖੀਆਂ ਜੰਗੀ ਮੁਹਿੰਮਾਂ ਵਿੱਚ ਅਕਾਲੀ ਜੀ ਆਪਣੇ ਸਿਰਲੱਥ ਯੋਧਿਆਂ ਸਮੇਤ ਅੱਗੇ ਹੋ ਕੇ ਲੜਦੇ ਰਹੇ।

ਰਿਆਸਤ ਜੀਂਦ ਦਾ ਸ਼ਹਿਜਾਦਾ ਪ੍ਰਤਾਪ ਸਿੰਘ ਖਾਨਦਾਨੀ ਲੜਾਈ ਕਾਰਨ ਅਤੇ ਅੰਗਰੇਜ਼ਾਂ ਦੀ ਵਿਰੋਧਤਾ ਕਾਰਨ ਆਨੰਦਪੁਰ ਸਾਹਿਬ ਵਿਖੇ ਅਕਾਲੀ ਫੂਲਾ ਸਿੰਘ ਜੀ ਦੀ ਸ਼ਰਨ ਆ ਗਿਆ। ਅੰਗਰੇਜ਼ ਪਹਿਲਾਂ ਹੀ ਅਕਾਲੀ ਜੀ ਦੇ ਅਨੰਦਪੁਰ ਆਉਣ ਤੋਂ ਨਾਰਾਜ਼ ਸਨ ਅਤੇ ਕੰਵਰ ਪ੍ਰਤਾਪ ਸਿੰਘ ਨੂੰ ਸ਼ਰਣ ਦੇਣ ਨੇ ਤਾਂ ਬਲਦੀ ਅੱਗ 'ਤੇ ਤੇਲ ਪਾਉਣ ਦਾ ਕੰਮ ਕੀਤਾ। ਦੋ ਮਹੀਨੇ ਬਾਅਦ ਅਕਾਲੀ ਜੀ ਕੰਵਰ ਦੇ ਨਾਲ ਜੀਂਦ ਵੱਲ ਗਏ।

ਕੰਵਰ ਤਾਂ ਕਿਸੇ ਤਰ੍ਹਾਂ ਬਾਲਾਂਵਾਲਾ ਕਿਲੇ ਪਹੁੰਚ ਗਿਆ, ਪਰ ਅਕਾਲੀ ਜੀ ਨੂੰ ਪਟਿਆਲਾ, ਨਾਭਾ ਅਤੇ ਮਲੇਰਕੋਟਲਾ ਦੀਆਂ ਫੌਜਾਂ ਨੇ ਅੱਗੇ ਨਾ ਜਾਣ ਦਿੱਤਾ ਤੇ ਉਹ ਭਦੌੜ ਨੂੰ ਚਲੇ ਗਏ। ਪਟਿਆਲੇ ਦੇ ਸੈਨਿਕਾਂ ਨੇ ਅਕਾਲੀ ਜੀ ਨੂੰ ਗ੍ਰਿਫਤਾਰ ਕਰਨਾ ਚਾਹਿਆ ਤਾਂ ਭਦੌੜੀਏ ਸਰਦਾਰਾਂ ਨੇ ਉਹਨਾਂ ਨੂੰ ਫਿਟਕਾਰਾਂ ਪਾਈਆਂ ਕਿ ਤੁਸੀਂ ਅੰਗਰੇਜ਼ਾਂ ਦੇ ਹੁਕਮ ਨਾਲ ਇਕ ਸੰਤ ਸਿਪਾਹੀ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹੋ ਤਾਂ ਉਹ ਵਾਪਸ ਮੁੜ ਗਏ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ 'ਤੇ ਜ਼ੋਰ ਪਾਇਆ ਕਿ ਉਹ ਅਕਾਲੀ ਜੀ ਨੂੰ ਉਹਨਾਂ ਦੇ ਹਵਾਲੇ ਕਰਨ ਕਿਉਂਕਿ ਅਕਾਲੀ ਜੀ ਨੇ ਉਹਨਾਂ ਦੇ ਇਲਾਕੇ ਵਿੱਚ ਲੁੱਟ ਮਾਰ ਕੀਤੀ ਹੈ। ਇਹ ਇਕ ਝੂਠਾ ਇਲਜ਼ਾਮ ਸੀ। ਲੋਕੀਂ ਤਾਂ ਐਸੇ ਸੂਰਬੀਰ ਦੀਆਂ ਲੋੜਾਂ ਪੂਰੀਆਂ ਕਰਨੀਆਂ ਆਪਣੇ ਚੰਗੇ ਭਾਗ ਸਮਝਦੇ ਸਨ। ਮਹਾਰਾਜਾ

ਸਾਹਿਬ ਨੇ ਦੀਵਾਨ ਮੋਤੀ ਰਾਮ ਨੂੰ 500 ਸਵਾਰਾਂ ਦੇ ਜਥੇ ਸਮੇਤ ਅਕਾਲੀ ਜੀ ਨੂੰ ਫੜਨ ਲਈ ਆਨੰਦਪੁਰ ਸਾਹਿਬ ਭੇਜਿਆ ਜਿੱਥੇ ਪਹੁੰਚਣ 'ਤੇ ਦੀਵਾਨ ਮੋਤੀ ਰਾਮ ਦੇ ਸਿਪਾਹੀਆਂ ਨੇ ਅਕਾਲੀ ਜੀ ਵਿਰੁੱਧ ਹਥਿਆਰ ਚੁੱਕਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਹਥਿਆਰ ਅਕਾਲੀ ਜੀ ਅੱਗੇ ਰੱਖ ਕੇ ਉਹਨਾਂ ਤੋਂ ਮੁਆਫੀ ਮੰਗੀ। ਮਹਾਰਾਜਾ ਸਾਹਿਬ ਨੇ ਸਾਹਿਬ ਸਿੰਘ ਬੇਦੀ ਰਾਹੀਂ ਅਕਾਲੀ ਜੀ ਨੂੰ ਮਨਾ ਕੇ ਅੰਮ੍ਰਿਤਸਰ ਲੈ ਆਂਦਾ ਤੇ ਆਪ ਖੁਦ ਅਕਾਲੀ ਜੀ ਦੇ ਡੇਰੇ ਪਹੁੰਚ ਕੇ ਉਹਨਾਂ ਤੋਂ ਮੁਆਫੀ ਮੰਗੀ। ਅਕਾਲੀ ਫੂਲਾ ਸਿੰਘ ਜੀ ਦਾ ਕਿਸੇ ਵੀ ਜੰਗ ਵਿੱਚ ਸ਼ਾਮਲ ਹੋਣਾ ਜਿੱਤ ਦਾ ਪਰਵਾਨਾ ਸਮਝਿਆ ਜਾਂਦਾ ਸੀ। ਸੰਨ 1809 ਵਿੱਚ ਮੁਲਤਾਨ ਦੀ ਜਿੱਤ ਵੀ ਅਕਾਲੀ ਫੂਲਾ ਸਿੰਘ ਦੇ ਜਥੇ ਦੀ ਸਹਾਇਤਾ ਨਾਲ ਹੋਈ ਪਰ ਨਵਾਬ ਮੁਲਤਾਨ ਕਰ ਦੇਣ ਦਾ ਲਿਖਤੀ ਪੱਤਰ ਦੇਣ ਤੋਂ ਬਾਅਦ ਮੁੱਕਰ ਗਿਆ। ਅਖੀਰ ਸੰਨ 1818 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪੂਰੀ ਤਿਆਰੀ ਨਾਲ ਮੁਲਤਾਨ 'ਤੇ ਹਮਲਾ ਕੀਤਾ। ਇਸ ਮਗਰੋਂ ਮਹਾਰਾਜਾ ਨੇ ਪਿਸ਼ਾਵਰ ਜਿੱਤਿਆ। ਜਿੱਤ ਦੀ ਖੁਸ਼ੀ ਵਿੱਚ ਬਜ਼ਾਰਾਂ ਵਿੱਚ ਇਕ ਜਲੂਸ ਕੱਢਿਆ ਗਿਆ। ਮੁਸਲਮਾਨਾਂ ਦੀ ਭੀੜ ਉਮੜ ਪਈ। ਉਹ ਦੇਖਣਾ ਚਾਹੁੰਦੇ ਸਨ ਕਿ ਇਹ ਕਿਹੜੇ ਲੋਕ ਹਨ, ਜਿਨ੍ਹਾਂ ਨੇ ਅੱਠ ਸੌ ਸਾਲਾਂ ਵਿੱਚ ਮੁਸਲਮਾਨਾਂ ਨੂੰ ਪਹਿਲੀ ਵਾਰ ਹਾਰ ਦਿੱਤੀਹੈ ਅਤੇ ਮੁੜ ਕੇ ਪੰਜਾਬ ਅਤੇ ਭਾਰਤ ਦੀ ਪ੍ਰਭੂਤਾ ਨੂੰ ਸਥਾਪਤ ਕੀਤਾ ਹੈ। ਮੁਸਲਮਾਨ ਆਖ ਰਹੇ ਸਨ ਕਿ ਰੱਬ ਵੀ ਖਾਲਸੇ ਵੱਲ ਹੋ ਗਿਆ ਹੈ। ਇਸੇ ਤਰ੍ਹਾਂ ਕਸ਼ਮੀਰ ਦੀ ਜਿੱਤ ਵਿੱਚ ਅਕਾਲੀ ਜੀ ਨੇ ਪੂਰਾ ਯੋਗਦਾਨ ਪਾਇਆ ਤੇ ਅੰਮ੍ਰਿਤਸਰ ਨੂੰ ਪਰਤ ਗਏ।

# ਨੌਸ਼ਹਿਰੇ ਦੀ ਜੰਗ

22 ਦਸੰਬਰ ਸੰਨ 1822 ਨੂੰ ਤੜਕਸਾਰ ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਮਿਲੀ ਕਿ ਅਜ਼ੀਮ ਖਾਂ ਦੀ ਫੌਜ ਪਿਸ਼ਾਵਰ ਤੋਂ ਚੱਲਕੇ ਨੌਸ਼ਹਿਰੇ ਵੱਲ ਆ ਰਹੀ ਹੈ, ਜੇਕਰ ਉਹ ਨੁਸ਼ਹਿਰੇ ਪਹੁੰਚ ਗਏ ਤਾਂ ਅਫਗਾਨਾਂ ਦੀ ਗਿਣਤੀ ਖਾਲਸਾ ਫੌਜ ਨਾਲੋਂ ਕਈ ਗੁਣਾ ਵੱਧ ਜਾਵੇਗਾ। ਮਹਾਰਾਜੇ ਨੇ ਆਪਣੇ ਜਰਨੈਲਾਂ ਨੂੰ ਸੱਦਿਆ ਅਤੇ ਫੈਸਲਾ ਹੋਇਆ ਕਿ ਸੂਰਜ ਦੀ ਟਿੱਕੀ ਨਿਕਲਣ ਸਾਰ ਵੈਰੀ 'ਤੇ ਧਾਵਾ ਬੋਲ ਦਿੱਤਾ ਜਾਵੇ। ਅਕਾਲੀ ਜੀ ਨੂੰ ਅੱਗੇ ਹੋ ਕੇ ਆਪਣੇ ਜਥੇ ਨਾਲ ਟਿੱਬਾ ਟੀਰੀ 'ਤੇ ਧਾਵਾ ਬੋਲਣ ਦੀ ਡਿਊਟੀ ਸੌਂਪੀ ਗਈ। ਇੱਥੇ ਪਠਾਨ ਚੋਟੀਆਂ 'ਤੇ ਮੋਰਚੇ ਬਣਾ ਕੇ ਬੈਠੇ ਸਨ। ਅਕਾਲੀ ਜੀ ਨੇ ਅਰਦਾਸ ਕਰਕੇ ਆਪਣੇ ਜਥੇ ਨੂੰ ਮਹਾਰਾਜਾ ਸਾਹਿਬ ਦੇ ਅੱਗੋਂ ਲੰਘਾਇਆ ਤਾਂ ਉਸੇ ਵੇਲੇ ਇਕ ਸੂਹੀਏ ਨੇ ਖਬਰ ਦੱਤੀ ਕਿ ਅਜ਼ੀਮ ਖਾਂ ਦਸ ਹਜ਼ਾਰ ਫੌਜ ਅਤੇ ਚਾਲੀ ਵੱਡੀਆਂ ਤੋਪਾਂ ਨਾਲ ਨੁਸ਼ਹਿਰੇ ਤੋਂ ਚਾਰ ਕੋਹ ਲਹਿੰਦੇ ਵੱਲ ਨੂੰ ਪੇਸ਼ਗੀ ਦੇ ਨੇੜੇ ਪਹੁੰਚ ਗਿਆ ਹੈ। ਮਹਾਰਾਜਾ ਸੋਚਾਂ ਵਿੱਚ ਪੈ ਗਿਆ। ਉਹਨਾਂ ਘੋੜ ਸਵਾਰਾਂ ਨੂੰ ਦੌੜਾ ਕੇ ਅਕਾਲੀ ਜੀ ਨੂੰ ਬੁਲਾਇਆ ਅਤੇ ਨਵੇਂ ਹਾਲਾਤ ਤੋਂ ਜਾਣੂ ਕਰਵਾਇਆ ਅਤੇ ਸੁਝਾਅ ਦਿੱਤਾ ਕਿ ਜਨਰਲ ਵੈਨਤੂਰਾ ਦੇ ਤੋਪਖਾਨੇ ਦੇ ਪਹੰਚਣ ਦੀ ਉਡੀਕ ਕੀਤੀ ਜਾਵੇ। ਅਕਾਲੀ ਜੀ ਨੇ ਉੱਤਰ ਦਿੱਤਾ "ਆਪ ਮਹਾਰਾਜੇ ਹੋ, ਜੋ ਚਾਹੇ, ਕਰੋ ਪਰ ਸਾਨੂੰ ਗੁਰਮਤੇ ਨੂੰ ਕਾਇਮ ਰੱਖਣ ਲਈ ਮੈਦਾਨ ਵਿੱਚ ਸੀਸ ਵੀ ਦੇਣਾ ਪੈ ਜਾਵੇ ਤਾਂ ਵੀ ਇਸ ਤੋਂ ਪਿੱਛੇ ਨਹੀਂ ਹਟਾਂਗੇ।" ਅਕਾਲੀ ਜੀ ਦੇ ਇਹ ਛੇਕੜਲੇ ਬਚਨ ਸਨ, ਜੋ ਮਹਾਰਾਜੇ ਦੇ ਕੰਨੀ ਪਏ। ਅਫਗਾਨਾਂ ਨੇ ਵੀ ਜਹਾਦ ਦਾ ਨਾਅਰਾ ਲਾ ਕੇ ਇਹ ਜੰਗ ਲੜੀ। ਉਹਨਾਂ ਦੀ ਚਾਲ੍ਹੀ ਹਜ਼ਾਰ ਤੋਂ ਉਪਰ ਫੌਜ ਦੀ ਨਫਰੀ ਸੀ। ਨੁਸ਼ਹਿਰੇ ਦੇ ਮੈਦਾਨ 'ਚ ਜਦੋਂ ਹੀ ਖਾਲਸਾ ਦਲ ਪਹੁੰਚਿਆ। ਅਫਗਾਨਾਂ ਨੇ ਉਪਰੋਂ ਤੋਪਾਂ ਦੇ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ। ਕੁਝ ਸਮੇਂ ਵਿੱਚ ਸਿੰਘਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਏਨੇ ਨੂੰ ਅਕਾਲੀ ਫੂਲਾ ਸਿੰਘ ਦਾ ਜਥਾ ਅਫਗਾਨਾਂ ਦੇ ਸਿਰ 'ਤੇ ਆ ਚੜ੍ਹਿਆ ਤੇ ਖੂਬ ਕਟਾ-ਵੱਡੀ ਸ਼ੁਰੂ ਕਰ ਦਿੱਤੀ। ਅਕਾਲੀਆਂ ਨੂੰ ਦੇਖ ਕੇ ਬਾਕੀ ਫੌਜਾਂ ਵੀ ਅਫਗਾਨਾਂ 'ਤੇ ਟੁੱਟ ਪਈਆਂ। ਅਕਾਲੀ ਜੀ ਦੇ ਪੱਟ 'ਤੇ ਇੱਕ ਗੋਲੀ ਲੱਗੀ, ਹੋਰ ਗੋਲੀਆਂ ਆਈਆਂ ਤਾਂ ਘੋੜਾ ਜ਼ਖਮੀਂ ਹੋ ਗਿਆ। ਅਕਾਲੀ ਜੀ ਨੇ ਆਪਣੇ ਜ਼ਖਮ ਦੀ ਪਰਵਾਹ ਕੀਤੇ ਬਗੈਰ ਇਕ ਹਾਥੀ ਮੰਗਵਾ ਕੇ ਉਸ 'ਤੇ ਸਵਾਰ ਹੋ ਗਏ। ਮਹਾਵਤ ਨੇ ਅੱਗੇ ਹਾਥੀ ਲਿਜਾਣ ਤੋਂ ਨਾਂਹ ਕੀਤੀ ਤਾਂ ਅਕਾਲੀ ਜੀ ਨੇ ਉਸ ਤੋਂ ਅੰਕੁਸ਼ ਆਪਣੇ ਹੱਥ ਲੈ ਲਿਆ ਤੇ ਉਸ ਨੂੰ ਹਾਥੀ ਤੋਂ ਉਤਾਰ ਦਿੱਤਾ। ਆਪ ਜੀ ਹਾਥੀ ਨੂੰ ਉਸ ਜਗ੍ਹਾ ਲੈ ਗਏ, ਜਿੱਥੇ ਅਫਗਾਨਾਂ ਦੀ ਆਖਰੀ ਟੁੱਕੜੀ ਬੀਰਤਾ ਨਾਲ ਡਟੀ ਹੋਈ ਸੀ। ਉਹਨਾਂ ਸਭ ਦਾ ਧਿਆਨ ਅਕਾਲੀ ਜੀ ਵੱਲ ਹੋ ਗਿਆ। ਅਕਾਲੀ ਜੀ ਨੂੰ ਅੱਗੇ ਵਧਦਾ ਦੇਖ ਕੇ ਪਠਾਨ ਮੈਦਾਨ ਛੱਡ ਕੇ ਭੱਜ ਨਿਕਲੇ। ਅਕਾਲੀ

ਜੀ ਦੀ ਫੌਜ ਜਿੱਤ ਦੇ ਨਗਾਰੇ ਵਜਾਉਂਦੀ ਅਤੇ ਸਤਿ ਸ੍ਰੀ ਅਕਾਲ ਦੇ ਆਕਾਸ਼ ਕੰਬਾਊ ਜੈਕਾਰੇ ਛੱਡਦੀਆਂ ਮੁੜ ਰਹੀਆਂ ਸਨ। ਉਮਰ ਗੁੱਲ ਨਾਮ ਦਾ ਇਕ ਪਠਾਨ ਜੋ ਇਕ ਪੱਥਰ ਓਹਲੇ ਲੁਕਿਆ ਬੈਠਾ ਸ਼ੀ, ਉਸ ਨੇ ਆਪਣੀ ਦੁਨਾਲੀ ਬੰਦੂਕ ਦੀਆਂ ਦੋ ਗੋਲੀਆਂ ਅਕਾਲੀ ਜੀ ਦੇ ਮੱਥੇ 'ਤੇ ਮਾਰੀਆਂ। ਕਰਨਲ ਮਹਾਂ ਸਿੰਘ ਜੋ ਅਕਾਲੀ ਜੀ ਦੇ ਹਾਥੀ ਨਾਲ ਚੱਲ ਰਿਹਾ ਸੀ, 'ਤੇ ਤਲਵਾਰ ਨਾਲ ਉਸ ਪਠਾਨ ਦੇ ਕੁਤਰੇ ਕਰ ਦਿੱਤੇ। ਕੈਂਪ ਪਹੁੰਚਣ ਤੱਕ ਅਕਾਲੀ ਜੀ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਸਨ। ਮਹਾਰਾਜਾ ਰਣਜੀਤ ਸਿੰਘ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ, ਜਦੋਂ ਉਹਨਾਂ ਇਹ ਖਬਰ ਸੁਣੀ ਤੇ ਆਖਿਆ ਕਿ ਇਹ ਜੰਗ ਸਾਨੂੰ ਬਹੁਤ ਮੰਹਿੰਗੀ ਪਈ ਹੈ। ਸਾਰੇ ਖਾਲਸਾ ਦਲ ਨੂੰ ਸੰਬੋਧਨ ਕਰਕੇ ਮਹਾਰਾਜਾ ਸਾਹਿਬ ਨੇ ਅਕਾਲੀ ਜੀ ਦੀ ਬੇਹੱਦ ਤਾਰੀਫ ਕੀਤੀ, ਜਦੋਂ ਵੀ ਅਕਾਲੀ ਜੀ ਦਾ ਨਾਂ ਲੈਂਦੇ, ਉਹਨਾਂ ਦਾ ਗਲਾ ਭਰ ਜਾਂਦਾ। ਮਹਾਰਾਜਾ ਸਾਹਿਬ ਨੇ ਕਿਹਾ ਕਿ ਖਾਲਸਾ ਰਾਜ ਦਾ ਇਕ ਵੱਡਾ ਥੰਮ੍ਹ ਟੁੱਟ ਗਿਆ ਹੈ।

ਇਸ ਫਤਿਹ ਦਾ ਸਰਹੱਦ ਵਿੱਚ ਇਹ ਅਸਰ ਹੋਇਆ ਕਿ ਜਮਰੌਦ ਤੋਂ ਲੈ ਕੇ ਮਾਲਾਕੰਡ (ਸੁਵਾਤ) ਤੇ ਰੁਸਤਮ (ਬੁਨੇਰ ਤੋਂ ਲੈ ਕੇ ਖਟਕ) ਤੀਕ ਸਾਰਾ ਇਲਾਕਾ ਖਾਲਸੇ ਦੇ ਕਬਜ਼ੇ ਵਿੱਚ ਆ ਗਿਆ। ਇਹ ਉਹ ਸਰਹੱਦੀ ਇਲਾਕਾ ਹੈ, ਜਿਸ 'ਤੇ ਫਤਿਹ ਕਰਨ ਵਿੱਚ ਅਕਬਰ ਅਤੇ ਜਹਾਂਗੀਰ ਜੈਸੇ ਸ਼ਹਿਨਸ਼ਾਹ ਅਸਫਲ ਰਹੇ। ਅਕਬਰ ਦੇ ਜਰਨੈਲ ਬੀਰਬਲ ਨੇ ਇਸ ਇਲਾਕੇ ਨੂੰ ਫਤਿਹ ਕਰਦਿਆਂ ਜਾਨ ਗਵਾਈ। ਪਠਾਨਾਂ ਦੇ ਦਿਲਾਂ 'ਤੇ ਖਾਲਸੇ ਦਾ ਰੋਅਬ ਪੈ ਗਿਆ।

ਨੁਸ਼ਹਿਰੇ ਦੀ ਲੜਾਈ ਵਿੱਚੋਂ ਭੱਜ ਕੇ ਜਾਨ ਬਚਾਉਣ ਵਾਲਿਆਂ ਵਿੱਚ ਇਕ ਕਾਜ਼ੀ ਮੁੱਲਾਂ ਅਲਰਸ਼ੀਦ ਆਪਣੇ ਟੱਬਰ ਦਿਆਂ ਲੋਕਾਂ ਨੂੰ ਆਪਣੇ ਪੈਰ ਚੁੰਮ ਕੇ ਦੱਸਦਾ ਹੈ ਕਿ ਇਹਨਾਂ ਦੀ ਬਦੌਲਤ ਹੀ ਮੇਰੀ ਜਾਨ ਬਚੀ ਹੈ। ਲੋਕਾਂ ਪੁੱਛਿਆ ਕਿ ਕੀ ਅੱਗੇ ਤੋਂ ਖਾਲਸੇ ਨਾਲ ਜੰਗ ਵਿੱਚ ਜੂਝੋਗੇ ਤਾਂ ਉਸ ਨੇ ਹੱਸ ਕੇ ਕਿਹਾ ਕਿ ਜੇਕਰ ਮੈਨੂੰ ਐਨਾ ਲੰਬਾ ਨੇਜ਼ਾ ਦਿੱਤਾ ਜਾਵੇ, ਜਿਸ ਨਾਲ ਮੈਂ ਸਰਹੱਦ ਦੇ ਪਹਾੜ ਦੀ ਚੋਟੀ ਤੋਂ ਪੰਜਾਬ ਤੱਕ ਵਾਰ ਕਰ ਸਕਾਂ ਤਾਂ ਮੈਂ ਗਾਜ਼ੀ ਬਣਨ ਬਾਰੇ ਸੋਚਾਂਗਾ।

ਮੁਸਲਮਾਨ ਦੇ ਇਤਕਾਦ ਅਨੁਸਾਰ ਜਿਹੜਾ ਮੁਸਲਮਾਨ ਧਰਮ ਲਈ ਜੰਗ ਵਿੱਚ ਮਾਰਿਆ ਜਾਵੇ, ਉਹ ਗਾਜ਼ੀ 'ਅਮਰ ਸ਼ਹੀਦ' ਮੰਨਿਆ ਜਾਂਦਾ ਹੈ।

ਇਸ ਸਰਹੱਦੀ ਇਲਾਕੇ ਦੇ ਪਠਾਨਾਂ ਦੇ ਦਿਲਾਂ 'ਤੇ ਖਾਲਸੇ ਦਾ ਐਨਾ ਡਰ ਪੈ ਗਿਆ ਕਿ ਖਾਲਸੇ ਦੀ ਬਾਹਰ ਪਈ ਕਿਸੇ ਚੀਜ਼ ਨੂੰ ਹੱਥ ਨਾ ਲਾਉਂਦੇ "ਇਹ ਨਿਹੰਗਾਂ ਦਾ ਮਾਲ ਹੈ ਇਸ ਤੋਂ ਪਨਾਹ ਮੰਗੋ" ਕਿਹਾ ਕਰਦਾ।

ਸੰਨ 1834 ਵਿੱਚ ਜਦੋਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਪਿਸ਼ਾਵਰ ਦਾ ਗਵਰਨਰ ਨਿਯੁਕਤ ਹੋਇਆ ਤਾਂ ਸਭ ਤੋਂ ਪਹਿਲਾਂ ਅਕਾਲੀ ਫੂਲਾ ਸਿੰਘ ਦੀ ਸਮਾਧੀ 'ਤੇ ਮੱਥਾ ਟੇਕਣ ਆਇਆ ਅਤੇ ਸਮਾਧ ਦੇ ਨਾਂ ਲੱਗੀ ਜਗੀਰ ਵਿੱਚ ਹੋਰ ਵਾਧਾ ਕੀਤਾ।

ਅਕਾਲੀ ਜੀ ਦਾ ਕੱਦ ਬਹੁਤਾ ਲੰਮਾ ਨਹੀਂ ਸੀ, ਪਰ ਸਰੀਰ ਕਸਰਤੀ ਅਤੇ ਚੁਸਤ ਸੀ। ਸਾਰੀ ਉਮਰ ਆਪ ਨੂੰ ਕਿਸੇ ਨੇ ਬਿਮਾਰ ਨਹੀਂ ਦੇਖਿਆ। ਰਸਨਾ ਵਿੱਚ ਐਸੀ ਸ਼ਕਤੀ ਸੀ ਕਿ ਕੋਈ ਵੀ ਬਚਨ ਮੋੜ ਨਾ ਸਕਦਾ। ਚਿਹਰੇ 'ਤੇ ਐਨਾ ਜਲਾਲ ਸੀ ਕਿ ਮੁਲਤਾਨ ਦੀ ਜੰਗ ਵਿੱਚ ਅਚਨਚੇਤ ਨਵਾਬ ਮਜ਼ੱਫਰ ਖਾਂ ਦੇ ਸਾਹਮਣੇ ਹੋ ਗਏ ਤਾਂ ਨਵਾਬ ਦੇ ਹੱਥੋਂ ਤਲਵਾਰ ਡਿੱਗ ਪਈ।

ਜੰਗਾਂ ਵਿੱਚੋਂ ਵਿਹਲ ਹੁੰਦੀ ਤਾਂ ਗੁਰਦੁਆਰਿਆਂ ਦੇ ਸੁਧਾਰ ਵੱਲ ਧਿਆਨ ਦਿੰਦੇ। ਵਿਗੜਿਆਂ ਤਿਗੜਿਆਂ ਨੂੰ ਚੰਗੀ ਤਰ੍ਹਾਂ ਬਣਾ ਕੇ ਸੋਧਿਆ ਕਰਦੇ। ਮਹਾਰਾਜੇ ਦੇ ਕਈ ਦਰਬਾਰੀ ਜੋ ਰਹਿਤ ਮਰਿਯਾਦਾ ਵਿੱਚ ਕੱਚੇ ਸਨ, ਅਕਾਲੀ ਜੀ ਤੋਂ ਖਿਝਦੇ ਸਨ। ਆਪ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਸਾਹਿਬ ਜੀ ਦੇ ਉਪਦੇਸ਼ ਅਤੇ ਧਰਮ ਪ੍ਰਚਾਰ, ਗੁਰਦੁਆਰਿਆਂ ਦੇ ਸੁਧਾਰ ਅਤੇ ਖਾਲਸਾ ਪੰਥ ਜੀ ਚੜ੍ਹਦੀ ਕਲਾ ਲਈ ਲਾਇਆ ਅਤੇ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ।

ਅਕਾਲੀ ਜੀ ਮਹਾਰਾਜਾ ਰਣਜੀਤ ਸਿੰਘ ਨੂੰ ਕੋਰੜੇ ਮਾਰਨ ਦੀ ਦਲੇਰੀ ਰੱਖਦੇ ਸਨ ਤੇ ਮਹਾਰਾਜਾ ਉਹਨਾਂ ਦੇ ਹੁਕਮ 'ਤੇ ਕਿੰਤੂ ਨਹੀਂ ਕਰ ਸਕਦਾ ਸੀ। ਮਹਾਰਾਜਾ ਜਾਣਦਾ ਸੀ ਕਿ ਉਸ ਦੀ ਆਵਾਜ਼ ਵਿੱਚ ਸੱਚ ਦੀ ਆਵਾਜ਼ ਹੈ। ਹੋਇਆ ਇਸ ਤਰ੍ਹਾਂ ਕਿ ਮਹਾਰਾਜਾ ਮੋਰਾਂ ਨਾਂ ਦੀ ਇੱਕ ਨਾਚੀ 'ਤੇ ਮੋਹਿਤ ਹੋ ਗਿਆ ਤੇ ਉਸ ਨਾਲ ਮੁਸਲਮਾਨੀ ਰੀਤ ਨਾਲ ਨਿਕਾਹ ਕਰਵਾਇਆ ਤੇ ਉਸ ਦੇ ਕਹਿਣ 'ਤੇ ਉਸ ਦੇ ਨਾਮ ਦਾ ਸਿੱਕਾ ਵੀ ਜਾਰੀ ਕਰ ਦਿੱਤਾ। ਅਕਾਲੀ ਫੂਲਾ ਸਿੰਘ ਜੀ ਨੇ ਬਤੌਰ ਜਥੇਦਾਰ ਅਕਾਲ ਤਖਤ ਮਹਾਰਾਜਾ ਨੂੰ ਅਕਾਲੀ ਤਖਤ 'ਤੇ ਤਲਬ ਕਰ ਲਿਆ ਮਹਾਰਾਜਾ ਬੜਾ ਨੀਤੀਵਾਨ ਸੀ, ਨੰਗੇ ਪੈਰੀਂ ਅਤੇ ਨੰਗੇ ਸਰੀਰ ਪੇਸ਼ ਹੋ ਗਿਆ। ਜਥੇਦਾਰ ਜੀ ਵੀ ਪੂਰੇ ਤੈਸ਼ ਵਿੱਚ ਬੈਠੇ ਸਨ ਤੇ ਮਹਾਰਾਜੇ ਨੂੰ ਇਮਲੀ ਦੇ ਦਰੱਖਤ ਨਾਲ ਨੂੜ ਲਿਆ। ਜਥੇਦਾਰ ਜੀ ਨੇ ਮਾਰਨ ਲਈ ਕੋਰੜਾ ਚੁੱਕਿਆ ਸੀ ਕਿ ਸੰਗਤ ਵਿੱਚੋਂ ਉੱਚੀ ਆਵਾਜ਼ ਆਈ ਕਿ ਮਹਾਰਾਜਾ ਨਿਮਰਤਾ ਨਾਲ ਬੱਝਾ ਖੜ੍ਹਾ ਹੈ ਤਾਂ ਹੋਰ ਸਰੀਰਕ ਸਜ਼ਾ ਬਖਸ਼ ਦਿੱਤੀ ਜਾਵੇ ਤਾਂ ਇਹ ਗੱਲ ਪਰਵਾਨ ਕੀਤੀ ਗਈ ਸੀ। ਮੋਰਾਂ ਮਹਾਰਾਜਾ ਰਣਜੀਤ ਸਿੰਘ ਨਾਲ ਹਲਕੇ ਫੁਲਕੇ ਮਜ਼ਾਕ ਵੀ ਕਰ ਲਿਆ ਕਰਦੀ ਸੀ। ਮਹਾਰਾਜਾ ਦੇ ਚਿਹਰੇ 'ਤੇ ਮਾਤਾ ਦੇ ਦਾਗ ਸਨ ਤੇ ਇੱਕ ਅੱਖ ਵੀ ਖਰਾਬ ਸੀ। ਇਕ ਵਾਰੀ ਮਹਾਰਾਜੇ ਨੂੰ ਆਖਣ ਲੱਗੀ ਕਿ ਜਦੋਂ ਖੁਦਾ ਹੁਸਨ ਵੰਡ ਰਿਹਾ ਸੀ ਤਾਂ ਤੁਸੀਂ ਕਿੱਥੇ ਸੀ। ਮਹਾਰਾਜੇ ਨੇ ਜਵਾਬ ਦਿੱਤਾ ਕਿ ਮੈਂ ਰਾਜ ਪ੍ਰਾਪਤ ਕਰਨ ਵਿੱਚ ਲੱਗਾ ਹੋਇਆ ਸੀ, ਤਾਂ ਜੋ ਤੇਰੇ ਜਿਹੀਆਂ ਨੂੰ ਆਪਣੇ ਹਰਮ ਦਾ ਸ਼ਿੰਗਾਰ ਬਣਾ ਸਕਾਂ।

ਹੈਦਰਾਬਾਦ ਦੇ ਨਵਾਬ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਬੇਸ਼ਕੀਮਤੀ ਚਾਨਣੀ ਤੋਹਫੇ ਵਜੋਂ ਭੇਜੀ। ਇਸ ਹੇਠਾਂ ਕੁਝ ਚਿਰ ਮਹਾਰਾਜਾ ਆਪਣੇ ਰਾਮ ਬਾਗ ਵਿਖੇ ਦਰਬਾਰ ਵਿੱਚ ਬੈਠਾ ਰਿਹਾ ਤੇ ਫੇਰ ਉਹਨਾਂ ਉਹ ਚਾਨਣੀ ਅਕਾਲ ਤਖਤ ਵਿਖੇ ਭੇਟ ਕਰ

ਦਿੱਤੀ। ਅਕਾਲ ਤਖਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੂੰ ਪਤਾ ਲੱਗਾ ਕਿ ਇਕ ਦੁਨਿਆਵੀ ਸ਼ਖਸ ਦੀ ਵਰਤੀ ਹੋਈ ਚੀਜ਼ ਅਕਾਲ ਤਖਤ ਵਿਖੇ ਭੇਟ ਕੀਤੀ ਹੈ ਤਾਂ ਮਹਾਰਾਜੇ ਨੂੰ ਫੇਰ ਅਕਾਲ ਤਖਤ 'ਤੇ ਤਲਬ ਕਰ ਲਿਆ। ਮਹਾਰਾਜਾ ਸਾਹਿਬ ਨੂੰ ਤਨਖਾਹ ਲਾਈ ਗਈ ਜੋ ਉਹਨਾਂ ਖਿੜੇ ਮੱਥੇ ਪਰਵਾਨ ਕੀਤੀ। ਤਨਖਾਹ ਅਨੁਸਾਰ ਭਨੋਰੀ (ਕਾਂਗੜਾ) ਤੇ ਨਰੈਣਪੁਰ (ਗੁਰਦਾਸਪੁਰ) ਦੀ ਜਗੀਰ ਦਰਬਾਰ ਸਾਹਿਬ ਦੇ ਨਾਂ ਲੁਆ ਦਿੱਤੀ। ਅੰਗਰੇਜ਼ਾਂ ਨੇ ਇਹ ਘਟਾ ਕੇ ਪਹਿਲਾਂ 2200 ਰੁਪਏ ਤੇ ਫੇਰ ਸੰਨ 1892 ਵਿੱਚ ਜ਼ਬਤ ਕਰ ਲਈ।

ਪਿੰਡ ਅਜਨੋਹਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹਰ ਸਾਲ ਸੰਨ 1944 ਤੋਂ ਅਕਾਲੀ ਫੂਲਾ ਸਿੰਘ ਜੀ ਦੀ ਕੌਮ ਲਈ ਕੁਰਬਾਨੀ ਨੂੰ ਯਾਦ ਕਰਨ ਲਈ ਸਮਾਗਮ ਕਰਾਇਆ ਜਾਂਦਾ ਹੈ ਅਤੇ ਸੰਨ 1983 ਤੋਂ ਉਹਨਾਂ ਦੇ ਨਾਲ ਹੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਅਕਾਲ ਤਖਤ (1980-82) ਦੀ ਬਰਸੀ ਮਨਾਈ ਜਾਂਦੀ ਹੈ।

ਪ੍ਰਸਿੱਧ ਸਿੱਖ ਇਤਿਹਾਸਕਾਰ

# ਗਿਆਨੀ ਗਿਆਨੀ ਸਿੰਘ ਜੀ

ਲੌਂਗੋਵਾਲ, (ਸੰਗਰੂਰ)



ਜਨਮ-17 ਅਪ੍ਰੈਲ 1822

ਦਿਹਾਂਤ 24 ਸਤੰਬਰ 1921 ਈ.

ਲੇਖਕ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ

# ਗਿਆਨੀ ਗਿਆਨ ਸਿੰਘ ਜੀ ਦੀ ਵੰਸ਼-ਪ੍ਰਣਾਲੀ

ਪ੍ਰਿਥੀ ਰਾਜ ਚੌਹਾਨ

ਦੁੱਲਟ ਰਾਇ ਚੌਹਾਨ

ਸੂਰ ਰਾਇ — ਧਾਰ ਰਾਇ — ਕਬੋ ਰਾਇ — ਬਨ ਰਾਇ — ਲੌਂਗੋ ਰਾਇ — ਰਾਜਾਣੀ ਰਾਇ — ਬਡਿਆਣੀ ਰਾਇ

ਕਾਲਾ — ਬਖਤਾ

ਭਾਈ ਨਗਾਹੀਆ ਸਿੰਘ — ਭਾਈ ਮਨੀ ਸਿੰਘ

ਦਰਗਾਹਾ ਸਿੰਘ — ਅਘੜ ਸਿੰਘ — ਬਰਾਜ ਸਿੰਘ — ਮਰਾਝ ਸਿੰਘ — ਰੁੱਘਾ ਸਿੰਘ — ਬਖਤਾ ਸਿੰਘ — ਸੁਜਾਨ ਸਿੰਘ

ਪ੍ਰੇਮ ਸਿੰਘ — ਹਰੀ ਸਿੰਘ — ਭਾਗ ਸਿੰਘ

ਸੱਦਾ ਸਿੰਘ — ਸੰਤੋਖ ਸਿੰਘ — ਅਣੋਖ ਸਿੰਘ — ਗਿ: ਗਿਆਨ ਸਿੰਘ

ਨੱਥਾ ਸਿੰਘ — ਸੁੰਦਰ ਸਿੰਘ — ਬੀਬੀ ਪ੍ਰਧਾਨ ਕੌਰ

ਗਿਆਨੀ ਗਿਆਨ ਸਿੰਘ ਜੀ ਦੇ ਮੁਤਬੰਨੇ ਗਿਆਨੀ ਹਮੀਰ ਸਿੰਘ ਜੀ ਧਨੌਲਾ (ਦਿਹਾਂਤ 17.7.1970

ਹਰਿਕ੍ਰਿਸ਼ਨ ਸਿੰਘ

ਸੁਖਦੇਵ ਸਿੰਘ (ਅਜ ਕਲ)

ਸੁਖਬੀਰ ਸਿੰਘ — ਲਖਬੀਰ ਸਿੰਘ

ਪ੍ਰਸਿੱਧ ਇਤਿਹਾਸਕਾਰ

# ਗਿਆਨੀ ਗਿਆਨ ਸਿੰਘ ਜੀ

**ਲੌਂਗੋਵਾਲ (ਸੰਗਰੂਰ)**

ਸਿੱਖ ਪੰਥ ਦੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਜਿਨ੍ਹਾਂ ਸ੍ਰੀ ਗੁਰੂ ਪੰਥ ਪ੍ਰਕਾਸ਼ ਰਚਿਆ, ਨੇ ਆਪਣੀ ਵੰਸ਼ਾਵਲੀ ਨੂੰ ਪ੍ਰਿਥਵੀ ਰਾਜ ਚੌਹਾਨ ਨਾਲ ਜੋੜਿਆ ਹੈ। ਬਾਰ੍ਹਵੀਂ ਸਦੀ ਦੇ ਅੱਧ ਵਿੱਚ ਪ੍ਰਿਥਵੀ ਰਾਜ ਚੌਹਾਨ ਦਾ ਦਿੱਲੀ 'ਤੇ ਰਾਜ ਸੀ। ਉਸ ਨੇ ਆਪਣੇ ਛੋਟੇ ਭਰਾ ਰਾਇਬੀਰ ਨੂੰ ਆਗਰੇ ਦਾ ਇਲਾਕਾ ਜਗੀਰ ਵਜੋਂ ਦਿੱਤਾ ਹੋਇਆ ਸੀ। ਰਾਇ ਬੀਰ ਆਪਣੀ ਜਗੀਰ ਦੇ ਪ੍ਰਬੰਧ ਵਿੱਚ ਜਦੋਂ ਝਗੜੇ ਸੰਬੰਧੀ ਮੁਕੱਦਮੇ ਸੁਣਦਾ ਤਾਂ ਮੁਦੱਈਆ ਅਤੇ ਮੁਦੱਆਲਯ ਦੋਨਾਂ ਨੂੰ ਭਾਰੀ ਜੁਰਮਾਨੇ ਕਰਿਆ ਕਰਦਾ ਸੀ। ਉਸ ਦਾ ਖਿਆਲ ਸੀ ਇਸ ਤਰ੍ਹਾਂ ਲੋਕ ਮੁਕੱਦਮੇਬਾਜ਼ੀ ਤੋਂ ਗੁਰੇਜ ਕਰਨਗੇ। ਆਮ ਲੋਕਾਂ ਵਿੱਚ ਇਹ ਗੱਲ ਉਡ ਗਈ ਕਿ ਰਾਇਬੀਰ ਦੋਨਾਂ ਪਾਸਿਆਂ ਨੂੰ ਲੁੱਟਦਾ ਹੈ ਤੇ ਲੋਕ ਪਿੱਠ ਪਿੱਛੇ ਉਸ ਨੂੰ ਦੁਹਲੱਟ ਕਹਿਣ ਲੱਗ ਪਏ। ਇਕ ਵਾਰੀ ਰਾਇਬੀਰ ਆਪਣੇ ਭਰਾ ਪ੍ਰਿਥਵੀ ਰਾਜ ਨੂੰ ਮਿਲਣ ਉਸ ਦੇ ਦਰਬਾਰ ਵਿਚ ਆਇਆ ਤਾਂ ਪ੍ਰਿਥਵੀ ਰਾਜ ਨੇ ਹਾਸੇ ਵਿੱਚ ਕਿਹਾ "ਇਹ ਸਾਡਾ ਦੁਹ ਲੁੱਟ ਭਰਾ ਆਇਆ ਹੈ।" ਤਦੋਂ ਤੋਂ ਰਾਇਬੀਰ ਦੀ ਅੱਲ ਦੁਹ ਲੁੱਟ ਪੈ ਗਈ ਜੋ ਵਿਗੜਦੀ-ਵਿਗੜਦੀ 'ਦੁਲੱਟ' ਬਣ ਗਈ।

ਸੰਨ 1162 ਨੂੰ ਕਰਨਾਲ ਦੀ ਲੜਾਈ ਵਿੱਚ ਪ੍ਰਿਥਵੀ ਰਾਜ ਚੌਹਾਨ ਸ਼ਹਾਬੁਦੀਨ ਮੁਹੰਮਦ ਗੌਰੀ ਦੇ ਹੱਥੋਂ ਹਾਰ ਗਿਆ ਤੇ ਉਸਨੂੰ ਗ੍ਰਿਫਤਾਰ ਕਰਕੇ ਗਜ਼ਨੀ ਲੈ ਗਏ। ਰਾਇਬੀਰ ਬਚ ਕੇ ਸੁਨਾਮ ਦੇ ਇਲਾਕੇ ਵਿੱਚ ਆਗਿਆ। ਸੁਨਾਮ 'ਤੇ ਉਸ ਵੇਲੇ ਗੁੱਜਰ ਕੌਮ ਦੀ ਰਾਣੀ ਸੋਇਨਾ ਦਾ ਰਾਜ ਸੀ। ਰਾਣੀ ਨੇ ਰਾਇਬੀਰ ਦੀ ਹਰ ਤਰ੍ਹਾਂ ਮਦਦ ਕੀਤੀ। ਰਾਇਬੀਰ ਨੇ ਇਕ ਤਕੜਾ ਜਥਾ ਬਣਾ ਲਿਆ ਤੇ ਦਿੱਲੀ ਆਗਰੇ ਤੱਕ ਤੁਰਕਾਂ ਨੂੰ ਲੁੱਟ ਕੇ ਲੈ ਆਉਂਦਾ। ਰਾਇਬੀਰ ਦੇ ਸੱਤ ਪੁੱਤਰ ਸਨ ਤੇ ਉਹਨਾਂ ਦਾ ਸ਼ਿੱਜਰਾ ਅੱਗੇ ਦਿੱਤਾ ਗਿਆ ਹੈ। ਜਦੋਂ ਦੁਲਟਾਂ ਦੀ ਗਿਣਤੀ ਬਹੁਤ ਵਧ ਗਈ ਤਾਂ ਇਹਨਾਂ ਨੇ ਚੱਠੇ, ਉਪਲੀ, ਕੈਂਥੋਵਾਲ ਅਤੇ ਲੌਂਗੋਵਾਲ ਪਿੰਡ ਵਸਾਏ ਅਤੇ ਕੁਝ ਦੁੱਲਟ ਮਾਝੇ ਵੱਲ ਨੂੰ ਚਲੇ ਗਏ ਤੇ ਬਟਾਲੇ ਲਾਗੇ ਪਿੰਡ ਦੁੱਲਟ ਵਸਾਇਆ। ਇਹਨਾਂ ਵਿੱਚੋਂ ਗਿਆਨੀ ਗਿਆਨ ਸਿੰਘ ਦੇ ਸਮੇਂ ਭਾਈ ਗੰਡਾ ਸਿੰਘ ਜੀ ਆਪਣੀ ਲਿਆਕਤ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਨੇਕ ਪੁਜਾਰੀ ਅਤੇ ਅਰਦਾਸੀਏ ਰਹੇ ਹਨ।

ਨੌਵੇਂ ਪਾਤਸ਼ਾਹ ਦੇ ਮਾਲਵੇ ਦੇ ਦੌਰੇ ਸਮੇਂ ਬਹੁਤੇ ਦੁੱਲਟ ਉਹਨਾਂ ਦੇ ਸੇਵਕ ਹੋ ਗਏ ਤੇ ਇਹ ਪ੍ਰੀਤੀ ਵਧਦੀ ਹੀ ਗਈ ਤੇ ਦੁੱਲਟਾਂ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛੱਕ ਕੇ ਕੌਮ ਦੀਆਂ ਕਈ ਜੰਗਾਂ ਯੁੱਧਾਂ ਵਿੱਚ ਅੱਗੇ ਹੋ ਕੇ ਲੜੇ । ਗਿਆਨੀ ਗਿਆਨ ਸਿੰਘ ਜੀ ਇਸੇ ਖਾਨਦਾਨ 'ਚੋਂ ਸਨ। ਇਹ ਸਭ ਉਹਨੀ ਆਪ ਲਿਖਿਆ ਹੈ। ਗਿਆਨੀ ਜੀ ਤਕੜਾ

ਸਿੰਘ ਦੇ ਦੋਹਤਰੇ ਸਨ। ਤਕੜਾ ਸਿੰਘ ਵੀ ਪੂਰਨ ਗੁਰਸਿੱਖ ਸੀ ਤੇ ਹਰ ਵਕਤ ਆਏ ਗਏ ਲਈ ਇਹਨਾਂ ਦੇ ਘਰ ਲੰਗਰ ਮਿਲਦਾ ਸੀ। ਇਹ ਸ਼ੇਰੋਂ ਪਿੰਡ ਦੇ ਤਕੜੇ ਸਰਦਾਰ ਸਨ।

ਭਾਈ ਦਿਆਲਾ ਜੀ ਭਾਈ ਮਨੀ ਸਿੰਘ ਜੀ ਦੇ ਸਕੇ ਚਾਚੇ ਸਨ। ਭਾਈ ਮਤੀ ਦਾਸ, ਇਸ ਖਾਨਦਾਨ ਦੇ ਪ੍ਰੋਹਤ ਸਨ ਤੇ ਇਹਨਾਂ ਦਾ ਖਾਨਦਾਨ ਅਜੇ ਵੀ ਲੌਂਗੋਵਾਲ ਵਿੱਚ ਵੱਸਦਾ ਹੈ।

ਗਿਆਨੀ ਗਿਆਨ ਸਿੰਘ ਜੀ ਦਾ ਜਨਮ ਸੰਨ 1822 ਵਿੱਚ, 5 ਵਿਸਾਖ 1879 ਬਿਕਰਮੀ ਵਿੱਚ ਹੋਇਆ। ਆਪ ਜੀ ਨੇ ਸਿੱਖ ਇਤਿਹਾਸ ਦੀ ਖੋਜ ਲਈ ਤੇ ਪ੍ਰਚਾਰ ਲਈ ਸਾਰੇ ਦੇਸ਼ ਦਾ ਦੌਰਾ ਕੀਤਾ। ਆਪ ਜੀ ਨੇ ਮਹਾਰਾਜਾ ਪਟਿਆਲਾ ਦੀ ਫੌਜ ਵਿੱਚ ਨੌਕਰੀ ਵੀ ਕੀਤੀ। ਅੰਗਰੇਜ਼ਾਂ ਨਾਲ ਸਿੱਖਾਂ ਦੀਆਂ ਮੁੱਦਕੀ ਅਤੇ ਫੇਰੂ ਸ਼ਹਿਰ ਦੀਆਂ ਜੰਗਾਂ ਵਿੱਚ ਆਪ ਦੀ ਡਿਊਟੀ ਡਾਕ ਵੰਡਣ 'ਤੇ ਸੀ। ਆਪਜੀ ਨੇ ਆਪਣੀ ਅੱਖੀਂ ਸਿੱਖ ਫੌਜਾਂ ਦੀ ਬਹਾਦਰੀ ਅਤੇ ਡੋਗਰਿਆਂ ਦੀ ਲੂਣ ਹਰਾਮੀ ਅਤੇ ਧੋਖੇਬਾਜ਼ੀ ਨੂੰ ਡਿੱਠਾ।

ਗਿਆਨੀ ਜੀ ਇਕ ਮਹਾਨ ਵਿਦਵਾਨ, ਖੋਜੀ ਅਤੇ ਪੰਥ ਨੂੰ ਪਿਆਰ ਕਰਨ ਵਾਲੇ ਸਨ। ਆਪ ਜੀ ਗੁਰੂ ਪੰਥ ਲਈ ਜੋ ਮਹਾਨ ਕਾਰਜ ਇਤਿਹਾਸ ਲਿਖ ਕੇ ਕਰ ਗਏ ਸਨ, ਉਹ ਅੱਜਕੱਲ੍ਹ ਦੇ ਸਿੱਖ ਇਤਿਹਾਸ ਦੇ ਪ੍ਰੇਮੀਆਂ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ। ਇੱਥੇ ਇਹ ਕਹਿਣਾ ਠੀਕ ਬਣਦਾ ਹੈ ਕਿ ਗਿਆਨੀ ਗਿਆਨ ਸਿੰਘ ਜੀ ਦੀਆਂ ਰਚਨਾਵਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼" ਅਤੇ "ਤਵਾਰੀਖ ਗੁਰੂ ਖਾਲਸਾ" ਤੋਂ ਬਿਨਾਂ ਸਿੱਖ ਕੌਮ ਦਾ ਹੋਰ ਕੋਈ ਲਿਖਤੀ ਸੰਪੂਰਣ ਇਤਿਹਾਸ ਨਹੀਂ ਹੈ ਤੇ ਮੈਂ ਇਹ ਕਹਿਣ ਤੇ ਮਜਬੂਰ ਹਾਂ ਕਿ :-

ਹਰ ਦੌਰ ਕੇ ਮਲਾਹ ਹਮੇਂ ਯਾਦ ਕਰੇਂਗੇਂ
ਸਾਹਿਲ ਪੇ ਕੁਝ ਐਸੇ ਨਿਸ਼ਾਂ ਛੋੜ ਜਾਏਂਗੇ ਹਮ।

# ਸ਼ਹੀਦ ਭਾਈ ਮਨੀ ਸਿੰਘ ਜੀ

ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ ਤੇ ਸਦਾ ਲਈ ਗੁਰੂ ਸਾਹਿਬ ਦੀ ਹਜ਼ੂਰ ਵਿੱਚ ਰਹੇ। ਸਤਿਗੁਰਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਤਾ ਸੁੰਦਰੀ ਜੀ ਵੱਲੋਂ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਨੀਯਤ ਕਰਕੇ ਭੇਜੇ ਗਏ। ਇਹਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨ ਦੀ ਸੰਪ੍ਰਦਾ ਤੋਰੀ, ਜਿਹੜੇ ਅਰਥ ਆਪ ਜੀ ਨੇ ਕਲਗੀਧਰ ਜੀ ਤੋਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸੁਣੇ ਸਨ। ਅਨੇਕਾਂ ਬਿਖੜੇ ਸਮਿਆਂ ਵਿੱਚ ਪੰਥ ਦੀ ਰਹਿਨੁਮਾਈ ਕਰਦੇ ਰਹੇ ਤੇ ਅੰਤ 1794 ਬਿਕਰਮੀ ਨੂੰ ਜ਼ਾਲਮ ਹਕੂਮਤ ਵੱਲੋਂ ਆਪਜੀ ਨੂੰ ਬੰਦ ਬੰਦ ਕਟ ਕੇ ਸ਼ਹੀਦ ਕਰ ਦਿੱਤਾ ਗਿਆ।

ਸੰਮਤ 1762 ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਛੱਡਿਆ ਤਦ ਆਪ ਜੀ ਨੂੰ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ ਜੀ ਨੂੰ ਦਿੱਲੀ ਲੈ ਜਾਣ ਅਤੇ ਸੇਵਾ ਵਿੱਚ ਹਾਜ਼ਰ ਰਹਿਣ ਦਾ ਹੁਕਮ ਹੋਇਆ। ਸੰਮਤ 1763 ਵਿੱਚ ਆਪ ਜੀ ਗੁਰੂ ਜੀ ਦੇ ਮਹਿਲਾਂ ਨੂੰ ਨਾਲ ਲੈ ਦਮਦਮਾ ਸਾਹਿਬ ਆਏ, ਜਿੱਥੇ ਆਪ ਕਈ ਮਹੀਨੇ ਰਹੇ ਅਤੇ ਦਸਮ ਪਿਤਾ ਨੇ ਉਚਾਰ ਕੇ ਭਾਈ ਮਨੀ ਸਿੰਘ ਜੋ ਤੋਂ ਗਰੰਥ ਸਾਹਿਬ ਦੀ ਇਕ ਬੀੜ ਲਿਖਵਾਈ, ਜਿਸ ਨੂੰ ਨੰਦੇੜ ਵਿਖੇ ਗੁਰੂ ਗੱਦੀ ਬਖਸ਼ੀ ਅਤੇ ਇਸੇ ਬੀੜ ਨੇ "ਗੁਰੂ ਗਰੰਥ ਸਾਹਿਬ" ਦੀ ਸ਼ਕਤੀ ਪਾਈ।

ਆਪ ਜੀ ਨੇ ਜਦੋਂ ਹਰਿਮੰਦਰ ਸ਼ਾਹਿਬ ਦੇ ਹੈਡ ਗ੍ਰੰਥੀ ਦੀ ਸੇਵਾ ਕਰ ਰਹੇ ਸਨ ਤਾਂ ਕਈ ਗਰੰਥ ਲਿਖੇ। ਗੁਰੂ ਗ੍ਰੰਥ ਸਾਹਿਬ ਦੀ ਇਕ ਨਵੀਂ ਬੀੜ ਤਿਆਰ ਕੀਤੀ, ਜਿਸ ਵਿੱਚ ਹਰ ਸਤਿਗੁਰਾਂ ਦੀ ਬਾਣੀ ਸਭ ਰਾਗਾਂ ਵਿੱਚੋਂ ਚੁਣ ਕੇ ਇੱਕ ਥਾਂ ਇਕੱਤਰ ਕੀਤੀ ਅਤੇ ਭਗਤ ਬਾਣੀ ਨੂੰ ਵੀ ਆਪਣੀ ਇੱਛਾ ਅਨੁਸਾਰ ਨਵੀਂ ਚਰਤੀਬ ਦੇਣ ਦਾ ਸੰਕਲਪ ਲਿਆ। ਪ੍ਰਮੁੱਖ ਸਿੱਖਾਂ ਇਸ ਦਾ ਬਹੁਤ ਬੁਰਾ ਮਨਾਇਆ ਤੇ ਦੀਵਾਨ ਤੋਂ ਆਵਾਜ਼ਾਂ ਆਈਆਂ ਕਿ ਗੁਰੂ ਗਰੰਥ ਸਾਹਿਬ, ਪਰਗਟ ਗੁਰਾਂ ਦੀ ਦੇਹ ਹਨ ਜਿਸ ਤਰ੍ਹਾਂ ਭਾਈ ਜੀ ਨੇ ਗੁਰੂ ਦੇ ਅੰਗਾਂ ਨੂੰ ਜੁਦਾ ਕੀਤਾ ਹੈ, ਤਿਵੇਂ ਹੀ ਇਹਨਾਂ ਦੇ ਸਰੀਰ ਦੇ ਵੀ ਬੰਦ-ਬੰਦ ਕੱਟੇ ਜਾਣੇ ਚਾਹੀਦੇ ਹਨ। ਭਾਈ ਸਾਹਿਬ ਨੇ ਗਲ ਵਿੱਚ ਪੱਲਾ ਪਾ ਕੇ ਭਰੇ ਦੀਵਾਨ ਵਿੱਚ ਬੇਨਤੀ ਕੀਤੀ ਕਿ ਮੈਨੂੰ ਬੰਦ-ਬੰਦ ਕੱਟੇ ਜਾਣੇ ਪਰਵਾਨ ਹਨ, ਪ੍ਰੰਤੂ ਮੈਨੂੰ ਇਕ ਦਾਨ ਬਖਸ਼ੋ ਕਿ ਮੇਰਾ ਸਿੱਖੀ ਸਿਦਕ ਗੁਰੂ ਖਾਲਸਾ ਜੀ ਦੇ ਚਰਨਾਂ 'ਤੇ ਦ੍ਰਿੜ ਰਹੇ। ਇਹਨਾਂ ਕਦਮਾਂ ਉਪਰੰਤ ਨਵਾਬ ਕਪੂਰ ਸਿੰਘ ਜੀ ਨੇ ਗੁਰੂ-ਪੰਥ ਦੀ ਆਗਿਆ ਅਨੁਸਾਰ ਅਰਦਾਸਾ ਸੋਧਿਆ।

ਸਿੰਘਾਂ ਦਾ ਅੰਮ੍ਰਿਤਸਰ ਇਕੱਠੇ ਹੋਣਾ ਮੁਗਲ ਹਾਕਮਾਂ ਨੇ ਬੰਦ ਕੀਤਾ ਹੋਇਆ ਸੀ। ਇਸ ਸਮੇਂ ਸਿੰਘਾਂ ਨੇ ਸੁਝਾਅ ਦਿੱਤਾ ਕਿ ਦੀਵਾਲੀ 'ਤੇ ਸਿੰਘਾਂ ਦੇ ਦੀਵਾਨ ਸਜਾਏ ਜਾਣ। ਭਾਈ ਮਨੀ ਸਿੰਘ ਜੀ ਨੇ ਲਾਹੌਰ ਦੇ ਹਾਕਮ ਪਾਸੋਂ ਤਿੰਨ ਦਿਨ ਸਮਾਗਮ ਕਰਨ

ਲਈ ਤਿੰਨ ਹਜ਼ਾਰ ਰੁਪਏ ਜਜ਼ੀਆ ਭਰਨਾ ਮੰਨਿਆ। ਮੁਗਲ ਹਾਕਮਾਂ ਨੇ ਸੋਚਿਆ ਕਿ ਇਕੱਠੇ ਹੋਏ ਸਿੰਘਾਂ ਨੂੰ ਖਤਮ ਕਰਨ ਦਾ ਇਹ ਚੰਗਾ ਮੌਕਾ ਹੈ, ਚੁੱਪ ਚੁਪੀਤੇ ਫੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ। ਭਾਈ ਸਾਹਿਬ ਨੇ ਸਿੰਘਾਂ ਨੂੰ ਨਾ ਆਉਣ ਦੇ ਸੁਨੇਹੇ ਭੇਜ ਦਿੱਤੇ। ਇਸ ਤਰ੍ਹਾਂ ਜੋ ਮਾਇਆ ਇਕੱਠੀ ਹੋਣੀ ਸੀ ਉਹ ਨਾ ਹੋਈ। ਸੂਬੇ ਵੱਲੋਂ ਜਜ਼ੀਆ ਨਾ ਭਰਨ ਕਰਕੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਲਿਜਾਇਆ ਗਿਆ। ਲਾਹੌਰ ਦੇ ਸਿੱਖਾਂ ਨੇ ਭਾਈ ਸਾਹਿਬ ਦੇ ਬਰਾਬਰ ਸੋਨਾ ਦੇਣ ਦੀ ਵੀ ਪੇਸ਼ਕਸ਼ ਕੀਤੀ, ਪਰ ਭਾਈ ਸਾਹਿਬ ਨੇ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਕਸੂਰ ਸੂਬੇ ਦਾ ਹੈ, ਜਿਸ ਨੇ ਇਕੱਠ ਦੀ ਮਨਜ਼ੂਰੀ ਦੇਣ ਤੋਂ ਬਾਅਦ ਫੌਜ ਅੰਮ੍ਰਿਤਸਰ ਭੇਜੀ । ਆਪ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਹੋਇਆ। ਜਦੋਂ ਜੱਲਾਦ ਨੇ ਆਪ ਦਾ ਹੱਥ ਗੁੱਟ ਤੋਂ ਵੱਢਿਆ ਤਾਂ ਆਪ ਜੀ ਨੇ ਖ਼ੁਦ ਜੱਲਾਦ ਨੂੰ ਕਿਹਾ ਕਿ ਤੈਨੂੰ ਬੰਦ-ਬੰਦ ਕੱਟਣ ਦਾ ਹੁਕਮ ਹੈ। ਆਪ ਨੇ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਕੀਤਾ ਬਚਨ ਪੂਰਾ ਕੀਤਾ। ਆਪਜੀ ਨੂੰ 22 ਮੱਘਰ ਸੰਨ 1737 ਨੂੰ ਐਤਵਾਰ ਦੇ ਦਿਨ ਸ਼ਹੀਦ ਕੀਤਾ ਗਿਆ। ਆਪ ਜੀ ਦੀ ਯਾਦ ਵਿੱਚ ਲਾਹੌਰ ਵਿੱਚ ਗੁਰਦੁਆਰਾ ਸ਼ਹੀਦ ਗੰਜ ਕਾਇਮ ਕੀਤਾ ਗਿਆ ਹੈ। ਭਾਈ ਸਾਹਿਬ ਨੂੰ ਤਸੀਹੇ ਦੁਆਉਣ ਵਾਲਿਆਂ ਵਿੱਚ ਬਹੁਤਾ ਹੱਥ ਅਬਦੁੱਲ ਸਮਦ ਖਾਂ ਯੂਸਫਜ਼ਈ ਦਾ ਸੀ। ਉਸ ਨੂੰ ਨਵਾਬ ਕਪੂਰ ਸਿੰਘ ਨੇ ਘੋੜੇ ਮਗਰ ਬੰਨ੍ਹ ਕੇ ਘੜੀਸ-ਘੜੀਸ ਕੇ ਮਾਰਿਆ। ਬੰਦ-ਬੰਦ ਕੱਟਣ ਵਾਲਿਆਂ ਦਾ ਖੁਰਾ ਖੋਜ ਭਾਈ ਸਾਹਿਬ ਦੇ ਭਤੀਜਿਆਂ ਅਘੜ ਸਿੰਘ ਤੇ ਥਰਾਜ ਸਿੰਘ ਨੇ ਮਿਟਾਇਆ।

# ਭਾਈ ਅਘੜ ਸਿੰਘ ਅਤੇ ਥਰਾਜ ਸਿੰਘ

ਇਹ ਦੋਨੋਂ ਬਹਾਦਰ, ਨਿਡਰ ਸੂਰਮੇਂ ਸਿੰਘ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸਕੇ ਭਤੀਜੇ ਸਨ। ਆਪ ਦੋਨੋਂ ਨਵਾਬ ਕਪੂਰ ਸਿੰਘ ਦੀ ਮਿਸਲ ਵਿੱਚ ਸ਼ਾਮਲ ਹੋ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਸਿੰਘਾਂ ਦੀਆਂ ਕਈ ਜੰਗਾਂ ਵਿੱਚ ਸ਼ਾਮਲ ਹੋਏ।

ਨਵਾਬ ਮੋਮਨ ਖਾਂ, ਜ਼ਕਰੀਆ ਖਾਨ ਅਤੇ ਯਾਹੀਆ ਖਾਂ ਦੇ ਵੇਲੇ ਲਾਹੌਰ ਦਾ ਨਾਇਬ ਸੂਬੇਦਾਰ ਸੀ। ਇਹ ਸੰਨ 1726 ਤੋਂ ਲੈ ਕੇ ਤਕਰੀਬਨ 28 ਸਾਲ ਲਾਹੌਰ ਦੇ ਹਾਕਮਾਂ ਦੇ ਹੁਕਮ ਨਾਲ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਗਸ਼ਤੀ ਫੌਜ ਲੈ ਕੇ ਮਾਝੇ ਵਿੱਚ ਫਿਰਦਾ ਰਹਿੰਦਾ। ਸਿੰਘ ਤਾਂ ਇਸਦੇ ਹੱਥ ਨਾ ਆਉਂਦੇ, ਪਰ ਉਹਨਾਂ ਦੇ ਟੱਬਰਾਂ ਦੇ ਬੰਦੇ ਅਤੇ ਤੀਵੀਆਂ ਨੂੰ ਵੀ ਇਹ ਫੜ ਕੇ ਲਾਹੌਰ ਲੈ ਜਾਂਦਾ ਤੇ ਉਹਨਾਂ ਦਾ ਘਰ ਘਾਟ ਲੁੱਟ ਕੇ ਉਜਾੜ ਦਿੰਦਾ। ਭਾਈ ਤਾਰਾ ਸਿੰਘ ਜੀ ਵਾਂ ਵਾਲੇ ਨੂੰ ਘੇਰ ਕੇ ਸ਼ਹੀਦ ਕਰਨ ਵਾਲਾ ਅਤੇ ਤਾਰੂ ਸਿੰਘ ਪੂਲ੍ਹੇ ਵਾਲੇ ਨੂੰ ਫੜ ਕੇ ਤਸੀਹੇ ਦੇ ਕੇ ਮਾਰਨ ਵਾਲਾ ਇਹੀ ਮੋਮਨ ਖਾਂ ਸੀ।

ਇਸ ਬਿਖੜੇ ਸਮੇਂ ਨਵਾਬ ਕਪੂਰ ਸਿੰਘ ਇਕ ਜੰਗਲ ਵਿੱਚ ਸਿੰਘਾਂ ਦੀ ਦੀਵਾਨ ਸਜਾਈ ਬੈਠੇ ਸਨ। ਨਵਾਬ ਕਪੂਰ ਸਿੰਘ ਨੇ ਸਜੇ ਦੀਵਾਨ ਵਿੱਚ ਖਲੋ ਕੇ ਸੂਰਮਿਆਂ ਨੂੰ ਲਲਕਾਰਿਆ ਕਿ ਹੈ ਕੋਈ ਸੂਰਮਾ, ਜੋ ਮੋਮਨ ਖਾਂ ਦਾ ਸਿਰ ਵੱਢ ਕੇ ਇਸ ਦੀਵਾਨ ਵਿੱਚ ਲਿਆਵੇ। ਅੱਘੜ ਸਿੰਘ ਉਠ ਖਲੋਤਾ ਤੇ ਇਉਂ ਬੇਨਤੀ ਕੀਤੀ :-

ਅਘੜ ਸਿੰਘ ਸਰਦਾਰ ਨੇ ਉਠ ਫਤਿਹ ਬੁਲਾਈ
ਕੱਢ ਮਿਆਨੋ ਸ਼ੇਰ ਨੇ ਬਿਜਲੀ ਚਮਕਾਈ
ਜਿਉਂਕਰ ਬਲਦੀ ਲਾਟ ਨੇ ਕੀਤੀ ਰੁਸ਼ਨਾਈ,
ਕਹਿੰਦਾ ਮੈਨੂੰ ਪੰਥ ਜੇ ਬਖਸ਼ੇ ਵਡਿਆਈ
ਜਾਵਾਂ ਵਿੱਚ ਲਾਹੌਰ ਦੇ ਮੈਂ ਭੇਸ ਵਟਾਈ,
ਮੋਮਨ ਦਾ ਸਿਰ ਵੱਢ ਕੇ ਲੈ ਆਵਾਂ ਭਾਈ।

ਸਿੰਘਾਂ ਨੇ ਜੈਕਾਰੇ ਛੱਡ ਕੇ ਅੱਘੜ ਸਿੰਘ ਦੇ ਹੌਂਸਲੇ ਨੂੰ ਪਰਪੱਕ ਕੀਤਾ ਤੇ ਉਸ਼ ਦੀ ਸਫਲਤਾ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ।

ਉਸ ਨੇ ਆਪਣੇ ਕੇਸ ਪਿੱਛੇ ਨੂੰ ਖਲਾਰ ਲਏ, ਟੇਢੀ ਜਿਹੀ ਪੱਗ ਬੰਨ੍ਹ ਕੇ ਮੁਸਲਮਾਨੀ ਭੇਸ ਬਣਾ ਲਿਆ। ਲਾਹੌਰ ਜਾ ਕੇ ਉਸ ਨੇ ਨਵਾਬ ਮੋਮਨ ਖਾਂ ਦੇ ਨੌਕਰਾਂ ਨਾਲ ਦੋਸਤੀ ਪਾ ਲਈ। ਥੋੜ੍ਹੇ ਦਿਨਾਂ ਵਿੱਚ ਹੀ ਉਸ ਨੇ ਕੰਮਕਾਰ ਵਿੱਚ ਸਭ ਤੋਂ ਅੱਗੇ ਰਹਿ ਕੇ ਮੋਮਨ ਖਾਂ ਦਾ ਦਿਲ ਜਿੱਤ ਲਿਆ। ਨਵਾਬ ਨੇ ਉਸ ਨੂੰ ਆਪਣਾ ਨਿੱਜੀ ਖਿਦਮਤਗਾਰ ਬਣਾ ਲਿਆ ਤੇ ਉਹ ਹਰ ਵਕਤ ਨਵਾਬ ਦੇ ਨਾਲ ਰਹੇ। ਇਕ ਦਿਨ ਮੋਮਨ ਖਾਂ ਸੈਰ ਵਾਸਤੇ ਰਾਵੀ ਦਰਿਆ 'ਤੇ ਗਿਆ ਤੇ ਆਪਣੀ ਘੋੜੀ ਛੱਡ ਕੇ ਕਿਸ਼ਤੀ

ਵਿੱਚ ਚੜ੍ਹਨ ਲੱਗਾ ਤਾਂ ਅੱਘੜ ਸਿੰਘ ਨੇ ਮੌਕੇ ਦਾ ਲਾਭ ਲੈਂਦਿਆਂ, ਮੋਮਨ ਖਾਂ ਦਾ ਸਿਰ ਲਾਹ ਲਿਆ ਤੇ ਉਸ ਦੀ ਘੋੜੀ ਭਜਾ ਕੇ ਮੋਮਨ ਖਾਂ ਦਾ ਸਿਰ ਲਿਜਾ ਕੇ ਨਵਾਬ ਕਪੂਰ ਸਿੰਘ ਦੇ ਕਦਮਾਂ 'ਤੇ ਜਾ ਧਰਿਆ।

ਭਾਈ ਥਰਾਜ ਸਿੰਘ ਜਨਵਰੀ 1764 ਨੂੰ ਸਰਹਿੰਦ ਵਿਖੇ ਜੈਨ ਖਾਂ ਨਾਲ ਲੜਦਾ ਸ਼ਹੀਦ ਹੋਇਆ।

---

* *Encyleopadia of Sikhism Pbi University Patiala Page 15*

# ਸੰਤ ਬਾਬਾ ਨਿਧਾਨ ਸਿੰਘ ਜੀ

ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜਨਮ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਪਿੰਡ ਨਡਾਲੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਨ 1882 ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਸਰਦਾਰ ਉੱਤਮ ਸਿੰਘ ਸੀ। ਛੋਟੀ ਉਮਰ ਤੋਂ ਹੀ ਬਾਬਾ ਜੀ ਦੀ ਰਹਿਣੀ ਬਹਿਣੀ ਆਮ ਨਿਆਣਿਆਂ ਨਾਲੋਂ ਵੱਖਰੀ ਸੀ। ਬਿਰਤੀ ਪ੍ਰਭੂ ਚਰਨਾਂ ਵਿੱਚ ਲੀਨ ਰਹਿੰਦੀ। ਪਿਤਾ ਜੀ ਨਾਲ ਬਾਹਰ ਖੇਤਾਂ ਵਿੱਚ ਜਾ ਕੇ ਬਹੁਤ ਖੁਸ਼ ਸਨ। ਇਸ ਲਈ ਘਰਦਿਆਂ ਨੇ ਉਹਨਾਂ ਨੂੰ ਡੰਗਰ ਚਾਰਨ ਭੇਜ ਦੇਣਾ। ਆਪ ਜੀ ਪੰਦਰਾਂ-ਸੋਲਾਂ ਸਾਲ ਦੀ ਉਮਰ ਤੱਕ ਘਰਦਿਆਂ ਦਾ ਖੇਤੀ ਕੰਮ ਵਿੱਚ ਹੱਥ ਵਟਾਉਂਦੇ ਰਹੇ। ਇਕ ਦਿਨ ਦੁਪਹਿਰ ਵੇਲੇ ਗਰਮੀ ਦੀ ਰੁੱਤੇ ਇੱਕ ਟਾਹਲੀ ਹੇਠਾਂ ਬੈਠੇ ਬਾਬਾ ਜੀ ਉੱਚੀ-ਉੱਚੀ ਇਹ ਸ਼ਬਦ ਪੜ੍ਹ ਰਹੇ ਸਨ :-

"ਕੋਈ ਸੰਤ ਮਿਲੇ ਵੱਡਭਾਗੀ ਪਾਇ ਲੱਗ ਕਰਾਂ ਬੇਨਤੀ"

ਉਧਰੋਂ ਬਾਬਾ ਦੀਵਾਨ ਸਿੰਘ ਜੀ ਲੰਘ ਰਹੇ ਸਨ । ਬੱਚੇ ਦੀ ਸੱਚੇ ਦਿਲੋਂ ਆ ਰਹੀ ਪੁਕਾਰ ਸੁਣ ਕੇ ਕੋਲ ਆ ਕੇ ਜੱਫੀ ਵਿੱਚ ਲੈ ਲਿਆ। ਸੰਤ ਬਾਬਾ ਦੀਵਾਨ ਸਿੰਘ ਜੀ ਤੋਂ ਬੱਚੇ ਬਹੁਤ ਡਰਦੇ ਸਨ ਤੇ ਉਹਨਾਂ ਨੂੰ ਮਸਤਾਨਾ ਆਖਦੇ ਸਨ। ਸੰਤ ਦੀਵਾਨ ਸਿੰਘ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਫੇਰ ਉਹ ਸ਼ਬਦ ਪੜ੍ਹ । ਬੜੀਆਂ ਅਸੀਸਾਂ ਦਿੱਤੀਆਂ ਤੇ ਹਰ ਰੋਜ਼ ਬਾਬਾ ਜੀ ਕੋਲ ਆ ਜਾਣਾ ਤੇ ਉਹਨਾਂ ਨੂੰ ਗੁਰੂ ਉਪਦੇਸ਼ ਅਤੇ ਸਾਖੀਆਂ ਸੁਣਾ ਕੇ ਨਿਹਾਲ ਕਰਦੇ। ਇਸ ਤਰ੍ਹਾਂ ਬਾਬਾ ਜੀ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਖਿੱਚ ਵੱਧਦੀ ਗਈ ਤੇ ਇਕ ਦਿਨ ਆਪ ਜੀ ਘਰਦਿਆਂ ਨੂੰ ਦੱਸੇ ਬਿਨਾਂ ਹੀ ਦੱਖਣ ਦਿਸ਼ਾ ਵੱਲ ਨੂੰ ਚੱਲ ਪਏ। ਸ਼ਾਮ ਨੂੰ ਜਦੋਂ ਬਾਬਾ ਜੀ ਘਰ ਨਾ ਆਏ ਤਾਂ ਘਰਦਿਆਂ ਨੇ ਦੂਰ-ਦੂਰ ਤੱਕ ਭਾਲ ਕੀਤੀ। ਕਈ ਦਿਨ ਆਲੇ-ਦੁਆਲੇ ਰਿਸ਼ਤੇਦਾਰਾਂ ਦੇ ਪਿੰਡਾਂ ਵਿੱਚ ਵੀ ਬਾਬਾ ਜੀ ਨੂੰ ਲੱਭਦੇ ਰਹੇ, ਪਰ ਬਾਬਾ ਜੀ ਨਾ ਮਿਲੇ। ਘਰਦਿਆਂ ਦਾ ਬੁਰਾ ਹਾਲ ਸੀ।

ਬਾਬਾ ਜੀ ਪੰਜ ਨੰਬਰ ਰਸਾਲਾ ਝਾਂਸੀ ਵਿੱਚ ਭਰਤੀ ਹੋ ਗਏ। ਇੱਥੇ ਵੀ ਆਪ ਸਾਰਾ ਸਮਾਂ ਭਗਤੀ ਵਿੱਚ ਲੀਨ ਰਹਿੰਦੇ। ਕਦੇ-ਕਦੇ ਬਾਹਰ ਜੰਗਲ ਵਿੱਚ ਚਲੇ ਜਾਣਾ ਤੇ ਤਿੰਨ-ਤਿੰਨ ਚਾਰ-ਚਾਰ ਦਿਨ ਯੂਨਿਟ ਵਿੱਚ ਹਾਜ਼ਰ ਹੀ ਨਾ ਹੋਣਾ। ਪਰ ਪ੍ਰਮਾਤਮਾ ਦੀ ਕਰਨੀ ਆਪ ਜੀ ਦੀ ਹਾਜ਼ਰੀ ਠੀਕ ਲੱਗਦੀ ਰਹੀ। ਵੈਰਾਗਮਈ ਸਰੋਵਰ ਭਰ ਗਿਆ ਤੇ ਕੰਢਿਓਂ ਉਛਲਣ ਲੱਗਾ। ਬਾਬਾ ਜੀ ਸਭ ਕੁਝ ਛੱਡ ਕੇ ਜੰਗਲਾਂ ਨੂੰ ਚਲੇ ਗਏ। ਝਾਂਸੀ ਤੋਂ ਅੱਠ-ਦੱਸ ਮੀਲ ਦੂਰ ਬਾਬਾ ਜੀ ਦੀ ਨਜ਼ਰੀਂ ਕੁਝ ਨਿਹੰਗ ਸਿੰਘ ਪਏ, ਜੋ ਘੋੜਿਆਂ 'ਤੇ ਸਵਾਰ ਸਨ। ਉਹਨਾਂ ਨੇ ਇਕ ਥਾਂ ਘੋੜੇ ਦਰੱਖਤਾਂ ਨਾਲ ਬੰਨ੍ਹੇ ਤੇ ਨਿਤਨੇਮ ਕਰਨ ਲੱਗ ਪਏ। ਅਰਦਾਸ ਕੀਤੀ ਬਾਬਾ ਜੀ ਉਹਨਾਂ ਦੇ ਨੇੜੇ ਗਏ ਤਾਂ ਉਹਨਾਂ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਬੁਲਾਇਆ। ਬਾਬਾ ਜੀ ਦੇ ਮੱਥੇ ਵੱਲ ਤੱਕ ਕੇ ਉਹ ਨਿਹੰਗ ਸਿੰਘ ਸਮਝ ਗਏ ਕਿ ਕੋਈ ਗੁਰੂ ਪਿਆਰੀ ਹਸਤੀ ਹਨ। ਬਾਬਾ ਜੀ ਉਹਨਾਂ ਦੇ

ਨਾਲ ਹੀ ਮੰਜ਼ਿਲਾਂ ਮਾਰਦੇ ਹਜ਼ੂਰ ਸਾਹਿਬ ਪਹੁੰਚ ਗਏ। ਸਭ ਤੋਂ ਪਹਿਲਾਂ ਬੁੰਗਾ ਭਾਈ ਸਾਧੂ ਸਿੰਘ ਜੀ ਵਿਖੇ ਉਤਾਰਾ ਕੀਤਾ।

ਬਾਬਾ ਜੀ ਨੇ ਸਰੀਰਕ ਤੌਰ 'ਤੇ ਸੰਗਤਾਂ ਦੀ ਸੇਵਾ ਆਰੰਭ ਕਰ ਦਿੱਤੀ। ਪੱਖਾ ਝੱਲਣਾ, ਜਲ ਛਕਾਉਣਾ, ਝਾੜੂ ਦੇਣਾ। ਇਸ ਤਰ੍ਹਾਂ ਸੁਆਸ-ਸੁਆਸ ਸੇਵਾ ਸਿਮਰਨ ਵਿੱਚ ਬਿਤਾਉਂਦੇ।

ਪਿੱਛੇ ਮਾਤਾ-ਪਿਤਾ ਦੀ ਤੜਫ ਬਿਆਨ ਤੋਂ ਬਾਹਰ ਹੈ। ਇਕ ਦਿਨ ਸ੍ਰੀ ਉਤਮ ਸਿੰਘ ਜੀ ਨੂੰ ਸੁਫਨਾ ਆਇਆ ਕਿ ਉਹਨਾਂ ਦਾ ਲਾਲ ਤਾਂ ਹਜ਼ੂਰ ਸਾਹਿਬ ਦੀਆਂ ਗਾਗਰਾਂ ਚੁੱਕੀ ਲੰਗਰ ਲਈ ਪਾਣੀ ਦੀ ਸੇਵਾ ਕਰ ਰਿਹਾ ਹੈ। ਉਹਨਾਂ ਨੇ ਆਪਣੇ ਮਨ ਦੀ ਗੱਲ ਸੰਤ ਦੀਵਾਨ ਸਿੰਘ ਜੀ ਨੂੰ ਦੱਸੀ ਤਾਂ ਉਹਨਾਂ ਕਿਹਾ ਤੁਸੀਂ ਹਜ਼ੂਰ ਸਾਹਿਬ ਜਾਓ ਅਤੇ ਗੁਰੂ ਜੀ ਆਪ ਜੀ ਦੀ ਮਨੋਕਾਮਨਾ ਪੁੱਤਰ ਮਿਲਾਪ ਦੀ ਅਵੱਸ਼ ਪੂਰੀ ਕਰਨਗੇ।

ਸ਼੍ਰੀ ਉੱਤਮ ਸਿੰਘ ਜੀ ਦੋ ਮਹੀਨੇ ਸਫਰ ਕਰਕੇ ਹਜ਼ੂਰ ਸਾਹਿਬ ਪਹੁੰਚੇ। ਗੁਰੂ ਦੀ ਕ੍ਰਿਪਾ ਨਾਲ ਪੁੱਤਰ ਮਿਲ ਗਿਆ ਤਾਂ ਉਹ ਸਮਝਣ ਸਾਰੀ ਦੁਨੀਆਂ ਦੀਆਂ ਖੁਸ਼ੀਆਂ ਮਿਲ ਗਈਆਂ ਹਨ। ਬਹੁਤ ਪ੍ਰੇਰਨਾ ਕਰਕੇ ਬਾਬਾ ਜੀ ਨੂੰ ਵਾਪਸ ਨਡਾਲੋਂ ਲੈ ਆਏ। ਭਾਈ ਉੱਤਮ ਸਿੰਘ ਨੇ ਅਖੰਡ ਪਾਠ ਕਰਵਾਇਆ ਤੇ ਯੱਗ ਕੀਤਾ। ਸਾਰੇ ਪਿੰਡ ਵਾਲਿਆਂ ਅਤੇ ਰਿਸ਼ਤੇਦਾਰਾਂ ਨੇ ਉਹਨਾਂ ਨੂੰ ਵਧਾਈਆਂ ਦਿੱਤੀਆਂ।

ਬਾਬਾ ਜੀ ਨਡਾਲੋਂ ਰਹੇ ਤਾਂ ਇਸ ਤਰ੍ਹਾਂ ਜਿਵੇਂ ਮਾਨਸਰੋਵਰ ਤੋਂ ਦੂਰ ਹੰਸ ਹੋਵੇ। ਇਕ ਦਿਨ ਸ਼ਾਮ ਵੇਲੇ ਫੇਰ ਐਸੀ ਖਿਚ ਪਈ ਕਿ ਆਪ ਜੀ ਹਜ਼ੂਰ ਸਾਹਿਬ ਲਈ ਚੱਲ ਪਏ। ਕਠਿਨ ਮੰਜ਼ਿਲਾਂ ਮਾਰਦੇ ਆਖਿਰ ਗੁਰੂ ਜੀ ਦੇ ਚਰਨਾਂ ਵਿੱਚ ਜਾ ਪਹੁੰਚੇ ਤੇ ਅੱਗੇ ਦੀ ਤਰ੍ਹਾਂ ਸੇਵਾ ਘਾਲਣਾ ਸ਼ੁਰੂ ਕਰ ਦਿੱਤੀ। ਆਪ ਜੀ ਰੋਜ਼ਾਨਾ ਡੇਢ, ਦੋ ਸੌ ਗਾਗਰਾਂ ਜਲ ਦੀਆਂ ਭਰ ਕੇ ਦੋਨਾਂ ਮੋਢਿਆਂ 'ਤੇ ਰੱਖ ਕੇ ਲਿਆਣ ਦੀ ਸੇਵਾ ਕਰਦੇ। ਇਕ ਗਾਗਰ ਵਿੱਚ ਤਕਰੀਬਨ ਮਣ ਪੱਕੇ ਤੋਂ ਵੱਧ ਪਾਣੀ ਹੁੰਦਾ।

ਇਕ ਦਿਨ ਇਕ ਅਜੀਬ ਕੌਤਿਕ ਵਰਤਿਆ। ਦੁਪਹਿਰ ਵੇਲੇ ਕੋਈ ਰਾਜਾ ਆਉਂਦਾ ਦਿੱਸਿਆ, ਜਿਸ ਦੇ ਕੱਪੜੇ ਗਰਮੀ ਨਾਲ ਭਿੱਜੇ ਹੋਏ ਸਨ। ਹੱਥ ਵਿੱਚ ਕ੍ਰਿਪਾਨ ਤੇ ਪਿੱਛੇ ਢਾਲ ਲਟਕਾਈ ਹੋਈ। ਇਸ ਤਰ੍ਹਾਂ ਲੱਗਾ ਜਿਵੇਂ ਕੋਈ ਫੌਜ ਦਾ ਜਰਨੈਲ ਹੋਵੇ। ਬਾਬਾ ਜੀ ਦੇ ਮੂੰਹੋਂ ਨਿਕਲਿਆ "ਫੌਜਾਂ ਵਾਲਿਆ ਜਲ ਛਕ ਕੇ ਜਾਈਂ" "ਬਾਬਾ ਜੀ ਮੈਂ ਤਾਂ ਆਇਆ ਹੀ ਆਪ ਦੇ ਹੱਥੋਂ ਜਲ ਛਕਣ ਲਈ ਹਾਂ" ਫੌਜਾਂ ਦੇ ਵਾਲੀ ਨੇ ਸਤਿਕਾਰ ਨਾਲ ਕਿਹਾ। ਜਲ ਛਕਾ ਕੇ ਬਾਬਾ ਜੀ ਨੇ ਟੋਕਰੀ ਵਿੱਚੋਂ ਮੁੱਠੀ ਭਰ ਛੋਲੇ ਉਸ ਦੀ ਤਲੀ 'ਤੇ ਰੱਖ ਦਿੱਤੇ। ਰੱਬ ਦੇ ਪਿਆਰੇ ਨੇ ਛੋਲੇ ਛੱਕ ਕੇ ਕਿਹਾ "ਬਾਬਾ ਜੀ ਥੋੜ੍ਹੇ ਹੋਰ ਦੇਣ ਦੀ ਕ੍ਰਿਪਾ ਕਰੋ, ਇਹਨਾਂ ਦਾ ਸਵਾਦ ਅਨੋਖਾ ਅਤੇ ਅਦਭੁੱਤ ਹੈ ਤੇ ਮੈਨੂੰ ਭੁੱਖ ਵੀ ਬਹੁਤ ਲੱਗੀ ਹੈ।"

"ਠਹਿਰੋ ਜ਼ਰਾ ਮੈਂ ਆਪ ਲਈ ਲੰਗਰ 'ਚੋਂ ਗੱਫੇ ਲਿਆਉਂਦਾ ਹਾਂ" ਆਖ ਕੇ ਬਾਬਾ ਜੀ ਲੰਗਰ ਵਿੱਚ ਗਏ ਤਾਂ ਲੰਗਰ ਮਸਤਾਨਾ ਸੀ ਤੇ ਅਲਮਾਰੀ ਨੂੰ ਤਾਲਾ ਲੱਗਾ ਹੋਇਆ ਸੀ। ਬਾਬਾ ਜੀ ਨੇ ਇਕ ਪੱਥਰ ਮਾਰ ਕੇ ਅਲਮਾਰੀ ਦਾ ਤਾਲਾ ਤੋੜਿਆ, ਦੋ ਪਰਸ਼ਾਦੇ ਲੈ ਕੇ ਉਸ ਰੱਬੀ ਰੂਪ ਨੂੰ ਭਾਲਣ ਲੱਗੇ, ਪਰ ਉਹ ਅਲੋਪ ਹੋ ਗਿਆ। ਆਪਣੇ ਪ੍ਰੀਤਮ ਪਿਆਰੇ ਦੀ ਭਾਲ ਵਿੱਚ ਬਾਬਾ ਜੀ ਐਧਰ ਉਧਰ ਜੰਗਲ ਵਿੱਚ ਭੱਜਦੇ ਰਹੇ, ਪਰ ਜਦੋਂ ਪ੍ਰੀਤਮ ਨਾ ਮਿਲਿਆ ਤਾਂ ਐਨੇ ਉਦਾਸ ਹੋਏ ਕਿ ਅੱਖਾਂ ਵਿੱਚੋਂ ਨੀਰ ਵਗ ਤੁਰਿਆ। ਉਧਰੋਂ ਲੰਗਰ ਦੇ ਇੰਚਾਰਜ ਨੇ ਤਾਲਾ ਤੋੜਨ ਕਰਕੇ ਬਾਬਾ ਜੀ ਨੂੰ ਬੁਰਾ ਭਲਾ ਕਿਹਾ। ਬਾਬਾ ਜੀ ਦਾ ਮਨ ਐਨਾ ਉਦਾਸ ਹੋ ਗਿਆ ਕਿ ਇਸ ਜਗਾ ਨਹੀਂ ਰਹਿਣਾ ਤੇ ਨਾਂਦੇੜ ਰੇਲਵੇ ਸਟੇਸ਼ਨ 'ਤੇ ਪੁੱਜ ਗਏ। ਇਕ ਦਰੱਖਤ ਹੇਠਾਂ ਬੈਠ ਕੇ ਸਮਾਧੀ ਲਾ ਲਈ ਤਾਂ ਸਮਾਧੀ ਦੌਰਾਨ ਕਲਗੀਆਂ ਵਾਲੇ ਪਾਤਸ਼ਾਹ ਨੇ ਦਰਸ਼ਨ ਦਿੱਤੇ ਤੇ ਕਿਹਾ ਕਿ ਸਿੰਘਾਂ ਅਸੀਂ ਤੇਰੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ ਹਾਂ, ਨਿਰਾਸ਼ ਨਾ ਹੋ ਤੇ ਨਗੀਨਾ ਘਾਟ ਵਾਲੀ ਥਾਂ 'ਤੇ ਜਾ ਕੇ ਅੱਗੇ ਦੀ ਤਰ੍ਹਾਂ ਸੇਵਾ ਕਰ, ਖੀਸਾ ਮੇਰਾ ਤੇ ਹੱਥ ਤੇਰਾ ਹੋਵੇਗਾ, ਕਿਸੇ ਚੀਜ਼ ਦੀ ਕਮੀਂ ਨਹੀਂ ਆਵੇਗੀ। ਇਸ ਤਰ੍ਹਾਂ ਦਾ ਵਿਸ਼ਵਾਸ ਮਿਲਣ 'ਤੇ ਬਾਬਾ ਜੀ ਦੇ ਕਦਮ ਉਸ ਜਗ੍ਹਾ ਆ ਕੇ ਰੁਕੇ, ਜਿੱਥੇ ਅੱਜਕੱਲ੍ਹ ਨਗੀਨਾ ਘਾਟ ਦਾ ਨਿਸ਼ਾਨ ਸਾਹਿਬ ਹੈ। ਆਪ ਜੀ ਅੱਠੇ ਪਹਿਰ ਨਾਮ ਸਿਮਰਨ ਵਿੱਚ ਲੀਨ ਰਹਿੰਦੇ ਪਤਾ ਨਹੀਂ ਚੋਜੀ ਪ੍ਰੀਤਮ ਕਿਧਰੋਂ ਰਸਦਾਂ ਭੇਜਦਾ, ਲੰਗਰ ਅੱਠੇ ਪਹਿਰ ਚੱਲਣ ਲੱਗਾ।

ਸੰਨ 1923 ਵਿੱਚ ਠੇਕੇਦਾਰ ਕੁੰਦਨ ਸਿੰਘ ਬੱਡੋਂ ਅਤੇ ਠੇਕੇਦਾਰ ਨਗੀਨਾ ਸਿੰਘ ਪਾਲਦੀ ਵਾਲਿਆਂ ਨੇ ਬਾਬਾ ਜੀ ਤੋਂ ਆਗਿਆ ਪਾ ਕੇ ਲੰਗਰ ਅਸਥਾਨ ਬਣਾਉਣ ਦੀ ਆਗਿਆ ਲਈ ਤੇ ਛੇ ਹਜ਼ਾਰ ਰੁਪਏ ਨਾਲ ਲੰਗਰ ਹਾਲ ਬਣਵਾਇਆ।

ਸੰਨ 1931 ਵਿੱਚ ਬਾਬਾ ਜੀ ਮਨਮਾਡ ਸਟੇਸ਼ਨ 'ਤੇ ਪੰਜਾਬ ਜਾਣ ਲਈ ਰੇਲ ਗੱਡੀ ਦੀ ਉਡੀਕ ਕਰ ਰਹੇ ਸਨ। ਗੱਡੀ ਆਉਣ ਵਿੱਚ ਕਾਫੀ ਸਮਾਂ ਸੀ ਬਾਬਾ ਜੀ ਨੂੰ ਸਮਾਧੀ ਵਿੱਚ ਬੈਠਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਤੇ ਮਨਮਾਡ ਵਿੱਚ ਹੀ ਗੁਰੂ ਸਾਹਿਬ ਦਾ ਗੁਪਤ ਅਸਥਾਨ ਪ੍ਰਗਟ ਕਰਨ ਦੀ ਆਗਿਆ ਹੋਈ। ਪੰਜਾਬ ਜਾਣ ਦਾ ਖਿਆਲ ਛੱਡ ਕੇ ਬਾਬਾ ਜੀ ਜਥੇ ਸਮੇਤ ਸ਼ਹਿਰ ਵੱਲ ਨੂੰ ਚੱਲ ਪਏ ਤੇ ਪਿੱਪਲ ਦੇ ਦਰੱਖਤ ਹੇਠਾਂ ਡੇਰਾ ਲਾ ਲਿਆ। ਸਿੰਘਾਂ ਨੇ ਥੋੜ੍ਹੇ ਹੀ ਦਿਨਾਂ ਵਿੱਚ ਜੰਗਲ ਸਾਫ ਕਰਕੇ ਕਾਫੀ ਥਾਂ ਘੇਰ ਲਈ। ਕੁਝ ਲੋਕਾਂ ਨੇ ਨਾਸਿਕ ਦੇ ਕੁਲੈਕਟਰ ਸਾਹਿਬ ਪਾਸ ਸ਼ਿਕਾਇਤ ਕਰ ਦਿੱਤੀ। ਕੁਲੈਕਟਰ ਸਾਹਿਬ ਨੇ ਕਿਹਾ ਕਿ ਤੁਸੀਂ ਕਹਿੰਦੇ ਹੋ ਇਹ ਜਗ੍ਹਾ ਸਾਡੀ ਹੈ। ਇਸਦਾ ਕੋਈ ਸਬੂਤ ਦੇਵੋ। ਬਾਬਾ ਜੀ ਨੇ ਪਿੱਪਲ ਥੱਲੇ ਖੜੋ ਕੇ ਅੰਤਰ ਧਿਆਨ ਹੋ ਕੇ ਕੁਝ ਕਦਮ ਗਿਣ ਕੇ ਚੜ੍ਹਦੇ ਵੱਲ ਨੂੰ ਪੱਟੇ ਤੇ ਕਿਹਾ ਕਿ ਇਸ ਥਾਂ ਸਾਡਾ ਖੂਹ ਹੈ। ਖੁਦਾਈ ਕਰਨ 'ਤੇ ਦਸ ਫੁੱਟ ਹੇਠਾਂ ਖੂਹ ਨਿਕਲ ਆਇਆ ਤੇ ਕੁਲੈਕਟਰ ਸਾਹਿਬ ਨੇ ਜਗ੍ਹਾ ਗੁਰਦਵਾਰਾ ਸ਼ਾਹਿਬ ਨੂੰ ਦੇ ਦਿੱਤੀ।

ਬਾਬਾ ਜੀ ਨੇ ਫੇਰ ਵੀ ਮੁੱਲ ਅਦਾ ਕਰਕੇ ਬੈਨਾਮਾ ਗੁਰਦਵਾਰੇ ਦੇ ਨਾਂ ਲਿਖਵਾਇਆ।

14 ਅਕਤੂਬਰ 1932 ਨੂੰ ਬਾਬਾ ਜੀ ਨੇ ਪੰਜਾ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਿਆ। ਸੰਨ 1933 ਵਿੱਚ ਮਨਮਾਡ ਗੁਰਦਵਾਰੇ ਲਈ ਮਾਇਆ ਇਕੱਠੀ ਕਰਨ ਆਪ ਜੀ ਪਟਿਆਲਾ ਆਏ ਇਕ ਧਨਾਢ ਸਿੱਖ ਨੂੰ ਮਾਇਆ ਦੀ ਬੇਨਤੀ ਕੀਤੀ, ਅੱਗੋਂ ਉਸ ਨੇ ਬਾਬਾ ਜੀ ਨੂੰ ਗਾਲਾਂ ਕੱਢੀਆਂ ਤੇ ਮਾਰਨਾ ਸ਼ੁਰੂ ਕਰ ਦਿੱਤਾ। ਉਸ ਦੇ ਥੱਪੜ ਖਾ ਕੇ ਬਾਬਾ ਜੀ ਨੇ ਗੁੱਸਾ ਨਾ ਕੀਤਾ, ਸਗੋਂ ਹੱਸ ਕੇ ਆਖਿਆ ਕਿ ਇਸ ਵਿਚਾਰੇ 'ਤੇ ਕੀ ਗੁੱਸਾ ਕਰਨਾ ਹੈ, ਇਹ ਖੇਡ ਤਾਂ ਨਿਰੰਕਾਰ ਦੇ ਹੁਕਮ ਵਿੱਚ ਹੋ ਰਹੀ ਹੈ, ਕਦੇ ਪਰੇਮ ਕਰਦਾ ਹੈ, ਕਦੇ ਥੱਪੜ ਮਾਰਦਾ ਹੈ। ਇਹ ਸਰਦਾਰ ਤਾਂ ਕੁਝ ਘੜੀਆਂ ਦਾ ਮਹਿਮਾਨ ਹੈ। ਸੱਚ-ਮੁੱਚ ਹੀ ਕੁਝ ਘੜੀਆਂ ਬਾਅਧ ਉਸ ਅਮੀਰ ਸਰਦਾਰ ਦੀ ਮੌਤ ਹੋ ਗਈ।

## ਪੁੱਤਰਾਂ ਦੀਆਂ ਦਾਤਾਂ

ਬਾਬਾ ਜੀ ਬਾਰ ਦੇ ਇਲਾਕੇ ਵਿੱਚ ਗਏ ਹੋਏ ਸਨ। ਚੱਕ ਨੰਬਰ 18 ਅਤੇ 19 ਵਿੱਚ ਸ੍ਰੀ ਫੌਜਾ ਸਿੰਘ ਹੋਰਾਂ ਕੋਲ ਗਏ। ਦੀਵਾਨ ਸਜਿਆ ਤਾਂ ਪਧਿਆਣੇ ਦੇ ਲੰਬੜਦਾਰ ਮੰਗਲ ਸਿੰਘ ਨੇ ਪੁੱਤਰ ਦੀ ਦਾਤ ਵਾਸਤੇ ਬੇਨਤੀ ਕੀਤੀ। ਉਸਦੀ ਸ਼ਰਧਾ ਅਤੇ ਨਿਮਰਤਾ ਦੇਖ ਕੇ ਬਾਬਾ ਜੀ ਨੇ ਕਿਹਾ ਕਿ "ਚੰਗਾ ਭਾਈ ਬਾਜਾਂ ਵਾਲੇ ਤੋਂ ਲੈ ਦਿੰਦੇ ਹਾਂ, ਪਹਿਲਾਂ ਗੁਰੂ ਮਹਾਰਾਜ ਅੱਗੇ ਮੱਥਾ ਟੇਕ। ਉਸ ਨੇ ਬੜੀ ਸ਼ਰਧਾ ਨਾਲ ਮੱਥਾ ਟੇਕਿਆ ਤਾਂ ਬਾਬਾ ਜੀ ਕਹਿਣ ਲੱਗੇ "ਚੰਗਾ ਭਾਈ ਭੁਜੰਗੀ ਤਾਂ ਮੇਰਾ ਬਾਜਾਂ ਵਾਲਾ ਅਗਲੇ ਸਾਲ ਹੀ ਦੇ ਦੇਵੇਗਾ, ਉਸ ਦਾ ਨਾਮ ਗੁਰਦੇਵ ਸਿੰਘ ਰੱਖੀਂ, ਵੱਡੀ ਉਮਰ ਵਾਲਾ ਹੋਵੇਗਾ, ਸੰਗਤ ਨੂੰ ਪੱਕੀ ਰੋਟੀ ਕਰਨੀ ਅਤੇ ਸ੍ਰੀ ਅਖੰਡ ਪਾਠ ਜ਼ਰੂਰ ਕਹਾਉਣਾ, ਹੋਰ ਜੋ ਬਣੇ ਸਰੇ ਸੰਗਤ ਦੀ ਵੱਧ-ਚੜ੍ਹ ਕੇ ਸੇਵਾ ਕਰਨੀ। ਇਸੇ ਤਰ੍ਹਾਂ ਇਕ ਹੋਰ ਕਰਤਾਰ ਸਿੰਘ ਨਾਗੀ ਨੂੰ ਵੀ ਪੁੱਤਰ ਦੀ ਦਾਤ ਦਿੱਤੀ। ਅਗਲੇ ਸਾਲ ਦੋਨਾਂ ਦੇ ਘਰ ਲੜਕੇ ਹੋਏ। ਸ੍ਰੀ ਮੰਗਲ ਸਿੰਘ ਹੋਰਾਂ ਦੇ ਸਪੁੱਤਰ ਸ੍ਰੀ ਗੁਰਦੇਵ ਸਿੰਘ ਅੱਜਕੱਲ੍ਹ ਪਿੰਡ ਲੁਟੇਰਾ ਖ਼ੁਰਦ ਵਿੱਚ ਹਰ ਤਰ੍ਹਾਂ ਖੁਸ਼ੀਆਂ ਵਿੱਚ ਖੇਡ ਰਹੇ ਹਨ। ਇਸੇ ਤਰ੍ਹਾਂ ਬੱਡੋਂ ਵਾਲੇ ਰਘਬੀਰ ਸਿੰਘ ਹੋਰਾਂ ਦੀ ਪੁੱਤਰ ਦੀ ਮੁਰਾਦ ਵੀ ਬਾਬਾ ਨਿਧਾਨ ਸਿੰਘ ਹੋਰਾਂ ਦੀ ਕ੍ਰਿਪਾ ਨਾਲ ਪੂਰੀ ਹੋਈ।

ਬਾਬਾ ਜੀ ਬਾਰੇ ਮਸ਼ਹੂਰ ਹੈ ਕਿ ਜਦੋਂ ਉਹ ਖੜਤਾਲਾਂ ਨਾਲ ਸਿੱਧੀਆਂ ਧਾਰਨਾ ਨਾਲ ਕੀਰਤਨ ਕਰਦੇ ਤਾਂ ਕਈ ਵਾਰੀ ਉਠ ਕੇ ਨੱਚਣ ਲੱਗ ਪੈਂਦੇ ਸਨ।

17 ਜੁਲਾਈ ਸੰਨ 1947 ਨੂੰ ਸਿਕੰਦਰਾਬਾਦ ਪਲਟਨਾ ਵਿੱਚੋਂ ਵਿਚਰ ਕੇ, ਮਨਮਾਡ ਆਦਿ ਤੋਂ ਸੰਗਤਾਂ ਨੂੰ ਨਿਹਾਲ ਕਰਕੇ 1 ਅਗਸਤ 1947 ਨੂੰ ਬਾਬਾ ਜੀ ਗੁ. ਲੰਗਰ ਸਾਹਿਬ ਪਹੁੰਚੇ। ਸਫਰ ਦੀ ਥਕਾਵਟ ਕਰਕੇ ਉਸ ਦਿਨ ਆਪ ਜੀ ਨੂੰ ਮਾਮੂਲੀ ਬੁਖਾਰ ਹੋ ਗਿਆ। ਆਪਜੀ ਇਕ ਕਮਰੇ-ਵਿੱਚ ਇਕਾਂਤ ਵਿੱਚ ਬਿਰਾਜ ਗਏ ਤੇ ਕੋਈ

ਅਨ-ਜਲ ਨਾ ਛਕਿਆ। 2 ਅਗਸਤ 1947 ਨੂੰ ਆਪ ਜੀ ਅੰਮ੍ਰਿਤ ਵੇਲੇ ਗੁਰਦਵਾਰਾ ਸਾਹਿਬ ਵੀ ਨਾ ਗਏ।

2 ਅਗਸਤ 1947 ਨੂੰ ਆਪ ਜੀ ਨੇ ਛੋਟੇ ਬਾਬਾ ਹਰਨਾਮ ਸਿੰਘ ਨੂੰ ਬੁਲਾਇਆ ਤੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਨ ਲਈ ਆਖਿਆ। ਬਾਬਾ ਜੀ ਦਾ ਚਿਹਰਾ ਉਤਰਿਆ ਹੋਇਆ ਦੇਖ ਕੇ ਬਾਬਾ ਹਰਨਾਮ ਸਿੰਘ ਨੂੰ ਕੁਝ ਚਿੰਤਾ ਜਿਹੀ ਹੋਈ, ਕਿਉਂਕਿ ਪਹਿਲਾਂ ਕਦੇ ਵੀ ਬਾਬਾ ਜੀ ਦਾ ਚਿਹਰਾ ਇਸ ਤਰ੍ਹਾਂ ਉਦਾਸ ਜਿਹਾ ਨਹੀਂ ਹੋਇਆ ਸੀ। ਬਾਬਾ ਜੀ ਨੇ ਹਰਨਾਮ ਸਿੰਘ ਜੀ ਨੂੰ ਕਿਹਾ "ਨਿੱਕਿਆ ਹੁਣ ਅਸੀਂ ਚਲੇ ਜਾਣਾ ਹੈ, ਸਾਨੂੰ ਬੁਲਾਵਾ ਆ ਗਿਆ ਹੈ, ਅਸੀਂ ਜ਼ਰੂਰ ਚਲੇ ਜਾਣਾ ਹੈ" ਕੁਝ ਚਿਰ ਹੋਰ ਹੌਲੀ-ਹੌਲੀ ਗੁਪਤ ਗੱਲਾਂ ਬਾਬਾ ਹਰਨਾਮ ਸਿੰਘ ਨਾਲ ਕੀਤੀਆਂ।

4 ਅਗਸਤ 1947 ਨੂੰ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਅਦ ਅਖੰਡ ਪਾਠ ਸਾਹਿਬ ਦਾ ਭੋਗ ਪਿਆ। ਉਸ ਦਿਨ ਇਸ਼ਨਾਨ ਕਰਕੇ ਬਾਬਾ ਜੀ ਨੇ ਸੰਗਤਾਂ ਨੂੰ ਦੀਦਾਰ ਦਿੱਤੇ। ਕੇਸੀ ਇਸ਼ਨਾਨ ਕਰਕੇ ਨਵੇਂ ਵਸਤਰ ਪਹਿਨੇ ਤੇ ਕਮਰੇ ਵਿੱਚ ਜਾ ਬਿਰਾਜੇ। ਉਸ ਦਿਨ ਰਾਤ ਦੇ ਅੱਠ ਵਜੇ ਸ਼ਾਮ ਨੂੰ ਰਹਿਰਾਸ ਦਾ ਪਾਠ ਹੋਇਆ। ਅਰਦਾਸ ਤੋਂ ਬਾਅਦ ਮੱਥਾ ਟੇਕ ਕੇ ਜਦੋਂ ਸੰਗਤਾਂ ਸਾਵਧਾਨ ਹੋਈਆਂ ਤਾਂ ਇਕ ਤੇਜਮਈ ਪ੍ਰਕਾਸ਼ ਆਕਾਸ਼ ਵਿੱਚ ਹੋਇਆ ਬਾਬਾ ਜੀ ਉਸੇ ਤਰ੍ਹਾਂ ਡੰਡੌਤ ਵਿੱਚ ਲਿਵਲੀਨ ਪਏ ਹਨ। ਬਾਬਾ ਹਰਨਾਮ ਸਿੰਘ ਜੀ ਨੇ ਆਪ ਜੀ ਨੂੰ ਸਾਵਧਾਨ ਕੀਤਾ ਤਾਂ ਪਤਾ ਲੱਗਾ ਕਿ ਬਾਬਾ ਜੀ ਦੀ ਆਤਮਾ ਤਾਂ ਅਕਾਲ਼ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੀ ਹੈ। ਪੰਚ ਭੂਤਕ ਸਰੀਰ ਦੇ ਕੇਵਲ ਦਰਸ਼ਨ ਹੋ ਰਹੇ ਸਨ।

# ਨਿੱਡਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ



ਜਥੇਦਾਰ ਗੁਰਦਿਆਲ ਸਿੰਘ ਜੀ ਦਾ ਜਨਮ ਪਿੰਡ ਅਜਨੋਹਾ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 27 ਦਸੰਬਰ 1927, ਸਰਦਾਰ ਹਾਕਮ ਸਿੰਘ ਜੀ ਦੇ ਘਰ ਮਾਤਾ ਨਿਰੰਜਨ ਕੌਰ ਦੀ ਸੁਲੱਖਣੀ ਕੁੱਖ ਤੋਂ ਹੋਇਆ। ਆਪ ਜੀ ਦੇ ਬਜ਼ੁਰਗ ਬਹੁਤ ਭਗਤੀ ਕਰਨ ਵਾਲੇ ਹੋਣ ਕਰਕੇ, ਟੱਬਰ ਦੀ ਅੱਲ 'ਭਗਤਾਂ' ਦੇ ਪੈ ਗਈ। ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੇ ਉਸ ਤੋਂ ਬਾਅਦ ਖਾਲਸਾ ਹਾਈ ਸਕੂਲ ਬੱਡੋਂ ਤੋਂ ਕੀਤੀ। ਆਪ ਜੀ ਬਚਪਨ ਤੋਂ ਹੀ ਗੁਰਬਾਣੀ ਦੇ ਨਿਤਨੇਮੀ ਸਨ। ਆਪ ਜੀ ਦੇ ਵੱਡੇ ਭਰਾ ਸੰਤ ਬਤਨ ਸਿੰਘ ਜੀ ਦਾ ਜਨਮ 28 ਜਨਵਰੀ 1906 ਨੂੰ ਹੋਇਆ ਤੇ ਉਹ ਨਿਰਮਲੇ ਪੰਥ ਵਿੱਚ ਸ਼ਾਮਲ ਹੋ ਕੇ ਸਾਰੀ ਉਮਰ ਗੁਰੂ ਨਾਨਕ ਮੱਤ ਦਾ ਪ੍ਰਚਾਰ ਕਰਦੇ ਰਹੇ ਤੇ ਘਰ ਨਾਲੋਂ ਦੁਨਿਆਵੀ ਰਿਸ਼ਤਾ ਤੋੜ ਰੱਖਿਆ। ਜਥੇਦਾਰ ਜੀ ਉਹਨਾਂ ਤੋਂ 21 ਸਾਲ ਛੋਟੇ ਸਨ ਤੇ ਘਰ ਦੀ ਸਾਰੀ ਜ਼ਿੰਮੇਵਾਰੀ ਆਪ ਜੀ ਦੇ ਸਿਰ ਸੀ। ਇਕ ਵਾਰ ਮਾਸਟਰ ਤਾਰਾ ਸਿੰਘ ਜੀ ਪਿੰਡ ਬੱਡੋਂ ਆਏ ਤਾਂ ਜਥੇਦਾਰ ਗੁਰਦਿਆਲ ਸਿੰਘ ਜੀ ਸਾਥੀਆਂ ਸਮੇਤ ਉਹਨਾਂ ਨੂੰ ਮਿਲਣ ਗਏ ਤੇ ਪੰਥ ਦੀ ਸੇਵਾ ਦਾ ਐਸਾ ਜਾਗ ਲੱਗਾ ਕਿ ਮੁੜ ਕੇ ਪਿੱਛਾ ਨਹੀਂ ਦੇਖਿਆ। ਸੰਨ 1949 ਵਿੱਚ ਗਿਆਨ ਸਿੰਘ ਰਾੜੇਵਾਲਾ ਦੀ ਪੈਪਸੂ ਵਿੱਚ ਵਜ਼ਾਰਤ ਬਣੀ, ਜਿਸਨੂੰ ਲੋਕੀਂ ਮਾਮਾ ਭਾਣਜਾ ਵਜ਼ਾਰਤ ਕਹਿੰਦੇ ਸਨ।

ਮਾਸਟਰ ਤਾਰਾ ਸਿੰਘ ਜੀ ਨੇ 'ਪੰਥ ਆਜ਼ਾਦ ਤੇ ਦੇਸ਼ ਆਜ਼ਾਦ' ਦਾ ਨਾਅਰਾ ਲਾ ਦਿੱਤਾ। ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਉਸ ਸਮੇਂ ਬਲਾਚੌਰ ਵਾਲੇ ਸ਼ੰਤ ਬਖਤਾਵਰ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਥੇਦਾਰ ਸਨ। ਅਜਨੋਹਾ ਪਿੰਡ ਦੇ 8 ਵਰਕਰ ਗ੍ਰਿਫਤਾਰੀ ਲਈ ਗਏ । ਫਗਵਾੜੇ ਰਾਮਗੜ੍ਹੀਆ ਗੁਰਦੁਆਰੇ ਠਹਿਰੇ ਹੋਏ ਸਨ ਤਾਂ ਸੰਤ ਬਖਤਾਵਰ ਸਿੰਘ ਹੋਰੀਂ ਕਿਹਾ ਕਿ ਆਪਣੇ ਆਪਣੇ ਪਿੰਡ ਦਾ ਜਥੇਦਾਰ ਚੁਣ ਲਵੋ। ਪਿੰਡ ਅਜਨੋਹਾ ਦੇ ਅੱਠਾਂ ਵਰਕਰਾਂ ਨੇ ਸਰਬਸੰਮਤੀ ਨਾਲ ਸ. ਸੰਤ ਹਰੀ ਸਿੰਘ ਦੇ ਸੁਝਾਅ 'ਤੇ ਜਥੇਦਾਰ ਗੁਰਦਿਆਲ ਸਿੰਘ ਜੀ ਨੂੰ ਆਪਣਾ ਜਥੇਦਾਰ ਚੁਣ ਲਿਆ। ਇਸ ਜਥੇ ਨੇ ਸੁਲਤਾਨਪੁਰ ਲੋਧੀ ਵਿੱਚ ਗ੍ਰਿਫਤਾਰੀ ਦਿੱਤੀ ਤੇ ਇਹਨਾਂ ਨੂੰ ਕਪੂਰਥਲੇ ਜੇਲ ਭੇਜ ਦਿੱਤਾ ਗਿਆ। ਉਸ ਤੋਂ ਬਾਅਧ ਪੰਜਾਬੀ ਸੂਬੇ ਦੀ ਲਹਿਰ ਚੱਲੀ, ਜਿਸ ਵਿੱਚ ਜਥੇਦਾਰ ਜੀ ਨੂੰ ਪੁਲਸ ਤਸ਼ੱਦਦ ਅਤੇ ਘਰ ਦੀਆਂ ਕੁਰਕੀਆਂ ਦਾ ਸਾਹਮਣਾ ਕਰਨਾ ਪਿਆ। ਜਥੇਦਾਰ ਜੀ ਨੂੰ ਇਹਨਾਂ ਸਿਆਸੀ ਮੋਰਚਿਆਂ ਵਿੱਚ ਘਰੋਂ ਦੂਰ ਰਹਿਣਾ ਪਿਆ। ਆਪਜੀ ਦੀ ਧਰਮ ਪਤਨੀ ਨੇ ਘਰ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ । ਆਪ ਜੀ ਪਿੰਡ ਦੇ ਸਰਪੰਚ, ਪੰਚਾਇਤ ਸੰਮਤੀ ਦੇ ਮੈਂਬਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਬਣੇ। ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਬਣੇ ਤੇ ਘਰ ਦੇ ਰੁਝੇਵਿਆਂ ਅਤੇ ਬੱਚਿਆਂ ਨੂੰ ਛੱਡ ਕੇ ਕੌਮ ਦੀ ਅਣਥੱਕ ਸੇਵਾ ਕੀਤੀ। ਆਪ ਜੀ 14 ਵਾਰ ਜੇਲ੍ਹ ਗਏ। 1972 ਵਿੱਚ ਸੰਤ ਬਾਬਾ ਫਤਹਿ ਸਿੰਘ ਜੀ ਦੇ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਹੋਏ ਤੇ ਅੱਠ ਸਾਲ ਤੱਕ ਬੜੀ ਇਮਾਨਦਾਰੀ ਅਤੇ ਲਗਨ ਨਾਲ ਇਹ ਡਿਊਟੀ ਨਿਭਾਈ।

ਪ੍ਰੋਫੈਸਰ ਜੋਗਿੰਦਰ ਸਿੰਘ ਜੀ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਫਜ਼ਾਂ ਵਿੱਚ:- "ਗਿਆਨੀ ਗੁਰਦਿਆਲ ਸਿੰਘ ਜੀ ਤੇ ਬਾਬਾ ਅਕਾਲੀ ਫੂਲਾ ਸਿੰਘ ਜੀ ਦਾ ਜਨਮ ਪਿੰਡ ਇੱਕੋ ਹੀ ਤੇ ਅਜਨੋਹਾ ਹੀ ਸੀ। ਇੰਝ ਜਾਪਦਾ ਹੈ ਕਿ ਅਜਨੋਹਾ ਪਿੰਡ ਨੂੰ ਸੰਸਕਾਰਾਂ ਵਜੋਂ ਜਿੱਥੇ ਖਾਲਸਈ ਰਾਜ, ਪੰਥਕ ਚੜ੍ਹਦੀ ਕਲਾ ਤੇ ਜਥੇਦਾਰੀ ਸਥਾਪਤੀ ਦਾ ਵਰਦਾਨ ਪ੍ਰਾਪਤ ਸੀ, ਉੱਤੇ ਨਿਡਰਤਾਈ ਇਸ ਪਿੰਡ ਦਾ ਅਦੁੱਤੀ ਵਿਰਸਾ ਸੀ। ਡੇਢ ਸੌ ਸਾਲ ਪਹਿਲਾਂ ਅਕਾਲੀ ਫੂਲਾ ਸਿੰਘ ਅਜਨੋਹਾ ਵਿੱਚ ਜਮ ਪਲ ਕੇ ਸਿੱਖ ਰਾਜ ਦੀ ਸਥਾਪਤੀ ਤੇ ਪੰਥਕ ਪਰੰਪਰਾਵਾਂ ਦੀ ਸੁਰੱਖਿਅਤਾ ਲਈ ਇਕ ਨਿਡਰ ਜਥੇਦਾਰ ਹੋਣ ਦਾ ਵਿਚਾਰ ਤੇ ਕਿਰਦਾਰ ਪ੍ਰਗਟਾਉਂਦਾ ਹੈ ਤਾਂ ਇਤਿਹਾਸਕ ਪਰੰਪਰਾ ਵਿੱਚੋਂ ਨਿਡਰ ਜਥੇਦਾਰ ਦਾ ਮਾਣ ਪ੍ਰਾਪਤ ਕਰਕੇ ਗਿਆਨੀ ਗੁਰਦਿਆਲ ਸਿੰਘ ਜੀ ਵੀ ਅਕਾਲੀ ਫੂਲਾ ਸਿੰਘ ਵਾਂਗ ਸ਼ੁੱਧ ਅਕਾਲੀ ਵੀ ਸਿੱਧ ਹੁੰਦੇ ਹਨ ਤੇ ਨਿਡਰਤਾ ਦਾ ਸਬੂਤ ਦਿੰਦੇ ਹਨ। ਇਹ ਵੀ ਇਕ ਸੰਜੋਗ ਦੀ ਗੱਲ ਹੈ ਕਿ ਜ. ਗੁਰਦਿਆਲ ਸਿੰਘ ਜੀ ਅਜਨੋਹਾ ਵਿਖੇ ਹੀ ਅਕਾਲੀ ਫੂਲਾ ਸਿੰਘ ਜੀ ਦੇ ਯਾਦ ਸਮਾਗਮ ਨੂੰ ਆਪਣੇ ਅਖੀਰਲੇ ਸਵਾਸਾਂ ਦੀ ਅਹੂਤੀ ਵੀ ਪ੍ਰਦਾਨ ਕਰ ਦਿੰਦੇ ਹਨ।"

ਜਥੇਦਾਰ ਜੀ ਦੀ ਨਿਡਰਤਾ ਅਤੇ ਸਿਆਸੀ ਦਬਾਅ ਦੀ ਪਰਵਾਹ ਨਾ ਕਰਨ

ਦੀ ਇਕ ਮਿਸਾਲ ਹੈ ਕਿ ਜਦੋਂ ਆਪ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਨ ਤਾਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਜੋ ਆਨੰਦਪੁਰ ਸਾਹਿਬ ਤੋਂ ਹੀ ਚੋਣ ਜਿੱਤਿਆ ਸੀ, ਨੇ ਆਪਣੇ ਲੜਕੇ ਦਾ ਆਨੰਦ ਕਾਰਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਨਾ ਚਾਹਿਆ, ਪਰ ਜਥੇਦਾਰ ਸਾਹਿਬ ਨੇ ਉੱਤਰ ਦਿੱਤਾ ਕਿ ਕਿਸੇ ਪਤਿਤ ਸਿੱਖ ਦਾ ਆਨੰਦ ਕਾਰਜ ਤਖਤ ਸ੍ਰੀ ਕੇਸਗੜ੍ਹ 'ਤੇ ਨਹੀਂ ਹੋ ਸਕਦਾ।

12 ਮਾਰਚ ਸੰਨ 1980 ਜਥੇਦਾਰ ਗੁਰਦਿਆਲ ਸਿੰਘ ਜੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਣੇ। ਉਹਨਾਂ ਤੋਂ ਪਹਿਲੇ ਅਕਾਲ ਤਖਤ ਦੇ ਜਥੇਦਾਰ ਸਾਧੂ ਸਿੰਘ ਭੌਰਾ ਨੇ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਦਿਖਾਈਆਂ ਸਨ। ਜਿਨ੍ਹਾਂ ਤੋਂ ਸਿੱਖ ਬੁੱਧੀਜੀਵੀ ਖੁਸ਼ ਨਹੀਂ ਸਨ ਅਤੇ ਨਵੇਂ ਜਥੇਦਾਰ ਸ੍ਰੀ ਗੁਰਦਿਆਲ ਸਿੰਘ ਜੀ ਅਜਨੋਹਾ ਤੋਂ ਆਸਾਂ ਲਾਈ ਬੈਠੇ ਸਨ। ਉਸ ਸਮੇਂ ਹਿੰਦੂ ਪ੍ਰੈਸ ਵੱਲੋਂ ਬੜੇ ਜ਼ੋਰ-ਜ਼ੋਰ ਨਾਲ 'ਸਿੱਖ ਕੇਸਾਧਾਰੀ ਹਿੰਦੂ' ਹਨ ਪਰਚਾਰਿਆ ਜਾ ਰਿਹਾ ਸੀ। ਦੂਜੇ ਪਾਸੇ ਸਿੱਖ ਕੌਮ ਚਾਹੁੰਦੀ ਸੀ ਕਿ ਇਹ ਮਸਲਾ ਇਕ ਵਾਰੀ ਹਮੇਸ਼ਾ ਲਈ ਮੁਕਾ ਦਿੱਤਾ ਜਾਵੇ। "ਤੀਸਰ ਪੰਥ ਚਲਾਇਓ। ਹਿੰਦੂ ਤੁਰਕਨ ਤੇ ਨਿਆਰਾ" ਦੇ ਸਹੀ ਅਰਥਾਂ ਵਿੱਚ ਸਿੱਖ ਨੂੰ ਹਿੰਦੂ ਤੋਂ ਵੱਖਰਾ ਨਖੇੜ ਕੇ ਪੇਸ਼ ਕੀਤਾ ਜਾਵੇ। ਇਹ ਕੋਈ ਨਵੀਂ ਗੱਲ ਤਾਂ ਹੈ ਨਹੀਂ ਸੀ, ਇਹ ਤਾਂ 30 ਮਾਰਚ ਸੰਨ 1699 ਦਾ ਆਨੰਦਪੁਰ ਦਾ ਮਤਾ ਸੀ। ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਬਹੁਤ ਸਮਾਂ ਪਹਿਲਾਂ ਆਪਣੀ ਪੁਸਤਕ 'ਹਮ ਹਿੰਦੂ ਨਹੀਂ" ਲਿਖ ਕੇ ਸਪੱਸ਼ਟੀਕਰਨ ਦੇ ਚੁੱਕੇ ਸਨ। ਪਰ ਕੁਝ ਹਿੰਦੂ ਆਪਣੀ ਪੁਸਤਕ "ਹਮ ਹਿੰਦੂ ਨਹੀਂ" ਲਿਖ ਕੇ ਸਪੱਸ਼ਟੀਕਰਨ ਦੇ ਚੁੱਕੇ ਸਨ। ਪਰ ਕੁਝ ਹਿੰਦੂ ਆਪਣੀ ਚੌਧਰ ਲਈ ਤੇ ਅਖਬਾਰਾਂ ਦੇ ਮਾਲਕ ਆਪਣੀ ਅਖਬਾਰਾਂ ਦੀ ਵਿਕਰੀ ਵਧਾਉਣ ਲਈ ਮਸਲੇ ਨੂੰ ਹੱਲ ਨਹੀਂ ਦੇਣਾ ਚਾਹੁੰਦੇ ਸਨ।

ਜਥੇਦਾਰ ਅਜਨੋਹਾ ਸਾਹਿਬ ਨੇ 21 ਅਪ੍ਰੈਲ 1981 ਨੂੰ ਇਸ ਮਸਲੇ ਦਾ ਪੱਕਾ ਹੱਲ ਕਰ ਦਿੱਤਾ ਕਿ ਸਿੱਖ ਇੱਕ ਕੌਮ ਹਨ। ਜੇਕਰ ਕੋਈ ਢਿੱਲਾ ਮੱਠਾ ਜਥੇਦਾਰ ਹੁੰਦਾ ਤਾਂ ਉਸ ਨੇ ਸਿਆਸਤਦਾਨਾਂ ਦੀ ਤਰ੍ਹਾਂ ਆਪਣਾ ਵਕਤ ਟਪਾਉਣ ਲਈ ਅਖਬਾਰਾਂ ਵਿੱਚ ਐਸਾ ਬਿਆਨ ਦੇਣਾ ਸੀ ਕਿ ਮਸਲੇ ਦਾ ਹੱਲ ਲੱਭਣ ਲਈ "ਇੱਕ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ ਤੇ ਉਸਨੂੰ ਛੇ ਮਹੀਨੇ ਵਿਚ ਆਪਣੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ, ਕਮੇਟੀ ਵਿੱਚ ਸਭ ਵਰਗਾਂ ਦੇ ਨੁਮਾਇੰਦੇ ਲਏ ਗਏ ਹਨ।"

ਜਥੇਦਾਰ ਅਜਨੋਹਾ ਵਿਦੇਸ਼ੀ ਦੌਰੇ 'ਤੇ ਗਏ ਤਾਂ ਜ. ਸੰਤੋਖ ਸਿੰਘ ਦਿੱਲੀ ਵਾਲੇ ਦਾ ਇਕ ਬਿਆਨ ਲਾਲਾ ਜਗਤ ਨਰਾਇਣ ਦੇ ਅਖਬਾਰ ਵਿੱਚ ਛਪਿਆ ਕਿ ਅਜਨੋਹਾ ਸਾਹਿਬ ਖਾਲਿਸਤਾਨ ਵਾਸਤੇ ਫੰਡ ਇਕੱਠੇ ਕਰਨ ਗਏ ਹਨ। ਜਥੇਦਾਰ ਅਜਨੋਹਾ ਨੇ ਸੰਤੋਖ ਸਿੰਘ ਨੂੰ ਅਕਾਲ ਤਖਤ 'ਤੇ ਤਲਬ ਕੀਤਾ। ਉਹ ਬਹਾਨਾ ਬਣਾ ਕੇ ਕਿ ਅੰਮ੍ਰਿਤਸਰ ਵਿੱਚ ਉਸ ਨੂੰ ਆਪਣੀ ਜਾਨ ਦਾ ਖਤਰਾ ਹੈ, ਪੇਸ਼ ਨਾ ਹੋਇਆ। ਪਰ ਆਪਣੇ ਵੱਲੋਂ ਏਲਚੀ ਭੇਜ ਦਿੱਤੇ ਤੇ ਨਾਲੇ ਮੁੱਕਰ ਗਿਆ ਕਿ ਉਸ ਨੇ ਕੋਈ ਅਜਿਹਾ

ਬਿਆਨ ਦਿੱਤਾ ਹੈ। ਅਕਾਲ ਤਖਤ ਸਾਹਿਬ ਵੱਲੋਂ ਉਸ ਵੱਲੋਂ ਭੇਜੇ ਏਲਚੀਆਂ ਨੂੰ ਸਵੀਕਾਰ ਨਾ ਕੀਤਾ ਗਿਆ। ਆਖਿਰ ਉਸ ਨੇ ਆਪ ਪੇਸ਼ ਹੋ ਕੇ ਲੱਗੀ ਤਨਖਾਹ ਸਵੀਕਾਰ ਕੀਤੀ। ਮਗਰੋਂ ਥੋੜ੍ਹੇ ਚਿਰ ਬਾਅਦ ਜ. ਸੰਤੋਖ ਸਿੰਘ ਦਾ ਕਤਲ ਹੋ ਗਿਆ।

ਇਹਨੀਂ ਦਿਨੀਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਸਤਨਾਮ ਸਿੰਘ ਬਾਜਵਾ ਕਾਦੀਆਂ ਤੋਂ ਚੋਣਾਂ ਹਾਰ ਗਿਆ। ਉਸ ਨੇ ਹਾਈ ਕੋਰਟ ਵਿੱਚ ਪਟੀਸ਼ਨ ਕੀਤੀ ਕਿ ਅਕਾਲ ਤਖਤ ਸਾਹਿਬ ਵੱਲੋਂ ਸਿੱਖਾਂ ਨੂੰ ਹੁਕਮ ਹੋਇਆ ਹੈ ਕਿ ਉਹ ਕੇਵਲ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹੀ ਵੋਟ ਪਾਉਣ। ਹਾਈ ਕੋਰਟ ਨੇ ਜ. ਗੁਰਦਿਆਲ ਸਿੰਘ ਜੀ ਨੂੰ ਹਾਈ ਕੋਰਟ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਕਰ ਦਿੱਤੇ। ਜਥੇਦਾਰ ਸਾਹਿਬ ਨੇ ਬੜੀ ਜੁਰਅੱਤ ਨਾਲ ਇਹ ਸੰਮਨ ਲੈਣ ਤੋਂ ਇਨਕਾਰੀ ਕੀਤੀ ਤੇ ਲਿਖਿਆ ਕਿ ਅਕਾਲ ਤਖਤ ਸਾਹਿਬ ਦਾ ਜਥੇਦਾਰ ਦੁਨਿਆਵੀ ਅਦਾਲਤਾਂ ਤੋਂ ਉਪਰ ਹੈ, ਫੇਰ ਵੀ ਜੇ ਹਾਈ ਕੋਰਟ ਨੂੰ ਕੋਈ ਸਪੱਸ਼ਟੀਕਰਨ ਚਾਹੀਦਾ ਹੈ ਤਾਂ ਉਹ ਆਪਣਾ ਕੋਈ ਅਹਿਲਕਾਰ ਭੇਜ ਕੇ ਜਥੇਦਾਰ ਅਕਾਲ ਤਖਤ ਤੋਂ ਸਪੱਸ਼ਟੀਕਰਨ ਲੈ ਸਕਦਾ ਹੈ। ਸਤਨਾਮ ਸਿੰਘ ਬਾਜਵਾ ਨੇ ਹਾਈਕੋਰਟ ਨੂੰ ਲਿਖ ਕੇ ਦੇ ਦਿੱਤਾ ਕਿ ਉਹ ਜਥੇਦਾਰ ਅਕਾਲ ਤਖਤ ਨੂੰ ਤਲਬ ਨਹੀਂ ਕਰਨਾ ਚਾਹੁੰਦਾ। ਇਸ ਤਰ੍ਹਾਂ ਇੱਕ ਦੁਨਿਆਵੀ ਅਦਾਲਤ ਅਤੇ ਰੱਬੀ ਅਦਾਲਤ ਵਿਚਕਾਰ ਟਕਰਾ ਟਲ ਗਿਆ।

ਨਰਕਧਾਰੀਆਂ ਵਲੋਂ ਇਹ ਪੇਸ਼ਕਸ਼ ਹੋਈ ਕਿ 10 ਜੂਨ 1978 ਦਾ ਉਹਨਾਂ ਵਿਰੁੱਧ ਹੁਕਮਨਾਮਾ ਵਾਪਸ ਲੈ ਲਿਆ ਜਾਵੇ। ਉਹ ਆਪਣੀਆਂ ਕਿਤਾਬਾਂ ਵਿੱਚੋਂ ਸਿੱਖ ਧਰਮ ਵਿਰੁੱਧ ਜਾਂ ਇਤਰਾਜ਼ਯੋਗ ਸ਼ਬਦ ਕੱਢਣ ਨੂੰ ਤਿਆਰ ਹਨ।

ਹਰਦੇਵ (ਭੋਲਾ) ਨੇ ਜੋ ਚਿੱਠੀ ਅਕਾਲ ਤਖਤ ਸਾਹਿਬ ਨੂੰ ਲਿਖੀ, ਉਹ ਅਖਬਾਰਾਂ ਵਿੱਚ ਛਪਾਈ ਗਈ। ਸਿੱਖ ਬੁੱਧੀਜੀਵੀਆਂ ਨੇ ਅਖਬਾਰਾਂ ਵਿੱਚ ਇਹ ਚਿੱਠੀ ਪੜ੍ਹੀ ਤਾਂ ਸੋਚਣ ਲੱਗੇ ਕਿ ਕਿਤੇ ਜਥੇਦਾਰ ਅਜਨੋਹਾ ਇਸ ਦੀ ਸੁਣਵਾਈ ਨਾ ਕਰ ਲੈਣ। ਬਹੁਤ ਸਾਰੇ ਸਿੱਖਾਂ ਨੇ ਜਥੇਦਾਰ ਸਾਹਿਬ ਨੂੰ ਖਤ ਲਿਖੇ ਕਿ ਇਹ ਚਿੱਠੀ ਰੱਦ ਕੀਤੀ ਜਾਵੇ। ਜਥੇਦਾਰ ਹੋਰਾਂ ਨੇ 12 ਮਾਰਚ 1982 ਨੂੰ ਨਰਕਧਾਰੀ ਦੀ ਚਿੱਠੀ ਰੱਦ ਕਰ ਦਿੱਤੀ ਕਿ ਹਜ਼ਾਰਾਂ ਚਿੱਠੀਆਂ ਦੀ ਤਰ੍ਹਾਂ ਇਹ ਇਕ ਚਿੱਠੀ ਹੈ, ਨਰਕਧਾਰੀ ਧਿਰ ਨਹੀਂ ਹੈ। ਜਿਸ ਵਿਅਕਤੀ ਨੂੰ ਲੋੜ ਹੋਵੇ, ਉਹ "ਅਕਾਲ ਤਖਤ ਸਾਹਿਬ 'ਤੇ ਦਰਖ਼ਾਸਤ ਦੇਵੇ, ਤਨਖਾਹ ਲੁਆਵੇ, ਸਜ਼ਾ ਭੁਗਤੇ ਅਤੇ ਅੰਮ੍ਰਿਤ ਛਕੇ" ਤਾਂ ਮੁਆਫੀ ਮਿਲ ਸਕਦੀ ਹੈ। ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਇਆ ਹੁਕਮਨਾਮਾ ਵਾਪਸ ਨਹੀਂ ਹੋ ਸਕਦਾ।

ਅਕਾਲੀ ਫੂਲਾ ਸਿੰਘ ਤੋਂ ਬਾਅਦ ਜਥੇਦਾਰ ਅਜਨੋਹਾ ਹੀ ਇਕ ਦਲੇਰ ਅਤੇ ਬੁੱਧੀਮਾਨ ਜਥੇਦਾਰ ਹੋਏ ਹਨ। ਇਕ ਸਾਲ ਵਿੱਚ ਚਾਰ ਵੱਡੇ ਫੈਸਲੇ ਕਰਨੇ ਕਿਸੇ ਮਾੜੇ-ਮੋਟੇ ਜਥੇਦਾਰ ਦਾ ਕੰਮ ਨਹੀਂ ਸੀ। ਇਹ ਚਾਰ ਫੈਸਲੇ ਇਹ ਸਨ :-

1. ਸਿੱਖ ਇਕ ਕੌਮ ਹਨ

2. ਅਕਾਲ ਤਖਤ ਸਾਹਿਬ ਦੁਨਿਆਵੀ ਅਦਾਲਤਾਂ ਤੋਂ ਉੱਪਰ ਹੈ

3. ਨਰਕਧਾਰੀ ਰੱਦ ਹਨ

4. ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਵਾਪਸ ਨਹੀਂ ਹੋ ਸਕਦਾ। ਜਥੇਦਾਰ ਸਾਹਿਬ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਬਹੁਤ ਪਿਆਰ ਸੀ। ਇਕ ਭੋਗ ਸਮੇਂ ਜ. ਜਰਨੈਲ ਸਿੰਘ ਹੁਰਾਂ ਜਥੇਦਾਰ ਅਜਨੋਹਾ ਨੂੰ ਕਿਹਾ ਕਿ ਹੁਣ ਕੁਰਬਾਨੀਆਂ ਦੇਣ ਦਾ ਸਮਾਂ ਆ ਗਿਆ ਹੈ। ਜਥੇਦਾਰ ਅਜਨੋਹਾ ਹੋਣਾ ਭਿੰਡਰਾਂਵਾਲਿਆਂ ਦੀ ਗੱਲ ਦਾ ਉੱਤਰ ਤਾਂ ਨਾ ਦਿੱਤਾ, ਪਰ ਭੋਗ ਦੀ ਜਦੋਂ ਉਹਨਾਂ ਅਰਦਾਸ ਕੀਤੀ ਤਾਂ ਅਕਾਲ ਪੁਰਖ ਨੂੰ ਬੇਨਤੀ ਕੀਤੀ "ਹੇ ਸੱਚੇ ਪਿਤਾ ਜੀ ਦਾਸ ਦੀ ਰਹਿੰਦੀ ਆਯੂ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਲੱਗ ਜਾਵੇ, ਇਹਨਾਂ ਨੇ ਪੰਥ ਦੇ ਮਹਾਨ ਕਾਰਜ ਕਰਨੇ ਹਨ।"

ਅਰਦਾਸ ਤੋਂ ਬਾਅਦ ਸੰਤ ਜਰਨੈਲ ਸਿੰਘ ਹੋਰੀਂ ਕਿਹਾ ਕਿ ਇਹ ਤੁਸੀਂ ਕੀ ਕੀਤਾ, ਪਰ ਤੀਰ ਕਮਾਨ 'ਚੋਂ ਨਿਕਲ ਚੁੱਕਾ ਸਾਬਤ ਹੋਇਆ। ਮਹੀਨਾ ਕੁ ਬਾਅਦ ਜਥੇਦਾਰ ਅਜਨੋਹਾ ਬਿਨਾਂ ਖਾਸ ਬਿਮਾਰੀ ਦੇ 18 ਮਾਰਚ 1982 ਨੂੰ 54 ਸਾਲ ਦੀ ਉਮਰ ਭੋਗ ਕੇ ਅਕਾਲਪੁਰਖ ਨੂੰ ਪਿਆਰੇ ਹੋ ਗਏ। ਆਪ ਜੀ ਦੇ ਅੰਤਮ ਸੰਸਕਾਰ ਪਿੰਡ ਅਜਨੋਹਾ ਵਿਖੇ ਹੋਏ ਤੇ ਸੰਤ ਜਰਨੈਲ ਸਿੰਘ ਜੀ ਆਪਣੇ ਜਥੇ ਸਮੇਤ ਹਾਜ਼ਰ ਹੋਏ।

ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਦੇ ਸਾਥੀ ਸਰਦਾਰ ਹਰੀ ਸਿੰਘ ਜੀ ਅਜਨੋਹਾ, ਜਿਨ੍ਹਾਂ ਨੂੰ ਜਥੇਦਾਰ ਹੁਰੀਂ ਸੰਤ ਕਹਿ ਕੇ ਬੁਲਾਇਆ ਕਰਦੇ ਸਨ ਤੇ ਹੁਣ ਸਭ ਉਹਨਾਂ ਨੂੰ ਸੰਤ ਕਹਿ ਕੇ ਬੁਲਾਉਂਦੇ ਹਨ, ਜਥੇਦਾਰ ਜੀ ਦੀ ਯਾਦ ਵਿੱਚ ਅਜਨੋਹਾ ਵਿਖੇ ਹਸਪਤਾਲ ਬਣਵਾ ਰਹੇ ਹਨ। ਸੰਤ ਹਰੀ ਸਿੰਘ ਜੀ ਹੀ ਜਥੇਦਾਰ ਸਾਹਿਬ ਜੀ ਦੇ ਪਰਿਵਾਰ ਦਾ ਦੁੱਖ-ਸੁੱਖ ਦੇਖ ਰਹੇ ਸਨ। ਜਥੇਦਾਰ ਜੀ ਦਾ ਵੱਡਾ ਲੜਕਾ ਬਲਵੰਤ ਸਿੰਘ ਕੁਸੰਗਤ ਵਿੱਚ ਪੈ ਕੇ ਸ਼ਰਾਬ ਪੀਣ ਲੱਗ ਪਿਆ ਸੀ। ਜਥੇਦਾਰ ਹੁਰਾਂ ਤੋਂ ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ, ਉਹਨਾਂ ਨੇ ਡਾਂਟਿਆ ਤੇ ਕਿਹਾ ਕਿ ਜੇ ਸ਼ਰਾਬ ਪੀਣੀ ਹੈ ਤਾਂ ਮੁੜ ਕੇ ਮੇਰੇ ਘਰ ਨਾ ਵੜੀਂ ਤੇ ਉਹ ਜਥੇਦਾਰ ਸਾਹਿਬ ਦੇ ਅਕਾਲ ਚਲਾਣੇ ਤੋਂ ਚਾਰ ਕੁ ਸਾਲ ਪਹਿਲਾਂ ਘਰ ਛੱਡ ਗਿਆ ਸੀ ਤੇ ਅੱਜ ਤੱਕ ਵਾਪਸ ਨਹੀਂ ਮੁੜਿਆ ਤੇ ਨਾ ਹੀ ਕਿਸੇ ਨੂੰ ਪਤਾ ਹੈ ਕਿ ਉਹ ਕਿੱਥੇ ਹੈ। ਜਥੇਦਾਰ ਸਾਹਿਬ ਦੇ ਛੋਟੇ ਲੜਕੇ ਸਿੱਧੇ ਜਿਹੇ ਹਨ। ਵਿੱਦਿਆ ਵੀ ਪ੍ਰਾਪਤ ਨਹੀਂ ਕਰ ਸਕੇ, ਪਰ ਜਥੇਦਾਰ ਸਾਹਿਬ ਦਾ ਪੋਤਰਾ ਦੱਸ ਕੁ ਸਾਲ ਦਾ ਹੈ, ਜੋ ਕਾਫੀ ਚੁਸਤ ਅਤੇ ਬੁੱਧੀਮਾਨ ਹੈ।

# ਬੀਰ ਅਪਾਰ ਬਡੇ ਬਰਿਆਰ

## ਪ੍ਰਿਥਵੀ ਰਾਜ ਚੌਹਾਨ

ਪ੍ਰਿਥੀਰਾਜ ਚੌਹਾਨ ਇੱਕ ਲੜਾਈ ਵਿੱਚ ਜ਼ਖਮੀ ਹੋ ਕੇ ਡਿੱਗ ਪਿਆ ਅਤੇ ਬੇਹੋਸ਼ ਹੋ ਗਿਆ। ਕੋਲ ਹੀ ਇੱਕ ਹੋਰ ਉਸਦਾ ਜਰਨੈਲ ਜਖਮੀਂ ਪਿਆ ਸੀ। ਪ੍ਰਿਥਵੀ ਰਾਜ ਨੂੰ ਬਹੁਤ ਸਾਰੀਆਂ ਗਿਰਝਾਂ ਠੂੰਗੇ ਮਾਰ ਕੇ ਖਾਣ ਲੱਗੀਆਂ। ਜ਼ਖਮੀ ਜਰਨੈਲ ਤੋਂ ਉਠ ਨਾ ਹੋਵੇ ਤਾਂ ਉਹ ਆਪਣੇ ਪੱਟ ਦਾ ਮਾਸ ਕੱਟ-ਕੱਟ ਕੇ ਗਿਰਝਾਂ ਵੱਲ ਸੁੱਟੀ ਜਾਵੇ ਕਿ ਇਹ ਮੇਰੇ ਮਾਲਿਕ ਦਾ ਮਾਸ ਨਾ ਨੋਚਣ। ਰੱਬ ਦੀ ਮਿਹਰ ਹੋ ਗਈ। ਪ੍ਰਿਥਵੀ ਰਾਜ ਨੂੰ ਹੋਸ਼ ਆ ਗਈ ਤੇ ਗਿਰਝਾਂ ਉੱਡ ਗਈਆਂ। ਆਪਣੇ ਪੱਟ ਦਾ ਮਾਸ ਮਹੀਂਵਾਲ ਵੱਲੋਂ ਸੋਹਣੀ ਨੂੰ ਖੁਆਉਣ ਦੇ ਕਿੱਸੇ ਤਾਂ ਬੱਚੇ-ਬੱਚੇ ਦੀ ਜ਼ਬਾਨ ਤੇ ਹਨ, ਪਰ ਇਹਨਾਂ ਸੂਰਬੀਰਾਂ ਨੂੰ ਵਿਰਲੇ ਹੀ ਯਾਦ ਕਰਦੇ ਹਨ।

## ਹਮੀਰ ਸਿੰਘ

ਰਣਥਮਭੌਰ ਦਾ ਰਾਜਾ, ਜੋ ਸੰਨ 1357 ਵਿੱਚ ਗੱਦੀ 'ਤੇ ਬੈਠਾ। ਬਾਦਸ਼ਾਹ ਅਲਾਉਦੀਨ ਖਿਲਜੀ ਦਾ ਇਕ ਅਹਿਲਕਾਰ ਮੀਰ ਮੁਹੰਮਦ ਬਾਗੀ ਹੋ ਕੇ ਹਮੀਰ ਸਿੰਘ ਦੀ ਸ਼ਰਨ ਆ ਗਿਆ। ਅਲਾਉਦੀਨ ਨੇ ਹਮੀਰ ਸਿੰਘ ਪਾਸੋਂ ਆਪਣਾ ਅਹਿਲਕਾਰ ਮੀਰ ਮੁਹੰਮਦ ਮੰਗਿਆ। ਹਮੀਰ ਨੇ ਬੜੇ ਹੌਂਸਲੇ ਨਾਲ ਜਵਾਬ ਦਿੱਤਾ ਕਿ ਭਾਵੇਂ ਸੂਰਜ ਆਪਣੀ ਚਾਲ ਬਦਲ ਲਵੇ, ਪਰ ਹਮੀਰ ਸਿੰਘ ਸ਼ਰਨ ਆਏ ਨੂੰ ਨਹੀਂ ਦੇਵੇਗਾ। ਇਸ ਤੇ ਅਲਾਉਦੀਨ ਨੇ ਰਣਥਮਭੌਰ 'ਤੇ ਚੜ੍ਹਾਈ ਕੀਤੀ। ਹਮੀਰ ਬੜੀ ਵੀਰਤਾ ਨਾਲ ਲੜਦਾ ਸ਼ਹੀਦ ਹੋਇਆ। ਕਿਸੇ ਕਵੀ ਨੇ ਲਿਖਿਆ ਹੈ

"ਤਿਰਿਯਾ ਤੇਲ ਹਮੀਰ ਹਠ ਚਢਤ ਨ ਦੂਜੀ ਵਾਰ"

ਪ੍ਰਿਥਵੀ ਰਾਜ ਚੌਹਾਨ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਗੋਬਿੰਦ ਨੇ ਰਣਥਮਭੌਰ ਵਿੱਚ ਆਪਣਾ ਰਾਜ ਕਾਇਮ ਕੀਤਾ। ਹਮੀਰ ਉਸੇ ਵੰਸ਼ ਵਿੱਚੋਂ ਸੀ। ਹਿੰਦੀ ਵਿੱਚ ਹਮੀਰ ਦੀ ਵੀਰਤਾ ਦੀਆਂ ਕਈ ਸਾਹਿਤਕ ਰਚਨਾਵਾਂ ਮਿਲਦੀਆਂ ਹਨ। "ਹਮੀਰ ਰਾਸੋ" ਨਾਂ ਦਾ ਇੱਕ ਗਰੰਥ ਕਵੀ ਸਾਰੰਗਧਰਦੀ ਰਚਨਾ ਹੈ। 'ਹਮੀਰ ਰਚ' ਕਿਰਤ ਕਵੀ ਗਵਾਲ ਅਤੇ ਹਮੀਰ ਹੁਣ ਕਿਰਤ ਕਵੀ ਚੰਦਰ ਸ਼ੇਖਰ ਬਾਜਪਈ ਹੈ। ਇਹ ਬੀਰ ਰਸੀ ਰਚਨਾਵਾਂ ਹਮੀਰ ਦੀ ਸੂਰਬੀਰਤਾ ਅਤੇ ਲੋਕਪ੍ਰਿਯਤਾ ਦੀ ਹਾਮੀ ਭਰਦੀਆਂ ਹਨ।

# ਮਹਾਰਾਣਾ ਪਰਤਾਪ

ਮਹਾਰਾਣਾ ਪਰਤਾਪ ਦਾ ਜਨਮ ਮਈ 9 ਸੰਨ 1540 ਨੂੰ ਰਾਣਾ ਉਦਯ ਸਿੰਘ ਦੇ ਘਰ ਹੋਇਆ। ਜਦੋਂ ਰਾਣਾ ਉਦਯ ਸਿੰਘ ਦਾ,ਮਾਰਚ 3, 1552 ਨੂੰ ਦਿਹਾਂਤ ਹੋਇਆ ਤਾਂ ਉਹ ਗੋਗੰਡਾ ਵਿਖੇ ਸੀ। ਉਸ ਨੇ ਆਪਣੀ ਵਸੀਅਤ ਵਿੱਚ ਆਪਣੀ ਚਹੇਤੀ ਰਾਣੀ ਭਟਿਆਨੀ ਦੇ ਪੁੱਤਰ ਜਗਮਲ ਨੂੰ ਆਪਣਾ ਉੱਤਰ ਅਧਿਕਾਰੀ, ਰਾਜਪੂਤ ਪਰੰਪਰਾਵਾਂ ਦੇ ਉਲਟ ਕਰ ਦਿੱਤਾ ਸੀ ਤੇ ਜਗਮਲ ਆਪਣੇ ਪਿਤਾ ਦੀ ਕਿਰਿਆ ਕਰਮ ਦੀਆਂ ਰਸਮਾਂ ਵਿੱਚ ਸ਼ਾਮਲ ਹੋਣ ਦੀ ਬਜਾਏ ਜਾ ਕੇ ਤਖਤ 'ਤੇ ਬੈਠ ਗਿਆ।

ਮੇਵਾੜ ਦੇ ਸਭ ਉੱਘੇ ਰਾਜਪੂਤ ਇਸ ਸੋਗਮਈ ਸਮਾਗਮ ਵਿੱਚ ਸ਼ਾਮਲ ਸਨ ਤੇ ਜਦੋਂ ਜਮਗਲ, ਰਾਣਾ ਉਦਯ ਸਿੰਘ ਦੇ ਕਿਰਿਆ ਕਰਮ 'ਤੇ ਗੈਰ ਹਾਜ਼ਰ ਸੀ ਤਾਂ ਸਭ ਨੇ ਬੁਰਾ ਮਨਾਇਆ। ਜਦੋਂ ਪ੍ਰਮੁੱਖ ਸਰਦਾਰਾਂ ਨੇ ਜਗਮਲ ਨੂੰ ਗੱਦੀ 'ਤੇ ਬੈਠਿਆਂ ਦੇਖਿਆ ਤਾਂ ਉਹਨਾ ਨੂੰ ਰਾਣਾ ਉਦਯ ਸਿੰਘ ਦੀ ਵਸੀਅਤ ਦਾ ਪਤਾ ਲੱਗਾ ਤੇ ਸਭ ਸਰਦਾਰਾਂ ਨੇ ਪਰਤਾ ਪਜੋ ਹਰ ਤਰ੍ਹਾਂ ਗੱਦੀ ਦੇ ਲਾਇਕ ਸੀ, ਨੂੰ ਗੱਦੀ ਨਾ ਮਿਲਣ ਦਾ ਵਿਰੋਧ ਕੀਤਾ। ਇਕ ਪ੍ਰਮੁੱਖ ਸਰਦਾਰ ਅਖਈਰਾਜ ਨੇ ਭਰੇ ਦਰਬਾਰ ਵਿੱਚ ਗੱਦੀ ਤੇ ਬੈਠੇ ਜਗਮਲ ਨੂੰ ਗੱਦੀ ਤੋਂ ਉੱਤਰ ਕੇ ਨਾਲ ਲੱਗਦੀ ਸੀਟ 'ਤੇ ਬੈਠਣ ਨੂੰ ਕਿਹਾ। ਉਹ ਤੁਰੰਤ ਗੱਦੀ ਤੋਂ ਉੱਤਰ ਕੇ ਨਾਲਦੀ ਸੀਟ 'ਤੇ ਬੈਠ ਗਿਆ। ਅਖਈ ਰਾਜ ਨੇ ਪਰਤਾਪ ਨੂੰ ਬੁਲਾਉਣ ਦਾ ਸੁਝਾਓ ਦਿੱਤਾ ਤਾਂ ਪਤਾ ਲੱਗਾ ਕਿ ਪਰਤਾਪ ਮੇਵਾੜ ਛੱਡ ਕੇ ਕਿਤੇ ਹੋਰ ਥਾਂ ਜਾਣ ਲਈ ਆਪਣਾ ਜ਼ਰੂਰੀ ਸਾਮਾਨ ਬੰਨ੍ਹ ਰਿਹਾ ਸੀ। ਸਾਰੇ ਸਰਦਾਰਾਂ ਦੀ ਰਾਏ ਤੇ ਪਰਤਾਪ ਨੂੰ ਉਦਯਪੁਰ ਦੀ ਗੱਦੀ ਦਿੱਤੀ ਗਈ।

ਜੋਧਪੁਰ ਦੇ ਰਾਜਾ ਚੰਦਰ ਸੈਨ ਰਾਠੌਰ ਪਰਤਾਪ ਨੂੰ ਰਾਜਾ ਬਨਣ ਦੀ ਵਧਾਈ ਦੇਣ ਆਏ। ਅਕਬਰ ਨੂੰ ਪਤਾ ਲੱਗਾ ਤਾਂ ਉਹ ਬਹੁਤ ਤਰਲੋਮੱਛੀ ਹੋਇਆ, ਕਿਉਂਕਿ ਰਾਠੌਰ ਅਤੇ ਸਿਸੋਦੀਆਂ ਦਾ ਸੁਮੇਲ ਉਸ ਲਈ ਹਾਨੀਕਾਰਕ ਸੀ।

ਉਸ ਸਮੇਂ ਜੋਧਪੁਰ ਦੇ ਰਾਠੌਰਾਂ, ਬੀਕਾਨੇਰ ਦੇ ਰਾਠੌਰਾਂ, ਅੰਬੇਰ ਦੇ ਕਛਵਾਹਾਂ ਅਤੇ ਜੈਸਲਮੇਰ ਦੇ ਭੱਟੀਆਂ ਨੇ ਅਕਬਰ ਦੀ ਅਧੀਨਗੀ ਕਬੂਲ ਕਰ ਲਈ ਸੀ ਤੇ ਕਈਆਂ ਨੇ ਤਾਂ ਆਪਣੀਆਂ ਲੜਕੀਆਂ ਦੇ ਰਿਸ਼ਤੇ ਵੀ ਮੁਗਲਾਂ ਨਾਲ ਕਰ ਲਏ ਸਨ। ਅਕਬਰ ਉਹਨਾਂ ਰਿਸ਼ਤੇਦਾਰਾਂ ਦੀ ਕਦਰ ਕਰਦਾ ਸੀ ਤੇ ਸੰਨ 1576 ਤੱਕ ਅਕਬਰ ਏਸ਼ੀਆ ਦਾ ਸਭ ਤੋਂ ਮਹਾਨ ਅਤੇ ਦੌਲਤਮੰਦ ਸ਼ਹਿਨਸ਼ਾਹ ਸੀ।

ਰਾਣਾ ਪ੍ਰਤਾਪ ਦੀ ਦੇਸ਼ ਪ੍ਰਤੀ ਵਫਾਦਾਰੀ ਦੇ ਸਭ ਰਾਜਪੂਤ ਜਿਮੀਂਦਾਰ ਕਾਇਲ ਸਨ ਤੇ ਉਹ ਪਰਤਾਪ ਦੇ ਇਕ ਇਸ਼ਾਰੇ 'ਤੇ ਆਪਣੇ ਸਿਰ ਵਾਰਨ ਲਈ ਤਿਆਰ ਸਨ। ਸਿਰੋਹੀ ਅਤੇ ਗਵਾਰੀਅਰ ਦੇ ਰਾਜੇ ਰਾਣਾ ਪਰਤਾਪ ਨਾਲ ਮਿਲ ਗਏ ਤੇ ਉਸੇ ਪਾਸ ਰਹਿਣ ਲੱਗੇ।

ਸਮਰਾਟ ਅਕਬਰ ਨੇ ਰਾਜਾ ਮਾਨ ਸਿੰਘ ਨੂੰ ਰਾਣਾ ਪਰਤਾਪ ਨੂੰ ਅਧੀਨਗੀ ਕਬੂਲ ਕਰਵਾਉਣ ਲਈ ਭੇਜਿਆ। ਮਾਨ ਸਿੰਘ ਨੇ ਆਪਣੀਆਂ ਫੌਜਾਂ ਤਾਂ ਮੇਵਾੜ ਦੀ ਹੱਦ ਤੋਂ ਬਾਹਰ ਹੀ ਛੱਡ ਦਿੱਤੀਆਂ ਤੇ ਆਪ ਕੁਝ ਜ਼ਰੂਰੀ ਨੌਕਰਾਂ ਅਤੇ ਰੱਖਿਅਕਾਂ ਨਾਲ ਉਦਯਪੁਰ ਆਇਆ। ਮਹਾਰਾਣਾ ਪਰਤਾਪ ਨੇ ਉਸ ਦੇ ਮਾਣ ਵਿੱਚ ਇਕ ਭੋਜ ਦਾ ਪ੍ਰਬੰਧ ਕੀਤਾ, ਪ੍ਰੰਤੂ ਭੋਜ ਸਮੇਂ ਆਪ ਇਹ ਕਹਿ ਕੇ ਹਾਜ਼ਰ ਨਾ ਹੋਇਆ ਕਿ ਉਸ ਦੇ ਪੇਟ ਵਿੱਚ ਖਰਾਬੀ ਹੈ। ਮਾਨ ਸਿੰਘ ਨੇ ਇਸਨੂੰ ਆਪਣੀ ਬੇਇਜ਼ਤੀ ਸਮਝਿਆ ਤੇ ਭੋਜਨ ਤੋਂ ਬਿਨਾਂ ਹੀ ਗੁੱਸੇ ਵਿੱਚ ਉੱਠ ਕੇ ਚਲੇ ਗਿਆ। ਬਾਅਦ ਵਿੱਚ ਰਾਣਾ ਪਰਤਾਪ ਨੇ, ਉਸ ਵੱਲੋਂ ਛੂਹੇ ਬਰਤਨਾਂ ਅਤੇ ਫਰਸ਼ ਨੂੰ ਗੰਗਾ ਜਲ ਨਾਲ ਸ਼ੁੱਧ ਕਰਵਾਇਆ।

ਮਾਨ ਸਿੰਘ ਨੇ ਸ਼ਹਿਨਸ਼ਾਹ ਅਕਬਰ ਨੂੰ ਆਪਣੇ ਮਿਸ਼ਨ ਦੇ ਫੇਲ੍ਹ ਹੋਣ ਬਾਰੇ ਦੱਸਿਆ। ਅਕਬਰ ਨੇ ਮੇਵਾੜ 'ਤੇ ਚੜ੍ਹਾਈ ਦਾ ਹੁਕਮ ਦਿੱਤਾ। 21 ਜੂਨ 1576 ਨੂੰ ਮੁਗਲ ਸੈਨਾ ਅਤੇ ਰਾਜਪੂਤ ਇਕ ਦੂਜੇ ਦੇ ਸਾਹਮਣੇ ਹਲਦੀ ਘਾਟੀ ਵਿਖੇ ਹੋਏ। ਮਾਨ ਸਿੰਘ ਰਾਜਪੂਤਾਂ ਦੀਆਂ ਜੰਗੀ ਚਾਲਾਂ ਅਤੇ ਕਮਜ਼ੋਰੀਆਂ ਤੋਂ ਵਾਕਫ ਸੀ, ਉਸ ਨੂੰ ਪਤਾ ਸੀ ਕਿ ਰਾਜਪੂਤਾਂ ਵਿੱਚ ਸਬਰ ਦਾ ਮਾਦਾ ਘੱਟ ਹੈ ਤੇ ਜਾਣਬੁਝ ਕੇ ਹੌਲੀ-ਹੌਲੀ ਪੜਾਅ ਖਰਦਾ ਆਇਆ ਤਾਂ ਕਿ ਪਰਤਾਪ ਅੱਕ ਕੇ ਪਹਾੜਾਂ ਤੋਂ ਉੱਤਰ ਦੇ ਮੈਦਾਨ ਵਿੱਚ ਆ ਜਾਵੇ। ਜਿਸ ਥਾਂ ਪਰਤਾਪ ਦਾ ਟਿਕਾਣਾ ਸੀ, ਉਤੇ ਇਕ ਸਮੇਂ ਦੋ ਤੋਂ ਵੱਧ ਬੰਦੇ ਨਹੀਂ ਲੰਘ ਸਕਦੇ ਸਨ ਤੇ ਜੇਕਰ ਪਰਤਾਪ ਉਥੇ ਟਿਕਿਆ ਰਹਿੰਦਾ ਤਾਂ ਸਾਰੀ ਉਮਰ ਵਿੱਚ ਵੀ ਮੁਗਲ ਉਸ ਨੂੰ ਜਿੱਤ ਨਾ ਸਕਦੇ। ਪਰ ਪਰਤਾਪ ਆਪ ਹੀ ਹੇਠਾਂ ਉੱਤਰ ਆਇਆ। 21 ਜੂਨ 1576 ਨੂੰ ਦੋਨੋਂ ਫੌਜਾਂ ਇੱਕ ਦੂਜੇ 'ਤੇ ਟੁੱਟ ਪਈਆਂ। ਬਦਾਯੂਨੀ ਮੋਹਰਲੇ 80 ਸੈਨਿਕਾਂ ਵਿੱਚੋਂ ਸੀ, ਲਿਖਦਾ ਹੈ ਕਿ ਰਾਜਪੂਤਾਂ ਦਾ ਪਹਿਲਾ ਹੱਲਾ ਐਨਾ ਤਾਕਤਵਰ ਸੀ ਕਿ ਮੁਗਲ ਸੈਨਾ ਪਿੱਛੇ ਹੱਟ ਗਈ ਤੇ ਰਾਜਪੂਤ ਸੈਨਾ ਪਹਾੜਾਂ ਵਿੱਚੋਂ ਨਿਕਲ ਕੇ ਮੈਦਾਨ ਵਿੱਚ ਆ ਗਈ। ਪਹਾੜਾਂ ਤੋਂ ਭੀਲ ਵੀ ਉੱਤਰ ਕੇ ਰਾਜਪੂਤ ਸੈਨਾ ਦੇ ਨਾਲ ਰਲ ਕੇ ਲੜਨ ਲੱਗੇ। ਮੁਗਲ ਜਰਨੈਲ ਮਿਹਤਰ ਖਾਂ ਨੇ, ਜੋ ਪਿਛਲੀਆਂ ਫੌਜਾਂ ਦਾ ਕਮਾਂਡਰ ਸੀ, ਦੇਖਿਆ ਕਿ ਮੁਗਲਾਂ ਦੇ ਪੈਰ ਉਖੜ ਰਹੇ ਹਨ ਤਾਂ ਉਸ ਦੇ ਚੁਸਤ ਦਿਮਾਗ ਨੂੰ ਇਕ ਸਕੀਮ ਸੁੱਝੀ। ਉਸ ਨੇ ਨਗਾਰਿਆਂ ਦੇ ਨਾਲ ਉੱਚੀ-ਉੱਚੀ ਐਲਾਨ ਕਰਵਾ ਦਿੱਤਾ ਕਿ ਸ਼ਹਿਨਸ਼ਾਹ ਅਕਬਰ ਖੁਦ ਮੈਦਾਨ ਜੰਗ ਵਿੱਚ ਪੁੱਜ ਗਏ ਹਨ। ਇਹ ਸੁਣਦਿਆਂ ਹੀ ਮੁਗਲ ਸੈਨਾ ਵਿੱਚ ਜੋਸ਼ ਆ ਗਿਆ।

ਜੈਮਲ ਰਾਠੌਰ ਦਾ ਪੁੱਤਰ ਰਾਮ ਦਾਸ ਰਾਠੌਰ, ਮੁਗਲ ਸੈਨਾ ਵੱਲੋਂ ਲੜ ਰਹੇ ਜਗਨਨਾਥ ਦੇ ਹੱਥੋਂ ਮਾਰਿਆ ਗਿਆ। ਹਾਥੀਆਂ ਦੀ ਹਾਥੀਆਂ ਨਾਲ ਘਮਸਾਣ ਦੀ ਲੜਾਈ ਹੋਣ ਲੱਗੀ। ਰਾਣਾ ਪ੍ਰਤਾਪ ਦੀ ਦਿੱਲੀ ਇੱਛਾ ਸੀ ਕਿ ਮਾਨ ਸਿੰਘ ਨਾਲ ਦੋ ਹੱਥ ਕਰੇ, ਉਸ ਨੇ ਆਪਣਾ ਸਫੇਦ ਰੰਗ ਦਾ ਘੋੜਾ ਚੇਤਕ ਦੌੜਾਇਆ ਤੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਮਾਨ ਸਿੰਘ ਦੇ ਹਾਥੀ 'ਤੇ ਆਪਣਾ ਘੋੜਾ ਚੜ੍ਹਾ ਦਿੱਤਾ। ਘੋੜੇ ਨੇ

ਆਪਣੇ ਅਗਲੇ ਪੈਰ ਹਾਥੀ ਦੇ ਸੁੰਡ 'ਤੇ ਟਿਕਾ ਦਿੱਤੇ, ਪਰ ਹਾਥੀ ਦੇ ਸੁੰਡ ਨਾਲ ਬੰਨ੍ਹੀ ਹੋਈ ਤਲਵਾਰ ਨਾਲ ਘੋੜੇ ਦੀ ਇੱਕ ਲੱਤ ਜ਼ਖਮੀਂ ਹੋ ਗਈ. ਪਰਤਾਪ ਨੇ ਉਛਲ ਕੇ ਬਰਛੇ ਦਾ ਇਕ ਵਾਰ ਕੀਤਾ। ਮਾਨ ਸਿੰਘ ਹੌਦੇ ਦੇ ਓਹਲੇ ਹੋ ਗਿਆ। ਪਰਤਾਪ ਸਮਝਿਆ ਕਿ ਬਰਛਾ ਮਾਨ ਸਿੰਘ ਦੇ ਲੱਗਾ ਹੈ। ਇਸ ਤਰ੍ਹਾਂ ਸਾਰੀ ਮੁਗਲ ਸੈਨਾ ਦਾ ਧਿਆਨ ਪਰਤਾਪ ਵੱਲ ਹੋ ਗਿਆ ਤੇ ਤੀਰਾਂ ਦੀ ਬਰਖਾ ਉਸ ਤੇ ਹੋਣ ਲੱਗੀ। ਪਰਤਾਪ ਦਾ ਪਿੱਛੇ ਆਪਣੀ ਸੈਨਾ ਵਿੱਚ ਪਰਤਣਾ ਵੀ ਕਠਿਨ ਸੀ, ਪਰ ਸੂਰਬੀਰ ਮਾਨ ਸਿੰਘ ਝਾਲਾ ਨੇ ਫੁਰਤੀ ਨਾਲ ਪਰਤਾਪ ਦੇ ਹੱਥੋਂ ਸਿਸੋਦੀਆਂ ਝੰਡਾ ਫੜ ਲਿਆ ਤੇ ਘੋਰ ਜੰਗ ਵਿੱਚ ਕਿਸੇ ਨੂੰ ਪਤਾ ਨਾ ਲੱਗਾ। ਇਸ ਤਰ੍ਹਾਂ ਤੀਰਾਂ ਦੀ ਬਰਖਾ ਮਾਨ ਸਿੰਘ 'ਤੇ ਹੋਣ ਲੱਗ ਪਈ ਤੇ ਪਰਤਾਪ ਆਪਣਾ ਘੋੜਾ ਦੌੜਾ ਕੇ ਪਿੱਛੇ ਨਿਕਲ ਗਿਆ। ਪਰਤਾਪ ਦਾ ਇਹ ਕੰਮ ਬੜਾ ਮੰਦਭਾਗਾ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਉਸਦੇ ਬਰਛੇ ਦਾ ਵਾਰ ਖਾਲੀ ਗਿਆ ਹੈ। * ਮਹਾਰਾਜਾ ਪਰਤਾਪ ਦੇ ਪਿੱਛੇ ਦੋ ਮੁਗਲ ਸਿਪਾਹੀ ਲੱਗ ਗਏ ਤੇ ਉਹਨਾਂ ਦੇ ਮਗਰ ਪਰਤਾਪ ਦੇ ਸਕੇ ਭਰਾ ਸ਼ਕਤ ਸਿੰਘ ਨੇ, ਜੋ ਮੁਗਲ ਫੌਜ ਵਿੱਚ ਭਰਤੀ ਸੀ, ਆਪਣਾ ਘੋੜਾ ਭਜਾ ਕੇ ਉਹਨਾਂ ਦੋਨਾਂ ਨੂੰ ਆਪਣੇ ਬਰਛੇ ਨਾਲ ਮਾਰ ਕੇ ਪਰਤਾਪ ਕੋਲ ਪੁੱਜਾ। ਪਰਤਾਪ ਦਾ ਘੋੜਾ ਚੇਤਕ ਦਮ ਤੋੜ ਗਿਆ ਸੀ। ਪਹਿਲਾਂ ਤਾਂ ਪਰਤਾਪ ਨੇ ਡਿੱਗੇ ਹੋਏ ਨੇ ਵੀ ਆਪਣੇ ਭਰਾ 'ਤੇ ਤਲਵਾਰ ਚੁੱਕ ਲਈ ਕਿ ਸ਼ਾਇਦ ਇਹ ਮੈਨੂੰ ਮਾਰਨ ਆਇਆ ਹੈ, ਪਰ ਸ਼ਕਤ ਸਿੰਘ ਨੇ ਆਪਣੇ ਹਥਿਆਰ ਸੁੱਟ ਕੇ ਆਪਣੀ ਗਰਦਨ ਪਰਤਾਪ ਅੱਗੇ ਝੁਕਾ ਲਈ ਕਿ ਪਰਤਾਪ ਨੇ ਜੇ ਉਸ ਨੂੰ ਮਾਰਨਾ ਹੈ ਤਾਂ ਮਾਰ ਦੇਵੇ। ਦੋਨਾਂ ਭਰਾਵਾਂ ਵਿੱਚ ਇਹ ਇਕ ਅਜੀਬ ਮਿਲਣੀ ਸੀ।

* ਸ਼ਕਤਾ ਅਤੇ ਪ੍ਰਤਾਪ ਦੀ ਅਣਬਣ ਜਵਾਨ ਹੋਣ ਸਮੇਂ ਹੀ ਹੋ ਗਈ ਸੀ। ਸ਼ਕਤਾ ਨੂੰ ਰਾਜ ਜੋਤਸ਼ੀਆਂ ਨੇ ਮੇਵਾੜ ਨੇ ਵਿਨਾਸ਼ ਦਾ ਕਾਰਨ ਹੋਣਾ ਦੱਸਿਆ ਸੀ ਤਾਂ ਰਾਜਾ ਉਦਯ ਸਿੰਘ ਨੇ ਇਸਨੂੰ ਖਤਮ ਕਰਨ ਦਾ ਹੁਕਮ ਦੇ ਦਿੱਤਾ ਤਾਂ ਸਾਲੂੰਬਰ ਦੇ ਮੁਖੀ ਨੇ ਰਾਣਾ ਤੋਂ ਉਸ ਦੀ ਜਾਨ ਬਖਸ਼ਾ ਕੇ ਆਪਣਾ ਪੁੱਤਰ ਬਣਾ ਲਿਆ। ਇਕ ਵਾਰ ਸ਼ਿਕਾਰ ਖੇਡਦਿਆਂ ਪਰਤਾਪ ਅਤੇ ਸ਼ਕਤਾ ਦਾ ਟਾਕਰਾ ਹੋ ਗਿਆ ਤੇ ਦੋਨਾਂ ਨੇ ਬਰਛੇ ਇਕ ਦੂਜੇ ਵੱਲ ਸਿੱਧੇ ਕਰ ਲਏ ਤਾਂ ਇਕ ਪ੍ਰੋਹਿਤ ਦੋਨਾ ਦੇ ਵਿਚਕਾਰ ਆ ਗਿਆ ਤੇ ਉਹਨਾਂ ਨੂੰ ਇਹ ਗੈਰ-ਕੁਦਰਤੀ ਖੇਡ ਤੋਂ ਇਹ ਕਹਿ ਕੇ ਰੋਕਿਆ ਕਿ ਜੇਕਰ ਦੋਨਾ ਨੇ ਬਰਛੇ ਨਾ ਸੁੱਟੇ ਤਾਂ ਉਹ ਕਟਾਰ ਦੇ ਵਾਰ ਨਾਲ ਆਪਣੇ ਆਪ ਨੂੰ ਖਤਮ ਕਰ ਲਵੇਗਾ। ਉਸ ਪ੍ਰੋਹਿਤ ਨੇ ਆਪਣੀ ਛਾਤੀ ਵਿੱਚ ਕਟਾਰ ਮਾਰਿਆ ਤੇ ਦੋਨਾ ਦੇ ਵਿਚਕਾਰ ਇਕ ਲਾਸ਼ ਬਣ ਕੇ ਡਿੱਗ ਪਿਆ। ਹੈਰਾਨ ਹੋਏ ਦੋਨੋਂ ਭਰਾਵਾਂ ਨੇ ਬ੍ਰਾਹਮਣ ਹੱਤਿਆ ਦਾ ਭਾਰ ਆਪਣੇ ਸਿਰ ਸਮਝਦਿਆਂ ਬਰਛੇ ਇਕ ਦੂਜੇ ਵੱਲੋਂ ਹਟਾਏ । ਪਰਤਾਪ ਨੇ ਸ਼ਕਤਾ ਨੂੰ ਆਪਣਾ ਇਲਾਕਾ ਛੱਡਣ ਦਾ ਹੁਕਮ ਦਿੱਤਾ ਤੇ ਉਹ ਗੁੱਸੇ ਵਿੱਚ ਅਕਬਰ ਕੋਲ ਭਰਤੀ

---

* *Annals and Antiquities of Rajasthan by Tod Vol. I Page 413*

ਹੋ ਗਿਆ। ਉਸ ਦਿਨ ਤੋਂ ਬਾਅਦ ਅੱਜ ਹਲਦੀ ਘਾਟੀ ਦੇ ਮੈਦਾਨ ਵਿੱਚ ਦੋਨਾਂ ਭਰਾਵਾਂ ਨੇ ਇਕ ਦੂਜੇ ਦਾ ਮੂੰਹ ਵੇਖਿਆ।

ਪਰਤਾਪ ਤੋਂ ਬਾਅਦ ਅਮਰ ਸਿੰਘ ਨੇ ਸ਼ਕਤਾਵਤ ਭਰਾਵਾਂ ਨੂੰ ਮਨਾ ਕੇ ਵਾਪਸ ਲੈ ਆਂਦਾ ਤੇ ਭੱਟ ਅਜੇ ਵੀ ਸ਼ਕਤਾ ਦੇ ਸੋਹਲੇ ਗਾਉਂਦੇ ਹਨ।

ਦੂਣਾ ਦਾਤਾਰ ਚੌਗੁਣਾ ਝੁਜਾਰ
ਖੁਰਾਸਾਨ, ਮੁਲਤਾਨ ਕਾ ਅੱਗਾਲ

ਹਲਦੀ ਘਾਟੀ ਦੇ ਮੈਦਾਨ ਵਿੱਚੋਂ ਮਹਾਰਾਣਾ ਪ੍ਰਤਾਪ ਦਾ ਪਿੱਛਾ ਖਰਦੇ ਦੋ ਸੈਨਿਕ ਜਿਨ੍ਹਾਂ ਨੂੰ ਸ਼ਕਤਾ ਨੇ ਆਪਣੇ ਬਰਛੇ ਨਾਲ ਮਾਰਿਆ ਸੀ, ਵਿੱਚੋਂ ਇਕ ਖੁਰਾਸਾਨ ਦਾ ਤੇ ਦੂਜਾ ਮੁਲਤਾਨ ਦਾ ਰਹਿਣ ਵਾਲਾ ਸੀ।

* ਸ਼ਕਤ ਸਿੰਘ ਨੇ ਆਪਣਾ ਘੋੜਾ ਪਰਤਾਪ ਨੂੰ ਦੇ ਕੇ ਅੱਗੇ ਚਲੇ ਜਾਣ ਲਈ ਕਿਹਾ ਅਤੇ ਆਪ ਜਦੋਂ ਮਾਰੇ ਗਏ ਮੁਗਲ ਸੈਨਿਕ ਦਾ ਘੋੜਾ ਲੈ ਕੇ ਵੈਪਸ ਆਇਆ ਤਾਂ ਸ਼ਹਿਜ਼ਾਦਾ ਲਸੀਮ ਨੇ ਉਸ ਤੋਂ, ਮਾਫੀ ਦੇਣ ਦਾ ਭਰੋਸਾ ਦੇ ਕੇ, ਸੱਚ-ਸੱਚ ਪੁੱਛ ਲਿਆ। ਉਸ ਵਕਤ ਤਾਂ ਸ਼ਹਿਜ਼ਾਦਾ ਸਲੀਮ ਨੇ ਆਪਣੇ ਭਰੋਸੇ ਅਨੁਸਾਰ ਸ਼ਕਤ ਸਿੰਘ ਨੂੰ ਕੁੱਝ ਨਾ ਕਿਹਾ, ਪਰ ਸਮਾਂ ਪਾ ਕੇ ਉੱਤਰ-ਪੱਛਮੀ ਸਰਹੱਦ ਦੀ ਮੁਹਿੰਮ ਵੇਲੇ ਸ਼ਕਤ ਸਿੰਘ ਨੂੰ ਗੱਦਾਰ ਆਖਿਆ। ਸ਼ਕਤ ਸਿੰਘ ਅਜਿਹੇ ਅਪਮਾਨਜਨਕ ਸ਼ਬਦ ਬਰਦਾਸ਼ਤ ਨੇ ਕਰ ਸਕਿਆ ਅਤੇ ਜਹਾਂਗੀਰ ਦੇ ਸਾਹਮਣੇ ਆਪਣੇ ਦਿਲ 'ਤੇ ਛੁਰਾ ਮਾਰ ਕੇ ਆਪਣਾ ਅੰਤ ਆਪ ਕਰ ਲਿਆ।

ਹੁਣ ਮਾਨ ਸਿੰਘ ਦੇ ਅੰਗ ਰੱਖਿਅਕ ਵੀ ਅੱਗੇ ਆਏ ਤੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ।

ਇਸ ਲੜਾਈ ਵਿੱਚ 500 ਰਾਜਪੂਤ ਅਤੇ 150 ਦੇ ਕਰੀਬ ਮੁਗਲ ਸੈਨਿਕ ਮਰੇ। ਪਰਤਾਪ ਛੇਤੀ ਹੀ ਕੁੰਭਲਗੜ੍ਹ ਦੇ ਕਿਲੇ ਵਿੱਚ ਆ ਗਿਆ ਤੇ ਗੁਰੀਲਾ ਯੁੱਧ ਦੇ ਢੰਗਾਂ ਨਾਲ ਮੁਗਲਾਂ ਦਾ ਨੱਕ 'ਚ ਦਮ ਕਰਦਾ ਰਿਹਾ। ਮਾਨ ਸਿੰਘ ਦੀ ਫੌਜ ਨੇ ਗੋਗੰਡਾ ਤੇ ਕਬਜ਼ਾ ਕਰ ਲਿਆ । ਅਕਬਰ ਇਸ ਗੱਲ ਤੋਂ ਮਾਨ ਸਿੰਘ ਨਾਲ ਨਾਰਾਜ਼ ਹੋਇਆ ਕਿ ਉਸ ਨੇ ਪਰਤਾਪ ਦਾ ਪਿੱਛਾ ਕਿਉਂ ਨਾ ਕੀਤਾ । ਮਾਨ ਸਿੰਘ ਦੇ ਵੀ ਵੱਸ ਦੀ ਗੱਲ ਨਹੀਂ ਸੀ। ਕਹਿਰ ਦੀ ਗਰਮੀ ਪੈ ਰਹੀ ਸੀ ਤੇ ਸਿਪਾਹੀਆਂ ਲਈ ਪਿੱਛਾ ਕਰਨਾ ਬਹੁਤ ਕਠਿਨ ਸੀ। ਕੁੰਭਲਗੜ੍ਹ ਰਹਿੰਦਿਆਂ ਰਾਣਾ ਨੇ ਕੁਝ ਹੋਰ ਰਾਜਪੂਤ ਰਾਜਿਆਂ ਨੂੰ ਆਪਣੇ ਵੱਲ ਕਰ ਲਿਆ। ਅਕਬਰ ਖੁਦ 1576 ਵਿੱਚ ਫੌਜ ਲੈ ਕੇ ਮਹਾਰਾਣਾ ਪਰਤਾਪ ਵਿਰੁੱਧ ਆਇਆ। ਛੇ ਮਹੀਨੇ ਤੱਕ ਅਕਬਰ ਖੁਦ ਇਸ ਮੁਹਿੰਮ ਦੀ ਅਗਵਾਈ ਕਰਦਾ ਰਿਹਾ ਤੇ ਮੁਗਲ ਜਰਨੈਲਾਂ ਨੂੰ ਪਰਤਾਪ ਤੇ ਘੇਰਾ ਤੰਗ ਕਰਨ ਦੀਆਂ ਹਦਾਇਤਾਂ ਦਿੰਦਾ ਰਿਹਾ। ਪਰ ਮਹਾਰਾਣਾ ਉਹਨਾਂ ਨਾਲੋਂ ਹਰ ਤਰ੍ਹਾਂ ਚੁਸਤ ਸੀ ਤੇ ਆਮ ਪਰਜਾ ਰਾਣਾ 'ਤੇ ਜਾਨਾ

* *Akber by Justice J.M. Shelat*

ਵਾਰਨ ਨੂੰ ਤਿਆਰ ਸੀ। ਉਸ ਨੇ ਮੁਗਲਾਂ ਦਾ ਗੁਜਰਾਤ ਨੂੰ ਜਾਣ ਦਾ ਰਸਤਾ ਰੋਕਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਕਿਲੇ ਗੋਗੰਡਾ ਅਤੇ ਉਦਯਪੁਰ ਮੁਗਲਾਂ ਤੋਂ ਵਾਪਸ ਜਿੱਤ ਲਏ।

ਅਗਲੇ ਸਾਲ 1577 ਵਿੱਚ ਅਕਬਰ ਨੇ ਆਪਣੇ ਭਰੋਸੇਯੋਗ ਜਰਨੈਲ ਸ਼ਾਹਬਾਜ ਖਾਂ, ਪੀਰ ਬਖਸ਼ੀ, ਮਾਨ ਸਿੰਘ, ਭਗਵਾਨ ਦਾਸ ਮਿਰਜ਼ਾ ਅਬਦੁੱਲ ਰਹੀਮ ਅਤੇ ਪੈਂਦੇ ਖਾਂ ਨੂੰ ਪਰਤਾਪ ਨੂੰ ਫੜਨ ਲਈ ਭੇਜਿਆ। ਪ੍ਰੰਤੂ ਸ਼ਾਹਬਾਜ਼ ਖਾਂ ਨੇ ਮਾਨ ਸਿੰਘ ਅਤੇ ਭਗਵਾਨ ਦਾਸ ਨੂੰ ਵਾਪਸ ਭੇਜ ਦਿੱਤਾ। ਕਿਉਂਕਿ ਉਸਨੂੰ ਪਤਾ ਸੀ ਕਿ ਰਾਜਪੂਤ ਵਸੋਂ ਵਿਰੁੱਧ ਉਸ ਨੇ ਜੋ ਵਧੀਕੀਆਂ ਕਰਨੀਆਂ ਹਨ, ਉਹ ਇਹਨਾਂ ਤੋਂ ਸਹਿ ਨਹੀਂ ਹੋਣੀਆਂ।

ਸ਼ਾਹਬਾਜ਼ ਖਾਂ ਨੇ 3 ਅਪ੍ਰੈਲ 1578 ਨੂੰ ਕੁੰਭਲਗੜ੍ਹ ਤਾਂ ਜਿੱਤ ਲਿਆ, ਪਰ ਉਸ ਨੂੰ ਮਾਯੂਸੀ ਹੋਈ ਕਿ ਰਾਣਾ ਉਥੇ ਪਹਿਲਾਂ ਹੀ ਨਿਕਲ ਕੇ ਢੋਲਣ ਨਾਮ ਦੇ ਪਿੰਡ ਜੋ ਉਥੋਂ 20 ਕੁ ਮੀਲ ਸੀ ਪਹੁੰਚ ਗਿਆ ਸੀ।

ਜਦੋਂ ਸ਼ਾਹਬਾਜ਼ ਖਾਂ ਮੇਵਾੜ ਤੋਂ ਮੁੜਿਆ । ਭਾਮਾ ਸ਼ਾਹ ਨੇ ਮਾਲਵੇ 'ਤੇ ਹਮਲਾ ਖਰਕੇ ਖ਼ੂਬ ਧਨ ਹਥਿਆਇਆ ਤੇ ਲਿਆ ਕੇ ਆਪਣੇ ਮਾਲਕ ਰਾਣਾ ਪਰਤਾਪ ਦੇ ਪੈਰਾਂ 'ਤੇ ਰੱਖ ਦਿੱਤਾ। ਪੱਚੀ ਲੱਖ ਰੁਪਏ ਅਤੇ ਛੇ ਹਜ਼ਾਰ ਅਸ਼ਰਫੀਆਂ ਸਨ। ਇਸ ਧਨ ਨਾਲ ਮਹਾਰਾਣਾ ਪਰਤਾਪ ਨੇ ਨਵੇਂ ਸਿਰਿਓਂ ਤਿਆਰੀ ਆਰੰਭ ਦਿੱਤੀ।

ਅਗਲੇ ਸਾਲ ਫੇਰ 1579 ਵਿੱਚ ਅਕਬਰ ਨੇ ਸ਼ਾਹਬਾਜ਼ ਖਾਂ ਨੂੰ ਭੇਜਿਆ । ਉਸ ਨੇ ਕੁੰਭਲਗੜ੍ਹ 'ਤੇ ਕਬਜ਼ਾ ਫੇਰ ਕਰ ਲਿਆ ਤੇ ਆਮ ਰਈਅੱਤ ਨੂੰ ਤੰਗ ਕਰਨ ਤੋਂ ਬਿਨਾਂ ਹੋਰ ਕੁੱਝ ਨਾ ਕਰ ਸਕਿਆ।

ਸੰਨ 1580 ਵਿੱਚ ਮਿਰਜ਼ਾ ਅਬਦੁੱਲ ਰਹੀਮ ਨੂੰ ਪਰਤਾਪ ਨੂੰ ਗ੍ਰਿਫਤਾਰ ਕਰਨ ਦੀ ਮੁਹਿੰਮ 'ਤੇ ਭੇਜਿਆ ਗਿਆ। ਰਾਣਾ ਪਰਤਾਪ ਫੇਰ ਢੋਲਣ ਪਿੰਡ ਵਿੱਚ ਚਲੇ ਗਿਆ। ਅਬਦੁੱਲ ਰਹੀਮ ਨੇ ਆਪਣਾ ਟੱਬਰ ਪਿੰਡ ਸ਼ੇਰਪੁਰ ਛੱਡਿਆ ਹੋਇਆ ਸੀ। ਕੰਵਰ ਅਮਰ ਸਿੰਘ ਨੇ ਹਮਲਾ ਕਰਕੇ ਅਬਦੁੱਲ ਰਹੀਮ ਦਾ ਟੱਬਰ ਗ੍ਰਿਫਤਾਰ ਕਰ ਲਿਆ, ਪਰ ਮਹਾਰਾਣਾ ਨੇ ਉਸ ਨੂੰ ਹਦਾਇਤ ਕੀਤੀ ਕਿ ਅਬਦੁੱਲ ਰਹੀਮ ਦੀਆਂ ਬੇਗਮਾਂ ਨੂੰ ਇੱਜ਼ਤ ਨਾਲ ਉਸ ਕੋਲ ਵਾਪਸ ਭੇਜ ਦੇਵੇ। ਰਾਜਪੂਤਾਂ ਦਾ ਇਹੋ ਜਿਹਾ ਚਾਲ ਚੱਲਣ ਸੀ।

ਇਹਨਾਂ ਸਾਰੀਆਂ ਮੁਹਿੰਮਾਂ ਵਿੱਚ ਸ਼ਹਿਨਸ਼ਾਹ ਅਕਬਰ ਰਾਣਾ ਪਰਤਾਪ ਨੂੰ ਆਪਣੇ ਅਧੀਨ ਨਾ ਕਰ ਸਕਿਆ। ਆਮ ਜਨਤਾ ਨੂੰ ਉਜਾੜਨ ਤੋਂ ਬਿਨਾਂ ਕੁਝ ਨਾ ਕਰ ਸਕਿਆ। ਇਹ ਉਜਾੜਾ ਵੀ ਉਹ ਬਹੁਤ ਕੀਮਤ ਅਦਾ ਕਰਕੇ ਕਰ ਸਕਿਆ।

ਫੇਰ ਸੰਨ 1584 ਵਿੱਚ ਭਗਵਾਨ ਦਾਸ ਨੂੰ ਭੇਜਿਆ ਗਿਆ ਤੇ ਉਹ ਦੋ ਸਾਲ ਤੱਕ ਮੇਵਾੜ ਵਿੱਚ ਟੱਕਰਾਂ ਮਾਰਦਾ ਰਿਹਾ।

1585 ਤੋਂ ਅਕਬਰ ਨੂੰ ਉੱਤਰ ਪੱਛਮ ਦੀਆਂ ਸਮੱਸਿਆਵਾਂ ਨੇ ਘੇਰ ਲਿਆ ਤੇ ਉਹ ਮੇਵਾੜ ਵੱਲ ਧਿਆਨ ਨਾ ਦੇ ਸਕਿਆ। ਇਸ ਦੌਰਾਨ ਪਰਤਾਪ ਨੇ ਆਪਣੇ 30 ਦੇ

ਕਰੀਬ ਕਿਲੇ ਵਾਪਸ ਲੈ ਲਏ ਕਈ ਹੋਰ ਨਵੇਂ ਪਿੰਡ ਅਤੇ ਸ਼ਹਿਰ ਵਸਾਏ।

ਜਨਵਰੀ 1597 ਨੂੰ ਮਹਾਰਾਣਾ ਪਰਤਾਪ ਦੀ ਲੱਤ 'ਤੇ ਅਚਾਨਕ ਤੀਰ ਕਮਾਨ ਨਾਲ ਜ਼ਖਮ ਹੋ ਗਿਆ। ਜ਼ਖਮ ਤੋਂ ਉਹ ਰਾਜ਼ੀ ਨਾ ਹੋਇਆ ਤੇ 19 ਜਨਵਰੀ 1597 ਨੂੰ ਅਕਾਲ ਚਲਾਣਾ ਕਰ ਗਿਆ, ਉਸਦਾ ਅੰਤਿਮ ਸੰਸਕਾਰ ਬੰਡੋਲੀ ਵਿਖੇ ਕੀਤਾ ਗਿਆ।

ਇੱਕ ਸਦੀ ਦੇ ਚੌਥਾਈ ਹਿੱਸੇ ਤੱਕ ਉਸ ਨੇ ਐਨੇ ਵੱਡੇ ਸਮਰਾਟ ਦਾ ਡੱਟ ਕੇ ਮੁਕਾਬਲਾ ਕੀਤਾ। ਜੇ ਅਕਬਰ ਇਕ ਰਾਜਪੂਤ ਰਾਜੇ ਨੂੰ ਆਪਣੇ ਵੱਲ ਕਰ ਲੈਂਦਾ ਤਾਂ ਮਹਾਰਾਣਾ ਦੋ ਨੂੰ ਆਪਣੇ ਨਾਲ ਰਲਾ ਲੈਂਦਾ। ਕਿਉਂਕਿ ਮਹਾਰਾਣਾ ਸੱਚਾ-ਸੁੱਚਾ ਸੀ ਤੇ ਰਾਜਪੂਤ ਆਪਣੀ ਅਣਖ ਲਈ ਲੜਨ ਵਾਲੇ ਦਾ ਸਾਥ ਦੇਣਾ ਆਪਣਾ ਫਰਜ਼ ਸਮਝਦੇ ਸਨ। ਮਹਾਰਾਣਾ ਨੇ ਰਾਜਪੂਤਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਗੁਰੀਲਾ ਜੰਗ ਦੇ ਢੰਗ ਅਪਣਾਏ ਜਿਸ ਨੂੰ ਬਾਅਦ ਵਿੱਚ ਸ਼ਿਵਾ ਜੀ ਮਰਹੱਟਾ ਨੇ ਔਰੰਗਜ਼ੇਬ ਵਿਰੁੱਧ ਇਸਤੇਮਾਲ ਕੀਤਾ।

ਭਾਵੇਂ ਮਹਾਰਾਣਾ ਪ੍ਰਤਾਪ ਨੂੰ ਵਿਰਸੇ ਵਿੱਚ ਇੱਕ ਛੋਟੀ ਜਿਹੀ ਰਿਆਸਤ ਮਿਲੀ ਸੀ, ਪਰ ਉਸ ਨੇ ਆਪਣੀ ਹਿੰਮਤ ਅਤੇ ਦਲੇਰੀ ਨਾਲ ਏਸ਼ੀਆ ਦੇ ਸਭ ਤੋਂ ਵੱਡੇ ਸਮਰਾਟ ਨਾਲ 25 ਸਾਲ ਤੱਕ ਟੱਕਰ ਲਈ। ਉਸ ਨੇ ਕਸਮ ਖਾਧੀ ਸੀ ਕਿ ਜਦੋਂ ਤੱਕ ਚਿਤੌੜ ਵਾਪਸ ਨਹੀਂ ਲੈਂਦਾ। ਪਲੰਘ 'ਤੇ ਨਹੀਂ ਸੌਂਵਾਂਗਾ ਥਾਲੀ ਵਿੱਚ ਰੋਟੀ ਨਹੀਂ ਖਾਵਾਂਗਾ। ਉਸ ਦੀ ਇਹ ਪ੍ਰਤਿਗਿਆ ਉਸਦੇ ਜੀਵਨ ਕਾਲ ਵਿੱਚ ਪੂਰੀ ਨਾ ਹੋ ਸਕੀ ਤੇ ਅੱਜੇ ਤੱਕ ਉਹਨਾਂ ਦੀ ਔਲਾਦ ਆਪਣੇ ਬਿਸਤਰੇ ਹੇਠਾਂ ਕੁਝ ਘਾਹ ਫੂਸ ਰੱਖਕੇ ਸੌਂਦੇ ਹਨ ਅਤੇ ਥਾਲੀਆਂ ਭਾਵੇਂ ਸੋਨੇ ਦੀਆਂ ਵਿੱਚ ਖਾਣਾ ਖਾਂਦੇ ਹਨ, ਪਰ ਆਪਣੇ ਵਡੇਰੇ ਦੀ ਪ੍ਰਤਿੱਗਿਆ ਨੂੰ ਯਾਦ ਕਰਕੇ ਥਾਲੀ ਹੇਠਾਂ ਕਿਸੇ ਦਰੱਖਤ ਦਾ ਇੱਕ ਪੱਤਾ ਰੱਖ ਲੈਂਦੇ ਹਨ। ਉਹ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਸੀ ਤੇ ਆਦਮੀਆਂ ਵਿੱਚ ਇਕ ਸ਼ਹਿਜ਼ਾਦਾ ਸੀ। ਉਸ ਦੀ ਅਣਖ ਨੇ ਹੀ ਤਾਂ ਅੱਜ ਤੱਕ ਰਾਜਪੂਤੀ ਅਣਖ ਨੂੰ ਦੁਨੀਆਂ ਵਿੱਚ ਜ਼ਿੰਦਾ ਰੱਖਿਆ ਹੈ।

ਮਹਾਰਾਣਾ ਪਰਤਾਪ ਨੇ ਆਪਣੀ ਅਣਖ ਅਤੇ ਦੇਸ਼ ਦੀ ਆਜ਼ਾਦੀ ਕਾਇਮ ਰੱਕਣ ਲਈ ਜੋ ਤਕਲੀਫਾਂ ਝੱਲੀਆਂ ਉਸਨੂੰ ਭਾਰਤ ਦੇ ਲੋਕ ਅੱਜ ਤੱਕ ਨਹੀਂ ਭੁੱਲੇ। ਉਸ ਦੀਆਂ ਤਸਵੀਰਾਂ ਵਾਲੇ ਕੈਲੰਡਰ ਵਿਕਦੇ ਹਨ, ਪਰ ਜੋ ਖੁਦ ਵਿਕ ਗਏ, ਉਹਨਾਂਦੀ ਫੋਟੋ ਕਿਸੇ ਕੈਲੰਡਰ 'ਤੇ ਨਹੀਂ ਛਪਦੀ।

# ਰਾਣਾ ਪ੍ਰਤਾਪ ਦਾ ਏਲਚੀ (ਦੂਤ)

ਮੀਆਂ ਮੌਲਾ ਬਖਸ਼ 'ਕੁਸ਼ਤਾ' ਵੀਹਵੀਂ ਸਦੀ ਦੇ ਸ਼ੁਰੂ ਦੇ ਪੰਜਾਬ ਦੇ ਕਵੀਆਂ ਵਿੱਚੋਂ ਸਿਰਕੱਢ ਕਵੀ ਹੋਏ ਹਨ। ਆਪ ਦਾ ਜਨਮ ਅੰਮ੍ਰਿਤਸਰ ਵਿੱਚ ਸੰਨ 1876 ਵਿੱਚ ਇੱਕ ਭੱਟੀ ਰਾਜਪੂਤ ਘਰਾਣੇ ਵਿੱਚ ਹੋਇਆ। ਮੁਸਲਮਾਨ ਰਾਜਪੂਤਾਂ ਵੀ ਆਪਣੀ ਤਰੱਕੀ ਲਈ ਲਾਹੌਰ ਵਿਖੇ ਇਕ ਸਭਾ ਬਣਾਈ ਹੋਈ ਸੀ। ਕੁਸ਼ਤਾ ਜੀ ਉਸ ਦੇ ਮੋਢੀਆਂ ਵਿੱਚੋਂ ਸਨ। ਕੁਸ਼ਤਾ ਜੀ ਦੀ ਹੇਠ ਲਿਖੀ ਕਵਿਤਾ ਰਾਜਪੂਤਾਂ ਨੂੰ ਜਣੇ ਖਣੇ ਅੱਗੇ ਸਿਰ ਨਿਵਾਉਣ ਤੋਂ ਵਰਜਦੀ ਹੈ :-

ਅਕਬਰੀ ਦਰਬਾਰ ਵਿੱਚ ਇਕ ਏਲਜੀ ਪਰਤਾਪ ਦਾ,<br>
ਰਾਜਪੂਤੀ ਸ਼ਾਨ ਸ਼ੌਕਤ ਦੀ ਜ਼ਮੀਨ ਨੂੰ ਨਾਪਦਾ।<br>
ਮੂੰਹ ਤੇ ਕੁੰਡਲ ਵਾਲੀਆਂ ਮੁੱਛਾਂ ਨੂੰ ਵੱਟ ਇਕ ਚਾੜ ਕੇ,<br>
ਦੋ ਅਠੂਏਂ ਉਸ ਨੇ ਜਾਣੋ ਬਿਠਾਏ ਤਾੜ ਕੇ।<br>
ਇਹ ਬਹਾਦਰ ਮਨਚਲਾ ਇਹ ਰਾਜਪੂਤ ਇਹ ਨਿਧੜਕ,<br>
ਕੰਬ ਉੱਠੇ ਪ੍ਰਿਥਵੀ ਇਹ ਸਾਹਨ ਮਾਰੇ ਜਦ ਬੜ੍ਹਕ।<br>
ਬੰਨ ਕੇ ਤਲਵਾਰ ਆਪਣੀ ਲੱਕ ਦੇ ਨਾਲ ਆ ਗਿਆ,<br>
ਪੈਰ ਬਾਹਰ ਰੱਖਿਆ ਮੈਦਾਨ ਸਭ ਥੱਰ੍ਹਾ ਗਿਆ।<br>
ਜਾਣਦਾ ਸੀ ਕਿ ਸਭ ਤਰੀਕਾ ਅਕਬਰੀ ਦਰਬਾਰ ਦਾ,<br>
ਹੁਕਮ ਲੈ ਕੇ ਆ ਗਿਆ ਪਰਤਾਪ ਸ਼ਾਹ ਸਵਾਰ ਦਾ।<br>
ਸਿਰ ਤੋਂ ਲਾਹ ਕੇ ਪੱਗ ਉਸ ਨੇ ਸਿਰ ਨਿਵਾ ਕੇ ਸੱਤ ਵਾਰ,<br>
ਤੌਰ ਜੋ ਤਾਜ਼ੀਮ ਦਾ ਸੀ, ਉਹ ਬਜਾਇਆ ਸ਼ਾਨਦਾਰ।<br>
ਦੇਖਿਆ ਅਖਬਰ ਨੇ ਹੱਸ ਕੇ ਪੁੱਛਿਆ ਐ ਰਾਜਪੂਤ,<br>
ਇਹ ਤਰੀਕਾ ਤੂੰ ਉਚੇਚਾ ਵਰਤਿਆ ਕਿਉਂ ਐ ਸਪੂਤ।<br>
ਪੱਗ ਲਾਹ ਕੇ ਇੰਜ ਕੀਤੀ ਕਿਸ ਲਈ ਤਾਜ਼ੀਮ ਤੂੰ,<br>
ਦਿਲ ਨਹੀਂ ਮੰਨਦਾ ਤੇ ਕੀਤੀ ਕਿਉਂ ਤਾਜ਼ੀਮ ਤੂੰ।<br>
ਆਖਿਆ ਐ ਚੱਕਰਵਰਤੀ ਐ ਖੁਦਾਵੰਦ ਨਾਮਦਾਰ,<br>
ਪੱਗ ਦਿੱਤੀ ਹੋਈ ਹੋਈ ਹੈ ਪਰਤਾਪ ਇਹਜੀਵਕਾਰ (ਮੁਆਜ਼ਜ਼)<br>
ਮੇਰਾ ਆਕਾ ਜਦ ਨਹੀਂ ਝੁਕਦਾ ਕਿਸੇ ਦੇ ਰੂਬਰੂ,<br>
ਪੱਗ ਉਹਦੀ ਕਿਉਂ ਝੁਕੇ ਅੱਗੇ ਕਿਸੇ ਦੇ ਨੇਕਖੂ।<br>
ਸੁਣ ਕੇ ਅਕਬਰ ਹੱਸ ਪਿਆ ਤੇ ਦੇ ਕੇ ਖਿਲਤ ਤੋਰਿਆ।<br>
ਰਾਜਪੂਤੀ ਕੰਗ ਵਿੱਚ ਇਕ ਲੂਣ 'ਕੁਸ਼ਤਾ' ਘੋਰਿਆ।

# ਜੈਮਲ ਅਤੇ ਫੱਤਾ

ਜੈਮਲ ਬਦਨੌਰ ਅਤੇ ਫੱਤਾਂ ਕੇਲਵਾ ਦੇ ਜਾਗੀਰਦਾਰ ਸਨ। ਇਹ ਮੇਵਾੜ ਦੇ 16 ਵੱਡੇ ਜਗੀਰਦਾਰਾਂ ਵਿੱਚੋਂ ਸਨ।

* ਜੈਮਲ ਮੇਰਤਾ ਦੇ ਰਾਠੌਰ ਜਗੀਰਦਾਰ ਦਾ ਪੁੱਤਰ ਸੀ, ਪਰ ਉਸਨੂੰ ਉਸ ਦੇ ਪਿਤਾ ਨੇ ਦੇਸ਼ ਨਿਕਾਲਾ ਦੇ ਦਿੱਤਾ ਤਾਂ ਉਹ ਚਿਤੌੜ ਦੇ ਰਾਣੇ ਕੋਲ ਆ ਗਿਆ। ਰਾਣੇ ਨੇ ਬਦਨੌਰ ਦਾ ਉਪਜਾਊ ਇਲਾਕਾ ਉਸਨੂੰ ਜਗੀਰ ਵਿੱਚ ਦਿੱਤਾ। ਜੈਮਲ ਦੀ ਬਹਾਦਰੀ ਦੀ ਤਾਰੀਫ ਅਕਬਰ, ਜਹਾਂਗੀਰ ਅਤੇ ਫਰਾਂਸੀਸੀ ਲਿਖਾਰੀ ਬਰਨੀਅਰ ਨੇ ਤਾਂ ਕੀਤੀ ਹੀ ਹੈ। ਲਵਾਰਡ ਹੈਸਟਿੰਗਜ਼ ਨੇ ਬਦਨੌਰ ਦੇ ਜਗੀਰਦਾਰ ਨੂੰ ਜੋ ਜੈਮਲ ਦੀ ਵੰਸ਼ ਵਿੱਚੋਂ ਸੀ ਬੜੀ ਇੱਜ਼ਤ ਨਾਲ ਵਧਾਈ ਦਿੱਤੀ।

ਅਕਬਰ ਨੇ ਸੰਮਤ 1624 (1567 ਈਸਵੀ) ਨੂੰ ਚਿਤੌੜ 'ਤੇ ਹਮਲਾ ਕੀਤਾ। ਕਿਲੇ ਦੀਆਂ ਦੀਵਾਰਾਂ ਤੱਕ ਪਹੁੰਚਣ ਲਈ ਤੀਰ ਜਾਂ ਗੋਲੀ ਦੀ ਪਹੁੰਚ ਤੋਂ ਦੂਰੋਂ ਹੀ ਸੁਰੰਗਾਂ ਪੁੱਟੀਆਂ ਤੇ ਇਹਨਾਂ ਸੁਰੰਗਾਂ ਨਾਲ ਜਦੋਂ ਦੀਵਾਰ ਤੱਕ ਪਹੁੰਚ ਗਏ ਤਾਂ ਹੇਠਾਂ ਬਾਰੂਦ ਰੱਖ ਕੇ ਕੰਧ ਨੂੰ ਉਡਾ ਦਿੱਤਾ ਗਿਆ। ਇਹ ਉਸ ਵਕਤ ਦਾ ਸਭ ਤੋਂ ਵੱਡਾ ਬਰੂਦੀ ਧਮਾਕਾ ਸੀ, ਜੋ ਕਿ ਉਸ ਸਮੇਂ ਦੇ ਲੋਕਾਂ ਨੇ ਸੁਣਿਆ । ਰਾਜਪੂਤਾਂ ਨੇ ਤੁਰੰਤ ਇਸ ਪਾੜੇ ਨੂੰ ਮੁਰੰਮਤ ਕਰਕੇ ਮੁਗਲ ਫੌਜ ਨੂੰ ਕਿਲ੍ਹੇ ਅੰਦਰ ਵੜਨ ਨਾ ਦਿੱਤਾ। ਇਸ ਪਾੜੇ ਦੀ ਮੁਰੰਮਤ ਕਰਵਾਉਂਦਾ ਸੂਰਬੀਰ ਜੈਮਲ ਅਕਬਰ ਦੀ ਨਜ਼ਰੀਂ ਪੈ ਗਿਆ ਤੇ ਉਸ ਨੇ ਆਪਣੀ ਬੰਦੂਕ ਦੀ ਗੋਲੀ ਨਾਲ ਜੈਮਲ ਨੂੰ ਖਤਮ ਕਰ ਦਿੱਤਾ। ਕਿਲੇ ਅੰਦਰ ਖਾਣ ਸਮੱਗਰੀ ਖਤਮ ਹੋ ਗਈ, ਕਿਉਂਕਿ ਘੇਰਾ ਕਈ ਮਹੀਨਿਆਂ ਤੋਂ ਚੱਲ ਰਿਹਾ ਸੀ। ਫੱਤੇ ਨੇ ਅੰਦਰ ਰਹਿੰਦੇ ਬਾਕੀ ਸਰਦਾਰਾਂ ਨਾਲ ਸਲਾਹ ਕਰਕੇ 'ਰਸਮਿ ਜੌਹਰ' ਅਨੁਸਾਰ ਭਗਵੇਂ ਕੱਪੜੇ ਪਾ ਕੇ ਸਿਰ ਦੇ ਵਾਲ ਖਿਲਾਰ ਕੇ, ਕਿਲੇ ਤੋਂ ਬਾਹਰ ਆ ਕੇ ਦੁਸ਼ਮਣ ਦੇ ਗੱਲ ਪੈ ਗਏ ਤੇ ਲੜ ਕੇ ਸ਼ਹੀਦ ਹੋਏ। ਇਸ ਲੜਾਈ ਵਿੱਚ ਮਰਨ ਵਾਲੇ ਰਾਜਪੂਤਾਂ ਦੇ ਜਨੇਊ ਤੋਲਣ ਪੁਰ 74.5 ਮਾਨ (ਸਾਢੇ ਚੁਹੱਤਰ) ਹੋਏ। (398 ਸੇਰ ਕੱਚੇ) ਇਹਨਾਂ ਸ਼ਹੀਦੀਆਂ ਪਾਉਣ ਵਾਲਿਆਂ ਨੂੰ ਯਾਦ ਰੱਖਣ ਲਈ ਮਹਾਜਨੀ ਚਿੱਠੀਆਂ ਦੇ ਇਕ ਕੋਨੇ 'ਤੇ 74-11 ਲਿਖਿਆ ਜਾਂਦਾ ਹੈ, ਜਿਸਦਾ ਭਾਵ ਹੈ ਕਿ ਜਿਸ ਦੇ ਨਾਮ ਤੇ ਇਹ ਚਿੱਠੀ ਹੈ, ਉਸ ਤੋਂ ਬਿਨਾਂ ਜੇ ਕੋਈ ਹੋਰ ਖੋਲ੍ਹੇਗਾ ਤਾਂ ਉਸਨੂੰ 74-11 ਮਾਨ ਜਨੇਊਆਂ ਵਾਲੇ ਰਾਜਪੂਤਾਂ ਨੂੰ ਮਾਰਨ ਜਿਨਾ ਪਾਪ ਲੱਗੇਗਾ।

ਕਰਨਲ ਟਾਡ ਅਨੁਸਾਰ ਰਾਜਪੂਤਾਂ ਦੀਆਂ ਰਿਆਸਤਾਂ ਦੀਆਂ ਚਿੱਠੀਆਂ ਦੇ ਕੋਨੇ ਵੀ 74-11 ਇਸੇ ਪ੍ਰਕਾਰ ਲਿਖਿਆ ਜਾਂਦਾ ਸੀ। ਜੈਮਲ ਅਤੇ ਫੱਤਾ ਦੀ ਬਹਾਦਰੀ ਤੋਂ ਅਕਬਰ ਬਹੁਤ ਪ੍ਰਭਾਵਿਤ ਹੋਇਆ. ਫਰਾਂਸ ਦੇ ਵੇਦ ਬਰਨੀਅਰ ਨੇ 1 ਜੁਲਾਈ ਸੰਨ

---

* *Annals and Antiquities of Rajasthan by Tod Vol. II Page 856*

1663 ਨੂੰ ਜੋ ਚਿੱਠੀ ਲਿਖੀ ਹੈ, ਉਸ ਤੋਂ ਜਾਪਦਾ ਹੈ ਕਿ ਦਿੱਲੀ ਕਿਲੇ ਦੇ ਦਰਵਾਜ਼ੇ 'ਤੇ ਜੋ ਕਿ ਹਾਥੀ ਸਵਾਰ ਬੁੱਤ ਹਨ, ਉਹ ਜੈਮਲ ਅਤੇ ਫੱਤਾ ਦੇ ਹਨ।

ਬਰਨੀਅਰ ਫਰਾਂਸ ਦਾ ਇੱਕ ਵੈਦ ਸੰਨ 1658 ਵਿੱਚ ਆਪਣੇ ਦੇਸ਼ ਦਾ ਏਜੰਟ ਬਣ ਕੇ ਹਿੰਦੁਸਤਾਨ ਆਇਆ, ਇਸ ਨੇ ਆਪਣੇ ਅੱਖੀਂ ਡਿੱਠੇ ਹਾਲ, ਨਿਰਪੱਖ ਨਜ਼ਰੀਏ ਨਾਲ ਲਿਖੇ ਹਨ। ਸੱਚੇ ਸੂਰਮਿਆਂ ਦੀ ਵੈਰੀਆਂ ਵੱਲੋਂ ਕਦਰ ਬਾਰੇ ਦਾਦੂ ਦੇ ਚੇਲੇ ਰੱਜਬ ਨੇ ਕੀ ਕਮਾਲ ਲਿਖਿਆ ਹੈ :-

ਸਾਧੂ ਸਰਾਹੈ ਸੋ ਸਤੀ ਯਤੀ ਯੋਗਿਤਾ ਜਾਨ
ਰੱਜਬ ਸਾਚੈ ਸੀਰ ਦੀ ਵੈਰੀ ਕਰੇ ਬਖਾਨ।

ਸ਼ਾਹਜਹਾਂ ਨੇ ਜਦੋਂ ਲਾਲ ਕਿਲ੍ਹਾ ਬਣਵਾਇਆ ਤਾਂ ਇਹ ਬੁੱਤ ਇਸ ਦੇ ਦਰਵਾਜ਼ੇ ਅੱਗੇ ਲਿਆ ਖੜ੍ਹੇ ਕੀਤੇ। ਜੈਮਲ ਮੀਰਾਂ ਬਾਈ ਦਾ ਰਿਸ਼ਤੇ ਵਿੱਚ ਭਰਾ ਲੱਗਦਾ ਸੀ ਤੇ ਉਹ ਰਾਠੌਰ ਗੋਤ ਦਾ ਸੀ। ਫੱਤਾ ਸਿਸੋਦੀਆ ਗੋਤ ਦੀ ਜਗਵਤ (ਚੋਂਡਾ) ਸ਼ਾਖ ਦਾ ਸੀ। ਫੱਤਾ ਲੜਦਾ ਹੋਇਆ ਇਕ ਹਾਥੀ ਦੇ ਪੈਰਾਂ ਥੱਲੇ ਲਿਤਾੜਿਆ ਗਿਆ।

# ਵੀ ਪੀ ਸਿੰਘ

ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਰਾਜੀਵ ਗਾਂਧੀ ਦੀ ਸਰਕਾਰ ਵਿੱਚ ਵਿੱਤ ਮੰਤਰੀ ਸਨ। ਬੋਫਰਜ਼ ਸੌਦੇ ਵਿੱਚ ਇਹਨਾਂ ਨੂੰ ਨੇ ਕੁਝ ਗੜਬੜ ਸਮਝੀ ਤੇ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਅਗਲੀਆਂ ਚੋਣਾਂ ਵਿੱਚ ਆਪ ਜੀ ਪ੍ਰਧਾਨ ਮੰਤਰੀ ਬਣੇ। ਪ੍ਰਧਾਨ ਮੰਤਰੀ ਬਣਦੇ ਸ਼ਾਰ ਹੀ ਆਪ ਨੇ ਕੋਈ ਸਰਕਾਰੀ ਕੰਮ ਕਾਰ ਕਰਨ ਤੋਂ ਪਹਿਲਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਨੂੰ ਅਹਿਮੀਅਤ ਦਿੱਤੀ। ਖਾੜਕੂ ਲਹਿਰ ਪੂਰੇ ਜ਼ੋਰਾਂ 'ਤੇ ਸੀ। ਸੁਰੱਖਿਆ ਏਜੰਸੀਆਂ ਵੱਲੋਂ ਆਪ ਨੂੰ ਅੰਮ੍ਰਿਤਸਰ ਨਾ ਜਾਣ ਦੀ ਸਲਾਹ ਦਿੱਤੀ ਗਈ, ਪ੍ਰੰਤੂ ਆਪਜੀ ਦਾ ਦਿਲ ਸਾਫ ਸੀ। ਰਾਜਾ ਸਾਂਸੀ ਹਵਾਈ ਅੱਡੇ ਤੋਂ ਇੱਕ ਖੁੱਲੀ ਜੀਪ ਵਿੱਚ ਆਪ ਜੀ ਸ੍ਰੀ ਦਰਬਾਰ ਸਾਹਿਬ ਪਹੁੰਚੇ। ਸਿੱਖਾਂ ਨੇ ਆਪ ਜੀ ਦਾ ਦਿਲੋਂ ਸਵਾਗਤ ਕੀਤਾ। ਇਸ ਫੇਰੀ ਨੇ ਖਾੜਕੂ ਸਿੰਘਾਂ ਦੇ ਦਿਲਾਂ ਵਿੱਚ ਵੀ ਆਪ ਜੀ ਦੀ ਇੱਜ਼ਤ ਬਣਾ ਦਿੱਤੀ। ਕਾਂਗਰਸ ਨੇ ਆਪ ਜੀ ਦੀ ਸਰਕਾਰ ਬਹੁਤੀ ਦੇਰ ਨਾ ਚੱਲਣ ਦਿੱਤੀ। ਹੁਣ ਵੀ ਆਪ ਸਾਫ ਸੁੱਥਰੀ ਸਿਆਸਤ ਦੇ ਹਾਮੀ ਹਨ। ਇਸ ਇਮਾਨਦਾਰ ਤੇ ਨਿਡਰ ਰਾਜਪੂਤ ਦੀ ਸਿੱਖਾਂ ਦੇ ਦਿਲਾਂ ਵਿੱਚ ਬਹੁਤ ਇੱਜ਼ਤ ਹੈ। ਦਰਬਾਰ ਸਾਹਿਬ 'ਤੇ ਹਮਲੇ ਵੇਲੇ ਆਪ ਨੇ ਕਿਹਾ ਸੀ "ਇੱਕ ਅਣਖ ਵਾਲੀ ਕੌਮ ਦਾ ਦਿਲ ਜ਼ਖਮੀਂ ਕੀਤਾ ਗਿਆ ਹੈ, ਇਹ ਸੌਖਿਆਂ ਠੀਕ ਨਹੀਂ ਹੋਣਾ, ਲੋੜ ਹੈ ਸਿੱਖਾਂ ਦੇ ਜ਼ਖਮਾਂ 'ਤੇ ਮਰਹੱਮ ਪੱਟੀ ਦੀ।"

# ਚੰਦਰ ਸ਼ੇਖਰ

ਬਿਹਾਰ ਦੇ ਰਹਿਣ ਵਾਲੇ ਰਾਜਪੂਤ ਹਨ। ਪਹਿਲਾਂ ਆਪ ਕਾਂਗਰਸ ਪਾਰਟੀ ਵਿੱਚ ਸਨ। ਇੰਦਰਾ ਗਾਂਧੀ ਨੇ ਸੰਨ 1975 ਵਿੱਚ ਦੇਸ਼ ਵਿੱਚ ਐਮਰਜੈਂਸੀ ਲਾ ਦਿੱਤੀ। ਸਭ ਕਾਇਦੇ ਕਾਨੂੰਨ ਛਿੱਕੇ ਟੰਗ ਦਿੱਤੇ ਗਏ। ਜਿਸਨੂੰ ਮਰਜ਼ੀ ਜੇਲ ਅੰਦਰ ਬੰਦ ਕਰ ਦਿੱਤਾ ਜਾਂਦਾ। ਕੋਈ ਅਪੀਲ, ਦਲੀਲ ਜਾਂ ਵਕੀਲ ਕੰਮ ਨਾ ਆਉਂਦੇ। ਅਕਾਲੀ ਦਲ ਨੇ ਐਮਰਜੈਂਸੀ ਵਿਰੁੱਧ ਮੋਰਚਾ ਲਾਇਆ, ਹਜ਼ਾਰਾਂ ਸਿੱਖ ਜੇਲ੍ਹਾਂ ਵਿੱਚ ਰਹੇ। ਸਭ ਸਿੱਖ ਲੀਡਰ ਸ. ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਸ. ਸੁਰਜੀਤ ਸਿੰਘ ਬਰਨਾਲਾ ਵਗੈਰਾ ਵੀ ਜੇਲਾਂ ਅੰਦਰ ਡੱਕ ਦਿੱਤੇ ਗਏ। ਸੈਂਸਰ ਹੋ ਕੇ ਅਖਬਾਰਾਂ ਛੱਪਦੀਆਂ । ਰੇਡੀਓ ਅਤੇ ਟੀ ਵੀ 'ਤੇ ਸਰਕਾਰ ਦਾ ਕਬਜ਼ਾ ਸੀ। ਸਬੱਬ ਨਾਲ ਸ੍ਰੀ ਚੰਦਰ ਸ਼ੇਖ੍ਰ ਨੂੰ ਵੀ ਪਟਿਆਲਾ ਜੇਲ ਵਿੱਚ ਭੇਜ ਦਿੱਤਾ ਗਿਆ, ਜਿੱਥੇ ਕਿ ਮੁੱਖੀ ਸਿੰਘ ਲੀਡਰ ਸਨ। ਸਿੱਖ ਧਰਮ ਬਾਰੇ ਜਾਣ ਕੇ ਸ੍ਰੀ ਚੰਦਰ ਸ਼ੇਖਰ ਜੀ ਦੀ ਦਿਲੀ ਹਮਦਰਦੀ ਸਿੱਖਾਂ ਨਾਲ ਹੋ ਗਈ ਕਿ ਭਾਰਤ ਵਿੱਚ ਜ਼ੁਲਮ ਅਤੇ ਅਨਿਆਂ ਵਿਰੁੱਧ ਗ੍ਰਿਫਤਾਰੀਆਂ ਦੇਣ ਵਾਲੇ ਕੇਵਲ ਅਕਾਲੀ ਦਲ ਦੇ ਵਰਕਰ ਸਨ। ਬਾਕੀ ਹਿੰਦੋਸਤਾਨ ਦੀ ਵਸੋਂ ਸਿਰ ਨੀਵੇਂ ਸੁੱਟ ਕੇ ਬੈਠੇ ਰਹੇ। ਵਿਨੋਬਾ ਭਾਵੇਂ ਨੇ ਐਮਰਜੈਂਸੀ ਵਿਰੁੱਧ ਬੋਲਣਾ ਤਾਂ ਇੱਕ ਪਾਸੇ ਰਿਹਾ, ਸਗੋਂ ਮੋਨ ਧਾਰ ਲਿਆ। 1977 ਦੀਆਂ ਆਮ ਚੋਣਾਂ ਵਿੱਚ ਇੰਦਰਾ ਕਾਂਗਰਸ ਬੁਰੀ ਤਰ੍ਹਾਂ ਹਾਰੀ। ਖੁਦ ਇੰਦਰਾ ਵੀ ਹਾਰ ਗਈ। ਇੰਦਰਾ ਦੇ ਦਿਲ 'ਚ ਇਹ ਗੱਲ ਬੈਠ ਗਈ ਕਿ ਉਸ ਵਿਰੁੱਧ ਆਵਾਜ਼ ਉਠਾਉਣ ਵਾਲੇ ਕੇਵਲ ਸਿੱਖ ਸਨ ਤੇ 1984 ਦੇ ਦਰਬਾਰ ਸਾਹਿਬ ਦੇ ਹਮਲੇ ਤੇ ਅਨੇਕਾਂ ਬੇਕਸੂਰ ਸਿੱਖਾਂ ਦੇ ਕਤਲ ਨਾਲ ਉਸ ਨੇ ਆਪਣਾ ਗੁੱਸਾ ਠੰਡਾ ਕੀਤਾ।

ਦਰਬਾਰ ਸਾਹਿਬ 'ਤੇ ਹਮਲੇ ਵਿਰੁੱਧ ਭਾਰਤ ਭਰ ਦੇ ਨੇਤਾ ਚਾਹੇ, ਉਹ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸੰਬੰਧਤ ਸਨ ਨਾ ਬੋਲੇ। ਪਰ ਚੰਦਰ ਸ਼ੇਖਰ ਨੇ ਸਿੱਖਾਂ 'ਤੇ ਹੋਏ ਜ਼ੁਲਮ ਵਿਰੁੱਧ ਭਾਰਤ ਭਰ ਦੇ ਨੇਤਾ ਚਾਹੇ, ਉਹ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸੰਬੰਧਥ ਸਨ, ਨਾ ਬੋਲੇ। ਪਰ ਚੰਦਰ ਸ਼ੇਖਰ ਨੇ ਸਿੱਖਾਂ 'ਤੇ ਹੋਏ ਜ਼ੁਲਮ ਵਿਰੁੱਧ ਭਾਸ਼ਣ ਦਿੱਤੇ। 1984 ਦੇ ਸਿੱਖਾਂ ਵਿਰੁੱਧ ਸਾਰੇ ਹਿੰਦੂ ਹੋ ਗਏ, ਸ੍ਰੀ ਚੰਦਰ ਸ਼ੇਖਰ ਨੇ ਸਿੱਖਾਂ ਦੇ ਹੱਕ ਵਿੱਚ ਭਾਸ਼ਣ ਦਿੱਤੇ।

ਕਾਂਗਰਸ ਪਾਰਟੀ ਨੇ ਚੰਦਰ ਸ਼ੇਖਰ ਦੇ ਇਸ ਤਰ੍ਹਾਂ ਬੋਲਣ ਦਾ ਬਹੁਤ ਬੁਰਾ ਮਨਾਇਆ ਤੇ ਅਗਲੀਆਂ ਆਮ ਚੋਣਾਂ ਵਿੱਚ ਜਾਇਜ਼, ਨਜਾਇਜ਼ ਸਾਧਨ ਵਰਤ ਕੇ ਸ੍ਰੀ ਚੰਦਰ ਸ਼ੇਖਰ ਨੂੰ ਹਰਾਇਆ। ਕੁਝ ਸਮਾਂ ਆਪ ਜੀ ਪ੍ਰਧਾਨ ਮੰਤਰੀ ਬਣੇ ਤਾਂ ਖਾੜਕੂ ਸਿੰਘਾਂ ਨੂੰ ਗੱਲਬਾਤ ਦਾ ਸੱਦਾ ਦਿੱਤਾ।

ਪਰ ਕੋਈ ਖਾੜਕੂ ਜਥੇਬੰਦੀ ਗੱਲਬਾਤ ਲਈ ਅੱਗੇ ਨਾ ਆਈ ਤੇ ਬਹੁਤ ਛੇਤੀ

ਕਾਂਗਰਸ ਨੇ ਚੰਦਰ ਸ਼ੇਖਰ ਦੀ ਸਰਕਾਰ ਡੇਗ ਦਿੱਤੀ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਵਚਨ "ਸੱਚ ਸੁਣਾਇਸੀ ਸੱਚ ਦੀ ਬੇਲਾ" ਅਨੁਸਾਰ ਸ਼੍ਰੀ ਚੰਦਰ ਸ਼ੇਖਰ ਨੇ ਉਸ ਵੇਲੇ ਸੱਚ ਬੋਲਿਆ, ਜਦੋਂ ਲੋੜ ਸੀ ਤੇ ਡਰੇ ਨਹੀਂ। ਅੱਜ ਤੱਕ ਆਪ ਜੀ ਦੀ ਸਿੱਖਾਂ ਪ੍ਰਤੀ ਹਮਦਰਦੀ ਦਾ ਸਿੱਖਾਂ 'ਤੇ ਬੜਾ ਚੰਗਾ ਅਸਰ ਹੈ।"

## ਠਾਕਰ ਨਗੀਨਾ ਰਾਮ ਪਰਮਾਰ, ਪਾਂਛਟਾ

ਆਪ ਦਾ ਜਨਮ ਪਿੰਡ ਪਾਂਛਟਾ ਵਿਖੇ 29 ਸਾਵਨ ਸੰਮਤ 1939 (1882 ਈਸ਼ਵੀ) ਬਿਕ੍ਰਮੀ ਨੂੰ ਠਾਕੁਰ ਹਰੀ ਰਾਮ ਨੰਬਰਦਾਰ ਦੇ ਘਰ ਹੋਇਆ। ਹਾੜ 1948 (1891 ਈਸਵੀ) ਬਿਕ੍ਰਮੀ ਨੂੰ ਇਹਨਾਂ ਦੀ ਸ਼ਾਦੀ ਪਧਿਆਣੇ ਦੇ ਠਾਕੁਰ ਢੇਰੂ ਰਾਮ ਦੀ ਲੜਕੀ ਪਰਮੇਸ਼ਵਰੀ ਦੇਵੀ ਦੇ ਨਾਲ ਹੋਈ। ਆਪ ਨੇ ਸੰਮਤ 1954 ਬਿਕਰਮੀ ਵਿੱਚ ਫਗਵਾੜੇ ਤੋਂ ਮੈਟ੍ਰਿਕ ਪਾਸ ਕੀਤੀ। ਆਪ ਜੀ ਪੜ੍ਹਾਈ ਵਿੱਚ ਬੜੇ ਹੁਸ਼ਿਆਰਪੁਰ ਸਨ। ਆਪ ਨੇ ਅੰਗਰੇਜ਼ ਸਰਕਾਰ ਦੀ ਨੌਕਰੀ ਨਾ ਕੀਤੀ। ਗੰਡੀਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸੰਮਤ 1957 ਤੋਂ 1959 ਬਿਕਰਮੀ ਤੱਕ ਦੋ ਕੁ ਸਾਲ ਸਕੂਲ ਮਾਸਟਰੀ ਕੀਤੀ। ਆਪ ਨੇ ਬੜੀ ਮਿਹਨਤ ਨਾਲ ਰਾਜਪੂਤਾਂ ਦੇ ਪਿੰਡਾਂ ਦਾ ਸਜਰਾ ਨਸਬ ਤਿਆਰ ਕੀਤਾ। ਸਾਰੇ ਪੰਜਾਬ ਦਾ ਦੌਰਾ ਕੀਤਾ ਤੇ ਆਪਣੇ ਲੈਕਚਰਾਂ ਰਾਹੀਂ ਰਾਜਪੂਤਾਂ ਦੀ ਸਰਵ ਉੱਚਤਾ ਦੱਸਦੇ ਰਹੇ। 19 ਭਾਦੋਂ ਸੰਮਤ 1963 ਬਿਕਰਮੀ ਨੂੰ ਆਪ ਨੇ ਦੁਆਬਾ ਰਾਜਪੂਤ ਸਭਾ ਕਾਇਮ ਕੀਤੀ। ਆਪ ਦੇ ਦਿਮਾਗ ਵਿੱਚ ਹਰ ਵਕਤ ਕੌਮ ਦੀ ਉੱਨਤੀ ਦੇ ਖਿਆਲ ਰਹਿੰਦੇ ਸਨ। ਆਪ ਨੇ 1964 ਬਿਕਰਮੀ ਨੂੰ ਰਾਜਪੂਤ ਦੁਆਭਾ ਹਾਈ ਸਕੂਲ ਨਡਾਲੋਂ ਦੀ ਨੀਂਹ ਰੱਖੀ ਤੇ ਬਿਨਾਂ ਤਨਖਾਹ ਤੋਂ ਪੜਾਉਣਾ ਸ਼ੁਰੂ ਕੀਤਾ।

ਸੰਮਤ 1965 ਬਿਕਰਮੀ ਵਿੱਚ ਆਪ ਜੀ ਲਾਹੌਰ ਗਏ ਤੇ ਉਥੇ ਅਖਬਾਰ ਹਿੰਦੂ ਕੱਢਿਆ ਅਤੇ ਤਾਰੀਖ ਦੁਆਬਾ ਜਲੰਧਰ ਛਪਵਾਈ। ਵੈਸਾਖ ਸੰਮਤ 1974 ਬਿਕਰਮੀ ਨੂੰ ਰਾਜਪੂਤ ਮੈਗਜ਼ੀਨ ਸ਼ੁਰੂ ਕੀਤਾ। ਆਪ ਜੀ ਦੀਆਂ ਲਿਖਤਾਂ ਕਾਰਨ ਅੰਗਰੇਜ ਸਰਕਾਰ ਨੇ ਆਪ ਨੂੰ 5 ਸਾਲ ਦੀ ਸਜ਼ਾ ਦਿੱਤੀ, ਪਰ 1-1/2 ਸਾਲ ਬਾਅਦ ਆਪ ਜੀ ਨੂੰ ਰਿਹਾਅ ਕਰ ਦਿੱਤਾ। ਜੇਲ ਤੋਂ ਰਿਹਾਅ ਹੋ ਕੇ ਆਪ ਨੇ ਅਖਬਾਰ ਰਤਨ ਸ਼ੁਰੂ ਕੀਤਾ।

ਸੰਮਤ 1986 ਤੋਂ 1994 ਬਿਕਰਮੀ ਤੱਕ ਆਪ ਨੇ ਭਾਰਤ ਦਾ ਦੌਰਾ ਕੀਤਾ ਅਤੇ ਆਪਣੇ ਤਜਰਬੇ ਅਖਬਾਰ ਰਤਨ ਰਾਹੀਂ ਲੋਕਾਂ ਨੂੰ ਦੱਸਦੇ ਰਹੇ।

ਸੰਮਤ 1995 ਬਿਕਰਮੀ ਵਿੱਚ ਆਪ ਆਪਣੇ ਜੱਦੀ ਪਿੰਡ ਪਾਂਛਟਾ ਆ ਗਏ ਅਤੇ ਰਾਜਪੂਤ ਗਜ਼ਟ ਰਸਾਲੇ ਦੇ ਐਡੀਟਰ ਦੇ ਤੌਰ 'ਤੇ ਕੰਮ ਕਰਦੇ ਰਹੇ। ਇਹ ਰਸਾਲਾ ਸੰਨ 1947 ਤੱਕ ਦੇਸ਼ ਦੇ ਬਟਵਾਰੇ ਤੱਕ ਚੱਲਦਾ ਰਿਹਾ। ਆਪ ਨੇ ਸਾਰੀ ਉਮਰ ਰਾਜਪੂਤਾਂ ਦੀ ਜ਼ਿੰਦਗੀ ਸੁਧਾਰਨ ਵਿੱਚ ਤਨ ਮਨ ਅਤੇ ਧੰਨ ਨਾਲ ਸੇਵਾ ਕੀਤੀ।

ਆਪਜੀ 27 ਮਈ ਸੰਨ 1960 ਨੂੰ ਅਕਾਲ ਚਲਾਣਾ ਕਰ ਗਏ। ਆਪ ਜਿਹੇ ਰੌਸ਼ਨ ਦਿਮਾਗ ਇਨਸਾਨ ਬਹੁਤ ਘੱਟ ਇਸ ਜਹਾਨ ਵਿੱਚ ਮਿਲਦੇ ਹਨ।

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ

ਉਹਨਾਂ ਦੀ ਔਲਾਦ ਵੀ ਉਹਨਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਕੌਮ ਦੀ ਭਲਾਈ ਦੇ ਹਰ ਕੰਮ ਵਿੱਚ ਅੱਗੇ ਹੋ ਕੇ ਹਿੱਸਾ ਪਾਉਂਦੇ ਹਨ। ਉਹਨਾਂ ਦੀਆਂ ਲਿਖਤਾਂ ਨੂੰ ਦੁਬਾਰਾ ਛਪਾਉਣ ਵੱਲ ਮੌਜੂਦਾ ਰਾਜਪੂਤ ਸਭਾ ਨੂੰ ਧਿਆਨ ਦੇਣ ਦੀ ਲੋੜ ਹੈ।

ਠਾਕੁਰ ਨਗੀਨਾ ਰਾਮ ਪਰਮਾਰ ਜੀ ਦੇ ਮਾਣਯੋਗ ਪੋਤੇ ਠਾਕੁਰ ਅਵਤਾਰ ਚੰਦ ਪਰਮਾਰ ਜੀ ਦੀ ਲਿਖੀ ਪੁਸਤਕ "ਇਤਿਹਾਸ ਦੁਆਬਾ ਰਾਜਪੂਤ" ਮੈਨੂੰ ਸਤੰਬਰ 2002 ਵਿੱਚ ਮਿਲੀ। ਉਸਤੋਂ ਪਹਿਲਾਂ ਮੈਂ ਕਦੇ ਕੋਈ ਵੀ ਠਾਕਰ ਨਗੀਨਾ ਰਾਮ ਪਰਮਾਰ ਸਾਹਿਬ ਦੀ ਲਿਖਤ ਪੜ੍ਹੀ ਨਹੀਂ ਸੀ ਸਿਰਫ ਸੁਣਿਆ ਸੀ। ਅਵਤਾਰ ਚੰਦ ਪਰਮਾਰ ਸਾਹਿਬ ਦੀ ਪੁਸਤਕ ਵਿੱਚ ਕੁਝ ਐਸੀਆਂ ਗੱਲਾਂ ਹਨ, ਜੋ ਕਿ ਗਲਤ ਅਤੇ ਰਾਜਪੂਤ ਜੋ ਸਿੱਖ ਬਣੇ ਹਨ, ਦੀ ਸ਼ਾਨ ਦੇ ਖਿਲਾਫ ਹਨ । ਜਿਵੇਂ :-

1. ਇਤਹਾਸ ਦੁਆਬਾ ਰਾਜਪੂਤ ਦੇ ਪੰਨਾ 118 'ਤੇ ਠਾਕਰ ਨਗੀਨਾ ਰਾਮ ਜੀ ਪਰਮਾਰ ਸਾਹਿਬ ਦਾ ਰਾਜਪੂਤ ਗਜ਼ਟ ਵਿੱਚ ਸੰਨ 1907 ਵਿੱਚ ਛਪਿਆ ਇਕ ਲੇਖ ਹੈ, ਜਿਸ ਵਿੱਚ ਠਾਕੁਰ ਸਾਹਿਬ ਲਿਖਦੇ ਹਨ "ਦਇਆ ਸਿੰਘ ਖੱਤਰੀ ਜੋ ਸਭ ਤੋਂ ਪਹਿਲਾਂ ਸਿੱਖ ਹੋਇਆ ਨੂੰ ਗੁਰੂ ਸਾਹਿਬ ਨੇ ਪਿਆਰ ਨਾਲ ਕਿਹਾ ਕਿ ਯਗਪਵੀਤ (ਜਿਨੇਊ) ਉਤਾਰ ਦੇਵੋ, ਪਰ ਦਇਆ ਸਿੰਘ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮੈਂ ਹਰਗਿਜ਼ ਆਪੁਣੇ ਵਰਣ-ਧਰਮ ਖਿਲਾਫ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕਰਾਂਗਾ। ਹਾਂ ਕੌਮ ਵਾਸਤੇ ਆਪਦੇ ਹਰ ਹੁਕਮ ਨੂੰ ਬਿਨਾਂ ਸ਼ਰਤ ਮੰਨਾਂਗਾ ਅਤੇ ਜੇਕਰ ਮੇਰੀ ਜਾਨ ਦੀ ਲੋੜ ਪਵੇ ਤਾਂ ਉਹ ਵੀ ਦੇ ਦੇਵਾਂਗਾ। ਇਸ 'ਤੇ ਗੁਰੂ ਸਾਹਿਬ ਖਾਮੋਸ਼ ਹੋ ਗਏ ਅਤੇ ਫਿਰ ਜ਼ਿੰਦਗੀ ਭਰ ਇਸ ਤਰ੍ਹਾਂ ਦਾ ਹੁਕਮ ਨਹੀਂ ਦਿੱਤਾ। ਇਹ ਗੱਲ ਸਰਾਸਰ ਗਲਤ ਹੈ, ਗੁਰੂ ਸਾਹਿਬ ਦੇ ਖਿਆਲਾਤ ਉਹਨਾਂ ਦੀਆਂ ਲਿਖਤਾਂ ਅਤੇ ਹੋਰ ਸਿੰਘਾਂ ਦੇ ਰਹਿਤਨਾਮਿਆਂ ਤੋਂ ਸਪੱਸ਼ਟ ਹਨ ਕਿ ਗੁਰੂ ਸਾਹਿਬ

"ਰਹਿਣੀ ਰਹੇ ਸੋਈ ਸਿੱਖ ਮੇਰਾ
ਉਹ ਸਾਹਿਬ ਮੈਂ ਉਸ ਕਾ ਚੇਰਾ"

ਜੋ ਰਹਿਤ ਮਰਯਾਦਾ ਵਿੱਚ ਨਾ ਰਹੇ, ਉਸ ਨੂੰ ਆਪਣਾ ਸਿੱਖ ਨਹੀਂ ਸਮਝਦੇ ਸਨ ਤੇ ਫੇਰ ਭਾਈ ਦਯਾ ਸਿੰਘ ਨੂੰ ਜਨੇਊ ਪਹਿਨਣ ਦੀ ਆਗਿਆ ਦੇਣਾ ਗਲਤ ਹੈ।

2. ਕਿਤਾਬ ਦੇ ਪੰਨਾ 119 'ਤੇ ਬੰਦਾ ਬੈਰਾਗੀ ਲਿਖਿਆ ਹੈ। ਜਿਸ ਵੀ ਹਿੰਦੂ ਨੇ ਅੰਮ੍ਰਿਤ ਛੱਕ ਲਿਆ ਹੋਵੇ, ਫੇਰ ਉਸ ਦਾ ਪੁਰਾਣਾ ਨਾਂਅ ਛੱਡ ਕੇ ਉਸ ਦੇ ਨਾਂ ਨਾਲ ਸਿੰਘ ਲਿਖਣਾ ਜ਼ਰੂਰੀ ਹੈ।

3. ਪੰਨਾ 53 ’ਤੇ ਬੰਦਾ ਬੈਰਾਗੀ (ਬੰਦਾ ਸਿੰਘ ਬਹਾਦਰ) ਦੀ ਫੌਜ ਵਿੱਚ ਸ਼ਾਮਲ ਹੋਣ ਵਾਲੇ ਰਾਜਪੂਤਾਂ ਦੇ ਨਾਵਾਂ ਅੱਗੇ ਠਾਕੁਰ ਲਿਖਿਆ ਹੈ। ਕਿਸੇ ਵੀ ਅੰਮ੍ਰਿਤਧਾਰੀ ਸਿੱਖ ਦੇ ਨਾਮ ਅੱਗੇ ਠਾਕੁਰ ਸ਼ਬਦ ਲਿਖਣਾ ਠੀਕ ਨਹੀਂ। ਭਾਈ ਜਾਂ ਸਰਦਾਰ ਲਿਖਣਾ ਸ਼ੋਭਦਾ ਹੈ।

4. ਭਾਈ ਬਚਿੱਤਰ ਸਿੰਘ ਦਾ ਨਾਂ ਵੀ ਠਾਕੁਰ ਬਚਿੱਤਰ ਸਿੰਘ ਰਾਠੌਰ ਲਿਖਿਆ ਹੈ। ਵੈਸੇ ਵੀ ਭਾਈ ਬਚਿੱਤਕਰ ਸਿੰਘ ਰਾਠੌਰ ਨਹੀਂ, ਪਰਮਾਰ ਗੋਤ ਵਿੱਚੋਂ ਸਨ। ਠਾਕੁਰ ਨਗੀਨਾ ਰਾਮ ਪਰਮਾਰ ਹੋਰੀਂ ਕਨ੍ਹੱਈਆ ਲਾਲ ਦੀ ਤਾਰੀਖੇ ਪੰਜਾਬ ਪੜ੍ਹ ਕੇ ਸ਼ਾਇਦ ਭਾਈ ਬਚਿੱਤਰ ਸਿੰਘ ਨੂੰ ਰਾਠੌਰ ਲਿਖਿਆ ਹੈ।

5. ਠਾਕੁਰ ਨਗੀਨਾ ਰਾਮ ਪਰਮਾਰ ਹੁਰਾਂ ਰਾਜਪੂਤ ਸਭਾ ਅੱਗੇ ਜੋ ਦੁਆਬੇ ਦੇ ਰਾਜਪੂਤਾਂ ਦਾ ਪੱਖ ਪੇਸ਼ ਕੀਤਾ, ਉਸਨੂੰ ਉਹਨਾਂ ਸੱਠ ਹਜ਼ਾਰ ਰਾਜਪੂਤਾਂ ਦੀ ਦਰਖਾਸਤ ਲਿਖਿਆ ਹੈ। ਇਹ ਉਹਨਾਂ ਦੀ ਨਿਮਰਤਾ ਦਾ ਸਿਖਰ ਸੀ। ਪਰ ਅੱਗੋਂ ਹਿੰਦੂ ਰਾਜਪੂਤਾਂ ਇਸ ਨਿਮਰਤਾ ਨੂੰ ਹੀਣਤਾ ਸਮਝਿਆ। ਇਕ ਹਾਸੇ ਵਾਲੀ ਕਥਾ ਹੈ ਕਿ ਪਿੰਡ ਲੌਂਗੋਵਾਲ (ਜ਼ਿਲ੍ਹਾ ਸੰਗਰੂਰ) ਦੇ ਬਾਹਰ ਇਕ ਸਾਧ ਰਹਿੰਦਾ ਸੀ, ਜਿਸਦੀ ਮਾਨਤਾ ਬਾਹਰ ਦੇ ਪਿੰਡਾਂ ਦੇ ਲੋਕ ਤਾਂ ਬਹੁਤ ਰਪਦੇ ਸਨ, ਪਰ ਪਿੰਡ ਲੌਂਗੋਵਾਲ ਵਾਲੇ ਨਹੀਂ ਕਰਦੇ ਸਨ। ਸਾਧ ਦਾ ਇਕ ਸਮਰਥਕ ਉਸਨੂੰ ਕਹਿਣ ਲੱਗਾ ਕਿ ‘ਬਾਬਾ ਜੀ ਲੌਂਗੋਵਾਲ ਵਾਲੇ ਤਾਂ ਤੁਹਾਨੂੰ ਟਿੱਚ ਸਮਝਦੇ ਹਨ” ਸਾਧ ਅੱਗੋਂ ਕਹਿਣ ਲੱਗਾ “ਮੈਂ ਸਾਰੇ ਲੌਂਗੋਵਾਲ ਨੂੰ ਟਿੱਚ ਸਮਝਦਾ ਹਾਂ”

ਸੋ ਠਾਕੁਰ ਅਵਤਾਰ ਚੰਦ ਪਰਮਾਰ ਸਾਹਿਬ! ਐਨੇ ਨੀਵੇਂ ਹੋ ਕੇ ਕੀ ਹਾਸਿਲ ਹੋਇਆ? ਅਸੀਂ ਤਾਂ ਸਿੰਘ ਬਣ ਕੇ ਟੌਹਰ ਸਮਝਦੇ ਹਾਂ। ਹੁਣ ਅਖਿਲ ਭਾਰਤੀ ਕਸ਼ੱਤਰੀ ਮਹਾਂ ਸਭਾ ਨੇ ਆਪ ਡਾ. ਹਰੀ ਸਿੰਘ ਜਸਵਾਲ ਜੋ ਕਿ ਸਿੱਖ ਹਨ, ਨੂੰ ਪੰਜਾਬ ਯੂਨਿਟ ਦਾ ਪ੍ਰਧਾਨ ਨਾਮਜ਼ਦ ਕੀਤਾ ਹੈ।

ਖ਼ੁਦ ਹੀ ਕੋ ਕਰ ਇਤਨਾ ਤਦਬੀਰ ਸੇ ਪਹਿਲੇ,
ਖ਼ੁਦਾ ਬੰਦੇ ਸੇ ਖ਼ੁਦ ਪੂਛੇ ਤੇਰੀ ਰਜ਼ਾ ਕਿਆ ਹੈ।

*(ਮੁਹੰਮਦ ਇਕਬਾਲ)*

## BIBLIOGRAPHY

## OF

## ENGLISH SOURCES


1. Scetch of Sikhs John Malcom
2. 2. Who are the Sikhs Dr. Harjinder Singh Dilgir
3. A History of the Sikhs-Cunnigham Joseph Davey, S/. Chand & C. Delhi 1972
4. Sikhs the Eighteenth Certury-Surjit Singh Gandhi, Singh Brothers 1999.
5. District and States Gazzetteers of the undivided Punjab Vo. III
6. Akhbat Vol. I & II By Justice J.M. Shelat Published by Bhartiya Vidya Bhavan, Chowpaty Bombay (1964)
7. A Glossary of the Tribes and castes of Punjab and N.W. F. by H.A Rose Three Volumes
8. Ancient Geography of India by Cunnigham
9. History of the Punjab Hill States Vol. I by J. Hutchison
10. Memories of Babir (Tuzk-I-babri) by Beveridge Two Volumes.
11. An Oriental Biographical Distionary by Thoma Wiliam Beale.
12. Annals and Antiquities of Rajhasthan James Tod Vil. I, II and III.
13. A Ashort History of the Sikhs by Teja Singh and Dr. Ganda Singh.,
14. "Jasts"-B.S.ehia
15. Punjab Castes by Denzil Ibbeston published by Language Deptt. Pb.

16. History of the Punjab by Syad Mohammad Latif.
17. History of the Punjab by Dr. Fauja Singh
18. Archeological Survey Report Vol. XIV (1878-79) by Cunnigham.
19. The Jahangir Nama (memoirs of Hajangir) Emperor of India by Wheeler M Thackston.
20. Encyhpaedia of Sikhhism Om by Harbans Singh;s Punjabi .. Patiala Vil. 1, 2 and 3.
21. Panjab under The great Mughals Dr. Bakhshish Singh Nijjar.
22. Panjab under the Latter Mugals Dr. Bakhshish Singh Nijjar.

## BIBLIOGRAPHY OF PUNJABI SURCES


1. ਸਾਡਾ ਪਿਛੋਕੜ (ਦੁਆਬਾ ਰਾਜਪੂਤ)-ਮੋਹਨ ਸਿੰਘ ਮਿਨਹਾਸ (ਪਧਿਆਣਾ) 11/15 ਨਿਊ ਰਸ਼ੀਦ ਮਾਰਕਿਟ ਪਟਪੜ ਰੋਡ-ਦਿੱਲੀ 110051 ਪੀ ਪੀ 1-108 1-9-1992
2. ਇਤਿਹਾਸਕ ਖੋਜ ਭਾਗ 3-ਸਰਦਾਰ ਕਰਮ ਸਿੰਘ ਹਿਸਟੋਰੀਅਨ-ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ (1997)
3. ਮਹਾਨਕੋਸ਼ ਕਿਰਤ ਭਾਈ ਕਾਨ੍ਹ ਸਿੰਘ ਜੀ ਨਾਭਾ ਭਾਸ਼ਾ ਵਿਭਾਗ ਪੰਜਾਬ, ਪਟਿਆਲਾ
4. ਜਾਤ ਹਿਕਕਾਰਕ ਪੋਥੀ ਕਿਰਤ ਡਾ. ਮਈਆ ਸਿੰਘ ਮਿਨਹਾਸ, ਡਰੋਲੀ ਕਲਾਂ ਜ਼ਿਲ੍ਹਾ ਜਲੰਧਰ (ਮਈ ਸੰਨ 1900)
5. ਸ੍ਰੀ ਗੁਰੂ ਪੰਥ ਪ੍ਰਕਾਸ਼ ਕਿਰਤ ਭਾਈ ਰਤਨ ਸਿੰਘ ਭੰਗੂ
6. ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ ਕਿਰਤ ਰਘਬੀਰ ਸਿੰਘ ਆਨੰਦਪੁਰੀ। ਛਾਪਣ ਵਾਲੇ ਲਿਊਨਾਰਡ ਪ੍ਰਿੰਟਰਜ਼ ਪੁਰਾਣਾ ਲਾਲ ਬਾਗ ਪਟਿਆਲਾ 147001 (ਅਗਸਤ 2000)
7. ਅਣਖੀਲਾ ਜਰਨੈਲ ਅਕਾਲੀ ਫੂਲਾ ਸਿੰਘ ਜੀ ਕਿਰਤ ਡਾ. ਐਚ ਬੀ ਸਿੰਘ ਪ੍ਰਕਾਸ਼ਤ ਸ਼੍ਰੀ ਆਵਤ ਸਿੰਘ 11/2 ਰਾਜਿੰਦਰ ਨਗਰ, ਨਵੀਂ ਦਿੱਲੀ 110060।
8. ਗੁਰਦਵਾਰਾ ਗਜ਼ਟ, ਮਈ 1986-ਨਿਡਰ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਵੱਲੋਂ। ਪ੍ਰੋ. ਜੋਗਿੰਦਰ ਸਿੰਘ, ਮੈਂਬਰ ਦਿੱਲੀ ਸਿੱਖ ਗੁ. ਪ੍ਰ. ਕਮੇਟੀ।
9. ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਪ੍ਰਸਤਾਵਨ ਲੇਖਕ ਗਿਆਨੀ ਕਿਰਪਾਲ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਪ੍ਰਕਾਸ਼ਕ ਮਨਮੋਹਨ ਸਿੰਘ ਬਰਾੜ (1977)
10. ਬੱਬਰ ਅਕਾਲੀਆਂ ਦਾ ਇਤਿਹਾਸ ਕਿਰਤ ਡਾ. ਬਖਸ਼ੀਸ਼ ਸਿੰਘ ਨਿੱਜਰ, ਰਿਟਾਇਰਡ ਡਾਇਰੈਕਟਰ ਪੰਜਾਬ ਸਟੇਟ ਆਰਕਾਈਵਜ਼
11. ਜੱਟਾਂ ਦਾ ਇਤਿਹਾਸ ਕਿਰਤ ਹੁਸ਼ਿਆਰ ਸਿੰਘ ਦੁਲੇਹ, ਲੋਕ ਗੀਤ ਪ੍ਰਕਾਸ਼ਨ ਐਸ ਸੀ ਓ, 2427 ਸੈਕਟਰ 22-ਸੀ ਚੰਡੀਗੜ੍ਹ।
12. ਤਾਰੀਖ-ਇ-ਪੰਜਾਬ, ਕਨੱਈਆ ਲਾਲ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਅਨੁਵਾਦਕ ਜੀਤ ਸਿੰਘ ਸੀਤਲ
13. ਇਤਿਹਾਸਕ ਦੁਆਬਾ ਰਾਜਪੂਤ-ਸ੍ਰੀ ਅਵਤਾਰ ਚੰਦ ਪਰਮਾਰ ਪਿੰਡ ਪਾਂਛਟਾ ਜ਼ਿਲ੍ਹਾ ਕਪੂਰਥਲਾ।
14. ਗੁਰੂ ਦੀਆਂ ਸਾਖੀਆਂ-ਪਿਆਰਾ ਸਿੰਘ ਪਦਮ
15. ਪੰਜਾਬੀ ਵਿਸ਼ਵ ਕੋਸ਼-ਭਾਸ਼ਾ ਵਿਭਾਗ ਪੰਜਾਬ
16. ਮਾਲਵਾ ਸਿੱਖ ਇਤਿਹਾਸ-ਵਸਾਖਾ ਸਿੰਘ ਅਤੇ ਸਿਪਾਹੀ
17. ਪੰਥ ਪ੍ਰਕਾਸ਼-ਰਤਨ ਸਿੰਘ ਭੰਗੂ
18. ਹੁਸ਼ਿਆਰਪੁਰ ਜ਼ਿਲ੍ਹੇ ਦੇ ਸੁਤੰਤਰ ਸੰਗਰਾਮੀਏ-ਓ ਪੀ ਰੱਲ੍ਹਨ
19. ਪੰਜਾਬੀ ਵਿਸ਼ਵ ਕੋਸ਼

# ਅੰਤ ਵਿੱਚ

ਅੰਤ ਵਿੱਚ ਬੇਨਤੀ ਹੈ ਕਿ ਜੇਕਰ ਕਿਸੇ ਜਾਤ, ਕੌਮ ਜਾਂ ਗੋਤ ਬਾਰੇ ਮੇਰੇ ਵਿਚਾਰ ਕਿਸੇ ਨੂੰ ਠੀਕ ਨਾ ਲੱਗੇ ਹੋਣ ਤਾਂ ਮੈਂ ਖਿਮਾ ਦਾ ਜਾਚਕ ਹਾਂ। ਮੈਨੂੰ ਆਪਣੇ ਵਿਚਾਰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਜਲਦੀ ਹੀ ਛਪਣ ਵਾਲੇ ਅਗਲੇ ਐਡੀਸ਼ਨ ਵਿੱਚ ਸੋਧ ਕੀਤੀ ਜਾ ਸਕੇ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪਿੰਡ ਦਾ ਇਤਿਹਾਸ ਅਤੇ ਖਾਸ-ਖਾਸ ਗੱਲਾਂ ਅਗਲੀਆਂ ਪੀੜ੍ਹੀਆਂ ਦੀ ਜਾਣਕਾਰੀ ਲਈ ਸੁੱਰਖਿਅਤ ਰਹਿਣ ਤਾਂ ਮੈਨੂੰ ਲਿਖ ਕੇ ਭੇਜਣ ਦੀ ਖੇਚਲ ਕਰਨੀ । ਕਿਸੇ ਕੋਲ ਕੋਈ ਪੁਰਾਣੀ ਕਿਤਾਬ ਜਾਂ ਕੋਈ ਹੋਰ ਇਤਿਹਾਸਕ ਸਮੱਗਰੀ ਹੋਵੇ ਤਾਂ ਮੇਰੇ ਤੱਕ ਪਹੁੰਚਾਉਣ ਲਈ ਧੰਨਵਾਦੀ ਹੋਵਾਂਗਾ।

*ਵਾਸਦੇਵ ਸਿੰਘ ਪਰਹਾਰ*
*ਰਿਟਾਇਰਡ ਏ ਆਰ ਕੋਆਪ. ਸੁਸਾਇਟੀਜ਼*
*ਪਿੰਡ ਬਾਬਾ ਬੰਦ ਸਿੰਘ ਬਹਾਦਰ ਨਗਰ ਡਾ. ਕਾਲਰਾ,*
*ਜ਼ਿਲ੍ਹਾ ਜਲੰਧਰ।*

**Wasdev Singh Parhar**
**10010 S.E**
**228 TH COURT**
**KENT WA. 98031**
**U.S.A**
**Phone No: 253-277-0182**
**Cell No: 206-235-5669**
**Date: Jan. 26, 2012**



ਹਰ ਦੌਰ ਕੇ ਮੱਲਾਹ ਹਮੇਂ ਯਾਦ ਕਰੇਂਗੇ,
ਸਾਹਿਲ ਪਰ ਕੁਛ ਐਸੇ ਨਿਸ਼ਾਂ ਛੋੜ ਜਾਏਂਗੇ ਹਮ।

**ਵਾਸਦੇਵ ਸਿੰਘ ਪਰਹਾਰ**
**ਰਿਟਾਇਰਡ ਏ. ਆਰ. ਕੋਆਪਰੇਟਿਵ ਸੁਸਾਈਟੀਜ਼**

5aab Parkashan
Desh Bhagat hall, Jalandhar,
Punjab,India
Phone:9814087063
5aabarkashan@gmail.com
www.5aabparkashan.com

ISBN 978-81-923341-1-0

₹ 250/-